ਵਿਸ਼ਾ-ਸੂਚੀ

ਸਿੱਖ ਧਰਮ ਵਿਚ ਸੰਗਤ ਦਾ ਸੰਕਲਪ

ਡਾ. ਦੀਵਾਨ ਸਿੰਘ

ਭਾਈ ਗੁਰਦਾਸ ਅਨੁਸਾਰ ਇਕ ਹੋਵੇ ਤਾਂ ਸਿੱਖ, ਦੋ ਸਿੱਖ ਇਕੱਠੇ ਹੋ ਜਾਣ ਤਾਂ ਸੰਗਤ ਅਤੇ ਪੰਜ ਸਿੱਖ ਹੋਣ ਤਾਂ ਪਰਮੇਸ਼ਵਰ ਰੂਪ ਹੋ ਜਾਂਦੇ ਹਨ (ਇਕ ਸਿੱਖ ਦੋਇ ਸਾਧ ਸੰਗ ਪੰਜੀਂ ਪਰਮੇਸ਼ਰ)। ਇਸ ਕਥਨ ਅਨੁਸਾਰ, ਸਿੱਖਾਂ ਦੇ ਇਕੱਠ ਨੂੰ ਸੰਗਤ ਕਿਹਾ ਜਾਂਦਾ ਹੈ। ਜਿਵੇਂ ਇਸਲਾਮ ਵਿਚ ਉਮੱਤ ਤੇ ਜਮਾਤ ਆਦਿ ਸ਼ਬਦ ਪ੍ਰਚੱਲਿਤ ਹਨ ਅਤੇ ਬੁੱਧ ਧਰਮ ਵਿਚ ਸੰਘ, ਤਿਵੇਂ ਸਿੱਖ ਧਰਮ ਵਿਚ ਸੰਗਤ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਮਨੁੱਖ ਮੁੱਢਲੇ ਤੌਰ ਤੇ ਇਕ ਸਮਾਜਿਕ ਜੀਵ ਹੈ, ਜਿਵੇਂ ਅਰਸਤੂ ਨੇ ਕਿਹਾ ਹੈ ਕਿ ਆਪਸ ਵਿਚ ਮਿਲਜੁਲ ਕੇ ਤੇ ਇਕ ਦੂਜੇ ਦੀ ਸਹਾਇਤਾ ਕਰ ਕੇ ਹੀ ਮਨੁੱਖੀ ਕਾਰ-ਵਿਹਾਰ ਚਲਦਾ ਹੈ। ਇਕੱਲਾ ਮਨੁੱਖ ਤਾਂ ਕਿਸੇ ਸਰਾਪ ਜਾਂ ਬਿਪਤਾ ਦਾ ਹੀ ਲੱਛਣ ਮੰਨਿਆ ਜਾਂਦਾ ਹੈ। ਇਸ ਦੇ ਉਲਟ ਕਹਿੰਦੇ ਹਨ, ਏਕੇ ਭਾਵ ਇਕੱਠ ਵਿਚ ਬਰਕਤ ਹੁੰਦੀ ਹੈ। ਧਰਮ ਦੇ ਆਮ ਅਰਥ ਪੱਛਮੀ ਅਤੇ ਭਾਰਤੀ ਭਾਸ਼ਾਵਾਂ ਵਿਚ ਮਨੁੱਖਾਂ ਨੂੰ ਆਪਸ ਵਿਚ ਅਤੇ ਪਰਮਾਤਮਾ ਨਾਲ ਜੋੜਨ ਦੇ ਹੀ ਲਏ ਜਾਂਦੇ ਹਨ।

ਸੰਗਤ ਸ਼ਬਦ ਦੇ ਸ਼ਬਦੀ ਅਰਥ ਵੀ ਸੰਗ ਸਾਥ ਦੇ ਹਨ ਅਰਥਾਤ companionship, company or society. ਸੰਗਤ ਸ਼ਬਦ ਵੀ ਸੰਗਤ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ ਗੁਰੂ ਅਰਜਨ ਸਾਹਿਬ ਦਾ ਕਥਨ ਹੈ :

ਗੁਰੂ ਮੇਰੇ ਸੰਗਿ ਸਦਾ ਹੈ ਨਾਲੇ।
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ। ਪੰ. ੩੯੪

ਜਦ ਤੋਂ ਮਨੁੱਖ ਜਾਤੀ ਹੋਂਦ ਵਿਚ ਆਈ ਹੈ, ਮਨੁੱਖ ਟੱਬਰ ਜਾਂ ਕਬੀਲੇ (tribe) ਦੇ ਰੂਪ ਵਿਚ ਹੀ ਇਕੱਠੇ ਮਿਲ ਕੇ ਰਹਿੰਦੇ ਆਏ ਹਨ। ਆਦਿ ਕਾਲ ਤੋਂ ਪ੍ਰਾਕਿਰਤੀ ਦੇ ਮੁਕਾਬਲੇ ਵਿਚ ਆਪਣੇ ਹੋਂਦ ਨੂੰ ਸੁਰੱਖਿਅਤ ਕਰਨ ਲਈ ਜੀਵਨ ਨਿਰਬਾਹ ਦੇ ਸਾਧਨ ਇਕੱਠੇ ਕਰਨ ਲਈ ਇਹ ਮਿਲਜੁਲ ਕੇ ਰਹਿਣ ਦਾ ਪ੍ਰਬੰਧ ਜ਼ਰੂਰੀ ਸਮਝਿਆ ਗਿਆ। ਅਜਿਹੀ ਸੰਗਤ ਜਾਂ

2

ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੇ ਆਰੰਭ ਤੋਂ ਹੀ ਸੰਗਤ ਦੇ ਆਸ਼ੇ ਨੂੰ ਮੁਖ ਰਖਿਆ। ਜਦ ਆਪ ਉਦਾਸੀਆਂ ਤੇ ਚੱਲੇ ਤਾਂ ਇਕ ਸਾਥੀ ਮਰਦਾਨਾ ਆਪਣੇ ਨਾਲ ਰਖਿਆ। ਜਿਥੇ ਵੀ ਗੁਰੂ ਸਾਹਿਬ ਆਏ ਉਥੇ ਹੀ ਇਕ ਸੰਗਤ ਕਾਇਮ ਕੀਤੀ। ਸਿੱਖ ਇਤਿਹਾਸ ਤੋਂ ਇਹ ਜਾਣਕਾਰੀ ਭਲੀ ਭਾਂਤ ਮਿਲ ਜਾਂਦੀ ਹੈ ਕਿ ਹਰ ਥਾਂ ਸਿੱਖ ਸੰਗਤ ਦੀ ਸਹੂਲਤ (ਸੁਖੈਣਤਾ) ਲਈ ਧਰਮਸਾਲ ਕਾਇਮ ਕੀਤੀ ਜਿਸ ਨੂੰ ਬਾਅਦ ਵਿਚ 'ਗੁਰਦੁਵਾਰ' ਦਾ ਨਾਮ ਦਿੱਤਾ ਗਿਆ। ਭਾਈ ਗੁਰਦਾਸ ਦੇ ਸ਼ਬਦਾਂ ਵਿਚ :

ਜਿਥੇ ਬਾਬਾ ਪੈ ਧਰੇ ਪੂਜਾ ਆਸਣ ਥਾਪਣ ਸੋਆ।
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ।
ਘਰ ਘਰ ਅੰਦਰ ਧਰਮ ਸਾਲ ਹੋਵੇ ਕੀਰਤਨ ਸਦਾ ਵਿਸੋਆ। (੨੭.੧)

ਗੁਰੂ ਨਾਨਕ ਸਾਹਿਬ ਨੇ ਆਪਣੇ ਧਾਰਮਿਕ ਦਰਸ਼ਨ ਦੇ ਦੋ ਸਭ ਤੋਂ ਜ਼ਰੂਰੀ ਸਿਧਾਂਤ ਗੁਰਬਾਣੀ ਅਤੇ ਸੰਗਤ ਹੀ ਮੰਨੇ ਹਨ। ਜਦ ਅਚਲ ਵਟਾਲੇ ਵਿਚ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸ਼ਟ ਹੋਈ ਤਾਂ ਜੋਗੀਆਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਣ ਲਈ ਕਿਹਾ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਸਾਡੇ ਪਾਸ ਕੇਵਲ ਦੋ ਹੀ ਕਰਾਮਾਤਾਂ ਹਨ, ਇਕ ਗੁਰਬਾਣੀ ਤੇ ਦੂਜੀ ਸੰਗਤ। ਭਾਈ ਗੁਰਦਾਸ ਦੇ ਵਰਣਨ ਅਨੁਸਾਰ :

ਸਿਧ ਬੋਲੇ ਸੁਣ ਨਾਨਕਾ ਤੁਹਿ ਜੱਗ ਨੂੰ ਕਿਆ ਕਰਾਮਾਤ ਦਿਖਾਈ।
ਕੁਝ ਦਿਖਾਇ ਅਸਾਨੂੰ ਭੀ ਤੁਹਿ ਕਿਉਂ ਢਿਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ।
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ। (੧.੪੨)

ਗੁਰ ਸੰਗਤ ਅਤੇ ਗੁਰਬਾਣੀ ਦੋਹਾਂ ਜ਼ਰੂਰੀ ਸਿਧਾਂਤਾਂ ਵਿਚ ਸ਼ਬਦ 'ਗੁਰੂ' ਅਗੇਤਰ ਵਜੋਂ ਸਾਂਝਾ ਵਰਤਿਆ ਗਿਆ ਹੈ। ਸਿੱਖ ਧਰਮ ਦੇ ਇਹ ਦੋ ਵੱਡੇ ਦਾਰਸ਼ਨਿਕ ਥੰਮ ਹਨ, ਇਕ ਸਰਗੁਣ ਤੇ ਦੂਜਾ ਨਿਰਗੁਣ, ਇਕ ਬਾਹਰਮੁਖੀ ਦੂਜਾ ਅੰਦਰਮੁਖੀ। ਗੁਰ ਸੰਗਤ ਜਾਂ ਸਾਧ ਸੰਗਤ ਗੁਰੂ ਦੀ ਜ਼ਾਹਰੀ ਸ਼ਕਤੀ ਹੈ ਤੇ ਗੁਰਬਾਣੀ ਦੀ ਆਤਮਿਕ ਤਥਾ ਰਹੱਸਵਾਦੀ (ਗੁੱਝੀ) ਸ਼ਕਤੀ ਹੈ।

ਗੁਰੂ ਨਾਨਕ ਸਾਹਿਬ ਨੇ ਜੋ ਸੰਗਤਾਂ ਕਾਇਮ ਕੀਤੀਆਂ, ਪਿਛੋਂ ਸਮੇਂ ਦੇ ਬੀਤਣ ਨਾਲ ਇਨ੍ਹਾਂ ਦੇ ਧਾਰਮਿਕ ਤੇ ਰਾਜਸੀ ਵਿਕਾਸ ਨਾਲ ਹੀ ਸਿੱਖ ਧਰਮ ਦਾ ਵਿਕਾਸ ਹੋਇਆ। ਸਿੱਖ ਇਤਿਹਾਸ ਇਸ ਸਚਾਈ ਦਾ ਗਵਾਹ ਹੈ। ਗੁਰੂ ਅਮਰਦਾਸ ਨੇ ਇਨ੍ਹਾਂ ਸੰਗਤਾਂ ਨੂੰ ਜੱਥੇਬੰਦ ਕਰਨ ਲਈ 'ਮੰਜੀਆਂ' ਸਥਾਪਤ ਕੀਤੀਆਂ। ਪਿਛੋਂ ਗੁਰੂ ਅਰਜਨ ਸਾਹਿਬ ਨੇ ਸਿੱਖ ਸੰਗਤਾਂ ਨੂੰ ਹੋਰ ਪਕਿਆਈ ਨਾਲ ਸੰਗਠਿਤ ਕੀਤਾ। ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਿੱਖ ਸੰਗਤਾਂ ਨੂੰ ਅੰਤਮ ਰੂਪ ਦੇ ਕੇ ਖਾਲਸਾ ਪੰਥ ਦਾ ਨਿਰਮਾਣ ਕੀਤਾ। ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਵਿਚ ਇਨ੍ਹਾਂ ਜੱਥੇਬੰਦੀਆਂ ਨੇ ਰਾਜਸੀ ਸ਼ਕਤੀ ਧਾਰਨ ਕਰਕੇ 22 ਮਿਸਲਾਂ ਅਤੇ ਸਿੱਖ ਰਾਜ ਦੇ ਪ੍ਰਭਾਵਸ਼ਾਲੀ ਰੂਪ ਵਿਚ ਸੰਸਾਰ ਨੂੰ ਚਕ੍ਰਿਤ ਕੀਤਾ।

3

ਜਿਵੇਂ ਉਪਰ ਜੋਗੀਆਂ ਨਾਲ ਬਹਿਸ ਦੇ ਪ੍ਰਸੰਗ ਵਿਚ ਦੱਸਿਆ ਗਿਆ ਹੈ, ਸਿੱਖ ਧਰਮ ਵਿਚ ਸੰਗਤ ਇਕ ਵੱਡੀ ਕਰਾਮਾਤ ਵਜੋਂ ਹੋਂਦ ਵਿਚ ਆਈ। ਸਿੱਖ ਸੰਗਤ ਦਾ ਤਲ ਨਿਰੋਲ

ਅਧਿਆਤਮਕ ਹੈ ਅਤੇ ਇਸ ਉਪਰ ਕੀਤੀ ਗਈ ਉਸਾਰੀ ਸਮਾਜਿਕ ਤੇ ਆਰਥਿਕ ਤੱਤਾਂ ਨਾਲ ਕੀਤੀ ਗਈ ਹੈ। ਗੁਰੂ ਅਮਰਦਾਸ ਜੀ ਨੇ ਜਦ ਸੰਗਤ ਨਾਲ ਪੰਗਤ (ਅਰਥਾਤ ਲੰਗਰ) ਨੂੰ ਜੋੜ ਦਿੱਤਾ ਤਾਂ ਇਹ ਇਕ ਅਜਿਹਾ ਕਾਰਨਾਮਾ ਸੀ, ਜਿਸ ਦੀ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲਦੀ। ਸਭ ਉਚ-ਨੀਚ, ਨਸਲ, ਕੌਮ, ਧਰਮਾਂ ਜਾਤੀ ਆਦਿ ਦੇ ਭੇਦ ਭਾਵ ਇਕਦਮ ਨਸ਼ਟ ਹੋ ਗਏ। ਇਕ ਖਾਲਸਾ ਮਨੁੱਖੀ ਭਾਈਚਾਰਾ ਹੋਂਦ ਵਿਚ ਆ ਗਿਆ। ਇਸ ਜ਼ਬਰਦਸਤ ਜਨਤਕ ਲਹਿਰ ਤੇ ਨਿੱਗਰ ਧਾਰਮਿਕ ਅੰਦੋਲਨ ਪਹਿਲੀ ਵਾਰ ਭਾਰਤ ਦੇ ਨਿੱਘਰ ਚੁੱਕੇ ਤੇ ਡਾਵਾਂਡੋਲ ਸਭਿਆਚਾਰ ਨੂੰ ਨਵੇਂ-ਸਿਰਿਉਂ ਸੁਰਜੀਤ ਕਰਨ ਲਈ ਚਾਲੂ ਕੀਤਾ ਗਿਆ।

ਲੰਗਰ ਦੀ ਪ੍ਰਥਾ ਨਾਲ ਅਵੱਸ਼ ਰੂਪ ਵਿਚ ਧਰਮ ਦੀ ਅਰਥਾਤ ਦਸਾਂ ਨੌਹਾਂ ਦੀ ਸੁੱਚੀ ਕਿਰਤ ਜੁੜੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਆਪ ਧਰਮ ਦੀ ਕਿਰਤ ਕੀਤੀ ਤੇ ਸਿੱਖਾਂ ਨੂੰ ਵਿਹਲੇ ਰਹਿਣ ਤੋਂ ਵਰਜ ਕੇ ਕਿਰਤੀ ਬਣਾਇਆ। ਹਿੰਦੂ ਧਰਮ ਵਿਚ ਤੇ ਬੁੱਧ, ਜੈਨ ਆਦਿ ਧਰਮਾਂ ਵਿਚ ਸੰਸਾਰ ਦੇ ਤਿਆਗ ਉੱਤੇ ਬਹੁਤ ਜ਼ੋਰ ਦਿੱਤਾ ਗਿਆ, [illegible]

ਇਹ ਸੰਗਤ ਗੁਰਮੁਖਾਂ ਦੀ ਆਸਤਕ ਤੇ ਭਲੇ ਪੁਰਸ਼ਾਂ ਦੀ ਸੰਗਤ ਹੈ, ਜੋ ਵਾਹਿਗੁਰੂ ਨਾਮ ਦਾ ਹਰ ਵੇਲੇ ਆਸਰਾ ਲੈ ਕੇ ਮਨੁੱਖ ਮਾਤਰ ਦੀ ਸੇਵਾ ਵਿਚ ਜੀਵਨ ਅਰਪਣ ਕਰਨ ਵਾਲੇ ਪਰਉਪਕਾਰੀ ਜੀਵ ਹਨ। ਇਸਤਰੀ ਮਰਦ ਦੀ ਇਸ ਵਿਚ ਪੂਰਨ ਬਰਾਬਰੀ ਹੈ। ਭਾਰਤ ਵਿਚ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਉਸ ਦਾ ਯੋਗ ਸਥਾਨ ਪ੍ਦਾਨ ਕੀਤਾ। ਸਿੱਖ ਸੰਗਤ ਵਿਚ ਵਹਿਮਾਂ ਭਰਮਾਂ, ਜਾਦੂ ਟੂਣੇ, ਊਚ ਨੀਚ, ਬੁਤ ਪੂਜਾ, ਮੜ੍ਹੀ ਪੂਜਾ ਆਦਿ ਦੀ ਕੋਈ ਥਾਂ ਨਹੀਂ। ਕੇਵਲ ਅਕਾਲ ਪੁਰਖ ਵਾਹਿਗੁਰੂ ਦੀ ਪੂਜਾ ਤੇ ਉਪਾਸਨਾ ਨੂੰ ਮੁੱਖ ਰਖਿਆ ਜਾਂਦਾ ਹੈ।

4

ਸਿੱਖ ਧਰਮ ਵਿਚ ਸੰਗਤ ਦੀ ਮਹੱਤਤਾ ਏਨੀ ਅਧਿਕ ਹੈ ਕਿ ਸੰਗਤਾਂ ਨੂੰ ਗੁਰੂ ਨਾਲੋਂ ਵੀ ਉਚੇਚਾ ਦਰਜਾ ਦਿੱਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ, ਜਿਸ ਦਾ ਭਾਵ ਇਹ ਸੀ ਕਿ ਸੰਗਤ ਦਾ ਰੁਤਬਾ ਸਭ ਤੋਂ ਉੱਚਾ ਹੈ। ਇਸੇ ਗੁਰੂ ਸੰਗਤ ਨੂੰ ਵਡਿਆ ਕੇ 'ਖਾਲਸਾ' ਦੀ ਪਦਵੀ ਦਿੱਤੀ ਗਈ ਜੋ ਗੁਰੂ ਸਾਹਿਬ ਦਾ ਆਪਣਾ ਖਾਸ ਰੂਪ ਹੈ (*ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮੇਂ ਹਉਂ ਕਰੋ ਨਿਵਾਸ ॥*—ਗੁਰੂ ਗੋਬਿੰਦ ਸਿੰਘ ਜੀ)। ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਪਰਮੇਸ਼ਰ ਦਾ ਥਾਨ (*ਪੋਥੀ ਪਰਮੇਸ਼ਰ ਕਾ ਥਾਨ ॥* ਪੰ. ੧੨੨੬) ਇਸੇ ਤਰ੍ਹਾਂ ਸਿੱਖ ਸੰਗਤ ਪਰਮੇਸ਼ਰ ਦਾ ਥਾਨ ਹੈ (*...ਵਿਚ ਸੰਗਤ ਹਰਿ ਪ੍ਰਭ ਵਸੈ ਜੀਓ ॥...*) ਸੰਗਤ ਦੀ ਵਡਿਆਈ ਵਜੋਂ ਗੁਰਬਾਣੀ ਵਿਚੋਂ ਅਨੇਕਾਂ ਹੀ ਕਥਨ ਮਿਲ ਜਾਂਦੇ ਹਨ। ਭਾਈ ਗੁਰਦਾਸ ਜੀ ਨੇ ਵੀ ਸੰਗਤ ਅਤੇ ਸਾਧ ਸੰਗਤ ਦੀ ਵਿਸ਼ੇਸ਼ਤਾ ਤੇ ਮਹੱਤਤਾ ਦਾ ਵਰਣਨ ਕਰਨ ਵਿਚ ਆਪਣਾ ਪੂਰਾ ਤਾਣ ਲਾਇਆ ਹੈ।

ਅੰਤ ਵਿਚ ਇਕ ਜ਼ਰੂਰੀ ਪ੍ਰਸ਼ਨ ਗੁਰੂ ਤੇ ਸੰਗਤ ਦੇ ਪਰਸਪਰ ਸੰਬੰਧ ਦਾ ਹੀ ਹੈ। ਗੁਰੂ ਆਪਣੇ ਆਪ ਵਿਚ ਸੰਗਤ ਦਾ ਮੂਲ ਸੋਮਾ, ਆਤਮਿਕ ਧੁਰਾ ਤੇ ਸੰਚਾਲਕੀ ਸੰਸਥਾਪਕ ਹੁੰਦਾ ਹੈ। ਪਰ ਸੰਗਤ ਇਕ ਸਦੀਵੀ ਧਾਰਾ ਜਾਂ ਲਹਿਰ (perpetual current) ਹੈ ਜੋ ਗੁਰੂ ਆਸ਼ੇ ਨੂੰ, ਗੁਰੂ ਸੰਦੇਸ਼ ਨੂੰ ਅਮਲੀ ਰੂਪ ਵਿਚ ਸਦੀਵ ਕਾਲ ਤਕ ਫਲੀਭੂਤ ਕਰਨ ਦੇ ਸਮਰੱਥ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ। ਪਰ ਸਚਾਈ ਇਹ ਹੈ ਕਿ ਗੁਰੂ ਤੇ ਸੰਗਤ ਸਦਾ ਅਨਿਖੜ ਹਨ, ਇਹ ਦੋ ਇਕਾਈਆਂ (units) ਨਹੀਂ, ਸਗੋਂ ਇਕੋ ਇਕਾਈ ਹਨ। ਗੁਰੂ ਇਕ ਆਤਮਿਕ ਤੱਤ ਹੈ ਜੋ ਸ਼ਬਦ ਰੂਪ (ਜੋ ਉਸ ਦਾ ਅਸਲੀ ਰੂਪ ਹੈ, ਦੇਹ/ਸਰੀਰ ਉਸ ਦਾ ਅਸਲੀ ਰੂਪ ਨਹੀਂ ਹੈ,) ਅਰਥਾਤ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਤੱਥਾ ਨਾਮ ਸਿਮਰਨ ਰੂਪ ਵਿਚ ਸਦਾ ਹੀ ਸੰਗਤ ਵਿਚ ਇਕ ਜਾਗਦੀ ਜੋਤ ਬਣ ਕੇ ਵਿਦਮਾਨ ਰਹਿੰਦਾ ਹੈ। ਸ਼ਬਦ ਤੋਂ ਬਿਨਾਂ ਸੰਗਤ ਨੂੰ ਕੋਈ ਟੇਕ ਜਾਂ ਆਸਰਾ ਪ੍ਰਾਪਤ ਨਹੀਂ। ਸੋ ਗੁਰੂ ਆਪਣੀ ਅਪਾਰ ਆਤਮਿਕ ਸ਼ਕਤੀ ਦੁਆਰਾ ਸੰਗਤ ਰਾਹੀਂ ਆਪਣੇ ਸੰਸਾਰ ਕਲਿਆਣ ਦੇ ਉੱਦੇਸ਼ ਨੂੰ ਪੂਰਾ ਕਰਦਾ ਹੈ। ਗੁਰੂ ਇਕ ਹੇਤੂ ਹੈ ਤੇ ਸੰਗਤ ਇਕ ਸਾਧਨ। ਭਾਈ ਗੁਰਦਾਸ ਜੀ ਨੇ ਇਸ ਰਹੱਸਵਾਦੀ ਸਚਾਈ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

ਗੁਰੂ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ ॥ (੨੪.੨੫)

ਗੁਰਬਾਣੀ ਤਥਾ ਸਰਬ ਸ੍ਰੇਸ਼ਟ ਸਾਹਿਤ ਵਿਚ ਸੰਗਤ ਦਾ ਸੰਕਲਪ

ਪ੍ਰਿੰਸੀਪਲ ਹਰਿਭਜਨ ਸਿੰਘ

ਅਹਿਲਿ ਬਸੀਰਤ ਅਥਵਾ ਅਕਲ ਦੀ ਅੱਖ ਰਖਣ ਵਾਲੇ ਲੋਕ ਖ਼ੂਬ ਜਾਣਦੇ ਹਨ ਕਿ ਸਿਰਜਨਹਾਰ ਕਰਤਾਰ ਕਿਵੇਂ ਕੁਦਰਤ ਦੀ ਡਾਢੀ ਵਚਿਤਰ ਰਚਨਾ ਨੂੰ ਆਦਿ ਕਾਲ ਤੋਂ ਇਕ ਬਝਵੇਂ ਨੇਮ ਅਤੇ ਜ਼ਬਤ ਵਿਚ ਤੋਰ ਰਿਹਾ ਹੈ। ਗੁਰਬਾਣੀ ਵਿਚ ਇਸ ਦੈਵੀ ਜ਼ਬਤ ਨੂੰ ਕਿਤੇ ਰੱਬੀ-ਭਉ ਦਾ ਨਾਮ ਦਿੱਤਾ ਗਿਆ ਹੈ ਅਤੇ ਕਿਤੇ ਸੰਤੋਖ-ਥਾਪਕ ਸੱਤਾ (ਧਰਮ) ਦਾ। ਵਾਰ ਆਸਾ ਦੀ ਚੋਥੀ ਪਉੜੀ ਦੇ ਪਹਿਲੇ ਸ਼ਲੋਕ ਅਤੇ, ਜਪੁਜੀ ਦੀ ਸੋਲ੍ਹਵੀਂ ਪਉੜੀ ਵਿਚ ਇਸ ਰੱਬੀ ਨੇਮ ਦਾ ਵਿਸ਼ੇਸ਼ ਤੇ ਸਪੱਸ਼ਟ ਜ਼ਿਕਰ ਕਰਨ ਦਾ ਉਪਕਾਰ ਕੀਤਾ ਗਿਆ ਹੈ।

ਉਪਰੋਕਤ ਨੇਮ ਦਾ ਇਕ ਹੋਰ ਵਰਣਨਯੋਗ ਤੇ ਹੈਰਾਨੀਜਨਕ ਪਹਿਲੂ ਇਹ ਹੈ ਕਿ ਕਾਦਰ ਨੇ ਪਰਸਪਰ ਵਿਰੋਧੀ ਤੱਤਾਂ ਨੂੰ ਇਕ ਥਾਂ, ਤਾਣੇ ਪੇਟੇ ਸਮਾਨ ਪਰੋ ਰੱਖਿਆ ਹੈ ਅਤੇ ਕਾਰੇ ਲਾਇਆ ਹੋਇਆ ਹੈ। ਪ੍ਰਭੂ ਦੇ ਐਸੇ ਅਦਭੁਤ ਨਿਆਰੇ ਖੇਡ ਤਮਾਸ਼ੇ ਵਿਚ ਡੂੰਘੀ ਝਾਤ ਮਾਰਨ ਤੇ ਉਸ ਤੋਂ ਬਿੰਦ ਬਿੰਦ, ਚੁੱਖ ਚੁੱਖ, ਬਲਿਹਾਰ ਹੋਣ ਵਾਲੇ ਨਿਰੰਕਾਰੀ ਗੁਰੂ ਨਾਨਕ ਆਪਣਾ ਅਨੁਭਵ ਕੁਲ ਮਖਲੂਕ ਨਾਲ ਇਉਂ ਸਾਂਝਾ ਕਰਦੇ ਹਨ :

ਪਉਣ ਉਪਾਇ ਧਰੀ ਸਭ ਧਰਤੀ,
ਜਲ ਅਗਨੀ ਕਾ ਬੰਧ ਕੀਆ। ਪੰ. ੩੫੦

... ...

ਪਉਣ ਪਾਣੀ ਅਗਨੀ ਇਕ ਵਾਸਾ।
ਆਪੇ ਕੀਤੋ ਖੇਲੁ ਤਮਾਸਾ।
ਬਦਲੀ ਜਲਿ ਨਿਵਾਰੈ ਕਿਰਪਾ ਤੇ, ਆਪੈ ਜਲਨਿਧਿ ਪਾਇਦਾ। ਪੰ. ੧੦੩੩

ਅਰਥ ਇਹ ਹੋਇਆ ਕਿ ਵਾਹਿਗੁਰੂ ਦਾ ਹਵਾ, ਪਾਣੀ ਤੇ ਅੱਗ ਨੂੰ ਇਕੇ ਥਾਂ ਮੇਲ ਰਖਣ, ਉਸਦਾ ਅਸਚਰਜ ਤੇ ਵੱਡਾ ਖੇਡ ਤਮਾਸ਼ਾ ਹੈ। ਵੇਖੋ, ਜਿਹੜੀ ਬਲਦੀ ਅੱਗ ਪਾਣੀ ਨਾਲ ਬੁੱਝਦੀ ਹੈ, ਉਹੋ (ਬੜਵਾ ਅਗਨੀ) ਪ੍ਰਭੂ ਨੇ ਜਲਨਿਧਿ (ਸਮੁੰਦਰ ਵਿਚ) ਪਾ ਰੱਖੀ ਹੈ।

ਹੋਰ ਪ੍ਰਮਾਣ : *ਪਉਣ ਪਾਣੀ ਅਗਨੀ ਕਾ ਬੰਧਨੁ, ਕਾਇਆ ਕੋਟਿ ਰਚਾਇਦਾ।*
ਪੰ. ੧੦੩੬

ਇਹ ਤਾਂ ਹੋਈ ਗਿਆਨ ਇੰਦਰੀਆਂ ਨਾਲ ਸੰਬੰਧਿਤ ਬਾਹਰੀ, ਬ੍ਰਹਿਮੰਡੀ ਰਚਨਾ ਦੀ ਟੂਕ-ਮਾਤ੍ਰ ਵਿੱਥਿਆ। ਹੁਣ ਲਵੋ, ਤਨ ਨੂੰ ਤੋਰਨ ਵਾਲੇ ਬਹੁ ਚਰਚਿਤ ਮਨ ਰਾਜੇ ਦੀ ਗੱਲ। ਮਨ ਗਿਰਗਟ ਵਾਂਗ, ਹਰ ਛਿੰਨ, ਕਈ ਰੰਗ ਬਦਲਦਾ ਹੈ। ਇਸ ਅੰਦਰ ਵਸਦੇ ਵਿਰੋਧੀ ਭਾਵਾਂ ਤੇ ਵਿਰਤੀਆਂ ਦਾ ਇਹ ਆਲਮ ਹੈ ਕਿ ਜੇ ਇਹ ਇਸ ਛਿੰਨ ਮਹਾਂ ਉੱਚ-ਭਾਵੀ ਅਥਵਾ ਫਰਿਸ਼ਤਾ-ਸੀਰਤ ਹੈ ਤਾਂ ਅਗਲੀ ਨੂੰ ਮਹਾ ਉਪ-ਦਰਦੀ ਤੇ ਸ਼ੈਤਾਨ ਦੱਸਿਆ ਹੈ। ਸੰਕਲਪਾਂ ਵਿਕਲਪਾਂ ਅਥਵਾ ਫੁਰਨਿਆਂ ਦੇ ਕੇਂਦਰ ਮਨ ਨੂੰ ਇਸ ਦੀ ਵਿਰੋਧਾਭਾਸ਼ੀ (paradoxicál) ਖਸਲਤ ਦੇ ਕਾਰਨ ਹੀ ਗੁਰਬਾਣੀ ਵਿਚ ਮਧੁਸੂਦਨ, ਤ੍ਰਿਭਵਨ ਦੇਉ, ਕਿਤੇ 'ਜੋਤਿ ਸਰੂਪ' ਅਤੇ ਕਿਤੇ 'ਖੁਟਹਰ' (ਖੋਟਾ) ਉਦਮਾਦਾ (ਮਸਤੀ ਕਰਨ ਵਾਲਾ), 'ਉਡਨ ਪੰਖੇਰੂ ਬਨਕਾ' ਤੇ ਬੇਪ੍ਰਤੀਤਾ ਕਰਕੇ ਬਿਆਨਿਆ ਹੈ। ਗੁਰਵਾਕ ਹਨ :

(ੳ) *ਮਨ ਤੂ ਜੋਤਿ ਸਰੂਪ ਹੈ, ਆਪਣਾ ਮੂਲੁ ਪਛਾਣੁ।* ਪੰ. ੪੪

(ਅ) *ਕਹੁ ਕਬੀਰ ਜੋ ਜਾਨੇ ਭੇਉ*
ਮਨੁ ਮਧੁਸੂਦਨ, ਤ੍ਰਿਭਵਨ ਦੇਉ। ਪੰ. ੩੨੯

(ੲ) *ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ।*
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾਂ ਭਾਲੇ। ਪੰ. ੮੭੬

(ਸ) *ਮਨ ਖੁਟਹਰ, ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।*
ਖਰ ਕਾ ਪੈਖਰ, ਤਉ ਛੂਟੈ, ਜਉ ਊਪਰ ਲਾਦਾ। ਪੰ. ੮੧੫

ਵਰਤਮਾਨ ਮਨੋਵਿਗਿਆਨੀ, ਮਨ ਵਿਚ ਹੋਰ ਤਰ੍ਹਾਂ ਤਰ੍ਹਾ ਦੇ, ਫੁਰਨਿਆਂ ਤੇ ਸੰਸਕਾਰਾਂ ਦੇ ਨਾਲ ਹਉਮੈਂ (ego), ਕਾਮ (sex), ਲੋਕਾਚਾਰ (instincts) ਅਤੇ ਸੁਭਾਵਾਂ ਦਾ ਪ੍ਰਬਲ ਵਾਸਾ ਮੰਨਦੇ ਹਨ, ਜੋ ਇਸ ਨੂੰ ਆਪਣੇ ਆਪਣੇ ਪਖ਼ਸ਼ ਦੀ ਕਿਰਿਆ ਵਲ ਪ੍ਰੇਰਦੇ ਰਹਿੰਦੇ ਹਨ। ਮਾਨਸਿਕ ਵਿਦਿਆ ਦੇ ਇਹ ਖੋਜੀ ਲਿਖਦੇ ਹਨ ਕਿ ਮਨੁੱਖ ਦੇ ਮਨ ਵਿਚ ਸਦਾ ਚਾਉ ਬਣਿਆ ਰਹਿੰਦਾ ਹੈ ਕਿ ਨਾ ਕੇਵਲ ਮੈਂ ਭਾਈਚਾਰੇ ਵਿਚ ਰਹਾਂ ਸਗੋਂ ਉਸ ਭਾਈਚਾਰੇ ਦਾ ਅੰਗ ਬਣਾ। ਇਸ ਲਈ, ਹਰ ਇਕ ਸਾਧਾਰਣ ਮਨੁੱਖ ਲਈ ਉਹ ਫੁਰਨੇ ਮੰਨਣੇ ਜ਼ਰੂਰੀ ਹਨ, ਜੋ ਉਸ ਦੇ ਭਾਈਚਾਰੇ ਵਲੋਂ ਪੈਦਾ ਹੁੰਦੇ ਹਨ। ਜੇ ਇਹ ਨਾ ਕਰੇ ਤਾ ਉਹ ਅਜਿਹਾ ਦੁੱਖ ਅਨੁਭਵ ਕਰਦਾ ਹੈ, ਜੇਹਾ ਕਿ ਉਸ ਨੂੰ ਤਦੋਂ ਹੁੰਦਾ ਹੈ, ਜਦੋਂ ਉਸਦੀ ਦੇਹ ਨੂੰ ਮਨੁੱਖੀ ਬਰਾਦਰੀ ਤੋਂ ਅੱਡ ਰੱਖਿਆ ਜਾਵੇ। ਇਸ ਲਈ ਇਹ ਖਿਆਲ ਕਿ ਹਰ ਇਕ ਮਨੁੱਖ ਦਾ ਧਰਮ ਆਪੋ ਆਪਣਾ ਹੈ, ਵਿਚਾਰ ਦੀ ਕਸਵੱਟੀ ਉੱਤੇ ਠੀਕ ਨਹੀਂ ਨਿਕਲਦਾ। ਧਰਮ ਨਿਰਾ ਦਿਮਾਗੀ ਮਨੌਤ ਤਕ ਨਹੀਂ ਬੱਧਾ ਰਹਿੰਦਾ ਹੈ, ਉਹ ਸਾਡੇ ਅਮਲਾਂ ਦੇ ਰਾਹੀ ਪ੍ਰਗਟ ਹੁੰਦਾ ਹੈ। ਮਨੁੱਖ ਸਦਾ ਟੋਲੇ ਵਿਚ ਰਹਿੰਦਾ ਹੈ। ਇਸ ਲਈ ਉਹਦੇ ਕਰਮ ਟੋਲੇ ਉੱਤੇ ਅਸਰ ਪਾਏ ਬਿਨਾਂ ਨਹੀਂ ਰਹਿ ਸਕਦੇ ਅਤੇ ਟੋਲੇ ਦੇ ਕਰਮ ਉਸ ਤੇ ਅਸਰ ਪਾਉਂਦੇ ਹਨ।[1]

ਸੋ, ਮਨ ਜਿਥੇ ਹਉਮੈਂ-ਸੁਭਾਵ ਕਾਰਨ ਭਾਈਚਾਰੇ ਨਾਲੋਂ ਨਿਖੜਦਾ, ਟੁੱਟਦਾ ਅਤੇ ਇਕੱਲ ਕਾਰਨ ਦੁਖੀ ਹੁੰਦਾ ਹੈ, ਉਥੇ ਭਾਈਚਾਰਕ ਸੁਭਾ ਦਾ ਜੰਤੂ ਹੋਣ ਦੇ ਕਾਰਨ ਸਮਾਜ ਵਿਚ ਵਿਚਰ ਕੇ ਅਨੰਦਤ ਹੁੰਦਾ ਹੈ। ਮਨੁੱਖ ਦੇ ਇਸ ਬੁਨਿਆਦੀ ਸੁਭਾਵ ਦੇ ਆਧਾਰ ਉੱਤੇ ਹੀ ਮਹਾਨ ਪੁਰਸ਼ਾਂ ਨੇ ਸਤਿ ਸੰਗਤ ਦੇ ਅਸੂਲ ਦੀ ਸਥਾਪਨਾ ਕੀਤੀ ਹੈ ਅਤੇ ਸਿੱਖ ਗੁਰੂ ਸਾਹਿਬਾਨ ਨੇ ਤਾਂ ਇਸ ਨੂੰ ਮਨੁੱਖੀ ਚਲਨ ਦੀ ਘਾੜਤ ਵਿਚ ਮੀਲ ਪੱਥਰ ਕਰਕੇ ਪਰਵਾਨਿਆ ਹੈ।

ਵਿਦਵਾਨ ਟੈਨਸਲੇ ਇਸ ਮਨੋਵਿਗਿਆਨਿਕ ਸਿਧਾਂਤ ਦੀ ਉੱਚਤਾ ਤੇ ਪ੍ਰਬਲਤਾ ਨੂੰ, ਸੰਖੇਪ ਵਿਚ, ਇਉਂ ਅੰਕਿਤ ਕਰਦਾ ਹੈ :

(ੳ) ਸੱਚ ਪੁੱਛੋ ਤਾਂ ਮੰਨਣਾ ਪੈਂਦਾ ਹੈ ਕਿ ਟੋਲਿਆਂ ਵਿਚ ਰਹਿਣ ਵਾਲੇ ਜਨੌਰ (ਮਨੁੱਖ, ਪਸ਼ੂ ਪੰਛੀ ਆਦਿ) ਨੂੰ ਸੁਭਾਵਕ ਪ੍ਰੇਰਨਾ ਨਾ ਕੇਵਲ ਟੋਲੇ ਵਿਚ ਵਿਚਰਣ ਦੀ ਹੁੰਦੀ ਹੈ; ਸਗੋਂ ਟੋਲੇ ਦਾ ਇਕ ਅੰਗ ਹੋਣ ਦੀ ਵੀ।[2]

(ਅ) ਪ੍ਰੇਰਨਾ ਇਕ ਵਿਚਾਰਹੀਨ ਅਮਲ ਹੈ ਜਿਸ ਦਾ ਅਸਲ ਰੂਪ ਅਜੇ ਪਤਾ ਨਹੀਂ ਲੱਗਾ, ਪਰ ਜਿਸ ਦਾ ਮਾਨਸਿਕ ਜਾਲਾਂ ਦੇ ਬਣਾਉਣ ਦੇ ਬਦਲਣ ਵਿਚ ਬਹੁਤ ਹੱਥ ਹੈ। ਭਾਵੇਂ, ਪ੍ਰੇਰਨਾ ਦੇ ਆਰੰਭ ਦੀ ਅਜੇ ਉਕੀ ਸਮਝ ਨਹੀਂ ਆਈ, ਪਰ ਮਨੁੱਖੀ ਮਾਮਲਿਆਂ ਵਿਚ ਇਸ ਦੇ ਤਕੜੇ ਹੱਥ ਦਾ ਸੰਬੰਧ ਟੋਲੇ ਵਿਚ ਰਹਿਣ ਵਾਲੇ ਜਨੌਰ ਦੇ ਅੰਤਹਕਰਣ ਪੁਰ ਟੋਲੇ ਦੇ ਅਸਰ ਨਾਲ ਹੈ। ਮਨੁੱਖੀ ਅੰਤਹਕਰਣ ਦੀ ਪ੍ਰੇਰਨਾ ਦਾ ਇਕ ਤਕੜਾ ਸੋਮਾ ਟੋਲਾ ਹੈ ਤੇ ਟੋਲੇ ਦੀ ਹੀ ਪ੍ਰੇਰਨਾ ਦੁਆਰਾ ਵੱਡੇ ਵੱਡੇ ਮਾਨਸਿਕ ਜਾਲ ਬਣਦੇ ਹਨ, ਜਿਨ੍ਹਾਂ ਦੁਆਰਾ ਮਨੁੱਖ ਦੀਆਂ ਰਾਵਾਂ ਤੇ ਕਰਤੂਤਾਂ ਬਣੀਆਂ ਹਨ।

ਸਤਿ ਸੰਗਤ ਮਨੁੱਖੀ ਜੀਵਨ ਵਿਚ ਕਿਵੇਂ ਤੇ ਕੀ ਤਬਦੀਲੀ ਲਿਆਉਂਦੀ ਹੈ, ਔਗੁਣਾਂ ਦੀ ਮੈਲ ਨੂੰ ਕਟਕੇ ਉਸ ਨੂੰ ਕਿਵੇਂ ਉਤਮ ਗੁਣਾਂ ਵਾਲਾ ਤੇ ਸਮਦ੍ਰਿਸ਼ਟ ਬਣਾਉਂਦੀ ਅਤੇ ਹਰ ਪਾਸੇ ਮੈਤਰੀ-ਭਾਵ ਪੈਦਾ ਕਰਦੀ ਹੈ, ਇਸ ਦੀ ਗਵਾਹੀ ਤੇ ਪੁਸ਼ਟੀ ਵਿਚ ਗੁਰਬਾਣੀ ਦੇ ਵੰਨਗੀ ਵਜੋਂ ਲਏ ਗਏ, ਨਿਮਨਲਿਖਤ ਪ੍ਰਮਾਣ ਬੇ-ਹਦ ਸਚਾਈ ਹੋ ਸਕਦੇ ਹਨ :

(ੳ) *ਉਤਮ ਸੰਗਤਿ, ਉਤਮ ਹੋਵੈ, ਗੁਣ ਕਉ ਧਾਵੈ, ਅਵਗੁਣ ਧੋਵੈ ॥* ਪੰ. ੪੧੪

(ਅ) *ਬਿਸਰਿ ਗਈ ਸਭ ਤਾਤਿ ਪ੍ਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ।*
ਨਾ ਕੋ ਬੈਰੀ ਨਾਹਿ ਬਿਗਾਨਾ ॥ ਸਗਲ ਸੰਗਿ ਹਮ ਕਉ ਬਨਿ ਆਈ।
ਪੰ. ੧੨੯੯

(ੲ) *ਮੇਰੇ ਮਾਧਉ ਜੀ, ਸਤ ਸੰਗਤਿ ਮਿਲੇ ਸੁ ਤਰਿਆ।*

(ਸ) *ਪਿੰਗਲ ਪਰਬਤ ਪਾਰਿ ਪਰੈ, ਖਲ ਚਤੁਰ ਬਕੀਤਾ।*
ਅੰਧਲੇ ਤ੍ਰਿਭਵਨ ਸੁਝਿਆ, ਗੁਰ ਭੇਟ ਪੁਨੀਤਾ।
ਮਹਿਮਾ ਸਾਧੂ ਸੰਗ ਕੀ, ਸੁਨਹੁ ਮੇਰੇ ਮੀਤਾ।
ਮੈਲੁ ਖੋਈ ਕੋਟਿ ਅਘ ਹਰੇ, ਨਿਰਮਲ ਭਏ ਚੀਤਾ। ਪੰ ੮੦੯

ਸਤਿ ਸੰਗਤ ਦੀ ਅਪਾਰ ਮਹਿਮਾ ਵਿਚ ਇਹ ਕਿਣਕਾ ਮਾਤ੍ਰ ਕਹਿ ਲੈਣ ਉਪਰੰਤ ਕੁਦਰਤੀ ਤੌਰ ਉੱਤੇ ਸਵਾਲ ਪੈਦਾ ਹੁੰਦਾ ਹੈ ਕਿ ਮਹਾਨ ਭਾਵੀ ਤੇ ਨੇਕ ਪੁਰਸ਼ਾਂ ਦੀ ਜੋ ਸੰਗਤ, ਮਨੁੱਖ ਨੂੰ ਦੁਬਿਧਾ ਤੇ ਮਾਇਆ ਦੀ ਮੈਲ ਤੋਂ ਰਹਿਤ ਕਰਕੇ, ਸਭ ਦਾ ਮਿੱਤਰ ਤੇ ਸਖਾ ਬਣਾਉਣ ਦੀ ਏਡੀ ਵੱਡੀ ਸਮਰੱਥਾ ਰਖਦੀ ਹੈ ? ਉਸ ਦਾ ਲੱਛਣ, ਰੂਪ-ਰੇਖਾ ਅਥਵਾ ਪਰਿਭਾਸ਼ਾ ਕੀ ਹੈ ? ਸਾਧਾਰਣ ਟੋਲੇ ਤੇ ਇਕੱਠ ਨਾਲੋਂ ਉਸ ਵਿਚ ਕੀ ਭਿੰਨਤਾ ਤੇ ਅੰਤਰ ਹੈ ?

ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਦਾ ਡਾਢਾ ਢੁਕਵਾਂ ਤੇ ਭਾਵ-ਪੂਰਤ; ਪਰੰਤੂ ਸੰਖੇਪ ਕਥਨ ਹੈ ਕਿ ਸਤਿ ਸੰਗਤ ਉਹ ਹੈ, ਜਿਥੇ ਕੇਵਲ ਤੇ ਕੇਵਲ ਹਰੀ ਨਾਮ ਦੀ ਚਰਚਾ ਹੋਵੇ; ਭਾਵ ਪਰਮਾਤਮਾ ਦੇ ਗੁਣਾਂ ਦਾ ਗਾਇਨ ਤੇ ਵਰਣਨ ਹੋਵੇ, ਸਿਫਤ ਸਾਲਾਹ ਹੋਵੇ, ਜਿਸ ਦੁਆਰਾ ਗੁਣੀ (ਵਾਹਿਗੁਰੂ) ਦੇ ਗੁਣ, ਗਾਉਣ ਵਾਲੇ ਵਿਚ ਆ ਪ੍ਰਵੇਸ਼ ਕਰਨ। ਸ੍ਰੀ ਗੁਰੂ

ਅਮਰ ਦਾਸ ਜੀ ਇਸ ਅਹਿਮ ਮਨੋ-ਵਿਗਿਆਨਿਕ ਸਿਧਾਂਤ ਨੂੰ ਇਉਂ ਸਪੱਸ਼ਟ ਕਰਦੇ ਹਨ :

ਸਦਾ ਅਨੰਦ ਰਹਹਿ ਦਿਨ ਰਾਤੀ, ਗੁਣ ਕਹਿ ਗੁਣੀ ਸਮਾਵਣਿਆ। ਪੰ. ੧੨੨

ਵੇਖੋ, ਆਦਿ ਸਤਿਗੁਰੂ ਜੀ ਸਤਿ ਸੰਗਤ ਦੀ ਸਪੱਸ਼ਟ ਤੇ ਸਾਫ਼ ਪਰਿਭਾਸ਼ਾ ਦੇਣ ਦੇ ਨਾਲ ਨਾਲ ਦੋ ਹੋਰ ਮਸਲਿਆਂ ਦਾ ਹਲ ਪੇਸ਼ ਕਰਨ ਦਾ ਉਪਕਾਰ ਵੀ ਕਰਦੇ ਹਨ :

ਸਤ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮੁ ਹੈ, ਨਾਨਕ, ਸਤਿਗੁਰਿ ਦੀਆਂ ਬੁਝਾਇ ਜੀਉ ॥ ਪੰ. ੭੨

ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਜਿਸ ਇਕੱਠ ਵਿਚ ਹਰੀ ਦਾ ਕੀਰਤਨ, ਜੱਸ, ਵਡਿਆਈ ਕੀਤੀ ਜਾਵੇ, ਉਹ ਸਤਿ ਸੰਗਤ ਹੈ :

ਸਤ ਸੰਗਤਿ ਸਾਈ ਹਰ ਤੇਰੀ, ਜਿਤ ਹਰ ਕੀਰਤਿ ਹਰ ਸੁਨਣੇ। ਪੰ. ੧੧੩੫

ਇਸੇ ਤਰ੍ਹਾਂ ਸ੍ਰੀ ਗੁਰੂ ਰਾਮ ਦਾਸ ਜੀ ਵੱਲੋਂ ਸਤਿ ਸੰਗਤ ਦੇ ਕੀਤੇ ਲੱਛਣ ਵੀ ਵਾਚਣ, ਵਿਚਾਰਣ ਨਾਲ ਸੰਬੰਧ ਰਖਦੇ ਹਨ :

ਤਿਤੁ ਜਾਇ ਬਹੁ ਸਤ ਸੰਗਤੀ, ਜਿਥੈ ਹਰਿ ਕਾ ਹਰਿ ਨਾਮੁ ਬੋਲਈਐ।
ਸਹਜੇ ਹੀ ਹਰਿ ਨਾਮੁ ਲੇਹੁ, ਹਰਿ ਤਤੁ ਨ ਖੋਈਐ।
ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ, ਹਰਿ ਦਰਗਹਿ ਢੋਈਐ ॥ ਪੰ. ੫੮੭

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿੱਖ ਭਾਈ ਨੰਦ ਲਾਲ ਜੀ 'ਗੋਇਆ' ਜਿਨ੍ਹਾਂ ਨੇ ਨਾ ਕੇਵਲ ਗੁਰਸਿੱਖੀ ਦੀ ਰਮਜ਼ ਸਮਝੀ ਅਤੇ ਕਮਾਈ ਹੈ; ਸਗੋਂ, ਸਰਬਤ ਦੇ ਸਦੀਵੀ ਭਲੇ ਹਿਤ ਕਲਮ-ਬੰਦ ਕਰਨ ਦਾ ਉਪਕਾਰ ਵੀ ਕੀਤਾ, 'ਦੀਵਾਨਿ ਗੋਇਆ', ਦੀ ਦਸਵੀਂ ਗ਼ਜ਼ਲ ਵਿਚ ਸਤਿ ਸੰਗ ਦੀ ਕੀਤੀ ਗਈ ਪਰਿਭਾਸ਼ਾ ਨੂੰ ਇਉਂ ਦੁਹਾਰਾਉਂਦੇ ਹਨ :

ਦਰਮਿਆਨਿ ਬਜ਼ਮਿ ਮਾ, ਜੁਜ਼ ਕਿੱਸਾਇ ਜਾਨਾਨਾਂ ਨੇਸਤ।
ਬੇ ਹਜਾਬ ਆ ਅੰਦਰੀਂ, ਮਜਲਸ ਕਸੇ ਬੇਗਾਨਾਂ ਨੇਸਤ।

(ਭਾਵ : ਐ ਜਗਿਆਸੂ ਜਨ! ਸਾਡੀ ਮਜਲਸ (ਸੰਗਤ) ਵਿਚ ਪਿਆਰੇ ਪ੍ਰਭੂ ਦੇ ਜ਼ਿਕਰ ਤੋਂ ਬਿਨਾਂ ਹੋਰ ਦੂਜੀ ਗੱਲ ਨਹੀਂ ਹੁੰਦੀ। ਇਸ ਲਈ, ਤੂੰ ਖ਼ੁਦੀ ਤੇ ਲੋਕ ਲਾਜ ਦਾ ਘੁੰਡ ਚੁੱਕ ਕੇ, ਬੇਖ਼ਬਰ ਹੋ ਇਸ ਵਿਚ ਪ੍ਰਵੇਸ਼ ਕਰ। ਇਹ ਬੇਗਾਨਿਆਂ ਦੀ ਨਹੀਂ, ਸਗੋਂ ਗੁਰਮੁਖਾਂ, ਮਹਰਮਾ ਦੀ ਇਕੱਤ੍ਰਤਾ ਹੈ)।

ਗੋਇਆ ਜੀ ਇਸੇ ਨੁਕਤੇ ਦੀ ਵਿਆਖਿਆ ਵਿਚ ਜ਼ਿੰਦਗੀਨਾਮਾ ਤੇ ਸ਼ੇਅਰ ਨੰਬਰ 23, 24 ਤੇ 25 ਦੁਆਰਾ ਸੰਗਤਿ ਤੇ ਕੁਸੰਗਤਿ ਦਾ ਨਿਰਣਾ ਕਰਦੇ ਹੋਏ ਦੱਸਦੇ ਹਨ ਕਿ ਉਹੀ ਇਕੱਠ (ਸੰਗਤ) ਮੁਬਾਰਿਕ ਹੈ, ਜੋ ਬੰਦਗੀ, ਜ਼ਿੰਦਗੀ, ਜ਼ਿੰਦਗੀ ਤੇ ਪ੍ਰਭੂ-ਯਾਦ ਲਈ ਜੁੜੇ ਅਤੇ ਜਿਸ ਦੀ ਬੁਨਿਆਦ ਸੱਚ ਅਥਵਾ ਸੱਚੇ ਪਾਤਸ਼ਾਹ ਉੱਤੇ ਹੋਵੇ; ਪਰ ਉਹ ਇਕੱਠ (ਹਜੂਮ) ਨਿੰਦਨੀਯ ਹੈ, ਜੋ ਸ਼ੈਤਾਨੀ (ਮੰਦੇ) ਕੰਮਾਂ ਲਈ ਮਿਲ ਬੈਠੇ; ਕਿਉਂਕਿ ਅੰਤ ਨੂੰ ਐਸੀ ਸੰਗਤ ਤੋਂ ਪਛਤਾਵਾ ਤੇ ਪਰੇਸ਼ਾਨੀ ਤੋਂ ਸਿਵਾ ਕੁਝ ਪੱਲੇ ਨਹੀਂ ਪੈਂਦਾ :

ਆਂ ਹਜੂਮਿ ਖੁਸ਼, ਕਿ ਬਹਰੇ ਬੰਦਗੀਸਤ।
ਆਂ ਹਜੂਮਿ ਖੁਸ਼, ਕਿ ਮਹਜ਼ਿ ਜ਼ਿੰਦਗੀਸਤ।
ਆਂ ਹਜੂਮਿ ਖੁਸ਼, ਕਿ ਬਹਰਿ ਯਾਦ ਓਸਤ।

ਆਂ ਹਜੂਮਿ ਖੁਸ਼, ਕਿ ਹਕ ਬੁਨਿਆਦਿ ਓਸਤ।
ਆਂ ਹਜੂਮਿ ਬਦ, ਕਿ ਸ਼ੈਤਾਨੀ ਬੱਵਦ।
ਆਕਬਤ ਅਜ਼ ਵੈ, ਪਸ਼ੇਮਾਨੀ ਬੱਵਦ।

ਸ਼੍ਰੋਮਣੀ ਭਗਤ ਕਬੀਰ ਜੀ ਸਤਿ ਸੰਗਤਿ ਨੂੰ ਚੰਦਨ ਦੇ ਬੂਟੇ ਨਾਲ ਉਪਮਾ ਦੇ ਕੇ ਇਸ ਦੇ ਪਰਿਵਰਤਨ ਬਲ ਨੂੰ ਇਉਂ ਦਰਸਾਉਂਦੇ ਹਨ :

ਕਬੀਰ, ਚੰਦਨ ਕਾ ਬਿਰਵਾ ਭਲਾ, ਬੇੜਿਓ ਢਾਕ ਪਲਾਸ।
ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ।

ਇਥੇ ਨੋਟ ਕਰਨ ਵਾਲ ਨੁਕਤਾ ਇਹ ਹੈ ਕਿ ਸੰਗਤ ਦਾ ਪ੍ਰਭਾਵ ਕੇਵਲ ਜਾਨਦਾਰ ਹੀ ਨਹੀਂ ਸਗੋਂ ਬਨਸਪਤੀ ਵੀ ਕਬੂਲਦੀ ਹੈ।

ਵੇਖੋ, ਗੁਲਸਿਤਾਂ ਤੇ ਬੋਸਤਾਂ ਜਿਹੀਆਂ, ਦਾਨਾਈ-ਭਰਪੂਰ ਤੇ ਸਦਾ ਨਵ-ਰੰਗ ਪੁਸਤਕਾਂ ਦੇ ਰਚਿਤਾ ਸ਼ੇਖ ਸਾਅਦੀ, ਭਲੀ ਸੰਗਤ ਦੇ ਭਲੇ ਪ੍ਰਭਾਵ ਨੂੰ ਕੈਸੀ ਖ਼ੂਬਸੂਰਤੀ ਨਾਲ ਸਪੱਸ਼ਟ ਕਰਦੇ ਹਨ :

ਗਿਲੇ ਖ਼ੁਸ਼ਬੂਏ, ਦਰ ਹੱਮਾਮ ਰੋਜ਼ੇ, ਰਸੀਦ, ਅਜ਼ ਦਸਤਿ ਮਹਬੂਬੇ ਬਦਸਤਮ।
ਬਦੋ ਗੁਫ਼ਤਮ ਕਿ ਮੁਸ਼ਕੀ ਯਾ ਅਬੀਰੀ ? ਕੀ ਅਜ਼ ਬੂਏ, ਦਿਨ ਆਵੇਜ਼ਿ ਤੋਂ ਮਸਤਮ।
ਬ-ਗੁਫ਼ਤਾ ਮਨ ਗਿਲੇ ਨ ਚੀਜ਼ ਬੂਦਮ। ਵ ਲੇਕਨ, ਮੁੱਦਤੇ, ਬਾਗੁਲ ਨਸਸ਼ਤਮ।
ਜਮਾਲਿ ਹਮਨਸ਼ੀ, ਦਰ ਮਨ ਅਸਰ ਕਰਦ, ਵਗਰਨਾ, ਮਨ ਹਮਾਂ ਖ਼ਾਕਮ,
ਕਿ : ਹਸਮਤ ?[3]

(ਭਾਵ: ਇਕ ਦਿਨ ਹੱਮਾਮ [ਗਰਮ ਪਾਣੀ ਨਾਲ ਨਹਾਉਣ ਵਾਲਾ ਗ਼ੁਸਲਖ਼ਾਨਾ] ਵਿਚ ਮਹਿਬੂਬ [ਪਿਆਰਾ] ਹੱਥੋਂ ਮੇਰੇ ਹੱਥ ਵਿਚ ਕੁਝ ਮਿੱਟੀ ਆਈ। ਮੈਂ ਉਸ ਮਿੱਟੀ ਨੂੰ ਕਿਹਾ ਕਿ ਤੂੰ ਕਸਤੂਰੀ ਏਂ ਜਾਂ ਅਬੀਰੀ, ਜਿਸ ਕਰਕੇ ਤੇਰੀ ਇਸ ਦਿਲ ਨੂੰ ਮੋਹ ਲੈਣ ਵਾਲੀ ਸੁਗੰਧੀ ਉੱਤੇ ਮੈਂ ਮਸਤ ਹੋ ਗਿਆ ਹਾਂ। ਉਸ ਨੇ ਉੱਤਰ ਦਿੱਤਾ ਕਿ ਮੈਂ ਤਾਂ ਇਕ ਨਾਚੀਜ਼ ਮਿੱਟੀ ਹਾਂ, ਪਰ, ਕਾਫੀ ਸਮਾਂ ਮੈਂ ਗੁਲਾਬ ਦੇ ਫੁੱਲ ਦੀ ਸੰਗਤਿ ਵਿਚ ਰਹੀ ਹਾਂ। ਸਾਥੀ ਦੇ ਹੁਸਨ [ਸੁਗੰਧੀ ਵਾਲੇ ਗੁਣ] ਨੇ ਮੇਰੇ ਉੱਤੇ ਅਸਰ ਕਰਕੇ ਮੈਨੂੰ ਸੁਗੰਧਿਤ ਕਰ ਦਿੱਤਾ ਹੈ ਵਰਨਾ, ਮੇਰੀ ਕੀ ਹਸਤੀ ਹੈ; ਮੈਂ ਤਾਂ ਉਹੀ ਮਿੱਟੀ ਦੀ ਮਿੱਟੀ ਹਾਂ।)

ਹੁਣ ਤਕ ਹੋਈ ਸੰਖੇਪ ਵਿਚਾਰ ਵਿਚ ਅਸਾਂ ਸੰਗਤ, ਸਾਧ ਸੰਗ, ਸਤਿਸੰਗ ਜੋ ਇਕੋ ਭਾਵ ਦੇ ਸ਼ਬਦ ਹਨ, ਦੀ ਮਹਿਮਾ ਤੇ ਮਹਾਨਤਾ ਬਿਆਨਣ ਦਾ ਯਤਨ ਕੀਤਾ ਹੈ। ਸਵਾਲ ਹੋ ਸਕਦਾ ਹੈ ਕਿ ਸਾਧਾਰਣ ਸੰਗਤ ਨੂੰ ਸਤਿ ਸੰਗਤ, ਸਾਧ ਸੰਗਤ ਜਾਂ ਸਾਧ ਸੰਗ ਵਿਚ ਬਦਲ ਦੇਣ ਵਾਲੇ ਸੰਤਾਂ, ਸਾਧਾਂ, ਗੁਰਮੁਖਾਂ ਦੇ ਕੀ ਲੱਛਣ ਹਨ ਉਹ ਕਿਨ੍ਹਾਂ ਸਦ-ਗੁਣਾਂ ਦੇ ਧਾਰਣੀ ਹੁੰਦੇ ਹਨ ?

ਗੁਰੂ, ਸੰਤ ਜਾਂ ਸਾਧ ਜਨ ਦੇ ਗੁਣ ਵਰਣਨ ਕਰਨ ਤੋਂ ਪਹਿਲਾਂ ਇਹ ਗੱਲ ਸਪੱਸ਼ਟ ਤੋਰ ਉੱਤੇ ਥਿਨੈ ਕਰਨੀ ਜ਼ਰੂਰੀ ਹੈ ਕਿ ਸਿੱਖੀ ਵਿਚ ਗੁਰੂ, ਸੰਤ ਤੇ ਸਾਧ ਇਕ ਸਚਿਆਰ ਜੀਵਨ ਤੇ ਰਹਿਤ ਦੇ ਪ੍ਰਤੀਕ ਹਨ ਅਤੇ ਕਿਸੇ ਵਿਸ਼ੇਸ਼ ਫਿਰਕੇ, ਲਿਬਾਸ ਜਾਂ ਸੰਪ੍ਰਦਾਇ ਨਾਲ ਸੰਬੰਧਿਤ ਨਹੀਂ ਹਨ। ਸੰਪ੍ਰਦਾਇਕਤਾ, ਭੇਖ, ਪਾਖੰਡ ਤੇ ਦੰਭ ਪ੍ਰਪੰਚ ਦਾ ਗੁਰਮਤਿ ਨੇ ਭਰਪੂਰ ਖੰਡਨ ਕੀਤਾ ਹੈ। ਗੁਰਬਾਣੀ ਵਿਚ ਗੁਰੂ, ਸਤਿਗੁਰੂ, ਸੰਤ , ਸਾਧ ਜਾਂ ਗੁਰਸਿੱਖ ਦੇ ਗੁਣਾਂ ਦਾ

ਲੰਮਾ ਚੋੜਾ ਬਿਉਰਾ ਦਿੱਤਾ ਗਿਆ ਹੈ, ਜਿਸ ਵਿਚੋਂ ਹੇਠਾਂ ਅੰਸ਼ ਮਾਤ੍ਰ ਦ੍ਰਿਸ਼ਟੀ ਗੋਚਰ ਕੀਤਾ ਜਾ ਰਿਹਾ ਹੈ।

ਗੁਰੂ, ਸਤਿਗੁਰੂ :

(ੳ) *ਜਿਸ ਮਿਲਿਐ ਮਨ ਹੋਇ ਅਨੰਦੁ, ਸੋ ਸਤਿਗੁਰੂ ਕਹੀਐ।*
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮਪਦੁ ਲਹੀਐ। ਪੰ. ੧੬੮

(ਅ) *ਸਤਿ ਪੁਰਖ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ।*
ਤਿਸ ਕੈ ਸੰਗਿ ਸਿੱਖੁ ਉਧਰੈ, ਨਾਨਕ ਹਰਿ ਗੁਨ ਗਾਉ। ਪੰ. ੨੮੬

ਸਾਧ, ਸੰਤ :

(ੳ) *ਜਿਨਾ ਸਾਸਿ ਗਿਰਾਸਿ ਨਾ ਵਿਸਰੈ, ਹਰਿ ਨਾਮਾ ਮਨਿ ਮੰਤੁ।*
ਧੰਨ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ। ਪੰ. ੩੧੯

(ਅ) *ਆਠ ਪਹਰ ਨਿਕਟਿ ਕਰਿ ਜਾਨੈ।*
ਪ੍ਰਭ ਕਾ ਕੀਆ ਮੀਠਾ ਮਾਨੈ।
ਏਕੁ ਨਾਮੁ ਸੰਤਨ ਆਧਾਰੁ।
ਹੋਇ ਰਹੇ ਸਭ ਕੀ ਪਾਛਾਰੁ।
ਸੰਤ ਰਹਤ ਸੁਨਹੁ ਮੇਰੇ ਭਾਈ।
ਉਆ ਕੀ ਮਹਮਾ ਕਥਨੁ ਨਾ ਜਾਈ। ਪੰ. ੩੯੨

(ੲ) *ਸੋਈ ਸੰਤ ਜਿ ਭਾਵੈ ਰਾਮ। ਸੰਤ ਗੋਬਿੰਦ ਕੈ ਏਕੈ ਕਾਮ।* ਪੰ. ੮੬੭

ਸੋ ਅਸਾਂ ਪਿਛਲੀ ਵਿਚਾਰ ਵਿਚ ਜਿੱਥੇ ਇਹ ਵਿਚਾਰਿਆ ਹੈ ਕਿ ਸਤਿ ਸੰਗਤ ਇਨਸਾਨ ਨੂੰ ਸੱਚਾ ਸੁੱਚਾ ਆਚਾਰ ਦੇਣ ਦੀ ਜ਼ਾਮਨ ਹੈ, ਓਥੇ ਇਸ਼ਾਰੇ ਮਾਤਰ ਇਹ ਵੀ ਜ਼ਿਕਰ ਕੀਤਾ ਹੈ ਕਿ ਮਾੜੀ ਸੰਗਤ (ਕੁਸੰਗਤ) ਇਨਸਾਨ ਨੂੰ ਹੈਵਾਨ ਤੇ ਸ਼ੈਤਾਨ ਵਿਚ ਬਦਲ ਦਿੰਦੀ ਹੈ। ਇਹੀ ਕਾਰਨ ਹੈ ਕਿ ਦਰਦ-ਮੰਦ ਦਿਲ ਰੱਖਣ ਵਾਲੇ ਮਹਾਂਪੁਰਖਾਂ ਨੇ ਜਿੱਥੇ ਮਨੁੱਖ ਨੂੰ ਸਤਿ ਸੰਗਤ ਕਰਨ ਲਈ ਭਰਪੂਰ ਪ੍ਰੇਰਨਾ ਕੀਤੀ ਹੈ, ਓਥੇ ਕੁਸੰਗਤ ਤੋਂ ਕੋਹਾਂ ਦੂਰ ਭਜ ਜਾਣ ਦੀ ਤਾਕੀਦ ਵੀ ਕੀਤੀ ਗਈ ਹੈ। ਭਗਤ ਕਬੀਰ ਨੇ ਤਾਂ ਕੁਸੰਗਤ ਅਥਵਾ ਸਾਕਤ ਸੰਗ ਨੂੰ ਕਾਲੇ ਬਰਤਨ, ਲਸਣ ਦੀ ਖਾਨ, ਜਾਂ ਕੇਲੇ ਕੋਲ ਬੇਰੀ ਹੋਣ ਨਾਲ ਉਪਮਾ ਦਿੱਤੀ ਹੈ। ਆਪ ਜੀ ਦੇ ਅੰਮ੍ਰਿਤ ਬਚਨ ਹਨ :

(ੳ) *ਕਬੀਰ, ਸਾਕਤੁ ਐਸਾ ਹੈ, ਜੈਸੀ ਲਸਨ ਕੀ ਖਾਨਿ।*
ਕੋਠੇ ਬੈਠੇ ਖਾਈਐ, ਪਰਗਟ ਹੋਇ ਨਿਦਾਨਿ। ਪੰ. ੧੩੬੫

(ਅ) *ਕਬੀਰ, ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ।*
ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ। ਪੰ. ੧੩੭੧

(ੲ) *ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।*
ਉਹ ਝੂਲੈ ਉਹ ਚੀਰੀਐ, ਸਾਕਤ ਸੰਗਿ ਨਾ ਹੇਰਿ। ਪੰ. ੧੩੬੯

ਸਤਿਸੰਗ ਦੀ ਕੁਸੰਗ ਬਾਰੇ ਰਾਜੇ ਨੱਲ ਨਾਲ ਸੰਬੰਧਿਤ ਇਕ ਬੜੀ ਸਿਖਿਆਦਾਇਕ ਕਥਾ ਹੈ। ਰਾਜਾ ਨੱਲ ਪ੍ਰਲੋਕ ਗਮਨ ਕਰਨ ਉਪਰੰਤ ਧਰਮ ਰਾਜ ਪਾਸ ਗਿਆ ਤਾਂ ਉਸਨੇ ਉਸਨੂੰ ਪੁਛਿਆ ਕਿ ਕੀ ਉਹ ਬੁਰੇ ਬੰਦਿਆਂ ਨਾਲ ਸਵਰਗ ਜਾਣਾ ਪਸੰਦ ਕਰੇਗਾ ਕਿ ਨੇਕ

ਪੁਰਸ਼ਾਂ ਨਾਲ ਨਰਕ ਵਿਚ। ਰਾਜੇ ਨੱਲ ਨੇ ਉੱਤਰ ਦਿੱਤਾ ਕਿ ਉਹ ਨੇਕ ਪੁਰਸ਼ਾਂ ਨਾਲ ਨਰਕ ਵਿਚ ਜਾਣ ਨੂੰ ਤਰਜੀਹ ਦੇਵੇਗਾ; ਕਿਉਂਕਿ ਬੁਰੇ ਬੰਦੇ ਸਵਰਗ ਨੂੰ ਨਰਕ ਬਣਾ ਦੇਣਗੇ, ਜਦ ਕਿ ਨੇਕ ਇਨਸਾਨ ਆਪਣੀ ਪਵਿੱਤਰ ਛੁੱਹ ਨਾਲ ਨਰਕ ਨੂੰ ਵੀ ਸਵਰਗ ਵਿਚ ਬਦਲ ਦੇਣਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਜਿਸ ਸਭਾ, ਸੰਗਤ ਵਿਚ ਪ੍ਰਭੂ ਦਾ ਜੱਸ ਅਥਵਾ ਨਾਮ ਦਾ ਰਿਦਿਉਂ ਉਚਾਰਣ ਹੁੰਦਾ ਹੈ, ਉਹੀ ਥਾਂ ਸਵਰਗ ਹੈ, ਬੈਕੁੰਠ ਹੈ। ਆਪ ਜੀ ਦਾ ਅਮਰ ਕਥਨ ਹੈ :

(ੳ) *ਤਹਾਂ ਬੈਕੁੰਠ ਜਹ ਕੀਰਤਨੁ ਤੇਰਾ, ਤੂੰ ਆਪੇ ਸ਼ਰਧਾ ਲਾਹਹਿ।* ਪੰ. ੭੪੯

(ਅ) *ਤਹ ਬੈਕੁੰਠੁ ਜਹ ਨਾਮ ਉਚਰਹਿ।* ਪੰ. ੮੯੦

ਕਬੀਰ ਜੀ ਵੀ, ਹੋਰ ਕਿਸੇ ਕਲਪਤ ਸਵਰਗ ਦੀ ਥਾਂ ਸਾਧ ਸੰਗਤ ਨੂੰ ਹੀ ਬੈਕੁੰਠ ਮੰਨਦੇ ਹਨ :

ਕਹੁ ਕਬੀਰ ਇਹੁ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ। ਪੰ. ੩੨੫

ਉਪਰੋਕਤ ਵਿਚਾਰ ਦਾ ਸਮੁੱਚਾ ਭਾਵ ਇਹ ਹੈ ਕਿ ਮਨੁੱਖ ਇਕ ਸਮਾਜਿਕ ਜੀਵ (social being) ਹੈ। ਇਹ ਚਾਹੇ ਜਾਂ ਨਾ ਚਾਹੇ, ਸਾਥੀਆਂ ਦੀ ਚੰਗੀ ਮਾੜੀ ਸੰਗਤ ਦਾ ਪ੍ਰਭਾਵ ਅਵੱਸ਼ ਕਬੂਲਦਾ ਹੈ। ਕਬੀਰ ਸਾਹਿਬ ਇਸ ਹਕੀਕਤ ਨੂੰ ਆਪਣੇ ਅੰਦਾਜ਼ ਵਿਚ ਇਉਂ ਬਿਆਨ ਕਰਦੇ ਹਨ।

ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹਦਿਸ ਜਾਇ।
ਜੋ ਜੈਸੀ ਸੰਗਤ ਮਿਲੈ, ਸੋ ਤੈਸਾ ਫਲੁ ਪਾਇ। ਪੰ. ੧੩੬੯

ਭਾਈ ਗੁਰਦਾਸ ਜੀ, ਇਕ ਭ੍ਰਿੰਗੀ ਦੀ ਉਦਾਹਰਣ ਦੇ ਕੇ ਸੰਗਤ ਦੀ ਪ੍ਰਭਾਵੀ ਸ਼ਕਤੀ ਨੂੰ ਬਿਆਨ ਕਰਦੇ ਹੋਏ ਦਸਦੇ ਹਨ ਕਿ ਭ੍ਰਿੰਗੀ ਦਾ ਆਪਣਾ ਕੋਈ ਬੱਚਾ ਨਹੀਂ ਹੁੰਦਾ। ਉਹ ਇਕ ਖ਼ਾਸ ਕਿਸਮ ਦੀ ਕੀੜੀ ਨੂੰ ਆਪਣੇ ਘਰ ਲਿਜਾ ਕੇ, ਉਸ ਦੇ ਗਿਰਦ ਇੰਜ ਭੀਂ ਭੀਂ ਕਰਦੀ ਹੈ ਕਿ ਉਹ ਕੀੜੀ ਆਖ਼ਰ ਨੂੰ ਭ੍ਰਿੰਗੀ ਬਣ ਜਾਂਦੀ ਹੈ। ਆਪ ਜੀ ਦੀ ਬਾਣੀ ਹੈ :

ਕੀੜੀ ਨਿਕੜੀ ਚਲਿਤ ਕਰ, ਭ੍ਰਿੰਗੀ ਨੂੰ ਮਿਲਿ ਭ੍ਰਿੰਗੀ ਹੋਵੈ।[4]

ਅੰਗ੍ਰੇਜ਼ੀ ਵਿਚ ਸੰਗਤ ਦੇ ਸੰਬੰਧ ਵਿਚ ਇਕ ਬੜਾ ਭਾਵ-ਪੂਰਤ ਕਥਨ ਹੈ ਕਿ ਆਦਮੀ ਆਪਣੀ ਸੁਹਬਤ ਤੋਂ ਪਛਾਣਿਆ ਜਾਂਦਾ ਹੈ।

ਜਰਮਨੀ ਦੇ ਮਹਾਨ ਫਿਲਾਸਫਰ ਗੋਇਟੇ ਦਾ ਵੱਡ-ਮੁੱਲਾ ਕਥਨ ਹੈ ਕਿ ਮੈਨੂੰ ਇਹ ਦੱਸ ਦਿਉ ਕਿ ਤੁਸੀਂ ਕਿਨ੍ਹਾਂ ਲੋਕਾਂ ਵਿਚ ਬੈਠਦੇ, ਉਠਦੇ ਤੇ ਵਿਚਰਦੇ ਹੋ, ਤੇ ਮੈਂ ਤੁਹਾਨੂੰ ਇਹ ਦੱਸ ਦਿਆਂਗਾ ਕਿ ਤੁਸੀਂ ਕੌਣ ਹੋ, ਕੈਸੇ ਹੋ ?[5] ਇਸੇ ਹਕੀਕਤ ਨੂੰ ਵਿਦਵਾਨ ਹੋਰੇਸ਼ ਇਉਂ ਬਿਆਨਦਾ ਹੈ :

> People will in great degree, and not without reason form their opinion of you by that they have of your friends as says the Spanish Proverb. "Tell me, with whom you live and I will tell you, who you are."[6]

(ਭਾਵਾਰਥ : ਲੋਕ, ਵੱਡੀ ਹੱਦ ਤਕ ਤੇ ਇਹ ਆਕਾਰਣ ਨਹੀਂ, ਤੁਹਾਡੇ ਬਾਰੇ ਉਹੀ ਰਾਏ

ਬਣਾਉਣਗੇ, ਜੋ ਉਹਨਾਂ ਦੀ ਤੁਹਾਡੇ ਮਿੱਤਰਾਂ ਦੋਸਤਾਂ ਬਾਰੇ ਹੈ : ਜਿਵੇਂ ਕਿ ਸਪੇਨੀ ਅਖਾਉਤ ਹੈ : ਮੈਨੂੰ ਇਹ ਦਸ ਦਿਉ ਕਿ ਤੁਸੀਂ ਕਿਨ੍ਹਾਂ ਨਾਲ ਰਹਿੰਦੇ ਹੋ, ਤੇ ਮੈਂ ਤੁਹਾਨੂੰ ਇਹ ਦੱਸ ਦਿਆਂਗਾ ਕਿ ਤੁਸੀਂ ਕੋਣ ਹੋ ?)

ਸੰਗਤ ਅਥਵਾ ਨੇਕੀ ਬਦੀ ਦੇ ਸੰਬੰਧ ਵਿਚ ਇਹ ਨੁਕਤਾ ਵੀ ਚੇਤੇ ਰਖਣ ਯੋਗ ਹੈ ਕਿ ਉੱਤਮ ਸੰਗਤ ਵਿਚ ਚੰਗਿਆਈ ਨੂੰ ਗ੍ਰਹਿਣ ਕਰਨਾ ਇਉਂ ਹੈ ਜਿਵੇਂ ਪਰਬਤ ਦੀ ਚੋਟੀ ਉੱਤੇ ਚੜ੍ਹਨਾ। ਪਰੰਤੂ ਮਾੜੇ ਪ੍ਰਭਾਵ ਹੇਠ ਨੀਚਤਾ ਵਲ ਗਿਰਨਾ ਪਹਾੜ ਦੀ ਲਹਾਈ ਸਮਾਨ ਸੋਖਾ ਹੈ। ਇਹੀ ਕਾਰਨ ਹੈ ਕਿ ਵਰ੍ਹਿਆਂ-ਬੱਧੀ ਤਪੱਸਿਆ ਦੁਆਰਾ ਮਨ ਸਾਧਨ ਵਾਲੇ ਮੁਨੀ ਜਨ ਕੁਸੰਗਤ ਕਾਰਨ ਚਲਣ-ਹੀਨਤਾ ਦੀ ਨਿਆਈਂ ਵਲ ਗਿਰਦੇ ਇਕ ਪਲ ਵੀ ਨਹੀਂ ਲਾਉਂਦੇ।

ਵਿਦਵਾਨ ਕੋਲਟਨ ਇਸ ਸਚਾਈ ਨੂੰ ਇਉਂ ਅੰਕਿਤ ਕਰਦਾ ਹੈ ਕਿ ਕਿਸੇ ਇਕ ਸੰਗਤ ਨੂੰ ਦੂਜੀ ਨਾਲੋਂ ਬਹੁਤ ਤਰਜੀਹ ਨਹੀਂ ਦਿੱਤੀ ਜਾ ਸਕਦੀ; ਕਿਉਂਕਿ ਅਸੀਂ ਦੂਜਿਆਂ ਦੀਆਂ ਚੰਗਿਆਈਆਂ ਨਾਲੋਂ ਬੁਰਿਆਈਆਂ ਵੱਲ ਛੇਤੀ ਪ੍ਰੇਰਿਤ ਹੁੰਦੇ ਹਾਂ, ਜਿਉਂ ਸਿਹਤ ਨਾਲੋਂ ਬੀਮਾਰੀ ਦੀ ਛੂਤ ਛੇਤੀ ਚੰਬੜਦੀ ਹੈ।[7]

ਸੰਗਤ ਦੇ ਪ੍ਰਭਾਵ ਦਾ ਇਹ ਆਲਮ ਹੈ ਕਿ ਜੇ ਕਿਤੇ ਮਨੁੱਖ ਦਾ ਬੱਚਾ ਅਰੰਭ ਤੋਂ ਹੀ ਜੰਗਲੀ ਜਾਨਵਰਾਂ ਵਿਚ ਪੱਲੇ, ਤਾਂ ਉਹ ਉਹਨਾਂ ਦਾ ਹੀ ਬੋਲੀ ਬਣ ਕੇ ਉਨ੍ਹਾਂ ਦੀਆਂ ਹੀ ਆਦਤਾਂ ਸਿਖ ਜਾਏਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤਿ ਸੰਗਤ ਦੇ ਭਾਰੀ ਪ੍ਰਭਾਵ ਨੂੰ 'ਜਪੁ ਜੀ' ਦੀਆਂ "ਸੁਣਿਐ" ਦੀਆਂ ਚੋਹਾਂ ਪੋੜੀਆਂ ਵਿਚ ਦਰਸਾਉਣ ਦਾ ਯਤਨ ਕੀਤਾ ਹੈ। ਇਕ ਵਿਦਵਾਨ ਲਿਖਾਰੀ ਨੇ ਵੀ ਇਸ ਮਨੋਵਿਗਿਆਨਿਕ ਸਿਧਾਂਤ ਦੀ ਪੁਸ਼ਟੀ ਵਿਚ ਇਹ ਵਿਚਾਰ ਪ੍ਰਗਟ ਕੀਤੇ ਹਨ ਕਿ ਜਿਹੜਾ ਮੰਨਣਾ ਖ਼ਤਰਨਾਕ ਹੈ, ਉਸ ਨੂੰ ਸੁਨਣਾ ਵੀ ਖ਼ਤਰਨਾਕ ਹੈ; ਕਿਉਂਕਿ ਸਾਡੇ ਕੰਨ ਮਸ਼ੀਨ ਵਾਂਗ ਕੁਝ ਇਸ ਤਰ੍ਹਾਂ ਦੇ ਬਣੇ ਹੋਏ ਹਨ ਕਿ ਜਦੋਂ ਕੋਈ ਗੱਲ ਵਾਰ ਵਾਰ ਇਹਨਾਂ ਵਿਚ ਪਾਈ ਜਾਵੇ, ਤਦ ਇਹਨਾਂ ਲਈ ਉਸ ਗੱਲ ਦੇ ਅਸਰ ਤੋਂ ਨਿਰਲੇਪ ਰਹਿਣਾ ਅਸੰਭਵ ਹੈ।

ਜੇ ਸੰਗਤ ਦੀ ਪ੍ਰਭਾਵੀ ਸ਼ਕਤੀ ਨੂੰ ਡੂੰਘਾਈ ਤੇ ਗਹਿਨਤਾ ਨਾਲ ਵੇਖੀਏ ਵਿਚਾਰੀਏ ਤਾਂ ਇਸਦੀ ਪਹੁੰਚ ਤੇ ਮਾਰ ਤੋਂ ਜੀਵਨ ਦਾ ਕੋਈ ਵਿਰਲਾ ਪੱਖ ਹੀ ਬਚਦਾ ਦਿਸ ਆਵੇਗਾ। ਸੰਸਕਾਰਾਂ ਦੀ ਸੰਗਤ ਤੇ ਪ੍ਰਬਲ ਪ੍ਰਭਾਵ ਹੇਠ ਅਸੀਂ ਉਹੋ ਕੁਝ ਹੋ ਜਾਂਦੇ ਹਾਂ ਅਤੇ ਵੈਸੀ ਹੀ ਮਨੌਤ, ਸੁਭਾ ਤੇ ਕਿਰਤ ਦੇ ਧਾਰਨੀ ਬਣ ਜਾਂਦੇ ਹਾਂ। ਸਾਨੂੰ, ਐਸੀਆਂ ਮਨੌਤਾਂ ਮੰਨਣ ਤੇ ਇਹਨਾਂ ਦੀ ਅਸਲੀਅਤ ਨੂੰ ਜਾਨਣ ਤੇ ਪਰਖਣ ਦਾ ਪੜਚੋਲਣ ਦਾ ਬਹੁਤ ਘੱਟ ਅਵਸਰ ਪ੍ਰਾਪਤ ਹੁੰਦਾ ਅਥਵਾ ਦਿੱਤਾ ਜਾਂਦਾ ਹੈ। ਮਾਂ ਨੇ ਰੋਟੀਆਂ ਪਕਾਉਣ ਤੋਂ ਪਹਿਲਾਂ ਤੋਣ ਦਾ ਆਟਾ ਤੋੜਿਆ ਸੀ, ਤੇ ਧੀ ਤੋੜੀ ਜਾਂਦੀ ਹੈ ਅਤੇ ਇਸ ਰੀਤ ਨੂੰ ਪੁਸ਼ਤ-ਦਰ-ਪੁਸ਼ਤ ਅੱਗੇ ਤੋਰੀ ਜਾਣਾ ਹੈ। ਅਜਿਹਾ ਕਰਨ ਦਾ ਕਾਰਨ ਨਾ ਮਾਂ ਨੇ ਪੁਛਿਆ ਤੇ ਜਾਣਿਆ ਅਤੇ ਨਾ ਹੀ ਧੀ ਨੇ ਸੰਦੇਹ ਕਰਕੇ ਪੁਛਣਾ ਤੇ ਜਾਣਨਾ ਹੈ।

ਜ਼ਰਾ ਸੋਚੋ, ਮਨੁੱਖ ਦੀ ਬਣਾਈ ਹੋਈ ਮੂਰਤੀ ਅਥਵਾ ਹੋਰ ਰਚਨਾ ਉਸ ਨਾਲੋਂ ਵੱਡੀ ਕਿਵੇਂ ਹੋ ਸਕਦੀ ਹੈ ? ਮੋਮਨ (ਮੁਸਲਮਾਨ) ਦੇ ਬਚਪਨ ਤੋਂ ਪ੍ਰਾਪਤ ਸੰਸਕਾਰਾਂ ਦੀ ਸੰਗਤ ਤੇ ਆਧਾਰ ਉੱਤੇ ਨਿਸਚੇ ਕਰਕੇ ਮੰਨ ਲਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦਾ ਪੈਰੋਕਾਰ ਹੋ

ਜਾਣ ਉੱਤੇ (ਕਲਮਾਂ ਤੇ ਨਮਾਜ਼ ਪੜ੍ਹ ਲੈਣ ਨਾਲ; ਰੋਜ਼ਾ ਰਖਣ, ਜ਼ਕਾਤ ਦੇਣ ਅਤੇ ਜਹਾਦ ਵਿਚ ਸ਼ਾਮਿਲ ਹੋਣ ਨਾਲ) ਰੋਜ਼ਿ ਮਹਸ਼ਰ (ਕਿਆਮਤ ਦੇ ਦਿਨ) ਨੂੰ ਜਦ ਕਬਰਾਂ ਵਿਚ ਸਦੀਆਂ ਤੋਂ ਦਫਨ ਕੀਤੀਆਂ ਰੂਹਾਂ ਜੀਅ ਉਠਣਗੀਆਂ ਤਾਂ ਮੋਮਨਾਂ ਨੂੰ ਬਹਸ਼ਤ, ਹੂਰਾਂ ਅਤੇ ਤੂਬਾ ਰੱਖ ਦੀ ਬਰਕਤ ਦੇ ਨਾਲ ਹੋਰ ਹਰ ਪ੍ਰਕਾਰ ਦੀਆਂ ਨੇਅਮਤਾਂ ਹਾਸਿਲ ਹੋਣਗੀਆਂ। ਕਾਫਰਾਂ ਨੂੰ ਮਾਰਨ ਦੇ ਪੁੰਨ ਦੀ ਗੱਲ ਤਾਂ ਇਕ ਪਾਸੇ ਰਹੀ, ਹੁਣ ਤਾਂ ਈਰਾਨ ਦੇ ਪ੍ਰਧਾਨ ਖਮੀਨੀ ਨੇ ਈਰਾਨੀ ਫੌਜੀਆਂ ਨੂੰ ਪਲਾਸਟਿਕ ਦੀਆਂ ਚਾਬੀਆਂ ਮੁਹੱਯਾ ਕੀਤੀਆਂ ਹਨ ਕਿ ਜੇ ਉਹ (ਸ਼ੀਆ ਮੁਸਲਮਾਨ) ਈਰਾਕ ਦੇ ਸੁੰਨੀ ਮੁਲਮਾਨਾਂ ਹਥੋਂ, ਜੰਗ ਵਿਚ ਸ਼ਹੀਦ ਹੋ ਗਏ, ਤਾਂ ਉਹਨਾਂ ਚਾਬੀਆਂ ਨਾਲ ਉਹ ਬਹਿਸ਼ਤ ਦਾ ਦਰਵਾਜ਼ਾ ਖੋਲਣ ਤੇ ਆਨੰਦ ਮਾਨਣ।

ਯਸੂਹ ਮਸੀਹ ਅਨੁਸਾਰ, ਉਸ ਤੋਂ ਸਿਵਾ, ਰੱਬ ਦੇ ਸਾਰੇ ਬੰਦੇ ਆਦਮ ਦੀ ਔਲਾਦ ਹੋਣ ਦੇ ਨਾਤੇ ਗੁਨਾਹਗਾਰ ਹਨ। ਜੇ ਇਹ ਆਪਣਾ ਈਮਾਨ ਹਜ਼ਰਤ ਈਸਾ ਉਪਰ ਲੈ ਆਉਣ ਤਾਂ ਉਹ ਇਨ੍ਹਾਂ ਦੇ ਸਾਰੇ ਗੁਨਾਹ ਆਪਣੇ ਮੋਢਿਆਂ ਉੱਤੇ ਲੈ ਲੈਣਗੇ ਤੇ ਉਨ੍ਹਾਂ ਨੂੰ ਜੰਨਤ ਨਸੀਬ ਹੋਵੇਗੀ।

ਹਾਂ, ਇਕ ਸਤਿਗੁਰੂ ਨਾਨਕ ਨਿਰੰਕਾਰੀ ਜ਼ਰੂਰ ਲਲਕਾਰ ਕੇ ਆਖਦਾ ਹੈ ਕਿ ਰੱਬੀ ਦਰਗਾਹ ਵਿਚ ਬੇਸਮਝੀ ਦੇ ਸੰਸਕਾਰਾਂ ਦੀ ਸੰਗਤਿ ਅਧੀਨ ਬਣੇ ਵਿਚਾਰਾਂ ਆਸਰੇ ਕੀਤੇ ਕਿਰਦਾਰ ਦੀ ਕੋਈ ਪੁੱਛ ਪ੍ਰਤੀਤ ਨਹੀਂ। ਪਹਿਲਾਂ, ਵਸਤ ਦੀ ਕਦਰੋ ਕੀਮਤ ਤੇ ਅਸਲੀਅਤ ਨੂੰ ਜਾਣੋ ਤੇ ਫਿਰ ਮੰਨੋ ਤੇ ਵਿਸ਼ਵਾਸ ਕਰੋ। ਵਾਹਿਗੁਰੂ ਦੀ ਦਰਗਾਹ ਵਿਚ ਹਰੇਕ ਇਨਸਾਨ ਦਾ ਲੇਖਾ ਹੋਵੇਗਾ ਅਤੇ ਕਰਨੀ ਅਥਵਾ ਸੱਚੇ ਆਚਾਰ ਤੋਂ ਬਿਨਾਂ, ਕੋਈ ਨਹੀਂ ਬਖਸ਼ਿਆ ਜਾਵੇ ਗਾ। ਓਥੇ ਨਿਬੇੜੇ ਅਮਲਾ ਉੱਤੇ ਹੋਣਗੇ। ਨਿਰੰਕਾਰੀ ਸਤਿਗੁਰੂ ਜੀ ਦੇ ਬੇਅੰਤ ਬਚਨਾਂ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਰਤੀਬਵਾਰ ਪੰਨ ੯੫੨ ਤੇ ਪੰਨਾ ੧੪੧੦ ਉੱਤੇ ਅੰਕਿਤ ਅਮੋਲ ਇਹ ਬਚਨ ਇਸ ਨੁਕਤੇ ਨੂੰ ਇਵੇਂ ਸਪੱਸ਼ਟ ਕਰਦੇ ਹਨ :

(ੳ) *ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥*
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥

(ਅ) *ਸੁਣਿ ਮੁੰਧੇ ਹਰਣਾਖੀਏ, ਗੂੜਾ ਵੈਣ ਅਪਾਰੁ ॥*
ਪਹਿਲਾਂ ਵਸਤੁ ਸਿਞਾਣਿਕੈ, ਤਾਂ ਕੀਚੈ ਵਾਪਾਰੁ ॥

ਇਹੀ ਕਾਰਨ ਹੈ ਕਿ ਸਤਿਗੁਰਾਂ ਨੇ ਸਤਿ ਸੰਗਤ ਰਾਹੀਂ ਪ੍ਰਾਪਤ ਸੁਗਿਆਨ ਨੂੰ ਵੀ ਪਹਿਲਾਂ ਘੋਖਣ, ਜਾਨਣ ਤੇ ਫੇਰ ਮੰਨਣ ਦੀ ਭਰਪੂਰ ਤਾਕੀਦ ਕੀਤੀ ਹੈ। ਅਮਲ ਤਾਂ ਇਸ ਤੋਂ ਬਾਅਦ ਦੀ ਗੱਲ ਹੈ।

ਸਿੱਟੇ ਦੀ ਗੱਲ ਇਹ ਹੈ ਕਿ ਆਦਮੀ ਸੰਗਤ ਦੀ ਉਪਜ ਹੈ। ਜਿਸ ਪ੍ਰਕਾਰ ਦੇ ਖਿਆਲਾਂ ਨੂੰ ਉਹ ਦਿਨ ਰਾਤ ਚਿਤਵੇਗਾ, ਓਸੇ ਤਰ੍ਹਾਂ ਦੇ ਉਹ ਕਰਮ ਕਰੇਗਾ, ਅਤੇ ਇਹ ਵਾਦੀ, ਸਮਾਂ ਪਾਕੇ ਉਸ ਦੀ ਕਿਰਤ (ਮੁੱਢਲਾ ਸੁਭਾ) ਬਣ ਜਾਵੇਗੀ। ਫਿਰ, ਇਸ ਚੱਕਰ ਵਿਚੋਂ ਨਿਕਲਣਾ ਮਹਾਨ ਮੁਸ਼ਕਿਲ ਹੋ ਜਾਵੇਗਾ।

ਸਤਿ ਸੰਗਤ ਦੇ ਸੰਬੰਧ ਵਿਚ ਇਹ ਵੀ ਚੇਤੇ ਰਖਣਾ ਹੈ ਕਿ ਕੇਵਲ ਧਾਰਮਿਕ ਅਸਥਾਨਾਂ ਜਾਂ ਵੱਡੇ ਧਾਰਮਿਕ ਇਕੱਠਾਂ ਵਿਚ ਬੈਠਣਾ ਹੀ ਸਤਿ ਸੰਗ ਨਹੀਂ; ਸਗੋਂ ਗੁਰਬਾਣੀ ਤੇ ਸ੍ਰੇਸ਼ਟ ਪੁਸਤਕਾਂ ਅਦਿ ਨੂੰ ਵਾਚਣਾ, ਵਿਚਾਰਨਾ ਜਾਂ ਪਰਿਵਾਰ ਵਿਚ ਬੈਠਕੇ ਗੁਰਮਤਿ-ਵਿਚਾਰਾਂ ਨੂੰ

ਕਹਿਣਾ ਜਾਂ ਸੁਨਣਾ ਵੀ ਸੱਤ ਦਾ ਹੀ ਸੰਗ ਹੈ। ਭਾਈ ਗੁਰਦਾਸ ਜੀ ਤਾਂ ਦੋ ਦੋ ਸੁਭ ਸੰਗ ਨੂੰ ਸਤਿ ਸੰਗਤ ਕਰਕੇ ਜਾਣਦੇ ਹਨ। ਜਿਵੇਂ :

ਇਕ ਸਿਖ, ਦੁਇ ਸਾਧ ਸੰਗ, ਪੰਜੀ ਪ੍ਰਮੇਸਰ।[9]

ਸੰਗਤ ਦੇ ਸੰਬੰਧ ਵਿਚ ਇਕ ਗੱਲ ਹੋਰ : ਅਸੀਂ ਵੇਖਦੇ ਹਾਂ ਕਿ ਕਈ ਵਿਅਕਤੀ ਤੇਲੀ ਦੀ ਖੰਨਲੀ ਵਾਂਗ ਕਾਲੇ ਕਰਮਾਂ ਦੇ ਕਾਰਨ ਏਨੇ ਥਿੰਦੇ, ਮੈਲੇ ਤੇ ਸਿਆਹ ਹੋ ਜਾਂਦੇ ਹਨ ਕਿ ਕੋਰੜੂ ਮੋਠ ਸਮਾਨ ਸਤਿ ਸੰਗਤ ਵਿਚ ਹਾਜ਼ਰੀ ਭਰਕੇ ਵੀ ਆਪਣਾ ਮਾੜਾ ਤੇ ਦੁਸ਼ਟ ਸੁਭਾਵ ਨਹੀਂ ਤਿਆਗਦੇ। ਉਹ ਪੱਥਰ ਵਾਂਗ ਪਾਣੀ ਵਿਚ ਰਹਿ ਕੇ ਵੀ ਅਭਿੱਜ ਰਹਿੰਦੇ ਹਨ। ਉਹ ਤੀਰਥਾਂ ਕੰਢੇ ਖਲੋਤੇ ਬਗਲੇ ਸਮਾਨ ਸਤਿ ਸੰਗਤ ਵਿਚੋਂ ਵੀ ਕੁਕਰਮਾਂ ਤੇ ਮੰਦ-ਵਾਸ਼ਨਾਵਾਂ ਦੀਆਂ ਡੱਡੀਆਂ ਮੱਛੀਆਂ ਦੀ ਤਾਕ ਵਿਚ ਰਹਿੰਦੇ ਹਨ। ਉਹ ਮਨ ਕਰਕੇ ਤਾਂ ਸਤਿ ਸੰਗਤ ਵਿਚ ਹਾਜ਼ਰ ਹੁੰਦੇ ਹਨ, ਪਰ ਰਿਦਿਉਂ, ਗ਼ੈਰ ਹਾਜ਼ਰ ਰਹਿੰਦੇ ਹਨ। ਐਸੇ ਅਭਾਗੇ ਲੋਕਾਂ ਨੂੰ ਬਦਕਿਸਮਤ ਲੋਹੇ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ, ਜੋ ਨਿਰਮਲ ਜਲ ਦੀ ਸੰਗਤ ਨਾਲ ਉਜਲਾ ਹੋਣ ਦੀ ਥਾਂ ਜੰਗਾਲ ਨਾਲ ਭਰ ਜਾਂਦਾ ਹੈ। ਇਕ ਸੂਫ਼ੀ ਸ਼ਾਇਰ ਇਸ ਹਕੀਕਤ ਨੂੰ ਇਸ ਸ਼ੇਅਰ ਵਿਚ ਕਲਮ-ਬੰਦ ਕਰਨ ਤੇ ਸਮਝਾਉਣ ਦਾ ਇਉਂ ਤਰਲਾ ਮਾਰਦਾ ਹੈ :

ਸੁਹਬਤਿ ਅਹਲਿ ਸੁਫਾਅ ਸੇ, ਤੀਰਾ ਦਿਲ ਕਬ ਸਾਫ ਹੋ ?
ਜੰਗ ਸੇ ਆਲੂਦਾ ਹੋ ਜਾਤਾ ਹੈ, ਪਾਹਨ ਆਬ ਮੇਂ ॥

ਭਾਵ : ਨੇਕ ਪੁਰਸ਼ਾਂ ਦੀ ਨੇਕ ਸੁਹਬਤ ਵਿਚ ਵੀ ਕਾਲੇ ਦਿਲ (ਜਿਨ੍ਹਾਂ ਨੂੰ ਜਨਮਾਂ ਜਨਮਾਂ ਤੋਂ ਮੰਦੇ ਸੰਸਕਾਰਾਂ ਦੀ ਮੈਲ ਲਗੀ ਹੋਈ ਹੈ) ਕਦ ਪਵਿੱਤਰ ਹੁੰਦੇ ਹਨ। ਉਹ ਉਸ ਲੋਹੇ ਸਮਾਨ ਹਨ, ਜੋ ਨਿਰਮਲ ਜਲ ਵਿਚ ਰਹਿਕੇ ਜੰਗ ਨਾਲ ਲਿੱਬੜ (ਭਰ ਜਾਂਦਾ) ਹੈ।

ਭਾਈ ਗੁਰਦਾਸ ਜੀ, ਇਕ ਕਬਿਤ ਵਿਚ, ਡਾਢੀਆਂ ਢੁਕਵੀਆਂ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਲੋਕੀਂ ਮਾਇਆ ਦੀ ਮਾਰ ਤੋਂ ਘਬਰਾਏ ਸਤਿ ਸੰਗ ਦੇ ਸਰ ਚਸ਼ਮਿਆਂ, ਗੁਰਦੁਆਰਿਆਂ, ਧਰਮ ਸਥਾਨਾਂ ਵਿਚ ਪਨਾਹ ਲੈਂਦੇ ਹਨ, ਪਰ ਓਥੇ ਪਹੁੰਚ ਕੇ ਵੀ ਜੇ ਉਹਨਾਂ ਨੂੰ ਮਾਇਆ ਵਿਆਪਦੀ ਰਹੇ, ਉਹ ਮਾਇਆ ਦੀ ਸੰਗਤ ਵਿਚ ਹੀ ਰਹਿਣ ਤਾਂ ਉਹਨਾਂ ਦੇ ਬਚਾਅ ਲਈ ਹੋਰ ਕਿਹੜੀ ਥਾਂ ਹੋ ਸਕਦੀ ਹੈ। ਲਿਖਦੇ ਹਨ :

ਬਾਹਰਿ ਸੇ ਭਾਗਿ, ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੇ ਜੋ ਲੂਟ ਲੀਜੈ, ਕਹੁ ਕਤ ਜਾਈਐ।
ਚੋਰਨ ਕੇ ਤ੍ਰਾਸ ਜਾਇ, ਸ਼ਰਨ ਗਹੈ ਨਰਿੰਦ,
ਮਾਰੈ ਮਹੀਪਤਿ, ਜੀਉ ਕੈਸੇ ਕੈ ਬਚਾਈਐ?
ਮਾਇਆ ਡਰ ਡਰਪਤ, ਹਾਰਿ ਗੁਰਦੁਵਾਰੇ ਜਾਵੇ।
ਤਹਾਂ ਜਉ ਮਾਯਾ ਬਿਆਪੈ, ਕਹਾ ਠਹਿਰਾਇਐ।[10]

ਸੋ ਮਨੁੱਖ ਲਈ ਸਫਲ ਜੀਵਨ ਯਾਤਰਾ ਹਿਤ ਸਤਿ ਸੰਗ ਸ਼ਾਹ ਰੱਗ ਨਾਲੋਂ ਵੀ ਜ਼ਰੂਰੀ ਹੈ। ਜੋ ਸਤਿ ਸੰਗ ਦੁਆਰਾ ਜੀਵਨ ਨੂੰ ਸਫਲਾ ਤੇ ਆਨੰਦਤ ਨਹੀਂ ਕਰਦੇ, ਉਹਨਾਂ ਦਾ ਸੰਸਾਰ ਵਿਚ ਆਉਣ ਤੇ ਜਾਣਾ, ਹਵਾ ਦੇ ਬੁੱਲੇ ਸਮਾਨ ਹੈ, ਜੋ ਏਧਰੋਂ ਆਇਆ ਤੇ ਓਧਰ ਨਿਕਲ ਗਿਆ। ਸਵਾਲ ਇਹ ਨਹੀਂ ਕਿ ਤੁਸੀਂ ਕਿੰਨਾਂ ਸਮਾਂ ਸਤਿ ਸੰਗ ਕਰਦੇ ਹੋ, ਸਵਾਲ ਇਹ ਹੈ

ਕਿ ਤੁਸੀ ਕਿਵੇਂ ਕਰਦੇ ਹੋ ? ਰਿਦਿਊਂ, ਥੋੜ੍ਹੇ ਸਮੇਂ ਲਈ ਕੀਤਾ ਸਤਿ ਸੰਗ ਵੀ ਹਰ ਦਮ ਦਾ ਸਤਿ ਸੰਗ ਬਣ ਸਕਦਾ ਹੈ, ਬਸ, "ਮਨ ਯਾਰ ਵਲ ਰਹੇ ਤੇ ਹੱਥ ਕਾਰ ਵਲ"। ਭਗਤ ਨਾਮਦੇਵ ਜੀ ਦਾ, ਆਪਣੇ ਸਮਕਾਲੀਨ ਭਗਤ ਤ੍ਰਿਲੋਚਨ ਨੂੰ ਦਿੱਤਾ ਉੱਤਰ, ਜਿਸ ਨੂੰ ਕਬੀਰ ਜੀ ਆਪਣੇ ਸਲੋਕਾਂ ਵਿਚ ਸ਼ਾਮਿਲ ਕਰਨ ਦਾ ਮਾਣ ਲੈਂਦੇ ਹਨ, ਅੱਠ ਪਹਿਰੀ ਨਾਮ ਸੰਗਤ ਦੀ ਵਡਿਆਈ ਤੇ ਸੰਭਵਤਾ ਦਾ ਪ੍ਰਤੱਖ ਸਬੂਤ ਹੈ। ਸਲੋਕ ਹੈ :

ਨਾਮਾ ਕਹੈ ਤ੍ਰਿਲੋਚਨਾ, ਮੁਖ ਤੇ ਰਾਮੁ ਸਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ॥ ਪੰ. ੧੩੭੬

ਇਸੇ ਮਨੋਵਿਗਿਆਨਕ ਸਿਧਾਂਤ ਨੂੰ ਮੁੱਖ ਰੱਖ ਕੇ ਹੀ ਭਗਤ ਕਬੀਰ ਜੀ ਪ੍ਰੇਰਨਾ ਕਰਦੇ ਹਨ ਕਿ ਤੂੰ ਬਹੁਤਾ ਨਹੀ ਤਾਂ ਸਹੀ ਅਰਥਾਂ ਵਿਚ ਇਕ ਘੜੀ (24 ਮਿੰਟ) ਅੱਧੀ ਘੜੀ (12 ਮਿੰਟ) ਅਤੇ ਜੇ ਹੋਰ ਨਹੀ ਤਾਂ ਅੱਧੀ ਤੋਂ ਵੀ ਅੱਧੀ ਘੜੀ (6 ਮਿੰਟ) ਹੀ ਸਤਿ ਸੰਗ ਕਰ। ਤੇਰੀ ਮਨ ਬਚਨ ਕਰਮ ਕਰਕੇ ਕੀਤੀ ਇੰਨੀ ਕੁ ਸਤਿ ਸੰਗਤ ਵੀ ਹਰ ਦਮ ਦੀ, ਜੀਵਨ ਭਰ ਦੀ ਸਤਿ ਸੰਗਤ ਬਣ ਸਕਦੀ ਹੈ। ਸੰਬੰਧਿਤ ਸਲੋਕ ਹੈ :

ਕਬੀਰ, ਏਕ ਘੜੀ, ਆਧੀ ਘੜੀ, ਆਧੀ ਹੂ ਤੇ ਆਧ ॥
ਭਗਤਨ ਸੇਤੀ ਗੋਸਟੇ, ਜੋ ਕੀਨੇ ਸੋ ਲਾਭ ॥ ਪੰ. ੧੩੭੭

ਹਵਾਲੇ

1. ਡਾ. ਜੋਧ ਸਿੰਘ, *ਗੁਰਮਤਿ ਨਿਰਣੇ*, ਪੰ. 143.
2. *ਉਹੀ*, ਪੰਨਾ 143-144.
3. ਸ਼ੇਖ ਸਾਅਦੀ, *ਗੁਲਿਸਤਾਂ*, ਪੰ. 11.
4. *ਵਾਰਾਂ ਭਾਈ ਗੁਰਦਾਸ* 47.
5. *Dictionary of Thought*, p. 33.
   'Tell me with whom art found, and I will tell thee woho Thou art'.
6. *Ibid.*, p. 33.
   People will in great degree, and not without reason form their opinion of you by that they have of your friends, as says the spanish proverb. "Tell me, with whom you live and I will Tell you, who you are."
7. *Ibid.*, p. 87.
   "No company is far preferable to bad, because we are more apt to catch vice of others than their virtues as disease is more contagious than health."
8. *Ibid.*, p. 90.
   "What is dangerous to be convinced of, it is dangerous to hear; our ears are so much of machine that it becomes impossible to resist, when once they are perfectually assailed."
9. *ਵਾਰਾਂ ਭਾਈ ਗੁਰਦਾਸ*, 13, 19.
10. *ਉਹੀ*, ਕਬਿਤ 544.

ਸਰਬ ਸਾਂਝ ਤੇ ਕੌਮੀ ਏਕਤਾ ਦੀ ਪ੍ਰਤੀਕ ਸਤਿ ਸੰਗਤਿ ਤੇ ਪੰਗਤਿ

ਸ਼ਮਸ਼ੇਰ ਸਿੰਘ ਅਸ਼ੋਕ

ਜਗਤ ਸੁਧਾਰਕ ਗੁਰੂ ਨਾਨਕ ਜੀ ਨੇ ਜਿਵੇਂ ਦੁਨੀਆਂ ਦੇ ਭੁੱਲੇ ਭਟਕੇ ਲੋਕਾਂ ਨੂੰ ਬਹੁ-ਦੇਵ ਵਾਦ ਤੋਂ ਇਕ ਈਸ਼ਵਰਵਾਦ, ਜਾਤਾਂ ਨਸਲਾਂ ਤੇ ਵੱਖੋ ਵੱਖ ਕੌਮਾਂ ਦੀ ਖਿਚੋਤਾਣ ਨੂੰ ਮਿਟਾ ਕੇ ਮਨੁੱਖੀ ਏਕਤਾ ਦਾ ਆਦੇਸ਼ ਦਿੱਤਾ ਤੇ ਆਪਣੀ ਪੰਜਵੀਂ ਜੋਤਿ ਰਾਹੀਂ "*ਏਕ ਪਿਤਾ ਏਕਸ ਕੇ ਹਮ ਬਾਰਕ*" ਕਹਿ ਕੇ ਊਚ ਨੀਚ ਦੇ ਵਲ-ਵਿਤਕਰੇ ਨੂੰ ਹਟਾਇਆ ਤਿਵੇਂ ਸਰਬ ਸਾਂਝੇ ਗੁਰੂ ਦੇ ਲੰਗਰ ਦੀ ਪ੍ਰਥਾ ਪਹਿਲਾਂ ਕਰਤਾਰਪੁਰ ਤੇ ਫੇਰ ਖਡੂਰ ਸਾਹਿਬ ਕਾਇਮ ਕਰਕੇ ਰਾਣਾ-ਰੰਕ ਬਰਾਬਰੀ ਦਾ ਅਮਲੀ ਅਸੂਲ ਬਣਾ ਦਿੱਤਾ ਹੈ। ਰਾਇ ਬਲਵੰਡ ਤਥਾ ਸਤੈ ਡੂਮ ਦੀ ਵਾਰ ਰਾਮਕਲੀ ਦੇ ਇਨ੍ਹਾਂ ਸ਼ਬਦਾਂ ਤੋਂ ਸਪੱਸ਼ਟ ਝਲਕਦਾ ਹੈ :

ਨਾਨਕ ਰਾਜੁ ਚਲਾਇਆ ਸਚੁ ਕੋਟ ਸਤਾਣੀ ਨੀਵਦੈ।
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤ ਪੀਵਦੈ।
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ।
ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।
ਲੰਗਰ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ।
ਗੁਰ ਸਿਖਾਂ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ।
ਪਏ ਕਬੂਲੁ ਖਸੰਮੁ ਨਾਲਿ ਜਾਂ ਘਾਲ ਮਰਦੀ ਘਾਲੀ।
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ। ਪੰ. ੯੬੭

ਸਿੱਖ ਧਰਮ ਦੁਨੀਆਂ ਦੇ ਇਤਿਹਾਸ ਵਿਚ ਗੁਰਮਤਿ ਰਹਿਣੀ ਬਹਿਣੀ ਤੇ ਸਭਿਆਚਾਰਕ ਰਹਿਤਲ ਦੇ ਨੁਕਤਾ ਨਿਗਾਹ ਤੋਂ ਇਕ ਸਰਬ ਸਾਂਝਾ ਭਾਈਚਾਰਕ ਸੰਬੰਧ ਕਾਇਮ ਕਰਨ ਲਈ ਨਿਹਾਇਤ ਨੁਮਾਇਆ ਹੈਸੀਅਤ ਰਖਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜ਼ਮਾਨੇ ਵਿਚ ਹੀ, ਜਿਵੇਂ ਕਿ ਉਪਰੋਕਤ ਪ੍ਰਮਾਣਾਂ ਤੋਂ ਪਤਾ ਲਗਦਾ ਹੈ, ਸਿੱਖ ਧਰਮ ਦੇ ਸਾਰੇ ਪਵਿੱਤਰ ਸਥਾਨਾਂ ਅਥਵਾ ਗੁਰਦੁਆਰਿਆਂ ਵਿਚ ਇਕ ਹੀ ਸੰਗਤਿ ਤੇ ਪੰਗਤਿ ਕਾਇਮ ਕਰਕੇ ਪਰਸਪਰ ਪ੍ਰੀਤਿ ਭੋਜਨ ਕਰਨਾ ਇਕ ਬੁਨਿਆਦੀ ਅਸੂਲ ਸੀ। ਜਿਸ ਦਾ ਪ੍ਰਚਾਰ ਗੁਰੂ ਨਾਨਕ ਨੇ ਆਪਣੀਆਂ ਦੇਸ਼ ਪ੍ਰਦੇਸ਼ ਦੀਆਂ ਪ੍ਰਚਾਰ-ਫੇਰੀਆਂ ਅਥਵਾ ਚੋਹਾਂ-ਪੰਜਾਂ ਉਦਾਸੀਆਂ ਸਮੇਂ ਹਰ ਥਾਵੇਂ ਕੀਤਾ ਤੇ ਲੋਕਾਂ ਨੂੰ ਨੇਕੀ ਵਾਲੇ ਪਾਸੇ ਲਾਇਆ।

ਹੁਣ ਅਸੀ ਇਥੇ ਸਭ ਤੋਂ ਪਹਿਲਾਂ ਇਹ ਪ੍ਰਮਾਣਿਤ ਕਰਨਾ ਹੈ ਕਿ ਸੰਗਤਿ ਤੇ ਪੰਗਤਿ ਕਿਹੋ ਜਿਹੀ ਹੋਣੀ ਚਾਹੀਏ। ਚੁਨਾਂਚਿ ਸ੍ਰੀ ਗੁਰੂ ਨਾਨਕ ਦੇਵ ਜੀ ਖੁਦ ਹੀ ਇਸ ਵਿਸ਼ੇ ਪਰ ਫ਼ੈਸਲਾ ਦਿੰਦੇ ਹੋਏ ਫਰਮਾਉਂਦੇ ਹਨ :

ਸਤਿਸੰਗਤਿ ਕੈਸੀ ਜਾਣੀਐ
ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ
ਸਤਿਗੁਰਿ ਦੀਆ ਬੁਝਾਇ ਜੀਉ ॥ ਪੰ. ੭੨

ਇਸ ਸਤਿ ਸੰਗਤਿ ਦੇ ਸੁਭਾਗ ਮਿਲਾਪ ਦੀ ਇਨਸਾਨ ਨੂੰ ਕਿਉਂ ਲੋੜ ਪੈਂਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਵੀ ਦੀਨ ਦੁਨੀਆਂ ਦੇ ਰਹਿਬਰ ਗੁਰੂ ਨਾਨਕ ਜੀ ਨੇ ਅੱਗੇ ਚਲ ਕੇ ਰਾਗ ਬਿਲਾਵਲ ਵਿਚ ਦਿਲੀ ਨੇਕ ਸਖ਼ਾਵਤ ਦਾ ਜ਼ਿਕਰ ਕਰਦੇ ਹੋਇਆਂ ਇਸ ਤਰ੍ਹਾਂ ਬੜੀ ਫਸਾਹਤ ਨਾਲ ਖੋਲ੍ਹ ਕੇ ਬਿਆਨ ਕੀਤਾ ਹੈ :

ਮਨ ਕਾ ਕਹਿਆ ਮਨਸਾ ਕਰੈ।
ਇਹ ਮਨੁ ਪੁੰਨ ਪਾਪੁ ਉਚਰੈ।
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ।
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ।
....
ਕੀਚਹਿ ਰਸ ਭੋਗ ਖੁਸੀਆ ਮਨ ਕੇਰੀ।
ਧਨੁ ਲੋਕਾਂ ਤਨੁ ਭਸਮੈ ਢੇਰੀ।
ਖਾਕੂ ਖਾਕੁ ਰਲੈ ਸਭੁ ਫੈਲੁ।
ਬਿਨੁ ਸਬਦੈ ਨਹੀ ਉੱਤਰੈ ਮੈਲੁ। ਪੰ. ੮੩੨

ਇਸ ਅਮੋੜ ਮਨ ਨੂੰ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਬਦ ਮਸਤ ਹਾਥੀ ਅਤੇ ਗੁਰੂ ਨੂੰ ਫ਼ੀਲਬਾਨ ਦੇ ਨਾਲ ਤਸ਼ਬੀਹ ਦਿੱਤੀ ਹੈ ਅਤੇ ਲਿਖਿਆ ਹੈ :

ਮਨੁ ਕੁੰਚਰੁ ਪੀਲਕੁ ਗੁਰੂ ਗਿਆਨ ਕੁੰਡਾ ਜਹ ਖਿਚੇ ਤਹ ਜਾਇ।
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ। ਪੰ. ੫੧੬

ਇਸ ਮਾਨਸਿਕ ਕਮਜ਼ੋਰੀ ਦੇ ਕਾਰਣ ਇਨਸਾਨ ਦੇ ਪੰਜ ਦੁਸ਼ਮਣ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਇਸ ਨੂੰ ਹਮੇਸ਼ਾਂ, ਬੁਰੀਆਂ ਸੁਹਬਤਾਂ ਵਿਚ ਫਸਾਉਂਦੇ ਤੇ ਇਸ ਦੀ ਮਨੁੱਖੀ ਵਡੱਪਣ ਦਾ ਖਾਤਮਾ ਕਰਦੇ ਹਨ। ਭਗਤ ਰਵਿਦਾਸ ਜੀ ਨੇ ਇਨ੍ਹਾਂ ਦੁਸ਼ਮਣਾਂ ਦਾ ਨਕਸ਼ਾ ਖਿਚਦਿਆਂ ਹੋਇਆਂ ਇਨ੍ਹਾਂ ਨੂੰ ਪੰਜ ਜਾਨਵਰ ਮ੍ਰਿਗ, ਮੱਛੀ ਨਾਲ ਤਸ਼ਬੀਹ ਦੇ ਕੇ ਇਸ ਤਰ੍ਹਾਂ ਚਿੱਤ੍ਰਿਆ ਹੈ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ। ਪੰ. ੪੮੬

ਤੇ ਆਖਿਰ ਇਨ੍ਹਾਂ ਪੰਜ ਦੁਸ਼ਮਣਾਂ ਦੀ ਕੈਦ ਤੋਂ ਸਦੀਵੀ ਛੁਟਕਾਰੇ ਲਈ ਭਗਤ ਰਵਿਦਾਸ ਜੀ ਨੇ "*ਸੰਤ ਤੁਝੀ ਤਨੁ ਸੰਗਤਿ ਪ੍ਰਾਨ*" ਕਹਿ ਕੇ ਸਤਿ ਸੰਗਤਿ ਹੀ ਸਹੀ ਰਸਤਾ ਦੱਸਿਆ ਹੈ।

ਚੋਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਕਥਨ ਮੁਤਾਬਿਕ ਇਸ ਸਤਿ ਸੰਗਤਿ ਦੀ ਪ੍ਰਾਪਤੀ ਇਨਸਾਨ ਨੂੰ ਅੱਛੀ ਕਿਸਮਤ ਨਾਲ ਹੀ ਹੁੰਦੀ ਹੈ। *"ਬਿਨੁ ਭਾਗਾ ਸਤਿ ਸੰਗੁ ਨ ਲਭੈ"* (ਪੰ. ੯੫)। ਅੱਛੀ ਸੰਗਤਿ ਦੇ ਮੁਕਾਬਲੇ ਪਰ ਮਾੜੀ ਸੰਗਤਿ ਤੋਂ ਕਿਹੋ ਜਿਹਾ ਭੈੜਾ ਨਤੀਜਾ ਨਿਕਲਦਾ ਹੈ, ਇਸ ਦਾ ਸਪੱਸ਼ਟੀਕਰਨ ਉਨ੍ਹਾਂ ਦੇ ਹਜ਼ੂਰੀ ਕਵੀ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਹੀ ਸੁਣੋ। ਉਹ ਲਿਖਦੇ ਹਨ :

ਵੜੀਐ ਕਜਲਿ ਕੋਠੜੀ ਮੂੰਹ ਕਾਲਖ ਭਰੀਐ।
ਟੂਟੀ ਪੀਘੇ ਪੀਘੀਐ ਪੈ ਟੋਏ ਮਰੀਐ।
ਕੰਨ੍ਹਾਂ ਰੜਿ ਮਣਤਾਰੂਆਂ ਕਿਉਂ ਦੁਤਰ ਤਰੀਐ।
ਤਿਉ ਠਗ ਸੰਗਤਿ ਵੇਮੁਖਾਂ ਜੀਅ ਜੋਖਹੁੰ ਡਰੀਐ।

(ਭਾਈ ਗੁਰਦਾਸ, ਵਾਰ 34)

ਇਸੇ ਕਾਰਣ ਨਾਮ-ਬਾਣੀ ਦੇ ਬੋਹਿਥ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੁਰੀ ਸੰਗਤਿ ਅਥਵਾ ਮਨਮੁਖਾਂ ਦੀ ਦੋਸਤੀ ਦਾ ਕੌੜਾ ਤੇ ਦੁਖਦਾਈ ਨਤੀਜਾ ਦਸ ਕੇ ਸਖ਼ਤ ਹਦਾਇਤ ਕੀਤੀ ਹੈ :

ਮਨਮੁਖਾਂ ਕੇਰੀ ਦੋਸਤੀ, ਮਾਇਆ ਕਾ ਸਨਬੰਧ।
ਵੇਖਦਿਆਂ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ।
ਜਿਚਰੁ ਪੈਨਨਿ ਖਾਂਵਨੇ ਤਿਚਰੁ ਰਖਨਿ ਗੰਢੁ।
ਜਿਤੁ ਦਿਨਿ ਕਿਛੁ ਨ ਹੋਵਨੀ, ਤਿਤੁ ਦਿਨਿ ਬੋਲਨਿ ਗੰਧੁ ॥
ਜੀਅ ਕੀ ਸਾਰ ਨ ਜਾਣਨੀ, ਮਨਮੁਖ ਅਗਿਆਨੀ ਅੰਧ
ਕੂੜਾ ਗਢ ਨ ਚਲਈ ਚਿਕੜਿ ਪਥਰ ਬੰਧੁ।
ਅੰਧੇ ਆਪੁ ਨਾ ਜਾਣਨੀ, ਫਕੜੁ ਪਿਟਨਿ ਧੰਧੁ।
ਝੂਠੇ ਮੋਹਿ ਲਪਟਾਇਆ, ਹਉ ਹਉ ਕਰਤ ਬਿਹੰਧੁ। ਪੰ. ੯੫੯

ਤੇ ਇਸੇ ਲਈ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਤਿ ਸੰਗਤਿ ਤੋਂ ਹੀਣ ਇਨਸਾਨ ਨਹੀਂ; ਸਗੋਂ ਇਕ ਪ੍ਰਕਾਰ ਦੇ ਭੂਤ ਹਨ। ਇਸ ਕਾਰਣ ਆਪਣੀ ਜ਼ਿੰਦਗੀ ਦੀ ਹਿਫਾਜ਼ਿਤ ਲਈ ਅਕਲਮੰਦ ਇਨਸਾਨ ਨੂੰ ਅਜਿਹੇ ਭੂਤਾਂ ਤੋਂ ਪਰੇ ਰਹਿਣਾ ਉੱਚਿਤ ਹੈ, ਨਹੀਂ ਤਾਂ :

ਭੂਤੈ ਕੇਰੀ ਦੋਸਤੀ ਨਿਤ ਸਹਿਸਾ ਜੀਐ। [ਭਾਈ ਗੁਰਦਾਸ]

ਸਤਿ ਸੰਗਤਿ ਰੂਪ ਪਾਰਸ ਦੀ ਛੁਹ, ਜਿਸ ਤੋਂ ਇਨਸਾਨ ਮਨੂਰੋਂ ਬਾਰਾਂ ਵੰਨੀ ਦਾ ਕੰਚਨ (ਸੋਇਨਾ) ਹੋ ਜਾਂਦਾ ਹੈ, ਦਰਅਸਲ ਅੱਛੇ ਕਰਮਾਂ ਨਾਲ ਹੀ ਮਿਲਦੀ ਹੈ, ਜਿਵੇਂ ਕਿ ਗੁਰੂ ਨਾਨਕ ਜੀ ਦਾ ਮਹਾਂਵਾਕ ਹੈ :

ਬਿਨ ਭਾਗਾਂ ਸਤਿ, ਸੰਗੁਨ ਪਾਈਐ। ਪੰ. ੧੧੭੨

ਤੇ ਸੋਢੀ ਸੁਲਤਾਨ ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਜੀ ਨੇ ਵੀ ਜ਼ਰਾ ਵਧੀਕ ਵੇਰਵੇ ਸਹਿਤ ਗੁਰੂ ਨਾਨਕ ਜੀ ਦੇ ਇਸੇ ਮਹਾਂਵਾਕ ਦੀ ਏਕਣ ਤਸ਼ਰੀਹ ਕੀਤੀ ਹੈ :

ਵਡਭਾਗੀ ਹਰਿ ਸੰਗਤਿ ਪਾਵਹਿ।
ਭਾਗਾ ਹੀਨ ਭ੍ਰਮਿ ਚੋਟਾ ਖਾਵਹਿ।

ਬਿਨੁ ਭਾਗਾ ਸਤਸੰਗੁ ਨ ਲਭੈ।
ਬਿਨੁ ਸੰਗਤਿ ਮੈਲੁ ਭਰੀਜੈ ਜੀਉ। ਪੰ. ੯੫

ਅਰਥਾਤ—ਸਤਿ ਸੰਗਤਿ ਵੱਡੇ ਭਾਗਾਂ ਨਾਲ ਹੀ ਮਿਲਦੀ ਹੈ ਤੇ ਭਾਗਹੀਣ ਅਥਵਾ ਖੋਟੀ ਕਿਸਮਤ ਵਾਲੇ ਸਤਿਸੰਗ ਤੋਂ ਬਿਨਾਂ ਚੁਰਾਸੀ ਲੱਖ ਜੂਨਾਂ ਵਿਚ ਭ੍ਰਮਦੇ ਤੇ ਭਟਕਦੇ ਹੋਏ ਅਨੇਕਾਂ ਦੁੱਖ ਰੂਪ ਚੋਟਾਂ ਖਾਂਦੇ ਹਨ। ਸਤਿਸੰਗ ਦੀ ਪ੍ਰਾਪਤੀ ਅੱਛੀ ਕਿਸਮਤ ਤੋਂ ਬਿਨਾਂ ਨਹੀਂ ਹੁੰਦੀ ਤੇ ਬਿਨਾਂ ਸਤਿ ਸੰਗਤਿ ਦੇ ਅੰਤਰਾਤਮੇ ਵਿਚ ਮੈਲ ਭਰਦੀ ਹੈ ਜੋ ਅਨੇਕਾਂ ਮੁਸੀਬਤਾਂ ਦਾ ਕਾਰਣ ਬਣਦੀ ਹੈ। ਉਹ ਸਤਿ ਸੰਗਤਿ ਜਿਸ ਦੀ ਸਤਿਗੁਰਾਂ ਨੇ ਅਜਿਹੀ ਭਰਪੂਰ ਪ੍ਰਸੰਸਾ ਕੀਤੀ ਹੈ, ਕਿਹੋ ਜਿਹੀ ਹੁੰਦੀ ਹੈ ਤੇ ਉਥੋਂ ਕੀ ਕੁਝ ਪ੍ਰਾਪਤ ਹੁੰਦਾ ਹੈ ਇਸ ਰਹੱਸ ਨੂੰ ਗੁਰੂ ਨਾਨਕ ਦੇਵ ਜੀ ਨੇ ਇਕੋ ਮਹਾਂਵਾਕ ਵਿਚ ਕੁਝ ਇਸ ਤਰ੍ਹਾਂ ਖੋਲਿਆ ਹੈ :

ਸਤਿਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ, ਸਤਿਗੁਰ ਦੀਆ ਬੁਝਾਇ ਜੀਉ ॥ ਪੰ. ੭੨

ਇਸ ਲਈ ਇਕ ਈਸ਼ਵਰਵਾਦੀ ਸਿੱਖ ਸੰਗਤਿ ਦੀ ਮਹਿਮਾ ਹੋਰ ਅਨੇਕਾਂ ਦੇਵਤਾਵਾਦੀ ਖੜਤਾਲਾਂ ਖੜਕਾਉਣ ਵਾਲੀਆਂ ਅਖੌਤੀ ਸੰਤ ਮੰਡਲੀਆਂ ਨਾਲੋਂ ਕਿਤੇ ਅਧਿਕ ਹੈ। ਇਸ ਦੇ ਨਾਲ ਹੀ ਇਸ ਸਤਿ ਸੰਗਤਿ ਰਾਹੀਂ ਵਿਸ਼ਵ ਭਰਾਤ੍ਰੀ ਭਾਵ ਅਥਵਾ ਕੌਮੀ ਏਕਤਾ ਦਾ ਜਜ਼ਬਾ ਪੈਦਾ ਕਰਨ ਲਈ ਇਨਸਾਨ ਦੇ ਊਚ ਨੀਚ (ਜਾਤਿ ਪਾਤਿ) ਦੇ ਭੇਦ-ਭਾਵ ਨੂੰ ਮਿਟਾ ਕੇ ਪੱਕੇ ਤੌਰ ਤੇ ਏਕਤਾ ਦੀ ਲੜੀ ਵਿਚ ਪਿਰੋਣ ਲਈ ਸਰਬ ਸਾਂਝੇ ਗੁਰੂ ਕੇ ਲੰਗਰ ਵਿਚ ਇਕੋ ਪੰਗਤ ਵਿਚ ਬਿਠਾ ਕੇ ਪਰਸਪਰ ਪ੍ਰੀਤਿ ਭੋਜਨ ਛਕਣ-ਛਕਾਉਣ ਦਾ ਰਿਵਾਜ ਸਰਬਪ੍ਰਥਮ ਜਗਤ ਸੁਧਾਰਕ ਗੁਰੂ ਨਾਨਕ ਜੀ ਨੇ ਹੀ ਪ੍ਰਚੱਲਿਤ ਕੀਤਾ ਸੀ ਜੋ ਉਨ੍ਹਾਂ ਦੇ ਸਮੇਂ ਤੋਂ ਹੁਣ ਤਕ ਲਗਾਤਾਰ ਬਕਾਇਦਾ ਚਲਦਾ ਆ ਰਿਹਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਰਸਮ ਸੀ ਕਿ ਕੋਈ ਸ਼ਰਧਾਲੂ ਪਹਿਲਾਂ ਲੰਗਰ ਵਿਚ ਸੰਗਤਿ ਤੇ ਪੰਗਤਿ ਦੀ ਮਰਯਾਦਾ ਦਾ ਪਾਲਣ ਕਰਕੇ ਪ੍ਰਸ਼ਾਦ ਛਕੇ ਤੋਂ ਬਗੈਰ, ਗੁਰੂ ਜੀ ਦੇ ਸਨਮੁਖ ਹਾਜ਼ਰ ਨਹੀਂ ਹੋ ਸਕਦਾ ਹੈ। ਮੁਗਲ ਸਮਰਾਟ ਅਕਬਰ ਨੂੰ ਜਦ ਉਹ ਦਿਲੀਉਂ ਲਾਹੌਰ ਨੂੰ ਜਾਂਦੇ ਹੋਇਆ ਗੋਇੰਦਵਾਲ ਅਟਕਿਆ ਤਾਂ ਸਣੇ ਪਰਿਵਾਰ ਸ਼ਰਧਾ ਭਾਵ ਸਹਿਤ ਇਸੇ ਗੁਰ ਮਰਯਾਦਾ ਦਾ ਪਾਲਣ ਕਰਨਾ ਪਿਆ ਸੀ।[1] ਇਸੇ ਤਰ੍ਹਾਂ ਸੰਨ 1832 ਈ. ਵਿਚ ਜਦ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਅੰਮ੍ਰਿਤਸਰੋਂ ਹੋ ਕੇ ਪ੍ਰਸਿੱਧ ਸੰਤ ਸਿਪਾਹੀ ਭਾਈ ਵੀਰ ਸਿੰਘ ਜੀ ਔਰੰਗਾਬਾਦੀ ਦੇ ਦਰਸ਼ਨਾਂ ਲਈ ਪਿੰਡ ਗੁਮਟਾਲੇ ਪੁੱਜੇ ਤਾਂ ਉਹ ਉਥੇ ਵਜ਼ੀਰਾਂ ਸਮੇਤ ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛਕੇ ਤੋਂ ਬਗੈਰ ਹਾਜ਼ਰੀ ਨਾ ਦੇ ਸਕੇ। ਸੰਤ ਸ਼ੇਰ ਸਿੰਘ ਜੀ ਨੇ ਇਹ ਇਤਿਹਾਸਕ ਵਾਕਿਆ ਗ੍ਰੰਥ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇ ਉੱਤਰਾਧ ਭਾਗ ਸਫ਼ੇ 1049-50 ਪਰ ਚੰਗੀ ਤਰ੍ਹਾਂ ਖੋਲ੍ਹ ਕੇ ਦਿੱਤਾ ਹੈ ਅਤੇ ਇਸ ਤੋਂ ਸਿੱਖ ਸੰਗਤਿ ਤੇ ਪੰਗਤਿ ਦੀ ਮਹਾਨਤਾ ਦਾ ਪਤਾ ਲਗਦਾ ਹੈ।

ਹਵਾਲਾ

1. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਹਿੱਸਾ ਪਹਿਲਾ, ਪੰਜਵੀਂ ਛਾਪ,ਪੰ. 12, 13.

ਸਿੱਖ ਧਰਮ ਵਿਚ ਸੰਗਤ ਦਾ ਸੰਕਲਪ

ਪ੍ਰਿੰ. ਪ੍ਰਕਾਸ਼ ਸਿੰਘ

ਜੈਸੀ ਸੰਗਤ ਤੈਸੀ ਰੰਗਤ

ਮਨੁੱਖੀ ਸੁਭਾਵ ਹੈ ਕਿ ਜਿਸ ਦੀ ਸੰਗਤ ਵਿਚ ਰਹਿੰਦਾ ਹੈ ਉਥੇ ਦਾ ਰੰਗ ਫੜਦਾ ਹੈ, ਉਸੇ ਦਾ ਰੂਪ ਤੇ ਉਸੇ ਦੀ ਸੂਰਤ ਬਣਦਾ ਜਾਂਦਾ ਹੈ, ਜੇਕਰ ਦੁਨੀਆਂਦਾਰਾਂ ਦੀ ਸੰਗਤ ਕਰਦਾ ਹੈ ਤਾਂ ਦੁਨੀਆਂ ਦੇ ਰੰਗ ਵਿਚ ਵਿਚਰਨ ਲਗਦਾ ਹੈ ਤੇ ਦੁਨਿਆਵੀ ਇਲਮ ਹਾਸਲ ਕਰਦਾ ਹੈ। ਇਸ ਦੇ ਉਲਟ ਜੇ ਕਰ ਆਤਮਿਕ ਮੰਡਲਾਂ ਵਿਚ ਰੂਹਾਨੀ ਪੁਰਸ਼ਾਂ ਦੀ ਸੰਗਤ ਵਿਚ ਰਹਿੰਦਾ ਹੈ ਤਾਂ ਉਨ੍ਹਾਂ ਦੀ ਸੂਰਤ ਤੇ ਗਿਆਨ ਪ੍ਰਾਪਤ ਕਰਦਾ ਹੈ। ਜੋ ਆਤਮ-ਗਿਆਨ ਚਾਹੁੰਦਾ ਹੈ ਉਸ ਨੂੰ ਚਾਹੀਦਾ ਹੈ ਕ਼ਿ ਉਹ ਆਪਣੇ ਮਨ ਨੂੰ ਆਤਮ-ਦਰਸੀ ਦੀ ਸੰਗਤ ਵਿਚ ਜੋੜੇ ਜਾਂ ਬ੍ਰਹਮ ਗਿਆਨੀਆਂ ਦੀ ਪਵਿੱਤਰ ਬਾਣੀ ਨਾਲ ਮਨ ਨੂੰ ਲਾਏ। ਐਸੀ ਸੰਗਤ ਹੀ ਸਤਿ ਸੰਗਤ ਹੈ।

ਸਤਿ ਕਹਿੰਦੇ ਹਨ ਸੱਚ ਨੂੰ ਤੇ ਸੰਗ ਤੋਂ ਭਾਵ ਹੈ ਸਾਥ। ਸਤਿ ਪੁਰਸ਼ਾਂ ਦੀ ਸੰਗਤਿ ਸਤਿਸੰਗ ਹੈ। ਸਤਿ ਪੁਰਸ਼ ਉਹ ਹੈ ਜਿਸ ਨੇ ਸਤਿ ਨੂੰ ਜਾਣ ਲਿਆ ਹੈ। ਦੂਜੇ ਸ਼ਬਦਾਂ ਵਿਚ ਉਹ ਹੈ ਜਿਥੇ ਸਤਿ ਨੂੰ ਜਾਣਿਆ ਜਾਵੇ। ਉਹ ਸੰਗਤ ਜਿਥੇ ਸਤਿ ਦੀ ਚਰਚਾ ਹੋਵੇ ਤੇ ਸਤਿ ਦਾ ਪ੍ਰਕਾਸ਼ ਹੋਵੇ।

ਚੰਗਿਆਂ ਦੀ ਸੰਗਤ ਕਰਨ ਲਈ ਸਾਰੇ ਧਰਮ ਪ੍ਰੇਰਦੇ ਹਨ। ਮਹਾਂਪੁਰਸ਼ਾਂ ਦੀ ਆਤਮਿਕ ਖ਼ੁਸ਼ਬੋ ਨਾਲ ਸੰਗਤ ਮਹਿਕ ਉਠਦੀ ਹੈ ਅਤੇ ਐਸੀ ਸੰਗਤ ਦੀ ਛੋਹ ਨਾਲ ਆਮ ਮਨੁੱਖਾਂ ਦਾ ਤਨ ਮਨ ਸੁਗੰਧਿਤ ਹੋ ਜਾਂਦਾ ਹੈ। ਮਹਾਂ ਭਾਰਤ ਵਿਚ ਇਕ ਥਾਈਂ ਸਤਿਸੰਗ ਦੀ ਮਹਿਮਾ ਇੰਜ ਬਿਆਨ ਕੀਤੀ ਗਈ ਹੈ :

"ਜਿਸ ਤਰ੍ਹਾਂ ਫੁਲਾਂ ਦੀ ਸੁਗੰਧੀ ਆਪਣੇ ਨਾਲ ਦੀਆਂ ਵਸਤੂਆਂ ਨੂੰ ਵੀ ਸੁਗੰਧਿਤ ਕਰ ਦਿੰਦੀ ਹੈ, ਇਸੇ ਤਰ੍ਹਾਂ ਨੇਕ ਪੁਰਸ਼ਾਂ ਦੀ ਸੰਗਤ ਕਰਨ ਵਾਲਿਆਂ ਨੂੰ ਨੇਕੀ ਆਪਣਾ ਅਸਰ ਦੇਂਦੀ ਹੈ। ਸੰਤਾਂ ਤੇ ਮਹਾਂਪੁਰਸ਼ਾਂ ਦੀ ਨਿਤ ਦੀ ਸੰਗਤ ਸਾਡੀ ਆਤਮਾ ਨੂੰ ਸਤਿ ਤੇ ਧਰਮ ਦਾ ਪਰਭਾਵ ਦੇਂਦੀ ਹੈ।"

ਸਤਿਸੰਗ ਦਾ ਪ੍ਰਭਾਵ ਕਿਸ ਤਰ੍ਹਾਂ ਸਹਿਜੇ ਹੀ ਜੀਵਨ ਵਿਚ ਪਲਟਾ ਲੈ ਆਉਂਦਾ ਹੈ ਇਸ ਸੰਬੰਧੀ ਇਕ ਟੂਕ ਭਾਗਵਤ ਵਿਚੋਂ ਵਰਣਨ ਯੋਗ ਹੈ :

"ਹੇ ਊਧੋ! ਨਾ ਯੋਗ, ਨਾ ਗਿਆਨ, ਨਾ ਧਰਮ ਪੁਸਤਕਾਂ ਦੇ ਪੜ੍ਹਨ, ਨਾ ਤਪ, ਨਾ

ਤਿਆਗ, ਨਾ ਦੂਸਰਿਆਂ ਦੀ ਸੇਵਾ, ਨਾ ਦਾਨ, ਨਾ ਪੂਜਾ, ਨਾ ਵੇਦਾਂ ਦੇ ਪਾਠ, ਨਾ ਤੀਰਥ, ਨਾ ਮਨ ਇੰਦਰੀਆਂ ਦੇ ਦਮਨ ਕਰਨ ਨਾਲ ਮੈਨੂੰ ਜੀਵ ਇਤਨੇ ਸੌਖੇ ਢੰਗ ਨਾਲ ਪਾ ਸਕਦੇ ਹਨ ਜਿਤਨੇ ਸੌਖੇ ਤੇ ਜਲਦੀ ਸਤਿਸੰਗ ਕਰਕੇ, ਜਿਸ ਦੇ ਨਾਲ ਸਾਰੇ ਦੂਸਰੇ ਦੁਨੀਆਂ ਦੇ ਅਸਰ ਤੇ ਸੰਸਕਾਰ ਦੂਰ ਹੋ ਜਾਂਦੇ ਹਨ।"[1]

ਇਸਲਾਮ ਵਿਚ ਵੀ ਜਮਾਤ (ਭਾਵ ਸੰਗਤ) ਉਪਰ ਜ਼ੋਰ ਦਿੱਤਾ ਗਿਆ ਹੈ। ਰਲਕੇ ਨਮਾਜ਼ ਪੜ੍ਹਨ ਦਾ ਵਧੇਰੇ ਫਲ ਦੱਸਿਆ ਹੈ। ਨੇਕ ਪੁਰਸ਼ਾਂ ਦੀ ਸੰਗਤ ਦੀ ਵੀ ਬਹੁਤ ਵਡਿਆਈ ਕੀਤੀ ਗਈ ਹੈ। ਕੁਰਾਨ ਵਿਚ ਇਕੱਲਿਆਂ ਨਿਮਾਜ਼ ਦੇ ਮੁਕਾਬਲੇ ਵਿਚ ਰਲਕੇ ਨਿਮਾਜ਼ ਪੜ੍ਹਨ ਦਾ ਬਹੁਤ ਮਹਾਤਮ ਲਿਖਿਆ ਹੈ। ਕਥਨ ਹੈ :

> "ਇਕੱਲਿਆਂ ਨਿਮਾਜ਼ ਦੇ ਮੁਕਾਬਲੇ ਵਿਚ ਜਮਾਤੀ ਨਿਮਾਜ਼ ਸਤਾਈ ਗੁਣਾਂ ਫਲ ਰਖਦੀ ਹੈ।"[2]

ਇੰਜ ਹੀ ਕੁਰਾਨ ਅਤੇ ਹਦੀਸਾਂ ਵਿਚ ਜਮਾਤ ਦੀ ਕਰਾਮਾਤ ਤੇ ਬਰਕਤ ਦਾ ਬਹੁਤ ਵਰਣਨ ਕੀਤਾ ਗਿਆ ਹੈ।

ਮੌਲਾਨਾ ਰੂਮੀ ਨੇ ਲਿਖਿਆ ਹੈ :

> "ਇਕ ਦਿਨ ਹਮਾਮ ਦੇ ਅੰਦਰ ਖੁਸ਼ਬੂਦਾਰ ਮਿਟੀ ਮੇਰੇ ਹੱਥ ਲਗੀ। ਮੈਂ ਉਸ ਨੂੰ ਪੁਛਿਆ ਤੂੰ ਮੁਸ਼ਕ ਹੈ ਜਾਂ ਅੰਬਰ, ਤੇਰੀ ਖੁਸ਼ਬੂ ਨਾਲ ਮੈਂ ਮਸਤ ਹੋ ਰਿਹਾ ਹਾਂ। ਉਸ ਨੇ ਉੱਤਰ ਦਿੱਤਾ ਮੈਂ ਤਾਂ ਨਿਮਾਣੀ ਮਿੱਟੀ ਸੀ। ਪਰ ਕੁਝ ਚਿਰ ਫੁਲਾਂ ਕੋਲ ਮੇਰਾ ਵਾਸਾ ਰਿਹਾ। ਉਨ੍ਹਾਂ ਦੇ ਜਮਾਲ ਨੇ ਮੇਰੀ ਜਾਨ ਉਪਰ ਅਸਰ ਕੀਤਾ, ਜਿਸ ਕਰਕੇ ਮੈਂ ਖੁਸ਼ਬੂਦਾਰ ਹੋ ਗਈ। ਨਹੀਂ ਤੇ ਮੈਂ ਉਹੀ ਮਿੱਟੀ ਹਾਂ ਜੋ ਪਹਿਲਾਂ ਸੀ।"

ਅਗੇ ਚਲ ਕੇ ਮੌਲਾਨਾ ਰੂਮੀ ਕਹਿੰਦੇ ਹਨ :

> "ਨੇਕ ਦੀ ਸੁਹਬਤ ਤੈਨੂੰ ਨੇਕ ਕਰ ਦੇਵੇਗੀ ਅਤੇ ਬਦ ਦੀ ਸੁਹਬਤ ਬਦ ਕਰ ਦੇਵੇਗੀ।"[3]

ਮੌਲਾਨਾ ਸਾਹਿਬ ਆਪਣੇ ਮਨ ਨੂੰ ਸੰਬੋਧਨ ਕਰਕੇ ਇੰਜ ਨਸੀਹਤ ਕਰਦੇ ਹਨ :

> "ਹੇ ਮੇਰੇ ਮਨ, ਤੂੰ ਦਮ ਭਰ ਕਿਸੇ ਸਿਆਣੇ ਬਜ਼ੁਰਗ ਦੀ ਸੁਹਬਤ ਵਿਚ ਸਿਦਕ ਤੇ ਦਿਲ ਦੀ ਸਫ਼ਾਈ ਨਾਲ ਬੈਠ, ਜਾਂ ਰੂਹਾਨੀਅਤ ਨਾਲ ਭਰਪੂਰ ਮਹਾਤਮਾ ਜਨਾਂ ਦੀ ਸੰਗਤ ਵਿਚ ਹਲੀਮੀ ਤੇ ਹਯਾ ਨਾਲ ਬੈਠ। ਜੇ ਕਰ ਇਨ੍ਹਾਂ ਦੋਹਾਂ ਦੀ ਸੰਗਤ ਨਾ ਮਿਲ ਸਕੇ, ਤਾਂ ਸਮੇਂ ਨੂੰ ਐਵੇਂ ਨਾ ਗਵਾ ਇਕੱਲਾ ਹੋ ਕੇ ਰੱਬ ਦੀ ਯਾਦ ਵਿਚ ਬੈਠ ਜਾਇਆ ਕਰ।"[4]

ਚੰਗੀ ਮਾੜੀ ਸੰਗਤ ਦਾ ਅਸਰ ਅਵੱਸ਼ ਹੈ। ਹੁਣ ਸਤਿ ਸੰਗਤਿ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਹ ਦੇਖੀਏ ਕਿ ਮਨੁੱਖੀ ਸੁਭਾਅ ਬਣਨ ਦੇ ਕਿਹੜੇ ਕਿਹੜੇ ਸਾਧਨ ਹਨ।

ਮਨੁੱਖੀ ਸੁਭਾਅ ਬਣਨ ਦੇ ਸਾਧਨ

ਮਨੁੱਖੀ ਸੁਭਾਅ ਉਪਰ ਚਾਰ ਤਰ੍ਹਾਂ ਦੇ ਪ੍ਰਭਾਵ ਪੈਂਦੇ ਹਨ। ਪਹਿਲਾ ਮਾਤਾ ਪਿਤਾ ਤੋਂ। ਇਹ ਪ੍ਰਭਾਵ ਵਿਰਸੇ ਵਿਚ ਹੀ ਮਿਲਦਾ ਹੈ। ਦੂਜੇ ਪੂਰਬ-ਜਨਮ ਦੇ ਸੰਸਕਾਰਾਂ ਦੇ ਪ੍ਰਭਾਵ, ਜੋ ਕਿ ਜੀਵ-ਆਤਮਾ ਨਾਲ ਹੀ ਰਹਿੰਦੇ ਹਨ ਅਤੇ ਜੋ ਸਮੇਂ ਅਨੁਸਾਰ ਪਰਗਟ ਹੁੰਦੇ ਹਨ। ਤੀਜੇ ਹਨ ਉਹ ਪ੍ਰਭਾਵ ਜੋ ਕਿ ਸਹਿਜੇ ਮਨੁੱਖ ਦੇ ਆਪਣੇ ਅਨੁਭਵ ਤੇ ਤਜਰਬੇ ਦੁਆਰਾ ਪ੍ਰਫੁੱਲਤ ਹੁੰਦੇ ਹਨ। ਚੌਥੇ ਹਨ ਉਹ ਪ੍ਰਭਾਵ ਜੋ ਸੰਗਤ ਰਾਹੀ ਬਣਦੇ ਅਤੇ ਬਦਲਦੇ ਰਹਿੰਦੇ ਹਨ।

ਪਹਿਲੇ ਦੋ ਸਾਧਨ ਤਾਂ ਮਨੁੱਖ ਦੇ ਆਪਣੇ ਵਸ ਵਿਚ ਨਹੀਂ। ਜਿਥੋਂ ਤਕ ਨਿੱਜ ਦੇ ਅਨੁਭਵ ਤੇ ਤਜਰਬੇ ਦੀ ਗੱਲ ਹੈ ਉਹ ਮਨੁੱਖ ਦੀ ਆਪਣੀ ਅਕਲ, ਸੂਝ ਤੇ ਯਤਨਾਂ ਉਪਰ ਨਿਰਭਰ ਹੈ। ਰਹੀ ਸੰਗਤ ਦੀ ਗੱਲ ਇਸ ਦਾ ਅਸਰ ਮਨੁੱਖੀ ਸੁਭਾਅ ਉਪਰ ਜ਼ਰੂਰ ਪੈਂਦਾ ਹੈ। ਮਨੁੱਖ ਚੂੰਕਿ ਸਮਾਜਿਕ ਜੀਵਨ ਰਖਦਾ ਹੈ, ਇਸ ਲਈ ਇਹ ਸੰਗਤ ਵਿਚ ਆ ਕੇ ਇਕ ਦੂਜੇ ਦੇ ਵਿਚਾਰਾਂ ਦਾ ਅਸਰ ਬਹੁਤ ਕਬੂਲਦਾ ਹੈ। ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਨਾ ਕੇਵਲ ਮਨੁੱਖਾਂ ਦੀ ਸੰਗਤ ਕਰਕੇ ਹੀ ਸਗੋਂ ਵੱਖ ਵੱਖ ਚੀਜ਼ਾਂ ਦੇ ਮਾਹੌਲ ਦਾ ਵੀ ਮਨੁੱਖੀ ਪ੍ਰਵਿਰਤੀ ਉਪਰ ਅਸਰ ਪੈਂਦਾ ਹੈ। ਸੰਗਤ ਕੇਵਲ ਮਨੁੱਖਾਂ ਦੀ ਹੀ ਨਹੀਂ, ਆਲੇ-ਦੁਆਲੇ ਪਈਆਂ ਵਸਤੂਆਂ ਦਾ ਵੀ ਹੈ। ਪੁਸਤਕਾਂ ਦੀ ਵੀ ਸੰਗਤ ਹੈ। ਸਾਹਿਤ ਦਾ ਮਨੁੱਖੀ ਮਨ ਤੇ ਭਰਪੂਰ ਅਸਰ ਪੈਂਦਾ ਹੈ। ਪਰ ਮਨੁੱਖ ਮਨੁੱਖਾਂ ਦੀ ਸੰਗਤ ਦਾ ਵੱਧ ਅਸਰ ਕਬੂਲਦਾ ਹੈ। ਵਰਤਮਾਨ ਮਨੋਵਿਗਿਆਨੀ ਇਹ ਦੱਸਦੇ ਹਨ ਕਿ ਮਨੁੱਖੀ ਸੁਭਾਅ ਵਿਚਾਰਾਂ ਅਧੀਨ ਬਣਦੇ ਹਨ ਅਤੇ ਚੰਗੇ ਮੰਦੇ ਵਿਚਾਰ, ਚੰਗੀ ਮੰਦੀ ਸੰਗਤ ਕਰਕੇ ਬਣਦੇ ਹਨ। ਇੰਜ ਮਨੁੱਖ ਬਣੇ ਸੁਭਾਅ ਦੀਆਂ ਲੀਹਾਂ ਉਪਰ ਤੁਰੀ ਜਾਂਦਾ ਹੈ।

ਗੁਰਬਾਣੀ ਸੰਗਤਿ ਬਿਨਾ ਦੂਜੀ ਓਟ ਨਹੀਂ ਹੈ ਰਾਈ

ਸੰਗਤ ਦੇ ਅਸਰ ਨੂੰ ਮੁਖ ਰਖਦੇ ਹੋਏ ਹੀ ਸਿੱਖ ਧਰਮ ਵਿਚ ਸਤਿ ਸੰਗਤ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰਖੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਉਨ੍ਹਾਂ ਸਿੱਧਾਂ ਨਾਲ ਗੋਸ਼ਟ ਕਰਦਿਆਂ ਆਖਿਆ "*ਗੁਰਬਾਣੀ ਸੰਗਤਿ ਬਿਨਾ ਦੂਜੀ ਓਟ ਨਹੀਂ ਹੈ ਰਾਈ।*"[5] ਸਪੱਸ਼ਟ ਹੈ ਕਿ ਗੁਰੂ ਜੀ ਨੇ ਗੁਰਬਾਣੀ ਤੇ ਸੰਗਤ ਉਪਰ ਜ਼ੋਰ ਦਿੱਤਾ ਹੈ। ਗੁਰੂ ਸਾਹਿਬਾਂ ਨੇ ਸੰਗਤ ਨੂੰ ਜੱਥੇਬੰਦ ਕਰਕੇ ਆਪਣੇ ਆਪ ਨੂੰ ਉਸ ਵਿਚ ਦਾਖਲ ਕੀਤਾ। ਇੰਗ ਸੰਗਤ ਸਿੱਖੀ ਦਾ ਅਨਿਖੜਵਾਂ ਅੰਗ ਬਣ ਗਈ। ਪ੍ਰਿੰਸੀਪਲ ਤੇਜਾ ਸਿੰਘ ਦੇ ਕਥਨ ਅਨੁਸਾਰ "ਸਿੱਖ ਧਰਮ ਇਕ ਅਸਲੀ ਧਰਮ ਹੈ। ਇਹਦੇ ਵਿਚ ਮਨੁੱਖ ਦਾ ਸਭ ਤੋਂ ਵੱਡਾ ਕੰਮ ਨਾਮ ਜਪਣਾ ਤੇ ਸੇਵਾ ਕਰਨੀ ਹੈ। ਨਾਮ ਜਪਣ ਤੋਂ ਭਾਵ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸ ਦੇ ਗੁਣ ਗਾਉਣੇ ਅਤੇ ਇਉਂ ਲਿਵ ਨੂੰ ਉੱਚਾ ਕਰਕੇ ਵਾਹਿਗੁਰੂ ਨਾਲ ਮਿਲਾ ਦੇਣਾ ਹੈ। ਇਹ ਕੰਮ ਸੰਗਤ ਵਿਚ ਜੁੜ ਕੇ ਕੀਰਤਨ ਕਰਨ ਜਾਂ ਸੁਣਨ ਨਾਲ ਸਹਿਜੇ ਹੋ ਜਾਂਦਾ ਹੈ। ਸੇਵਾ ਵੀ ਜੱਥੇਬੰਦ ਹੋ ਕੇ ਕਰਨ ਨਾਲ ਛੇਤੀ ਹੋ ਸਕਦੀ ਹੈ। ਸੇਵਾ ਸਫਲ ਓਹੀ ਹੈ ਜੋ ਘੱਟ ਤੋਂ ਘੱਟ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ।"[6]

"ਹਰ ਇਕ ਅਮਲੀ ਕੰਮ ਕਰਨ ਲਈ ਜਿਥੇ ਇਕ ਤੋਂ ਵੱਧ ਮਨੁੱਖਾਂ ਦਾ ਹਿੱਸਾ ਹੁੰਦਾ ਹੈ ਜੱਥੇਬੰਦੀ ਦੀ ਲੋੜ ਹੁੰਦੀ ਹੈ। ਧਰਮ ਵੀ ਇਕ ਇਹੋ ਜਿਹਾ ਕੰਮ ਹੈ ਜਿਸ ਵਿਚ ਹਜ਼ਾਰਾਂ ਲੱਖਾਂ ਨੇ ਮਿਲਕੇ ਇਕੋ ਆਦਰਸ਼ ਨੂੰ ਪ੍ਰਾਪਤ ਕਰਨ ਲਈ ਜਤਨ ਕਰਨਾ ਹੁੰਦਾ ਹੈ। ਇਸ ਲਈ ਸੰਗਤ ਦੀ ਲੋੜ ਜ਼ਰੂਰੀ ਹੈ।

ਉਪਰ ਦੱਸਿਆ ਹੈ ਕਿ ਸੰਗਤ ਵਿਚ ਗੁਰੂ ਦਾ ਵਾਸਾ ਹੈ। ਗੁਰੂ ਬੀਸ ਬਿਸਵੇ ਤੇ ਸੰਗਤ ਇੱਕੀ ਬਿਸਵੇ। ਇਸ ਮਨੌਤ ਨੇ ਸਿੱਖ-ਜਗਤ ਵਿਚ ਸੰਗਤ ਦੇ ਦਰਜੇ ਨੂੰ ਹੋਰ ਭੀ ਉੱਚਾ ਕੀਤਾ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੇ ਕਹਿਣ ਤੇ ਚੰਦੂ ਦੀ ਲੜਕੀ ਦਾ ਆਪਣੇ ਸਪੁੱਤਰ ਲਈ ਆਇਆ ਰਿਸ਼ਤਾ ਮੋੜ ਦਿੱਤਾ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਆਪ ਅੰਮ੍ਰਿਤ

ਛਕਿਆ, ਫਿਰ ਪੰਜ ਪਿਆਰਿਆਂ ਦੀ ਸੰਗਤ ਦੇ ਕਹਿਣ ਤੇ ਚਮਕੌਰ ਗੜ੍ਹੀ ਛੱਡੀ। ਰਾਜਪੂਤਾਨੇ ਵਿਚ ਦਾਦੂ ਦੀ ਸਮਾਧ ਨੂੰ ਤੀਰ ਨਾਲ ਨਮਸਕਾਰ ਕਰਨ ਕਰਕੇ ਸੰਗਤ ਪਾਸੋ ਤਨਖਾਹ ਬਖਸ਼ਵਾਈ। ਸਿੱਖ ਧਰਮ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤਕ ਸੰਗਤ ਦਾ ਬਹੁਤ ਮਾਣ ਸੀ। ਗੁਰੂ ਸਾਹਿਬਾਨ ਦੇ ਵੇਲੇ ਗੁਰੂ ਜੀ ਦੀ ਆਪਣੀ ਅਗਵਾਈ ਹੀ ਹਰ ਵਕਤ ਲੋੜ ਰਹਿੰਦੀ ਸੀ। ਦਸ਼ਮੇਸ਼ ਪਿਤਾ ਨੇ ਆਪਣੀ ਅਗਵਾਈ ਨੂੰ ਸੰਕੋਚ ਲਿਆ। ਆਪ ਨੇ ਸੰਗਤ ਨੂੰ ਜੱਥੇਬੰਦ ਕਰਕੇ ਇਸ ਨੂੰ ਸ਼ਖਸ਼ੀ ਗੁਰਿਆਈ ਸੌਂਪ ਦਿੱਤੀ। ਹੁਣ ਸੰਗਤ ਖਾਲਸਾ ਰੂਪ ਹੋਕੇ ਗੁਰੂ ਰੂਪ ਹੋ ਗਈ। "*ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ*"[9]। ਦਸ਼ਮੇਸ਼ ਸਤਿਗੁਰੂ ਨੇ ਆਤਮਿਕ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਸ ਰਹਿਣ ਦਿੱਤੀ। ਪਹਿਲਾਂ ਭੀ ਤਾਂ ਗੁਰਬਾਣੀ ਗੁਰੂ ਦੀ ਆਤਮਾ ਸੀ। ਉਹ ਬਰਕਰਾਰ ਰਹੀ।

ਗੁਰੂ ਗੋਬਿੰਦ ਸਿੰਘ ਜੀ ਨੇ ਜੱਥੇਬੰਦ ਰੂਪ ਸੰਗਤ ਭਾਵ ਖਾਲਸਾ ਦੀ ਨੀਂਹ ਅੰਮ੍ਰਿਤ ਉੱਤੇ ਰੱਖੀ। ਸਭ ਲਈ ਇਕਸਾਰ ਨੇਮ ਬਣਾਏ ਗਏ। ਇਹ ਰਹਿਤ ਮਰਯਾਦਾ ਦੇ ਰੂਪ ਵਿਚ ਲਾਗੂ ਕੀਤੇ ਗਏ। ਪਹਿਲਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਗੁਰੂ ਸਾਹਿਬਾਂ ਨੂੰ 'ਗੁਰੂ' ਕਿਹਾ ਜਾਂਦਾ ਸੀ। ਹੁਣ ਉਨ੍ਹਾਂ ਦੇ ਰੂਪ ਸੰਗਤ ਨੂੰ 'ਗੁਰ ਸੰਗਤ' ਖਾਲਸਾ ਨੂੰ 'ਗੁਰੂ ਖਾਲਸਾ' ਜਾਂ ਪੰਥ ਨੂੰ 'ਗੁਰੂ ਪੰਥ' ਕਿਹਾ ਜਾਣ ਲਗਾ। ਬਾਣੀ ਤਾਂ ਪਹਿਲਾਂ ਹੀ ਗੁਰੂ ਸੀ। ਗੁਰਬਾਣੀ ਦੇ ਇਕੱਠੇ ਸਰੂਪ ਦਾ ਨਾਮ 'ਸ੍ਰੀ ਗੁਰੂ ਗ੍ਰੰਥ' ਹੋਇਆ "*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ*" ਦਾ ਆਦੇਸ਼ ਹੋ ਗਿਆ। ਖਾਲਸੇ ਵਿਚ ਗੁਰੂ ਦਾ ਵਾਸਾ ਹੈ :

> "ਜੇ ਚਾਹੇ ਕਿ ਦਰਸ਼ਨ ਕਰਾਂ ਜਿਥੇ ਖਾਲਸੇ ਦਾ ਇਕੱਠ ਹੋਵੇ, ਉਥੇ ਜਾਇਕੇ ਅਦਬ ਨਾਲ ਦਰਸ਼ਨ ਕਰੇ, ਪ੍ਰਤੀਤ ਕਰਕੇ, ਦਰਸ਼ਨ ਗੁਰੂ ਕਾ ਪ੍ਰਾਪਤ ਹੋਵੇਗਾ।"[10]

ਖਾਲਸਾ ਸੰਗਤ ਵਿਚ ਹਰ ਅੰਮ੍ਰਿਤਧਾਰੀ ਸਿੱਖ ਧਾਰਮਿਕ ਤੋਰ ਤੇ ਬਰਾਬਰ ਦਰਜਾ ਰਖਦਾ ਹੈ। ਇਸਤ੍ਰੀ ਨੂੰ ਵੀ ਓਹੀ ਅਧਿਕਾਰ ਹਨ ਜੋ ਮਰਦ ਨੂੰ ਹਾਸਲ ਹਨ। ਪੰਥਕ ਕਾਰਜਾਂ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਜੁੜ ਕੇ ਗੁਰਮਤਾ ਸੋਧ ਸਕਦੀ ਹੈ। ਇੰਜ ਸੰਗਤ ਵਿਚ ਏਕਤਾਂ ਤੇ ਪਰਸਪਰ ਪਿਆਰ ਵਧਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ :

> "ਇਸ ਅਸੂਲ ਨਾਲ ਸਿੱਖਾਂ ਵਿਚ ਇਕ-ਮੁਠ ਹੋ ਕੇ ਕੰਮ ਕਰਨ ਤੋਂ ਛੁੱਟ ਇਕ ਅਗੰਮੀ ਤਾਕਤ ਆ ਗਈ, ਉਹ ਸਾਰੀਆਂ ਸ਼ਖਸੀ ਤੇ ਜੱਥੇਬੰਦਕ ਤਾਕਤਾਂ ਕੋਲੋਂ ਵਧੀਕ ਤਾਕਤਵਾਰ ਹੋ ਗਏ ਅਤੇ ਇਤਿਹਾਸ ਵਿਚ ਉਹ ਉਹ ਕਾਰਨਾਮੇ ਕਰ ਵਿਖਾਏ ਜਿਨ੍ਹਾਂ ਨੂੰ ਪੜ੍ਹਕੇ ਲੋਕ ਦੰਗ ਰਹਿ ਜਾਂਦੇ ਹਨ।"[11]

ਆਦਿ ਗੁਰੂ ਤੋਂ ਲੈ ਕੇ ਹੁਣ ਤਕ

ਸਿੱਖ ਧਰਮ ਵਿਚ ਮਨੁੱਖ ਨੂੰ ਕਰਮਯੋਗੀ ਬਣਨ ਦਾ ਉਪਦੇਸ਼ ਮਿਲਦਾ ਹੈ। ਘਰ ਬਾਰ ਛਡ ਕੇ, ਜੰਗਲਾਂ, ਕੰਦਰਾਂ ਤੇ ਪਹਾੜਾਂ ਵਿਚ ਏਕਾਂਤ ਵਿਚ ਵਾਸਾ ਕਰਨ ਨਾਲ ਮਨ ਵਧੇਰੇ ਕਾਬੂ ਨਹੀਂ ਆਉਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕੱਲਿਆਂ ਏਕਾਂਤ ਵਿਚ ਵਿਚਰਨ ਦੀ ਥਾਂ ਸਤਿ ਸੰਗਤ ਅਤੇ ਸੰਨਿਆਸ ਦੀ ਥਾਂ ਗ੍ਰਿਹਸਤ ਮਾਰਗ ਨੂੰ ਪਰਧਾਨਤਾ ਦਿੱਤੀ। ਗੁਰੂ ਸਾਹਿਬ ਦੇ ਸਮੇਂ ਹੀ "*ਘਰ ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ*" ਵਾਲੀ ਅਵਸਥਾ ਹੋ ਚੁੱਕੀ ਸੀ। ਸਪੱਸ਼ਟ ਹੈ ਕਿ ਘਰ ਘਰ ਸਤਿਸੰਗ ਹੋਣ ਲਗ ਪਏ। ਗੁਰੂ ਮਹਾਰਾਜ

ਜਿਥੇ ਜਿਥੇ ਵਿਚਰੇ ਆਪ ਪਾਸ ਸਵੇਰੇ ਸ਼ਾਮ ਸੰਗਤਾਂ ਆ ਜੁੜਦੀਆਂ। ਆਪ ਦੀਆਂ ਜਨਮ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਸੁਲਤਾਨਪੁਰ ਲੋਧੀ ਅਤੇ ਕਰਤਾਰਪੁਰ ਵਿਖੇ ਸ੍ਰੀ ਗੁਰੂ ਜੀ ਪਾਸ ਸਵੇਰੇ ਸ਼ਾਮ ਸੰਗਤਾਂ ਜੁੜਦੀਆਂ ਸਨ। ਜਿਥੇ ਕੀਰਤਨ ਹੁੰਦਾ ਅਤੇ ਮਹਾਰਾਜ ਦਾ ਉਪਦੇਸ਼ ਲੈ ਕੇ ਸੰਗਤਾਂ ਨਿਹਾਲ ਨਿਹਾਲ ਹੋ ਘਰ ਪਰਤਦੀਆਂ।

ਗੁਰੂ ਅੰਗਦ ਦੇਵ ਜੀ ਵੇਲੇ ਖਡੂਰ ਸਾਹਿਬ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਵਿਖੇ ਸੰਗਤਾਂ ਜੁੜਦੀਆਂ ਰਹੀਆਂ। ਫਿਰ ਅੰਮ੍ਰਿਤਸਰ ਰੌਣਕਾਂ ਲਗਣ ਲਗ ਪਈਆਂ। ਸੰਗਤਾਂ ਭਾਰੀ ਗਿਣਤੀ ਵਿਚ ਇਕੱਤਰ ਹੁੰਦੀਆਂ। ਸ੍ਰੀ ਹਰਿਮੰਦਰ ਸਾਹਿਬ ਵਿਚ ਸਾਰੀ ਸੰਗਤ ਬੈਠ ਨਹੀਂ ਸੀ ਸਕਦੀ। ਮੰਜੀ ਸਾਹਿਬ ਦੇ ਅਸਥਾਨ ਤੇ ਗੁਰੂ ਸਾਹਿਬਾਨ ਸੰਗਤਾਂ ਨੂੰ ਸੰਬੋਧਨ ਕਰਕੇ ਉਪਦੇਸ਼ ਬਖਸ਼ਦੇ। ਇੰਜ ਹੀ ਕੀਰਤਪੁਰ, ਅਨੰਦਪੁਰ ਸਾਹਿਬ ਅਤੇ ਦਮਦਮਾ ਸਾਹਿਬ ਸੰਗਤਾਂ ਜੁੜਦੀਆਂ ਰਹੀਆਂ ਤੇ ਗੁਰੂ ਗੋਬਿੰਦ ਸਿੰਘ ਜੀ ਤਕ ਇਹ ਮਰਯਾਦਾ ਕਾਇਮ ਰਹੀ।

ਅਠਾਰ੍ਹਵੀਂ ਸਦੀ ਵਿਚ ਸਿੱਖਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੇ ਸਿਰਾਂ ਦੇ ਮੁੱਲ ਪਏ ਅਤੇ ਉਨ੍ਹਾਂ ਨੂੰ ਭਾਰੀ ਗਿਣਤੀ ਵਿਚ ਸ਼ਹੀਦ ਕੀਤਾ ਗਿਆ। ਉਹ ਜੰਗਲਾਂ ਵਿਚ ਜੱਥੇ ਬਣਾ ਕੇ ਇਧਰ ਉਧਰ ਭਟਕਦੇ ਫਿਰਦੇ ਸਨ ਤਾਂ ਉਸ ਸਮੇਂ ਵੀ ਸੰਗਤਾਂ ਜੰਗਲ ਵਿਚ ਸਵੇਰੇ ਸ਼ਾਮ ਜੁੜਦੀਆਂ ਅਤੇ ਸ਼ਬਦ ਕੀਰਤਨ ਕਰਦੀਆਂ। ਉਹ ਚੜ੍ਹਦੀ ਕਲਾ ਵਿਚ ਗੀਤ ਗਾਉਂਦੇ ਹੋਏ ਕਹਿੰਦੀਆਂ *"ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ।"* ਸਾਂਝੀ ਅਰਦਾਸ ਵੇਲੇ ਉਹ ਰਲ ਕੇ ਪੜ੍ਹਦੀਆਂ :

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹਿ।
ਜੋ ਪ੍ਰਭ ਕੋ ਮਿਲ ਬੋਚ ਹੈਂ, ਖੋਜ ਸ਼ਬਦ ਮਹਿ ਲੇਹਿ।

ਗੁਰੂ ਸਾਹਿਬਾਂ ਦੇ ਵੇਲੇ ਸੰਗਤਾਂ ਗੁਰੂ ਜੀ ਦੀ ਹਜ਼ੂਰੀ ਵਿਚ ਜੁੜ ਕੇ ਗੁਰੂ ਜੀ ਪਾਸੋਂ ਸ਼ਖਸੀ ਛੋਹ ਪ੍ਰਾਪਤ ਕਰਦੀਆਂ ਸਨ। ਹੁਣ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤਾਂ ਜੁੜਨ ਲਗ ਪਈਆਂ। ਜਦ ਸਿੱਖਾਂ ਉਪਰ ਸਖ਼ਤੀ ਦਾ ਦੌਰ ਮਠਾ ਪਿਆ ਤਾਂ ਮਿਸਲਾਂ ਦਾ ਦੌਰ ਆਇਆ। ਥਾਉਂ ਥਾਈਂ ਗੁਰਦੁਆਰੇ ਬਣਨ ਲਗ ਪਏ। ਸੰਗਤਾਂ ਉਥੇ ਜੁੜ ਕੇ ਗੁਰੂ ਗ੍ਰੰਥ ਸਾਹਿਬ ਸਿਖਿਆ ਗ੍ਰਹਿਣ ਕਰਨ ਲਗ ਪਈਆਂ। ਇਹ ਮਰਯਾਦਾ ਹੁਣ ਤਕ ਕਾਇਮ ਹੈ। ਗੁਰੂ ਸਾਹਿਬਾਂ ਦੀ ਛੋਹ ਹੁਣ ਗੁਰਬਾਣੀ ਵਿਚੋਂ ਪ੍ਰਾਪਤ ਹੁੰਦੀ ਹੈ।

ਸ਼ਖਸੀ ਛੋਹ ਦੁਆਰਾ ਅਸਰ

ਮਹਾਂਪੁਰਸ਼ਾਂ ਦੇ ਬਚਨ ਭਾਵੇਂ ਸਾਧਾਰਣ ਹੀ ਕਿਉਂ ਨਾ ਹੋਣ ਉਨ੍ਹਾਂ ਦਾ ਅਸਰ ਬਹੁਤ ਹੁੰਦਾ ਹੈ। ਉਨ੍ਹਾਂ ਪਿਛੇ ਕਰੜੀ ਸਾਧਨਾਂ, ਤੱਪ ਦਾ ਤੇਜ, ਸੱਚੀ ਕਮਾਈ ਤੇ ਆਚਰਣ ਕੰਮ ਕਰਦਾ ਹੈ। ਇਹੋ ਕਾਰਨ ਹੈ ਉਨ੍ਹਾਂ ਦੇ ਸਿਧੇ ਬਚਨ ਵੀ ਵਧੇਰੇ ਅਸਰ ਰਖਦੇ ਹਨ। ਆਮ ਮਨੁੱਖ ਇਹੋ ਜਿਹੇ ਸ਼ਬਦਾਂ ਨਾਲ ਦੂਸਰੇ ਦਾ ਜੀਵਨ ਬਦਲ ਨਹੀਂ ਸਕਦੇ। ਇਕ ਵਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਕੁਝ ਸਿੱਖਾਂ ਨੇ ਪੁਛਿਆ, "ਸੱਚੇ ਪਾਤਸ਼ਾਹ ਕਈ ਵਾਰੀ ਅਸੀਂ ਵੀ ਉਹ ਕੁਝ ਕਹਿ ਰਹੇ ਹੁੰਦੇ ਹਾਂ ਜੋ ਭਾਈ ਗੁਰਦਾਸ ਜੀ ਕਹਿੰਦੇ ਹਨ। ਪਰ ਸਾਡੀ ਗੱਲ ਨੂੰ

ਕੋਈ ਗੋਲਦਾ ਵੀ ਨਹੀਂ ਜਦ ਕਿ ਭਾਈ ਸਾਹਿਬ ਦੇ ਬਚਨਾਂ ਨੂੰ ਹਸਦੇ ਹਸਦੇ ਸਿਰ ਮੱਥੇ ਕਬੂਲ ਕਰਦੇ ਹਨ। ਇਸਦਾ ਕੀ ਕਾਰਨ ਹੈ?" ਸਤਿਗੁਰਾਂ ਨੇ ਬੜਾ ਹੀ ਭਾਵਪੂਰਤ ਤੇ ਸੰਖੇਪ ਉੱਤਰ ਦੇਂਦੇ ਹੋਏ ਆਖਿਆ :

"ਬਾਤ ਬਾਤ ਮੇਂ ਅੰਤਰ ਨਹੀਂ ਜੀਵਨ ਜੀਵਨ ਮੇਂ ਅੰਤਰ ਹੈ।"[13]

ਭਾਰਤ ਦੇ ਪ੍ਰਸਿੱਧ ਰਿਸ਼ੀ ਬਾਲਮੀਕ ਕਿਸੇ ਸਮੇਂ ਡਾਕੂ ਸਨ। ਰਾਹ ਜਾਂਦਿਆਂ ਨੂੰ ਲੁਟਦੇ ਮਾਰਦੇ ਸਨ। ਇਕ ਵਾਰੀ ਇਕ ਮਹਾਤਮਾ ਉਧਰੋਂ ਆ ਲੰਘੇ ਜਿਧਰ ਬਾਲਮੀਕ ਖੜੇ ਸਨ। ਬਾਲਮੀਕ ਉਨ੍ਹਾਂ ਨੂੰ ਮਾਰਨ ਲਈ ਅਗੇ ਵਧੇ। ਮਹਾਂਪੁਰਸ਼ ਨੇ ਇੰਜ ਪੁਛਿਆ, "ਤੂੰ ਕਿਉਂ ਡਾਕੇ ਮਾਰਦਾ ਹੈ" ਉੱਤਰ ਮਿਲਿਆ: "ਘਰ ਦਿਆਂ ਦੇ ਨਿਰਬਾਹ ਲਈ ਮਾਰ ਧਾੜ ਕਰਦਾ ਹਾਂ।" ਮਹਾਤਮਾ ਨੇ ਕਿਹਾ "ਜਿਨ੍ਹਾਂ ਵਾਸਤੇ ਤੂੰ ਡਾਕੇ ਮਾਰਦਾ ਹੈਂ ਕੀ ਉਹ ਅੰਤ ਸਮੇਂ ਤੇਰੇ ਸਹਾਇਕ ਹੋਣਗੇ?" ਬਸ ਇਤਨੇ ਬਚਨਾਂ ਨੇ ਹੀ ਬਾਲਮੀਕ ਦੇ ਮਨ ਵਿਚ ਪਲਟਾ ਲੈ ਆਂਦਾ। ਉਸ ਦੇ ਹਿਰਦੇ ਵਿਚ ਸੱਚ ਦੀ ਜੋਤ ਜਗ ਪਈ। ਸਤਿ ਸੰਗਤ ਕਰਕੇ ਇਕ ਡਾਕੂ ਤੇ ਧਾੜਵੀ ਇਕ ਰਿਸ਼ੀ ਬਣ ਗਿਆ।[14] ਗੋਸਾਈ ਤੁਲਸੀ ਦਾਸ ਨੇ ਇਸ ਬਾਰੇ ਇੰਜ ਲਿਖਿਆ ਹੈ :

"ਮਜਨ ਫਲ ਪੀਖੀਐ ਤਤਕਾਲਾ।
ਕਾਕ ਬਕਰੁ ਪਿਕ ਹੋਇ ਮੁਰਾਲਾ।
ਸੁਨ ਅਸਚਰਜ ਕਰੈ ਜੇ ਕੋਈ।
ਸਤਿ ਸੰਗਤਿ ਮਹਿਮਾ ਨਹਿ ਗੋਈ।
ਬਾਲਮੀਕ ਨਾਰਦ ਘਟ ਜੋਨੀ।
ਨਿਜ ਨਿਜ ਕਹੀ ਮੁਖਨ ਨਿਜ ਹੋਨੀ।
ਸੋ ਜਾਨਤ ਸਤਿਸੰਗ ਪ੍ਰਭਾਊ।
ਲੋਕਹਿ ਵੇਦ ਨ ਆਨ ਉਪਾਊ।
ਬਿਨ ਸਤਿ ਸੰਗ ਵਿਵੇਕ ਨ ਹੋਈ।
ਰਾਮ ਕ੍ਰਿਪਾ ਬਿਨ ਸੁਲਭ ਨ ਸੋਈ।"

ਈਸਾਈਆਂ ਦੇ ਪੈਗੰਬਰ ਈਸਾ ਨੇ ਪੀਟਰ ਨੂੰ ਪੁਛਿਆ : "ਕੀ ਤੂੰ ਮਛੀਆਂ ਹੀ ਫੜਦਾ ਰਹੇਂਗਾ?" ਪੀਟਰ ਦੇ ਜੀਵਨ ਵਿਚ ਪਲਟਾ ਆ ਗਿਆ। ਮਹਾਤਮਾ ਬੁਧ ਨੂੰ ਇਕ ਵੇਰਾਂ ਕਿਸੇ ਵੇਸਵਾ ਨੇ ਨੀਵੀਂ ਵਾਸਨਾ ਨਾਲ ਇੰਜ ਆਖਿਆ : "ਹੇ ਰਾਜ ਕੁਮਾਰ ਗੋਤਮ ਕਦੀ ਮੇਰੇ ਘਰ ਵੀ ਆਉ।" ਮਹਾਤਮਾ ਬੁੱਧ ਨੇ ਉੱਤਰ ਦਿੱਤਾ, "ਮੇਰਾ ਸਮਾਂ ਨਹੀਂ ਆਇਆ।" ਕੁਝ ਸਮਾਂ ਬੀਤਣ ਤੇ ਵੇਸਵਾ ਬੀਮਾਰ ਹੋ ਗਈ। ਉਸ ਦੇ ਸਾਥੀਆਂ ਨੇ ਉਸ ਦੇ ਗਹਿਣੇ ਗਟੇ ਲਾਹ ਲਏ ਤੇ ਉਸ ਨੂੰ ਅੱਧ-ਮੋਇਆ ਜਾਣ ਕੇ ਇਕ ਗਠੜੀ ਵਿਚ ਬੰਨ੍ਹ ਕੇ ਬਾਹਰ ਸੁਟ ਆਏ। ਦੇਵ ਨੇਤ ਮਹਾਤਮਾ ਬੁਧ ਉਸ ਪਾਸਿਉਂ ਲੰਘੇ। ਉਨ੍ਹਾਂ ਗਠੜੀ ਖੋਲ੍ਹੀ। ਵੇਸਵਾ ਦੇ ਮੈਲੇ ਕੁਚੈਲੇ ਸਰੀਰ ਨੂੰ ਆਪਣੇ ਹੱਥਾਂ ਨਾਲ ਸਾਫ਼ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਵੇਸਵਾ ਨੂੰ ਹੋਸ਼ ਆਇਆ। ਉਸ ਨੇ ਤੱਕਿਆ ਮਹਾਤਮਾ ਬੁਧ ਉਸ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਮੁਸਕਰਾਂਦੇ ਹੋਏ ਕਿਹਾ : "ਮੇਰਾ ਸਮਾਂ ਆ ਗਿਆ ਹੈ।" ਵੇਸਵਾ ਦੇ ਮਨ ਅੰਦਰ ਸੱਚ ਦਾ ਪ੍ਰਕਾਸ਼ ਹੋ ਗਿਆ। ਉਹ ਮਹਾਤਮਾ ਬੁਧ ਦੇ ਚਰਨਾਂ ਤੇ ਡਿਗ ਪਈ। ਉਸ ਨੇ ਉਪਦੇਸ਼ ਲੈ ਕੇ ਥਾਉਂ ਥਾਈਂ ਬੁਧ ਮਤ ਦਾ ਪਰਚਾਰ ਕੀਤਾ।

ਸਪੱਸ਼ਟ ਹੈ ਚੰਗੀ ਸੰਗਤ ਭੈੜੇ ਹਿਰਦਿਆਂ ਨੂੰ ਬਦਲ ਕੇ ਰਖ ਦਿੰਦੀ ਹੈ। ਠੀਕ ਰਾਹ

ਦਸਦੀ ਹੈ। ਇਕ ਤਾਂ ਹੁੰਦੀ ਹੈ ਸ਼ਖਸੀ ਛੋਹ। ਇਹ ਭੀ ਸੰਗਤ ਦਾ ਹੀ ਇਕ ਰੂਪ ਹੈ। ਇਸ ਵਿਚ ਨਿਰਾ ਉਪਦੇਸ਼ ਹੀ ਕੰਮ ਨਹੀਂ ਕਰਦਾ, ਜੀਵਨ ਛੋਹ ਵਧੇਰੇ ਅਸਰ ਕਰਦੀ ਹੈ। ਪਰ ਇਹ ਅਸਰ ਕਮਾਈ ਵਾਲੇ ਵਿਅਕਤੀ ਹੀ ਪਾ ਸਕਦੇ ਹਨ। ਪਰ ਸਮੂਹਕ ਰੂਪ ਵਿਚ ਸੰਗਤ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸੰਗਤ, ਸੇਵਾ ਤੇ ਸਿਮਰਨ ਵਿਚ ਜੁੜੀ ਹੋਈ ਸੰਗਤ ਦੀ ਦਯਾ ਦ੍ਰਿਸ਼ਟੀ ਤੇ ਪ੍ਰੇਮ ਛੋਹ ਵੀ ਐਸਾ ਅਸਰ ਕਰਦੀ ਹੈ ਜਿਸ ਨਾਲ ਜੀਵਨ ਪਲਟ ਜਾਂਦਾ ਹੈ।

ਸਿੱਖ ਇਤਿਹਾਸ ਵਿਚੋਂ ਕੁਝ ਮਿਸਾਲਾਂ

ਸਤਿ ਸੰਗਤ ਕਿਵੇਂ ਮਾੜੇ ਆਦਮੀਆਂ ਨੂੰ ਬਦਲ ਦਿੰਦੀ ਹੈ, ਇਸ ਦੀਆਂ ਕੁਝ ਕੁ ਮਿਸਾਲਾਂ ਸਿੱਖ ਇਤਿਹਾਸ ਵਿਚੋਂ ਦਿੰਦੇ ਹਾਂ :

ਪੰਜਾਬ ਦੇ ਦੱਖਣੀ-ਲਹਿੰਦੇ ਹਿੱਸੇ ਵਿਚ ਇਕ ਨਗਰ ਤੁਲੰਬਾ ਸੀ। ਗੁਰੂ ਸਾਹਿਬ ਦੇ ਸਮੇਂ ਉਥੇ ਇਕ ਸ਼ੇਖ ਸੱਜਣ ਨਾਮ ਦਾ ਠੱਗ ਰਹਿੰਦਾ ਸੀ ਜੋ ਕਿ ਫ਼ਕੀਰੀ ਭੇਖ ਬਣਾ ਕੇ ਲੋਕਾਂ ਨੂੰ ਲੁੱਟਦਾ ਸੀ। ਕਈਆਂ ਨੂੰ ਕਤਲ ਕਰਕੇ ਅੰਦਰ ਹੀ ਦੱਬ ਦਿੰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸੱਜਣ ਦੇ ਟਿਕਾਣੇ ਤੇ ਪਹੁੰਚੇ। ਉਸ ਨੇ ਆਪਣੇ ਸੁਭਾਅ ਅਨੁਸਾਰ ਰਾਤ ਦੇ ਸਮੇਂ ਗੁਰੂ ਜੀ ਨੂੰ ਮਾਰਨਾ ਚਾਹਿਆ। ਉਨ੍ਹਾਂ ਨੇ ਅਕਾਲ ਪੁਰਖ ਨਾਲ ਜੁੜ ਕੇ ਸ਼ਬਦ ਗਾਇਆ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।

... ...

... ...

ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ ਪੰ. ੭੨੯

ਸ਼ਬਦ ਸੁਣ ਕੇ ਸੱਜਣ ਗੁਰੂ ਜੀ ਦੇ ਕੋਲ ਆਇਆ। ਸਤਿਗੁਰਾਂ ਨੇ ਉਸ ਨੂੰ ਕਿਹਾ : "ਤੇਰਾ ਨਾਂ ਤਾਂ ਸੱਜਣ ਹੈ ਪਰ ਤੂੰ ਕੰਮ ਸਜਣਾਂ ਵਾਲੇ ਨਹੀਂ ਕਰਦਾ।" ਸੱਜਣ ਕੰਬ ਗਿਆ। ਮਨ ਵਿਚ ਪਲਟਾ ਆਇਆ। ਬਸ ਇਕ ਰਾਤ ਦੀ ਇਕ ਘੜੀ ਦੀ ਸਤਿਗੁਰਾਂ ਦੀ ਸੰਗਤ ਨੇ ਸੱਜਣ ਨੂੰ ਬਦਲ ਕੇ ਰੱਖ ਦਿੱਤਾ। ਉਸ ਨੇ ਠੱਗੀ ਛੱਡ ਦਿੱਤੀ। ਆਪਣੇ ਡੇਰੇ ਨੂੰ ਧਰਮਸ਼ਾਲਾ ਬਣਾ ਕੇ ਲਗਾ ਗੁਰੂ ਗੁਰੂ ਜਪਣ। ਉਸ ਦੀ ਧਰਮਸ਼ਾਲਾ ਵਿਚ ਨਿਤ ਸਤਿਸੰਗ ਹੋਣ ਲਗ ਪਿਆ।

ਗੁਰੂ ਨਾਨਕ ਦੇਵ ਜੀ ਨੇ ਆਸਾਮ ਦੀ ਜਾਦੂਗਰਨੀ ਨੂਰ ਸ਼ਾਹ ਤੇ ਭੂਮੀਏ ਡਾਕੂ ਦੇ ਜੀਵਨ ਵੀ ਬਦਲ ਕੇ ਰਖ ਦਿੱਤੇ। ਇਹ ਗੁਰੂ ਜੀ ਦੀ ਸੱਚੀ ਸੰਗਤ ਦਾ ਹੀ ਪ੍ਰਤੀਕਰਮ ਸੀ ਕਿ ਐਸੇ ਅਭਿਮਾਨੀ ਤੇ ਗ਼ਲਤ ਰਾਹ ਤੇ ਪਏ ਹੋਏ ਮਨੁੱਖਾਂ ਦੇ ਜੀਵਨ ਵਿਚ ਪਰਿਵਰਤਨ ਆ ਗਿਆ।

ਇਕ ਵੇਰ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਸੰਗਤ ਵਿਚ ਸ਼ਸ਼ੋਭਤ ਸਨ। ਇਕ ਓਪਰਾ ਜਿਹਾ ਆਦਮੀ ਝੁੰਮ ਮਾਰੀ ਆਇਆ ਤੇ ਸੰਗਤ ਵਿਚ ਆ ਬੈਠਾ। ਕੁਝ ਦੇਰ ਮਗਰੋਂ ਕੁਝ ਆਦਮੀ ਭੱਜੇ ਆਏ ਜੋ ਕਿ ਖੋਜੀ ਸਨ। ਸਤਿਸੰਗ ਵਿਚ ਕੀਰਤਨ ਹੋ ਰਿਹਾ ਸੀ। ਸਮਾਪਤੀ ਹੋਈ ਤਾਂ ਖੋਜੀਆਂ ਨੇ ਖੜੇ ਹੋ ਕੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਅਸੀਂ ਇਕ ਚੋਰ ਦਾ ਖੁਰਾ ਖੋਜਦੇ ਇਥੇ ਆਪ ਦੇ ਦਰਬਾਰ ਵਿਚ ਪਹੁੰਚੇ ਹਾਂ। ਕਿਰਪਾ ਕਰਕੇ ਸੰਗਤ ਵਿਚੋਂ ਚੋਰ ਸਾਨੂੰ ਫੜਾ ਦਿਉ।" ਗੁਰੂ ਜੀ ਨੇ ਹੈਰਾਨੀ ਨਾਲ ਕਿਹਾ : "ਸਾਡੀ ਸੰਗਤ ਵਿਚ ਚੋਰ? ਇਹ ਤਾਂ ਸਾਧ ਸੰਗਤ ਹੈ। ਜੇਕਰ ਕੋਈ ਚੋਰ ਹੈ ਤਾਂ ਲਭ ਲਉ।" ਖੋਜੀਆਂ ਨੇ ਬੜੀ ਕੋਸ਼ਿਸ਼ ਕੀਤੀ ਪਰ ਚੋਰ ਨਾਂਹ ਦਿਸਿਆ। ਬੇਨਤੀ ਕੀਤੀਓ ਨੇ :

"ਮਹਾਰਾਜ ਅਸਾਂ ਚੋਖੀ ਭਾਲ ਕੀਤੀ ਹੈ ਪਰ ਸਾਨੂੰ ਚੋਰ ਨਹੀਂ ਲਭਾ। ਇਥੇ ਤਾਂ ਸਭ ਸੰਤ ਹੀ ਦਿਸਦੇ ਹਨ। ਪਰ ਖੁਰਾ ਇਥੇ ਹੀ ਆਉਂਦਾ ਹੈ। ਸੱਚੇ ਪਾਤਸ਼ਾਹ ਆਪ ਸੰਗਤ ਨੂੰ ਪੁਛ ਵੇਖੋ।" ਸਤਿਗੁਰਾਂ ਪੁਛਿਆ : "ਕਿਉਂ ਭਾਈ ਇਸ ਸੰਗਤ ਵਿਚ ਕੋਈ ਚੋਰ ਤਾਂ ਨਹੀਂ?" ਇਕ ਉਠ ਕੇ ਬੋਲਿਆ : "ਗੁਰਦੇਵ ਮੈਂ ਇਨ੍ਹਾਂ ਦਾ ਚੋਰ ਹਾਂ। ਮੇਰਾ ਨਾਂ ਬਿਧੀ ਚੰਦ ਹੈ। ਮੈਂ ਮਹੀਆਂ ਕੱਢ ਕੇ ਲਿਆਂਦੀਆਂ ਹਨ। ਮੈਂ ਮਹੀਆਂ ਛਪੜ ਵਿਚ ਵਾੜ ਕੇ ਆਪ ਦੀ ਸੰਗਤ ਵਿਚ ਆ ਬੈਠਾ। ਸੰਗਤ ਦਾ ਇਤਨਾ ਪ੍ਰਭਾਵ ਪਿਆ ਕਿ ਮੇਰਾ ਮਨ ਬਦਲ ਗਿਆ ਹੈ। ਮੈਂ ਚੋਰੀ ਛੱਡਣ ਦਾ ਪ੍ਰਣ ਕਰਦਾ ਹਾਂ। ਆਪ ਦੀ ਸੰਗਤ ਵਿਚ ਰਹਿ ਕੇ ਸੇਵਾ ਕਰਨੀ ਚਾਹੁੰਦਾ ਹਾਂ।"

ਇੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਨੇ ਬਿਧੀ ਚੰਦ ਡਾਕੂ ਨੂੰ ਭਾਈ ਬਿਧੀ ਚੰਦ ਬਣਾ ਦਿੱਤਾ।

ਮਹਿਮਾ ਸਾਧੂ ਸੰਗਿ ਕੀ ਸੁਨਹੁ ਮੇਰੇ ਮੀਤਾ।
ਮੈਲ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ। ਪੰ. ੮੦੯

ਭਾਈ ਬਿਧੀ ਚੰਦ ਇਕ ਪਰਚਾਰਕ ਹੋ ਨਿਬੜਿਆ। ਉਸਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫ਼ੌਜਾਂ ਦਾ ਇਕ ਸੈਨਾਪਤੀ ਬਣ ਕੇ ਕਈ ਕਾਰਨਾਮੇ ਕੀਤੇ।

ਇਹ ਤਾਂ ਹਨ ਜਾਤੀ ਛੂਹ ਜਾਂ ਸੱਚੇ ਗੁਰੂ ਦੀ ਸੰਗਤ ਦੀਆਂ ਕੁਝ ਮਿਸਾਲਾਂ। ਗੁਰੂ ਜੀ ਨੇ ਇਸੇ ਨੂੰ ਸਤਿ ਸੰਗਤ ਦਾ ਰੂਪ ਦਿੱਤਾ। ਗੁਰੂ ਦੀ ਆਪਣੀ ਜਾਤੀ ਛੂਹ ਤਾਂ ਹਰ ਵੇਲੇ ਪ੍ਰਾਪਤ ਹੋਣੀ ਮੁਸ਼ਕਲ ਹੈ। ਗੁਰੂ ਜੀ ਨੇ ਤਾਹੀਓਂ ਥਾਉਂ ਥਾਈਂ ਸੰਗਤਾਂ ਕਾਇਮ ਕੀਤੀਆਂ। ਆਪਣੀਆਂ ਛੂਹ ਸੰਗਤ ਨੂੰ ਦਿੱਤੀ ਤੇ ਸੰਗਤਾਂ ਅਗਾਂਹ ਗੁਰੂ ਉਪਦੇਸ਼ ਦਾ ਪਰਚਾਰ ਤੇ ਪਰਸਾਰ ਕਰਦੀਆਂ ਰਹੀਆਂ।

ਸਮਾਜਿਕ ਜੀਵਨ ਦੀ ਉੱਨਤੀ

ਸੰਗਤ ਦੇ ਕਈ ਗੁਣਾਂ ਵਿਚੋਂ ਇਕ ਵੱਡਾ ਗੁਣ ਇਹ ਹੈ ਕਿ ਮਨੁੱਖ ਜਦ ਦੂਜਿਆਂ ਨਾਲ ਰਲ ਕੇ ਕੰਮ ਕਰਦਾ ਹੈ ਤਾਂ ਉਸ ਦੀ ਕੰਮ ਕਰਨ ਦੀ ਸ਼ਕਤੀ ਵੱਧ ਜਾਂਦੀ ਹੈ। ਮਨੁੱਖ ਦੀ ਹੁਣ ਤਕ ਵੱਖ ਵੱਖ ਖੇਤਰਾਂ ਵਿਚ ਹੋਈ ਤਰੱਕੀ ਉਸ ਦੇ ਸਮਾਜਿਕ ਜੀਵਨ ਕਰਕੇ ਹੀ ਹੈ। ਮਨੁੱਖ ਜਿਸ ਕਾਰਜ ਲਈ ਦੂਸਰਿਆਂ ਨਾਲ ਰਲ ਕੇ ਕੰਮ ਕਰਦਾ ਹੈ ਉਸ ਵਿਚ ਇਕੱਲਿਆਂ ਕੀਤੇ ਯਤਨਾਂ ਨਾਲੋਂ ਵੱਧ ਪ੍ਰਾਪਤੀ ਹੁੰਦੀ ਹੈ।

ਆਤਮਿਕ ਉੱਨਤੀ ਲਈ ਸਤਿ ਸੰਗਤ ਇਕ ਸੋਖਾ ਤੇ ਵਧੇਰੇ ਅਸਰ ਕਰਨ ਵਾਲਾ ਸਾਧਨ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਰੂਹਾਨੀ ਤਰੱਕੀ ਵਾਸਤੇ ਸਤਿ ਸੰਗਤ ਵਿਚ ਜੁੜਨਾ ਸਿੱਖ ਮਰਯਾਦਾ ਦਾ ਇਕ ਜ਼ਰੂਰੀ ਅੰਗ ਬਣਾਇਆ। ਗੁਰਮਤਿ ਅਨੁਸਾਰ ਸਿੱਖ ਨੇ ਕੇਵਲ ਸ਼ਖ਼ਸੀ ਜੀਵਨ ਦੀ ਹੀ ਉਸਾਰੀ ਨਹੀਂ ਕਰਨੀ ਸਗੋਂ ਉਸ ਨੇ ਸਮੁੱਚੀ ਜ਼ਿੰਦਗੀ ਨੂੰ ਹਰ ਪੱਖੋਂ ਉਚਿਆਂ ਕਰਨ ਦਾ ਜਤਨ ਕਰਨਾ ਹੈ। ਇਹ ਕੋਸ਼ਿਸ਼ ਸਤਿ ਸੰਗਤ ਰਾਹੀਂ ਜ਼ਿਆਦਾ ਫਲਦਾਇਕ ਹੋ ਸਕਦੀ ਹੈ।

ਸਿੱਖ ਧਰਮ ਅਨੁਸਾਰ ਸੰਗਤ ਦੁਆਰਾ ਕੇਵਲ ਆਤਮਿਕ ਉੱਨਤੀ ਹੀ ਨਹੀਂ ਸਗੋਂ ਸਮਾਜਿਕ ਤਰੱਕੀ ਵੀ ਮੰਨੀ ਗਈ ਹੈ। ਸੰਗਤ ਵਿਚ ਸਭ ਬਰਾਬਰ ਦਾ ਦਰਜਾ ਰਖਦੇ ਹਨ। ਰਾਣਾ, ਰੰਕ ਬਰਾਬਰੀ ਦਾ ਖਿਆਲ ਪਦਵੀ ਦਾ ਭੇਦ ਭਾਵ ਖਤਮ ਕਰਦਾ ਹੈ। ਸਿੱਖ ਸੰਗਤ ਤੇ ਪੰਗਤ ਵਿਚ ਆ ਕੇ ਜ਼ਾਤ ਪਾਤ, ਛੂਤ-ਛਾਤ ਅਤੇ ਊਚ ਨੀਚ ਦਾ ਅਭਾਵ ਹੁੰਦਾ ਹੈ।

ਸਪੱਸ਼ਟ ਹੈ ਕਿ ਸਿੱਖ ਧਰਮ ਵਿਚ ਆਤਮਿਕ ਉੱਨਤੀ, ਸਮਾਜਿਕ ਤਰੱਕੀ ਤੇ ਸਾਂਝੇ ਕੌਮੀ ਜੀਵਨ ਦੀ ਉਸਾਰੀ ਲਈ ਸੰਗਤ ਦਾ ਉੱਤਮ ਦਰਜਾ ਤੇ ਖ਼ਾਸ ਰੋਲ ਹੈ। ਸਿੱਖ ਧਰਮ ਨੇ ਰੋਜ਼ਾਨਾ ਸਤਿ ਸੰਗਤ ਕਰਨ ਦਾ ਨੇਮ ਬਣਾ ਕੇ ਸਮੁੱਚੇ ਤੌਰ ਤੇ ਹਰ ਪੱਖੋਂ ਆਚਰਣ ਦੀ ਉਸਾਰੀ ਦਾ ਖਿਆਲ ਦਿੱਤਾ ਅਤੇ ਇਕ ਦੂਜੇ ਵਿਚ ਸਾਂਝੀਵਾਲਤਾ ਤੇ ਸਮਾਨਤਾ ਦੀ ਭਾਵਨਾ ਉਜਾਗਰ ਕੀਤੀ। ਇੰਜ ਦੂਜੇ ਨਾਲ ਹਮਦਰਦੀ ਤੇ ਪਰਸਪਰ ਪਿਆਰ ਜਾਗਦਾ ਹੈ। ਇਕ ਦੂਜੇ ਨਾਲ ਵੈਰ ਵਿਰੋਧ ਦੀ ਭਾਵਨਾ ਖ਼ਤਮ ਹੁੰਦੀ ਹੈ :

ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ। ਰਹਾਉ।
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ। ਪੰ. ੧੨੯੯

ਇਹ ਹਨ ਕੁਝ ਕੁ ਗੱਲਾਂ ਜਿਨ੍ਹਾਂ ਦਾ ਸਿੱਖ ਧਰਮ ਨਾਲ ਡੂੰਘਾ ਸੰਬੰਧ ਹੈ। ਸੰਗਤ ਵਿਚ ਜੁੜ ਕੇ ਨਾਮ ਜਪਣਾ, ਗੁਰਬਾਣੀ ਦਾ ਪਾਠ ਕਰਨਾ, ਕੀਰਤਨ ਕਰਨਾ, ਸੰਗਤ ਦੀ ਸੇਵਾ ਕਰਨੀ, ਜੋੜੇ ਝਾੜਨੇ, ਲੰਗਰ ਬਣਾਉਣਾ ਤੇ ਛਕਾਉਣਾ ਆਦਿ ਐਸੇ ਕੰਮ ਹਨ ਜੋ ਕਿ ਰਲ ਮਿਲ ਕੇ ਕੀਤੇ ਜਾਂਦੇ ਹਨ। ਇੰਜ ਹੀ ਸਿੱਖਾਂ ਦੀ ਅਰਦਾਸ ਵਿਚ ਨਿਤ ਉਨ੍ਹਾਂ ਸੰਤਾਂ, ਭਗਤਾਂ, ਸੂਰਬੀਰਾਂ ਅਤੇ ਸ਼ਹੀਦਾਂ ਦੀ ਯਾਦ ਤਾਜ਼ਾ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ.......ਧਰਮ ਪਿਛੇ ਸੀਸ ਦਿੱਤੇ। ਇਸੇ ਤਰ੍ਹਾਂ ਸਿੱਖ ਸੰਤਾਂ, ਭਗਤਾਂ ਤੇ ਸ਼ਹੀਦਾਂ ਦੀਆਂ ਆਤਮਾ ਨਾਲ ਜੁੜ ਕੇ ਉਨ੍ਹਾਂ ਦੀ ਗੈਬੀ ਸੰਗਤ ਕਰਦੇ ਸਨ।

ਭਾਰਤੀ ਪਰੰਪਰਾ ਤੋਂ ਵੱਖਰਾ ਖ਼ਿਆਲ

ਸਪੱਸ਼ਟ ਹੈ ਕਿ ਸਿੱਖ ਧਰਮ ਨੇ ਸੰਗਤ ਦਾ ਜੋ ਖਿਆਲ ਦਿੱਤਾ ਹੈ ਇਹ ਭਾਰਤੀ ਪਰੰਪਰਾ ਤੋਂ ਵੱਖਰਾ ਤੇ ਨਵੀਨ ਹੈ। ਭਾਰਤ ਵਿਚ ਪ੍ਰਾਚੀਨ ਸਮਿਆਂ ਤੋਂ ਵਿਅਕਤੀਗਤ ਰੂਪ ਵਿਚ ਆਚਰਣ ਉਸਾਰੀ ਤੇ ਬੜਾ ਜ਼ੋਰ ਦਿੱਤਾ ਗਿਆ ਹੈ। ਰਿਸ਼ੀਆਂ ਮੁਨੀਆਂ ਦਾ ਜੰਗਲਾਂ ਵਿਚ ਜਾ ਕੇ ਤੱਪ ਕਰਨਾ ਅਤੇ ਆਮ ਲੋਕਾਂ ਦਾ ਵੀ ਆਖ਼ਰੀ ਉਮਰ ਵਿਚ ਸੰਨਿਆਸ ਧਾਰਨ ਕਰਨਾ ਉਸ ਉੱਦੇਸ਼ ਦੀ ਪੂਰਤੀ ਲਈ ਹੀ ਹੁੰਦਾ ਸੀ। ਬੋਧੀ ਭਿਖਸ਼ੂ ਮਠਾਂ ਵਿਚ ਮਨ ਨੂੰ ਇਕਾਗਰ ਕਰਨ ਦਾ ਯਤਨ ਕਰਦੇ ਸਨ। ਸਿਧ ਤੇ ਜੋਗੀ ਆਮ ਤੌਰ ਤੇ ਪਰਬਤਾਂ ਉਪਰ ਏਕਾਂਤ ਵਾਸ ਕਰਕੇ ਅਨਹਦ ਸ਼ਬਦ ਸੁਣਨ ਦੇ ਅਭਿਆਸ ਵਿਚ ਲਗੇ ਰਹਿੰਦੇ ਸਨ। ਸਮੂਹਕ ਰੂਪ ਵਿਚ ਜਾਂ ਜਮਾਤ ਦੀ ਸ਼ਕਲ ਵਿਚ ਇਹ ਯਤਨ ਨਹੀਂ ਸਨ ਹੁੰਦੇ। ਖਾਸ ਕਰਕੇ ਗ੍ਰਿਹਸਤੀ ਤਾਂ ਇਨ੍ਹਾਂ ਸਾਧਨਾਂ ਤੋਂ ਵਾਂਝੇ ਹੀ ਰਹਿੰਦੇ ਸਨ।

ਭਾਰਤ ਵਿਚ ਥਾਉਂ ਥਾਈਂ ਹਿੰਦੂ ਮੰਦਰਾਂ ਦੀ ਬਣਤਰ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਮੰਦਰ ਭਾਵੇਂ ਕਿਤਨੇ ਵੀ ਵੱਡੇ ਤੇ ਉੱਚੇ ਕਿਉਂ ਨਾ ਹੋਣ ਇਨ੍ਹਾਂ ਵਿਚ ਸੰਗਤਾਂ ਦੇ ਜੁੜਨ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ। ਆਮ ਤੌਰ ਤੇ ਠਾਕਰ ਜਾਂ ਪੁਜਾਰੀ ਲਈ ਥਾਂ ਹੁੰਦੀ ਸੀ। ਲੋਕੀਂ ਆਉਂਦੇ ਮੱਥਾ ਟੇਕ ਕੇ ਜਾਂ ਪ੍ਰਸ਼ਾਦਿ ਲੈ ਕੇ ਤੁਰਦੇ ਬਣਦੇ। ਇਕੱਠਿਆਂ ਬੈਠ ਕੇ ਪੂਜਾ ਦੀ ਰੀਤ ਘੱਟ ਸੀ। ਹਾਂ ਤੀਰਥਾਂ ਉਪਰ ਕੁੰਭ ਦੇ ਮੇਲੇ ਜ਼ਰੂਰ ਲਗਦੇ ਸਨ ਪਰ ਉਹ ਵੀ ਖ਼ਾਸ ਖ਼ਾਸ ਮੌਕਿਆਂ ਤੇ ਹੀ। ਜੋ ਲੋਕੀਂ ਇਕੱਠੇ ਹੁੰਦੇ ਉਨ੍ਹਾਂ ਵਿਚ ਵੀ ਜੁੜ ਬੈਠਣ ਤੇ ਸੰਗਤ ਦੀ ਭਾਵਨਾ ਨਹੀਂ ਸੀ ਜਾਗਦੀ। ਇਕ ਹੋਰ ਗੱਲ ਵੀ ਸੀ ਇਨ੍ਹਾਂ ਮੇਲਿਆਂ ਤੇ ਹਰ ਕੋਈ ਨਹੀਂ ਸੀ ਪਹੁੰਚ ਸਕਦਾ। ਹਿੰਦੂ ਮੰਦਰਾਂ ਵਿਚ ਸੰਗਤਾਂ ਤੇ ਜੁੜਦੀਆਂ ਨਹੀਂ ਸਨ। ਇੰਜ ਆਮ ਲੋਕਾਂ ਦੀ

ਹਾਲਤ ਤਰਸਯੋਗ ਸੀ। ਜਿਸ ਤਰ੍ਹਾਂ ਸਰਮਾਏਦਾਰੀ ਨਜ਼ਾਮ ਵਿਚ ਕੁਝ ਲੋਕੀਂ ਬਹੁਤ ਧਨਾਢ ਬਣ ਜਾਂਦੇ ਹਨ ਤੇ ਸਾਧਾਰਣ ਲੋਕੀਂ ਕੰਗਾਲ ਹੋ ਜਾਂਦੇ ਹਨ, ਇਹੀ ਹਾਲਤ ਪੁਰਾਤਨ ਵਿਅਕਤੀਗਤ ਧਰਮ ਵਿਚ ਸੀ। ਕੁਝ ਕੁਝ ਆਦਮੀ ਆਤਮਿਕ ਤੋਰ ਤੇ ਬਹੁਤ ਉੱਚੇ ਹੁੰਦੇ ਬਾਕੀ ਬਹੁਤ ਨੀਵੇਂ।[16]

ਸਿੱਖ ਧਰਮ ਨੇ ਇਕ ਨਵੇਂ ਪਰਕਾਰ ਦੇ ਸਮਾਜ ਦੀ ਨੀਂਹ ਰਖੀ। ਜਿਸ ਦਾ ਸੰਕਲਪ ਭਾਰਤ ਲਈ ਨਵਾਂ ਸੀ। ਇਹ ਅਨੁਭਵ ਹਿੰਦੂ ਸਮਾਜਿਕ ਪਰੰਪਰਾ ਤੋਂ ਵੱਖਰਾ ਸੀ। ਵੈਦਿਕ ਸਮੇਂ ਤੋਂ ਲੈ ਕੇ ਹੁਣ ਤਕ ਹਿੰਦੂ ਸਮਾਜ ਦੀ ਵੰਡ ਜਾਤ ਪਾਤ ਦੇ ਆਧਾਰ ਉਪਰ ਕਾਇਮ ਹੈ। ਸਦੀਆਂ ਤੋਂ ਜਾਤ ਪਾਤ ਨੇ ਪੱਕੇ ਤੇ ਕਰੜੇ ਢਾਂਚੇ ਵਿਚ ਹੀ ਹਿੰਦੂ ਸਮਾਜ ਨੂੰ ਜਕੜਿਆ ਹੋਇਆ ਸੀ।[17] ਮਹਾਤਮਾ ਬੁਧ ਨੇ ਬਰਾਬਰੀ ਦੀ ਗੱਲ ਤਾਂ ਕੀਤੀ ਪਰ ਜਾਤ ਪਾਤ ਵਿਰੁੱਧ ਸਿੱਧੇ ਤੋਰ ਤੇ ਕੋਈ ਗੱਲ ਨਹੀਂ ਸੀ ਕੀਤੀ। ਸਵਾਮੀ ਧਰਮਤੀਰਥ ਅਨੁਸਾਰ ਉਸ ਨੇ ਉਨ੍ਹਾਂ ਨਾਲ ਉਲਾਰ ਵਾਲਾ ਵਤੀਰਾ ਅਪਨਾਇਆ ਕਿਉਂਕਿ ਉਸਨੂੰ ਡਰ ਸੀ ਕਿ ਬ੍ਰਾਹਮਣਾਂ ਦਾ ਹਿੰਦੂ ਸਮਾਜ ਵਿਚ ਬਹੁਤ ਹੀ ਵਧੇਰੇ ਅਸਰ ਸੀ।[18] ਸਾਰਾ ਹਿੰਦੂ ਸਮਾਜ ਹਰ ਧਾਰਮਿਕ ਤੇ ਸਮਾਜਿਕ ਕਿਰਿਆ ਲਈ ਪੰਡਤਾਂ ਤੇ ਬ੍ਰਾਹਮਣਾਂ ਦਾ ਮੁਥਾਜ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤੀ ਲਹਿਰ ਨੇ ਜਾਤ ਪਾਤ ਵਿਰੁੱਧ ਅੰਦੋਲਨ ਲਈ ਕੁਝ ਪਿੜ ਬੰਨ੍ਹਿਆ। ਜਾਤ ਪਾਤ ਵਿਰੁੱਧ ਜੋ ਆਵਾਜ਼ ਗੁਰੂ ਸਾਹਿਬਾਂ ਨੇ ਉਠਾਈ ਉਹ ਬਹੁਤ ਪ੍ਰਬਲ ਸੀ। ਉਨ੍ਹਾਂ ਆਪਣੀ ਸੰਗਤ ਅਤੇ ਲੰਗਰ ਦੀ ਪੰਗਤ ਵਿਚ ਸਭ ਨੂੰ ਇਕੱਠਿਆਂ ਬੈਠ ਕੇ ਪੂਜਾ ਪਾਠ ਤੇ ਪ੍ਰਸ਼ਾਦਿ ਛਕਣ ਦੀ ਪਰੰਪਰਾ ਨੂੰ ਤੋਰਿਆ। ਗੁਰੂ ਅਮਰਦਾਸ ਜੀ ਨੇ ਤਾਂ "*ਪਹਿਲੇ ਪੰਗਤ ਪਾਛੇ ਸੰਗਤ*" ਕਹਿ ਕੇ ਛੂਤ ਛਾਤ ਤੇ ਜਾਤ ਪਾਤ ਦਾ ਭੇਦ ਭਾਵ ਤੋੜਨ ਦਾ ਭਰਪੂਰ ਉਪਰਾਲਾ ਕੀਤਾ। ਇਥੋਂ ਤਕ ਕਿ ਅਕਬਰ ਬਾਦਸ਼ਾਹ ਤੇ ਹਰੀਪੁਰ ਦੇ ਰਾਜੇ ਨੇ ਆਪਣੇ ਸਾਥੀਆਂ ਸਮੇਤ ਗੁਰੂ ਦੇ ਲੰਗਰ ਵਿਚੋਂ ਪ੍ਰਸ਼ਾਦਿ ਛਕਿਆ ਅਤੇ ਗੁਰੂ ਦੀ ਸੰਗਤ ਵਿਚ ਬੈਠ ਕੇ ਗੁਰ ਉਪਦੇਸ਼ ਸੁਣਿਆ।[19]

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ

ਯਹੂਦੀ ਈਸਾਈ ਤੇ ਇਸਲਾਮ ਧਰਮ ਸਮਾਜਿਕ ਧਰਮ ਹਨ। ਇਨ੍ਹਾਂ ਵਿਚ ਰਲ ਕੇ ਪ੍ਰਾਰਥਨਾ ਕਰਨ, ਇਕੱਠਿਆਂ ਹੋਲੀ ਕਮਯੂਨੀਅਨ ਦੇਣ ਤੇ ਖਾਣ ਦਾ ਰਿਵਾਜ ਹੈ। ਪਾਰਸੀ ਮਤ ਵਿਚ ਵੀ ਸਾਂਝੀ ਪੂਜਾ ਹੁੰਦੀ ਹੈ। ਅਮਰੀਕਾ ਦੀ ਯੂਟਾ ਸਟੇਟ ਵਿਚ ਇਕ ਨਵਾਂ ਫ਼ਿਰਕਾ ਮਾਰਮੋਨਜ਼ ਦਾ ਹੈ। ਉਹ ਭੀ ਸਾਂਝੀ ਕਿਰਿਆ ਵਿਚ ਵਿਸ਼ਵਾਸ ਰਖਦੇ ਹਨ। ਪਰ ਇਨ੍ਹਾਂ ਵਿਚ ਆਚਰਣ ਦੇ ਕੁਝ ਅਸੂਲਾਂ ਅਤੇ ਸਮਾਜਿਕ ਨੇਮਾਂ ਦੇ ਆਧਾਰ ਤੇ ਸਾਂਝੇ ਇਕੱਠ ਹੁੰਦੇ ਹਨ ਅਤੇ ਉਹ ਭੀ ਆਮ ਤੋਰ ਤੇ ਹਫਤੇ ਵਿਚ ਇਕ ਦਿਨ—ਐਤ, ਸ਼ਨੀ ਜਾਂ ਸ਼ੁਕਰ ਦੇ ਦਿਨ—ਜਾਂ ਫਿਰ ਕਿਸੇ ਖਾਸ ਦਿਨ ਜਾਂ ਤਿਉਹਾਰ ਦੇ ਮੋਕੇ ਤੇ।

ਗੁਰਦੁਆਰਿਆਂ ਵਿਚ ਸਿੱਖ ਸੰਗਤਾਂ ਨਿਤ ਇਕੱਤਰ ਹੁੰਦੀਆਂ ਹਨ। ਸਿੱਖ ਸੰਗਤ ਵਿਚ ਨਿਰਾ ਇਹੋ ਖਿਆਲ ਕੰਮ ਨਹੀਂ ਕਰਦਾ ਕਿ ਸੰਗਤ ਕੁਝ ਕੁ ਧਾਰਮਿਕ ਅਸੂਲਾਂ ਦੀ ਬਿਨਾ ਤੇ ਹੀ ਇਕੱਠੀ ਹੋਈ ਹੈ ਸਗੋਂ ਇਹ ਭਾਵਨਾ ਕੰਮ ਕਰਦੀ ਹੈ ਕਿ ਸੰਗਤ ਵਿਚ ਗੁਰੂ ਦਾ ਵਾਸਾ ਹੈ। ਸੰਗਤ ਵਿਚ ਵਾਹਿਗੁਰੂ ਦਾ ਵਾਸਾ ਹੈ। ਸਿੱਖਾਂ ਵਿਚ ਆਮ ਮਨੋਤ ਹੈ :

ਏਕ ਸਿਖ ਦੋਇ ਸਾਧ ਸੰਗ ਪੰਜੀ ਪਰਮੇਸ਼ਰ।

ਸੰਗਤ ਜਾਂ ਜਮਾਤ ਨੂੰ ਇਤਨੀ ਉੱਚੀ ਪ੍ਰਭੁਤਾ ਕਿਸੇ ਹੋਰ ਮਜ਼ਹਬ ਵਿਚ ਨਹੀਂ ਦਿੱਤੀ ਗਈ। ਸਤਿ ਸੰਗਤ ਨੂੰ ਉੱਤਮ ਤਾਂ ਹਰ ਕੋਈ ਮੰਨਦਾ ਹੈ ਪਰ ਵਾਹਿਗੁਰੂ ਦੇ ਗੁਰੂ ਦਾ ਨਿਵਾਸ ਸੰਗਤ ਵਿਚ ਹੈ, ਇਹ ਸਿਧਾਂਤ ਸਿੱਖੀ ਨੇ ਹੀ ਪੇਸ਼ ਕੀਤਾ ਹੈ। ਫ਼ੁਰਮਾਨ ਹੈ :

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ। ਪੰ. ੯੪

'ਸਤਿ' ਹੈ ਸਦਾ ਸਲਾਮਤ ਨਿਰੰਕਾਰ ਜੋ ਆਦਿ ਸਚੁ ਹੈ, ਹੁਣ 'ਹੈ ਭੀ ਸਚੁ' ਅਤੇ 'ਹੋਸੀ ਭੀ ਸਚੁ' ਅਨੁਸਾਰ ਅਗਾਂਹ ਭੀ ਉਹੋ ਹੀ ਹੋਏਗਾ। ਸੋ 'ਸਤਿ' ਹੈ ਅਕਾਲ ਪੁਰਖ ਦਾ ਨਾਮ ਜਿਥੇ ਉਸ ਦੀ ਵੀਚਾਰ ਤੇ ਉਸ ਦੇ ਨਾਮ ਦਾ ਜਾਪ ਹੈ ਉਥੇ ਉਸ ਦਾ ਨਿਵਾਸ ਹੈ। ਸਤਿ ਸੰਗਤ ਵਿਚ ਹਰੀ ਆਪ ਵਸਦਾ ਹੈ :

ਸਤ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ।
ਪੰ. ੧੩੩੫

ਪਰ ਇਹ ਸਤਿ ਸੰਗਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ :

ਵੱਡੈ ਭਾਗਿ ਸਤ ਸੰਗਤਿ ਪਾਈ ਸੁਰ ਸਤਿਗੁਰ ਪਰਸਿ ਭਗਵਾਨ। ਪੰ. ੧੩੩੫

ਇੰਜ ਹੀ ਇਹ ਫ਼ੁਰਮਾਨ ਹੈ :

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ। ਪੰ. ੧੩੧੪

ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ,
ਦਰਸ਼ਨ ਸਾਧ ਸੰਗ ਮੇਰੋ ਨਿਜ ਰੂਪ ਹੈ।
ਸਾਧ ਸੰਗ ਮੇਰੋ ਮਾਤ ਪਿਤਾ ਔ ਕੁਟੰਬ ਸਖਾ,
ਸਾਧ ਸੰਗ ਮੇਰੋ ਸੁਤ ਸ੍ਰੇਸ਼ਟ ਅਨੂਪ ਹੈ।
ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,
ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ।
ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ,
ਸਾਧ ਸੰਗ ਸੋਭਾ ਅਤਿ ਉਪਮਾ ਅਨੂਪ ਹੈ। (ਕਬਿੱਤ)

ਸਤਸੰਗਤਿ ਕੈਸੀ ਜਾਣੀਐ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿ ਸੰਗਤ ਦੀ ਬਹੁਤ ਮਹਿਮਾ ਕੀਤੀ ਗਈ ਹੈ। ਗੁਰੂ ਸਾਹਿਬਾਂ ਅਤੇ ਭਗਤਾਂ ਨੇ ਸਤਿ ਸੰਗਤ ਦੇ ਗੁਣ ਗਾਏ ਹਨ ਅਤੇ ਦੱਸਿਆ ਹੈ ਕਿ ਸਤਿ ਸੰਗਤ ਕਰਨ ਨਾਲ ਉੱਤਮ ਪਦ ਦੀ ਪ੍ਰਾਪਤੀ ਹੁੰਦੀ ਹੈ। ਪਰ ਉਹ ਕਿਹੜੀ ਸੰਗਤ ਹੈ ਜੋ ਸਤਿ ਸੰਗਤ ਆਖੀ ਜਾ ਸਕਦੀ ਹੈ। ਇਸ ਸੰਬੰਧੀ ਕੁਝ ਪਰਮਾਣ ਦੇਣੇ ਲਾਹੇਵੰਦ ਹੋਣਗੇ। ਗੁਰਬਾਣੀ ਸਤਿ ਸੰਗਤ ਦੀ ਤਾਰੀਫ਼ ਇੰਜ ਕਰਦੀ ਹੈ, ਕਿ ਜਿਥੇ ਨਾਮ ਦਾ ਉਪਦੇਸ਼ ਤੇ ਇਕੋ ਨਾਮ ਦਾ ਹੀ ਚਰਚਾ ਹੈ, ਉਹ ਸਤਿ ਸੰਗਤ ਹੈ।

ਸਤਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ। ਪੰ. ੭੨

ਉਹ ਸੰਗਤ ਜਿਥੇ ਨਾਮ ਸਿਮਰਨ ਤੇ ਨਾਮ ਦੀ ਮਹਿਮਾ ਹੋਏ ਉਥੇ ਜੁੜ ਕੇ ਨਾਮ ਦੀ ਯਾਚਨਾ ਕਰਨ ਲਈ ਪ੍ਰਾਰਥਨਾ ਕੀਤੀ ਜਾਣੀ ਚਾਹੀਦੀ ਹੈ। ਐਸੀ ਉੱਤਮ ਸੰਗਤ ਵਿਚ ਤਨ ਮਨ ਅਰਪਣ ਕਰਕੇ ਸਤਿਗੁਰੂ ਦੇ ਭਾਣੇ ਵਿਚ ਵਿਚਰਨ ਨਾਲ ਸਹਿਜੇ ਹੀ ਹਰਿ ਨਾਮ ਉਪਜ

ਆਉਂਦਾ ਹੈ। ਫਿਰ ਜੀਵ ਉਸ ਪ੍ਰਭੂ ਵਿਚ ਹੀ ਲੀਨ ਹੋ ਜਾਂਦਾ ਹੈ, ਜਿਸ ਦਾ ਨਾਮ ਇੰਜ ਪ੍ਰਾਪਤ ਕਰਨ ਵਿਚ ਉਹ ਸ਼ਾਮਲ ਹੁੰਦਾ ਹੈ। ਫੁਰਮਾਨ ਹੈ :

ਸਤ ਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰ ਮਿਲੈ ਸੁਭਾਏ।
ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ। ਪੰ. ੬੭

ਪਰ ਐਸੀ ਸੰਗਤ ਮਾਲਕ ਦੀ ਅਪਾਰ ਦਇਆ ਕਰਕੇ ਹੀ ਪ੍ਰਾਪਤ ਹੁੰਦੀ ਹੈ :

ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ।
ਜਿਨ ਕਉ ਕ੍ਰਿਪਾ ਕਰਤ ਹੈ ਗੋਬਿੰਦੁ ਤੇ ਸਤਸੰਗਿ ਮਿਲਾਤ। ਪੰ. ੧੨੫

ਸਾਧ ਸੰਗਤ ਵਿਚ ਆ ਕੇ ਹਰੀ ਦੀ ਕੀਰਤੀ ਕਰਨਾ ਉੱਤਮ ਕਰਮ ਹੈ। ਪਰ ਜਿਸ ਦੇ ਮੱਥੇ ਤੇ ਧੁਰੋ ਹੀ ਲਿਖਿਆ ਹੋਵੇ, ਉਸ ਨੂੰ ਇਹ ਪ੍ਰਾਪਤ ਹੁੰਦੀ ਹੈ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ। ਪੰ. ੬੪੨

ਗੁਰਬਾਣੀ ਅੰਦਰ ਐਸੀ ਸੰਗਤ ਦੇ ਮਿਲਾਪ ਦੁਆਰਾ ਹਰੀ ਦੇ ਗੁਣ ਪ੍ਰੇਮ ਦੁਆਰਾ ਗਾਉਣ ਦਾ ਉਪਦੇਸ਼ ਅਨੇਕਾਂ ਥਾਈਂ ਮਿਲਦਾ ਹੈ। ਜਿਵੇਂ :

ਸੰਤਤ ਹੀ ਸਤ ਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ।
ਧ੍ਰਮ ਪੰਥੁ ਧਰਿਓ ਧਰਨੀ ਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ। ਪੰ. ੧੪੦੪

ਸਤਿ ਸੰਗਤ ਮਹਾਨ ਤੀਰਥ ਹੈ

ਗੁਰਬਾਣੀ ਵਿਚ ਸਤਿ ਸੰਗਤ ਨੂੰ ਮਹਾਨ ਤੀਰਥ ਮੰਨਿਆ ਗਿਆ ਹੈ। ਮਹਾਂ ਕੋਸ਼ ਅਨੁਸਾਰ ਤੀਰਥ ਉਹ ਪਵਿੱਤਰ ਅਸਥਾਨ ਹੁੰਦਾ ਹੈ, ਜਿਸ ਦੁਆਰਾ ਪਾਪਾਂ ਤੋਂ ਬਚ ਜਾਈਦਾ ਹੈ। ਇਥੇ ਧਰਮ ਦੀ ਭਾਵਨਾ ਨਾਲ ਅਤੇ ਪਾਪ ਦੂਰ ਕਰਨ ਲਈ ਜਾਣਾ ਚਾਹੀਦਾ ਹੈ।[20]

ਗੁਰੂ ਅਮਰਦਾਸ ਜੀ ਨੇ ਇਕ ਸ਼ਬਦ ਵਿਚ ਫੁਰਮਾਇਆ ਹੈ ਕਿ ਪਵਿੱਤਰ ਤੀਰਥ ਕਹਿੰਦੇ ਹਨ ਕਿ ਲੋਕੀ ਆਪਣੇ ਪਾਪ ਤੇ ਮੈਲ ਸਾਨੂੰ ਦੇ ਜਾਂਦੇ ਹਨ, ਸਾਡੀ ਮੈਲ ਸਾਧੂ ਜਨਾਂ ਦੀ ਚਰਨ ਧੂੜ ਨਾਲ ਦੂਰ ਹੋ ਜਾਂਦੀ ਹੈ। ਭਾਵ ਸਾਧ ਸੰਗਤ ਦਾ ਇਤਨਾ ਮਹਾਤਮ ਤੇ ਉੱਤਮ ਫਲ ਹੈ :

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ
ਉਦਮੁ ਧੂਰਿ ਸਾਧੂ ਕੀ ਤਾਈ।
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰ ਗਵਾਈ। ਪੰ. ੧੨੬੩

ਦਰਅਸਲ ਸਾਧੂ ਪੁਰਸ਼ ਉਹ ਤੀਰਥ ਹਨ ਜੋ ਤੀਰਥਾਂ ਨੂੰ ਬਣਾਉਂਦੇ ਹਨ। ਕਥਨ ਹੈ : *'ਤੀਰਥੋ ਕੁਰਵਤਿ ਤੀਰਥਾਣੀ।'*

ਸਤਿ ਸੰਗਤ ਵਿਚ ਜਦ ਮਨ ਜੁੜਦਾ ਹੈ ਤਾਂ ਇਸ ਦੀ ਦੁਰਮਤਿ ਦੀ ਮੈਲ ਦੂਰ ਹੋ ਜਾਂਦੀ ਹੈ। ਅਗਿਆਨ ਅੰਧੇਰੇ ਦਾ ਨਾਸ਼ ਹੁੰਦਾ ਹੈ। ਸੁਬੁਧ ਪ੍ਰਕਾਸ਼ਮਾਨ ਹੋਣ ਲਗ ਜਾਂਦੀ ਹੈ। ਗੁਰਬਾਣੀ ਅਨੁਸਾਰ ਤਾਂ ਸਤਿ ਸੰਗਤ ਦੀ ਚਰਨ ਧੂੜ ਅਕਸੀਰ ਦਾ ਕੰਮ ਕਰਦੀ ਹੈ।

ਸਤ ਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ। ਪੰ. ੧੨੬੩

ਦੁਰਮਤਿ ਦੀ ਮੈਲ ਦੂਰ ਹੋਈ ਤਾਂ ਮਨ ਦਾ ਸ਼ੀਸ਼ਾ ਸਾਫ਼ ਹੋ ਗਿਆ। ਇਸ ਸਾਫ਼ ਸ਼ੀਸ਼ੇ ਵਿਚੋਂ ਫਿਰ ਗੁਰੂ ਤੇ ਪ੍ਰਭੂ ਦੇ ਝਲਕਾਰੇ ਸਾਫ਼ ਪ੍ਰਗਟ ਹੋਣ ਲਗਦੇ ਹਨ।

ਇਸ ਮਨ ਨੂੰ ਤਾਂ ਕਈ ਜਨਮਾਂ ਦੀ ਮੈਲ ਲਗੀ ਹੋਈ ਹੈ। ਜੀ ਹਾਂ *"ਜਨਮ ਜਨਮ ਕੀ ਇਸ ਮਨ ਕੋ ਮੈਲ ਲਾਗੀ ਕਾਲਾ ਹੋਆ ਸਿਆਹ।"* ਇਸ ਜਨਮਾਂ ਜਨਮਾਂਤਰਾਂ ਦੀ ਮੈਲ ਹਉਮੈਂ ਦੀ ਮੈਲ ਹੈ। ਇਸ ਨੂੰ ਕਿਸੇ ਹੋਰ ਢੰਗ ਨਾਲ ਲਾਹਣਾ ਸੌਖਾ ਨਹੀਂ। ਇਕੋ ਇਕ ਆਸਾਨ ਤਰੀਕਾ ਹੈ, ਸਤਿ ਸੰਗਤ। ਜਦ ਹਉਮੈ ਦੀ ਮੈਲ ਉੱਤਰ ਜਾਂਦੀ ਹੈ ਤੇ ਨਾਮ ਰੂਪੀ ਜਹਾਜ਼ ਤੇ ਬੈਠ ਕੇ ਜੀਵ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ, ਜਿਵੇਂ ਲੋਹਾ ਲਕੜ ਨਾਲ ਲਗ ਕੇ ਤਰ ਜਾਂਦਾ ਹੈ :

ਜਨਮ ਜਨਮ ਦੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ।
ਜਿਉ ਲੋਹਾ ਤਰਿਓ ਸੰਗਿ ਕਾਸਟ
ਲਗਿ ਸਬਦਿ ਗੁਰੂ ਹਰਿ ਪਾਵੈਗੋ।
ਸੰਗਤਿ ਸੰਤ ਮਿਲਹੁ ਸਤਸੰਗਤ
ਮਿਲਿ ਸੰਗਤਿ ਹਰਿ ਰਸੁ ਆਵੈਗੋ। ਪੰ. ੧੩੦੯

ਇਉਂ ਜੀਵਨ ਵਿਚ ਇਕ ਅਜੀਬ ਪਲਟਾ ਆਉਂਦਾ ਹੈ ਅਤੇ ਅਕਾਲ ਪੁਰਖ ਨਾਲ ਪਿਆਰ ਪੈ ਜਾਂਦਾ ਹੈ।

ਫਿਰਿ ਉਲਟਿਓ ਜਨਮੁ ਹੋਵੈ ਗੁਰਬਚਨੀ
ਗੁਰ ਪੁਰਖ ਮਿਲੈ ਰੰਗੁ ਲਾਵੈਗੋ। ਪੰ. ੧੩੧੦

ਸਤਿ ਸੰਗਤ ਦੀ ਵਡਿਆਈ

ਜੀਵ ਕਿਸੇ ਵਰਣ ਜਾਂ ਆਸ਼ਰਮ ਨਾਲ ਸੰਬੰਧ ਰਖਦਾ ਹੋਵੇ, ਉਹ ਕਿਤਨਾ ਹੀ ਗਿਰਿਆ ਹੋਇਆ ਕਿਉਂ ਨਾ ਹੋਵੇ, ਜੇਕਰ ਉਹ ਸੱਚੇ ਦਿਲੋਂ ਸਤਿ ਸੰਗਤ ਵਿਚ ਆ ਕੇ ਜੁੜਦਾ ਹੈ ਤਾਂ ਉਸ ਨੂੰ ਸੰਗਤ ਦਾ ਰੰਗ ਜ਼ਰੂਰ ਚੜ੍ਹੇਗਾ। ਉਹ ਆਤਮਿਕ ਰੰਗ ਵਿਚ ਰੰਗਿਆ ਜਾਏਗਾ।

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਰਿ
ਜੋ ਹਰਿ ਧਿਆਵੈ ਸੋ ਪਰਧਾਨ।
ਜਿਉਂ ਚੰਦਨੁ ਨਿਕਟਿ ਵਸੈ ਹਿਰਡ ਬਪੁੜਾ
ਤਿਉਂ ਸਤ ਸੰਗਤਿ ਮਿਲਿ ਪਤਿਤ ਪਰਵਾਣੁ। ਪੰ. ੮੬੧

ਸਤਿ ਸੰਗਤ ਵਿਚ ਆ ਕੇ ਜੀਵ ਨੀਚ ਗਤੀ ਤੋਂ ਉੱਚੀ ਗਤੀ ਪ੍ਰਾਪਤ ਕਰ ਲੈਂਦਾ ਹੈ, ਜਿਵੇਂ ਲੋਹਾ ਪਾਰਸ ਨਾਲ ਛੋਹ ਕੇ ਸੋਨਾ ਹੋ ਜਾਂਦਾ ਹੈ। ਇੰਜ ਸੰਗਤ ਦੀ ਛੋਹ ਨਾਲ ਜੀਵ ਦੀ ਕਦਰ ਤੇ ਕੀਮਤ ਵੱਧ ਜਾਂਦੀ ਹੈ :

ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋ ਜਾਇ।
ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥ ਪੰ. ੩੦੩

ਸਤਿ ਸੰਗਤਿ ਦੀ ਵਡਿਆਈ ਐਸੀ ਹੈ ਕਿ ਉਹ ਨੀਚੋਂ ਉੱਚ ਕਰ ਦਿੰਦੀ ਹੈ। ਤਾਹੀਉਂ ਤਾਂ ਭਗਤ ਧੰਨਾ ਜੀ ਨੇ ਆਖਿਆ ਸੀ ਕਿ "ਆਢ ਦਾਮ ਕੋ ਛੀਪਰੋ ਹੋਇਓ ਲਾਖਨਾ" ਇਹ ਉਸ ਦੀ ਦਿਆਲਤਾ ਦਾ ਚਮਤਕਾਰ ਹੈ :

ਐ ਜੀ ਸਦਾ ਦਇਆਲ ਦਇਆ ਕਰ ਗੁਰਮਤਿ ਭ੍ਰਮਨਿ ਚੁਕਾਈ।
ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ। ਪੰ. ੫੦੫

ਜਦ ਸਤਿ ਸੰਗਤ ਵਿਚ ਜਾ ਕੇ ਕੋਈ ਪਿਆਰ ਤੇ ਸ਼ਰਧਾ ਨਾਲ ਸਤਿਗੁਰੂ ਜਾਂ ਪ੍ਰਭੂ ਦਾ ਧਿਆਨ ਧਰਦਾ ਹੈ ਤਾਂ ਮਨ, ਬਚ, ਕਰਮ ਕਰਕੇ ਜੀਵ ਆਤਮਾ ਸ਼ੁੱਧ ਹੁੰਦੀ ਜਾਂਦੀ ਹੈ। ਉਹ ਦੋਲਤ ਜੋ ਯਮ, ਨਿਯਮ, ਪ੍ਰਤਿਆਹਾਰ ਅਤੇ ਧਿਆਨ ਯੋਜ ਤੇ ਧਾਰਨਾ ਤੋਂ ਪ੍ਰਾਪਤ ਹੁੰਦੀ ਹੈ, ਉਹ ਬਿਨਾਂ ਕਿਸੇ ਕਰੜੀ ਮਿਹਨਤ ਜਾਂ ਮੁਸ਼ੱਕਤ ਦੇ ਸਹਿਜੇ ਹੀ ਸਤਿ ਸੰਗਤ ਦੁਆਰਾ ਆਪਣੇ ਆਪ ਮਿਲ ਜਾਂਦੀ ਹੈ। ਜੋ ਸਤਿ ਸੰਗਤ ਵਿਚ ਜੁੜਦੇ ਸਨ ਉਨ੍ਹਾਂ ਦਾ ਬਿਨਾਂ ਕਿਸੇ ਪ੍ਰੀਸ਼ਰਮ ਦੇ ਸੁਣਨ, ਮਨਨ ਤੇ ਨਿਧਿਆਸਨ ਹੋਣ ਲਗ ਜਾਂਦਾ ਹੈ। ਸੱਚੇ ਸਤਿਸੰਗੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਸੰਗਤ ਵਿਚ ਅਮਲੀ ਤੋਰ ਤੇ ਗਿਆਨ ਪ੍ਰਾਪਤ ਹੁੰਦਾ ਹੈ। ਇਲਮ ਹਾਸਲ ਕਰਨ ਦਾ ਸਾਧਨ ਕੇਵਲ ਕਿਤਾਬਾਂ ਹੀ ਨਹੀਂ ਇਹ ਸੁਣਨ ਨਾਲ ਭੀ ਮਿਲਦਾ ਹੈ। ਕਿਸੇ ਅੰਨ੍ਹੇ ਨੂੰ ਵੇਖੋ ਸੁਣ ਸੁਣ ਕੇ ਹੀ ਗਿਆਨਵਾਨ ਹੋ ਜਾਂਦਾ ਹੈ। ਸੁਣਨ ਨਾਲ ਗਿਆਨ ਆਪਣੇ ਅੰਦਰ ਵਧੇਰੇ ਜਜ਼ਬ ਹੁੰਦਾ ਹੈ। ਸਤਿ ਸੰਗਤ ਅੰਦਰ ਜਦੋਂ ਕਿਸੇ ਖਾਸ ਵਿਸ਼ੇ ਸੰਬੰਧੀ ਵਿਚਾਰ ਹੁੰਦੀ ਹੈ ਤਾਂ ਉਸ ਮਜ਼ਮੂਨ ਬਾਰੇ ਵਿਚਾਰਾਂ ਦੀਆਂ ਲਹਿਰਾਂ ਸਤਿ ਸੰਗਤ ਵਿਚ ਚਲਦੀਆਂ ਹਨ ਅਤੇ ਉਥੇ ਬੈਠੇ ਸਾਰੇ ਹੀ ਉਸ ਦਾ ਅਸਰ ਕਬੂਲਦੇ ਹਨ, ਜਿਸ ਕਰਕੇ ਉਹ ਵਿਸ਼ਾ ਦਿਲਾਂ ਵਿਚ ਘਰ ਕਰ ਜਾਂਦਾ ਹੈ। ਫਿਰ ਸਹਿਜੇ ਸਹਿਜੇ ਮਨ ਵਿਚ ਵਸੇ ਖਿਆਲ ਉਸ ਵਿਸ਼ੇ ਨੂੰ ਸਾਖਯਾਤ ਕਰਨ ਵਿਚ ਮਦਦ ਕਰਦੇ ਹਨ। ਇਸ ਨੂੰ ਨਿਧਿਆਸਨ ਕਹਿੰਦੇ ਹਨ। ਇੰਜ ਸੁਨਣ, ਮਨਨ ਤੇ ਨਿਧਿਆਸਨ ਦੀ ਕਿਰਿਆ ਸਤਿ ਸੰਗਤ ਰਾਹੀ ਪੂਰੀ ਹੁੰਦੀ ਹੈ। ਸ਼ਰਤ ਕੇਵਲ ਇਹ ਹੈ ਕਿ ਸਤਿ ਸੰਗਤ ਵਿਚ ਪ੍ਰੇਮ ਭਾਵ ਤੇ ਸ਼ਰਧਾ ਨਾਲ ਜੁੜਿਆ ਜਾਏ ਅਤੇ ਉਥੇ ਸ਼ੁੱਧ ਹਿਰਦੇ ਨਾਲ ਵਿਚਾਰ ਵਟਾਂਦਰਾ ਹੋਵੇ ਤੇ ਫਿਰ ਜੋ ਕੁਝ ਮਨ ਵਿਚ ਵਸੇ, ਉਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਇਰਾਦਾ ਹੋਵੇ।

ਸਤਿ ਸੰਗਤ ਦੇ ਫਲ

ਸਤਿ ਸੰਗਤ ਤੋਂ ਜੋ ਫਲ ਪ੍ਰਾਪਤ ਹੁੰਦੇ ਹਨ ਉਨ੍ਹਾਂ ਵਿਚੋਂ ਤਤਸਾਰ ਰੂਪ ਕੁਝ ਕੁ ਹੇਠਾਂ ਬਿਆਨ ਕੀਤੇ ਜਾਂਦੇ ਹਨ :

1. ਅਕਾਲ ਪੁਰਖ ਦੀ ਚਰਚਾ ਤੇ ਉਸ ਦੇ ਗੁਣ ਗਾਉਣ ਵਿਚ ਜੀਵ ਖੁਸ਼ੀ ਮਹਿਸੂਸ ਕਰਦਾ ਹੈ ਤੇ ਉਸਦੀ ਪ੍ਰਾਪਤੀ ਦੇ ਜਤਨ ਕਰਦਾ ਹੈ।

2. ਪ੍ਰਭੂ ਦੇ ਗੁਣ ਗਾ ਕੇ ਤੇ ਨਾਮ ਸਿਮਰਨ ਕਰਕੇ ਸੰਸਾਰ ਦਾ ਮੋਹ ਘੱਟ ਜਾਂਦਾ ਹੈ। ਇੰਦ੍ਰੀਆਂ ਦੇ ਭੋਗ ਅਤੇ ਮਨ ਨਾਲ ਇਨ੍ਹਾਂ ਦੇ ਚਿੰਤਨ ਵੱਲੋਂ ਵੀ ਬਿਰਤੀ ਉਪਰਾਮ ਹੁੰਦੀ ਜਾਂਦੀ ਹੈ ਅਤੇ ਮਾਲਕ ਦੇ ਮਿਲਣ ਦੀ ਤਾਂਘ ਪ੍ਰਬਲ ਹੋ ਜਾਂਦੀ ਹੈ।

3. ਜਦ ਕਾਮ, ਕ੍ਰੋਧ, ਆਦਿਕ ਵਿਕਾਰ ਮਨ ਵਿਚੋਂ ਨਿਕਲ ਜਾਂਦੇ ਹਨ ਤਾਂ ਮਨੁੱਖ ਨਿਰਭੈ ਹੁੰਦਾ ਜਾਂਦਾ ਹੈ।

4. ਨਾ ਕੇਵਲ ਮਾਲਕ ਨਾਲ ਹੀ ਪ੍ਰੇਮ ਜਾਗਦਾ ਹੈ ਸਗੋਂ ਉਸ ਦੀ ਸੰਤਾਨ ਭਾਵ ਸਮੁੱਚੀ ਮਾਨਵਤਾ ਨਾਲ ਪਿਆਰ ਦਿਲ ਵਿਚ ਆ ਸਮਾਂਦਾ ਹੈ। ਅੰਦਰ ਸੁਖ ਸ਼ਾਂਤੀ ਤੇ ਪ੍ਰੇਮ ਦੇ ਨਿਰਮਲ ਝਰਨੇ ਫੁੱਟ ਪੈਂਦੇ ਹਨ :

ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੇ ਸੰਗਿ। ਪੰ. ੨੮੯

5. ਸਤਿ ਸੰਗਤ ਵਿਚ ਜੁੜ ਕੇ ਕਮਾਈ ਕਰਦੇ ਕਰਦੇ ਜਗਿਆਸੂ ਮਾਲਕ ਦੇ ਦਰਸ਼ਨ

ਕਰਨ ਦੇ ਲਾਇਕ ਹੋ ਜਾਂਦਾ ਹੈ। ਸਹਿਜੇ ਸਹਿਜੇ ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ ਸਭ ਥਾਈ, ਅੰਦਰ ਬਾਹਰ, ਪ੍ਰਭੂ ਹੀ ਦਿਸਦਾ ਹੈ।

6. ਤ੍ਰੈਗੁਣ-ਅਤੀਤ, ਤੁਰੀਆ ਅਵਸਥਾ ਅਤੇ ਓੜਕ ਸਹਿਜ ਤੇ ਪਰਮ ਦੀ ਪ੍ਰਾਪਤੀ ਹੋ ਜਾਂਦੀ ਹੈ :

ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ।
ਤੁਰੀਆ ਗੁਣ ਸਤ ਸੰਗਤਿ ਪਾਈਐ ਨਦਰੀ ਪਾਰਿ ਉਤਾਰੀ। ਪੰ. ੧੨੬੦

7. ਜੋ ਸਤਿ ਸੰਗਤ ਵਿਚ ਜੁੜ ਕੇ ਨਾਮ ਲੀਨ ਰਹਿੰਦਾ ਹੈ ਉਸ ਨੂੰ ਮਾਇਆ ਤੇ ਕਾਲ ਕੁਝ ਨਹੀਂ ਕਹਿੰਦੇ, ਉਸ ਦਾ ਅੰਤ ਸਮੇਂ ਨਿਰਬਾਹ ਹੋ ਜਾਂਦਾ ਹੈ ਤੇ ਸੰਭਾਲ ਹੁੰਦੀ ਹੈ :

ਮੋਹਨ ਤੁਧੁ ਸਤ ਸੰਗਤਿ ਧਿਆਵੈ ਦਰਸ ਧਿਆਨਾ।
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ। ਪੰ ੨੪੮

8. ਸਤਿਸੰਗੀ ਨੂੰ ਅੰਤ ਮਾਲਕ ਦਾ ਮਿਲਾਪ ਹੋ ਜਾਂਦਾ ਹੈ :

ਹਰਿ ਸਤ ਸੰਗਤਿ ਸਤ ਪੁਰਖੁ ਮਿਲਾਈਐ।
ਮਿਲਿ ਸਤ ਸੰਗਤਿ ਹਰਿ ਨਾਮੁ ਧਿਆਈਐ। ਪੰ ੯੬

---- ---- ---- ----

ਮਿਲਿ ਸਤ ਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ।
ਆਪ ਗਇਆ ਸੁਖ ਪਾਇਆ ਮਿਲਿ ਸਲਲੈ ਸਲਲ ਸਮਾਇ। ਪੰ ੨੨

ਟਿਪਣੀਆਂ ਤੇ ਹਵਾਲੇ

1. *ਭਾਗਵਤ*, 11, 12 ਸਕੰਧ, ਅਧਿਆਇ 1-2
2. *ਕੁਰਾਨ ਸ਼ਰੀਫ*
3. *ਮਸਨਵੀ ਮੌਲਾਨਾ ਰੂਮੀ*
4. *ਉਹੀ*
5. ਭਾਈ ਗੁਰਦਾਸ, *ਵਾਰ ਪਹਿਲੀ*
6. ਤੇਜਾ ਸਿੰਘ, *'ਸਿੱਖ ਧਰਮ'*, ਪੰ. 27
7. *ਉਹੀ*
8. *ਸਰਬ ਲੋਹ ਗ੍ਰੰਥ*
9. ਭਾਈ ਨੰਦ ਲਾਲ, *ਤਨਖਾਹ ਨਾਮਾ*
10. *ਪ੍ਰੇਮ ਸੁਮਾਰਗ*
11 ਤੇਜਾ ਸਿੰਘ, *'ਸਿੱਖ ਧਰਮ'*, ਪੰ. 29
12. ਭਾਈ ਗੁਰਦਾਸ, *ਵਾਰ ਪਹਿਲੀ*
13. ਭਾਈ ਮਨੀ ਸਿੰਘ, *ਸਿੱਖਾਂ ਕੀ ਭਗਤ ਮਾਲ*
14. ਦੇਖੋ ਭਾਈ ਗੁਰਦਾਸ, ਵਾਰ 10, ਪਉੜੀ 16
15. ਤੁਲਸੀ, *ਰਾਮਾਇਣ*
16. ਪ੍ਰਤਾਪ ਸਿੰਘ ਗਿਆਨੀ, *ਗੁਰਮਤ ਫਿਲਾਸਫੀ*, ਪੰਨਾ 228
17. ਪ੍ਰੀਤਮ ਸਿੰਘ ਗਿਲ, *'ਹੈਰੀਟੇਜ ਆਫ ਸਿੱਖ ਕਲਚਰ'* (ਅੰਗ੍ਰੇਜ਼ੀ), ਪੰ. 81
18. ਵਿਸਥਾਰ ਲਈ ਵੇਖੋ ਸਵਾਮੀ ਧਰਮ ਤੀਰਥ ਰਚਿਤ *'ਹਿੰਦੂ ਇਮਪੀਰੀਅਲਿਜ਼ਮ'* ਬਾਰੇ ਪੁਸਤਕ
19. ਵਿਸਥਾਰ ਲਈ ਵੇਖੋ ਇਸ ਲੇਖ ਦੇ ਕਰਤਾ ਦੀ ਪੁਸਤਕ *'ਦੀ ਸਿੱਖ ਗੁਰੂਜ਼ ਐਂਡ ਦੀ ਟੈਂਪਲ ਆਫ ਬ੍ਰੇਡ'* ਵਿਚੋਂ *'ਸੰਗਤ ਐਂਡ ਪੰਗਤ'* ਦਾ ਕਾਂਡ।
20. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਦੂਜੀ ਛਾਪ, ਪੰ. 445

ਸਿੱਖ ਧਰਮ ਵਿਚ 'ਸੰਗਤ' ਦਾ ਸੰਕਲਪ

ਡਾ. ਜਗਜੀਤ ਸਿੰਘ

1. ਸਿੱਖ ਧਰਮ ਵਿਚ 'ਸੰਗਤ' ਦਾ ਭਾਵ 'ਸਤਿ ਸੰਗਤ' ਹੈ, ਜਿਸ ਦਾ ਅਰਥ ਹੈ, ਉੱਤਮ ਸੰਗਤ, ਨੇਕ ਸੁਹਬਤ, ਸੰਤਾਂ ਅਤੇ ਭਲੇ ਲੋਕਾਂ ਦੀ ਸੰਗਤ। ਗੁਰੂ ਨਾਨਕ ਦੇਵ ਨੇ ਸਤਿ ਸੰਗਤ ਦੀ ਪਰਿਭਾਸ਼ਾ ਦਿੰਦਿਆਂ ਇਹ ਗੱਲ ਸਪੱਸ਼ਟ ਰੂਪ ਵਿਚ ਕਹਿ ਦਿੱਤੀ ਹੈ ਕਿ ਕੇਵਲ ਨਾਮ-ਅਭਿਆਸ ਲਈ ਜੁੜੇ ਗੁਰਮੁਖ ਜਨਾਂ ਦੀ ਇਕੱਤ੍ਰਤਾ ਨੂੰ ਹੀ ਸਾਧ ਸੰਗਤ ਜਾਂ ਸਤਿ ਸੰਗਤਿ ਕਿਹਾ ਜਾ ਸਕਦਾ ਹੈ :

ਸਤ ਸੰਗਤਿ ਕੈਸੀ ਜਾਣੀਐ ?
ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ ॥ ਪੰ. ੭੨

ਗੁਰੂ ਰਾਮ ਦਾਸ ਨੇ ਇਸ ਦੀ ਪ੍ਰੋੜ੍ਹਤਾ ਵਿਚ ਕਿਹਾ ਹੈ ਕਿ ਸਤਿ ਸੰਗਤ ਪਰਮਾਤਮਾ ਦੇ ਆਪੇ ਅਨੁਸਾਰ ਸਥਾਪਤ ਕੀਤੀ ਉਹ ਸਭਾ ਹੈ ਜਿਸ ਵਿਚ ਕੇਵਲ ਹਰੀ ਕੀਰਤਨ ਗਾਇਨ ਕੀਤਾ ਤੇ ਸੁਣਿਆ ਜਾਂਦਾ ਹੈ :

ਸਤ ਸੰਗਤਿ ਸਾਈ ਹਰਿ ਤੇਰੀ
ਜਿਤੁ ਹਰਿ ਕੀਰਤਿ ਹਰਿ ਸੁਨਣੇ। ਪੰ. ੧੧੩੫

'ਸੰਗਤ' ਦੀ ਸਥਾਪਨਾ ਗੁਰੂ ਨਾਨਕ ਦੇਵ ਨੇ ਕੀਤੀ ਅਤੇ ਜੋ ਲੋਕ ਗੁਰੂ ਜੀ ਦੇ ਆਦਰਸ਼ ਨਾਲ ਜੁੜੇ, ਉਹ ਸਿੱਖ ਧਰਮ ਦੇ ਧਾਰਣੀ ਜਾਣੇ ਗਏ। ਭਾਈ ਨੰਦ ਲਾਲ ਨੇ ਸਿੱਖ ਧਰਮ ਦਾ ਨਾਉਂ 'ਸਾਧ ਸੰਗ' ਲਿਖਿਆ ਹੈ।

ਹਮਚੁਨਾਂ ਦਰ ਮਜਹਬੇ ਈਂ ਸਾਧ ਸੰਗ। (ਜ਼ਿੰਦਗੀ ਨਾਮਾ)

'ਸੰਗਤ' ਸੰਸਥਾ ਨੂੰ ਸਿੱਖ ਗੁਰੂ ਸਾਹਿਬਾਂ ਨੇ ਹਰ ਪੱਖੋਂ ਸੰਪੂਰਨ ਕਰਨ ਦੇ ਉਪਰਾਲੇ ਕੀਤੇ। ਗੁਰਦਵਾਰੇ ਜਾਂ ਧਰਮਸ਼ਾਲਾਵਾਂ ਉਸਾਰੀਆਂ ਗਈਆਂ, ਬਉਲੀਆਂ ਅਤੇ ਖੂਹ ਲਵਾਏ ਗਏ, ਮੱਲ੍ਹ ਅਖਾੜੇ ਅਤੇ ਸਰੋਵਰਾਂ ਦਾ ਨਿਰਮਾਣ ਹੋਇਆ। ਉਦਾਹਰਣ ਵਜੋਂ ਅੰਮ੍ਰਿਤਸਰ, ਰਾਮਸਰ, ਸੰਤੋਖਸਰ, ਕੋਲ ਸਰ, ਬਿਬੇਕਸਰ, ਤਰਨ ਤਾਰਨ, ਬਉਲੀ ਸਾਹਿਬ, ਛਿਹਰਟਾ ਸਾਹਿਬ ਇਤਿਆਦਿ। ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ 'ਸੰਗਤ' ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਰ ਦਿੱਤਾ। ਸੰਗਤ ਬਾਣੀ ਨਾਲ ਜੁੜ ਗਈ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਗਤ ਨੂੰ ਪੀਰੀ ਅਤੇ ਮੀਰੀ ਦੋਹਾਂ ਪੱਖਾਂ ਤੋਂ ਸੁਚੇਤ ਹੋਣ ਦੀ ਪ੍ਰੇਰਨਾ ਕੀਤੀ ਅਤੇ

ਗੁਰੂ ਗੋਬਿੰਦ ਸਿੰਘ ਨੇ ਇਸ ਸੰਗਤ ਨੂੰ ਖਾਲਸੇ ਦਾ ਰੂਪ ਦੇ ਦਿੱਤਾ ਭਾਈ ਗੁਰਦਾਸ ਸਿੰਘ ਨੇ ਖਾਲਸੇ ਦੀ ਵਾਰ ਵਿਚ ਦਰਸਾਇਆ ਹੈ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਸਿੱਖ ਪੰਥ, ਖਾਲਸਾ ਕੌਮ, ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ 'ਸੰਗਤ' ਦਾ ਹੀ ਵਿਕਸਿਤ ਰੂਪ ਹੈ।

2. ਗੁਰੂ ਨਾਨਕ ਦੇਵ ਵਲੋਂ 'ਸੰਗਤ' ਦੀ ਸਥਾਪਨਾ ਭਾਰਤੀ ਸਮਾਜਿਕ ਜੀਵਨ ਵਿਚ ਇਕ ਕ੍ਰਾਂਤੀਕਾਰੀ ਅਮਲ ਸੀ। ਇਸ ਤੋਂ ਪਹਿਲਾਂ 'ਜਮਾਤ' ਵਜੋਂ ਇਕ ਥਾਂ ਮਿਲ ਬੈਠਣ ਤੇ ਨਾਮ ਅਭਿਆਸ ਕਰਨ ਦੀ ਕੋਈ ਸੰਸਥਾ ਹੋਂਦ ਵਿਚ ਨਹੀਂ ਸੀ। ਹਿੰਦੂ ਸਮਾਜ ਵਿਚ ਜੇ ਕੋਈ ਇਕੱਠ ਹੁੰਦੇ ਸੀ ਤਾਂ ਉਹ ਵਿਸ਼ੇਸ਼ ਜਾਤੀਆਂ, ਜਾਂ ਬਰਾਦਰੀਆਂ ਦੇ ਹੁੰਦੇ ਸੀ। ਜਦੋਂ ਕੋਈ ਵਿਸ਼ੇਸ਼ ਜਾਤ ਜਾਂ ਵਰਣ ਦੇ ਲੋਕ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਕਰਦੇ ਸਨ, ਤਾਂ ਦੂਜੀਆਂ ਜਾਤਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਨਿਕਟ ਆਉਣ ਦੀ ਆਗਿਆ ਨਹੀਂ ਹੁੰਦੀ ਸੀ। ਇਨ੍ਹਾਂ ਸਭਾਵਾਂ ਦਾ ਮੰਤਵ ਵੀ ਦੁਨਿਆਵੀ ਸਮੱਸਿਆਵਾਂ ਦਾ ਸਮਾਧਾਨ ਹੀ ਹੁੰਦਾ ਸੀ। ਹਿੰਦੂ ਸਮਾਜ ਉਚ ਨੀਚ, ਜਾਤਾਂ ਬਰਾਦਰੀਆਂ ਅਤੇ ਵਰਣਾਂ ਵਿਚ ਵੰਡਿਆ ਹੋਇਆ ਸੀ। ਹਿੰਦੂਆਂ ਵਿਚ ਫੋਕਟ ਕਰਮ ਕਾਂਡ ਅਤੇ ਮੁਸਲਮਾਨਾਂ ਵਿਚ ਸ਼ਰੀਅਤ ਦੀ ਪਰਧਾਨਤਾ ਸੀ। ਵਰਤ, ਨੇਮ, ਨਿਮਾਜ਼, ਰੋਜ਼ੇ, ਤੀਰਥ ਯਾਤਰਾ, ਹੱਜ, ਜੰਮਣ ਮਰਣ ਦੀਆਂ ਰੀਤਾਂ, ਨੂੰ ਹੀ ਧਰਮ ਮੰਨ ਲਿਆ ਗਿਆ ਸੀ। ਇਸ ਬਾਹਰੀ ਕਰਮ ਕਾਂਡ ਦੀ ਮਰਿਆਦਾ ਵਿਚ ਭਿੰਨ ਭੇਤ ਅਤੇ ਅੰਤਰ ਹੋਣੇ ਕੁੱਦਰਤੀ ਗੱਲ ਹੈ। ਪਰ ਧਰਮ ਤਾਂ ਸਰਬ ਮਨੁੱਖਤਾ ਦਾ ਇਕ ਹੁੰਦਾ ਹੈ। ਸੱਚ ਇਕ ਹੈ, ਸੂਰਜ ਇਕ ਹੈ, ਰੁੱਤਾਂ ਅਨੇਕ ਹਨ। ਸੱਚ ਦੀ ਪਹਿਚਾਣ ਕਰਮ ਕਾਂਡ ਅਤੇ ਸ਼ਰ੍ਹਾ ਸ਼ਰੀਅਤ ਦੇ ਪਾਖੰਡ ਜਾਲ ਵਿਚ ਗਵਾਚ ਚੁੱਕੀ ਸੀ। ਸੱਚ ਇਕ ਹੈ, ਸੱਚ ਦੀ ਪ੍ਰਾਪਤੀ ਦਾ ਸਾਧਨ ਇਕੋ ਹੈ—ਉਸਦੀ ਹੋਂਦ ਦਾ ਅਹਿਸਾਸ—ਸੱਚੀ ਹੋਂਦ (ਸਤਿ ਨਾਮ) ਦਾ ਅਹਿਸਾਸ ਹੀ 'ਨਾਮ' ਹੈ, ਜਿਸ ਦੇ ਆਧਾਰ ਤੇ ਸੰਗਤ ਦੀ ਨੀਂਹ ਰਖੀ ਗਈ। ਨਾਮ ਨੂੰ ਜ਼ਿਕਰ, ਸਿਮਰਨ, ਗੁਣੀ-ਨਿਧਾਨ ਦਾ ਬਖਾਨ ਅਤੇ ਗਾਇਨ ਇਤਿਆਦਿ ਕਈ ਤਰੀਕਿਆਂ ਰਾਹੀ ਦਰਸਾਇਆ ਗਿਆ ਹੈ! ਇਸ ਨਾਮ ਦੇ ਆਧਾਰ ਤੇ 'ਸੰਗਤ' ਦਾ ਸੰਗਠਨ ਕੀਤਾ ਗਿਆ, ਜਿਸ ਵਿਚ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਗਿਆ, "*ਏਕ ਪਿਤਾ ਏਕਸ ਕੇ ਹਮ ਬਰੀਕ*" ਨੂੰ ਆਧਾਰ ਬਣਾਇਆ ਗਿਆ। ਅਜਿਹੇ ਲਕਸ਼ ਦੀ ਪ੍ਰਾਪਤੀ ਲਈ ਮਨ ਨੂੰ ਸਾਧਣ ਦੀ ਲੋੜ ਹੁੰਦੀ ਹੈ। ਸਾਧੇ ਹੋਏ ਮਨਾਂ ਦੇ ਮਾਲਕ ਜਦੋਂ ਮਿਲ ਬੈਠੇ, ਤਾਂ 'ਸਾਧ-ਸੰਗਤ' ਦਾ ਰੂਪ ਧਾਰਨ ਕਰ ਗਏ। ਇਸ ਤੋਂ ਪਹਿਲਾਂ ਦੋਹਾਂ ਮੁੱਖ ਧਰਮਾਂ ਦੇ ਲੋਕ ਕਰਮਕਾਂਡ ਅਤੇ ਸ਼ਰ੍ਹਾ ਸ਼ਰੀਅਤ ਦੇ ਤੰਗ ਦਾਇਰਿਆਂ ਵਿਚ ਰਹਿੰਦੇ ਆਪੋ ਵਿਚ ਖਹਿਬੜ ਰਹੇ ਸਨ। ਭਾਈ ਗੁਰਦਾਸ ਅਨੁਸਾਰ :

ਸਚੁ ਕਿਨਾਰੇ ਰਹਿ ਗਿਆ
ਖਹਿ ਮਰਦੇ ਬਾਹਮਣ ਮਉਲਾਣੇ।

ਬ੍ਰਾਹਮਣ ਅਤੇ ਮੁਲਾਂ ਕਰਮ ਕਾਂਡ ਅਤੇ ਸ਼ਰ੍ਹਾ-ਸ਼ਰੀਅਤ ਦੇ ਵਾਦ-ਵਿਵਾਦ ਵਿਚ ਪੈ ਕੇ ਇਕ ਦੂਜੇ ਤੋਂ ਦੂਰ ਹੋ ਗਏ। ਗੁਰੂ ਨਾਨਕ ਦੇਵ ਦੀ ਸਥਾਪਤ 'ਸੰਗਤ' ਕਰਮ ਕਾਂਡ ਤੋਂ ਮੁਕਤ ਹੋਕੇ ਇਕ ਪਰਮਾਤਮਾ ਦੇ ਨਾਮ ਨਾਲ ਜੁੜੀ ਤੇ ਇਥੋਂ ਪ੍ਰੇਮ ਦਾ ਪਰਵਾਹ ਚਲਿਆ।

3. ਪ੍ਰਭੂ ਪ੍ਰਾਪਤੀ ਲਈ ਭਾਰਤੀ ਪਰੰਪਰਾ ਤਿਆਗ ਤੇ ਸੰਨਿਆਸ ਵਿਚ ਵਿਸ਼ਵਾਸ ਰਖਦੀ ਆਈ ਹੈ, ਇਥੋਂ ਦੇ ਲੋਕਾਂ ਲਈ ਜਾਂ ਪਰਵਿਰਤੀ ਮਾਰਗ ਸੀ ਜਾਂ ਨਰਵਿਰਤੀ ਮਾਰਗ ਅਥਵਾ ਤਿਆਗ ਮਾਰਗ। ਸੰਸਾਰੀਆਂ ਲਈ ਆਤਮਿਕ-ਮੰਡਲ ਦੇ ਰਾਹ ਬੰਦ ਸਨ। ਪਰਮਾਤਮਾ ਪ੍ਰਾਪਤੀ ਲਈ ਭਾਰਤੀ ਰਿਸ਼ੀਆਂ ਮੁਨੀਆਂ ਨੇ ਯੋਗ ਅਤੇ ਤਿਆਗ ਦਾ ਸਹਾਰਾ ਲਿਆ। ਸਮਾਧੀ ਵਿਚ ਨਿਪੁੰਨ ਹੋਣ ਲਈ ਉਪਨਿਸ਼ਦਾਂ ਦੇ ਸਮੇਂ ਤੋਂ ਇਕਾਂਤ ਸਥਾਨ ਵਿਚ ਜਾਕੇ ਸਾਧਨਾਂ ਦਾ ਉਪਦੇਸ਼ ਦਿੱਤਾ ਗਿਆ। ਸਵਾਮੀ ਵਿਵੇਕਾ ਨੰਦ ਨੇ ਯੋਗ ਸੂਤਰਾਂ ਦੇ ਅਨੁਵਾਦ 'ਰਾਜ ਯੋਗ' ਦੀ ਇਕ ਅੰਤਿਕਾ ਵਿਚ ਸ੍ਵੇਤਾ ਸ੍ਵਤਰ ਉਪਨਿਸ਼ਦ ਵਿਚੋਂ ਇਕ ਟੂਕ ਦਿੱਤੀ ਹੈ, ਜਿਸ ਵਿਚ ਲਿਖਿਆ ਹੈ, "ਪਹਾੜ ਦੀਆਂ ਗੁਫਾਂ ਵਰਗੀਆਂ ਥਾਵਾਂ ਵਿਚ ਜਿਥੇ ਮਨੁੱਖਾਂ ਦਾ ਜਾਂ ਆਬਸ਼ਾਰਾਂ ਦਾ ਵਿਘਨ ਪਾਉਣ ਵਾਲਾ ਰੋਲਾ ਨਹੀ, ਜੋ ਮਨ ਦੇ ਅਨੁਕੂਲ ਹੋਣ ਅਤੇ ਅੱਖਾਂ ਨੂੰ ਸੁਖਾਵੀਆਂ ਲਗਣ, ਅਜੇਹੀਆਂ ਥਾਵਾਂ ਵਿਚ ਮਨ ਜੋੜਨਾ ਭਾਵ ਯੋਗ ਸਾਧਨ ਕਰਨਾ ਚਾਹੀਦਾ ਹੈ" (ਹਵਾਲ਼ਾ, ਗੁਰੂ ਨਾਨਕ ਬਾਣੀ, ਭਾਈ ਜੋਧ ਸਿੰਘ, ਪੰਨਾ 14-15)। ਸਿੱਖ ਗੁਰੂ ਸਾਹਿਬਾਨ ਨੇ ਤਿਆਗ ਅਤੇ ਸੰਨਿਆਸ ਨੂੰ ਮਨੁੱਖੀ ਭਾਈਚਾਰੇ ਦੇ ਵਿਰੁੱਧ ਦੱਸਿਆ ਅਤੇ ਸਾਂਝੀਵਾਲਤਾ ਦੀ ਸਿਖਿਆ ਦੇਣ ਲਈ ਸੰਗਤ ਦੀ ਸਥਾਪਨਾ ਕੀਤੀ। ਗੁਰੂ ਅਰਜਨ ਦੇਵ ਨੇ ਭਾਰਤੀ ਸਮਾਜ ਵਿਚ ਪ੍ਰਚੱਲਿਤ ਸਾਰੇ ਫ਼ੋਕਟ ਕਰਮ ਕਾਂਡ ਅਤੇ ਕਿਰਿਆਵਾਂ ਦੀ ਨਿਰਾਰਥਕਤਾ ਦਰਸਾਉਂਦਿਆਂ ਸਭ ਕਰਮਾਂ ਅਤੇ ਯਤਨਾਂ ਤੋਂ ਵੱਡਾ ਕਰਮ 'ਸਾਧ ਸੰਗਤ' ਵਿਚ ਜੁੜ ਕੇ ਹਰੀ ਦੇ ਗੁਣ ਗਾਇਨ ਕਰਨ ਨੂੰ ਦੱਸਿਆ। ਉਨ੍ਹਾਂ ਅਨੁਸਾਰ ਬਾਹਰ ਦੇ ਬਣਾਵਟੀ ਸਾਧਨ, ਕਰਮ-ਕਾਂਡ, ਪੂਜਾ ਪਾਠ, ਵੇਦਾਂ ਦੇ ਵਿਚਾਰ-ਵਚਾਂਦਰੇ, ਨਿਉਲੀ ਅਤੇ ਭੁਜੰਗਮ ਆਦਿ ਯੋਗ ਸਾਧਨ ਪੰਜ ਵਿਕਾਰਾਂ ਤੋਂ ਛੁਟਕਾਰਾ ਨਹੀਂ ਦੇ ਸਕਦੇ, ਉਲਟਾ ਹਉਮੈਂ ਵਿਚ ਵਾਧਾ ਕਰਦੇ ਹਨ। ਗੁਰੂ ਜੀ ਹੋਰ ਅਨੇਕਾਂ ਧਾਰਮਿਕ ਕਿਰਿਆਵਾਂ ਦਾ ਵੀ ਖੰਡਨ ਕਰਦੇ ਰਹਿੰਦੇ ਹਨ ਕਿ ਮੋਨੀ, ਕਰਾਮਾਤੀ, ਅਤੇ ਨਗਨ ਸਾਧੂ ਹੋਕੇ ਤੀਰਥਾਂ ਦੇ ਕਿਨਾਰਿਆਂ ਅਤੇ ਸਾਰੀ ਦੁਨੀਆਂ ਵਿਚ ਘੁੰਮਣ ਨਾਲ ਵੀ ਦ੍ਵੈਤ ਭਾਵਨਾ ਦੂਰ ਨਹੀਂ ਹੁੰਦੀ। ਸਿਰ ਤੇ ਆਰਾ ਚਲਵਾ ਲੈਣ ਨਾਲ ਵੀ ਮੁਕਤੀ ਪ੍ਰਾਪਤ ਨਹੀਂ ਹੁੰਦੀ। ਸੋਨਾ, ਚਾਂਦੀ, ਇਸਤ੍ਰੀਆਂ, ਹਾਥੀ, ਘੋੜੇ, ਅਨਾਜ, ਕਪੜੇ, ਜ਼ਮੀਨ ਇਤਿਆਦਿ ਅਨੇਕਾਂ ਦਾਨ ਦੇਣ ਨਾਲ ਵੀ ਹਰੀ ਦਾ ਦਰ ਪ੍ਰਾਪਤ ਨਹੀਂ ਹੁੰਦਾ। ਪੂਜਾ, ਅਰਚਾ, ਬੰਦਨ, ਡੰਡਉਤ, ਖਟੁ ਕਰਮ, ਜੋਗੀਆਂ ਦੇ ਚੋਰਾਸੀ ਆਸਣ, ਇਨ੍ਹਾਂ ਰਾਹੀਂ ਪ੍ਰਾਪਤ ਕੀਤੀ ਲੰਮੀ ਉਮਰ ਵੀ ਹਰੀ ਮੇਲ ਨਹੀਂ ਕਰਵਾ ਸਕਦੇ। ਰੁਾਜਿਆਂ ਦੇ ਚੋਜ ਅਤੇ ਭੋਗ, ਸੁੰਦਰ ਸੇਜਾਂ, ਚੰਦਨ ਅਤੇ ਅਤਰ ਨਰਕ ਦਾ ਸਾਮਾਨ ਹਨ। ਇਨ੍ਹਾਂ ਸਭਨਾਂ ਰਾਹੀ ਪ੍ਰਭੂ ਪ੍ਰਾਪਤੀ ਅਸੰਭਵ ਹੈ। ਕੇਵਲ ਸਾਧਸੰਗਤ ਵਿਚ ਕੀਤਾ ਹਰੀ ਜਸ ਹੀ ਸਰਬ ਸ੍ਰੇਸ਼ਟ ਕਰਮ ਹੈ।

ਪਾਠ ਪੜ੍ਹਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥
ਪਿਆਰੇ ਇਨ ਬਿਧਿ ਮਿਲਣ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ।
ਮੋਨਿ ਭਇਓ ਕਰਮਾਤੀ ਰਹਿਓ, ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥

ਮਨੁ ਕੀ ਮੈਲੁ ਨਾ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨਾ ਗਹਿਆ ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥
ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥

ਪੰ. ੬੪੧

ਧਰਮ ਖੇਤਰ ਵਿਚ ਮਨੁੱਖ ਦੀ ਸਭ ਤੋਂ ਪ੍ਰਬਲ ਸਮੱਸਿਆ ਪ੍ਰਭੂ ਮਿਲਾਪ ਹੈ। ਜੀਵ ਰੂਪ ਇਸਤ੍ਰੀ ਕਿਹੜੇ ਗੁਣਾਂ ਕਰਕੇ ਆਪਣੇ ਮਾਲਕ ਪ੍ਰਭੂ ਨੂੰ ਮਿਲ ਸਕਦੀ ਹੈ। ਰੂਪ ਆਸਰੇ, ਬੁਧਿ ਬਲ ਆਸਰੇ, ਧਨ ਅਤੇ ਜੋਬਨ ਆਸਰੇ ? ਨਹੀਂ। ਗੁਰੂ ਅਰਜਨ ਦੇਵ ਅਨੁਸਾਰ ਇਸ ਵਿਛੋੜੇ ਦੀ ਅੱਗ ਨੂੰ ਕੇਵਲ 'ਸਾਧ ਸੰਗਤਿ' ਰਾਹੀ ਹੀ ਸ਼ਾਂਤ ਕੀਤਾ ਜਾ ਸਕਦਾ ਹੈ :

ਕਵਣ ਗੁਨ ਪ੍ਰਾਨ ਪਤਿ ਮਿਲਉ ਮੇਰੀ ਮਾਈ ॥ ਰਹਾਉ।
ਰੂਪਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥
ਖੋਜਤ ਖੋਜਤ ਭਈ ਬੈਰਾਗਨ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ ॥

ਪੰ. ੨੦੪

4.1. ਭਾਰਤੀ ਸਮਾਜ ਦੇ ਆਪਸੀ ਵੈਰ ਵਿਰੋਧ ਅਤੇ ਖੰਡ ਖੰਡ ਹੋਣ ਦਾ ਇਕ ਵੱਡਾ ਕਾਰਨ **'ਇਸ਼ਟ ਦੀ ਏਕਤਾ'** ਦੀ ਅਣਹੋਂਦ ਸੀ, ਜਿਸ ਦੀ ਥਾਂ ਅਨੇਕਾਂ ਦੇਵੀ ਦੇਵਤਿਆਂ ਅਤੇ ਭਾਂਤ ਭਾਂਤ ਦੀਆਂ ਮੂਰਤੀਆਂ ਨੇ ਲੈ ਲਈ ਸੀ। ਇਹ ਦੇਵੀ ਦੇਵਤੇ ਵੱਖ ਵੱਖ ਸ਼ਕਤੀਆਂ ਦੇ ਮਾਲਕ ਦੱਸੇ ਜਾਂਦੇ ਸਨ ਅਤੇ ਆਪੋ ਵਿਚ ਕਈ ਪ੍ਰਕਾਰ ਦੀ ਈਰਖਾ ਤੇ ਵੈਰ ਵਿਰੋਧ ਰਖਦੇ ਸਨ। ਸੁਭਾਵਕ ਤੌਰ ਤੇ ਉਨ੍ਹਾਂ ਦੇ ਉਪਾਸ਼ਕਾਂ ਨੂੰ ਇਕ ਥਾਂ ਇਕ ਇਕਾਈ ਨਾਲ ਜੋੜਿਆ ਨਹੀਂ ਜਾ ਸਕਦਾ। ਉਨ੍ਹਾਂ ਦਾ ਭਾਈਚਾਰਾ ਇਕ ਨਹੀਂ ਹੋ ਸਕਦਾ। ਉਹ ਇਕ ਇਸ਼ਟ ਦੀ ਉਪਾਸ਼ਨਾ ਵਿਚ ਇਕ ਥਾਂ ਕਿਵੇਂ ਜੁੜ ਸਕਦੇ ਸਨ। ਗੁਰੂ ਨਾਨਕ ਦੇਵ ਜੀ ਨੇ ਅਨੇਕ ਦੇਵੀ ਦੇਵਿਤਿਆਂ ਦੇ ਭਰਮ-ਜਾਲ ਵਿਚੋਂ ਕੱਢਕੇ ਲੋਕਾਂ ਨੂੰ '੧ਓ' ਨਾਲ ਜੋੜਿਆ। ਸੰਗਤ ਦਾ ਇਸ਼ਟ ਇਕ ਪਰਮਾਤਮਾ *'ਨਿਰਗੁਣ ਸਰਗੁਣ ਨਿਰੰਕਾਰ'* ਸੀ। ਸੰਗਤ ਵਿਚ ਇਸ਼ਟਾਂ ਦੇ ਵੈਰ ਵਿਰੋਧ ਮੁੱਕ ਗਏ। ਅਨੇਕਤਾ ਛੱਡ ਲੋਕ ਏਕਤਾ ਵਿਚ ਆ ਜੁੜੇ।

4.2. ਖੰਡ ਖੰਡ ਦਾ ਦੂਜਾ ਵੱਡਾ ਕਾਰਨ ਸਮਾਜ ਦਾ ਅਨੇਕ ਜਾਤੀਆਂ, ਵਰਣਾਂ ਅਤੇ ਆਸ਼ਰਮਾਂ ਵਿਚ ਪੱਕੇ ਤੌਰ ਤੇ ਵੰਡਿਆ ਹੋਣਾ ਸੀ। ਬ੍ਰਾਹਮਣ ਦਾ ਉੱਚ ਜਾਤੀ ਅਭਿਮਾਨ ਉਸਨੂੰ ਨੀਵੀਆਂ ਜਾਤੀਆਂ ਨਾਲ ਘਿਰਣਾ ਸਿਖਾਂਦਾ ਸੀ। ਇਸਤ੍ਰੀਆਂ ਵੀ ਸ਼ੂਦਰਾਂ ਵਿਚ ਸੰਮਿਲਤ

ਸਨ। ਨੀਵੀਆਂ ਜਾਤਾਂ ਅਛੂਤ ਸਨ। ਉਨ੍ਹਾਂ ਨਾਲ ਹਰ ਤਰ੍ਹਾਂ ਦੀ ਵਰਤੋਂ ਵਿਹਾਰ ਵਿਵਰਜਤ ਸੀ। ਉਨ੍ਹਾਂ ਲਈ ਵੇਦਾਂ ਦਾ ਗਿਆਨ ਅਤੇ ਪੂਜਾ ਪਾਠ ਦੀ ਸਖਤ ਮਨਾਹੀ ਸੀ। ਰਿਗ ਵੇਦ ਦੇ ਪੁਰਸ਼ ਸੂਕਤ ਅਨੁਸਾਰ ਬ੍ਰਹਮਾ ਦੇ ਸਿਰ ਤੋਂ ਬ੍ਰਾਹਮਣ, ਭੁਜਾਵਾਂ ਤੋਂ ਖੱਤਰੀ, ਧੜ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਜਨਮੇ। ਇਹ ਜਾਤਾਂ ਜਨਮ ਨਾਲ ਪੱਕੇ ਤੌਰ ਤੇ ਜੋੜ ਦਿੱਤੀਆਂ ਗਈਆਂ।

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਜਾਤਾਂ ਵਰਣਾਂ ਦਾ ਖੰਡਨ ਕਰਦਿਆਂ **ਸੰਗਤ** ਦੀ ਕ੍ਰਾਂਤੀਕਾਰੀ ਸੰਸਥਾ ਸਥਾਪਤ ਕੀਤੀ, ਜਿਸ ਵਿਚ ਬ੍ਰਾਹਮਣ ਅਤੇ ਸ਼ੂਦਰ ਲਈ ਇਕੋ ਜਿਹਾ ਮਾਣ ਸੀ। ਜਾਤ ਪਾਤ, ਰੰਗ, ਨਸਲ ਤੇ ਅਮੀਰੀ-ਗਰੀਬੀ ਦਾ ਵਿਤਕਰਾ ਨਹੀਂ ਸੀ। ਐਸੀ ਸੰਗਤ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਸਵੇਰੇ ਸ਼ਾਮ ਜੁੜਨ ਦਾ ਉਪਦੇਸ਼ ਕੀਤਾ। ਇਹ 'ਸੰਗਤ' ਜਦੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ 'ਖਾਲਸੇ' ਦੇ ਰੂਪ ਵਿਚ ਪ੍ਰਗਟ ਹੋਈ ਤਾਂ ਖੱਤਰੀ, ਬ੍ਰਾਹਮਣ, ਸ਼ੂਦਰ, ਵੈਸ਼ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਗਿਆ ਤੇ ਖਾਲਸਾ ਪੰਥ ਵਿਚੋਂ ਜਾਤਪਾਤ ਨੂੰ ਸਦਾ ਲਈ ਖਤਮ ਕਰ ਦਿੱਤਾ ਗਿਆ। 'ਸੰਗਤ' ਵਿਚ ਲੋਕਾਂ ਦੀ ਵਡਿਆਈ ਜਾਤ ਜਾਂ ਜਨਮ ਕਰਕੇ ਨਹੀਂ, ਸਗੋਂ ਚੰਗੇ ਅਮਲਾਂ ਕਰਕੇ ਮੰਨੀ ਗਈ। ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਹੈ :

ਸਾ ਜਾਤਿ ਸਾ ਪਤਿ ਹੈ।
ਜੇਹੇ ਕਰਮ ਕਮਾਹਿ ॥ ਪੰ. ੧੩੩੦

ਜਿਥੋਂ ਤਕ ਗੁਰੂ ਨਾਨਕ ਦੇਵ ਜੀ ਦਾ ਆਪਣਾ ਸੰਬੰਧ ਸੀ, ਉਨ੍ਹਾਂ ਨੇ ਕਥਿਤ ਨੀਵੇਂ ਲੋਕਾਂ ਨਾਲ ਸਾਂਝ ਪਾਈ ਅਤੇ ਵੱਡੇ ਲੋਕਾਂ ਤੋਂ ਦੂਰ ਰਹੇ। 'ਸੰਗਤ' ਵਿਚ ਜਾਤਪਾਤ, ਊਚ ਨੀਚ, ਅਮੀਰੀ ਗਰੀਬੀ ਦਾ ਵਿਤਕਰਾ ਮਨਮਤਿ ਹੈ।

5. **ਸੰਗਤ ਤੇ ਪੰਗਤ :** ਏਕਤਾ ਅਤੇ ਸਾਂਝੀਵਾਲਤਾ ਨੂੰ ਪਰਪੱਕ ਕਰਨ ਲਈ ਸੰਗਤ ਦੇ ਨਾਲ 'ਪੰਗਤ' ਅਰਥਾਤ ਲੰਗਰ ਦੀ ਪ੍ਰਥਾ ਜੋੜ ਦਿੱਤੀ ਗਈ। ਮਿਲ ਕੇ ਖਾਣ ਨਾਲ ਪਿਆਰ ਵਧਦਾ ਹੈ। ਇਕ ਥਾਂ ਇਕੱਠੇ ਬੈਠ ਕੇ ਖਾਣ ਨਾਲ ਛੂਤ ਛਾਤ, ਊਚ-ਨੀਚ, ਜਾਤਪਾਤ, ਅਮੀਰੀ ਗਰੀਬੀ ਦੇ ਭਿੰਨ ਭੇਤ ਖਤਮ ਹੁੰਦੇ ਹਨ। ਇਸੇ ਲਈ ਗੁਰੂ ਜੀ ਨੇ ਹਰੇਕ ਸੰਗਤ ਦੇ ਨਾਲ ਲੰਗਰ ਆਵੱਸ਼ਕ ਕਰ ਦਿੱਤਾ, ਤਨ ਅਤੇ ਮਨ ਦੋਹਾਂ ਦੀ ਤ੍ਰਿਪਤੀ ਵਧਣ ਲਗੀ। ਸੰਗਤ ਵਿਚ ਨਾਮ, ਸਿਮਰਨ, ਕੀਰਤਨ, ਕਥਾ ਦਾ ਪਰਵਾਹ ਚਲਿਆ ਅਤੇ ਪੰਗਤ ਵਿਚ ਮਿਲਕੇ ਲੰਗਰ ਛਕਣ ਦੀ ਸੰਸਥਾ ਕਾਇਮ ਹੋਈ।

6.1. **ਸੰਗਤ ਅਤੇ ਸੇਵਾ :** ਸੰਗਤ ਅਤੇ ਪੰਗਤ ਦੋਹਾਂ ਵਿਚ ਸੇਵਾ ਨੂੰ ਮਹਾਨ ਰੁਤਬਾ ਦਿੱਤਾ ਗਿਆ ਹੈ। ਕਿਸੇ ਦੀਆਂ ਜੁਤੀਆਂ ਨਾਲ ਛੋਹ ਜਾਣਾ ਸਾਰੇ ਸੰਸਾਰ ਵਿਚ ਬੁਰੀ ਕਿਰਿਆ ਮੰਨਿਆ ਜਾਂਦਾ ਹੈ। ਹਿੰਦੂ ਧਰਮ ਦੀਆਂ ਉੱਚੀਆਂ ਜਾਤਾਂ ਤਾਂ ਜੁਤੀਆਂ ਛੂਹ ਜਾਣ ਨੂੰ ਮਹਾਨ ਅਪਰਾਧ ਮੰਨਦੀਆਂ ਹਨ ਪਰ ਗੁਰੂ ਨਾਨਕ ਦੇਵ ਨੇ ਸੰਗਤ ਸੰਸਥਾ ਵਿਚ ਇਸ ਦੀ ਮੁਹਾਰ ਉਲਟੇ ਪਾਸੇ ਮੋੜ ਦਿੱਤੀ। ਸੰਗਤ ਦੇ ਜੋੜੇ ਝਾੜਨੇ, ਉਨ੍ਹਾਂ ਨੂੰ ਸਾਫ ਕਰਕੇ ਤਰਤੀਬ ਵਿਚ ਰਖਣਾ, ਉਨ੍ਹਾਂ ਦੀ ਚਰਨ-ਧੂੜ ਲੈਣੀ ਮਹਾਨ ਪੁੰਨ ਕਰਾਰ ਦਿੱਤਾ। ਇਹ ਸੇਵਾ ਹੁਣ ਵੀ ਬੜੇ ਮਾਨ ਨਾਲ ਨਿਬਾਹੀ ਜਾਂਦੀ ਹੈ। ਕਥਿਤ ਵੱਡੇ ਲੋਕ ਵੀ ਇਹ ਸੇਵਾ ਫ਼ਖਰ ਨਾਲ ਕਰਦੇ ਹਨ, ਇਸ ਦੇ ਨਾਲ ਹੀ ਸੰਗਤ ਨੂੰ ਪੱਖਾ ਝਲਣ ਦੀ ਸੇਵਾ ਵੀ ਉੱਤਮ ਸੇਵਾ ਗਿਣੀ ਜਾਂਦੀ ਹੈ।

6.2. **ਲੰਗਰ ਦੀ ਸੇਵਾ :** ਲੰਗਰ ਤਿਆਰ ਕਰਨ, ਦਾਲਾਂ ਬਣਾਉਣ ਅਤੇ ਪਰਸ਼ਾਦੇ

ਛਕਾਉਣ ਦੀ ਸੇਵਾ ਸੰਗਤ ਨੂੰ ਸੌਂਪੀ ਗਈ ਅਤੇ ਇਹ ਤਾਕੀਦ ਕੀਤੀ :

ਵਿਣ ਸੇਵਾ ਧ੍ਰਿਗ ਹੱਥ ਪੈਰ
ਹੋਰ ਨਿਹਫਲ ਕਰਣੀ।

ਇੰਜ ਲੰਗਰ ਨੂੰ ਹੱਥੀਂ ਤਿਆਰ ਕਰਨਾ, ਉਸਨੂੰ ਸੰਗਤਾਂ ਵਿਚ ਵਰਤਾਉਣਾ ਅਤੇ ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਨੇ, ਇਨ੍ਹਾਂ ਸੇਵਾਵਾਂ ਨੂੰ ਬਹੁਤ ਮਾਨਤਾ ਪ੍ਰਾਪਤ ਹੈ। ਸਿੱਖ ਪੰਥ ਵਿਚ ਜਿਥੇ ਜਿਥੇ ਵੀ ਗੁਰਦੁਆਰੇ ਹਨ, ਲੰਗਰ ਤਿਆਰ ਹੁੰਦੇ ਹਨ ਅਤੇ ਇਹ ਸਭ ਸੇਵਾ ਸੰਗਤਾਂ ਆਪ ਕਰਦੀਆਂ ਹਨ। ਜੋੜਿਆਂ ਦੀ ਸੇਵਾ ਵਾਂਗ ਹੀ, ਭੋਜਨ ਤਿਆਰ ਕਰਨ ਅਤੇ ਵਿਸ਼ੇਸ਼ ਕਰਕੇ ਜੂਠੇ ਬਰਤਨ ਸਾਫ ਕਰਨਾ ਬੜਾ ਘਟੀਆ ਕੰਮ ਸਮਝਿਆ ਜਾਂਦਾ ਸੀ ਅਤੇ ਹੁਣ ਵੀ ਸਮਝਿਆ ਜਾਂਦਾ ਹੈ। ਪਰ ਗੁਰੂ ਜੀ ਦੇ ਉਪਦੇਸ਼ ਕਾਰਨ ਇਹ ਨੀਵੇਂ ਕੰਮ ਉੱਚੀ ਅਤੇ ਮਹਾਨ ਸੇਵਾ ਦਾ ਰੂਪ ਧਾਰਨ ਕਰ ਗਏ। ਇਸ ਤੋਂ ਬਿਨਾਂ ਜਲ ਦੀ ਸੇਵਾ, ਦੁਖੀਆਂ ਰੋਗੀਆਂ ਦੀ ਦਵਾਦਾਰੂ ਦੀ ਸੇਵਾ ਵੀ 'ਸੰਗਤ' ਦੇ ਅੰਗ ਹੀ ਸਮਝੇ ਜਾਂਦੇ ਹਨ। ਇਹੋ ਕਾਰਨ ਹੈ ਕਿ ਸਿੱਖ ਕੌਮ 'ਸੰਗਤ' ਦੀ ਸੇਵਾ ਵਿਚ ਤਨ, ਮਨ, ਧਨ ਸਭ ਕੁਝ ਅਰਪਨ ਕਰ ਦਿੰਦੀ ਹੈ।

ਗੁਰੂ ਵੀਹ ਵਿਸਵੇ ਅਤੇ
ਸੰਗਤ ਇਕੀ ਵਿਸਵੇ।

ਇਹ ਹਰੇਕ ਸਿੱਖ ਦਾ ਵਿਸ਼ਵਾਸ ਬਣਾਇਆ ਗਿਆ। ਸੰਗਤ ਦੀ ਸੇਵਾ ਨੂੰ ਗੁਰੂ ਦੀ ਸੇਵਾ ਤੁਲ ਮਮਝਿਆ ਗਿਆ। ਜੋ ਸੁਖ ਤੇ ਸਕੂਨ ਸਿੱਖਾਂ ਨੂੰ ਸੰਗਤ ਵਿਚੋ ਪ੍ਰਾਪਤ ਹੋਇਆ, ਉਸ ਦਾ ਕਿਸੇ ਹੋਰ ਥਾਂ ਤੋਂ ਪ੍ਰਾਪਤ ਹੋਣਾ ਅਸੰਭਵ ਸੀ। ਗੁਰੂ ਅਰਜਨ ਦੇਵ ਅਨੁਸਾਰ ਜੋ ਸੁਖ ਸੰਗਤਿ ਤੋਂ ਮਿਲਦਾ ਹੈ, ਉਹ ਨਾ ਰਾਜ ਵਿਚ ਹੈ, ਨਾ ਭੋਗ ਵਿਚ ਅਤੇ ਨਾ ਹੀ ਮਾਇਕ ਪਦਾਰਥਾਂ ਵਿਚ :

(i) *ਨ ਚ ਰਾਜ ਸੁਖ ਮਿਸਟੰ ਨ ਚ ਭੋਗ ਰਸ ਮਿਸਟੰ*
ਨ ਚ ਮਿਸਟੰ ਸੁਖ ਮਾਇਆ।
ਮਿਸਟੰ ਸਾਧ ਸੰਗਿ ਹਰਿ ਨਾਨਕ ਦਾਸ ਪ੍ਰਭ ਦਰਸਨੰ। ਪੰ. ੧੦੮

(ii) *ਜੇ ਲੋੜਹਿ ਸਦਾ ਸੁਖ ਭਾਈ।*
ਸਾਧੂ ਸੰਗਤਿ ਗੁਰਹਿ ਬਤਾਈ॥
ਊਹਾ ਜਪੀਐ ਕੇਵਲ ਨਾਮ
ਸਾਧੂ ਸੰਗਤਿ ਪਾਰਗਰਾਮ॥ ਪੰ. ੧੧੮੨

ਗੁਰਬਾਣੀ ਵਿਚੋਂ ਸੰਗਤ ਦਾ ਜੋ ਸਰੂਪ ਤੇ ਲਕਸ਼ ਵਿਦਮਾਨ ਹੁੰਦਾ ਹੈ, ਉਸ ਦੇ ਵਿਸ਼ੇਸ਼ ਅੰਗ ਇਹ ਹਨ :

(ੳ) ਸਤਿ ਸੰਗਤ ਨਾਮ ਦਾ ਖਜ਼ਾਨਾ ਹੈ। ਇਥੇ ਨਾਮ ਰੂਪੀ ਅੰਮ੍ਰਿਤ ਦੀ ਵਰਖਾ ਹੁੰਦੀ ਹੈ। ਇਥੇ ਨਾਮ, ਸਿਮਰਨ, ਕੀਰਤਨ ਦਾ ਪਰਵਾਹ ਚਲਦਾ ਹੈ। ਨਾਮ ਹੀ ਪ੍ਰਭੂ ਪ੍ਰਾਪਤੀ ਦਾ ਮੁੱਖ ਸਾਧਨ ਹੈ। ਸਤਿ ਸੰਗਤ ਗੁਰੂ ਦਾ ਮਦਰਸਾ ਹੈ ਜਿਥੇ ਹਰਿ ਦੇ ਗੁਣਾਂ ਦਾ ਪਠਨ ਪਾਠਨ ਹੁੰਦਾ ਹੈ :

1. *ਸਤ ਸੰਗਤਿ ਸਤਿਗੁਰ ਚਟ ਸਾਲ ਹੈ*
ਜਿਤ ਹਰਿ ਗੁਣ ਸਿਖਾ। ਪੰ. ੧੩੧੬

2. *ਸਾਧ ਸੰਗਿ ਹਰਿ ਕੀਰਤਨ ਗਾਈਐ।*
ਇਹੁ ਅਸਥਾਨੁ ਗੁਰੂ ਤੇ ਪਾਈਐ। ਪੰ. ੩੮੫
3. *ਸਤ ਸੰਗਤਿ ਨਾਮ ਨਿਧਾਨੁ ਹੈ ਜਿਥਹੁ ਹਰਿ ਪਾਇਆ।*
ਗੁਰ ਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ।
ਲੋਹਾ ਪਾਰਸਿ ਭੇਟੀਐ, ਕੰਚਨ ਹੋਇ ਆਇਆ। ਪੰ. ੧੨੪੪

(ਅ) ਸਤਿ ਸੰਗਤ ਵਿਚ ਮਨ ਦੀ ਮੈਲ ਧੁਲਦੀ ਹੈ, ਅਗਿਆਨਤਾ ਦਾ ਅੰਨ੍ਹੇਰਾ ਦੂਰ ਹੁੰਦਾ ਹੈ, ਗਿਆਨ ਅਤੇ ਬਿਬੇਕ ਬੁੱਧ ਦਾ ਪ੍ਰਕਾਸ਼ ਹੁੰਦਾ ਹੈ, ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਪ੍ਰਭੂ ਦਾ ਮਿਲਾਪ ਸੰਭਵ ਹੁੰਦਾ ਹੈ :

1. *ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ*
ਮਿਲਿ ਸੰਗਤਿ ਗੁਣ ਪਰਗਾਸਿ। ਪੰ. ੧੦
2. *ਮਿਲਿ ਸੰਤ ਸਭਾ ਮਨ ਮਾਂਜੀਐ ਭਾਈ, ਹਰਿਕੈ ਨਾਮ ਨਿਵਾਸੁ।*
ਮਿਟੇ ਅੰਧੇਰਾ ਅਗਿਆਨਤਾ ਭਾਈ, ਕਮਲ ਹੋਵੈ ਪਰਗਾਸ। ਪੰ. ੬੩੯
3. *ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ।*
ਮੈਲੁ ਖੋਈ ਕੋਟਿ ਅਘੁ ਹਰੇ, ਨਿਰਮਲ ਭਏ ਚੀਤਾ। ਪੰ. ੮੦੯
4. *ਸਾਧ ਸੰਗਿ ਮਲੁ ਲਾਥੀ, ਪਾਰ੍ਹਮ ਭਇਓ ਸਾਥੀ।*
ਨਾਨਕ ਨਾਮ ਧਿਆਇਆ, ਆਦਿ ਪੁਰਖ ਪ੍ਰਭੁ ਪਾਇਆ। ਪੰ. ੬੨੫
5. ਸਾਧ ਸੰਗਤਿ ਮਿਲਿ ਬੁਧਿ ਬਿਬੇਕ। ਪੰ. ੩੭੭

(ੲ) ਸਤਿ ਸੰਗਤ ਪਾਰਸ ਸਮਾਨ ਹੈ। ਜਿਵੇਂ ਪਾਰਸ ਲੋਹੇ ਨੂੰ ਸੋਨੇ ਵਿਚ ਬਦਲ ਦਿੰਦਾ ਹੈ, ਤਿਵੇਂ ਪਤਿਤ ਮਨੁੱਖ ਗੁਰੂ ਅਤੇ ਸੰਤ ਜਨਾਂ ਦੀ ਸੰਗਤ ਵਿਚ ਗੁਰਮਤਿ ਰਾਹੀ ਸ਼ੁੱਧ ਤੇ ਪਵਿੱਤਰ ਹੋ ਜਾਂਦੇ ਹਨ। ਜਿਵੇਂ ਲਕੜ ਦੀ ਸੰਗਤ ਕਰਕੇ ਲੋਹਾ ਵੀ ਤਰ ਜਾਂਦਾ ਹੈ, ਤਿਵੇਂ ਸੰਗਤ ਵਿਚ ਪਾਪੀ ਵੀ ਤਰ ਜਾਂਦੇ ਹਨ। ਸੰਗਤ ਵਿਚ ਸਭ ਔਗੁਣ ਵਿਨਾਸ਼ ਹੋ ਜਾਂਦੇ ਹਨ. ਪੰਚ ਚੋਰਾਂ ਤੋਂ ਖਲਾਸੀ ਹੋ ਜਾਂਦੀ ਹੈ, ਜਨਮ ਜਨਮ ਦੀ ਹਉਮੈ ਦੀ ਮੈਲ ਕਟੀ ਜਾਂਦੀ ਹੈ, ਦਸ ਇੰਦਰੇ ਵਸ ਵਿਚ ਆ ਜਾਂਦੇ ਹਨ, ਤਿੰਨ ਗੁਣਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਜਨਮ ਮਰਨ ਦਾ ਫੇਰ ਮੁੱਕ ਜਾਂਦਾ ਹੈ :

1. *ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੂ ਸਾਧੋ ॥*
ਜਿਉ ਛੁਹਿ ਪਾਰਸ ਮਨੂਰ ਭਏ ਕੰਚਨ
ਤਿਉਂ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧ।
ਜਿਉਂ ਕਾਸਟ ਸੰਗਿ ਲਹਾ ਬਹੁ ਤਰਤਾ
ਤਿਉਂ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ
ਗੁਰ ਸਤਿਗੁਰੂ ਗੁਰ ਸਾਧੋ। ਪੰ. ੧੨੯੭
2. *ਜਨਮ ਜਨਮ ਹੀ ਹਉਮੈ ਮਲ ਲਾਗੀ।*
ਮਿਲਿ ਸੰਗਤਿ ਮਲੁ ਲਹਿ ਜਾਵੈਗੋ। ਪੰ. ੧੩੦੯
3. *ਪੰਚ ਸਿੰਘ ਰਾਖੇ ਪ੍ਰਭ ਮਾਰਿ।*
ਦਸ ਬਿਘਿਆੜੀ ਲਈ ਨਿਵਾਰਿ।
ਤੀਨ ਆਵਰਤ ਕੀ ਚੂਕੀ ਘੇਰ।

ਸਾਧ ਸੰਗਿ ਚੂਕੇ ਭੈ ਫੇਰ। ਪੰ. ੮੯੯

(ਸ) ਪਾਰ ਉਤਾਰਾ ਅਤੇ ਪ੍ਰਭੂ ਪ੍ਰਾਪਤੀ ਕੇਵਲ ਸੰਗਤ ਰਾਹੀਂ ਹੀ ਸੰਭਵ ਹੈ। ਸੰਗਤ ਰਾਹੀਂ ਹੀ ਸਹਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ :

1. *ਤੁਰੀਆ ਗੁਣ ਸਤ ਸੰਗਤਿ ਪਾਈਐ ਨਦਰੀ ਪਾਰਿ ਉਤਾਰੀ।* ਪੰ. ੧੨੬੦
2. *ਸਤਿਗੁਰ ਬਾਝਹੁ ਸੰਗਤਿ ਨ ਹੋਈ।*
   ਬਿਨੁ ਸਬਦੇ ਪਾਰੁ ਨ ਪਾਏ ਕੋਈ।
   ਸਹਜੇ ਗੁਣ ਰਵਹਿ ਦਿਨੁ ਰਾਤੀ।
   ਜੋਤੀ ਜੋਤਿ ਮਿਲਾਇਆ। ਪੰ. ੧੦੬੮
3. *ਸਤ ਸੰਗਤਿ ਮਹਿ ਹਰਿ ਹਰਿ ਵਸਿਆ*
   ਮਿਲਿ ਸੰਗਤਿ ਹਰਿ ਗੁਨ ਜਾਨ।
   ਵਡੈ ਭਾਗ ਸਤ ਸੰਗਤ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ। ਪੰ. ੧੩੩੫

(ਹ) ਸੰਗਤ ਅਤੇ ਨਾਮ ਤੋਂ ਬਿਨਾਂ ਮਨੁੱਖ ਅਤੇ ਭਾਈਚਾਰੇ ਦਾ ਕਲਿਆਣ ਨਹੀਂ ਹੋ ਸਕਦਾ ਭਾਵੇਂ ਲਖਾਂ ਸਿਆਣਪਾਂ ਚਤੁਰਾਈਆਂ ਅਤੇ ਸੰਸਾਰਕ ਕਰਮ ਕੀਤੇ ਜਾਣ :

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ।
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ। ਪੰ. ੨੦

ਨਿਰਣੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਵਲੋਂ ਚਲਾਈ ਸੰਗਤ ਦੀ ਸੰਸਥਾ ਅਜਿਹਾ ਮਨੁੱਖਾ ਭਾਈਚਾਰਾ ਹੈ ਤਾਂ ਜੋ ਸਰਬ ਮਨੁੱਖਤਾ ਲਈ ਕਲਿਆਣਕਾਰੀ ਸਿਧ ਹੋ ਸਕਦਾ ਹੈ, ਜਿਸ ਵਿਚ ਇਕ ਰੱਬ ਦੀ ਬੰਦਗੀ ਅਤੇ ਉਸ ਦੇ ਨਾਮ ਸਿਮਰਨ ਵਿਚ ਸਾਰੀ ਮਨੁੱਖਤਾ ਬਿਨਾਂ ਕਿਸੇ ਰੰਗ ਰੂਪ, ਨਸਲ, ਜਾਤ ਪਾਤ, ਦੇਸ਼ ਵੇਸ ਦੇ ਭਿੰਨ ਭੇਦ ਤੋਂ ਜੁੜ ਸਕਦੀ ਹੈ। ਜਿਸ ਵਿਚ ਜੁੜਿਆ ਵੈਰ ਵਿਰੋਧ ਵਿਤਕਰੇ ਅਤੇ ਪਰਾਇਆਪਣ ਮੁਕ ਜਾਂਦਾ ਹੈ। ਸਾਰੀ ਮਨੁੱਖਤਾ ਨੂੰ ਸਾਂਝੀਵਾਲਤਾ ਵਿਚ ਇਕੱਠੇ ਕਰਨ ਦਾ ਇਕ ਸ਼ਾਨਦਾਰ ਵਸੀਲਾ ਸਾਧ ਸੰਗਤ ਹੈ :

ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ। ਰਹਾਉ।
ਨ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ।

ਭਾਈ ਗੁਰਦਾਸ ਨੇ 'ਸਾਧ ਸੰਗਤ' ਦੀ ਸਰਬ-ਪੱਖੀ ਮਹੱਤਤਾ ਤੇ ਸ੍ਰੇਸਟਤਾ ਨਿਮਨ ਪਉੜੀ ਵਿਚ ਸੰਖੇਪ ਰੂਪ ਵਿਚ ਦਰਸਾਈ ਹੈ :

ਸੁਖ ਸਾਗਰੁ ਹੈ ਸਾਧ ਸੰਗੁ ਸੋਭਾ ਲਹਿਰ ਤਰੰਗ ਅਤਲ।
ਮਾਣਕ ਮੋਤੀ ਹੀਰਿਆਂ, ਗੁਰਉਪਦੇਸ਼ ਅਵੇਸ ਅਮੋਲੇ।
ਰਾਗ ਰਤਨ ਅਨਹਦ ਧੁਨੀ ਸਬਦਿ ਸੁਰਤਿ ਲਿਵ ਆਗਮ ਅਲੋਲੇ।
ਰਿਧਿ ਸਿਧਿ ਨਿਧਿ ਸਭ ਗੋਲੀਆਂ ਚਾਰਿ ਪਦਾਰਥ ਗੋਇਲ ਗੋਲੇ।
ਲਖ ਲਖ ਚੰਦ ਚਰਾਗਚੀ ਲਖ ਲਖ ਅੰਮ੍ਰਿਤ ਪੀਚਨਿ ਝਲੇ।
ਕਾਮਧੇਨ ਲਖ ਪਾਰਜਾਤ ਜੰਗਲ ਅੰਦਰਿ ਚਰਨਿ ਅਡੋਲੇ।
ਗੁਰਮੁਖ ਸੁਖ ਫਲੁ ਬੋਲ ਅਬੋਲੇ। (੨੦.੨੨)

ਸਤਿ ਸੰਗਤ—ਇਕ ਦ੍ਰਿਸ਼ਟੀਕੋਣ

ਡਾ. ਸੁਰਜੀਤ ਸਿੰਘ

ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਉਸ ਦੇ ਵਿਹਾਰ ਦੇ ਮੁੱਢਲੇ ਕਾਰਨ ਮੰਨੀਆਂ ਜਾਂਦੀਆਂ ਹਨ। ਸਮੂਹਕ ਪ੍ਰਵਿਰਤੀ ਮਨੁੱਖ ਦੇ ਸਮਾਜੀ ਵਰਤਾਰੇ ਵਿਚ ਇਕ ਵਿਸ਼ੇਸ਼ ਸਥਾਨ ਰਖਦੀ ਹੈ। ਇਸੇ ਪ੍ਰਵਿਰਤੀ ਕਾਰਨ ਹੀ ਮਨੁੱਖ ਇਕੱਲਾ ਨਹੀਂ ਰਹਿ ਸਕਦਾ। ਉਹ ਆਪਣੀ ਨਸਲ ਦੇ ਹੋਰ ਸਾਥੀਆਂ ਦਾ ਸਾਥ ਪ੍ਰਾਪਤ ਕਰਕੇ ਹੀ ਪ੍ਰਫੁੱਲਤ ਹੁੰਦਾ ਹੈ। ਜਾਨਵਰ ਵੀ ਇਸ ਪ੍ਰਵਿਰਤੀ ਕਾਰਨ ਹੀ ਸਮੂਹਾਂ ਵਿਚ ਰਹਿਣਾ ਪਸੰਦ ਕਰਦੇ ਹਨ। ਮਨੁੱਖ ਨਾਲੋਂ ਉਨ੍ਹਾਂ ਦਾ ਅੰਤਰ ਇਹ ਹੁੰਦਾ ਹੈ ਕਿ ਉਹ ਆਪਣਾ ਸਾਥ ਚੁਨਣ ਸਮੇਂ ਵਿਵੇਕ ਬੁੱਧੀ ਦੀ ਵਰਤੋਂ ਨਹੀਂ ਕਰ ਸਕਦੇ। ਮਨੁੱਖ ਆਪਣੇ ਚੌਗਿਰਦੇ ਦੇ ਸਮੁੱਚੇ ਸਮਾਜ ਦਾ ਇਕ ਅੰਗ ਤਾਂ ਹੁੰਦਾ ਹੈ ਪਰ ਉਹ ਆਪਣੇ ਸਥਾਈ ਸੰਗ ਲਈ ਆਪਣੀ ਵਿਸ਼ੇਸ਼ ਰੁਚੀ ਅਤੇ ਲੋੜ ਅਨੁਸਾਰ ਕੁਝ ਵਿਅਕਤੀਆਂ ਦੀ ਚੋਣ ਕਰਦਾ ਹੈ। ਇਸ ਤਰ੍ਹਾਂ ਆਪਣੀ ਮਰਜ਼ੀ ਅਨੁਸਾਰ ਆਪਣੇ ਸਥਾਈ ਜਾਂ ਅਸਥਾਈ ਸਾਥ ਲਈ ਚੁਣੇ ਗਏ ਸੰਗ ਨੂੰ ਸੰਗਤ ਆਖਦੇ ਹਨ। ਸੰਗਤ ਦੇ ਕੋਸ਼ੀ ਅਰਥ "ਸੋਹਬਤ, ਸੰਗਤਿ, ਸਾਥੀ, ਉਹ ਮੱਠ ਜਿਥੇ ਉਦਾਸੀ ਜਾਂ ਨਿਰਮਲੇ ਸਾਧੂ ਰਹਿੰਦੇ ਹਨ, ਸੰਬੰਧ ਸੰਸਰਗ, ਗਾਣ ਬਜਾਣ ਦੇ ਕੰਮ ਵਿਚ ਯੋਗ ਦੇਣਾ, ਮੇਲ, ਜੋੜ ਦਾ, ਉਪਯੁਕਤ, ਠੀਕ" ਆਦਿ ਲਿਖੇ ਹਨ।[1] ਅਰਥਾਂ ਦੀ ਇਸ ਕੜੀ ਤੋਂ ਸਪੱਸ਼ਟ ਹੈ ਕਿ ਸੰਗਤ ਦਾ ਅਰਥ ਸਾਥ ਜਾਂ ਸੋਹਬਤ ਹੈ। ਇਹ ਸਾਥ ਕਿਸੇ ਚੰਗੇ ਜਾਂ ਮਾੜੇ ਉਦੇਸ਼ ਦੀ ਪ੍ਰਾਪਤੀ ਲਈ ਚੰਗੇ ਜਾਂ ਮਾੜੇ ਸਾਥੀਆਂ ਦਾ ਹੋ ਸਕਦਾ ਹੈ। ਆਮ ਅਰਥਾਂ ਤੋਂ ਵੱਖਰਿਆਉਣ ਲਈ ਅਧਿਆਤਮਿਕ ਖੇਤਰ ਵਿਚ ਸੰਗਤ ਨੂੰ ਆਮ ਤੌਰ ਉੱਤੇ ਸਤਿ ਸੰਗਤ, ਸਾਧ ਸੰਗ, ਸਤਿ ਸੰਗ ਜਾਂ ਸੰਤ ਮੰਡਲ ਕਰਕੇ ਲਿਖਿਆ ਜਾਂਦਾ ਹੈ। ਇਸ ਦੇ ਕੋਸ਼ੀ ਅਰਥ ਹਨ, "ਸੰਤਾਂ ਦੀ ਸੁਹਬਤ, ਭਲੇ ਲੋਕਾਂ ਦੀ ਸੰਗਤ।"

ਗੁਰਮਤਿ ਵਿਚ ਸੰਗਤ ਦੀ ਮਹੱਤਤਾ ਨੂੰ ਭਲੀ ਪ੍ਰਕਾਰ ਨਾਲ ਸਮਝਣ ਲਈ ਭਾਰਤੀ ਅਧਿਆਤਮਿਕ ਪਰੰਪਰਾ ਵਿਚ ਸੰਗਤ ਦੇ ਸਰੂਪ ਉੱਤੇ ਇਕ ਸਰਸਰੀ ਨਜ਼ਰ ਮਾਰ ਲੈਣੀ ਜ਼ਰੂਰੀ ਹੈ। ਰਿਗਵੇਦ ਵਿਚ ਇਸ ਪ੍ਰਕਾਰ ਤੇ ਸੂਕਤ ਆਮ ਮਿਲਦੇ ਹਨ ਜਿਥੇ ਯੱਗ ਮੰਡਪ ਵਿਚ ਬੈਠੇ ਯਾਜਕ ਸਮੂਹਕ ਰੂਪ ਵਿਚ ਕਿਸੇ ਵਿਸ਼ੇਸ਼ ਦੇਵਤੇ ਕੋਲੋਂ ਵਿਭਿੰਨ ਪ੍ਰਕਾਰ ਦੇ ਸੁਖਾਂ, ਸ਼ਤਰੂਆਂ ਉੱਤੇ ਜਿੱਤਾਂ, ਲੰਬੀਆਂ ਉਮਰਾਂ ਅਤੇ ਆਰਥਿਕ ਪ੍ਰਾਪਤੀਆਂ ਲਈ ਯਾਚਨਾਵਾਂ ਕਰਦੇ ਸਨ।[3] ਸ. ਕਪੂਰ ਸਿੰਘ ਆਮ ਸੂਕਤਾਂ ਨਾਲੋਂ ਇਕ ਭਿੰਨ ਪ੍ਰਕਾਰ ਦੇ ਸੂਕਤ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ : "ਸੰਗਤੀ ਜਾਂ ਲੋਕ ਸੰਮਤੀ ਦਾ ਸੰਕੇਤ ਮਾਤਰ ਉਸ ਮੰਤਰ ਦੀ ਪ੍ਰਾਰਥਨਾ

ਵਿਚ ਮਿਲ ਜਾਂਦਾ ਹੈ, ਜਿਸ ਵਿਚ ਕਿ ਸਮਾਨ ਲਕਸ਼, ਸਮਭਾਵਨਾ, ਅਤੇ ਸਮਾਨ ਮਨ ਲਈ ਪ੍ਰਾਰਥਨਾ ਕੀਤੀ ਗਈ ਹੈ।"[4] ਪਿਛੋਂ ਅਥਰਵ ਵੇਦ ਵਿਚ ਇਸ ਪਰੰਪਰਾ ਦੀ ਨਿਰੰਤਰਤਾ ਦਾ ਪਰਮਾਣ ਉਥੇ ਮਿਲਦਾ ਹੈ ਜ਼ਿਥੇ ਕਿ ਆਮ ਸਭਾ ਵਿਚ ਇਕੱਤਰ ਹੋਏ ਲੋਕ-ਸਮੂਹ ਨੂੰ, ਜਿਹੜਾ ਕਿ ਸਿੱਖ ਸੰਗਤ ਦੇ ਸਮਾਨ ਹੈ 'ਦੇਵ ਪੁੱਤਰੀ' ਆਖਿਆ ਗਿਆ ਹੈ।[5] ਉਪਨਿਸ਼ਦਾਂ ਵਿਚ ਗੁਰੂ ਅਤੇ ਸ਼ਿਸ਼ਾਂ ਜਾਂ ਵਿਦਵਾਨਾਂ ਵਿਚਕਾਰ ਕਿਸੇ ਰਿਸ਼ੀ ਆਸ਼ਰਮ ਜਾਂ ਰਾਜ-ਸਭਾ ਵਿਚ ਬੈਠ ਪਰਸਪਰ ਸੰਵਾਦ ਦਾ ਜ਼ਿਕਰ ਕਈ ਵਾਰ ਆਉਂਦਾ ਹੈ। ਉਦਾਹਰਣ ਲਈ ਰਿਸ਼ੀ ਯਾਗਯਵਲਕ ਰਾਜਾ ਜਨਕ ਦੀ ਸਭਾ ਵਿਚ ਵੱਡੇ ਵੱਡੇ ਹੰਕਾਰੀ ਵਿਦਵਾਨ ਬ੍ਰਾਹਮਣਾਂ ਨੂੰ ਬ੍ਰਹਮ ਗਿਆਨ ਗੋਸ਼ਟੀ ਵਿਚ ਹਰਾ ਕੇ ਇਕ ਹਜ਼ਾਰ ਗਊਆਂ ਦਾਨ ਵਿਚ ਲੈ ਜਾਂਦਾ ਹੈ।[6] ਡਾ. ਸ਼ੇਰ ਸਿੰਘ ਸਿੱਖਾਂ ਅਤੇ ਬੋਧੀਆ ਦੀ ਜੱਥੇਬੰਦਕ ਸਾਂਝ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ, "ਉਨ੍ਹਾਂ ਦੀ ਸੰਘ ਸੰਸਥਾ ਸਿੱਖਾਂ ਦੀ ਸੰਗਤ ਵਾਂਗ ਸੀ। ਇਸ ਸੰਘ ਦਾ ਮੈਂਬਰ ਬਣਨ ਲਈ ਉਸੇ ਤਰ੍ਹਾਂ ਪਰਣ ਕਰਨੇ ਪੈਂਦੇ ਹਨ ਤੇ ਰਸਮ ਅਦਾ ਹੁੰਦੀ ਹੈ ਜਿਵੇਂ ਅੰਮ੍ਰਿਤ ਛਕਣ ਸਮੇਂ ਖਾਲਸਾ ਜੱਥੇਬੰਦੀ ਵਿਚ ਦਾਖ਼ਲ ਹੋਣ ਲਈ ਕਰਨਾ ਪੈਂਦਾ ਹੈ।"[7] ਨਾਥ ਜੋਗੀਆਂ ਦੇ ਸੰਗਠਨਾਤਮਕ ਪੱਖ ਬਾਰੇ ਬ੍ਰਿਗਜ਼ ਲਿਖਦਾ ਹੈ, "ਨਾਥ ਜੋਗੀਆਂ ਲਈ ਇਕੱਲੇ ਰਹਿਣਾ ਉੱਚਿਤ ਨਹੀਂ ਮੰਨਿਆ ਜਾਂਦਾ ਹੈ। ਘੁੰਮਦੇ ਫਿਰਣ ਨਾਲੋਂ ਉਨ੍ਹਾਂ ਲਈ ਮੱਠਾਂ ਜਾਂ ਮੰਦਰਾਂ ਵਿਚ ਟਿਕ ਕੇ ਸਾਧਨਾ ਕਰਨਾ ਹੀ ਯੋਗ ਹੈ।"[8]

ਆਉ ਹੁਣ ਅਸੀ ਉਕਤ ਕਥਨਾਂ ਦਾ ਸਿੱਖ ਸਤਿ ਸੰਗਤ ਦੇ ਸੰਦਰਭ ਵਿਚ ਇਕ ਸਰਵੇਖਣ ਕਰੀਏ। ਵੈਦਿਕ ਯੱਗਾਂ ਵਿਚ ਕੇਵਲ ਕੁਝ ਚੋਣਵੇਂ ਯਾਗਯਕ ਹੀ ਕਿਸੇ ਵਿਸ਼ੇਸ਼ ਦੇਵਤੇ ਜਾਂ ਦੇਵਤਿਆਂ ਦੀ ਉਸਤਤੀ ਕਰਨ ਲਈ ਇਕੱਤਰ ਹੁੰਦੇ ਸਨ। ਯੱਗ ਪ੍ਰਕਿਰਿਆ ਦਾ ਪਰਮੁਖ ਉੱਦੇਸ਼ ਕੋਈ ਨੈਤਿਕ ਜਾਂ ਅਧਿਆਤਮਕ ਪ੍ਰਾਪਤੀ ਨਾ ਹੋਕੇ ਪਦਾਰਥਕ ਸੁੱਖਾਂ ਜਾਂ ਸ਼ਤਰੂਆਂ ਉੱਤੇ ਜਿੱਤ ਦੀ ਪ੍ਰਾਪਤੀ ਹੁੰਦਾ ਸੀ। ਸਭਾ ਜਾਂ ਸੰਮਤੀ ਜਿਸ ਨੂੰ ਸ. ਕਪੂਰ ਸਿੰਘ ਕਿਸੇ ਸਿੱਖ ਸੰਗਤ ਨਾਲ ਸਮਾਨਤਾ ਦਿੰਦੇ ਹਨ, ਏਨੀ ਹੀ ਸਮਾਨਤਾ ਰਖਦੀ ਸੀ ਕਿ ਲੋਕ ਉਥੇ ਸਾਂਝੇ ਉੱਦੇਸ਼ ਦੀ ਪ੍ਰਾਪਤੀ ਲਈ ਜੁੜਦੇ ਸਨ। ਪਰ ਅਧਿਆਤਮਿਕਤਾ ਜਾਂ ਨੈਤਿਕਤਾ ਦਾ ਇਸ ਵਿਚ ਕਿਧਰੇ ਕੋਈ ਜ਼ਿਕਰ ਵੀ ਨਹੀਂ ਸੀ ਹੁੰਦਾ। ਪਰ ਇਸ ਦੇ ਉਲਟ ਸਾਧ ਸੰਗਤ ਦਾ ਨੈਤਿਕ ਪੱਖ ਤਾਂ ਸ੍ਵੈ-ਪਰਤੱਖ ਹੈ :

ਕਾਮ ਕ੍ਰੋਧ ਲੋਭ ਮਦ ਖੋਏ,
ਸਾਧ ਕੈ ਸੰਗਿ ਕਿਲ ਬਿਖ ਸਭ ਧੋਏ। ਪੰ. ੧੯੪

ਉਪਨਿਸ਼ਦਾਂ ਦਾ ਗਿਆਨ ਤਾਂ ਜਨ-ਸਾਧਾਰਣ ਲਈ ਹੈ ਹੀ ਨਹੀਂ ਸੀ। ਸ੍ਰੀ ਐਸ. ਐਨ. ਦਾਸ ਗੁਪਤਾ ਸ੍ਰੀ ਡਿਊਸਨ ਦੇ ਮਤ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਉਪਨਿਸ਼ਦ ਦਾ ਅਰਥ 'ਗੁਹਜ ਗਿਆਨ' ਸੀ ਅਤੇ ਗਿਆਨ ਦੇਣ ਵੇਲੇ ਇਸ ਨੂੰ ਗੁਪਤ ਰੱਖਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਜਦ ਗਿਆਨ ਅਤੇ ਗਿਆਨ ਦੇਣ ਦੀ ਵਿਧੀ ਹੀ ਗੁਹਜ ਹੋਵੇ ਤਾਂ ਉਸ ਸਭਾ ਵਿਚ ਜਨ ਸਾਧਾਰਣ ਦੀ ਪਹੁੰਚ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ, ਪਰ ਬਿਨਾਂ ਜਾਤ ਪਾਤ ਅਤੇ ਊਚ ਨੀਚ ਦੇ ਵਿਤਕਰੇ ਤੋਂ ਸਭ ਲਈ ਖੁਲ੍ਹੇ ਹੋਣਾ ਅਤੇ ਪਤਿਤਾਂ ਨੂੰ 'ਪਾਵਨ' ਕਰਨਾ ਸਤਿ ਸੰਗਤ ਦੇ ਮੁੱਖ ਲੱਛਣ ਹਨ :

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ

ਜੋ ਹਰਿ ਧਿਆਵੈ ਸੋ ਪਰਧਾਨੁ ।
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੁੜਾ
ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ । ਪੰ. ੯੯੧

ਡਾ. ਸ਼ੇਰ ਸਿੰਘ ਦਾ ਬੋਧੀਆਂ ਦੀ ਸੰਘ ਸੰਸਥਾ ਨੂੰ ਸਿੱਖਾਂ ਦੀ ਸੰਗਤ ਦੇ ਵਿਕਸਿਤ ਰੂਪ ਖਾਲਸਾ ਨਾਲ ਤੁਲਨਾ ਦੇਣੀ ਤਾਂ ਇਕ ਉੱਕਾ ਹੀ ਭੁਲੇਖਾ ਪਾਊ ਯਤਨ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਖਾਲਸਾ ਅਤੇ ਸੰਗਤ ਦੇ ਸਰੂਪ ਵਿਚ ਹੀ ਵੱਡਾ ਅੰਤਰ ਹੈ। ਖਾਲਸਾ ਤਾਂ ਸੰਗਤ ਦੇ ਵਿਕਾਸ ਦਾ ਸਿਖਰ ਹੈ। ਖਾਲਸੇ ਦੀ ਇਕ ਵਿਸ਼ੇਸ਼ ਰਹਿਤ ਮਰਿਆਦਾ ਹੈ। ਖਾਲਸਾ ਸ਼ਸਤਰ ਧਾਰੀ ਹੈ। ਖਾਲਸਾ ਤਾਂ ਸਿੱਖ ਦਾ ਦੂਜਾ ਜਨਮ ਹੈ। ਪਰ ਸਾਧ ਸੰਗਤ ਖਾਲਸੇ ਵਰਗੀ ਕੋਈ ਨਿਯਮਿਤ ਜੱਥੇਬੰਦੀ ਨਹੀਂ ਹੈ। ਸਾਰੇ ਸਿੱਖ ਸਾਹਿਤ ਵਿਚ ਸੰਗਤ ਦੇ ਜੱਥੇਬੰਦਕ ਰੂਪ ਦਾ ਕੋਈ ਵੇਰਵਾ ਨਹੀਂ ਮਿਲਦਾ। ਗੁਰਸਿੱਖ ਨੇ ਤਾਂ ਅਜੇ ਸੰਗੀਆਂ ਨਾਲ ਮਿਲਕੇ ਗੁਰੂ ਦੀ ਮਿਹਰ ਨਾਲ ਨਾਮ ਅਭਿਆਸ ਕਰਨਾ ਹੈ। ਸੰਗਤ ਵਿਚ ਆਉਣ ਵਾਲੇ ਤਾਂ ਅਜੇ ਸਿਖਾਂਦਰੂ ਹਨ। ਗੁਰੂ ਨੇ ਕਿਰਪਾ ਕਰਕੇ ਸਿੱਖ ਦੇ ਅੰਦਰ ਛਿਪੇ ਹੋਏ 'ਰਤਨ ਜਵੇਹਰ ਮਾਣਕ' ਪ੍ਰਗਟ ਕਰਨੇ ਹਨ :

ਸਤਿਗੁਰ ਸਾਧ ਸੰਗਤਿ ਹੈ ਨੀਕੀ,
ਮਿਲਿ ਸੰਗਤਿ ਰਾਮੁ ਰਵੀਜੈ ।
ਅੰਤਰਿ ਰਤਨ ਜਵੇਹਰ ਮਾਣਕ ।
ਗੁਰ ਕਿਰਪਾ ਤੇ ਲੀਜੈ । ਪੰ. ੧੩੨੪

ਇਸ ਵਿਚ ਕੋਈ ਸ਼ੱਕ ਨਹੀ ਕਿ ਜੋਗੀ ਆਪਣੇ ਟਿੱਲਿਆਂ ਉੱਤੇ ਮੰਡਲੀਆਂ ਬਣਾ ਕੇ ਰਹਿੰਦੇ ਸਨ। ਮੰਡਲੀਆਂ ਵਿਚ ਹੀ ਭਰਮਣ ਕਰਦੇ ਸਨ। ਪੰਗਤ, ਵਿਚ ਭੰਡਾਰਾ ਛਕਦੇ ਸਨ। ਜਾਤ ਪਾਤ ਦੇ ਬੰਧਨਾਂ ਤੋਂ ਵੀ ਮੁਕਤ ਸਨ। ਬ੍ਰਾਹਮਣਵਾਦ ਦੇ ਕੱਟੜ ਆਲੋਚਕ ਸਨ। ਗੁਰੂ ਦਾ ਵੀ ਬੜਾ ਸਤਿਕਾਰ ਕਰਦੇ ਸਨ। ਪਰ ਨਾਥ ਜੋਗੀਆਂ ਅਤੇ ਸਤਿ ਸੰਗੀ ਗੁਰ ਸਿੱਖਾਂ ਦੇ ਸਾਧਨਾ ਮਾਰਗ ਵਿਚ ਢੇਰ ਅੰਤਰ ਹੈ, ਹੱਠ ਯੋਗੀ ਨਿੱਜੀ ਸਾਧਨਾ ਵਿਚ ਵਿਸ਼ਵਾਸ ਕਰਦੇ ਸਨ। ਇਸ ਤੇ ਬਿਨਾਂ ਉਨ੍ਹਾਂ ਦਾ ਜੀਵਨ ਮਾਰਗ ਵੀ ਗੁਰਮਤਿ ਨਾਲੋਂ ਬਿਲਕੁਲ ਭਿੰਨ ਸੀ। ਬ੍ਰਿਗਜ਼ ਲਿਖਦਾ ਹੈ, "ਹੱਠ ਯੋਗੀ ਨੂੰ ਅਭਿਆਸ ਇਕ ਚਾਰ ਵਰਗ ਹੱਥ ਦੀ, ਪੱਥਰ ਰੋੜੇ, ਪਾਣੀ, ਅੱਗ ਦੇ ਵਿਘਨ ਤੋਂ ਸੁਰੱਖਿਅਤ ਅਜਿਹੀ ਨਿੱਜੀ ਕੁਟੀਆ ਵਿਚ ਕਰਨਾ ਚਾਹੀਦਾ ਹੈ, ਜਿਹੜੀ ਸੁਸ਼ਾਸਿਤ ਖੇਤ੍ਰ ਵਿਚ ਸਥਿਤ ਹੋਵੇ , ਜਿਥੇ ਹਿੰਸਾ ਨਾ ਹੋਵੇ, ਕਾਨੂੰਨ ਦਾ ਸਤਿਕਾਰ ਹੋਵੇ ਅਤੇ ਭਿਖਿਆ ਉਪਲਬਧ ਹੋਵੇ।"[10] ਇਸ ਕਥਨ ਤੋਂ ਸਿੱਧ ਹੁੰਦਾ ਹੈ ਕਿ ਇਹ ਜੋਗੀ ਆਮ ਆਦਮੀ ਨਾਲੋਂ ਕਟੇ ਹੋਏ, ਸਮਾਜੀ ਭਗੌੜੇ ਅਤੇ ਭਿਖਿਆ ਉੱਤੇ ਗੁਜ਼ਰਾਨ ਕਰਨ ਵਾਲੇ ਸਨ। ਭਾਈ ਗੁਰਦਾਸ ਜੀ ਦਾ ਵੀ ਕਥਨ ਹੈ :

ਸਿਧ ਛਪਿ ਬੈਠੇ ਪਰਬਤੀ ਕਉਣ ਜਗਤ੍ਰਿ ਕਉ ਪਾਰ ਉਤਾਰਾ ।
ਜੋਗੀ ਗਿਆਨ ਵਿਹੂਣਿਆ ਨਿਸ ਦਿਨ ਅੰਗ ਲਗਾਇਨਿ ਛਾਰਾ ।[11]

ਇਹ ਭਸਮਧਾਰੀ ਜੋਗੀ ਕਰਾਮਾਤਾਂ ਦਿਖਾ ਕੇ; ਆਮ ਲੋਕਾਂ ਉੱਤੇ ਦਬਾਅ ਪਾ ਕੇ ਰਖਦੇ ਸਨ। ਭਾਈ ਗੁਰਦਾਸ ਜੀ ਦੀ ਗਵਾਹੀ :

ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤ ਦਿਖਾਈ ।

ਇਕਿ ਪਰਿ ਕਰਿ ਕੇ ਉੱਤਰਨਿ ਪੰਖੀ ਜਿਵੇ ਰਹੈ ਲੀਲਾਈ।
ਤਾਰੇ ਤੋੜੇ ਭੰਗਰ ਨਾਥ ਇਕਿ ਚੜਿ ਮਿਰਗਾਣੀ ਜਲੁ ਤਰਿ ਜਾਈ।
ਸਿਧਾਂ ਅਗਨਿ ਨ ਬੁਝੈ ਬੁਝਾਈ।[2]

ਭਾਈ ਗੁਰਦਾਸ ਦੇ ਇਹ ਸ਼ਬਦ ਕਰਾਮਾਤਾਂ ਬਾਰੇ ਗੁਰਮਤਿ ਦੀ ਸਹੀ ਤਰਜਮਾਨੀ ਕਰਦੇ ਹਨ :

ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ, ਅਸਾਥੇ ਨਾਹੀ।[3]

ਜੋਗੀਆਂ ਦੀ ਮੰਡਲੀ ਦੀ ਜੀਵਿਕਾ ਦਾ ਆਧਾਰ ਭਿਖਿਆ ਸੀ। ਪਰ ਭਿਖਿਆ ਜੀਵੀ ਸਾਧੂਆਂ ਦਾ ਗੁਰਮਤਿ ਵਿਚ ਤਿਆਗ ਕਰਨ ਉੱਤੇ ਜ਼ੋਰ ਦਿੱਤਾ ਗਿਆ। ਕਿਰਤ ਕਰਕੇ ਗੁਜ਼ਰਾਨ ਕਰਨੀ ਅਤੇ ਲੋੜਵੰਦ ਦੀ ਲੋੜ ਪੂਰਨੀ ਹੀ ਅਸਲ ਜੀਵਨ ਮਾਰਗ ਹੈ :

ਗੁਰੁ ਪੀਰੁ ਸਦਾਏ ਮੰਗਣ ਜਾਇ।
ਤਾ ਕੈ ਮੂਲਿ ਨ ਲਗੀਐ ਪਾਇ।
ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ। ਪੰ. ੧੨੪੫

ਸਪੱਸ਼ਟ ਹੀ ਹੈ ਕਿ ਹੱਠ ਯੋਗੀਆਂ ਦੇ ਸਾਧਨਾ ਮਾਰਗ ਅਤੇ ਨਿੱਤ ਜੀਵਨ ਵਿਹਾਰ ਨਾਲ ਗੁਰਮਤਿ ਦਾ ਨੇੜੇ ਦਾ ਵੀ ਸੰਬੰਧ ਨਹੀਂ। ਉਕਤ ਸਰਵੇਖਣ ਤੋਂ ਅਸੀਂ ਇਸ ਸਿੱਟੇ ਉੱਤੇ ਪਹੁੰਚਦੇ ਹਾਂ ਕਿ ਭਾਵੇਂ ਕਿਸੇ ਨਾ ਕਿਸੇ ਰੂਪ ਵਿਚ ਹਰ ਭਾਰਤੀ ਧਰਮ ਦੇ ਸਾਧਨਾ ਮਾਰਗ ਵਿਚ ਮਿਲ ਬੈਠਣ ਦੀ ਪਰੰਪਰਾ ਤਾਂ ਕਾਇਮ ਸੀ ਤੇ ਹੈ ਵੀ। ਪਰ ਜਿਵੇਂ ਕਿ ਅੱਗੇ ਚਲ ਕੇ ਦੇਖਾਂਗੇ ਕਿ ਗਠਨ, ਸੰਚਾਲਨ, ਅਤੇ ਉੱਦੇਸ਼ ਦੇ ਪੱਖੋਂ ਗੁਰਮਤਿ ਵਿਚ ਸੰਗਤ ਦਾ ਸੰਕਲਪ ਮੌਲਿਕ ਹੈ। ਸ. ਕਪੂਰ ਸਿੰਘ, ਸਿਮਰਨ, ਸੇਵਾ, ਅਰਦਾਸ ਅਤੇ ਸੰਗਤ ਦਾ ਸੰਬੰਧ ਭਲੀ ਭਾਂਤੀ ਜਤਾਉਂਦੇ ਹੋਏ ਲਿਖਦੇ ਹਨ, "ਇਸ ਪ੍ਰਕਾਰ ਭਾਰਤ ਵਿਚ ਸਮੂਹਕ ਅਰਦਾਸ ਦੀ ਸੰਸਥਾ ਸਿੱਖਾਂ ਦੀ ਮੂਲੋਂ ਹੀ ਆਪਣੀ ਹੈ।"[4] ਸਮੂਹਕ ਅਰਦਾਸ ਸੰਗਤ ਵਿਚ ਹੀ ਹੁੰਦੀ ਹੈ।

ਅੱਜ ਕਲ 'ਸੰਗਤ' ਪਦ ਦੀ ਵਰਤੋਂ ਇਸ ਦੇ ਸੰਕਲਪ ਨੂੰ ਉਪਯੁਕਤ ਸੰਦਰਭ ਵਿਚ ਸਮਝਣ ਦੇ ਲਈ ਕੀਤੀ ਜਾ ਰਹੀ ਹੈ। ਕਿਸੇ ਵੀ ਸਮੇਂ ਕਿਸੇ ਵੀ ਉੱਦੇਸ਼ ਨਾਲ ਜੁੜੇ ਹੋਏ ਲੋਕ ਸਮੂਹ ਨੂੰ 'ਸੰਗਤ' ਆਖਿਆ ਜਾਂਦਾ ਹੈ। ਸੰਗਤ ਦੇ ਇਨ੍ਹਾਂ ਸਾਧਾਰਣ ਅਰਥਾਂ ਤੋਂ ਵੱਖਰਿਆਉਣ ਲਈ ਗੁਰਮਤਿ ਦੇ ਬਾਣੀਕਾਰਾਂ ਨੇ ਸੰਗਤ ਦਾ ਸਰੂਪ ਸਪੱਸ਼ਟ ਸ਼ਬਦਾਂ ਵਿਚ ਬਿਆਨ ਕਰ ਦਿੱਤਾ ਹੈ। ਸੰਗਤ ਦਾ ਪਹਿਲਾ ਅਤੇ ਪਰਮੁਖ ਲੱਛਣ ਇਹ ਹੈ ਕਿ ਉਸ ਵਿਚ ਕਿਸੇ ਦੇਵੀ ਦੇਵਤੇ, ਪੀਰ, ਫਕੀਰ ਜਾਂ ਅਵਤਾਰ ਦਾ ਨਹੀਂ ਸਗੋਂ ਇਕੋ ਅਕਾਲ ਪੁਰਖ ਦਾ ਨਾਮ ਜਪਿਆ ਜਾਂਦਾ ਹੈ। 'ਏਕੋ ਨਾਮ' ਇਕ ਸੂਤ੍ਰ ਹੈ ਜਿਸ ਦੇ ਦੁਆਲੇ ਸਾਧ ਸੰਗਤ ਮਾਲਾ ਵਾਂਗ ਪਰੋਈ ਜਾਂਦੀ ਹੈ। ਇਕ 'ਏਕੋ ਨਾਮ' ਜਪਣ ਦਾ ਕਾਰਜ ਸਾਧ ਸੰਗਤ ਨੂੰ ਪਿਛਲੇ ਸਭ ਪ੍ਰਕਾਰ ਦੇ ਅਧਿਆਤਮਿਕ ਸਮੂਹਾਂ ਤੋਂ ਵੱਖਰਿਆਉਂਦਾ ਹੈ।

ਗੁਰ ਵਾਕ ਹੈ :

ਸਤ ਸੰਗਤਿ ਕੈਸੀ ਜਾਣੀਐ,
ਜਿਥੈ ਏਕੋ ਨਾਮ ਵਖਾਣੀਐ,
ਏਕੋ ਨਾਮੁ ਹੁਕਮ ਹੈ

ਨਾਨਕ ਸਤਿਗੁਰ ਦੀਆਂ ਬੁਝਾਇ ਜੀਉ। ਪੰ. ੭੨

ਗੁਰੂ ਅਰਜਨ ਦੇਵ ਜੀ ਦਾ ਕਥਨ ਹੈ :

ਸੰਤ ਮੰਡਲੁ ਤਹਾ ਕਾ ਨਾਉ।
ਪਾਰਬ੍ਰਹਮ ਕੇਵਲ ਗੁਣਗਾਉ। ਪੰ. ੧੪੬

'ਏਕੋ ਨਾਮ' ਆਪ ਤਾਂ ਜਪਿਆ ਨਹੀ ਜਾਂਦਾ। ਇਕੱਤਰ ਹੋਈ ਸੰਗਤ ਬਿਨਾਂ ਯੋਗ ਗੁਰੂ ਦੀ ਰਹਿਨੁਮਾਈ ਆਪੋ ਧਾਪੀ ਦੇ ਰਾਹ ਵੀ ਪੈ ਸਕਦੀ ਹੈ। ਨਾਮ-ਅਭਿਆਸੀ ਸੰਗਤ ਵਿਚ ਆਉਣ ਤੋਂ ਪਹਿਲਾਂ ਕਈ ਮਤ ਮਤਾਂਤਰਾਂ ਦੇ ਅਨੁਯਾਈ ਰਹਿ ਚੁੱਕੇ ਹੁੰਦੇ ਹਨ। ਪੁਰਾਣੇ ਸੰਸਕਾਰਾਂ ਅਧੀਨ ਉਨ੍ਹਾਂ ਦੀ ਮੁੜ ਪਿੱਛੇ ਵਲ ਪਰਤ ਜਾਣ ਦੀ ਵੀ ਸੰਭਾਵਨਾ ਰਹਿੰਦੀ ਹੈ। ਇਸ ਕਰਕੇ ਸਤਿ ਸੰਗਤ ਵਿਚ ਗੁਰੂ ਦਾ ਸਰੀਰਕ ਜਾਂ ਸ਼ਬਦ ਰੂਪ ਵਿਚ ਉਪਸਥਿਤ ਹੋਣਾ ਵੀ ਜ਼ਰੂਰੀ ਹੈ :

ਸਤਿਗੁਰ ਬਾਝਹੁ ਸੰਗਤਿ ਨਾ ਹੋਈ।
ਬਿਨੁ ਸਬਦੇ ਪਾਰ ਨ ਪਾਏ ਕਸਈ। ਪੰ. ੧੦੬੮

....

ਜਹ ਸਤਿਗੁਰ ਤਹ ਸਤ ਸੰਗਤਿ ਬਣਾਈ
ਜਹ ਸਤਿਗੁਰ ਸਹਜੇ ਗੁਣ ਗਾਈ। ਪੰ. ੧੬੦

ਕੋਈ ਜ਼ਰੂਰੀ ਨਹੀਂ ਕਿ ਸਾਧ ਸੰਗਤ ਵਿਚ ਸਾਰੇ ਪਹੁੰਚੇ ਹੋਏ ਗੁਰਸਿੱਖ ਹੀ ਹੋਣ। ਇਸ ਮਾਰਗ ਉੱਤੇ ਕੁਝ ਥੋੜ੍ਹਾ ਜਿਹਾ ਅੱਗੇ ਵਧੇ ਹੋਏ ਅਤੇ ਕੁਝ ਨਿਰੋਲ ਨਵੇਂ ਪਾਂਧੀ ਵੀ ਹੋ ਸਕਦੇ ਹਨ। ਪਰ ਉੱਦੇਸ਼ ਸਭ ਦਾ ਇਕੋ ਸਾਂਝਾ ਹੁੰਦਾ ਹੈ। ਇਹ ਹੈ ਗੁਰੂ ਦੇ ਚਰਨਾਂ ਵਿਚ ਇਉਂ ਜੁੜਨਾ ਜਿਵੇਂ ਵਿਦਿਆਰਥੀ ਕਿਸੇ ਪਾਠਸ਼ਾਲਾ ਵਿਚ ਇਕੱਠੇ ਹੁੰਦੇ ਹਨ। ਇਸ ਲਈ ਸਤਿ ਸੰਗਤ ਇਕ ਅਜਿਹੀ ਪਾਠਸ਼ਾਲਾ ਹੈ ਜਿਥੇ ਗੁਰਸਿੱਖ ਗੁਰੂ ਕੋਲੋਂ 'ਹਰਿਗੁਣਾਂ' ਦੀ ਸਿਖਿਆ ਲੈਣ ਅਤੇ ਅਭਿਆਸ ਕਰਨ ਲਈ ਜੁੜਦੇ ਹਨ :

ਸਤ-ਸੰਗਤਿ ਸਤਿਗੁਰ ਚਟਸਾਲ ਹੈ।
ਜਿਤੁ ਹਰਿਗੁਣ ਸਿਖਾ। ਪੰ. ੧੩੧੬

ਸਤਿ ਸੰਗਤ ਦੀ ਵਡਿਆਈ ਗੁਰਸਿੱਖਾਂ ਦੀ ਬਹੁਤੀ ਮਾਤਰਾ ਵਿਚ ਨਹੀਂ ਸੁਪਾਤਰਤਾ ਵਿਚ ਹੈ। 'ਏਕੋ ਨਾਮ' ਨਾਲ ਇਕ ਸੁਰ ਹੋਏ ਜਾਂ ਇਸ ਕਾਰਜ ਵਿਚ ਸੱਚੇ ਦਿਲੋਂ ਲੱਗੇ ਹੋਏ ਸਾਧਕਾਂ ਦੀ ਗਿਣਤੀ ਦੋ ਵੀ ਹੋਵੇ ਤਾਂ ਵੀ ਸਤਿ ਸੰਗਤ ਅਖਵਾਉਣ ਲਈ ਕਾਫੀ ਹੈ :

ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸਰੁ।[15]

ਉਕਤ ਕਥਨਾਂ ਦੇ ਚਾਨਣ ਵਿਚ ਹੀ ਆਧੁਨਿਕ ਵਿਦਵਾਨਾਂ ਨੇ ਵੀ ਸਾਧ ਸੰਗਤ ਦੀ ਪਰਿਭਾਸ਼ਾ ਲਿਖਣ ਦੇ ਯਤਨ ਕੀਤੇ ਹਨ। ਸ. ਰਣਬੀਰ ਸਿੰਘ ਲਿਖਦੇ ਹਨ, "ਸਤਿ ਸੰਗਤ ਐਸਾ ਸੱਚਾ ਘਰ ਆਖਿਆ ਜਾ ਸਕਦਾ ਹੈ ਜਿਥੇ ਪ੍ਰਭੂ ਦੇ ਪਿਆਰੇ ਉਸੇ ਵਿਚ ਲੀਨ ਰਹਿਣ ਦੀ ਜਾਂਚ ਸਿਖਦੇ ਹਨ।"[16] ਡਾ. ਭਾਈ ਜੋਧ ਸਿੰਘ ਦਾ ਮਤ ਹੈ, "ਜਿਥੇ ਸਤਿਗੁਰ ਦੇ ਸ਼ਬਦ ਦੀ ਵੀਚਾਰ ਹੈ, ਉਸ ਸਤਿ ਸੰਗ ਹੈ।"[17] ਗੁਰਮਤਿ ਦੇ ਸੰਦਰਭ ਵਿਚ ਇਸ ਕਥਨ ਦਾ ਇਹੀ ਮਤਲਬ ਨਿਕਲਦਾ ਪ੍ਰਤੀਤ ਹੁੰਦਾ ਹੈ ਕਿ ਸਿੱਖ ਸਮਾਜ ਵਿਚ ਸੰਗਤ ਉਨ੍ਹਾਂ ਚੋਣਵੇਂ ਵਿਅਕਤੀਆਂ ਦਾ ਸਮੂਹ ਹੈ ਜਿਹੜਾ ਬਿਨਾਂ ਕਿਸੇ ਵਿਚੋਲੇ ਦੇ ਸਿੱਧੇ ਸਤਿਗੁਰੂ ਦੇ ਸੰਪਰਕ ਵਿਚ

ਆਉਂਦੇ ਹਨ। ਉਕਤ ਅਧਿਐਨ ਦੀ ਰੋਸ਼ਨੀ ਵਿਚ ਅਸੀਂ ਆਖ ਸਕਦੇ ਹਾਂ ਕਿ ਇਕ ਨਿਸ਼ਚਿਤ ਥਾਂ ਉੱਤੇ 'ਏਕੋ ਨਾਮ' ਅਭਿਆਸੀਆਂ ਦਾ ਗੁਰਸ਼ਬਦ ਹੀ ਰਹਿਨੁਮਾਈ ਵਿਚ ਜੁੜਨ ਵਾਲਾ ਬਕਾਇਦਾ ਸਿੱਖ ਸਮੂਹ ਸਾਧ ਸੰਗਤ ਜਾਂ ਸਤਿ ਸੰਗਤ ਹੈ।[18]

ਸਿੱਖ ਸਾਹਿਤ ਵਿਚ ਮਿਲਦੇ ਇਤਿਹਾਸਕ ਹਵਾਲਿਆਂ ਅਤੇ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਆਏ ਕਥਨਾਂ ਤੋਂ ਪਤਾ ਲਗਦਾ ਹੈ ਕਿ ਗੁਰਮਤਿ ਵਿਚ ਸਦਾ ਤੋਂ ਹੀ ਸੰਗਤ ਦੀ ਬੜੀ ਮਹੱਤਤਾ ਰਹੀ ਹੈ। ਇਥੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਵਿਚ "ਖਾਲਸਾ" ਅਤੇ "ਨਿਰਮਲ ਪੰਥ" ਨਾਮਾ ਤੋਂ ਭਿੰਨ ਸਿੱਖ ਸਮਾਜ ਦਾ ਨਾਮ ਸਾਧ ਸੰਗ ਭੀ ਰਿਹਾ ਹੈ।[19] ਸੰਮਤ 1741 ਵਿਚ ਕੀਤੇ ਆਪਣੇ ਪੰਚ ਤੰਤਰ ਦੇ ਅਨੁਵਾਦ ਵਿਚ ਕਵੀ ਤਨਸੁਖ ਲਿਖਦਾ ਹੈ :

ਕਲਿਜੁਗ ਜਬੈ ਅਨੀਤਿ ਚਲਾਈ।
ਨਾਨਕ ਰੂਪ ਧਰਯੋ ਹਰਿ ਆਈ।
ਚਾਰੋਂ ਵਰਨ ਸਿੱਖ ਤਬ ਕੀਨੇ।
ਕ੍ਰਿਆਵੰਤ ਹੁਇ ਇਹ ਫਲ ਦੀਨੇ।
ਦਯਾ ਧਰਮ ਪ੍ਰਾਤਹ ਇਸਨਾਨ।
ਸਤਯ ਵਚਨ ਔ ਪ੍ਰੀਤਿ ਸੁ ਦਾਨ।
ਸਾਧ ਸੰਗਤਿ ਹੋਵੇ ਤਿਹ ਨਾਮ।
ਸਬ ਮਿਲ ਪਾਵਹਿਂ ਤਹਿਂ ਬਿਸ੍ਰਾਮ।
ਕਲਿ ਕੇ ਦੂਤ ਤਹਾਂ ਜੋ ਆਵਹਿ।
ਸਾਧ ਸੰਗਤਿ ਮੇ ਠੌਰ ਨ ਪਾਵਹਿਂ।[20]

ਭਾਈ ਨੰਦ ਲਾਲ ਜੀ ਭੀ 'ਜ਼ਿੰਦਗੀ ਨਾਮਾ' ਵਿਚ ਗੁਰਮਤਿ ਨੂੰ 'ਮਜਹਬੇ ਈਂ ਸਾਧ ਸੰਗ' ਲਿਖਦੇ ਹਨ।[21] ਸ. ਕਪੂਰ ਸਿੰਘ ਜੀ ਇਕ ਲੋਕ ਉਕਤੀ 'ਗੁਰੂ ਬੀਸ ਬਿਸਵੇ ਤੇ ਸੰਗਤ ਇਕੀਸ ਬਿਸਵੇ' ਦੇ ਹਵਾਲੇ ਨਾਲ ਲਿਖਦੇ ਹਨ, 'ਇਹ ਕਥਨ ਸਿੱਖ ਸਾਹਿਤ ਵਿਚ ਬਹੁਤ ਪਹਿਲਾਂ ਤੋਂ ਸਿੱਖ ਜੱਥੇਬੰਦੀ ਦੇ ਮੂਲ ਸਿਧਾਂਤ ਅਤੇ ਸਿੱਖ ਸਮਾਜ ਉੱਤੇ ਇਸਦੇ ਪ੍ਰਭਾਵ ਦੇ ਰੂਪ ਵਿਚ ਵਾਰ ਵਾਰ ਆਉਂਦਾ ਹੈ।[22] ਜਦ ਅਚਲ ਵਟਾਲੇ ਵਿਚ ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਆਖਿਆ ਤਾਂ ਆਪ ਨੇ ਗੁਰੂ ਸੰਗਤਿ ਅਤੇ ਬਾਣੀ ਨੂੰ ਹੀ ਆਪਣਾ ਸਭ ਤੋਂ ਵੱਡਾ ਆਸਰਾ ਦੱਸਿਆ :

ਬਾਬਾ ਬੋਲੇ ਨਾਥ ਜੀ ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਰਹਿ ਰਾਈ।[23]

ਉਕਤ ਕਥਨਾਂ ਤੋਂ ਪਤਾ ਲਗਦਾ ਹੈ ਕਿ ਸਿੱਖ ਸਮਾਜ ਦੇ ਜੱਥੇਬੰਦਕ ਪ੍ਰਬੰਧ ਵਿਚ ਲੋਕ ਤੰਤਰੀ ਸਿਧਾਂਤਾਂ ਦੀ ਬੇਹੱਦ ਕਦਰ ਸੀ। ਗੁਰਸਿੱਖ ਪੂਰਨ ਸ਼ਰਧਾਵਾਨ ਹੁੰਦਾ ਹੋਇਆ ਵੀ 'ਬੁਧਿ ਬਿਬੇਕ' ਸੀ। ਉਸ ਦੀ 'ਬੁਧਿ ਬਿਬੇਕ' ਦਾ ਪੂਰਨ ਵਿਕਾਸ ਸਾਧ ਸੰਗਤ ਵਿਚ ਹੀ ਹੁੰਦਾ ਸੀ :

ਸਭ ਮਹਿ ਜਾਨਉ ਕਰਤਾ ਏਕਾ।
ਸਾਧ ਸੰਗਤਿ ਮਿਲਿ ਬੁਧਿ ਬਿਬੇਕਾ। ਪੰ. ੩੭੭

ਸਾਧ ਸੰਗਤ ਨੂੰ ਏਨੀ ਵਡਿਆਈ ਕਿਉਂ ਮਿਲੀ ? ਇਸ ਦਾ ਉੱਤਰ ਗੁਰੂ ਸਾਹਿਬਾਨ ਅਤੇ ਸੰਤ ਬਾਣੀਕਾਰਾਂ ਦੀ ਆਪਣੇ ਸਮਕਾਲੀਨ ਸਮਾਜ ਦੀ ਸਹੀ ਸਮਝ ਵਿਚੋਂ ਲਭਿਆ ਜਾ ਸਕਦਾ ਹੈ। ਆਪ ਬੇ-ਸ਼ੱਕ ਉੱਚ ਕੋਟੀ ਦੇ ਰਹੱਸਵਾਦੀ ਸੰਤ ਸਨ, ਪਰ ਆਪ ਦਾ ਰਹੱਸਵਾਦ ਆਪਣੇ ਪੂਰਵਵਰਤੀਆਂ ਵਾਂਗੂ ਸਮਾਜ ਤੋਂ ਕਿਨਾਰਾ ਕਰਨਾ ਨਹੀਂ ਸੀ ਸਿਖਾਉਂਦਾ ਸਗੋਂ ਜੀਵਨ ਦੀ ਜੁਗਤ ਇਹ ਦਸਦਾ ਸੀ ਕਿ ਹਸਦਿਆਂ, ਖੇਡਦਿਆਂ, ਪਹਿਨਦਿਆਂ, ਖਾਂਦਿਆਂ ਭਰਪੂਰ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ।[24] *'ਰੋਗ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ'*[25] ਮੁਤਾਬਿਕ ਆਪ ਰੋਗੀ ਸਮਾਜ ਦੀ ਨਬਜ਼ ਭਲੀ ਭਾਂਤੀ ਜਾਂਚਦੇ ਹੋਏ ਰੋਗ ਅਤੇ ਦਾਰੂ ਦੋਵੇਂ ਬੁਝੀ ਬੈਠੇ ਸਨ। ਰੋਗ ਸੀ ਮਾਇਆ ਦਾ ਮੋਹ, ਜਿਸ ਨੇ ਪਿਤਾ, ਪੁੱਤਰ ਅਤੇ ਭਰਾ ਵਰਗੇ ਪਵਿੱਤਰ ਰਿਸ਼ਤਿਆਂ ਵਿਚ ਵੀ ਤ੍ਰੇੜ ਲੈ ਆਂਦੀ ਸੀ :

ਮਾਇ ਬਾਪ ਪੂਤ ਹਿਤ ਭ੍ਰਾਤਾ ਊਨਿ ਘਰਿ ਘਰਿ ਮੇਲਿਓ ਦੂਆ।
ਕਿਸ ਹੀ ਬਾਧਿ ਆਇ ਕਿਸ ਹੀ ਪਹਿ ਸਮਲੇ ਲਰਿ ਕਰਿ ਮੂਆ। ਪੰ. ੬੭੩

ਮਾਇਆ ਤੋ ਉਪਜੇ ਦ੍ਵੈਤ ਕਾਰਨ ਮਨੁੱਖ ਕੇਵਲ ਆਪਣੇ ਭਾਈਚਾਰੇ ਤੋਂ ਹੀ ਨਹੀਂ ਸੀ ਟੁਟਿਆ ਹੋਇਆ ਸਗੋਂ ਆਪਣੇ ਆਪ ਤੋਂ ਵੀ ਵਿਯੋਗਿਆ ਗਿਆ ਸੀ। ਹਰ ਪਾਸਿਓਂ ਵਿਯੋਗਿਆ ਮਨੁੱਖ ਮਾਨਵ ਸੁਭਾ ਖੋ ਕੇ 'ਜਿੰਨੂਰਾ' ਬਣ ਗਿਆ ਸੀ :

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ।
ਪੁੱਤੁ ਜਿਨੂਰਾ ਧੀ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ। ਪੰ. ੫੫੬

ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ ਕਿ ਇਸ ਮਾਇਆ ਵੇੜ੍ਹੇ ਸਮਾਜ ਵਿਚ ਕੋਈ ਤਾਂ ਥਾਂ ਅਜਿਹੀ ਹੋਣੀ ਚਾਹੀਦੀ ਹੈ ਜਿਹੜੀ ਮਾਇਆ ਜਾਲ ਤੋਂ ਮੁਕਤ ਹੋਵੇ, ਜਿੱਥੇ ਇਨਸਾਨ ਭਰਪੂਰ ਸਾਹ ਲੈ ਸਕੇ। ਜਿਥੇ ਜਿੰਨ ਅਤੇ ਜਿੰਨੂਰੀਆਂ ਮੁੜ ਪੁਰਸ਼ ਅਤੇ ਇਸਤਰੀਆਂ ਬਣ ਕੇ ਜੀ ਸਕਣ। ਤੀਰਥਾਂ ਉੱਤੇ ਤਾਂ ਹਉਮੈ ਪ੍ਰਧਾਨ ਸੀ। ਪੰਡਤ ਮਾਇਆ ਦੇ ਲੋਭੀ ਸਨ। ਸ਼ਾਸਤਰ ਅਤੇ ਵੇਦ ਪੁੰਨ-ਪਾਪ ਤੇ ਆਵਾਗਵਣ ਦਾ ਵਿਚਾਰ ਹੀ ਦਸਦੇ ਸਨ। ਫੇਰ ਉਹ ਕਿਹੜੀ ਥਾਂ ਹੋ ਸਕਦੀ ਸੀ ? ਉਹ ਥਾਂ ਸੀ ਸਾਧ ਸੰਗਤ ਜਿਥੇ ਹਰਿ ਨਾਮ ਦਾ ਕੀਰਤਨ ਗਾਇਆ ਜਾਂਦਾ ਸੀ :

ਤੀਰਥਿ ਜਾਉ ਤ ਹਉ ਹਉ ਕਰਤੇ।
ਪੰਡਿਤ ਪੂਛਉ ਤ ਮਾਇਆ ਰਾਤੇ।
ਸੋ ਅਸਥਾਨ ਬਤਾਵਹੁ ਮੀਤਾ।
ਜਾ ਕੈ ਹਰਿ ਹਰਿ ਕੀਰਤਨੁ ਕੀਤਾ। ਰਹਾਉ।
ਸ਼ਾਸਤ੍ਰ ਬੇਦ ਪਾਪ ਪੁੰਨ ਵੀਚਾਰ।
ਨਰਕਿ ਸੁਰਗਿ ਫਿਰਿ ਫਿਰਿ ਅਉਤਾਰ।

... ...

ਸਾਧ ਸੰਗਿ ਹਰਿ ਕੀਰਤਨੁ ਗਾਈਐ।
ਇਹੁ ਅਸਥਾਨੁ ਗੁਰੂ ਤੇ ਪਾਈਐ। ਪੰ. ੩੮੫

ਮਾਇਆ ਬ੍ਰਹਮਾ, ਰੁਦ੍ਰ (ਸ਼ਿਵ) ਅਤੇ ਇੰਦਰ ਆਦਿਕ ਦੇਵਤਿਆਂ ਦੇ ਮੰਡਲਾਂ ਨੂੰ ਜਿੱਤ ਕੇ ਮਾਤਲੋਕ ਨੂੰ ਜਿੱਤਣ ਲਈ ਧਾਵਾ ਕਰਕੇ ਆਉਂਦੀ ਹੈ। ਮਾਤ ਲੋਕ ਵਿਚ ਕੇਵਲ ਸਾਧ

ਸੰਗਤ ਹੈ ਜਿਸ ਨੂੰ ਤੱਕ ਵੀ ਨਹੀਂ ਸਕਦੀ। ਸਗੋਂ ਉਸ ਦੀ ਸੇਵਾ ਵਿਚ ਲਗਦੀ ਹੈ :

ਬ੍ਰਹਮ ਲੋਕ ਅਰੁ ਰਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ। ਪੰ. ੫੦੦

ਮਾਇਆ ਸੰਗਤ ਦੇ ਪੈਰ ਮਲ ਮਲ ਕੇ ਧੋਂਦੀ ਹੈ। ਇਸ ਦਾ ਕੀ ਭਾਵ ਹੈ ? 'ਜਿੰਨ੍ਹਰਾ' ਅਤੇ ਇਨਸਾਨ ਵਿਚ ਇਹੀ ਅੰਤਰ ਹੈ ਕਿ ਇਕ ਮਾਇਆ ਦਾ ਦਾਸ ਹੈ, ਦੂਜੇ ਦੀ ਮਾਇਆ ਦਾਸੀ ਹੈ। ਜਦ ਤਕ ਉਹ ਮਾਇਆ ਦਾ ਦਾਸ ਹੈ ਤਦ ਤਕ ਉਹ ਉਸ ਦੇ ਪਿੱਛੇ ਦੌੜਦਾ ਹੈ। ਉਸ ਨੂੰ ਇਕੱਠੀ ਕਰਨ ਲਈ ਪਾਪ ਕਰਦਾ ਹੈ। ਸਾਧ ਸੰਗਤ ਵਿਚ ਉਹ ਨਹੀਂ ਆਉਂਦਾ, ਕਿਉਂਕਿ ਇਥੇ ਰਿਸ਼ਤਾ ਬਰਾਬਰੀ ਦਾ ਹੈ, ਭਾਈਚਾਰੇ ਦਾ ਹੈ। ਜਦ ਉਹ ਸਾਧ ਸੰਗਤ ਵਿਚ ਆਉਂਦਾ ਹੈ ਤਾਂ ਮਾਇਆ ਉਸ ਦੀ ਸੇਵਕਾ ਹੈ। ਉਥੇ ਕਿਸੇ ਨੇ ਕਿਸੇ ਤੋਂ ਕੁਝ ਲੈਣਾ ਨਹੀਂ, ਠੱਗਣਾ ਨਹੀਂ, ਖੋਹਣਾ ਨਹੀਂ; ਦੇਣਾ ਹੀ ਦੇਣਾ ਹੈ, ਜੋ ਲੈਣਾ ਹੈ ਤਾਂ ਵੀ ਪਿਆਰ, ਦੇਣਾ ਹੈ ਤਾਂ ਵੀ ਪਿਆਰ। ਇਸ ਕਰਕੇ ਇਥੇ ਦ੍ਵੈਤ ਨਹੀਂ, ਦ੍ਵੈਸ਼ ਨਹੀਂ। ਇਹ ਪਰਿਵਰਤਨ ਕਿਵੇਂ ਸੰਭਵ ਹੁੰਦਾ ਹੈ? ਉੱਤਰ ਹੈ ਸਾਧ ਸੰਗਤ ਕਰਕੇ। ਪਰ ਸਾਧ ਸੰਗਤ ਲਈ ਕਿਵੇਂ ਸੰਭਵ ਹੈ ਕਿ ਉਸ ਉੱਤੇ ਮਾਇਆ ਦਾ ਪ੍ਰਭਾਵ ਨਾ ਪਵੇ? ਇਸ ਪ੍ਰਸ਼ਨ ਦਾ ਉੱਤਰ ਅਸੀਂ ਅੱਗੇ ਦੇਣਾ ਹੈ।

ਭਾਰਤੀ ਪਰੰਪਰਾ ਵਿਚ ਆਤਮ ਗਿਆਨ ਦਾ ਭਾਗੀ ਉਸ ਨੂੰ ਹੀ ਮੰਨਿਆ ਗਿਆ ਹੈ ਜਿਹੜਾ ਮਨ ਦਾ ਸਾਫ਼ ਚਿਤ ਹੋਵੇ। ਉਪਨਿਸ਼ਦ ਦਾ ਕਥਨ ਹੈ "ਜਿਹੜਾ ਪਾਪ ਕਰਮਾਂ ਤੋਂ ਨਿਵ੍ਰਤ ਨਹੀਂ ਹੋਇਆ, ਜਿਸ ਦੀਆਂ ਇੰਦ੍ਰੀਆਂ ਸ਼ਾਂਤ ਨਹੀਂ ਹੋਈਆਂ, ਜਿਸ ਦਾ ਮਨ ਸ਼ਾਂਤ ਨਹੀਂ ਹੈ, ਜਿਹੜਾ ਅਡੋਲ ਨਹੀਂ ਹੈ, ਉਹ ਆਤਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ।"[26] ਭਾਗਵਤ ਗੀਤਾ ਅਨੁਸਾਰ ਵੀ ਮਨ ਸੰਜਮ, ਇੰਦ੍ਰੀ ਰਖਨ, ਵਿਵੇਕ ਸ਼ੀਲਤਾ ਅਤੇ ਮੋਹ ਕ੍ਰੋਧ ਆਦਿ ਉੱਤੇ ਨਿਅੰਤ੍ਰਣ, ਸਭ ਬ੍ਰਹਮ ਨਿਰਵਾਣ ਲਈ ਹਨ।[27] ਇਹ ਸਾਰੇ ਸਦਾਚਾਰਕ ਗੁਣ ਹਨ। ਗੁਰਮਤਿ ਦਾ ਭਵਨ ਤਾਂ ਖੜਾ ਹੀ ਸਦਾਚਾਰ ਦੀਆਂ ਨੀਹਾਂ ਉੱਤੇ ਹੈ। ਗੁਰਮਤਿ ਦੀ ਮੂਲ ਸਮੱਸਿਆ ਇਹ ਹੈ ਕਿ ਸਚਿਆਰ ਕਿਵੇਂ ਬਣਨਾ ਹੈ? ਆਤਮਾ ਅਤੇ ਪਰਮਾਤਮਾ ਵਿਚਕਾਰ ਖੜੀ ਕੂੜ ਦੀ ਕੰਧ ਕਿਵੇਂ ਤੋੜਨੀ ਹੈ?[28] ਮਨੁੱਖ ਦੇ ਆਚਰਣ ਦੇ ਔਗੁਣ ਉਸਦੇ ਗਲ੍ਹ ਦੀਆਂ ਜੰਜੀਰਾਂ ਹਨ। ਗੁਣ ਹੀ ਇਨ੍ਹਾਂ ਜੰਜੀਰਾਂ ਨੂੰ ਕੱਟ ਸਕਦੇ ਹਨ। ਉਹੀ ਸਾਡੇ ਭਾਈ ਤੇ ਵੀਰ ਹਨ।

ਇਸ ਕਾਲ ਦੀਆਂ ਜੰਜੀਰਾਂ ਕਿਵੇਂ ਕੱਟੀਆਂ ਜਾ ਸਕਦੀਆਂ ਹਨ? ਇਹ ਕਾਰਜ ਨਾਮ ਕਰਦਾ ਹੈ। ਨਾਮ ਹੀ ਸਾਡੇ ਗੁਣ ਪੈਦਾ ਕਰਦਾ ਹੈ। ਫੇਰ ਉਹ ਗੁਣ ਆਪੇ ਔਗੁਣਾਂ ਨੂੰ ਮਾਰਦੇ ਹਨ। ਨਾਮ 'ਅੰਤਰ ਦੀ ਮੈਲ' ਧੋਂਦਾ ਹੈ :

ਭਰੀਐ ਹਥੁ ਪੈਰੁ ਤਨੁ ਦੇਹ।
ਪਾਣੀ ਧੋਤੈ ਉਤਰਸੁ ਖੇਹ।
ਮੂਤ ਪਲੀਤੀ ਕਪੜੁ ਹੋਇ।
ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾਂ ਕੈ ਸੰਗਿ।
ਓਹੁ ਧੋਪੈ ਨਾਂਵੈ ਕੈ ਰੰਗਿ। ਪੰ. ੪

ਆਤਮਾ ਨੂੰ ਠੰਡ ਕੇਵਲ ਹਰਿ ਨਾਮ ਜਪਦਿਆਂ ਹੀ ਮਿਲਦੀ ਹੈ :

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ। ਪੰ. ੭੦੯

ਹਉਮੈਂ ਅਧੀਨ ਕੀਤੇ ਕਰਮ ਸਭ ਕਰਮਾਂ ਧਰਮਾਂ ਨਾਲੋਂ, ਨਾਮ ਆਚਾਰ ਹੀ ਸਭ ਤੋਂ ਉੱਤਮ ਹੈ :

ਬੇਦੁ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ।
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ। ਪੰ. ੪੦੫

ਨਾਮ ਆਚਾਰ ਤੋਂ ਬਿਨਾਂ ਜੀਵਨ ਦੀ ਹੋਰ ਸਾਰੀ ਪ੍ਰਕਿਰਿਆ, ਮਿਥਿਆ ਹੈ, ਅਨੈਤਿਕ ਹੈ, ਮਿਰਤਕ ਦਾ ਸ਼ਿੰਗਾਰ ਹੈ :

ਨਾਮ ਬਿਨਾ ਜੋ ਪਹਿਰੈ ਖਾਇ।
ਜਿਉ ਕੂਕਰੁ ਜੂਠਨ ਮਹਿ ਪਾਇ।
ਨਾਮ ਬਿਨਾ ਜੇਤਾ ਬਿਉਹਾਰ।
ਜਿਉ ਮਿਰਤਕ ਮਿਥਿਆ ਸੀਗਾਰੁ।
ਨਾਮੁ ਬਿਸਾਰਿ ਕਰੇ ਰਸੁ ਭੋਗ।
ਸੁਖੁ ਸੁਪਨੈ ਨਹੀ ਤਨ ਮਹਿ ਰੋਗ।
ਨਾਮੁ ਤਿਆਗਿ ਕਰੇ ਅਨਕਾਜ।
ਬਿਨਸਿ ਜਾਇ ਝੂਠੇ ਸਭਿ ਪਾਜ।
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ।
ਕੋਟਿ ਕਰਮ ਕਰਤੋ ਨਰਕਿ ਜਾਵੈ।
ਹਰਿ ਕਾ ਨਾਮੁ ਜਿ ਕਿ ਮਨਿ ਆਰਾਧਾ।
ਚੋਰ ਕੀ ਨਿਆਈ ਜਮਪੁਰਿ ਬਾਧਾ।
ਲਾਖ ਅਡੰਬਰ ਬਹੁਤੁ ਬਿਸਥਾਰਾ।
ਨਾਮੁ ਬਿਨਾਂ ਝੂਠੇ ਪਾਸਾਰਾ। ਪੰ. ੨੪੦

ਨਾਮ ਆਚਾਰ, ਨਾਮ ਜਪਣ, ਹਰਿਗੁਣ ਗਾਉਣ ਜਾਂ ਕੀਰਤਨ ਕਰਨ ਨਾਲ ਹੀ ਬਣਦਾ ਹੈ। ਡਾ. ਭਾਈ ਜੋਧ ਸਿੰਘ ਜੀ ਲਿਖਦੇ ਹਨ, "ਨਾਮ ਦੇ ਉਸ ਸਰਬ ਵਿਆਪਕ ਸਰੂਪ ਦੀ ਲਖਤਾ ਜਪ, ਸਿਮਰਨ ਤੇ ਸਿਫਤ ਦੁਆਰਾ ਹੁੰਦੀ ਹੈ। ਇਸ ਲਈ ਨਾਮ ਦਾ ਜਪ, ਸਿਮਰਨ ਤੇ ਕੀਰਤਨ ਹੀ ਜੀਵਨ ਦਾ ਮਨੋਰਥ ਦਸੇ ਗਏ ਹਨ।"[10] ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਾਮ ਜਪਣਾ ਕਿਥੇ ਹੈ? ਕੀ ਹੱਠ ਯੋਗੀਆਂ ਦੀ ਤਰ੍ਹਾਂ ਚਾਰ ਵਰਗ ਹੱਥ ਦੀ ਕੋਠੜੀ ਇਸ ਲਈ ਲੋੜੀਂਦੀ ਹੈ? ਗੁਰੂ ਕਵੀਆਂ ਨੇ ਇਹ ਤੱਥ ਭਲੀ ਭਾਂਤੀ ਅਨੁਭਵ ਕਰ ਲਿਆ ਸੀ ਕਿ ਭਾਰਤੀ ਅਧਿਆਤਮਿਕ ਪਰੰਪਰਾ ਵਿਚ ਪ੍ਰਚੱਲਿਤ ਵਿਅਕਤੀਗਤ ਸਾਧਨਾ, ਚਾਹੇ ਉਹ ਕਰਮ ਧਰਮ ਦੇ ਰੂਪ ਵਿਚ ਹੋਵੇ, ਤਪ ਅਤੇ ਸਮਾਧੀਆਂ ਦੇ ਰੂਪ ਵਿਚ ਹੋਵੇ ਜਾਂ ਭਗਤੀ ਲਈ ਜਪ ਜਾਂ ਸਿਮਰਨ ਦੇ ਰੂਪ ਵਿਚ ਹੋਵੇ, ਹਉਮੈਂ ਦਾ ਕਾਰਣ ਬਣਦੀ ਹੈ। ਸੁਖਮਨੀ ਸਾਹਿਬ ਵਿਚ ਸਾਫ ਫੁਰਮਾਣ ਹੈ :

ਨਉਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ।
ਮਹਾ ਉਦਾਸੁ ਤਪੀਸਰੁ ਥੀਵੈ।

ਅਗਨਿ ਮਾਹਿ ਹੋਮਤ ਪਰਾਨ।
ਕਨਿਕ ਅਸ੍ਵ ਹੈਵਰ ਭੂਮਿ ਦਾਨ।
ਨਿਉਲੀ ਕਰਮ ਕਰੈ ਬਹੁ ਆਸਨ।
ਜੈਨ ਮਾਰਗ ਸੰਜਮ ਅਤਿ ਸਾਧਨ।
ਨਿਮਖ ਨਿਮਖ ਕਰਿ ਸਰੀਰੁ ਕਟਾਵੈ।
ਤਉ ਭੀ ਹਉਮੈ ਮੈਲੁ ਨ ਜਾਵੈ। ਪੰ. ੨੬੫

ਇਸ ਕਰਕੇ ਗੁਰਮਤਿ ਵਿਚ ਸਮੂਹ ਸਾਧਨਾ ਉੱਤੇ ਜੋਰ ਦਿੱਤਾ ਗਿਆ ਹੈ, ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਜਬ ਲਗੁ ਦੁਨੀਆ ਰਹੀਐ ਨਾਨਕ
ਕਿੱਛੁ ਸੁਣੀਐ ਕਿਛੁ ਕਹੀਐ। ਪੰ. ੬੬੧

ਇਹ '*ਕਿਛੁ ਸੁਣੀਐ ਕਿਛੁ ਕਹੀਐ*' ਕਿਸੇ ਸਾਥ ਜਾਂ ਸੰਗਤ ਵਿਚ ਹੀ ਸੰਭਵ ਹੋ ਸਕਦਾ ਹੈ। ਇਸ ਸਾਥ ਜਾਂ ਸੰਗ ਸੰਤ ਦਾ ਹੋਣਾ ਚਾਹੀਦਾ ਹੈ। ਅਸੰਤ ਨਾਲ ਤਾਂ ਚੁੱਪ ਹੀ ਵੱਟਣੀ ਚੰਗੀ ਹੈ .

ਸੰਤ ਮਿਲੈ ਕਿਛੁ ਸੁਨੀਐ ਕਹੀਐ।
ਮਿਲੈ ਅਸੰਤੁ ਮਸਟਿ ਕਰਿ ਰਹੀਐ। ਪੰ. ੮੭੦

ਗੁਰੂ ਅਰਜਨ ਦੇਵ ਜੀ ਸੱਚੀ ਸੰਗਤ ਵਿਚ ਨਾਮ ਜਪਣ ਅਤੇ ਸੁਆਰਥੀਆਂ ਦਾ ਸੰਗ ਛੱਡਣ ਲਈ ਪ੍ਰੇਰਦੇ ਹਨ :

ਸਚੀ ਬੈਠਕ ਤਿਨਾ ਸੰਗਿ ਜਿਨ ਸੰਗਿ ਜਪੀਐ ਨਾਉ।
ਤਿਨ੍ ਸੰਗਿ ਸੰਗੁ ਨ ਕੀਚਈ ਜਿਨ੍ਹਾਂ ਆਪਣਾ ਸੁਆਉ। ਪੰ. ੫੨੦

ਸੰਗਤ ਵਿਚ ਹੀ ਨਾਮ ਜਪਣਾ ਕਿਉਂ ਜਰੂਰੀ ਹੈ? ਇਸ ਦੇ ਕਈ ਕਾਰਨ ਹਨ। ਗੁਰੂ ਸਾਹਿਬ ਨੇ ਇਨ੍ਹਾਂ ਕਾਰਨਾਂ ਨੂੰ ਮੁੱਖ ਰੱਖਕੇ ਗੁਰਸਿੱਖ ਲਈ ਸਾਧ ਸੰਗਤ ਵਿਚ ਜਾ ਕੇ ਕੀਰਤਨ ਕਰਨ ਨੂੰ ਸਭ ਤੋਂ ਉੱਤਮ ਕਰਮ ਫੁਰਮਾਇਆ ਹੈ।[11] ਨਾਮ ਤਾਂ ਇਕੱਲਿਆਂ ਵੀ ਜਪਿਆ ਜਾ ਸਕਦਾ ਹੈ, ਪਰ ਉਸ ਦਾ ਲਾਭ ਕੇਵਲ ਆਪਣੇ ਆਪ ਨੂੰ ਹੀ ਹੁੰਦਾ ਹੈ। ਸੰਗਤ ਵਿਚ ਕੀਤੀ ਹਰਿ ਨਾਮ ਦੀ ਵਡਿਆਈ ਸਭ ਉੱਤੇ ਪ੍ਰਭਾਵ ਪਾਉਂਦੀ ਹੈ। ਮਨੁੱਖੀ ਮਨ ਦੀ ਵਿਸ਼ੇਸ਼ਤਾ ਹੈ ਕਿ ਇਕੱਲੇ ਵਿਚ ਥੋੜ੍ਹਾ ਜਿਹਾ ਆਲਸੀ ਬਣ ਜਾਂਦਾ ਹੈ। ਪਰ ਆਪਣੇ ਜਿਹੇ ਹੋਰ ਸੰਗੀਆਂ ਨਾਲ ਮਿਲ ਕੇ ਕੋਈ ਵੀ ਕਾਰਜ ਕਰਨ ਸਮੇਂ ਹੁਲਾਰੇ ਵਿਚ ਆਉਂਦਾ ਹੈ। ਇਉਂ ਹੀ ਸਾਧ ਸੰਗਤ ਵਿਚ ਹਰਿ ਨਾਮ ਕੀਰਤਨ ਕਰਨ ਸਮੇਂ ਮਨ ਵਿਚ ਉੱਦਮ ਉਪਜਦਾ ਹੈ :

ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ।
ਮਿਟਿ ਗਈ ਚਿੰਤ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ। ਪੰ. ੬੧੯

ਪ੍ਰਭੂ ਭਗਤੀ ਲਈ ਪਿਆਰ ਜਾਂ 'ਭਾਉ' ਦਾ ਹੋਣਾ ਜਰੂਰੀ ਹੈ। ਸਾਧ ਸੰਗਤ ਵਿਚ ਜਦ ਗੁਰਸਿੱਖ ਇਕੱਠੇ ਮਿਲ ਬੈਠਦੇ ਹਨ ਤਾਂ ਉਹ ਇਕ ਦੂਜੇ ਦੇ ਹੋਰ ਵਧੇਰੇ ਨੇੜੇ ਹੁੰਦੇ ਹਨ। ਉਹ ਅਨੁਭਵ ਕਰਦੇ ਹਨ ਕਿ ਉਨ੍ਹਾਂ ਦਾ ਪਿਆਰਾ ਪ੍ਰਭੂ ਇਕੋ ਹੀ ਹੈ। ਉਹ ਸਾਰੇ ਇਕੋ ਸਾਂਝੇ ਉੱਦੇਸ਼, ਉਸ ਦੇ ਨਾਮ ਦਾ ਕੀਰਤਨ ਕਰਨ ਲਈ ਜੁੜੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਆਪਸ ਵਿਚ ਵੀ ਪਿਆਰ ਵਧਦਾ ਹੈ ਅਤੇ ਇਕ ਦੂਜੇ ਨੂੰ ਦੇਖ ਕੇ ਅਤੇ ਕੀਰਤਨ ਦੇ ਆਵੇਸ਼ ਵਿਚ ਪ੍ਰਭੂ

ਪਿਆਰ ਦਾ ਰੰਗ ਵੀ ਗੂੜ੍ਹਾ ਚੜ੍ਹਦਾ ਹੈ। ਸੰਤ ਰਵਿਦਾਸ ਜੀ ਦਾ ਕਥਨ ਹੈ :

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ।
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ। ਪੰ. ੬੯੪

ਹਰਿ ਕੀਰਤਨ ਜਿੰਨਾ ਕਰਨਾ ਗੁਣਕਾਰੀ ਹੈ, ਓਨਾ ਹੀ ਸੁਣਨਾ ਵੀ। ਸਗੋਂ ਕਈ ਵਾਰ ਤਾਂ ਸੁਣਨਾ ਵਧੇਰੇ ਲਾਭਦਾਇਕ ਹੁੰਦਾ ਹੈ। ਪ੍ਰਭੂ ਕਿਸੇ ਦੇਖਿਆ ਤਾਂ ਨਹੀ ਸੁਣਿਆ ਹੀ ਸੁਣਿਆ ਹੈ। ਉਸ ਨਿਰੰਕਾਰ ਦਾ ਸਰੂਪ ਜਿਹੜਾ ਕੀਰਤਨ ਸੁਣਨ ਨਾਲ ਜ਼ਿਹਨ ਵਿਚ ਆਉਂਦਾ ਹੈ, ਹੋਰ ਕਿਵੇਂ ਵੀ ਸੰਭਵ ਨਹੀਂ। ਕੀਰਤਨ ਸੁਣਨਾ ਕੇਵਲ ਸੰਗਤ ਵਿਚ ਹੀ ਸੰਭਵ ਹੋ ਸਕਦਾ ਹੈ। ਇਉਂ ਸਤਿ ਸੰਗਤ ਵਿਚ ਕੀਰਤਨ *'ਹਰਿਨਾਮਿ ਪਰੀਚੈ'* ਨੂੰ ਸੰਭਵ ਬਣਾਉਂਦਾ ਹੈ :

ਹਰਿ ਸਤ ਸੰਗਤਿ ਸਤ ਪੁਰਖੁ ਮਿਲਾਈਐ।
ਮਿਲਿ ਸਤ ਸੰਗਤਿ ਹਰਿ ਨਾਮੁ ਧਿਆਈਐ।
ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ।
ਗੁਰਮਤਿ ਹਰਿਨਾਮਿ ਪਰੀਚੈ ਜੀਉ। ਪੰ. ੯੬

ਗੁਰਮਤਿ ਵਿਚ ਇਹ ਮਤ ਵਾਰ ਵਾਰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਸਭ ਪ੍ਰਾਣੀਆਂ ਦੇ ਅੰਦਰ ਇਕ ਜੋਤਿ ਵਰਤ ਰਹੀ ਹੈ। ਪੰਜ ਗਿਆਨ ਇੰਦ੍ਰੀਆਂ ਕੰਨ, ਤ੍ਵਚਾ, ਨੇਤ੍ਰ, ਰਸਨਾ ਅਤੇ ਨਾਸਿਕ ਦੀਆਂ ਕਿਰਿਆਵਾਂ ਸੁਣਨਾ, ਛੋਹ, ਦੇਖਣਾ, ਬੋਲਣਾ ਅਤੇ ਸੁੰਘਣਾ ਇਸੇ ਅੰਤਰ ਦੇ ਕਾਰਨ ਹੀ ਸੰਭਵ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ।
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ। ਪੰ. ੬੬੩

ਇਹ ਜੋਤਿ ਸਾਰੀ ਬਨਸਪਤੀ ਵਿਚ ਛੁਪੀ ਹੋਈ ਅੱਗ ਵਾਂਗ ਅਤੇ ਦੁੱਧ ਵਿਚ ਰਲੇ ਹੋਏ ਘੀ ਵਾਂਗ ਸਭ ਉਚਿਆਂ ਨੀਵਿਆਂ ਵਿਚ ਵਰਤ ਰਹੀ ਹੈ :

ਸਗਲ ਬਨਸਪਤਿ ਮਹਿ ਬੈਸੰਤਰੁ,
ਸਗਲ ਦੂਧ ਮਹਿ ਘੀਆ।
ਊਚ ਨੀਚ ਮਹਿ ਜੋਤਿ ਸਮਾਣੀ,
ਘਟਿ ਘਟਿ ਮਾਧਉ ਜੀਆ। ਪੰ. ੬੧੭

ਜੋਤਿ ਦਾ ਵਰਤਾਰਾ ਅਨੁਭਵ ਤਾਂ ਹੁੰਦਾ ਹੈ, ਪਰ ਆਮ ਅੱਖਾਂ ਨਾਲ ਇਸ ਦੇ ਦਰਸ਼ਨ ਨਹੀ ਹੁੰਦੇ :

ਨਾਨਕ ਸੇ ਅਖੜੀਆਂ ਬਿਅੰਨਿ।
ਜਿਨੀ ਡਿਸੰਦੋ ਮਾ ਪਿਰੀ। ਪੰ. ੫੭੭

ਆਮ ਜੀਵਨ ਦੇ ਕੰਮਾਂ ਕਾਰਾਂ ਵਿਚ ਰੁੱਝੇ ਹੋਏ ਮਨੁੱਖ ਦੀਆਂ ਬਾਹਰਲੀਆਂ ਅੱਖਾਂ ਤਾਂ ਆਮ ਤੌਰ ਉੱਤੇ ਖੁਲ੍ਹੀਆਂ ਰਹਿੰਦੀਆਂ ਹਨ, ਪਰ *'ਸਭ ਮਹਿ ਜੋਤਿ ਜੋਤਿ ਹੈ ਸੋਇ'* ਦੇ ਦਰਸ਼ਨ ਤਾਂ *'ਬਿਅੰਨਿ'* ਅਰਥਾਤ ਦੂਜੀਆਂ ਅੰਦਰਲੀਆਂ ਅੱਖਾਂ ਖੁੱਲਣ ਉੱਤੇ ਹੀ ਹੁੰਦੇ ਹਨ। ਗੁਰਸਿੱਖ ਜਦ ਸਾਧ ਸੰਗਤ ਵਿਚ ਜਾਂਦਾ ਹੈ ਤਾਂ ਇਕ ਪਪੀਹੇ ਵਾਂਗ ਸ੍ਵਾਂਤ ਬੂੰਦ ਦੀ ਆਸ ਵਿਚ ਆਪਣਾ ਹਿਰਦਾ ਖੋਲ੍ਹ ਕੇ ਬੈਠਦਾ ਹੈ। ਹਰਿ ਨਾਮ ਕੀਰਤਨ ਵਿਚ *'ਅੰਮ੍ਰਿਤ ਧਾਰਾ'*

'ਰਿਮ ਝਿਮ' ਵਰਸਦੀ ਹੈ। ਤਪਸ਼ ਬੁੱਝਦੀ ਹੈ। ਹਿਰਦੇ ਇਕ ਸੁਰ ਹੁੰਦੇ ਹਨ। *'ਥਿਐਨਿ'* ਅੱਖੀਆਂ ਖੁਲ੍ਹਦੀਆਂ ਹਨ। ਸਾਰੀ ਸੰਗਤ ਵਿਚ ਘਟਿ ਘਟਿ ਵਸਦੇ ਪ੍ਰਭੂ ਦੇ ਦਰਸ਼ਨ ਹੁੰਦੇ ਹਨ:

ਸਾਧ ਕੈ ਸੰਗਿ ਸੁਨਉ ਹਰਿ ਨਾਉ।
ਸਾਧ ਸੰਗਿ ਹਰਿ ਕੇ ਗੁਨ ਗਾਉ।
ਸਾਧ ਕੈ ਸੰਗਿ ਨ ਮਨ ਤੇ ਬਿਸਰੈ।
ਸਾਧ ਸੰਗਿ ਸਰਪਰ ਨਿਸਤਰੈ।
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ।
ਸਾਧ ਕੈ ਸੰਗਿ ਘਟਿ ਘਟਿ ਡੀਠਾ। ਪੰ. ੨੭੨

'ਘਟਿ ਘਟਿ ਡੀਠਾ' ਦੀ ਅਵਸਥਾ ਜਦੋਂ ਆ ਜਾਂਦੀ ਹੈ ਤਾਂ ਗੁਰਸਿੱਖ ਸਾਧਨਾਂ ਵਿਚ ਸਿੱਖਰ ਉੱਤੇ ਪਹੁੰਚ ਚੁੱਕਿਆ ਹੁੰਦਾ ਹੈ। ਮਨੁੱਖ ਆਮ ਤੋਰ ਤੇ ਤਿੰਨਾਂ ਹਾਲਤਾਂ ਵਿਚ ਰਹਿੰਦਾ ਹੈ। ਜਦ ਉਹ ਵੱਡਾ ਹੋਣ ਦੀ ਖਾਹਸ਼ ਕਰਦਾ ਹੈ, ਇਧਰ ਉਧਰ ਦੋੜਦਾ ਹੈ ਤਾਂ ਉਸ ਵਿਚ ਰਜ ਗੁਣ ਦਾ ਜ਼ੋਰ ਹੁੰਦਾ ਹੈ। ਜਦ ਉਹ ਗੁੱਸੇ ਜਾਂ ਈਰਖਾ ਦੇ ਹਨੇਰੇ ਵਿਚ ਫਿਰਦਾ ਹੈ ਤਾਂ ਉਸ ਵਿਚ ਤਮ ਗੁਣ ਬਹੁਤ ਹੁੰਦਾ ਹੈ। ਕਈ ਵਾਰ ਉਹ ਛੱਡ ਛੱਡਾ ਕੇ ਵੈਰਾਗਮਈ ਹੋ ਜਾਂਦਾ ਹੈ ਤੇ ਦੁਖ ਸੁਖ ਉਸ ਉੱਤੇ ਅਸਰ ਹੀ ਨਹੀਂ ਕਰਦੇ ਤਦੋਂ ਉਸਦੀ ਵਿਰਤੀ ਸਤਿਗੁਣ ਵਾਲੀ ਹੁੰਦੀ ਹੈ। ਗੁਰਬਾਣੀ ਵਿਚ ਆਇਆ ਹੈ :

ਤ੍ਰਿਹ ਗੁਣ ਮਹਿ ਵਰਤੈ ਸੰਸਾਰਾ।
ਨਰਕ ਸੁਰਗ ਫਿਰਿ ਫਿਰਿ ਅਵਤਾਰਾ। ਪੰ. ੩੮੯

ਤਿੰਨਾਂ ਅਵਸਥਾਵਾਂ ਵਿਚ ਕੀਤੇ ਕਰਮ ਕਿਸੇ ਨਾ ਕਿਸੇ ਕਾਮਨਾ ਅਧੀਨ ਕੀਤੇ ਹੁੰਦੇ ਹਨ। ਇਸ ਪ੍ਰਕਾਰ ਕਰਮਾਂ ਦੇ ਫਲ ਸੰਚਿਤ ਹੁੰਦੇ ਰਹਿੰਦੇ ਹਨ। ਸੰਚਿਤ ਕਰਮਾਂ ਦਾ ਫਲ ਭੁਗਤਣ ਲਈ ਜੀਵ ਨੂੰ ਕਦੇ ਨਰਕ ਅਤੇ ਕਦੇ ਸੁਰਗ ਵਿਚ ਜਾਣਾ ਪੈਂਦਾ ਹੈ। ਇਸ ਆਵਾਗਵਣ ਦੇ ਗੇੜ ਕਰਕੇ ਸਾਰਾ ਜੀਵਨ ਹੀ ਅਸਥਾਈ ਹੈ। ਗੁਰੂ ਅਰਜਨ ਦੇਵ ਜੀ ਇਸ ਅਸਥਿਰਤਾ ਦਾ ਵਰਣਨ ਇਉਂ ਕਰਦੇ ਹਨ :

ਇੰਦ੍ਰ ਪੁਰੀ ਮਹਿ ਸਰਪਰ ਮਰਣਾ।
ਬ੍ਰਹਮ ਪੁਰੀ ਨਿਸਚਿਲੁ ਨਹੀ ਰਹਣਾ।
ਸ਼ਿਵ ਪੁਰੀ ਕਾ ਹੋਇਗਾ ਕਾਲਾ।
ਤ੍ਰੈਗੁਣ ਮਾਇਆ ਬਿਨਸਿ ਬੇਤਾਲਾ। ਪੰ. ੨੩੭

ਇੰਦ੍ਰ ਪੁਰੀ, ਬ੍ਰਹਮ ਪੁਰੀ, ਸ਼ਿਵ ਪੁਰੀ ਦਾ ਜੀਵਨ ਤ੍ਰੈਗੁਣੀ ਹੋਣ ਕਰਕੇ ਬੇਤਾਲ ਜੀਵਨ ਹੈ। ਇਸ ਕਰਕੇ ਇਹ ਵਿਕਾਸ਼ੀਲ ਹੈ। ਫੇਰ ਸਦੀਵੀ ਜਾਂ ਇਕ ਰਸ ਜੀਵਨ ਕਿਹੜਾ ਹੈ? ਉਹ ਕਿਹੜੀ ਅਵਸਥਾ ਹੈ ਜਿਹੜੀ ਅਡੋਲ ਹੈ? ਜਿਸ ਵਿਚ ਕੀਤੇ ਹੋਏ ਕਰਮ ਪੁਨਰ ਜਨਮ ਦਾ ਕਾਰਨ ਨਹੀਂ ਬਣਦੇ। ਇਸ ਸਹਿਜ ਅਵਸਥਾ ਹੈ। ਸਹਿਜ ਅਵਸਥਾ ਆਤਮਾ ਦੀ ਉਹ ਹਾਲਤ ਹੈ ਜੋ ਤਿੰਨ ਗੁਣਾਂ ਤੋਂ ਉੱਚੀ ਅਸਲੀ ਗਿਆਨ ਵਾਲੀ ਹੁੰਦੀ ਹੈ, ਜਿਸ ਵਿਚ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਦੇ ਅਸਲ ਰੂਪ ਵਿਚ ਟਿਕ ਜਾਂਦਾ ਹੈ। ਉਸ ਅਵਸਥਾ ਵਿਚ ਮਨੁੱਖ ਦਾ ਜੀਵਨ ਇਕ ਕੁਦਰਤੀ ਜੀਵਨ ਹੁੰਦਾ ਹੈ, ਨੇਕੀ ਤੇ ਪਿਆਰ ਉਸ ਦੇ ਅੰਦਰੋਂ ਸੁਭਾਵਕ ਹੀ ਫੁਟ ਕੇ ਨਿਕਲਦਾ ਹੈ, ਸਾਰਾ ਜੀਵਨ ਦਿਖਾਵੇ ਤੋਂ ਰਹਿਤ ਹੁੰਦਾ ਹੈ, ਨੇਕੀ ਵੱਲ

ਝੁਕਾਉ ਕਿਸੇ ਹਠ, ਲਾਲਚ ਜਾਂ ਦਬਾਉ ਕਰਕੇ ਨਹੀਂ ਸੁਤੇ ਹੀ ਹੁੰਦਾ ਹੈ।[33] ਇਹ ਅਵਸਥਾ ਸਹਿਜ ਭਾਵਨਾ ਨਾਲ ਪ੍ਰਭੂ ਦੀ ਸਿਫਤ ਕਰਨ ਦੀ ਹੈ। ਇਸ ਸਭ ਸਾਧ ਸੰਗਤ ਵਿਚ ਕੀਤੇ ਕੀਰਤਨ ਦਾ ਫਲ ਹੈ :

ਸਹਜ ਸਿਫਤਿ ਭਗਤਿ ਤਤੁ ਗਿਆਨਾ।
ਸਦਾ ਅਨੰਦੁ ਨਿਹਚਲੁ ਸਚੁ ਥਾਨਾ।
ਤਹਾ ਸੰਗਤਿ ਸਾਧ ਗੁਣ ਰਸੈ।
ਅਨਭਉ ਨਗਰ ਤਹਾ ਸਦ ਵਸੈ।
ਤਹ ਭਉ ਭਰਮਾਂ ਸੋਗੁ ਨ ਚਿੰਤਾ।
ਆਵਣੁ ਜਾਵਣੁ ਮਿਰਤੁ ਨ ਹੋਤਾ।
ਤਹ ਸਦਾ ਅਨੰਦ ਅਨਹਤ ਆਖਾਰੇ।
ਭਗਤ ਵਸਹਿ ਕੀਰਤਨ ਆਧਾਰੇ। ਪੰ. ੨੩੭

ਇਹ ਹੈ ਸਾਧ ਸੰਗਤ ਦੀ ਪ੍ਰਾਪਤੀ ਜਿਥੇ ਜਾ ਕੇ ਜੀਵ 'ਅਨਭਉ ਨਗਰ' ਦਾ ਵਾਸੀ ਬਣ ਜਾਂਦਾ ਹੈ। ਸੰਤ ਰਵਿਦਾਸ ਜੀ ਇਸੇ ਨੂੰ 'ਬੇਗਮ ਪੁਰਾ' ਕਹਿੰਦੇ ਹਨ। ਇਹੋ 'ਜੀਵਨ ਮੁਕਤਿ' ਪਦਵੀ ਹੈ। ਇਹੋ 'ਜੋਤੀ ਸੰਗਿ ਜੋਤਿ' ਸਮਾਉਣਾ ਹੈ। ਇਹੋ ਬਿਸ੍ਰਾਮ ਅਵਸਥਾ ਹੈ। ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ :

ਕਬਹੂ ਸਾਧ ਸੰਗਤਿ ਇਹੁ ਪਾਵੈ।
ਉਸ ਅਸਥਾਨ ਤੇ ਬਹੁਰਿ ਨਾ ਆਵੈ।
ਅੰਤਰਿ ਹੋਇ ਗਿਆਨ ਪਰਗਾਸੁ।
ਉਸੁ ਅਸਥਾਨ ਕਾ ਨਹੀ ਬਿਨਾਸੁ।
ਮਨ ਤਨ ਨਾਮਿ ਰਤੇ ਇਕ ਰੰਗਿ।
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ।
ਜਿਉ ਜਲ ਮਹਿ ਜਲੁ ਆਇ ਖਟਾਨਾ।
ਤਿਉ ਜੋਤੀ ਸੰਗਿ ਜੋਤਿ ਸਮਾਨਾ।
ਮਿਟਿ ਗਏ ਗਵਨ ਪਾਏ ਬਿਸ੍ਰਾਮ।
ਨਾਨਕ ਪ੍ਰਭ ਕੈ ਸਦ ਕੁਰਬਾਨ। ਪੰ. ੨੭੮

ਨਿਮ੍ਰਤਾ ਸਿੱਖ ਸਦਾਚਾਰ ਦਾ ਅਤੀ ਜ਼ਰੂਰੀ ਅੰਗ ਹੈ। ਅਰਦਾਸ ਵਿਚ ਸਿੱਖ ਹਰ ਰੋਜ 'ਮਨ ਨੀਵਾਂ ਤੇ ਮੱਤ ਉੱਚੀ' ਦੀ ਦਾਤ ਲਈ ਅਕਾਲ ਪੁਰਖ ਤੋਂ ਯਾਚਨਾ ਕਰਦਾ ਹੈ। ਗੁਰਮਤਿ ਵਿਚ ਉਚਿਆਂ ਵੱਡਿਆਂ ਦੇ ਸੰਗ ਨਾਲੋ ਨੀਵਿਆਂ ਦੇ ਸੰਗ ਨੂੰ ਉੱਦਮ ਦੱਸਿਆ ਹੈ। ਗੁਰਸਿੱਖ ਦਾ ਅਕਾਲ ਪੁਰਖ ਵੀ ਆਪਣੀ ਬਖਸ਼ਿਸ਼ ਉਥੇ ਹੀ ਕਰਦਾ ਹੈ ਜਿਥੇ ਨੀਵਿਆਂ ਦੀ ਸੰਭਾਲ ਹੁੰਦੀ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗ ਸਾਥਿ ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ। ਪੰ. ੧੫

"ਸਰਬ ਭੂਤ ਆਪਿ ਵਰਤਾਰਾ। ਸਰਬ ਨੈਨ ਆਪਿ ਪੇਖਨਹਾਰਾ।" ਦੇ ਮਹਾਂਵਾਕ

ਅਨੁਸਾਰ ਸਭ ਜੀਵਾਂ ਵਿਚ ਉਹ ਆਪ ਵਰਤ ਰਿਹਾ ਹੈ. ਪਰ ਹਉਮੈਂ ਕਾਰਨ ਸਾਨੂੰ ਇਹ ਵਰਤਾਰਾ ਪਰਤੱਖ ਨਹੀ ਹੁੰਦਾ। ਸਭਨਾਂ ਦੇ ਚਰਨਾਂ ਦੀ ਧੂੜ ਬਣ ਕੇ ਹੀ ਅਸੀ ਦਰਸ਼ਨਾਂ ਦੇ ਪਾਤਰ ਹੋ ਸਕਦੇ ਹਾਂ :

ਆਪਸ ਕਉ ਜੋ ਜਾਣੈ ਨੀਚਾ।
ਸੋਊ ਗਨੀਐ ਸਭ ਤੇ ਊਚਾ।
ਜਾ ਕਾ ਮਨੁ ਹੋਇ ਸਗਲ ਕੀ ਰੀਨਾ।
ਹਰਿ ਹਰਿ ਨਾਮੁ ਤਿਨ ਘਟਿ ਘਟਿ ਚੀਨਾ।
ਮਨ ਅਪੁਨੇ ਤੇ ਬੁਰਾ ਮਿਟਾਨਾ।
ਪੇਖੈ ਸਗਲ ਸ੍ਰਿਸਟਿ ਸਾਜਨਾ। ਪੰ. ੨੬੬

ਜਦ ਆਦਮੀ ਇਕੱਲਾ ਕਿਸੇ ਵੀ ਪ੍ਰਕਾਰ ਦੀ ਸਾਧਨਾ ਵਿਚ ਲਗਦਾ ਹੈ ਤਾਂ ਉਸ ਵਿਚ ਨਿੱਜ ਉੱਦਮ ਨਾ ਕੀਤੇ ਹੋਏ ਕਰਮਾਂ ਕਰਕੇ ਹਉਮੈਂ ਆ ਜਾਂਦੀ ਹੈ। ਸੁਭਾਵਕ ਹੀ ਹੈ ਕਿ ਇਸ ਪ੍ਰਕਾਰ ਦੇ ਸਾਧਕ ਅੰਦਰ ਦੂਜੇ ਮਨੁੱਖਾਂ ਨੂੰ ਘਟੀਆ ਸਮਝਣ ਦੀ ਰੁਚੀ ਜੜ੍ਹ ਫੜ ਜਾਂਦੀ ਹੈ। ਗੁਰਵਾਕ ਹੈ :

ਬਿਨੁ ਸੰਗਤਿ ਕਰਮ ਕਰੈ ਅਭਿਮਾਨੀ।
ਕਢਿ ਪਾਣੀ ਚੀਕੜ ਪਾਵੈਗੋ। ਪੰ. ੧੩੦੯

ਸਾਧ ਸੰਗਤਿ ਵਿਚ ਉਹ ਆਪਣੇ ਜਿਹੇ ਨਾਮ ਅਭਿਆਸੀਆਂ ਨਾਲ ਮਿਲਕੇ ਬੈਠਦਾ ਹੈ। ਉਥੇ ਉਸ ਦਾ ਨਿੱਜ, ਸਮੂਹ ਵਿਚ ਵਿਲੀਨ ਹੋ ਜਾਂਦਾ ਹੈ। ਉਥੇ ਸਾਰੇ ਅਧਿਆਤਮਿਕ ਕਰਮ ਸਮੂਹਕ ਹੁੰਦੇ ਹਨ। ਜਿਹੜਾ ਆਪਣੇ ਆਪ ਨੂੰ ਸੰਗਤ ਵਿਚ ਵਿਲੀਨ ਕਰਨ ਲਈ ਤਿਆਰ ਨਹੀ ਹੁੰਦਾ। ਉਹ ਸੰਗਤ ਵਿਚ ਆਉਂਦਾ ਹੀ ਨਹੀ, ਜੇ ਆਵੇ ਵੀ ਤਾਂ ਬਹੁਤੀ ਦੇਰ ਰੁਕਦਾ ਨਹੀ। ਇਸ ਕਰਕੇ ਸਾਧ ਸੰਗਤ ਵਿਚ ਨਿਮ੍ਰਤਾ ਪ੍ਰਾਪਤੀ ਲਈ ਕੋਈ ਉਚੇਚ ਨਹੀ ਕਰਨੀ ਪੈਂਦੀ। ਸੰਗਤ ਦਾ ਵਿਹਾਰ ਆਪਣੇ ਆਪ ਹੀ ਨਿਮਰਤਾ ਉਪਜਾਉਂਦਾ ਹੈ :

ਸਾਧ ਕੈ ਸੰਗਿ ਮਿਟੈ ਅਭਿਮਾਨੁ।
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ। ਪੰ. ੨੭੧

— — —

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ। ਪੰ. ੧੩੦੯

ਨਿਮਰਤਾ ਇਕ ਅਜਿਹਾ ਗੁਣ ਹੈ ਜਿਸਦੀ ਨਿੱਜੀ ਅਤੇ ਸਮਾਜਿਕ ਬਰਾਬਰ ਦੀ ਮਹਾਨਤਾ ਹੈ। ਸੰਗਤ ਗੁਰਸਿੱਖ ਨੂੰ ਸੇਵਾ ਵਿਚ ਲਗਣ ਦਾ ਅਵਸਰ ਦਿੰਦੀ ਹੈ। ਉਹ ਸੰਗਤ ਲਈ ਤੱਪੜ ਝਾੜ ਕੇ ਵਿਛਾਉਂਦਾ ਹੈ। ਉੱਡੀ ਹੋਈ ਧੂੜ ਵਿਚ ਇਸ਼ਨਾਨ ਕਰਕੇ ਠੰਡੇ ਜਲ ਜਿਹੀ ਸ਼ਾਂਤੀ ਅਨੁਭਵ ਕਰਦਾ ਹੈ। ਕੋਰੇ ਮੱਟ ਮੰਗਵਾ ਕੇ ਸੰਗਤ ਲਈ ਜਲ ਦਾ ਪ੍ਰਬੰਧ ਕਰਦਾ ਹੈ। ਪਰਸ਼ਾਦ ਦੀ ਸੇਵਾ ਕਰਕੇ ਆਪਣੇ ਆਪ ਨੂੰ ਵੱਡਭਾਗੀ ਸਮਝਦਾ ਹੈ :

ਗੁਰ ਸਿਖਾਂ ਗੁਰ ਸਿਖ ਸੇਵਾ ਲਾਇਆ।
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।
ਤਪੜੁ ਝਾੜਿ ਵਿਛਾਇ ਧੂੜੀ ਨਾਇਆ।

ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣ ਮਹਾ ਪਰਸਾਦੁ ਵੰਡਿ ਖਵਾਇਆ।[35]

ਸੇਵਾ ਨਿਸ਼ਕਾਮ ਹੋਣੀ ਚਾਹੀਦੀ ਹੈ। ਜੇ ਗੁਰਸਿੱਖ ਸੇਵਾ ਦੇ ਬਦਲੇ ਗੁਰੂ ਜਾਂ ਸੰਗਤ ਕੋਲੋਂ ਕਿਸੇ ਫਲ ਦੀ ਆਸ ਰੱਖੇ ਤਾਂ ਉਹ ਸੇਵਾ ਨਹੀਂ, ਵਿਉਪਾਰ ਹੈ। ਸਪੱਸ਼ਟ ਗੁਰ ਫੁਰਮਾਨ ਹੈ :

ਸੇਵਾ ਕਰਤ ਹੋਇ ਨਿਹਕਾਮੀ।
ਤਿਸ ਕਉ ਹੋਤ ਪਰਾਪਤਿ ਸੁਆਮੀ। ਪੰ. ੨੮੬

ਮਤੇ ਕੋਈ ਇਹ ਸਮਝੇ ਕਿ ਕਿਸੇ ਵਿਸ਼ੇਸ਼ਤਾ ਕਰਕੇ ਉਸ ਨੂੰ ਸੇਵਾ ਦਾ ਅਵਸਰ ਮਿਲਿਆ ਹੈ ਤੇ ਉਸ ਅੰਦਰ ਹਉਮੈਂ ਪੈਦਾ ਹੋ ਜਾਵੇ। ਜੇ ਹਉਮੈਂ ਆ ਗਈ ਤਾਂ ਸੇਵਾ ਦਾ ਤਾਂ ਉੱਦੇਸ਼ ਹੀ ਖਤਮ ਹੋ ਗਿਆ। ਸੇਵਾ ਦਾ ਅਮਰ ਤਾਂ ਗੁਰੂ ਦੀ ਬਖਸ਼ਿਸ਼ ਹੁੰਦਾ ਹੈ :

ਟਹਲ ਮਹਲ ਤਾਕਉ ਮਿਲੈ ਜਾ ਕਉ ਸਾਧ ਕ੍ਰਿਪਾਲ।
ਸਾਧੂ ਸੰਗਤਿ ਤਉ ਬਸੈ ਜਉ ਆਪਹੁ ਹੋਹਿ ਦਇਆਲ। ਪੰ. ੨੫੫

ਗੁਰਸਿੱਖ ਇਕ ਗ੍ਰਿਹਸਤੀ ਜੀਵ ਹੈ। ਉਹ ਲੋਕ ਪ੍ਰਲੋਕ ਦੀਆਂ ਸਭ ਲੋੜਾਂ ਦੀ ਪੂਰਤੀ ਚਾਹੁੰਦਾ ਹੈ. ਚਾਰ ਪਦਾਰਥ ਅਰਥਾਤ ਧਰਮ. ਅਰਥ, ਕਾਮ ਅਤੇ ਮੋਖ. ਸੰਤੁਲਿਤ ਜੀਵਨ ਲਈ ਜ਼ਰੂਰੀ ਹਨ। ਕਿਸੇ ਇਕ ਦੀ ਕਮੀ ਵੀ ਜੀਵਨ ਨੂੰ ਉਲਾਰ ਕਰ ਦਿੰਦੀ ਹੈ। ਇਹ ਚਾਰੇ ਪਦਾਰਥ ਸਾਧ ਸੰਗਤ ਦੀ ਸੇਵਾ ਤੋਂ ਪ੍ਰਾਪਤ ਹੁੰਦੇ ਹਨ। ਸਾਧ ਸੰਗਤ ਵਿਚ ਜੁੜ ਕੇ ਨਾਮ ਜਪੀਦਾ ਹੈ. ਪ੍ਰਭੂ ਦੀ ਸਿਫਤ ਕਰੀਦੀ ਹੈ. ਇਹ ਧਰਮ ਦੀ ਪ੍ਰਾਪਤੀ ਹੈ। ਸੰਗਤ ਵਿਚ ਸੇਵਾ ਕਰਕੇ ਮਨੁੱਖ ਉੱਦਮੀ ਬਣਦਾ ਹੈ। ਇਹ ਉੱਦਮੀ ਸੁਭਾ ਉਸ ਨੂੰ ਆਮ ਜੀਵਨ ਵਿਚ ਅਰਥ ਦੀ ਪ੍ਰਾਪਤੀ ਵਿਚ ਸਹਾਇਤਾ ਕਰਦਾ ਹੈ। ਸਾਧ ਸੰਗਤ ਵਿਚ ਆਉਣ ਵਾਲਾ ਗੁਰਸਿੱਖ ਗ੍ਰਿਹਸਤੀ ਹੁੰਦਾ ਹੈ। ਸੰਨਿਆਸੀ ਤਾਂ ਸੰਗਤ ਵਿਚ ਆਉਂਦਾ ਹੀ ਨਹੀਂ। ਉਹ ਕਿਸੇ ਮੱਠ ਵਿਚ, ਬਣ ਜਾਂ ਤਟ ਤੀਰਥ ਉੱਤੇ ਇਕੱਲਵੰਜੇ ਬੈਠ ਕੇ ਸਾਧਨਾ ਕਰਦਾ ਹੈ। ਉਹ ਸੇਵਾ ਕਰਦਾ ਨਹੀਂ, ਕਰਾਉਂਦਾ ਹੈ। ਪਰ ਸੰਗਤ ਦਾ ਗੁਰੂ ਤਾਂ ਆਪ ਸੱਚ ਦੀ ਧਰਮਸ਼ਾਲਾ ਬੰਨ੍ਹਦਾ ਹੈ। ਗੁਰਸਿੱਖਾਂ ਨੂੰ ਭਾਲ ਭਾਲ ਕੇ ਲਿਆਉਂਦਾ ਹੈ। ਪੈਰ ਧੋਂਦਾ ਹੈ। ਮੱਥਾ ਟੇਕਦਾ ਹੈ। ਪੈਰੀ ਪੈਂਦਾ ਹੈ।[36] ਇਉਂ ਸੰਗਤ ਦੀ ਸੇਵਾ ਵਿਚ ਆਉਣ ਵਾਲਾ ਗ੍ਰਿਹਸਤੀ ਕਾਮ ਤੇ ਮੋਖ ਦੋਹਾਂ ਨੂੰ ਪ੍ਰਾਪਤ ਕਰਦਾ ਹੈ। ਗੁਰਵਾਕ ਹੈ :

ਚਾਰਿ ਪਦਾਰਥ ਜੇ ਕੋ ਮਾਂਗੈ।
ਸਾਧ ਜਨਾ ਕੀ ਸੇਵਾ ਲਾਗੈ। ਪੰ. ੨੬੬

ਸਾਧ ਸੰਗਤ ਵਿਚ ਮਿਲ ਬੈਠੀਦਾ ਹੈ, ਪ੍ਰਭੂ ਜਸ ਗਾਈਦਾ ਹੈ। ਇਉਂ ਅੰਦਰ ਨਿਮਰਤਾ ਭਾਵ ਵਸਦਾ ਹੈ। ਸੇਵਾ ਦਾ ਚਾ ਉਪਜਦਾ ਹੈ। ਇਹ ਸਾਰੇ ਕਾਰਜ ਗੁਰਸਿੱਖ ਨੂੰ ਇਕ ਉੱਚ ਮਤ ਗੁਹਜਮਈ ਅਵਸਥਾ ਤਕ ਲੈ ਜਾਂਦੇ ਹਨ। ਸਥਾਨਕ ਸਤਿ ਸੰਗਤ ਪਸਰਦੀ ਵਿਸ਼ਵਰੂਪ ਧਾਰਨ ਕਰ ਲੈਂਦੀ ਹੈ। ਹੁਣ ਗੁਰਸਿੱਖ ਕਾਲ ਅਤੇ ਸਥਾਨ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਜਿਸ ਨੂੰ ਭਾਲਦਾ ਸੀ, ਆਪਣੇ ਉਸ ਇਸ਼ਟ ਅਕਾਲ ਪੁਰਖ ਦੇ ਸਨਮੁਖ ਹੁੰਦਾ ਹੈ। ਉਹ ਅੰਦਰ ਵੀ ਦਿਸਦਾ ਹੈ ਤੇ ਬਾਹਰ ਵੀ। ਜੜ੍ਹ ਵਿਚ ਵੀ ਤੇ ਚੇਤੰਨ ਵਿਚ ਵੀ। ਅਸਲ ਵਿਚ ਅੰਦਰ-ਬਾਹਰ, ਜੜ੍ਹ-ਚੇਤੰਨ ਕੁਝ ਰਹਿੰਦਾ ਹੀ ਨਹੀ "*ਸਭੁ ਗੋਬਿੰਦ ਹੈ ਗੋਬਿੰਦ ਬਿਨ*

ਨਹੀ ਕੋਈ।"[31] ਜਿਸ ਦਾ ਉਹ ਸਿਮਰਨ ਕਰਦਾ ਹੈ, ਉਹ ਭੂ ਮੰਡਲ ਦਾ ਵਾਸੀ ਨਾ ਰਹਿ ਕੇ '*ਸਗਲ ਸ੍ਰਿਸਟੀ*' ਵਿਚ ਸਮਾ ਜਾਂਦਾ ਹੈ :

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ।
ਨਾਮੁ ਪ੍ਰਭੂ ਕਾ ਲਾਗਾ ਮੀਠਾ।
ਸਗਲ ਸਮਿਗ੍ਰੀ ਏਕਸੁ ਘਟਿ ਮਾਹਿ।
ਅਨਿਕ ਰੰਗ ਨਾਨਾ ਦ੍ਰਿਸਟਾਹਿ। ਪੰ. ੨੯੩

— — —

ਸੋ ਅੰਤਰਿ ਸੋ ਬਾਹਰਿ ਅਨੰਤ।
ਘਟਿ ਘਟਿ ਬਿਆਪਿ ਰਹਿਆ ਭਗਵੰਤ।
ਧਰਨਿ ਮਾਹਿ ਆਕਾਸੁ ਪਇਆਲਾ।
ਸਰਬ ਲੋਕ ਪੂਰਨ ਪ੍ਰਤਿਪਾਲਾ।
ਬਨਿ ਤ੍ਰਿਨਿ ਪਰਬਤਿ ਹੈ ਪਾਰਬ੍ਰਹਮੁ।
ਜੈਸੀ ਆਗਿਆ ਤੈਸਾ ਕਰਮੁ।
ਪਉਣ ਪਾਣੀ ਬੈਸੰਤਰ ਮਾਹਿ।
ਚਾਰਿ ਕੁੰਟ ਦਹ ਦਿਸੇ ਸਮਾਹਿ।
ਤਿਸ ਤੇ ਭਿੰਨ ਨਹੀ ਕੋ ਠਾਉ।
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ। ਪੰ. ੨੯੪

ਇਉ ਗੁਰਸਿੱਖ ਸਾਧ ਸੰਗਤ ਵਿਚ ਵਿਸ਼ਵ ਦ੍ਰਿਸ਼ਟੀ ਵਾਲਾ ਬਣ ਜਾਂਦਾ ਹੈ। ਹੁਣ ਸਾਰਾ ਵਿਸ਼ਵ ਹੀ ਉਸ ਭਾਣੇ ਸਾਧ ਸੰਗਤ ਹੈ। ਇਸੇ ਕਰਕੇ ਉਹ ਹਰ ਰੋਜ਼ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ :

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬੱਤ ਦਾ ਭਲਾ।

ਹਵਾਲੇ

1. *ਲਘੂ ਹਿੰਦੀ ਸਬਦ ਸਾਗਰ*, ਪੰ. 954
2. *ਮਹਾਨ ਕੋਸ਼* . ਪੰ. 146
3. ਉਦਾਹਰਣ ਲਈ, ਮੰਡਲ-1 ਸੂਕਤ-2
4. *ਰਿਗ ਵੇਦ*, ਮੰਡਲ-10 ਸੂਕਤ-191
5. *The Baisakhi of Guru Gobind Singh*, p. 325
6. *ਬ੍ਰਿਹਦਾਰਣਯਕ ਉਪਨਿਸ਼ਦ*, 3-1, 1-10.
7. *ਗੁਰਮਤ ਦਰਸ਼ਨ*, ਪੰ. 131
8. *Gorkhnath and the Kanphata Yogis*, p. 2.
9. *A History of Indian Philosophy*, Vol. I, p. 28.
10. *Gorkhnath and the Kanphatha Yogis*, p. 2.
11. *ਵਾਰਾਂ ਭਾਈ ਗੁਰਦਾਸ*
12. ਉਹੀ, 1/41.

13. *ਉਹੀ*, 1/43.
14. *The Baisakhi of Guru Gobind Singh*, p. 441.
15. *ਵਾਰਾਂ ਭਾਈ ਗੁਟਦਾਸ*, 13/19.
16. *The Sikh Way of Life*. p. 86.
17. *ਗੁਰਮਤ ਨਿਰਣਯ*, ਪੰ. 154
18. *The Baisakhi of Guru Gobind Singh*, p. 328.
19. ਭਾਈ ਕਾਨ੍ਹ ਸਿੰਘ, *ਗੁਰਮਤ ਮਾਰਤੰਡ*, ਪੰ. 122, ਫੁਟ ਨੋਟ
20. ਉਹੀ, ਪੰ. 122, ਫੁਟ ਨੋਟ
21. ਉਹੀ, ਪੰ. 122, ਫੁਟ ਨੋਟ
22. *The Baisakhi of Guru Gobind Singh*, p. 325.
23. *ਵਾਰਾਂ ਵਾਈ ਗੁਰਦਾਸ*, 1/42
24. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. ੫੨੨

    ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ।
    ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।

25. *ਉਹੀ*, ਪੰ. ੧੪੮
26. *ਕਠੋਪਨਿਸ਼ਦ*, 1 : 2 : 24
27. ਅਧਿਆਇ II, ਸਲੋਕ 55 ਤੋਂ 65
28. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. ੧

    ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।

29. *ਉਹੀ*, ਪੰ. ੫੯੫

    ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।
    ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।

30. *ਗੁਰਮਤ ਨਿਰਣਯ*, ਪੰ. 179
31. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. ੬੪੨

    ਹਰਿ ਕੀਰਤਿ ਸਾਧ ਸੰਗਿ ਹੈ ਸਿਰ ਕਰਮਨ ਕੈ ਕਰਮਾ।

32. *ਉਹੀ*, ਪੰ. ੧੧੧੯
33. *ਉਹੀ*, ਪੰ. ੩੭੦
34. Dr. Avtar Singh, *Ethics of the Sikhs*, p. 115.
35. *ਵਾਰਾਂ ਭਾਈ ਗੁਰਦਾਸ*, 20/10
36. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. ੭੩

    ਮੈ ਬਧੀ ਸਚੁ ਧਰਮਸਾਲ ਹੈ
    ਗੁਰ ਸਿੱਖਾਂ ਲਹਦਾ ਭਾਲ ਕੈ।
    ਪੈਰ ਧੋਵਾ ਪਖਾ ਫੇਰਦਾ।
    ਤਿਸੁ ਨਿਵਿ ਨਿਵਿ ਲਾਗਾ ਪਾਇ ਜੀਉ।

37. *ਉਹੀ*, ਪੰ. ੪੮੫

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿ ਸੰਗਤਿ ਦਾ ਸੰਕਲਪ

ਡਾ. ਗੁਰਦੀਪ ਸਿੰਘ ਭੰਡਾਰੀ

ਭਾਰਤੀ ਦਰਸ਼ਨ, ਭਗਤੀ ਲਹਿਰ ਤਥਾ ਧਰਮ ਸਾਧਨਾ ਦੇ ਖੇਤਰ ਵਿਚ 'ਸੰਗਤਿ' ਅਥਵਾ 'ਸਤਿ ਸੰਗਤਿ' ਦਾ ਬੜਾ ਮਹੱਤਵਪੂਰਨ ਸਥਾਨ ਹੈ। ਲਗਭਗ ਸੰਸਾਰ ਦੇ ਹਰ ਧਾਰਮਿਕ ਗ੍ਰੰਥ ਵਿਚ 'ਸੰਗਤਿ' ਦੀ ਬੜੀ ਉਪਮਾ ਤੇ ਮਹਿਮਾ ਕੀਤੀ ਹੋਈ ਮਿਲਦੀ ਹੈ। ਵਾਸਤਵ ਵਿਚ ਸਤਿ ਸੰਗਤਿ ਧਰਮ ਸਾਧਨਾ ਦੀ ਉਹ ਉਤਮ ਸੰਸਥਾ ਹੈ ਜਿਥੋਂ ਪਰਮਾਰਥ ਦੀ ਸਿਧਾਂਤਿਕ ਤੇ ਵਿਵਹਾਰਿਕ ਸਿੱਖਿਆ ਪ੍ਰਾਪਤ ਹੁੰਦੀ ਹੈ ਅਥਵਾ 'ਸਤਿ ਸੰਗਤਿ' ਰੂਹਾਨੀਅਤ ਦਾ ਉਹ ਮਤਲਬ ਹੈ ਜਿਥੇ ਰੱਬੀ-ਇਸ਼ਕ ਦਾ ਪਾਠ ਪੜ੍ਹਾਇਆ ਜਾਂਦਾ ਹੈ। ਸੰਖੇਪ ਵਿਚ 'ਸਤਿ ਸੰਗਤਿ' ਪਰਮਾਰਥ ਦੀ ਪਹਿਲੀ ਤੇ ਮੁੱਢਲੀ ਲੋੜ ਹੈ।

ਸਾਧਾਰਣ ਜੀਵਨ ਵਿਚ ਵੀ ਮਨੁੱਖੀ ਸ਼ਖਸੀਅਤ ਦੀ ਸਿਰਜਣਾ ਦੇ ਸੰਬੰਧ ਵਿਚ 'ਸੰਗਤਿ' ਦਾ ਬੜਾ ਮਹੱਤਵ ਹੈ! ਮਨੁੱਖ ਪਛਾਣਿਆ ਹੀ ਆਪਣੀ 'ਸੰਗਤਿ' ਤੋਂ ਜਾਂਦਾ ਹੈ। "*ਜੈਸੀ ਸੰਗਤਿ ਵੈਸੀ ਰੰਗਤਿ।*" 'ਸੰਗਤਿ' ਵਿਚ ਵਿਚਰਨਾ ਮਨੁੱਖ ਦੀ ਮੂਲ ਪ੍ਰਵ੍ਰਿਤੀ ਹੈ। ਮਨੁੱਖੀ ਮਨ 'ਸੰਗਤਿ' ਦਾ ਬੜਾ ਇੱਛੁਕ ਹੈ। ਸੰਗਤਿ ਦਾ ਰੰਗ ਇਸ ਉੱਤੇ ਬਹੁਤ ਛੇਤੀ ਚੜ੍ਹਦਾ ਹੈ। ਇਸ ਲਈ ਚੰਗੀ ਸੰਗਤਿ ਦੀ ਚੋਣ ਮਨੁੱਖ ਦਾ ਪਰਮ ਕਰਤੱਵ ਹੈ।

ਮਨੋਵਿਗਿਆਨ ਤੇ ਸਮਾਜ ਵਿਗਿਆਨ ਨੇ ਵਿਧੀਪੂਰਵਕ ਖੋਜਾਂ ਕਰਕੇ ਸੰਗਤਿ ਦੀ ਆਵੱਸ਼ਕਤਾ ਤੇ ਸਮਰੱਥਾ ਉੱਤੇ ਬੜਾ ਪ੍ਰਕਾਸ਼ ਪਾਇਆ ਹੈ, ਪਰ ਸਾਡੇ ਵਿਸ਼ੇ ਦੀ ਸੀਮਾ ਆਗਿਆ ਨਹੀਂ ਦਿੰਦੀ ਕਿ ਸੰਗਤਿ ਦੇ ਸਮਾਜਿਕ ਤਥਾ ਮਨੋਵਿਗਿਆਨ ਮਹੱਤਵ ਨੂੰ ਹੋਰ ਉਘਾੜਿਆ ਜਾਵੇ, ਇਸ ਲਈ ਪ੍ਰਸਤੁਤ ਲੇਖ ਵਿਚ ਕੇਵਲ ਸੰਗਤਿ ਜਾਂ 'ਸਤਿ ਸੰਗਤਿ' ਨੂੰ ਪਰਮਾਰਥਕ ਅਥਵਾ ਅਧਿਆਤਮਿਕ ਦ੍ਰਿਸ਼ਟੀ ਤੋਂ ਹੀ ਵਿਚਾਰਿਆ ਜਾਵੇਗਾ।

ਸੰਗਤਿ ਦੀ ਪਰੰਪਰਾ ਮਨੁੱਖ ਜਿੰਨੀ ਹੀ ਪੁਰਾਣੀ ਹੈ। ਵੈਦਿਕ ਦੇ ਉਪਨਿਸ਼ਦਿਕ ਸਾਹਿੱਤ ਵਿਚ ਸੰਗਤਿ ਦੀ ਲੋੜ ਅਤੇ ਇਸ ਦੇ ਮਹੱਤਵ ਉੱਤੇ ਬੜਾ ਬਲ ਦਿੱਤਾ ਗਿਆ ਹੈ। ਇਥੋਂ ਤਕ ਕਿ ਉਪਨਿਸ਼ਦ ਸ਼ਬਦ ਦੇ ਅੱਖਰੀ ਅਰਥ ਹੀ ਸੰਗਤਿ ਦੇ ਸੰਕਲਪ ਉੱਤੇ ਬੜਾ ਪ੍ਰਭਾਵਸ਼ਾਲੀ ਪ੍ਰਕਾਸ਼ ਪਾਉਂਦੇ ਹਨ। ਉਪਨਿਸ਼ਦ ਸ਼ਬਦ ਦੀ ਵਿਉਤਪੱਤੀ ਮੂਲਕ ਅਰਥ ਇਸ ਪ੍ਰਕਾਰ ਹਨ :

(1) 'ਉਪ' ਕੋਲ ਜਾਂ ਨਿਕਟ
(2) 'ਨਿ' ਸ਼ਰਧਾਪੂਰਵਕ
(3) 'ਸ਼ਦ' ਬੈਠਣਾ।[1]

ਇਸ ਤਰ੍ਹਾਂ 'ਉਪਨਿਸ਼ਦ' ਸ਼ਬਦ ਦਾ ਅਰਥ ਬਣਦਾ ਹੈ : **ਸ਼ਰਧਾ ਪੂਰਵਕ ਕੋਲ ਬੈਠਣਾ**। ਸਪੱਸ਼ਟ ਰੂਪ ਵਿਚ ਇਸ ਦਾ ਅਰਥ ਇਹ ਹੈ :

ਆਤਮਾ-ਗਿਆਨ ਤਥਾ ਬ੍ਰਹਮ-ਗਿਆਨ ਦੇ ਗੁਪਤ ਭੇਦ ਨੂੰ ਸਮਝਣ ਲਈ ਸਤਿ ਪੁਰਸ਼ ਦੀ ਸ਼ਰਣ ਵਿਚ ਸ਼ਰਧਾ ਪੂਰਵਕ ਬੈਠਣਾ। ਪਰਮਾਰਥਕ ਦ੍ਰਿਸ਼ਟੀ ਤੋਂ 'ਸੰਗਤਿ' ਦੇ ਸੰਕਲਪ ਦੀਆਂ ਜੜ੍ਹਾਂ 'ਉਪਨਿਸ਼ਦ' ਸ਼ਬਦ ਦੇ ਵਿਉਤਪੱਤੀ ਮੂਲਕ ਅਰਥਾਂ ਵਿਚੋਂ ਹੀ ਲਭੀਆਂ ਜਾ ਸਕਦੀਆਂ ਹਨ। ਇਸ ਮਤਿ ਅਨੁਸਾਰ 'ਸੰਗਤਿ' ਦੇ ਤਿੰਨ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ। ਉਹ ਹਨ :

(1) ਆਤਮ ਗਿਆਨ ਦਾ ਗੁਪਤ ਭੇਦ (ਸਮਝਣ ਲਈ)
(2) ਸਤ ਪੁਰਸ਼ ਦੀ ਸ਼ਰਣ (ਵਿਚ)
(3) ਸ਼ਰਧਾ ਪੂਰਵਕ ਬੈਠਣਾ।

'ਸੰਗਤਿ' ਦੇ ਸਰੂਪ ਨੂੰ ਸਾਕਾਰ ਕਰਨ ਲਈ ਇਨ੍ਹਾਂ ਤਿੰਨ ਪੱਖਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੀ ਵੀ ਅਣਹੋਂਦ 'ਸੰਗਤਿ' ਦੇ ਸਰੂਪ ਨੂੰ ਸਾਕਾਰ ਜਾਂ ਸਾਮੂਰਤ ਨਹੀਂ ਕਰ ਸਕਦੀ। ਅਸਾਡੇ ਇਸ ਨਿਰਧਾਰਿਤ ਕੀਤੇ ਗਏ ਮਤਿ ਦੀ ਪੁਸ਼ਟੀ 'ਉਪਨਿਸ਼ਦ' ਦੀਆਂ ਅੰਦਰਲੀਆਂ ਗਵਾਹੀਆਂ ਤੋਂ ਵੀ ਹੋ ਜਾਂਦੀ ਹੈ। ਥਾਂ ਪਰ ਥਾਂ, ਸ਼ਿਸ਼ (ਸਿੱਖ) ਨੂੰ ਉਪਦੇਸ਼ ਦਿੱਤਾ ਗਿਆ ਹੈ :

ਉਠੋ, ਜਾਗੋ ਤੇ ਉਤਮ ਪੁਰਸ਼ਾਂ ਦੀ ਸੰਗਤਿ ਕਰੋ।[3]

ਯਥਾ

ਤੱਤ ਗਿਆਨ ਦੀ ਸੋਝੀ ਸਤਿ ਪੁਰਸ਼ਾਂ ਦੀ ਸੰਗਤਿ ਵਿਚੋਂ ਹੀ ਆ ਸਕਦੀ ਹੈ।[4]

ਇਨ੍ਹਾਂ ਉਦਾਹਰਣਾ ਦੀ ਮੌਜੂਦਗੀ ਵਿਚ ਅਸੀ ਕਹਿ ਸਕਦੇ ਹਾਂ ਕਿ ਸਾਰੀਆਂ ਉਪਨਿਸ਼ਦਾਂ 'ਸੰਗਤਿ' ਦੇ ਸੰਕਲਪ ਨੂੰ ਉਜਾਗਰ ਕਰਦੀਆਂ ਹਨ। ਇਥੇ ਹੀ ਬਸ ਨਹੀਂ ਸਗੋਂ ਸਮਸਤ ਭਾਰਤੀ ਦਰਸ਼ਨ ਜਿਹਾ ਕਿ ਵੇਦ, ਉਪਨਿਸ਼ਦ, ਪੁਰਾਨ, ਗੀਤਾ, ਬ੍ਰਹਮ-ਸੂਤਰ, ਛੇ ਦਰਸ਼ਨ, ਜੈਨ ਮਤ, ਬੁੱਧ ਮਤ, ਤੇ ਨਾਥ ਪੰਥ ਆਦਿ 'ਸੰਗਤਿ' ਦੀ ਸਮਰੱਥਾ ਤੇ ਆਵੱਸ਼ਕਤਾ ਉੱਤੇ ਬਹੁਤ ਬਲ ਦਿੰਦਾ ਹੈ ਅਤੇ 'ਸੰਗਤਿ' ਪ੍ਰਤੀ ਸਾਹਿੱਤ ਨਾਲ ਪ੍ਰਤੀਪੂਰਣ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੜਾ ਕਿ ਆਤਮ-ਗਿਆਨ ਤਥਾ ਬ੍ਰਹਮ-ਗਿਆਨ ਦਾ ਭਰਪੂਰ ਭੰਡਾਰ ਹੈ, 'ਸੰਗਤਿ' ਅਥਾਵ 'ਸਤਿ ਸੰਗਤਿ' ਦੀ ਆਵੱਸ਼ਕਤਾ ਅਤੇ ਸਮਰੱਥਾ ਉੱਤੇ ਬਹੁਤ ਪ੍ਰਕਾਸ਼ ਪਾਉਂਦਾ ਹੈ। ਸਾਰਾ ਹੀ ਗੁਰੂ ਗ੍ਰੰਥ ਸਾਹਿਬ 'ਸਾਧ ਸੰਗਿ', 'ਸੰਤ ਸੰਗਿ', 'ਸਤਿ ਸੰਗਿ', ਸਤਿ ਸੰਗਤਿ', ਸਾਧ ਸੰਗਤਿ', 'ਗੁਰ ਸੰਗਤਿ' ਅਤੇ 'ਸੰਤ ਸਭਾ' ਆਦਿ ਸ਼ਬਦਾਵਲੀ ਨਾਲ ਪਰਿਪੂਰਣ ਹੈ। ਜਦੋਂ ਗਹੁ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕੀਤਾ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਕਿਤੇ ਵੀ 'ਸੰਗਤਿ' ਦੇ ਉਕਤ ਨਿਰਧਾਰਿਤ ਕੀਤੇ ਗਏ ਮੁੱਢਲੇ ਤਿੰਨ ਪੱਖਾਂ ਵਿਚੋਂ ਕਿਸੇ ਨੂੰ ਵੀ ਅੱਖੋਂ ਓਹਲੇ ਨਹੀਂ ਹੋਣ ਦਿੱਤਾ। ਜਿਥੇ ਵੀ 'ਸੰਗਤਿ' ਪਦ ਵਰਤਿਆ ਗਿਆ ਹੈ ਓਥੇ ਨਾਲ ਹੀ ਸੰਤ, ਸਾਧ ਜਾਂ ਸਤਿਗੁਰੂ ਦਾ ਜ਼ਿਕਰ ਆਇਆ ਹੈ ਅਤੇ ਗੁਪਤ ਗਿਆਨ ਭਾਵ 'ਹਰਿਨਾਮ', 'ਹਰਿ ਕੀਰਤਨ', 'ਹਰਿ ਗੁਣ ਗਾਇਦ' ਆਦਿ ਦਾ ਵੀ ਵਰਨਣ ਹੈ। ਕਹਿਣ ਤੋਂ ਭਾਵ ਇਹ ਹੈ ਕਿ 'ਉਪਨਿਸ਼ਦ' ਸ਼ਬਦ ਦੇ ਵਿਉਤਪੱਤੀ ਮੂਲਕ ਅਰਥਾਂ ਵਿਚੋਂ ਉਭਰੇ ਤਿੰਨੇ ਪੱਖ ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ ਵਰਤੇ ਗਏ ਪਦ 'ਸੰਗਤਿ' ਉੱਤੇ ਪੂਰੀ ਤਰ੍ਹਾਂ ਢੁਕਦੇ ਹਨ ਅਤੇ 'ਸੰਗਤਿ' ਦੇ ਸੰਕਲਪ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੰਗਤਿ' ਦੇ ਸੰਕਲਪ ਨੂੰ ਵਿਸਤ੍ਰਿਤ ਰੂਪ ਵਿਚ ਉਜਾਗਰ ਕਰਨ ਤੋਂ ਪਹਿਲਾਂ ਇਥੇ ਉੱਚਿਤ ਪ੍ਰਤੀਤ ਹੁੰਦਾ ਹੈ ਕਿ 'ਸੰਤ', 'ਸਾਧ' ਤੇ 'ਸਤਿਗੁਰੂ' ਦੇ ਗੁਣ-ਲੱਛਣ ਨੂੰ ਗਰਮਤਿ ਅਨੁਸਾਰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਕਿਉਂਕਿ ਇਹ ਪਦ ਬਹੁਤ ਭੁਲੇਖਾ-ਪਾਊ ਤੇ ਭ੍ਰਮ-ਉਪਜਾਊ ਹਨ। ਅੱਜ ਦੇ ਯੁਗ ਵਿਚ ਕੇਵਲ ਨੀਲੇ, ਪੀਲੇ, ਚਿੱਟੇ, ਕਾਲੇ ਅਥਵਾ ਭਗਵੇ ਕਪੜੇ ਪਾਉਣ ਵਾਲੇ ਨੂੰ ਹੀ ਸੰਤ, ਸਾਧੂ ਜਾਂ ਸਤਿਗੁਰੂ ਸਮਝ ਲਿਆ ਜਾਂਦਾ ਹੈ। ਭੋਲੇ ਭਾਲੇ ਲੋਕ ਇਨ੍ਹਾਂ ਦੇ ਪਿੱਛੇ ਪਿੱਛੇ ਇਨ੍ਹਾਂ ਦੀ 'ਸੰਗਤਿ' ਲਈ ਭੱਜੇ ਫਿਰਦੇ ਹਨ। ਅਜਿਹੇ ਸੰਤ ਲੋਕ ਤਾਂ ਆਪ ਮੰਗਤੇ ਹਨ, ਜਿਹੜਾ ਆਪ ਮੰਗ ਕੇ ਆਪਣੀ ਉਦਰਪੂਰਤੀ ਕਰਦਾ ਹੈ, ਉਹ ਕਿਸੇ ਨੂੰ ਦੇ ਹੀ ਕੀ ਸਕਦਾ ਹੈ। ਇਸ ਲਈ ਭੇਖੀ ਸਾਧੂ-ਸੰਤ ਅਤੇ ਡਿੰਭੀ ਗੁਰੂ ਦੀ 'ਸੰਗਤਿ' ਤੋਂ ਬਚਣ ਦਾ ਉਪਦੇਸ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਆਮ ਮਿਲਦਾ ਹੈ। ਅਜਿਹੇ ਵਿਅਕਤੀਆਂ ਦੀ ਤਸਵੀਰ ਗੁਰੂ ਸਾਹਿਬਾਨ ਨੇ ਇਸ ਪ੍ਰਕਾਰ ਖਿੱਚੀ ਹੈ :

1. *ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ।*
   ਤ੍ਰਿਸਨਾ ਮੂਲਿ ਨਾ ਚੁਕਈ ਅੰਤਿ ਗਏ ਪਛੁਤਾਹਿ। ਪੰ. ੪੯੧
2. *ਵਿਣੁ ਪਾਰਸੈ ਪੂਜ ਨਾ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ।*
   ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ। ਪੰ. ੪੯੧

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ 'ਪੂਰਨ ਸੰਤ' ਤੇ 'ਸਾਧੂ' ਤੇ 'ਸਤਿਗੁਰੂ' ਦੀ ਤਸਵੀਰ ਵੀ ਪ੍ਰਸਤੁਤ ਕੀਤੀ ਹੈ ਜਿਨ੍ਹਾਂ ਦੀ 'ਸੰਗਤਿ' ਹੀ 'ਸਤਿ ਸੰਗਤਿ' ਉਪਜਾਉਂਦੀ ਹੈ। ਅਤੇ ਜਿਨ੍ਹਾਂ ਦੀ 'ਸੰਗਤਿ' ਤੋਂ ਹੀ ਜਿਗਿਆਸੂ ਨੂੰ ਆਤਮ ਗਿਆਨ ਦੇ ਗੁਪਤ ਭੇਦ ਦੀ ਸੋਝੀ ਆਉਂਦੀ ਹੈ। ਇਥੇ ਉਨ੍ਹਾਂ ਦੀ ਪਰਿਭਾਸ਼ਾ ਸੰਬੰਧੀ ਇਕ ਇਕ ਉਦਾਹਰਣ ਕੁਥਾਂ ਨਹੀਂ ਹੋਵੇਗੀ:

ਪੂਰਨ ਸੰਤ :

ਜਿਨ੍ਹਾਂ ਸਾਸਿ ਗ੍ਰਾਸ ਨ ਵਿਸਰੈ ਹਰਿਨਾਮਾ ਮਨਿ ਮੰਤੁ।
ਧਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ। ਪੰ. ੩੧੯

ਪੂਰਨ ਸਾਧੂ :

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ।
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ। ਪੰ. ੨੯

ਸਤਿਗੁਰੂ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ।
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਣ ਗਾਉ। ਪੰ. ੨੮੬

ਅਜਿਹੇ ਪੂਰਨ ਸੰਤ, ਸਾਧੂ ਅਥਵਾ ਸਤਿਗੁਰੂ ਦੀ ਹਜ਼ੂਰੀ ਵਿਚ ਸ਼ਰਧਾ ਪੂਰਵਕ ਬੈਠ ਕੇ ਹੀ ਆਤਮ ਗਿਆਨ ਦਾ ਬੋਧ ਤਥਾ ਨਾਮ ਸਿਮਰਨ ਦੀ ਜੁਗਤੀ ਦਾ ਪਤਾ ਲਗਦਾ ਹੈ ਅਤੇ ਅਜਿਹੇ ਸੰਗਿ ਨੂੰ ਹੀ 'ਸਤਿ ਸੰਗਤਿ' ਆਖਿਆ ਜਾਂਦਾ ਹੈ। ਗੁਰੂ ਸਾਹਿਬ ਨੇ ਆਪ ਸਤਿ ਸੰਗਤਿ ਦੇ ਸੰਕਲਪ ਪ੍ਰਤੀ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕੀਤੇ ਹਨ :

ਸਤ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ। ਪੰ. ੭੨

ਇਨ੍ਹਾਂ ਪੰਗਤੀਆਂ ਅਨੁਸਾਰ 'ਸਤਿ ਸੰਗਤਿ' ਦਾ ਸਰੂਪ ਇਸ ਪ੍ਰਕਾਰ ਸਾਕਾਰ ਹੁੰਦਾ ਹੈ। 'ਸਤਿ ਸੰਗਤਿ' ਉਹ ਇਕੱਤਰਤਾ ਹੈ ਜਿਥੇ ਕੇਵਲ 'ਏਕੋ ਨਾਮ' ਦੀ ਹੀ ਚਰਚਾ ਕੀਤੀ ਜਾਵੇ ਅਤੇ ਜਿਥੇ ਏਕੋ ਨਾਮ ਦੇ ਗੁੱਝੇ ਭੇਦ ਦੀ ਬੁਝਾਰਤ ਨੂੰ ਸਤਿ ਗੁਰੂ ਦੁਆਰਾ ਸੁਲਝਾਇਆ ਜਾਵੇ। ਇਨ੍ਹਾਂ ਪੰਗਤੀਆਂ ਵਿਚ 'ਬੁਝਾਇ' ਪਦ ਬੜਾ ਮਹੱਤਵਪੂਰਨ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਨਾਮ ਪਦ ਨੂੰ ਬੜੀ ਬੇਪ੍ਰਵਾਹੀ ਨਾਲ ਪੜ੍ਹਦੇ ਹਾਂ। ਵਾਸਤਵ ਵਿਚ 'ਨਾਮ' ਪੂਰਨ ਸੰਤ, ਸਾਧੂ ਜਾਂ ਸਤਿਗੁਰੂ ਦੁਆਰਾ ਬੁਝਾਈ ਜਾਣ ਵਾਲੀ ਕੋਈ ਗੁੱਝੀ 'ਬੁਝਾਰਤ' ਹੈ।

ਵਾਸਤਵ ਵਿਚ 'ਨਾਮ' ਅਕੱਥ ਤੇ ਅਨਿਰਵਚਨੀਯ ਹੈ। ਅਸੀਂ ਆਪਣੀ ਮਨ-ਬੁੱਧੀ ਨਾਲ ਸੋਚ ਲੈਂਦੇ ਹਾਂ ਕਿ 'ਵਾਹਿਗੁਰੂ', 'ਅਲਾਹ', 'ਰਾਮ', ਆਦਿ ਸ਼ਬਦ ਹੀ ਉਸ ਅਕਾਲ ਪੁਰਖ ਦੇ 'ਨਾਮ' ਹਨ। ਪਰ ਗੁਰੂ ਗ੍ਰੰਥ ਸਾਹਿਬ ਵਿਚ 'ਨਾਮ' ਨੂੰ 'ਅਮੋਲਕ ਰਤਨ' ਅਥਵਾ 'ਨਿਰਮੋਲਕ' ਹੀਰਾ ਆਖਿਆ ਗਿਆ ਹੈ। ਅਸਲ ਵਿਚ ਉਹ 'ਨਾਮ' ਇਕ ਹੈ, ਅਤੇ ਹਰ ਇਕ ਅੰਦਰ ਵਿਆਪਕ ਹੈ। ਉਹ 'ਨਾਮ', 'ਰਾਮ', 'ਵਾਹਿਗੁਰੂ' ਜਾਂ 'ਅਲਾਹ' ਆਦਿ ਸ਼ਬਦਾਂ ਦੁਆਰਾ ਵੰਡਿਆ ਹੀ ਨਹੀਂ ਜਾ ਸਕਦਾ। ਉਹ ਨਾਮ ਕਿਸੇ ਇਕ ਕੌਮ, ਕਿਸੇ ਇਕ ਮਜ਼੍ਹਬ, ਕਿਸੇ ਇਕ ਦੇਸ਼ ਜਾਂ ਕਿਸੇ ਇਕ ਵਿਅਕਤੀ ਦੀ ਮਲਕੀਅਤ ਨਹੀਂ, ਉਹ ਸਰਵ-ਸਾਂਝਾ 'ਨਾਮ' ਹੈ। ਉਸ, ਨਾਮ ਨੂੰ ਗੁਰੂ ਸਾਹਿਬਾਨ ਅਤੇ ਹੋਰ ਸੰਤਾਂ-ਭਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਅੰਮ੍ਰਿਤ ਨਾਮ', 'ਨਵਨਿਧਿ ਨਾਮ', 'ਸਤਿ ਨਾਮ', 'ਹਰਿ ਨਾਮ', 'ਰਾਮ ਨਾਮ', 'ਏਕੋ ਨਾਮ', 'ਗੁਪਤ ਨਾਮ', 'ਸਾਚਾ ਨਾਮ', 'ਦੁਰਲਭ ਨਾਮ', 'ਨਿਹਚਲ ਨਾਮ', 'ਅਬਿਨਾਸ਼ੀ ਨਾਮ', 'ਦੁਖ ਭੰਜਣ ਨਾਮ', 'ਸਹਿਜ ਨਾਮ', 'ਅਉਖਧ ਨਾਮ', 'ਅਮੋਲਕ ਨਾਮ', 'ਹਰਿ ਹਰਿ ਨਾਮ' ਤੇ 'ਰਤਨ ਨਾਮ' ਆਦਿ ਸ਼ਬਦਾਂ ਦੁਆਰਾ ਸਮਝਾਉਣ ਦਾ ਯਤਨ ਕੀਤਾ ਹੈ।

ਉਪਰੋਕਤ ਉਧਰਿਤ ਟੂਕ ਤੋਂ 'ਸਤਿ ਸੰਗਤਿ' ਦਾ ਸੰਕਲਪ ਇਹੀ ਉਜਾਗਰ ਹੁੰਦਾ ਹੈ ਕਿ 'ਸਤਿ ਸੰਗਤਿ' ਉਸ ਇਕੱਤਰਤਾ ਨੂੰ ਆਖਿਆ ਜਾਂਦਾ ਹੈ ਜਿਥੇ ਕੇਵਲ 'ਏਕੋ ਨਾਮ' ਸੰਭਵ ਹੈ ਕਿ ਕੁਝ ਵਿਦਵਾਨ 'ਏਕੋ ਨਾਮ' ਸੰਬੰਧੀ ਅਸਾਡੀ ਇਸ ਧਾਰਨਾ ਨਾਲ ਸਹਿਮਤ ਨਾ ਹੋ ਸਕਣ। ਉਨ੍ਹਾਂ ਅਨੁਸਾਰ 'ਏਕੋ ਨਾਮ' ਤੋਂ ਭਾਵ ਇਕ ਨਾਮ ਹੋਵੇ। ਪਰ ਇਹ ਤੱਥ ਤਾਂ ਬੜਾ ਸਪੱਸ਼ਟ ਹੈ ਕਿ 'ਸਤਿ ਸੰਗਤਿ' ਉਹੀ ਹੈ ਜਿਥੇ ਨਾਮ ਤੋਂ ਬਿਨਾਂ ਕਿਸੇ ਹੋਰ ਗੱਲ ਦੀ ਚਰਚਾ ਨਾ ਹੋਵੇ, ਪਰ ਅਸਾਡੀ ਦ੍ਰਿਸ਼ਟੀ ਅਨੁਸਾਰ 'ਏਕੋ ਨਾਮ' 'ਉਹ ਨਾਮ' ਹੈ ਜਿਹੜਾ ਸਮੇਂ ਸਥਾਨ ਦੀ ਕੈਦ ਤੋਂ ਮੁਕਤ ਹੈ (beyond the influence of time and space). ਉਹ ਨਾਮ, ਆਦਿ ਵਿਚ ਵੀ ਸੀ ਵਰਤਮਾਨ ਵਿਚ ਵੀ ਹੈ ਤੇ ਭਵਿਖ ਵਿਚ ਵੀ ਰਹੇਗਾ। ਸੰਗਤ ਵਿਚ ਇਸ ਦੀ ਹੀ ਚਰਚਾ ਹੁੰਦੀ ਹੈ ਅਤੇ ਇਕੋ ਕੇਵਲ 'ਏਕੋ ਨਾਮ' ਦੇ ਸਿਮਰਨ ਦਾ ਹੀ ਹੁਕਮ ਹੈ, ਜਿਸ ਦੇ ਰਹੱਸ ਨੂੰ ਸਤਿਗੁਰੂ ਹੀ ਸਮਝਾਉਂਦਾ ਹੈ।

'ਸਤਿ ਸੰਗਤ' ਪ੍ਰਤੀ ਹੋਰ ਅਗੇ ਚਰਚਾ ਕਰਨ ਤੋਂ ਪਹਿਲਾਂ ਇਥੇ ਉੱਚਿਤ ਪ੍ਰਤੀਤ ਹੁੰਦਾ ਹੈ ਕਿ 'ਨਾਮ' ਦੀ ਮਹਿਮਾ, 'ਨਾਮ' ਦੀ ਉਪਮਾ ਤਥਾ ਨਾਮ ਦੀ ਦੁਰਲਬਤਾ ਬਾਰੇ ਗੁਰੂ

ਸਾਹਿਬਾਨ ਦੇ ਕੁਝ ਹੋਰ ਪ੍ਰਮਾਣਾਂ ਨੂੰ ਵਿਚਾਰ ਲਿਆ ਜਾਵੇ ਤਾਂ ਕਿ 'ਸਤਿ ਸੰਗਤਿ' ਦਾ ਸੰਕਲਪ ਚੰਗੀ ਤਰ੍ਹਾਂ ਸਪੱਸ਼ਟ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਨਾਮ' ਅਤੇ 'ਨਾਮ ਦੀ ਕਮਾਈ' ਤੋਂ ਬਿਨਾਂ ਹੋਰ ਸਭ ਕੁਝ ਕੂੜ ਸਮਝਿਆ ਗਿਆ ਹੈ। ਕੁਝ ਪ੍ਰਮਾਣ ਪੇਸ਼ ਹਨ :

1. *ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।*
   *ਪੂਜਸਿ ਨਾਹੀ ਹਰਿ ਹਰੇ **ਨਾਨਕ ਨਾਮ ਅਮੋਲ**।* ਪੰ. ੨੬੫
2. *ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ।*
   ***ਹਰਿ ਹਰਿ ਨਾਮ** ਕਮਾਵਣਾ ਨਾਨਕ ਇਹੁ ਧਨੁ ਸਾਰੁ।*
3. *ਕਬੀਰ **ਰਾਮ ਨਾਮੁ ਜਾਨਿਓ** ਨਹੀ ਪਾਲਿਓ ਕਟਕੁ ਕੁਟੰਬੁ।*
   ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ। ਪੰ. ੧੩੭੬

ਇਨ੍ਹਾਂ ਉਦਾਹਰਣਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਨਾਮ ਬੜੀ ਅਨਮੋਲ ਵਸਤੂ ਤਥਾ ਦੁਰਲਭ ਪਦਾਰਥ ਹੈ। 'ਨਾਮ' ਦੀ ਕਮਾਈ ਹੀ ਸਾਰ ਧਨ ਭਾਵ ਸੱਚਾ ਧਨ ਹੈ। ਇਸੇ ਦੀ ਕੀਤੀ ਹੋਈ ਕਮਾਈ ਹੀ ਜੀਵ ਦੇ ਨਾਲ ਜਾਂਦੀ ਹੈ। ਇਸ ਲਈ 'ਨਾਮ' ਪ੍ਰਤੀ ਗਿਆਨ ਪ੍ਰਾਪਤ ਕਰਨਾ ਤੇ ਉਸ ਦੇ ਸਿਮਰਨ ਦੁਆਰਾ ਆਤਮ ਵਿਕਾਸ ਕਰਨਾ ਹੀ ਮਾਨਵ ਦਾ ਮੂਲ-ਮਨੋਰਥ ਹੈ।

'ਨਾਮ' ਦੀ ਉੱਤਮਤਾ ਤੇ ਸਾਰਥਿਕਤਾ ਸਮਝਣ ਤੋਂ ਪਿਛੋਂ ਹੀ ਅਸੀ 'ਸਤਿ ਸੰਗਤਿ' ਦੀ ਵਡਿਆਈ ਮਹੱਤਵ ਨੂੰ ਜਾਣ ਸਕਦੇ ਹਾਂ। ਹੁਣ ਅਸੀਂ ਇਹ ਜਾਣਨ ਦੇ ਯੋਗ ਹੋ ਗਏ ਹਾਂ ਕਿ 'ਨਾਮ' ਜੈਸਾ ਦੁਰਲਭ ਪਦਾਰਥ ਕੇਵਲ 'ਸਤਿ ਸੰਗਤਿ' ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। 'ਨਾਮ ਪਦਾਰਥ' ਦੀ ਕੀਮਤ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪ੍ਰਕਾਰ ਫੁਰਮਾਉਂਦੇ ਹਨ :

ਨਾਮੁ ਪਦਾਰਥ ਨਉ ਨਿਧਿ ਸਿਧਿ।
ਨਾਨਕ ਗੁਰ ਤੇ ਪਾਈ ਬੁਧਿ। ਪੰ. ੩੮੭

'ਨਾਮ' ਸੰਬੰਧੀ ਵਿਸਤ੍ਰਿਤ ਰੂਪ ਵਿਚ ਚਰਚਾ ਕਰਨ ਤੋਂ ਸਾਡਾ ਭਾਵ ਇਹ ਹੈ ਕਿ 'ਸਤਿ ਸੰਗਤਿ' ਦਾ ਸਹੀ ਸਰੂਪ ਉਘੜ ਕੇ ਸਾਹਮਣੇ ਆ ਸਕੇ। ਸੰਖੇਪ ਵਿਚ, 'ਸਤਿਗੁਰੂ', 'ਸਤਿਨਾਮ' ਤੇ 'ਸਤਿ ਸੰਗਤਿ' ਇਕ ਦੂਜੇ ਤੋਂ ਅਨਿਖੜ ਹਨ ਅਤੇ ਪਰਮਾਰਥ ਦੇ ਤਿੰਨ ਬੁਨਿਆਦੀ ਪੱਖ ਹਨ। ਇਨ੍ਹਾਂ ਪੱਖਾਂ ਦੀ ਮੌਜੂਦਗੀ ਵਿਚ ਹੀ 'ਸਤਿ ਸੰਗਤਿ' ਦਾ ਸ਼ੁੱਧ ਸਰੂਪ ਸਾਕਾਰ ਹੁੰਦਾ ਹੈ। ਹੇਠਾਂ ਕੁਝ ਉਦਾਹਰਣਾਂ ਪੇਸ਼ ਹਨ ਜਿਨ੍ਹਾਂ ਤੋਂ ਇਸ ਧਾਰਨਾ ਦੀ ਪੁਸ਼ਟੀ ਹੁੰਦੀ ਹੈ :

1. ***ਸਤ ਸੰਗਤਿ ਮਹਿ ਨਾਮੁ ਹਰਿ** ਉਪਜੈ ਜਾ **ਸਤਿਗੁਰੁ** ਮਿਲੈ ਸੁਭਾਏ।*
   *ਮਨੁ ਤਨੁ ਅਰਪੀ ਆਪੁ ਗਵਾਈ ਚਲਾ **ਸਤਿਗੁਰ** ਭਾਏ।* ਪੰ. ੬੭
2. *ਸਾਸਤ੍ਰ ਬੇਦ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ।*
   ***ਰਾਮ ਨਾਮ** ਪੜਹੁ ਗਤਿ ਪਾਵਹੁ **ਸਤ ਸੰਗਤਿ ਗੁਰ** ਨਿਸਤਾਰੇ।* ਪੰ. ੯੮੩
3. *ਨਦਰੀ **ਨਾਮੁ** ਧਿਆਈਐ ਵਿਣੁ ਕਰਮਾ ਪਾਇਆ ਨ ਜਾਇ।*
   *ਪੂਰੈ ਭਾਗਿ **ਸਤ ਸੰਗਤਿ** ਲਹੈ **ਸਤਿਗੁਰ** ਭੇਟੈ ਜਿਸ ਆਇ।* ਪੰ. ੩੫
4. ***ਸਤਿਗੁਰ** ਬਾਝਹੁ **ਸੰਗਤਿ** ਨ ਹੋਈ।*

ਬਿਨ ਸਬਦੇ ਪਾਰੁ ਨ ਪਾਏ ਕੋਈ।
*ਸਹਜੇ **ਗੁਣ** ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ। ਪੰ. ੧੦੩੮*

5. *ਮਨ ਕਰਹਲਾ ਮੇਰੇ ਪਿਆਰਿਆ **ਸਤ ਸੰਗਤਿ ਸਤਿਗੁਰੁ** ਭਾਲ।*
*ਸਤ ਸੰਗਤਿ ਲਗਿ ਹਰਿ **ਧਿਆਈਐ** ਹਰਿ ਹਰਿ ਚਲੈ ਤੇਰੈ ਨਾਲ। ਪੰ. ੨੩੫*

6. *ਜਹ **ਸਤਿਗੁਰੁ** ਤਹ ਸਤ ਸੰਗਤਿ ਬਣਾਈ।*
*ਜਹ **ਸਤਿਗੁਰੁ** ਸਹਿਜੇ **ਹਰਿ ਗੁਣ** ਗਾਈ। ਪੰ. ੧੬੦*

ਇਨ੍ਹਾਂ ਉਦਾਹਰਣਾਂ ਵਿਚ 'ਸਤਿ ਸੰਗਤਿ' ਦਾ ਸ਼ੁੱਧ ਸੰਕਲਪ ਵਿਅਕਤ ਹੋਇਆ ਹੈ ਕਿਉਂਕਿ ਇਨ੍ਹਾਂ ਵਿਚ 'ਸਤਿ ਸੰਗਤਿ' ਦੇ ਤਿੰਨ ਪੱਖ ਵਿਦਮਾਨ ਹਨ। ਪਰ ਇਨ੍ਹਾਂ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਤ ਸੰਗਿ ਤੇ ਸਾਧੂ ਸੰਗਿ ਦਾ ਵੀ ਬੜਾ ਜੱਸ ਗਾਇਣ ਕੀਤਾ ਗਿਆ ਹੈ। ਪਰਮਾਰਥ ਦੇ ਜਿਗਿਆਸੂ ਨੂੰ ਇਨ੍ਹਾਂ ਪੂਰਨ ਪੁਰਖਾਂ ਦੀ ਸੰਗਤਿ ਤੋਂ ਵੀ ਬੜਾ ਲਾਭ ਪ੍ਰਾਪਤ ਹੁੰਦਾ ਹੈ। ਗੁਰੂ ਸਹਿਬਾਨ ਨੇ ਅਜਿਹੇ 'ਸੰਗਿ' ਤਥਾ 'ਸੰਗਤਿ' ਦੀ ਵੀ ਬੜੀ ਸ਼ਲਾਘਾ ਕੀਤੀ ਹੈ। ਇਥੇ ਕੁਝ ਉਦਾਹਰਣ ਕੁਥਾਂ ਨਹੀ ਹੋਣਗੇ।

1. *ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ।*
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ। ਪੰ. ੨੫੨
2. *ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ।*
ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ। ਪੰ. ੨੯੭
3. *ਲਾਭੁ ਮਿਲੈ ਤੋਟਾ ਹਿਰੈ ਸਾਧ ਸੰਗਿ ਲਿਵ ਲਾਇ।*
ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮ ਧਿਆਇ। ਪੰ. ੨੯੮
4. *ਕਰਿ ਸੰਗਤਿ ਤੂ ਸਾਧ ਕੀ ਅਠ ਸਠਿ ਤੀਰਥ ਨਾਉ।*
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਇਹੁ ਸੁਆਉ। ਪੰ. ੪੭
5. *ਧੰਧਾ ਧਾਵਤ ਤਉ ਮਿਟੈ ਸੰਤ ਸੰਗਿ ਹੋਇ ਬਾਸ।*
ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ। ਪੰ. ੨੫੭
6. *ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ।*
ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ। ਪੰ. ੩੧੮

ਇਨ੍ਹਾਂ ਉਦਾਹਰਣਾਂ ਦਾ ਸਮੁੱਚਾ ਭਾਵ ਇਹ ਹੈ ਕਿ ਪੂਰਨ ਸੰਤ ਜਾਂ ਸਾਧੂ ਦੀ ਸੰਗਤਿ ਵਿਚ ਜਾ ਕੇ ਜੀਵ ਦੇ ਜਨਮਾਂ-ਜਨਮਾਂ ਦੇ ਪਾਪ ਕੱਟੇ ਜਾਂਦੇ ਹਨ। ਮਨ ਨਿਰਮਲ ਹੁੰਦਾ ਹੈ : ਪੰਚ ਵਿਕਾਰ ਵੱਸ ਵਿਚ ਆਉਂਦੇ ਹਨ, ਪ੍ਰਭੂ ਦੇ ਨਾਮ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਨਾਮ ਸਿਮਰਨ ਦੀ ਜੁਗਤੀ ਤੇ ਵਿਧੀ ਦਾ ਗਿਆਨ ਪ੍ਰਾਪਤ ਹੁੰਦਾ ਹੈ। ਅਠਸਠ ਤੀਰਥਾਂ ਦੇ ਇਸ਼ਨਾਨ ਜਿੰਨਾ ਫਲ ਮਿਲਦਾ ਹੈ, ਮਨ ਟਿਕਾ ਵਿਚ ਆਉਂਦਾ ਹੈ, ਹਉਮੈਂ ਨਿਵਿਰਤ ਹੁੰਦੀ ਹੈ। ਆਵਾਗਵਣ ਤਥਾ ਜਨਮ-ਮਰਨ ਦਾ ਦੁੱਖ ਕੱਟਿਆ ਜਾਂਦਾ ਹੈ। ਇਸ ਲਈ ਜਿਗਿਆਸੂ ਨੂੰ ਅਜਿਹੀ ਸੰਗਤਿ ਅਵੱਸ਼ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਕਿ ਅਜਿਹੀ ਉੱਤਮ ਸੰਗਤਿ ਵੱਡੇ ਭਾਗਾਂ ਨਾਲ ਹੀ ਮਿਲਦੀ ਹੈ। ਕ੍ਰੋੜਾਂ ਸੰਤ-ਸਾਧੂਆਂ ਵਿਚੋਂ ਕੋਈ ਵਿਰਲਾ ਹੀ ਪੂਰਨ ਸੰਤ ਜਾਂ ਸਾਧੂ ਹੁੰਦਾ ਹੈ, ਜਿਸ ਦੀ ਸੰਗਤਿ ਵਿਚੋਂ ਉਕਤ ਅੰਕਿਤ ਲਾਭ ਪ੍ਰਾਪਤ ਹੁੰਦੇ ਹਨ।

ਹੁਣ ਤਕ ਅਸਾਂ 'ਸਤਿ ਸੰਗਤਿ', 'ਸਾਧ ਸੰਗਤਿ' ਅਥਵਾ 'ਸੰਤ ਸੰਗਤਿ' ਦੇ ਬਾਹਰਮੁਖੀ ਸਰੂਪ ਤੇ ਗੁਣ-ਲੱਛਣ ਜਾਣਨ ਦਾ ਹੀ ਯਤਨ ਕੀਤਾ ਹੈ। ਨਿਰਸੰਦੇਹ, ਅਜਿਹੀ 'ਸੰਗਤਿ' ਬੜੀ ਉੱਤਮ ਤੇ ਦੁਰਲਭ ਹੈ ਪਰ 'ਸਤਿ ਸੰਗਤਿ' ਦਾ ਇਕ ਅੰਤਰਮੁਖੀ ਪੱਖ ਵੀ ਹੈ ਜਿਸਨੂੰ ਵਿਚਾਰਧੀਨ ਲਿਆਂਦੇ ਬਿਨਾਂ ਸਤਿ ਸੰਗਤਿ ਦਾ ਸੰਕਲਪ ਸੰਪੂਰਨ ਨਹੀਂ ਹੋ ਸਕਦਾ। ਇਸ ਲਈ ਅਸਾਡੇ ਵਿਸ਼ੇ ਦੀ ਮੰਗ ਹੈ ਕਿ ਹੁਣ ਅੰਤਰਮੁਖੀ ਸਤਿ ਸੰਗਤਿ ਸੰਬੰਧੀ ਜਾਣਕਾਰੀ ਪ੍ਰਾਪਤ ਕਰੀਏ। ਅੰਤਰਮੁਖੀ 'ਸਤਿ ਸੰਗਤਿ' ਉਹ ਹੈ ਜਿਸ ਨੂੰ ਨਾਮ-ਅਭਿਆਸੀ ਜੀਵ ਆਪਣੇ ਅੰਦਰ ਅੰਤਰਮੁਖ ਹੋ ਕੇ ਮਾਣਦਾ ਹੈ।

'ਸਤਿ ਸੰਗਤਿ' ਦਾ ਅੱਖਰੀ ਅਰਥ ਹੈ। 'ਸਚੁ ਦੀ ਸੰਗਤਿ'।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਚੁ' ਸ਼ਬਦ ਨੂੰ ਉਸ ਅਕਾਲ ਪੁਰਖ ਦਾ ਸਮਾਨਰਥੀ ਮੰਨਿਆ ਹੈ। ਗੁਰੂ ਸਾਹਿਬ ਦਾ ਕਥਨ ਹੈ :

ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। ਪੰ. ੧

ਇਥੇ 'ਸਚੁ' ਦਾ ਅਰਥ ਹੈ—ਸਦਾ ਸਥਿਰ ਤੇ ਇਕ ਰਹਿਣ ਵਾਲੀ ਹਸਤੀ, ਅਕਾਲ ਪੁਰਖ।

ਉਹ 'ਸਚ' ਸਰੂਪ ਅਕਾਲ ਪੁਰਖ ਹਰ ਮਨੁੱਖ ਦੇ ਅੰਦਰ ਵਿਦਮਾਨ ਹੈ। ਜਦੋ ਨਾਮ ਅਭਿਆਸੀ ਆਪਣੀਆਂ ਬਿਰਤੀਆਂ ਨੂੰ ਇਕਾਗਰ ਕਰਕੇ ਆਪਣੇ ਮਨ ਦੁਆਰਾ ਅੰਤਰਮੁਖ ਉਸ 'ਸਚ' ਦੀ ਸੰਗਤਿ ਕਰਦਾ ਹੈ ਭਾਵ 'ਸਚੁ' ਨਾਲ ਸਪਰਸ਼ ਪੈਦਾ ਕਰਦਾ ਹੈ ਤਾਂ ਅਭਿਆਸੀ ਦਾ 'ਮਨੂਰ ਹੋਇਆ ਮਨ ਕੰਚਨ' ਹੋ ਜਾਂਦਾ ਹੈ। ਇਸ 'ਸਚੁ' ਦੀ ਛੂਹ ਨਾਲ ਅੰਤਰ-ਆਤਮਾ ਜਗਮਗਾ ਉਠਦੀ ਹੈ। ਮਨ ਦੁਆਰਾ ਅੰਤਰਮੁਖ 'ਸਚੁ' ਦੀ ਸੰਗਤਿ ਹੀ ਜੀਵ ਨੂੰ 'ਕੱਚ ਤੋਂ ਕੰਚਨ' 'ਲੋਹੇ ਤੋਂ ਲਾਲ', ਤਥਾ 'ਨਿੰਮ ਤੋ ਚੰਦਨ' ਬਣਾਉਂਦੀ ਹੈ। ਅਤਿ ਚੰਚਲ ਤੇ ਮਲੀਨ ਮਨ ਅੰਤਰ ਮੁਖ 'ਸਚੁ' ਦੀ ਸੰਗਤਿ ਕਰ ਹੀ ਨਹੀਂ ਸਕਦਾ ਜਦ ਤਕ ਬਾਹਰਮੁਖੀ ਸਤਿ ਸੰਗਤਿ ਵਿਚ ਨਿਰਮਲ ਨਹੀਂ ਹੁੰਦਾ। ਇਸ ਲਈ ਬਾਹਰਮੁਖੀ ਸੰਗਤਿ ਤੇ ਅੰਤਰਮੁਖੀ ਸੰਗਤਿ ਇਕ ਦੂਜੀ ਨਾਲ ਅੰਤਰ-ਸੰਬੰਧਿਤ ਹਨ। ਇਕ ਦਾ ਪ੍ਰਭਾਵ ਦੂਜੀ ਉੱਤੇ ਪਰਤਵਾਂ (reciprocal) ਪੈਂਦਾ ਹੈ। ਬਾਹਰਮੁਖੀ 'ਸਤਿ ਸੰਗਤਿ' ਅਧਿਆਤਮਿਕ ਰਹੱਸ ਦਾ ਉਦਘਾਟਨ ਤੇ ਸਮਾਧਾਨ ਹੁੰਦਾ ਹੈ ਪਰ ਅੰਤਰਮੁਖੀ 'ਸਤਿ ਸੰਗਤਿ'[35] ਵਿਚ ਉਹ ਰਹੱਸ ਸਾਖਿਆਤਕਾਰ ਹੁੰਦਾ ਹੈ ਤੇ ਨਿੱਜੀ ਅਨੁਭਵ ਦਾ ਅੰਗ ਬਣਦਾ ਹੈ। ਬਾਹਰਮੁਖੀ ਸੰਗਤਿ ਤੋਂ ਬਿਨਾਂ ਅੰਤਰਮੁਖੀ ਸੰਗਤਿ ਅਸੰਭਵ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੜੇ ਸੂਖਮ ਸੰਕੇਤਾਂ ਦੁਆਰਾ ਵਾਰੀ ਵਾਰੀ ਮਨੁੱਖ ਨੂੰ 'ਸਤਿ ਸੰਗਤਿ' ਕਰਕੇ 'ਮਨੂਰ ਤੋਂ ਕੰਚਨ' ਹੋਣ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਸੰਦਰਭ ਵਿਚ ਭਗਤ ਰਵਿਦਾਸ ਜੀ ਦੇ ਇਹ ਕਥਨ ਬੜੇ ਧਿਆਨਯੋਗ ਹਨ :

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਨ ਦਰਸੈ।
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ। ਪੰ. ੯੭੩

ਸਪੱਸ਼ਟ ਹੈ ਕਿ ਲੋਹਾ ਪਾਰਸ ਦੀ ਛੂਹ ਤੋ ਬਿਨਾਂ ਕੰਚਨ ਹੋ ਹੀ ਨਹੀਂ ਸਕਦਾ, ਇਸੇ ਤਰ੍ਹਾਂ ਮਨ 'ਸਚ' ਦੀ ਛੂਹ ਤੋ ਬਿਨਾਂ ਭਾਵ 'ਸਤਿ ਸੰਗਤਿ' ਤੋ ਬਿਨਾਂ ਸਤਿ ਸਰੂਪ ਨਹੀਂ ਹੋ ਸਕਦਾ। ਗੁਰੂ ਸਾਹਿਬ ਦਾ ਬੜਾ ਸਪੱਸ਼ਟ ਫੁਰਮਾਣ ਹੈ :

ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ।
ਗੁਰਪ੍ਰਸਾਦੀ ਘਟਿ ਚਾਣਨਾ ਅਨ੍ਹੇਰ ਗਵਾਇਆ।
ਲੋਹਾ ਪਾਰਸਿ ਭੇਟੀਐ ਕੰਚਨ ਹੋਇ ਆਇਆ।
ਨਾਨਕ ਸਤਿਗੁਰ ਮਿਲਿਐ ਨਾਉ ਪਾਈਐ ਮਿਲ ਨਾਮੁ ਧਿਆਇਆ।
ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ਹੀ ਦਰਸਨ ਪਾਇਆ। ਪੰ. ੧੨੪੪-੪੫

ਹੁਣ ਤਕ ਦੀ ਚਰਚਾ ਤੋਂ ਪਿਛੋਂ ਜਦੋਂ ਅਸੀ ਨਿਮਨ ਲਿਖਿਤ ਪੰਗਤੀਆਂ ਪੜ੍ਹਦੇ ਹਾਂ ਤਾਂ ਸਾਨੂੰ 'ਸਤਿ ਸੰਗਤਿ' ਦਾ ਸਰਵਪੱਖੀ ਆਧਿਆਤਾਮਕ ਸਰੂਪ ਸਪੱਸ਼ਟ ਹੋ ਜਾਂਦਾ ਹੈ ਅਤੇ ਸਾਨੂੰ ਪੂਰਨ ਗਿਆਨ ਪ੍ਰਾਪਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਤਿ ਸੰਗਤਿ' ਦਾ ਸ਼ੁੱਧ ਸੰਕਲਪ ਹੈ ਅਤੇ ਮਨੁੱਖ ਦੇ ਆਤਮਿਕ ਵਿਕਾਸ ਲਈ 'ਸਤਿ ਸੰਗਤਿ' ਕਿਤਨੀ ਆਵੱਸ਼ਕ ਤੇ ਲਾਭਦਾਇਕ ਹੈ :

ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹ ਜਾਵੈਗੋ।
ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ।
ਸੰਗਤਿ ਸੰਤ, ਮਿਲਹੁ ਸਤ ਸੰਗਤਿ, ਮਿਲ ਸੰਗਤਿ ਹਰਿ ਰਸੁ ਆਵੈਗੋ।
ਪੰ. ੧੩੦੯

ਇਸ ਸਾਰੀ ਚਰਚਾ ਦਾ ਸਾਰ ਇਹ ਹੈ ਕਿ 'ਸਾਧ ਸੰਗਤਿ' ਤਥਾ 'ਸਤਿ ਸੰਗਤਿ' ਦੁਆਰਾ ਮਨੁੱਖ ਦੀ ਹਉਮੈਂ ਦੀ ਮੈਲ ਉੱਤਰਦੀ ਹੈ, ਤੇ ਮਨ ਨਿਰਮਲ ਹੁੰਦਾ ਹੈ। 'ਸੱਚੇ ਨਾਮ' ਦੀ ਸੋਝੀ ਆਉਂਦੀ ਹੈ, ਨਾਮ ਸਿਮਰਨ ਦੁਆਰਾ ਬਾਹਰਮੁਖੀ ਭਟਕ ਰਿਹਾ ਮਨ ਅੰਤਰਮੁਖੀ ਸੱਚ ਦਾ ਸੰਗਿ ਪ੍ਰਾਪਤ ਕਰਦਾ ਹੈ ਤੇ 'ਹਰਿ ਰੂਪ' ਹੋ ਜਾਂਦਾ ਹੈ।

ਹਵਾਲੇ ਤੇ ਟਿੱਪਣੀਆਂ

1. A man is known by the company he keeps.
2. Sharma, Chandardhar, *A Critical Survey of Indian Philosophy*, London, Rider & Company, 1960, p. 17.
3. ਕਠ ਉਪਨਿਸ਼ਦ, 1-3-14
4. ਕਠ ਉਪਨਿਸ਼ਦ, 1-3-8

ਗੁਰਮਤਿ ਵਿਚ ਸਤਿ ਸੰਗਤਿ ਦੀ ਮਹੱਤਤਾ

ਡਾ. ਜੀ. ਐਸ. ਆਨੰਦ
ਡਾ. ਬਲਕਾਰ ਸਿੰਘ

ਭਾਗ ਪਹਿਲਾ

ਭਾਰਤ ਦੀ ਧਰਮ-ਸਾਧਨਾ, ਅਧਿਆਤਮਿਕ ਅਤੇ ਨੈਤਿਕ ਵਿਚਾਰ-ਸੰਸਕ੍ਰਿਤੀ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਨੂੰ ਬਹੁਮੁਖੀ ਵਿਸ਼ੇਸ਼ਤਾ ਪ੍ਰਾਪਤ ਹੈ। ਪ੍ਰੋਫ਼ੈਸਰ ਗੁਲਵੰਤ ਸਿੰਘ ਦਾ ਕਥਨ ਹੈ ਕਿ ਨਾਨਕ ਬਾਣੀ ਦਾ ਸਾਰ ਗਤੀਸ਼ੀਲ ਹੈ ਅਤੇ ਸਰੂਪ ਸ਼ਕਤੀਮਾਨ ਹੈ। ਇਸ ਦੀ ਪ੍ਰੇਰਣਾ ਅਤੇ ਪ੍ਰਭਾਵ ਨੇ ਮਾਨਵ ਵਿਅਕਤਿਤਵ ਵਿਚ ਕਰਾਂਤੀਕਾਰੀ ਪਰਿਵਰਤਨ ਨਵੀਨ ਵਿਸਤਾਰ ਤੇ ਡੂੰਘਾਈ ਉਤਪੰਨ ਕੀਤੀ ਹੈ। ਗੁਰੂ ਨਾਨਕ ਦੇ ਅਗਨੀ-ਸੁਰ ਨੇ ਧਰਮ ਨੂੰ ਨਿਸ਼ਪ੍ਰਾਣ ਸਿਥਿਲਤਾ ਵਿਚੋਂ ਕੱਢ ਕੇ ਨਵੀਨ ਜੀਵਨ ਅਤੇ ਗੌਰਵਗਤੀ ਪ੍ਰਦਾਨ ਕੀਤੀ ਹੈ। ਇਸ ਪ੍ਰਭਾਵਸ਼ਾਲੀ ਵਿਚਾਰਧਾਰਾ ਦੇ ਫਲਸਰੂਪ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਿ ਨਿਰੰਤਰਤਾ ਨਾਲ ਪ੍ਰਫੁਲਿਤ ਅਤੇ ਵਿਕਸਿਤ ਹੋ ਰਹੀ ਹੈ। ਗੁਰੂ ਨਾਨਕ ਦੇ ਅਨੁਯਾਈਆਂ ਨੂੰ ਸਿੱਖ ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ ਸਿਖਿਆ ਲੈਣ ਵਾਲਾ, ਧਾਰਮਿਕ ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਨ ਵਾਲਾ। ਸਿੱਖ ਪਦ ਸੰਸਕ੍ਰਿਤ ਦੇ 'ਸ਼ਿਸ਼ਯ' ਸ਼ਬਦ ਦਾ ਅਪਭਰੰਸ਼ ਰੂਪ ਹੈ। ਭਾਈ ਕਾਨ੍ਹ ਸਿੰਘ ਨਾਭਾ ਨੂੰ ਨੇ ਸਿੱਖ ਪਦ ਦੇ ਅਰਥ-ਵਿਕਾਸ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ, ਜਿਸ ਨੇ ਸਤਿਗੁਰੂ ਨਾਨਕ ਦੇਵ ਦਾ ਸਿੱਖ ਧਰਮ ਧਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਹੈ ਅਤੇ ਦਸ ਸਤਿਗੁਰਾਂ ਨੂੰ ਇਕ ਰੂਪ ਜਾਣਦਾ ਹੈ। ਗੁਰੂ ਰਾਮ ਦਾਸ ਜੀ ਨੇ ਇਸ ਪ੍ਰਥਾਇ ਫੁਰਮਾਇਆ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ।
ਜੋ ਸਾਸਿ ਗਿਰਾਸਿ ਧਿਆਵੈ ਮੇਰਾ ਹਰਿ ਹਰਿ ਸੋ ਗੁਰ ਸਿਖੁ ਗੁਰੂ ਮਨਿ ਭਾਵੈ।

ਪੰ. ੩੦੫-੩੦੬

ਇਸ ਦਾ ਭਾਵ ਇਹ ਹੈ ਕਿ ਹਰਿ ਨਾਮ ਸਿਮਰਣ ਸਿੱਖ ਦੇ ਨੇਮ ਦਾ ਮਹੱਤਵਪੂਰਣ ਅੰਗ ਹੈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਹਰਿ ਨਾਮ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ? ਇਸ ਦਾ ਉੱਤਰ ਗੁਰਬਾਣੀ ਵਿਚੋਂ ਇਹ ਦਿੱਤਾ ਗਿਆ ਹੈ ਕਿ ਸਤਿ ਸੰਗਤਿ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ। ਸ਼ਾਇਦ ਇਸੇ ਲਈ ਗੁਰੂ ਦੇ ਸਿੱਖਾਂ ਨੇ ਵਿਸ਼ਵ ਦੇ ਕੋਨੇ ਕੋਨੇ ਵਿਚ ਜਿਥੇ ਉਹ ਆਬਾਦ

ਹੋਏ, ਅਧਿਆਤਮਿਕ ਸਾਧਨਾ ਅਤੇ ਸੰਗਤ ਦੀ ਇਕੱਤਰਤਾ ਲਈ ਧਰਮਸ਼ਾਲਾਂ ਅਤੇ ਗੁਰਦੁਆਰੇ ਸਥਾਪਤ ਕਰਦੇ ਸਿੱਖ-ਧਰਮ ਦੇ ਗੌਰਵ ਨੂੰ ਅਤੇ ਗਰਵ ਨੂੰ ਕਾਇਮ ਰਖਿਆ ਹੈ। ਸਿੱਟੇ ਵਜੋਂ ਸਤਿ-ਸੰਗਤਿ ਦੇ ਸਾਰੇ ਸਰੂਪ ਵਿਚ ਨਿਰੰਤਰਤਾ ਸਹਿਤ ਪਰਿਵਰਤਨ ਹੁੰਦਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਸਤਿ ਸੰਗਤਿ ਦੀ ਪਰਿਭਾਸ਼ਾ ਦਰਸਾਂਦੇ ਹੋਏ ਫੁਰਮਾਇਆ ਹੈ :

ਸਤਿ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ। ਪੰ. ੭੨

ਉਕਤ ਪੰਕਤੀਆਂ ਦੇ ਭਾਵ ਦੇ ਆਧਾਰ ਤੇ ਵਿਚਾਰ ਨੂੰ ਅਗੇ ਤੋਰਨ ਤੋਂ ਪਹਿਲਾਂ ਇਹ ਉੱਚਿਤ ਹੈ ਕਿ ਸਤਿ ਸੰਗਤਿ ਦੇ ਕੋਸ਼ਗਤ ਅਰਥ ਪ੍ਰਸਤੁਤ ਕਰ ਦਿੱਤੇ ਜਾਣ। ਮਹਾਨ-ਕੋਸ਼ ਅਨੁਸਾਰ ਇਸ ਦੇ ਅਰਥ ਹਨ, "ਸੰਤਾਂ ਦੀ ਸੁਹਬਤ, ਭਲੇ ਲੋਕਾਂ ਦੀ ਸੰਗਤ।" ਉਪਰ ਦਰਜ ਪੰਕਤੀਆਂ ਦਾ ਭਾਵ ਇਹ ਹੈ ਕਿ ਸਤਿ ਸੰਗਤਿ ਵਿਚ ਕੇਵਲ ਇਕ ਪਰਮਾਤਮਾ ਦੇ ਨਾਮ-ਸਿਮਰਨ ਲਈ ਹੁਕਮ ਹੈ। ਸਤਿ ਸੰਗਤਿ ਦਾ ਮੁੱਖ ਲਛਣ ਇਹ ਹੈ ਕਿ ਉਥੇ ਇਕੋ ਪ੍ਰਭੂ ਦੇ ਨਾਮ ਦਾ ਵਰਣਨ ਹੋਵੇ, ਗੁਰਬਾਣੀ ਦਾ ਕੀਰਤਨ ਹੋਵੇ, ਹਰਿ ਦਾ ਜਸ ਗਾਇਨ ਕੀਤਾ ਜਾਵੇ ਅਤੇ ਨਾਮ ਦਾ ਦਾਨ ਹੋਵੇ। ਹੋਰ ਸੰਸਾਰਿਕ ਝੇੜੇ ਝਂਜੇ ਨਾ ਹੋਣ। ਗੁਰੂ ਜੀ ਨੇ ਬਾਰੰਬਾਰ ਇਹ ਸਪੱਸ਼ਟ ਕੀਤਾ ਹੈ ਕਿ ਸਤਿ ਸੰਗਤਿ ਵਿਚ ਸਦਾ ਪ੍ਰਭੂ ਦੇ ਗੁਣਾਂ ਦਾ ਉਚਾਰਣ ਹੋਵੇ। ਯਥਾ :

ਸਤਿ ਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ। ਪੰ. ੧੨੮੦

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿ ਸੰਗਤਿ ਸੰਬੰਧੀ ਜਾਣਕਾਰੀ ਪ੍ਰਸਤੁਤ ਕਰਨ ਵਾਲੀਆਂ ਪੰਗਤੀਆਂ ਵਿਚ ਅਕਸਰ ਨਾਮ ਦਾ ਵਰਣਨ ਹੈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਨਾਮ ਕੀ ਹੈ? ਇਸ ਦਾ ਉੱਤਰ ਗੁਰਬਾਣੀ ਵਿਚ ਬੜੇ ਵਿਸਤਾਰ ਨਾਲ ਅੰਕਿਤ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਾਮ ਅੰਮ੍ਰਿਤ ਹੈ, ਜਿਸ ਦੇ ਪਾਠ ਕਰਨ ਨਾਲ ਤ੍ਰਿਸ਼ਨਾ ਸ਼ਾਂਤ ਹੋ ਜਾਂਦੀ ਹੈ। ਨਾਮ ਔਸ਼ਧੀ ਹੈ ਜਿਸ ਦੇ ਸੇਵਨ ਨਾਲ ਰੋਗ ਨਾਸ਼ ਹੋ ਜਾਂਦੇ ਹਨ। ਨਾਮ ਪਦਾਰਥ ਹੈ ਜਿਸ ਦੁਆਰਾ ਮਾਨਵ ਜੀਵਨ ਦੇ ਚਾਰ ਪੁਰਸ਼ਾਰਥ ਧਰਮ, ਅਰਥ, ਕਾਮ ਅਤੇ ਮੋਖ ਦੀ ਪ੍ਰਾਪਤੀ ਹੁੰਦੀ ਹੈ। ਨਾਮ ਰਤਨ ਹੈ ਜੋ ਮਾਨਵ ਮਨ ਨੂੰ ਪ੍ਰਕਾਸ਼ਮਾਨ ਕਰਦਾ ਹੈ। ਨਾਮ ਨਿਧਾਨ ਹੈ ਜੋ ਸਾਰੇ ਸੁਖ ਪ੍ਰਦਾਨ ਕਰਦਾ ਹੈ। ਨਾਮ-ਅਭਿਆਸੀ ਦਾ ਅਕਾਲ-ਪੁਰਖ ਵਿਚ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ। ਉਹ ਨਾਮੀ (ਪਰਮੇਸ਼ਵਰ) ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਨਿਰੰਤਰ ਪ੍ਰਯਾਸ ਕਰਦਾ ਹੈ। ਉਹ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਕੂੜ ਕੁਸਤਿ, ਰਾਗ ਦਵੈਸ਼, ਨਿੰਦਾ, ਚੁਗਲੀ ਆਦਿ ਔਗੁਣਾਂ ਤੋਂ ਮੁਕਤ ਹੋ ਕੇ ਸਤਿ, ਸੰਤੋਖ, ਸ਼ੀਲ, ਸੰਜਮ, ਖਿਮਾ, ਦਯਾ, ਨਿਮਰਤਾ, ਨਿਰਲੇਪਤਾ, ਨਿਸ਼ਕਪਟਤਾ, ਨਿਰਮਾਣਤਾ ਆਦਿ ਗੁਣਾਂ ਨੂੰ ਧਾਰਣ ਕਰਦਾ ਹੋਇਆ ਧਰਮ ਦੀ ਮੂਰਤ ਬਣ ਜਾਂਦਾ ਹੈ। ਇਹੀ ਪ੍ਰੇਮ ਸਦਭਾਵਨਾ ਉਦਾਰਤਾ ਤੋਂ ਪਰਉਪਕਾਰ ਵਾਲਾ ਵਤੀਰਾ ਅਪਣਾ ਕੇ ਸੰਸਾਰ ਵਿਚ ਵਿਚਰਨਾ ਹੈ। ਅਜਿਹਾ ਵਿਅਕਤੀ ਆਤਮ-ਸੰਜਮ ਵਾਲਾ ਜੀਵਨ ਬਤੀਤ ਕਰਦਾ ਹੋਇਆ ਦੂਜਿਆਂ ਲਈ ਕੋਮਲਤਾ ਦੀ ਭਾਵਨਾ ਰਖਦਾ ਹੈ। ਗੁਰਬਾਣੀ ਵਿਚ ਅਜਿਹੇ ਨਾਮ-ਅਭਿਆਸ ਨੂੰ ਗੁਰਮੁਖ, ਸਾਧ, ਸੰਤ, ਬ੍ਰਹਮ-ਗਿਆਨੀ ਆਦਿ ਦੀ ਪਦਵੀ ਦਿੱਤੀ ਗਈ ਹੈ। ਵਾਸਤਵ ਵਿਚ ਅਜਿਹੇ ਨਾਮ-ਅਭਿਆਸੀ ਵਿਅਕਤੀਆਂ ਦੀ ਇਕੱਤਰਤਾ ਹੀ ਸਤਿ-ਸੰਗਤਿ ਹੈ। ਗੁਰੂ ਨਾਨਕ ਦੇਵ ਜੀ

ਦੇ ਬਚਨ ਹਨ :

ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗੁਣ ਧੋਵੈ ॥ ਪੰ. ੪੧੪

ਇਸ ਦਾ ਭਾਵ ਹੈ ਕਿ ਮਨੁੱਖ ਸਮਾਜਿਕ ਪ੍ਰਾਣੀ ਹੈ। ਉਹ ਸੰਗਤਿ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਉੱਤਮ ਪੁਰਸ਼ਾਂ ਦੀ ਸੰਗਤਿ ਵਿਚ ਰਹਿ ਦੇ ਉੱਤਮਤਾ ਪ੍ਰਾਪਤੀ ਹੁੰਦੀ ਹੈ। ਲੋਹਾ ਅੱਗ ਵਿਚ ਪੈ ਕੇ ਅਗਨੀ ਸਰੂਪ ਹੋ ਜਾਂਦਾ ਹੈ। ਦਾਣਾ ਮਿਟੀ ਵਿਚ ਮਿਲ ਕੇ ਪ੍ਰਫੁੱਲਤ ਹੁੰਦਾ ਹੈ। ਨਦੀ ਸਾਗਰ ਵਿਚ ਮਿਲ ਕੇ ਸਾਗਰ ਦੀ ਅਸੀਮਤਾ ਪ੍ਰਾਪਤ ਕਰ ਲੈਂਦੀ ਹੈ। ਇਹ ਆਮ ਕਹਾਵਤ ਹੈ ਕਿ *'ਸੰਗ ਤਾਰੈ ਕੁਸੰਗ ਡੋਬੈ'*। ਭਗਤ ਕਬੀਰ ਜੀ ਦੇ ਬਚਨ ਹਨ :

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥ ਪੰ. ੧੩੬੯

ਮਨੁੱਖ ਦੀ ਪਛਾਣ ਉਸ ਦੀ ਸੰਗਤਿ ਤੋਂ ਹੁੰਦੀ ਹੈ। ਮਾਨਵ ਵਿਕਾਸ ਦਾ ਇਹ ਨੇਮ ਹੈ ਕਿ ਨਿੱਜੀ ਹੋਂਦ ਨੂੰ ਕਿਸੇ ਉਚੇਰੀ ਸਤਾ ਵਿਚ ਮਿਲਾਕੇ ਉਸ ਦੇ ਗੁਣ ਗ੍ਰਹਿਣ ਕੀਤੇ ਜਾਣ। ਗੁਰੂ ਰਾਮ ਦਾਸ ਜੀ ਦੇ ਬਚਨ ਹਨ :

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
ਪਰਸਨ ਪਰਸ ਭਏ ਕੁਬਿਜਾ ਕਉ ਲੈ ਕੇ ਬੈਕੁੰਠਿ ਸਿਧਾਰੈ ॥ ਪੰ. ੯੮੧

ਇਸ ਦਾ ਭਾਵ ਇਹ ਹੈ ਕਿ ਸੰਗਤਿ ਦਾ ਫਲ ਅਧਿਕ ਹੁੰਦਾ ਹੈ। ਗਨਕਾ ਤੋਤੇ ਨੂੰ ਰਾਮ ਨਾਮ ਪੜ੍ਹਾਉਂਦੀ ਹਈ ਸੰਸਾਰ ਸਾਗਰ ਤੋਂ ਪਾਰ ਲੰਘ ਗਈ। ਕੁਬਿਜਾ ਨੂੰ ਸ੍ਰੀ ਕ੍ਰਿਸ਼ਨ ਦੀ ਉੱਤਮ ਛੁਹ ਨੇ ਬੈਕੁੰਠ ਵਿਖੇ ਪਹੁੰਚਾ ਦਿੱਤਾ। ਗੁਰੂ ਰਾਮ ਦਾਸ ਜੀ ਨੇ ਦੱਸਿਆ ਹੈ ਕਿ ਲੋਹਾ ਕਾਠ ਨਾਲ ਲਗ ਕੇ ਨਦੀ ਤੋਂ ਪਾਰ ਹੋ ਜਾਂਦਾ ਹੈ। ਇਹ ਜੀਵ ਜਿਸ ਨੂੰ ਜਨਮਾਂ ਜਨਮਾਂ ਦੀ ਹਉਮੈਂ ਦੀ ਮਲੁ ਲਗੀ ਹੋਈ ਹੈ ਸਤਿ ਸੰਗਤਿ ਦੇ ਪ੍ਰਤਾਪ ਸਦਕਾ ਮਲ-ਰਹਿਤ ਅਰਥਾਤ ਨਿਰਮਲ ਹੋ ਜਾਂਦਾ ਹੈ। ਗੁਰੂ ਜੀ ਦੇ ਬਚਨ ਹਨ :

ਜਨਮ ਜਨਮ ਕੀ ਹਉਮੈ ਮਲੁ ਲਾਗੀ, ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥
ਜਿਉ ਲੋਹਾ ਤਰਿਓ ਸੰਗਿ ਕਾਸਟ, ਲਗਿ ਸਬਦਿ ਗੁਰੂ ਹਰਿ ਪਾਵੈਗੋ ॥
ਸੰਗਤਿ ਸੰਤ ਮਿਲਹੁ ਸਤ ਸੰਗਤਿ, ਮਿਲ ਸੰਗਤਿ ਹਰਿ ਰਸੁ ਆਵੈਗੋ ॥
ਬਿਨੁ ਸੰਗਤਿ ਕਰਮ ਕਰੈ ਅਭਿਮਾਨੀ, ਕਾਢਿ ਪਾਣੀ ਚੀਕੜ ਪਾਵੈਗੋ ॥ ਪੰ. ੧੩੦੯

ਇਨ੍ਹਾਂ ਪੰਕਤੀਆਂ ਵਿਚ ਗੁਰੂ ਜੀ ਨੇ ਸਤਿ-ਸੰਗਤਿ ਦੇ ਸਰੂਪ ਸੰਬੰਧੀ ਸੰਕੇਤ ਕੀਤਾ ਹੈ। ਉਨ੍ਹਾਂ ਫੁਰਮਾਇਆ ਹੈ ਸਤਿ-ਸੰਗਤਿ ਵਿਚ ਹਰਿ ਨਾਮ ਦਾ ਰਸ ਪ੍ਰਾਪਤ ਹੁੰਦਾ ਹੈ। ਗੁਰਮਤਿ ਅਨੁਸਾਰ ਸਿੱਖ ਦੇ ਆਤਮਿਕ ਵਿਕਾਸ ਲਈ ਸੰਗਤਿ ਇਕ ਆਵੱਸ਼ਕ ਮਾਧਿਅਮ ਹੈ। ਜਿਵੇਂ ਚੰਦਨ ਦੇ ਨੇੜੇ ਵਿਚਾਰ ਅਰਿੰਡ ਦਾ ਬੂਟਾ ਸੁਗੰਧਿਤ ਹੋ ਜਾਦਾ ਹੈ ਤਿਵੇਂ ਸਤਿ ਸੰਗਤਿ ਦੇ ਮਿਲਾਪ ਕਾਰਨ ਪਤਿਤ ਪਰਵਾਣ ਹੋ ਜਾਂਦਾ ਹੈ। ਯਥਾ :

ਜਿਉਂ ਚੰਦਨ ਨਿਕਟਿ ਵਸੈ ਹਿਰਡ ਬਪੁੜਾ, ਤਿਉ ਸਤਿ ਸੰਗਤਿ ਮਿਲਿ ਪਤਿਤ ਪਰਵਾਣ। ਪੰ. ੮੬੧

ਗੁਰੂ ਅਰਜਨ ਦੇਵ ਜੀ ਨੇ ਸਤਿ ਸੰਗਤਿ ਦੀ ਮਹਿਮਾ ਦਾ ਵਰਣਨ ਬੜੇ ਉੱਤਮ ਸ਼ਬਦਾਂ ਦੁਆਰਾ ਕਰਦੇ ਹੋਏ ਫੁਰਮਾਇਆ ਹੈ ਕਿ ਪਰਮਾਰਥ ਵਲੋਂ ਜੋ ਲੂਲ੍ਹੇ ਸਨ, ਭਾਵ ਧਰਮ ਵਲੋਂ ਕੋਰੇ ਸਨ, ਉਹ ਪਰਬਤਾਂ ਤੋਂ ਪਾਰ ਲੰਘ ਗਏ, ਭਾਵ ਧਰਮ ਦੇ ਪ੍ਰਭਾਵ ਅਧੀਨ ਕਾਰਜ ਦੇ

ਯੋਗ ਹੋ ਗਏ। ਮਹਾਂ ਮੂਰਖ ਚਤੁਰ ਵਕਤਾ ਹੋ ਗਏ, ਅਗਿਆਨੀ ਨੂੰ ਤਿੰਨਾਂ ਲੋਕਾਂ ਦਾ ਗਿਆਨ ਹੋ ਗਿਆ। ਸਤਿ ਸੰਗਤਿ ਦੀ ਬਰਕਤ ਨਾਲ ਮਨ ਦੀ ਮੈਲ ਦੂਰ ਹੋ ਜਾਂਦੀ ਹੈ, ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਤੇ ਚਿਤ ਨਿਰਮਲ ਹੋ ਜਾਂਦਾ ਹੈ। ਕੀੜੀ ਹਾਥੀ ਨੂੰ ਜਿੱਤ ਲੈਂਦੀ ਹੈ ਭਾਵ ਨਿਮਰਤਾ ਦੁਆਰਾ ਅਹੰਕਾਰ ਵਸ ਵਿਚ ਹੋ ਜਾਂਦਾ ਹੈ ਅਤੇ ਅਭੈ-ਦਾਨ ਪ੍ਰਾਪਤ ਹੁੰਦਾ ਹੈ। ਸ਼ੇਰ ਬਿਲੀ ਹੋ ਜਾਂਦਾ ਹੈ। ਭਾਵ ਅਹੰਕਾਰ ਵਾਲੀ ਬਿਰਤੀ ਨਰਮ ਹੋ ਜਾਂਦੀ ਹੈ। ਤੀਲਾ ਮੇਰੂ ਪਰਬਤ ਦਿਸਦਾ ਹੈ ਭਾਵ ਗਰੀਬੀ ਜੋ ਅਗੇ ਦੁਰਬਲਤਾ ਦਾ ਚਿੰਨ੍ਹ ਸੀ ਉਹ ਮੇਰੂ ਪਰਬਤ ਸਮਾਨ ਸ਼ਕਤੀ ਬਣ ਗਈ। ਸਤਿ ਸੰਗਤਿ ਦੇ ਪ੍ਰਤਾਪ ਸਦਕਾ ਜੋ ਅੱਧੀ ਕੌਡੀ ਲਈ ਧਕੇ ਖਾਂਦੇ ਫਿਰਦੇ ਸਨ ਉਹ ਰਜੇ ਪੁਜੇ ਤੇ ਧਨਾਢ ਹੋਣ ਗਏ। ਸਤਿ ਸੰਗਤਿ ਵਿਚੋਂ ਪ੍ਰਾਪਤ ਹੋਣ ਵਾਲੇ ਹਰਿ ਨਾਮ ਦੀ ਕਿਹੜੀ ਕਿਹੜੀ ਵਡਿਆਈ ਦਾ ਵਰਣਨ ਕੀਤਾ ਜਾਵੇ? ਹਰਿ ਨਾਮ ਬੇਅੰਤ ਗੁਣਾਂ ਵਾਲਾ ਹੈ। ਅਰਜੋਈ ਕਰਨੀ ਬਣਦੀ ਹੈ ਕਿ ਕਿਰਪਾ ਕਰਕੇ ਮੈਨੂੰ ਜੋ ਤੇਰੇ ਦਰਸ਼ਨ ਤੋਂ ਵਿਰਵਾ ਹਾਂ, ਨਾਮ ਦੀ ਦਾਤ ਬਖਸ਼। ਮੂਲ ਰੂਪ ਵਿਚ ਗੁਰੂ ਜੀ ਦੇ ਬਚਨ ਇਸ ਪ੍ਰਾਕਾਰ ਹਨ :

ਪਿੰਗੁਲ ਪਰਬਤ ਪਾਰਿ ਪਰੇ ਚਤੁਰ ਬਕੀਤਾ ॥
ਅੰਧੁਲੈ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ
ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥
ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥
ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥
ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰਸ ਰੀਤਾ ॥ ਪੰ. ੮੦੯-੮੧੦

ਉਪਰੋਕਤ ਸ਼ਬਦ ਵਿਚ ਵਰਤੇ ਗਏ ਪਦ 'ਸਾਧੂ ਸੰਗ' ਦਾ ਭਾਵ ਕੀ ਹੈ? ਇਸ ਦਾ ਉੱਤਰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਸਤਵੀਂ ਅਸ਼ਟਪਦੀ ਵਿਚ ਵਿਸਤਾਰ ਨਾਲ ਦਿੱਤਾ ਹੈ। ਗੁਰੂ ਜੀ ਨੇ ਫੁਰਮਾਇਆ ਹੈ ਕਿ ਸਾਧੂ ਦੀ ਸੰਗਤਿ ਨਾਲ ਮੁੱਖ ਉਜਲ ਹੁੰਦਾ ਹੈ, ਉੱਤਮ ਗਿਆਨ ਪ੍ਰਗਟ ਹੁੰਦਾ ਹੈ, ਸਾਰੇ ਝਗੜੇ ਮੁਕ ਜਾਂਦੇ ਹਨ, ਨਾਮ/ਰੂਪੀ ਰਤਨ ਪ੍ਰਾਪਤ ਹੁੰਦਾ ਹੈ, ਅਗੋਚਰ ਪ੍ਰਭੂ ਨਾਲ ਮਿਲਾਪ ਹੁੰਦਾ ਹੈ, ਪ੍ਰਫੁਲਿਤ ਹੋਈਦਾ ਹੈ, ਕਾਮਾਦਿਕ ਪੰਜ ਮਹਾਂਬਲੀ ਵਸ ਵਿਚ ਆ ਜਾਂਦੇ ਹਨ, ਬਾਣੀ ਵਿਚ ਮਧੁਰਤਾ ਆਉਂਦੀ ਹੈ, ਭਟਕਣਾ ਮੁਕ ਜਾਂਦੀ ਹੈ ਤੇ ਮਨ ਸਥਿਰ ਹੋ ਜਾਦਾ ਹੈ, ਮਾਇਆ ਵਲੋਂ ਨਿਰਲੇਪ ਹੋ ਜਾਈਦਾ ਹੈ, ਵੈਰੀ ਮਿੱਤਰ ਬਣ ਜਾਂਦੇ ਹਨ, ਮਨ ਕੁਮਾਰਗ ਵਲ ਨਹੀਂ ਜਾਂਦਾ, ਅਹੰਕਾਰ ਦਾ ਤਾਪ ਨਹੀਂ ਚੜ੍ਹਦਾ, ਸਦਾ ਸੁਖ ਪ੍ਰਾਪਤ ਹੁੰਦਾ ਹੈ, ਪ੍ਰਭੂ ਮਹਲ ਵਿਚ ਨਿਵਾਸ ਹੁੰਦਾ ਹੈ, ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ, ਧਰਮ ਰਾਜ ਆਗਿਆਕਾਰੀ ਹੋ ਜਾਂਦਾ ਹੈ, ਦੇਵਤੇ ਵੀ ਸ਼ੋਭਾ ਕਰਦੇ ਹਨ, ਪਾਪ ਦੂਰ ਹੋ ਜਾਂਦੇ ਹਨ, ਪ੍ਰਭੂ ਦੇ ਗੁਣਾਂ ਦਾ ਗਾਇਨ ਕਰੀਦਾ ਹੈ। ਮਾਨਵ-ਜੀਵਨ ਸਫ਼ਲ ਹੋ ਜਾਂਦਾ ਹੈ। ਲੋਕ ਪ੍ਰਲੋਕ ਸੌਖਾ ਹੋ ਜਾਂਦਾ ਹੈ ਅਤੇ ਹਰਿ ਮਨ ਵਿਚ ਆ ਵਸਦਾ ਹੈ। ਪ੍ਰਭੂ ਦੀ ਆਗਿਆ ਵਿਚ ਰਹਿ ਕੇ ਸੁਖ ਅਨੁਭਵ ਕਰਦਾ ਹੈ ਅਤੇ ਰੋਗ ਨਾਸ਼ ਹੋ ਜਾਂਦੇ ਹਨ।

ਜਿਵੇਂ ਪਿਛੇ ਵਰਣਨ ਕੀਤਾ ਹੈ, ਭਾਈ ਕਾਨ੍ਹ ਸਿੰਘ ਨੇ ਸਤਿ-ਸੰਗਤਿ ਦਾ ਅਰਥ ਸੰਤਾਂ ਦੀ ਸੁਹਬਤ ਵੀ ਕੀਤਾ ਹੈ। ਪਰੰਤੂ ਪ੍ਰਸ਼ਨ ਇਹ ਉਠਦਾ ਹੈ ਕਿ ਸੰਤ ਕੋਣ ਹੈ? ਅੱਜ ਥਾਂ ਪਰ ਥਾਂ ਅਣਗਣਿਤ ਪਾਖੰਡੀ, ਭੇਖਧਾਰੀ ਆਪਣੇ ਆਪ ਨੂੰ ਸੰਤ ਅਖਵਾ ਕੇ ਸਾਦ ਮੁਰਾਦੀ, ਭੋਲੀ ਭਾਲੀ ਜਨਤਾ ਦਾ ਸੋਸ਼ਣ ਕਰ ਰਹੇ ਹਨ। ਕੀ ਇਹ ਸਾਰੇ ਹੀ ਸੰਤ ਹਨ ਇਸ ਦਾ ਉੱਤਰ ਗੁਰਬਾਣੀ ਵਿਚ ਦਿੱਤਾ ਗਿਆ ਹੈ। ਸੰਤ ਦੇ ਅਰਥ ਪਵਿੱਤਰ, ਸਤਿ ਦਾ ਆਹਾਰੀ ਦਸੇ ਗਏ ਹਨ। ਪ੍ਰਭੂ ਨਿਰਮਲ ਹੈ, ਉਸ ਦਾ ਨਾਮ ਪਵਿੱਤਰ ਹੈ। ਇਸ ਲਈ ਹਰਿ ਨਾਮ ਵਿਚ ਅਨੁਰਕਤ ਵਿਅਕਤੀ ਹੀ ਨਿਰਮਲ ਹੈ, ਪਵਿੱਤਰ ਹੈ ਅਤੇ ਸੰਤ ਹੈ। ਗੁਰੂ ਅਰਜਨ ਦੇਵ ਜੀ ਨੇ ਸੰਤ ਦੀ ਰਹਿਤ ਦਾ ਵਰਣਨ ਕਰਦੇ ਹੋਏ ਲਿਖਿਆ ਹੈ :

ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥ ੧ ॥ ਰਹਾਉ
ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥
ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥
ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥

ਪੰ. ੩੯੨

ਅਜਿਹੇ ਸੰਤਾਂ ਦੀ ਸੁਹਬਤ ਨਾਲ ਮਾਨਵ ਮਨ ਹਰ ਸਮੇਂ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਉਹ ਹਰ ਸਮੇਂ ਪ੍ਰਭੂ ਨੂੰ ਆਪਣੇ ਨਿਕਟ ਅਨੁਭਵ ਕਰਦਾ ਹੈ। ਉਸ ਦੀ ਇਹ ਧਾਰਣਾ ਬਣ ਜਾਂਦੀ ਹੈ ਕਿ ਸਾਰਾ ਪਾਸਾਰਾ ਪ੍ਰਭੂ ਦੇ ਹੁਕਮ ਅਧੀਨ ਹੈ ਅਤੇ ਪ੍ਰਭੂ ਕਣ ਕਣ ਵਿਚ ਵਿਦਮਾਨ ਹੈ। ਉਸ ਦੀ ਜੋਤ ਪ੍ਰਤੇਕ ਮਨ ਵਿਚ ਪ੍ਰਕਾਸ਼ਮਾਨ ਹੈ। ਜਦ ਇਹ ਵਿਚਾਰ ਪਰਿਪਕ ਹੋ ਜਾਂਦੇ ਹਨ ਤਾਂ ਮਿੱਤਰ ਅਤੇ ਸ਼ਤਰੂ ਇਕ ਸਮਾਨ ਦਿਖਾਈ ਦਿੰਦੇ ਹਨ। ਪ੍ਰਭੂ ਚਰਨਾਂ ਵਿਚ ਜੁੜੇ ਹੋਏ ਮਨ ਵਿਚ ਵਿਕਾਰ, ਉਤਪੰਨ ਨਹੀਂ ਹੁੰਦੇ। ਮਨ ਕੁਕਰਮਾਂ ਵਲ ਨਹੀਂ ਝਾਕਦਾ। ਮਾਇਆ ਉਸ ਨੂੰ ਛਲ ਨਹੀਂ ਸਕਦੀ। ਉਹ ਸਦਾ ਸਰਬਤ ਦੇ ਭਲੇ ਲਈ ਅਰਦਾਸ ਕਰਦਾ ਹੈ। ਸਮੇਂ ਦੇ ਫੇਰ ਨਾਲ, ਸੰਤਾਂ ਦੀ ਸੁਹਬਤ ਸਦਕਾ ਉਸ ਦਾ ਤਨ ਤੇ ਮਨ ਨਿਰਮਲ ਹੋ ਜਾਂਦੇ ਹਨ। ਫਿਰ ਉਹ ਨਾਮ ਸਿਮਰਨ ਵਿਚ ਲੀਨ ਰਹਿ ਕੇ ਹੋਰਨਾਂ ਨੂੰ ਨਾਮ ਜਪਣ ਦੀ ਪ੍ਰੇਰਨਾ ਦਿੰਦਾ ਹੈ। ਅਜਿਹੇ ਵਿਅਕਤੀ ਨਿਸ਼ਕਾਮ ਹੋ ਕੇ ਸਮਾਜ ਦਾ ਉਧਾਰ ਕਰਦੇ ਹਨ, ਗੁਰਮਤਿ ਅਨੁਸਾਰ ਅਜਿਹੇ ਵਿਅਕਤੀਆਂ ਦੀ ਸੰਗਤਿ ਹੀ ਸਤਿਸੰਗ ਹੈ।

ਹਿੰਦੂ ਧਰਮ-ਸ਼ਾਸਤਰਾਂ ਅਨੁਸਾਰ ਇਸਤਰੀ ਅਤੇ ਸੂਦਰ ਨੂੰ ਧਾਰਮਿਕ ਇਕੱਤਰਤਾਵਾਂ ਵਿਚ ਪ੍ਰਵੇਸ਼ ਕਰ ਕੇ ਵੇਦ ਪਾਠ ਸੁਣਨ ਦੀ ਆਗਿਆ ਨਹੀਂ ਸੀ। ਇਸ ਦੇ ਨਾਲ ਹੀ ਸਾਰਾ ਸਮਾਜ ਕਈ ਭਾਗਾਂ ਵਿਚ ਵੰਡਿਆ ਹੋਇਆ ਸੀ। ਵਰਣ ਆਸ਼ਰਮ ਦੀ ਇਸ ਕਾਣੀ-ਵੰਡ ਨੇ ਸਮਾਜ ਵਿਚ ਉਚ ਨੀਚ ਦੀ ਭਾਵਨਾ ਦ੍ਰਿੜ੍ਹ ਕਰਾਈ ਹੋਈ ਸੀ। ਗੁਰਮਤਿ ਨੇ ਇਹ ਸਪੱਸ਼ਟ ਕੀਤਾ ਕਿ ਗੁਰੂ ਸਾਹਿਬਾਨ ਦਾ ਉਪਦੇਸ਼ ਸਭ ਵਰਣਾਂ ਲਈ ਸਾਂਝਾ ਹੈ। ਉਚੀ ਨੀਵੀਂ ਜਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਗੁਰੂ ਜੀ ਨੇ ਫੁਰਮਾਇਆ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ ॥ ਪੰ. ੭੪੭

ਗੁਰੂ ਸਾਹਿਬਾਨ ਦੀ ਇਸ ਘੋਸ਼ਣਾ ਕਾਰਣ ਸਤਿ-ਸੰਗਤ ਹੀ ਇਕ ਵਾਹਿਦ ਸਥਾਨ ਸਥਾਪਿਤ ਹੋਇਆ ਜਿਥੇ ਨੀਵੀ ਜਾਤ ਵਾਲਾ ਵੀ ਉੱਚੀ ਜਾਤ ਵਾਲੇ ਬ੍ਰਾਹਮਣ ਦੇ ਸਮਾਨ ਬੈਠ ਕੇ ਸੁਤੰਤਰ ਰੂਪ ਵਿਚ ਕੀਰਤਨ ਸੁਣ ਸਕਦਾ ਹੈ, ਗੁਰੂ ਉੱਦੇਸ਼ ਨੂੰ ਸਮਝ ਕੇ ਨਾਮ ਜਪ ਸਕਦਾ ਹੈ। ਸ਼ਾਇਦ ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚਾਰ ਦੁਆਰ ਬਣਵਾਏ ਸਨ ਤਾਂ ਜੋ ਹਰ ਦਿਸ਼ਾ ਤੋਂ ਹਰ ਵਰਣ ਦਾ ਵਿਅਕਤੀ ਬਿਨਾਂ ਕਿਸੇ ਰੋਕ ਟੋਕ ਦੇ ਪ੍ਰਵੇਸ਼ ਕਰ ਸਕੇ। ਸਤਿ ਸੰਗ ਦੀ ਮਹਿਮਾ ਦੇ ਵਰਣਨ ਕਰਦੇ ਹੋਏ ਗੁਰੂ ਰਾਮ ਦਾਸ ਜੀ ਨੇ ਫੁਰਮਾਇਆ ਹੈ :

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਲ ਮਿਲਿ ਸੰਗਤਿ
ਸੁਧ ਹੋਵਤ ਗੁਰਮਤੀ ਸੁਧ ਹਾਧੋ।
ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ
ਸਾਧ ਸੰਗਤੀ ਗੁਰ ਸਤਿ ਗੁਰੂ ਗੁਰ ਸਾਧੋ।
ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ
ਸੋ ਆਪ ਤਰੈ ਕੁਲ ਸਗਲ ਤਰਾਧੋ। ਪੰ. ੧੩੯੭

ਗੁਰੂ ਨਾਨਕ ਦੁਆਰਾ ਆਰੰਭ ਕੀਤੇ ਗਏ ਸਤਿ ਸੰਗ ਦੀ ਇਕ ਹੋਰ ਮਹੱਤਤਾ ਇਹ ਹੈ ਕਿ ਹਰਿ ਆਪ ਆ ਕੇ ਸਤਿ ਸੰਗਿ ਵਿਚ ਨਿਵਾਸ ਕਰਦਾ ਹੈ। ਯਥਾ :

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥ ਪੰ. ੧੩੧੪

ਇਸ ਦਾ ਭਾਵ ਇਹ ਹੈ ਕਿ ਸਤਿ ਸੰਗਤਿ ਵਿਚ ਜਾਣ ਨਾਲ ਪ੍ਰਭੂ ਦਾ ਮਿਲਾਪ ਹੁੰਦਾ ਹੈ। ਪ੍ਰਭੂ ਮਿਲਾਪ ਹੀ ਮਾਨਵ ਜੀਵਨ ਦਾ ਮੁੱਖ ਉੱਦੇਸ਼ ਹੈ। ਗੁਰਮਤਿ ਅਨੁਸਾਰ ਪ੍ਰਭੂ ਮਿਲਾਪ ਵਿਚ ਸਰਲ ਤੇ ਸੁਗਮ ਸਾਧਨ ਸਤਿ-ਸੰਗਤਿ ਹੈ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਤਿ-ਸੰਗਤਿ ਦੇ ਮਿਲਾਪ ਦੀ ਵਿਧੀ ਕੀ ਹੈ? ਇਸ ਦਾ ਉੱਤਰ ਗੁਰੂ ਜੀ ਨੇ ਇਸ ਪ੍ਰਕਾਰ ਕੀਤਾ ਹੈ :

(1) *ਸਤ ਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੋ ਭਇਓ ਅਰੂੜਾ ॥* ਪੰ. ੬੯੮
(2) *ਪੂਰੇ ਭਾਗਿ ਸਤ ਸੰਗਤਿ ਲਹੈ ਸਤ ਗੁਰੁ ਭੇਟੈ ਜਿਸ ਆਇ ॥* ਪੰ. ੩੫
(3) *ਸਤ ਸੰਗਤਿ ਸਾਧ ਪਾਈ ਵਡਭਾਗੀ ਸੰਗਿ ਸਾਧੂ ਪਾਰਿ ਪਇਆ ॥* ਪੰ. ੧੨੬੪

ਭਾਵ ਇਹ ਹੈ ਕਿ ਵੱਡੇ ਭਾਗਾਂ ਨਾਲ ਸਤਿ ਸੰਗਤਿ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਨੂੰ ਸਤਿ-ਸੰਗਤਿ ਪ੍ਰਾਪਤ ਨਹੀਂ ਹੁੰਦੀ ਉਹ ਭਾਗਹੀਣ ਹਨ, ਪਾਪੀ ਹਨ ਅਤੇ ਜਮ ਉਨ੍ਹਾਂ ਨੂੰ ਖਾ ਜਾਂਦਾ ਹੈ। ਯਥਾ :

ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਸੇ ਭਾਗ ਹੀਣ ਪਾਪੀ ਜਮਿ ਖਾਇਆ ॥
ਪੰ. ੪੯੪

ਸਤਿ ਸੰਗਤਿ ਦੇ ਗੁਣਾਂ ਦਾ ਵਰਣਨ ਕਰਨਾ ਕਠਿਨ ਕਾਰਜ ਹੈ। ਗੁਰੂ ਅਮਰਦਾਸ ਅਨੁਸਾਰ ਸਤਿ-ਸੰਗਤਿ ਇਕ ਚਾਟਸਾਲ (ਮਦਰਸਾ) ਹੈ ਜਿਥੇ ਇਕ ਅਕਾਲ-ਪੁਰਖ ਵਿਚ ਦ੍ਰਿੜ੍ਹ ਵਿਸ਼ਵਾਸ ਰਖ ਕੇ ਰਾਮ ਨਾਮ ਦੀ ਓਟ ਲੈ ਕੇ *"ਮਾਣਸ ਤੇ ਦੇਵਤੇ ਭਏ"* ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ। ਸਤਿ-ਸੰਗਤਿ ਵਿਚ ਬਲ ਹੈ ਕਿ ਮਨੁੱਖ ਨੂੰ ਦੈਵੀ ਗੁਣਾਂ ਵਾਲਾ ਗੁਰਸਿੱਖ, ਸੰਤ, ਸਾਧ ਬਣਾ ਦਿੰਦੀ ਹੈ। ਜਿਵੇਂ ਇਕ ਵਿਦਿਆਰਥੀ ਚਾਟਸਾਲ ਦੇ ਅਨੁਸਾਸ਼ਨ

ਦੀ ਪਾਲਣਾ ਕਰਕੇ ਨਿਰੰਤਰਤਾ ਨਾਲ ਚੰਗੇ ਤੋਂ ਚੰਗੇਰਾ ਬਣਨਾ ਹੋਇਆ ਅਧਿਆਪਕ ਦੀ ਪਦਵੀ ਤੇ ਪੁਜ ਕੇ ਵਿਦਵਾਨ ਬਣ ਜਾਂਦਾ ਹੈ, ਇਸ ਤਰ੍ਹਾਂ ਸਤਿ ਸੰਗਤਿ ਦੀ ਮਰਯਾਦਾ ਦਾ ਸਤਿਕਾਰ ਕਰਦਾ ਹੋਇਆ ਮਾਨਵ-ਮਨ, ਕੁਕਰਮਾਂ ਤੋਂ ਹਟ ਕੇ ਸਦਾਚਾਰੀ ਬਣਾ ਜਾਂਦਾ ਹੈ। ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਸ਼ਨ ਹੈ "*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ*" ? ਇਸ ਦਾ ਉੱਤਰ "*ਹਕਮਿ ਰਜਾਈ ਚਲਣਾ*" ਵਿਚ ਹੈ। ਪ੍ਰਭੂ ਦੇ ਹੁਕਮ ਵਿਚ ਵਿਚਰ ਕੇ ਜੀਵਨ ਬਤੀਤ ਕਰਨ ਦੀ ਜਾਚ ਸਤਿ-ਸੰਗਤਿ ਵਰਗੀ ਚਾਟਸਾਲ ਵਿਚ ਪ੍ਰਵੇਸ਼ ਕਰਨ ਨਾਲ ਪ੍ਰਾਪਤ ਹੁੰਦੀ ਹੈ। ਪਰਮਾਤਮਾ ਦੇ ਭਾਣੇ, ਹੁਕਮ, ਰਜ਼ਾ ਤੇ ਆਗਿਆ ਨੂੰ ਮਿੱਠਾ ਮੰਨਣ ਦੀ ਜਾਚ ਕੇਵਲ ਸਤਿ-ਸੰਗਤਿ ਦੁਆਰਾ ਪ੍ਰਾਪਤ ਹੁੰਦੀ ਹੈ। ਪ੍ਰਭੂ ਸਤਿ ਹੈ, ਉਸ ਦਾ ਨਾਮ ਵੀ ਸਤਿ ਹੈ ਪਰ ਉਸ ਦੀ ਬੋਲੀ ਪ੍ਰੇਮ ਹੈ। ਇਹ ਪ੍ਰੇਮ ਭਾਵਨਾ ਅਰਥਾਤ ਪ੍ਰੇਮਾ ਭਗਤੀ ਕੀ ਹੈ ? ਇਸ ਪ੍ਰਸ਼ਨ ਦੀ ਰਮਜ਼ ਗਹਿਰੀ ਜ਼ਰੂਰ ਹੈ ਪਰੰਤੂ ਇਸ ਦੀ ਸਮਝ ਲਈ ਸਤਿ-ਸੰਗਤਿ ਵਿਖੇ ਜਾ ਕੇ ਹਰਿ ਨਾਮ ਸਿਮਰਨ ਦੇ ਲੜ ਲਗਣ ਨਾਲ ਇਸ ਦੀ ਸਮਝ ਆ ਜਾਂਦੀ ਹੈ। ਇਸੇ ਲਈ ਗੁਰੂ ਰਾਮ ਦਾਸ ਜੀ ਅਰਦਾਸ ਕਰਦੇ ਹਨ :

ਗੋਬਿੰਦ ਜੀਉ ਸਤਿ ਸੰਗਤਿ ਮੇਲਿ ਹਰਿ ਧਿਆਈਐ ॥ ਪੰ. ੧੧੭੯

ਸਤਿ ਸੰਗਤਿ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਭਾਈ ਗੁਰਦਾਸ ਨੇ ਲਿਖਿਆ ਹੈ ਕਿ ਸਤਿ ਸੰਗਤਿ ਸੱਚਖੰਡ ਹੈ, ਜਿਥੇ ਅਲਖ ਪਰਮਾਤਮਾ ਦਾ ਗਿਆਨ ਪ੍ਰਾਪਤ ਹੁੰਦਾ ਹੈ, ਅਸਾਧ ਰੋਗ ਮਿਟ ਜਾਂਦੇ ਹਨ, ਮਨ ਦੀ ਪੀੜਾ ਨਾਸ ਹੋ ਜਾਂਦੀ ਹੈ, ਗੁਰਸਿੱਖ ਸੋਭਾ ਪਾਉਂਦੇ ਹਨ, ਸਹਿਜ ਪਦਵੀ ਦੀ ਪ੍ਰਾਪਤੀ ਹੁੰਦੀ ਹੈ, ਮਨ ਵਸ ਵਿਚ ਹੋ ਜਾਂਦਾ ਹੈ, ਗੁਰਮਤਿ ਦਾ ਗਿਆਨ ਮਿਲਦਾ ਹੈ, ਅਕਥਨੀ ਪ੍ਰਭੂ ਦੀ ਕਥਾ ਹੁੰਦੀ ਹੈ। ਪ੍ਰਭੂ ਦੇ ਹੁਕਮ ਦੀ ਸੂਝ ਆਉਂਦੀ ਹੈ, ਇਕਾਗਰ ਹੋ ਕੇ ਇਕ ਅਕਾਲ ਪੁਰਖ ਦਾ ਧਿਆਨ ਕੀਤਾ ਜਾਂਦਾ ਹੈ, ਪ੍ਰਭੂ ਦੀ ਪ੍ਰਸੰਨਤਾ ਦਾ ਪਾਤਰ ਹੋਈਦਾ ਹੈ, ਪ੍ਰਭੂ ਦਾ ਪ੍ਰੇਮੀ ਬਣ ਕੇ ਗੁਰਸਿੱਖ ਉਸਦੇ ਦਰਸ਼ਨ ਕਰਦਾ ਹੈ। ਪ੍ਰਭੂ ਨੂੰ ਹਿਰਦੇ ਦਾ ਹਾਰ ਬਣਾ ਕੇ ਧਾਰਨ ਕਰੀਦਾ ਹੈ ਤੇ ਗੁਰੂ ਦੇ ਉਪਦੇਸ਼ ਨਾਲ ਪਿਆਰ ਪੈ ਜਾਂਦਾ ਹੈ।[4]

ਗੁਰਬਾਣੀ ਅਨੁਸਾਰ ਸਤਿ-ਸੰਗਤਿ ਦੇ ਲਾਭ ਬੇਅੰਤ ਹਨ, ਗੁਣ ਅਨੰਤ ਹਨ, ਮਹਿਮਾ ਅਪਰੰਪਾਰ ਹੈ। ਸਤਿ-ਸੰਗਤਿ ਦੇ ਪ੍ਰਭਾਵ ਅਧੀਨ ਮਨੁੱਖ ਦੇ ਵਿਚਾਰ ਉੱਤਮ ਹੋ ਜਾਂਦੇ ਹਨ, ਉਸ ਦਾ ਵਿਵਹਾਰ ਚੰਗੇਰਾ ਹੋ ਜਾਂਦਾ ਹੈ। ਤਨ ਅਤੇ ਮਨ ਕਰ ਕੇ ਉਹ ਨਿਰਮਲ ਹੋ ਜਾਂਦਾ ਹੈ। ਫਿਰ ਉਹ ਸੱਚਾ, ਸੁੱਚਾ ਤੇ ਸੁਅਸਥ ਜੀਵਨ ਬਤੀਤ ਕਰਦਾ ਹੈ। ਉਸ ਦਾ ਵਤੀਰਾ ਦਿਆਲਤਾ ਵਾਲਾ ਹੋ ਜਾਂਦਾ ਹੈ। ਹੌਲੀ ਹੌਲੀ ਤ੍ਰੈਗੁਣਾਤਮਕ ਸੰਸਾਰ ਦੀ ਪਕੜ ਤੋਂ ਉਪਰ ਉਠ ਕੇ ਮੁਕਤ ਅਵਸਥਾ ਦਾ ਵਾਸੀ ਬਣਾ ਜਾਂਦਾ ਹੈ।[5] ਅਜਿਹੇ ਵਿਅਕਤੀ ਸਤਿ-ਸੰਗਿ ਨਾਲ ਇਵੇਂ ਪਿਆਰ ਕਰਦੇ ਹਨ ਜਿਵੇਂ ਸ਼ਹਿਦ ਨਾਲ ਮੱਖੀਆਂ। ਭਗਤ ਰਵਿਦਾਸ ਅਨੁਸਾਰ ਇਹੋ ਹੀ ਸੱਚਾ ਪ੍ਰੇਮ ਹੈ, ਸੱਚੀ ਭਗਤੀ ਹੈ। ਗਯੰਦ ਭੱਟ ਨੇ ਸਤਿ-ਸੰਗਤਿ ਦੁਆਰਾ ਪ੍ਰਾਪਤ ਹੋਣ ਵਾਲੇ ਲਾਭ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ "ਕੁੰਡਲਨੀ ਸੁਰਝੀ ਸਤਿ-ਸੰਗਤਿ"[6] ਅਰਥਾਤ ਕੁੰਡਲਨੀ-ਯੋਗ ਦੁਆਰਾ, ਘੋਰ ਤਪੱਸਿਆ ਕਰ ਕੇ, ਜੋ ਦਸਮ ਦੁਆਰ ਵਿਚ ਸਮਾਣ ਦੀ ਵਿਧੀ ਹੈ, ਉਹ ਸਤਿ-ਸੰਗਤਿ ਕਾਰਣ ਪ੍ਰਾਪਤ ਹੋ ਗਈ, ਭਾਵ ਮਨ ਦੀ ਗੁੰਝਲ ਖੁਲ ਗਈ।

ਭਾਈ ਗੁਰਦਾਸ ਨੇ ਲਿਖਿਆ ਹੈ ਕਿ ਸਿੱਖ ਨੇਮ ਨਾਲ ਸਤਿ-ਸੰਗਿ ਵਿਚ ਚਲ ਕੇ ਜਾਵੇ, ਧਰਮ ਦੀ ਕਿਰਤ ਕਰੇ ਤੇ ਵੰਡ ਕੇ ਛਕੇ। ਯਥਾ :

1. *ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿ ਸੰਗ ਮਿਲੇਹੀ ॥*
   ਕਿਰਤਿ ਵਿਰਤਿ ਕਉ ਧਰਮ ਦੀ ਖਟਿ ਖਵਾਲਣ ਭਾਇ ਕਰੇਹੀ ॥[7]
2. *ਨਾਮ ਦਾਨ ਇਸਨਾਨੁ ਦ੍ਰਿੜ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥*[8]

ਸਤਿ ਸੰਗਤਿ ਦੀ ਮਹੱਤਤਾ ਦੇ ਕਈ ਹੋਰ ਵੀ ਪੱਖ ਹਨ। ਹੇਠ ਕੁਝ ਤੁਕਾਂ ਕੇਵਲ ਇਸ ਲਈ ਪ੍ਰਸਤੁਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਵਿਦਵਾਨ ਜਿਗਿਆਸੂ ਆਪ ਹੀ ਅਨੁਮਾਨ ਨਾ ਲੈਣ :

1. *ਆਵੈ ਸਾਹਿਬੁ ਚਿਤਿ, ਤੇਰੀਆ ਭਗਤਾ ਡਿਠਿਆਂ ॥*
   ਮਨ ਕੀ ਕਟੀਐ ਮੈਲੁ, ਸਾਧ ਸੰਗਿ ਵੁਠਿਆ ॥ ਪੰ. ੫੨੦
2. *ਜਨਮ ਜਨਮ ਕੇ ਲਾਗੇ ਬਿਖੁ ਮੋਰਚਾ, ਲਗਿ ਸੰਗਤਿ ਸਾਧ ਸਵਾਰੀ ॥*
   ਜਿਉਂ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ ॥ ਪੰ. ੬੬੬
3. *ਬਿਸਰਿ ਗਈ ਸਭ ਤਾਤਿ ਪਰਾਈ ॥*
   ਜਬ ਤੇ ਸਾਧ ਸੰਗਤਿ ਮੋਹਿ-ਪਾਈ ॥ ਪੰ. ੧੨੯੯
4. *ਮਹਾਂ ਪਵਿਤ੍ਰ ਸਾਧ ਕਾ ਸੰਗੁ ॥ ਜਿਸ ਭੇਟਤ ਲਾਗੈ ਪ੍ਰਭ ਰੰਗੁ ॥* ਪੰ. ੩੯੨-੯੩

ਭਾਗ ਦੂਜਾ

ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੀ ਗਈ ਸਤਿ-ਸੰਗਤਿ ਦੇ ਵਿਕਾਸ ਦਾ ਇਤਿਹਾਸ ਬੜਾ ਰੋਚਕ ਹੈ। ਇਸ ਸੰਬੰਧੀ ਸੰਖੇਪ ਜਾਣਕਾਰੀ ਉਪਯੋਗੀ ਹੋਵੇਗੀ।

ਕਰਤਾਰਪੁਰ ਤੋਂ ਸੰਗਤਿ ਕੀਨੀ ਖਾਲਸਾ ਤਕ

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਗੰਭੀਰ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਆਪਣੇ ਸਮੇਂ ਦੀਆਂ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਪਰਿਸਥਿਤੀਆਂ ਨਾਲ ਸਹਿਮਤ ਨਹੀਂ ਸਨ। ਜਨ-ਸਾਧਾਰਣ ਨੂੰ ਵਹਿਮਾਂ ਤੇ ਭਰਮਾਂ ਵਿਚ ਗ੍ਰਸੇ ਹੋਏ, ਕਰਮ ਕਾਂਡ ਦੇ ਚਕਰ ਵਿਚ ਫਸੇ ਹੋਏ ਅਤੇ ਗਫਲਤ ਦੀ ਨੀਂਦ ਵਿਚ ਸੁਤੇ ਹੋਏ ਵੇਖ ਕੇ ਗੁਰੂ ਜੀ ਨੇ "*ਚੜਿਆ ਸੋਧਨ ਧਰਤ ਲਕਾਈ*" ਦਾ ਆਦਰਸ਼ ਅਰੰਭਿਆ। ਦੁਬਿਧਾ ਦੀ ਇਸ ਦਲਦਲ ਵਿਚੋਂ ਭਾਰਤ ਵਾਸੀਆਂ ਨੂੰ ਕਢਣ ਲਈ ਗੁਰੂ ਜੀ ਨੇ ਪ੍ਰਚਾਰ-ਫੇਰੀ ਅਰੰਭੀ। ਭਾਈ ਗੁਰਦਾਸ ਜੀ ਦੇ ਬਚਨ ਹਨ :

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜਿਆ ਸੋਧਣ ਧਰਤਿ ਲੁਕਈ ॥[9]

ਜਨਮ-ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਅੰਕਿਤ ਹੈ। ਇਨ੍ਹਾਂ ਦੇ ਅਧਿਐਨ ਤੋਂ ਇਹ ਦ੍ਰਿਸ਼ਟੀ-ਗੋਚਰ ਹੁੰਦਾ ਹੈ ਕਿ ਗੁਰੂ ਜੀ ਨੇ ਭਾਰਤ ਵਾਸੀਆਂ ਦੇ ਵਿਵਹਾਰਕ ਜੀਵਨ ਨੂੰ ਗਿਲਾਨੀ ਵਿਚੋਂ ਕੱਢ ਕੇ ਚੰਗੇਰਾ ਬਣਾਨ ਦਾ ਜਤਨ ਕੀਤਾ। ਗੁਰੂ ਜੀ ਦਾ ਪ੍ਰਯਾਸ ਸੀ ਕਿ ਧਰਮ ਮਾਨਵ-ਮਨ ਵਿਚ ਉਕਰਿਆ ਜਾਵੇ। ਇਹ ਪੰਡਤਾਂ ਦਾ ਚੁੰਜ

ਗਿਆਨ ਨਾ ਰਹੇ। ਸਮਾਜਿਕ ਢਾਂਚੇ ਨੂੰ ਨਵੀਨਤਾ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਸਤਿ ਅਤੇ ਸਭਿਆਚਾਰ ਵਾਲਾ ਜੀਵਨ ਬਤੀਤ ਕਰਨ ਵਾਲੇ ਵਿਅਕਤੀ ਨੂੰ ਗੁਰਮੁਖਿ ਦੀ ਸੰਗਿਆ ਦਿੱਤੀ। ਗੁਰਮੁਖ ਦੇ ਲੱਛਣ ਦਰਸਾਂਦੇ ਹੋਏ ਗੁਰੂ ਜੀ ਨੇ ਫੁਰਮਾਇਆ :

ਗੁਰਮੁਖਿ ਸਾਚੇ ਕਾ ਭਉ ਪਾਵੈ ॥
ਗੁਰਮੁਖਿ ਬਾਣੀ ਅਘੜੁ ਘੜਾਵੈ ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥
ਗੁਰਮੁਖਿ ਪਵਿਤ੍ਰੁ ਪਰਮਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥ ਪੰ. ੯੪੧

ਇਸ ਦਾ ਸਾਰਾਂਸ਼ ਇਹ ਹੈ ਕਿ ਗੁਰੂ ਨਾਨਕ ਦੁਆਰਾ ਸਿਰਜੇ ਗਏ ਨਵ-ਸਮਾਜ ਜਾਂ ਗੁਰਮਤਿ ਸਤਿ-ਸੰਗਤ ਦੀ ਇਕਾਈ ਗੁਰਮੁਖਿ ਹੈ। ਸੰਤ, ਸਾਧ, ਬ੍ਰਹਮ-ਗਿਆਨੀ ਆਦਿ ਵਾਸਤਵ ਵਿਚ ਗੁਰਮੁਖਿ ਦੇ ਪ੍ਰਯਾਯਵਾਚੀ ਪਦ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਨੂੰ ਸ੍ਵੀਕਾਰ ਕਰਨ ਵਾਲੇ ਸਤਿਸੰਗੀ ਹਨ। ਅਜਿਹੇ ਗੁਰਸਿੱਖਾਂ ਦਾ ਪਹਿਲਾ ਵੱਡਾ ਕੇਂਦਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਖੇ ਸਥਾਪਿਤ ਕੀਤਾ। ਭਾਈ ਗੁਰਦਾਸ ਨੇ ਕਰਤਾਰਪੁਰ ਵਿਖੇ ਸਥਾਪਿਤ ਸਤਿ-ਸੰਗਤਿ ਦੀ ਮਰਯਾਦਾ ਦਾ ਵਰਣਨ ਇਉਂ ਕੀਤਾ ਹੈ :

ਫਿਰ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ ॥
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ ॥
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ ॥
ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ ॥
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥[10]

ਇਸ ਤਰ੍ਹਾਂ ਕਰਤਾਰਪੁਰ ਵਿਖੇ ਸਥਾਪਿਤ ਸਤਿ-ਸੰਗਤਿ, ਗੁਰੂ ਨਾਨਕ ਦੇਵ ਜੀ ਦੀ ਅਗਵਾਈ ਹੇਠ ਪ੍ਰਫੁੱਲਿਤ ਹੁੰਦੀ ਰਹੀ। ਗੁਰੂ ਅੰਗਦ ਦੇਵ ਜੀ ਨੇ ਆਪਣੇ ਪ੍ਰਚਾਰ ਦਾ ਕੇਂਦਰ ਖਡੂਰ ਸਾਹਿਬ ਵਿਖੇ ਨਿਸਚਿਤ ਕੀਤਾ। ਬਲਵੰਡ ਡੂਮ ਨੇ ਗੁਰੂ ਜੀ ਦੇ ਦਰਬਾਰ ਦੀ ਮਹਿਮਾ ਰਾਮਕਲੀ ਦੀ ਵਾਰ ਵਿਚ ਇਉਂ ਦਰਸਾਈ ਹੈ :

ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ।
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈਡਾਲੀ।
ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ ਪੰ. ੯੬੭

ਇਨ੍ਹਾਂ ਤੁਕਾਂ ਵਿਚ ਸੰਗਤਿ ਲਈ 'ਉਮਤਿ' ਪਦ ਵਰਤਿਆ ਗਿਆ ਹੈ। ਇਸ ਨਾਲ ਹੀ ਗੁਰੂ ਜੀ ਦੇ ਲੰਗਰ ਸੰਬੰਧੀ ਵੀ ਸੰਕੇਤ ਹੈ। ਇਸ ਦਾ ਭਾਵ ਇਹ ਹੈ ਕਿ ਸੰਗਤਿ ਦੇ ਨਾਲ ਨਾਲ ਪੰਗਤ ਵਾਲਾ ਸਿਧਾਂਤ ਵੀ ਵਿਕਸਿਤ ਹੋਣ ਲਗਾ। ਗੁਰੂ ਅਮਰਦਾਸ ਜੀ ਦਾ ਫੁਰਮਾਣ ਸੀ, '*ਪਹਿਲੇ ਪੰਗਤ, ਪਾਛੇ ਸੰਗਤ*' ਅਰਥਾਤ ਮੇਰਾ ਸਿੱਖ ਜਾਂ ਦਰਸ਼ਨ ਅਭਿਲਾਸ਼ੀ ਲੰਗਰ ਵਿਚ ਪ੍ਰਸ਼ਾਦ ਛਕ ਕੇ ਪਿਛੋਂ ਸੰਗਤਿ ਵਿਚ ਦਰਸ਼ਨ ਲਈ ਆਵੇ। ਇਸ ਪ੍ਰਥਾ ਨੇ ਜਾਤ ਪਾਤ ਦੀ ਉਚ ਨੀਚ ਵਾਲੀ ਕਾਣੀ ਵੰਡ ਤੇ ਕਰਾਰੀ ਚੋਟ ਲਾਈ। ਪੰਗਤ ਵਿਚ ਬੈਠ ਕੇ ਇਕੋ ਜਿਹਾ

ਇਕੱਠਿਆਂ ਭੋਜਣ ਛਕਣਾ ਭਾਰਤ ਵਾਸੀਆਂ ਲਈ ਨਵਾਂ ਤਜਰਬਾ ਸੀ। ਬਲਵੰਡ ਡੂਮ ਨੇ ਲਿਖਿਆ ਹੈ ਕਿ ਗੁਰੂ ਅਮਰਦਾਸ ਜੀ ਦੇ ਲੰਗਰ ਵਿਚ ਘਿਉ, ਮੈਦਾ ਅਤੇ ਖੰਡ ਨਾਲ ਪ੍ਰਸ਼ਾਦ ਤਿਆਰ ਹੁੰਦਾ ਸੀ। ਯਥਾ :

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ ਪੰ. ੯੬੭

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਆਬਾਦ ਕਰਕੇ, ਸਤਿ ਸੰਗਤਿ ਦਾ ਨਵਾਂ ਕੇਂਦਰ ਸਥਾਪਿਤ ਕੀਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਸਿੱਖ ਸੰਗਤਿ ਨੂੰ ਬਾਈ ਮੰਜੀਆਂ ਵਿਚ ਵੰਡ ਕੇ ਹਰ ਮੰਜੀ ਦੇ ਮੁਖ ਸਿੱਖ ਨੂੰ ਮੰਜੀਦਾਰ ਨਿਯੁਕਤ ਕੀਤਾ। ਇਸ ਦੇ ਫਲਸਰੂਪ ਸਿੱਖ ਧਰਮ ਦਾ ਪਰਚਾਰ ਖੇਤਰ ਵੱਧ ਗਿਆ ਅਤੇ ਥਾਂ ਪਰ ਥਾਂ ਸਤਿ ਸੰਗਤਿ ਸਥਾਪਿਤ ਹੋ ਗਈ (ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਮੰਜੀਦਾਰਾਂ ਦਾ ਬਿਉਰਾ ਪ੍ਰਸਤੁਤ ਕੀਤਾ ਹੈ)।

ਗੁਰੂ ਰਾਮਦਾਸ ਜੀ ਦੀ ਅਗਵਾਈ ਹੇਠ ਅੰਮ੍ਰਿਤਸਰ ਨਗਰ ਦੀ ਸਥਾਪਨਾ ਆਰੰਭ ਹੋਈ। ਗੁਰੂ ਅਰਜਨ ਦੇਵ ਜੀ ਦੇ ਨਿਰੰਤਰ ਜਤਨਾਂ ਸਦਕਾ ਸ੍ਰੀ ਦਰਬਾਰ ਸਾਹਿਬ ਦਾ ਨਿਰਮਾਣ ਕਾਰਜ ਸੰਪੰਨ ਹੋਇਆ। ਇਹ ਸਥਾਨ ਸਤਿ ਸੰਗਤਿ ਦੇ ਵਿਕਾਸ ਦੇ ਇਤਿਹਾਸ ਵਿਚ ਮਹੱਤਵਪੂਰਣ ਹੈ। ਸਮੇਂ ਦੇ ਫੇਰ ਨਾਲ ਇਹ ਪਾਵਨ ਪਵਿੱਤਰ ਹਰਿਮੰਦਰ ਸਵਰਣ-ਮੰਦਰ ਦੇ ਨਾਮ ਨਾਲ ਪ੍ਰਸਿੱਧ ਹੋਇਆ ਅਤੇ ਸਿੱਖ ਧਰਮ ਦਾ ਕੇਂਦਰੀ ਤੀਰਥ ਬਣ ਗਿਆ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਕੇ ਮਹਾਨ ਕਾਰਜ ਕੀਤਾ। ਪਹਿਲੀ ਵਾਰੀ, ਧਰਮ ਸਾਧਨਾਂ ਦੇ ਇਤਿਹਾਸ ਵਿਚ, ਨੀਵੀਆਂ ਜਾਤੀਆਂ ਵਾਲੇ ਭਗਤਾਂ ਦੀ ਬਾਣੀ ਨੂੰ ਇਸ ਗ੍ਰੰਥ ਵਿਚ ਸ਼ਾਮਲ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪ ਆਦਰ ਨਾਲ ਨਮਸਕਾਰ ਕੀਤੀ ਅਤੇ ਸਿੱਖ ਸੰਗਤਿ ਨੂੰ ਸਦਾ ਲਈ ਇਸ ਗ੍ਰੰਥ ਦਾ ਸਤਿਕਾਰ ਕਰਨ ਦਾ ਆਦੇਸ਼ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਹੋਣ ਨਾਲ ਸ਼ਬਦ-ਗੁਰੂ ਦਾ ਸਿਧਾਂਤ ਸਪੱਸ਼ਟ ਹੋ ਗਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਤਿ-ਸੰਗੀਆਂ ਨੂੰ ਸੰਤ ਸਿਪਾਹੀ ਬਣਨ ਦੀ ਪ੍ਰੇਰਣਾ ਦਿੱਤੀ।

ਗੁਰੂ ਹਰਿਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਣ ਕੀਤੀਆਂ, ਅਕਾਲ ਤਖਤ ਦੀ ਸਥਾਪਨਾ ਕੀਤੀ ਅਤੇ ਮੁਗਲ ਸਰਕਾਰ ਨਾਲ ਲੜਾਈਆਂ ਲੜੀਆਂ। ਗੁਰੂ ਜੀ ਨੇ ਸਿੱਖਾਂ ਨੂੰ ਚੰਗੇ ਘੋੜ-ਸਵਾਰ ਬਣਨ ਲਈ, ਸ਼ਸਤਰਧਾਰੀ ਬਣ ਕੇ ਤਿਆਰ-ਬਰ-ਤਿਆਰ ਰਹਿਣ ਲਈ ਆਦੇਸ਼ ਦਿੱਤਾ। ਸਤਿ-ਸੰਗਤਿ ਦੀ ਇਕੱਤਰਤਾ ਸਮੇਂ ਘੋਲ ਹੋਣ ਲੱਗੇ, ਅਖਾੜੇ ਬਣ ਗਏ ਅਤੇ ਗੁਰੂ ਕੇ ਸਿੱਖ ਸਮਾਜ ਦੇ ਰਾਖੇ ਅਖਵਾਣ ਲੱਗੇ। ਜੀਵਨ ਦੇ ਅੰਤਿਮ ਕੁਝ ਸਾਲਾਂ ਲਈ ਗੁਰੂ ਜੀ ਨੇ ਸ਼ਿਵਾਲਕ ਪਹਾੜੀਆਂ ਦੇ ਪੈਰ ਵਿਚ ਕੀਰਤਪੁਰ ਆਬਾਦ ਕੀਤਾ ਜੋ ਗੁਰੂ ਹਰਿ ਰਾਏ ਸਾਹਿਬ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਸਿੱਖੀ ਦਾ ਕੇਂਦਰ ਬਣਿਆ ਰਿਹਾ।

ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦੇ ਪਾਸਾਰ ਲਈ ਅੰਮ੍ਰਿਤਸਰ ਤੋਂ ਲੈ ਕੇ ਹਾਜੋ (ਆਸਾਮ) ਤਕ ਥਾਂ ਥਾਂ ਜਾ ਕੇ ਸਤਿ-ਸੰਗਤਾਂ ਸਥਾਪਿਤ ਕੀਤੀਆਂ। ਮਾਲਵੇ ਵਿਖੇ ਫੇਰੀ ਦੇ ਮਾਧਿਅਮ ਨਾਲ, ਅਗਿਆਨਤਾ ਦੇ ਅੰਧਕਾਰ ਵਿਚ ਸੁਤੀ ਹੋਈ ਲੋਕਾਈ ਨੂੰ, ਉਸਾਰੂ ਤੇ ਉਪਯੋਗੀ ਜੀਵਨ ਬਤੀਤ ਕਰਨ ਲਈ ਪ੍ਰੇਰਣਾ ਦਿੱਤੀ। ਅੰਤ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਵਿਖੇ ਸੀਸ ਗੰਜ ਦੇ ਸਥਾਨ ਤੇ ਸ਼ਹੀਦੀ ਦਿੱਤੀ। ਮੁਗਲ ਸਮਰਾਟ ਔਰੰਗਜ਼ੇਬ ਨੇ

ਸੰਪੂਰਨ ਭਾਰਤ ਨੂੰ ਇਸਲਾਮੀ ਰਾਜ ਵਿਚ ਵਿਚ ਬਦਲਣ ਲਈ ਘੋਰ-ਅਤਿਆਚਾਰ ਆਰਭ ਦਿੱਤੇ। ਦਿੱਲੀ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਾਕੇ ਦੇ ਸਮਾਚਾਰ ਸੁਣ ਕੇ ਉਥੋਂ ਦੇ ਹਿੰਦੂ ਅਤੇ ਸਿੱਖ ਭੈਭੀਤ ਹੋ ਕੇ ਘਰਾਂ ਵਿਚ ਲੁਕ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਇਕ ਵੱਡਾ ਮਸਲਾ ਇਹ ਸੀ ਕਿ ਜ਼ੋਰ-ਜ਼ੁਲਮ ਦੇ ਟਾਕਰੇ ਲਈ ਸਿੱਖ-ਸੰਗਤਿ ਨੂੰ ਕਿਵੇਂ ਬਲਵਾਨ ਬਣਾਇਆ ਜਾਵੇ? ਹਾਲਾਤ ਦਾ ਜਾਇਜ਼ਾ ਲੈਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਲਈ ਘੋਸ਼ਣਾ ਕੀਤੀ। 1699 ਈ. ਵਾਲੀ ਵਿਸਾਖੀ ਨੂੰ ਖੰਡੇ ਦਾ ਪਾਹੁਲ ਤਿਆਰ ਕਰ ਕੇ ਗੁਰੂ ਜੀ ਨੇ ਅਨੰਦਪੁਰ ਵਿਖੇ *"ਗੁਰ ਸੰਗਤਿ ਕੀਨੀ ਖਾਲਸਾ"* ਦੇ ਆਦਰਸ਼ ਨੂੰ ਸਾਕਾਰ ਰੂਪ ਦਿੱਤਾ। ਪੰਜ ਸਿੰਘਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਗੁਰੂ ਜੀ ਨੇ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ *"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"* ਦੇ ਇਨਕਲਾਬੀ ਆਸ਼ੇ ਨੂੰ ਸਥਾਪਿਤ ਕਰਨ ਵਿਚ ਪਹਿਲ ਕੀਤੀ ਅਤੇ ਸੰਗਤਿ ਦੀ ਸਰਵੋਪਰੀ ਸੱਤਾ ਦ੍ਰਿੜ੍ਹ ਕਰਾਈ। ਗੁਰੂ ਨਾਨਕ ਨਾਮ ਲੇਵਾ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਸਿੰਘ ਸਜ ਗਏ। ਪੰਜ ਕਕਾਰਾਂ ਦੀ ਰਹਿਤ, ਸਤਿ ਸੰਗਤਿ ਦੀ ਹਾਜ਼ਰੀ ਤੇ ਨਾਮ ਬਾਣੀ ਦਾ ਅਭਿਆਸ ਸਿੱਖ ਦੇ ਜੀਵਨ ਦੇ ਆਵੱਸ਼ਕ ਅੰਗ ਬਣ ਗਏ। ਭਾਈ ਗੁਰਦਾਸ (ਦੂਜੇ ਨੇ) ਰਾਮਕਲੀ ਵਾਰ ਪਾਤਸ਼ਾਹੀ ਦਸਵੀ ਦੇ ਅੰਤਰਗਤ ਲਿਖਿਆ ਹੈ :

ਸਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।
ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।
ਵਿਚ ਸੰਗਤਿ ਢੋਈ ਨਾ ਲਹਿਨ ਜੋ ਖਸਮ ਵਿਸਾਰੇ।
ਗੁਰਮੁਖਿ ਮਥੇ ਉਜਲੇ ਸਚੇ ਦਰਬਾਰੇ।
ਹਰਿ ਗੁਰ ਗੋਬਿੰਦ ਧਿਆਈਐ ਸਚ ਅੰਮ੍ਰਿਤ ਵੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਅਤੇ

ਪੀਵਹੁ ਪਾਹਲੁ ਖੰਡੇਧਾਰ ਹੋਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।[11]

ਇਥੇ ਵੀ ਗੁਰੂ ਨਾਨਕ ਦੇਵ ਦੁਆਰਾ ਦਰਸਾਏ ਗਏ ਆਦਰਸ਼ ਨੂੰ ਮੁੱਖ ਰਖਦੇ ਹੋਏ ਨਾਮ ਸਿਮਰਨ ਉਪਰ ਬਲ ਦਿੱਤਾ ਗਿਆ ਹੈ। ਫਰਕ ਕੇਵਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਅਧੀਨ ਸਤਿ ਸੰਗਤਿ ਅਧਿਆਤਮਿਕਤਾ ਅਤੇ ਸੂਰਬੀਰਤਾ ਦੇ ਸੁਮੇਲ ਦਾ ਕੇਂਦਰ ਬਣ ਗਈ। 'ਸਰਬ-ਲੋਹ' ਗ੍ਰੰਥ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਐਲਾਨ ਕੀਤਾ ਕਿ ਖਾਲਸਾ ਮੇਰਾ ਰੂਪ ਹੈ, ਮੈਂ ਖਾਲਸੇ (ਸਤਿ-ਸੰਗਿ) ਵਿਚ ਨਿਵਾਸ ਕਰਦਾ ਹਾਂ, ਖਾਲਸਾ ਮੇਰਾ ਮੁਖ ਅੰਗ ਹੈ, ਮੇਰਾ ਇਸ਼ਟ ਹੈ, ਮੇਰਾ ਮਿੱਤਰ ਹੈ, ਸਹਾਇਕ ਹੈ, ਪਿਤਾ ਹੈ ਅਤੇ ਸੁਖ ਪ੍ਰਦਾਨ ਕਰਨ ਵਾਲਾ ਹੈ। ਖਾਲਸਾ ਮੇਰਾ ਧਰਮ ਅਰ ਕਰਮ ਹੈ, ਸੱਜਣ ਹੈ, ਸੂਰਾ ਹੈ, ਮੇਰਾ ਗਿਆਨ ਹੈ ਯਥਾ :

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਾਹਿ ਹੋ ਕਰੋ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ। ਖਾਲਸੇ ਕੇ ਹੋ ਸਦ ਸਦ ਸੰਗਾ।

ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹਿਅਤ ਬਿਰਦ।
ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।
ਖਾਲਸਾ ਮੇਰੋ ਬੁਧ ਅਰ ਗਿਆਨ। ਖਾਲਸੇ ਕਾ ਹੋ ਧਰੋ ਧਿਆਨ।[12]

ਗੁਰੂ ਗੋਬਿੰਦ ਸਿੰਘ ਜੀ ਨੇ ਸਤਿ-ਸੰਗਤਿ ਨੂੰ ਖਾਲਸੇ ਦਾ ਸਰੂਪ ਪ੍ਰਦਾਨ ਕਰਕੇ ਗੁਰਸਿੱਖਾਂ ਨੂੰ ਸੰਤ-ਸਿਪਾਹੀ ਬਣਾ ਦਿੱਤਾ। ਸਤਿ-ਸੰਗਤ ਪ੍ਰਤੀ ਗੁਰੂ ਜੀ ਦੁਆਰਾ ਪ੍ਰਗਟਾਇਆ ਇਹ ਆਦਰ ਸਤਿਕਾਰ, ਸਤਿਗੁਰੂ ਵੀਹ ਹਿੱਸੇ ਤੇ ਸੰਗਤਿ ਇੱਕੀ ਹਿੱਸੇ ਵਾਲੀ ਧਾਰਣਾ ਵਲ ਸੰਕੇਤ ਹੈ। ਜੀਵਨ ਦੇ ਅੰਤਿਮ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ-ਦੀ-ਮੂਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗਦੀ ਦੇ ਕੇ ਸਤਿ-ਸੰਗਤਿ ਦੇ ਗੋਰਵ ਨੂੰ ਹੋਰ ਵਧਾ ਦਿੱਤਾ। ਪੰਥ ਦੇ ਸਾਰੇ ਫੈਸਲੇ ਸਤਿ-ਸੰਗਤਿ ਦੀ ਸੰਮਤੀ ਨਾਲ ਹੋਣ ਲਗੇ। ਅੱਜ ਸਿੱਖ ਧਰਮ ਦਾ ਧੁਰਾ-ਸੰਗਤਿ ਹੈ। ਭਾਈ ਨੰਦ ਲਾਲ ਜੀ ਨੇ ਗੁਰਸਿੱਖ ਦੇ ਕਰਮ ਨੂੰ ਇਉਂ ਦਰਸਾਇਆ ਹੈ :

ਨੰਦ ਲਾਲ ਤੁਮ ਬਚਨ ਸੁਨ ਸੁਖ ਕਰਮ ਹੈ ਏਹ।
ਨਾਮ ਦਾਨ ਇਸ਼ਨਾਨ ਬਿਨ ਕਰੈ ਨ ਇਨ ਬਿਨ ਨੇਹ।
ਪ੍ਰਾਤਕਾਲ ਸਤਿਸੰਗ ਨ ਜਾਵੈ। ਤਨਖਾਹਦਾਰ ਉਹ ਬੜਾ ਕਹਾਵੈ।
ਨਿਰਧਨ ਦੇਖ ਨ ਪਾਸ ਬੈਠਾਵੈ। ਵਰ ਤਨਖਾਹੀ ਮੂਲ ਕਹਾਵੈ।

ਗੁਰਮਤਿ ਰਹਿਤ-ਮਰਯਾਦਾ ਅਨੁਸਾਰ ਸਤਿ-ਸੰਗਤਿ ਵਿਚ ਨੇਮ ਨਾਲ ਹਾਜ਼ਰੀ ਭਰਨੀ ਤੇ ਨਾਮ ਜਪਣਾ ਸਿੱਖ ਦਾ ਨਿਤ ਨੇਮ ਹੈ। ਧਿਆਨ ਯੋਗ ਰਖਣ ਵਾਲੀ ਗੱਲ ਇਹ ਹੈ ਕਿ ਰਾਧਾ ਸਵਾਮੀ ਅਤੇ ਨਿਰੰਕਾਰੀ ਸਤਿ-ਸੰਗਿ ਜਿਨ੍ਹਾਂ ਦਾ ਮੂਲ-ਆਧਾਰ ਦੇਹਧਾਰੀ ਗੁਰੂ ਹਨ, ਗੁਰਮਤਿ ਵਿਚ ਪਰਵਾਨ ਨਹੀਂ ਹਨ। ਸੁਆਰਥ ਨੂੰ ਮੁੱਖ ਰਖ ਕੇ ਇਕੱਤਰ ਕੀਤੀਆਂ ਗਈਆਂ ਅਜਿਹੀਆਂ ਮੰਡਲੀਆਂ ਇਕ ਪ੍ਰਕਾਰ ਦਾ ਇਕੱਠ ਹਨ, ਹਜੂਮ ਹਨ। ਗੁਰਮਤਿ ਅਨੁਸਾਰ ਇਨ੍ਹਾਂ ਨੂੰ ਸਤਿ-ਸੰਗਿ ਕਹਿਣਾ ਬਜਰ ਕੁਕਰਮ ਹੈ।

ਹਵਾਲੇ

1. ਪ੍ਰੋਫੈਸਰ ਗੁਲਵੰਤ ਸਿੰਘ, *ਗੁਰੂ ਨਾਨਕ ਦੇਵ ਅਤੇ ਤਸਵਫ,* ਗੁਰੂ ਨਾਨਕ ਸੰਬੰਧੀ ਤਿੰਨ ਖੋਜ-ਪੱਤਰ, ਪੁਸਤਕ ਵਿਚ ਪ੍ਰਕਾਸ਼ਿਤ ਲੇਖ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 81
2. ਭਾਈ ਕਾਨ੍ਹ ਸਿੰਘ, *ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (1960 ਈ. ਵਾਲੀ ਛਾਪ)
3. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. ੨੭੧-੭੨
4. *ਵਾਰਾਂ ਭਾਈ ਗੁਰਦਾਸ,* 29.2
5. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. ੧੨੬੦
6. *ਉਹੀ,* ਪੰ. ੬੯੪
7. *ਵਾਰਾਂ ਭਾਈ ਗਰਦਾਸ,* 1.3
8. *ਉਹੀ,* 12.16
9. *ਉਹੀ,* 1.24
10. *ਉਹੀ,* 1.38
11. *ਉਹੀ,* 41.3
12. *ਸਰਬ ਲੋਹ ਗ੍ਰੰਥ* (ਖਾਲਸਾ ਮਹਿਮਾ)।

ਸਤਿ ਸੰਗਤ—ਸਮਾਜ ਵਿਗਿਆਨਕ ਦ੍ਰਿਸ਼ਟੀਕੋਣ

ਡਾ. ਪਰਕਾਸ਼ ਸਿੰਘ ਜੰਮੂ

1. ਜਾਣ-ਪਛਾਣ : ਮਨੁੱਖੀ ਸਮਾਜ ਦੀ ਗੱਲ ਤਾਂ ਹਰ ਕੋਈ ਕਰਦਾ ਹੈ, ਪਰ ਸਮਾਜ ਹੈ ਕੀ ਅਤੇ ਸਮਾਜ ਦੀ ਗੱਲ ਕਰਦਿਆਂ ਕੀ ਚੀਜ਼ ਵਿਚਾਰ ਗੋਚਰ ਕੀਤੀ ਜਾ ਰਹੀ ਹੁੰਦੀ ਹੈ, ਇਸ ਬਾਰੇ ਲੋਕ ਹਮੇਸ਼ਾਂ ਬਹੁਤਾ ਸਪੱਸ਼ਟ ਨਹੀਂ ਹੁੰਦੇ। ਇਸ ਵਿਸ਼ੇ ਤੇ ਸਮਾਜ ਵਿਗਿਆਨੀਆਂ ਦੇ ਦ੍ਰਿਸ਼ਟੀਕੋਣ ਵੀ ਵੱਖ ਵੱਖ ਹਨ। ਕੋਈ ਇਸ ਨੂੰ ਸਮਾਜਿਕ 'ਸਮੂਹਾਂ' ਦਾ ਅਧਿਐਨ ਸਮਝਦਾ ਹੈ, ਕੋਈ ਸਮਾਜਿਕ 'ਤੱਥਾਂ' ਦਾ। ਕੋਈ ਆਪਣਾ ਧਿਆਨ ਸਮਾਜ ਪਰਿਕਿਰਿਆਵਾਂ ਉੱਤੇ ਕੇਂਦਰਿਤ ਕਰਦਾ ਹੈ ਅਤੇ ਕੋਈ ਸਮਾਜਿਕ 'ਲਹਿਰਾਂ' ਤੇ। ਕੋਈ ਸਮਾਜਿਕ ਵਰਗ ਰਚਨਾ ਅਤੇ ਉਹਨਾਂ ਵਿਚਲੇ ਵਿਰੋਧਾਂ ਅਤੇ ਸਮਾਜਿਕ 'ਤਾਕਤਾਂ' ਦੀ ਗੱਲ ਕਰਦਾ ਹੈ ਅਤੇ ਕੋਈ ਸਮਾਜਿਕ ਕਾਰਜ ਨੂੰ ਸਮਾਜ ਵਿਗਿਆਨ ਦਾ ਵਿਸ਼ਾ ਮੰਨਦਾ ਹੈ।

ਇਸ ਪ੍ਰਸੰਗ ਵਿਚ ਇਕ ਨਜ਼ਰੀਆ, ਜੋ ਕਾਫ਼ੀ ਉਭਰ ਕੇ ਅੱਗੇ ਆਇਆ ਹੈ, ਉਹ ਸਮਾਜ ਨੂੰ ਅੰਤਰ-ਸੰਬੰਧਿਤ 'ਸੰਸਥਾਵਾਂ' ਦੇ ਸੰਗਠਨ ਦੇ ਰੂਪ ਵਿਚ ਵੇਖਣ ਦਾ ਹੈ। ਮਨੁੱਖਾਂ ਦੀਆਂ ਕਈ ਕਿਸਮ ਦੀਆਂ ਲੋੜਾਂ ਹਨ, ਜਿਹਨਾਂ ਦੀ ਪੂਰਤੀ ਲਈ ਉਹਨਾਂ ਨੂੰ ਹੋਰ ਲੋਕਾਂ ਨਾਲ ਸਹਿਯੋਗ ਕਰਨਾ ਪੈਂਦਾ ਹੈ। ਇਸ ਪਰਕਿਰਿਆ ਵਿਚ ਉਹ ਆਪਣਾ ਕੰਮ ਚਲਾਉਣ ਲਈ ਕਾਰਜ ਵਿਧੀ ਦੇ ਕੁਝ ਨਿਯਮ ਬਣਾ ਲੈਂਦੇ ਹਨ, ਜਿਹਨਾਂ ਨੂੰ ਸੰਸਥਾਵਾਂ ਆਖਿਆ ਜਾਂਦਾ ਹੈ। ਵੱਖ ਵੱਖ ਸਮਾਜਿਕ ਅਤੇ ਭੂਗੋਲਿਕ ਸਥਿਤੀਆਂ ਵਿਚ ਰਹਿਣ ਵਾਲੇ ਲੋਕਾਂ ਦੇ ਵੱਖ ਵੱਖ ਸੰਸਥਾਤਮਕ ਢਾਂਚੇ ਹੁੰਦੇ ਹਨ ਜੋ ਉਹਨਾਂ ਦੇ ਵਾਤਾਵਰਣ ਨਾਲ ਮੇਲ ਖਾਣ ਦਾ ਝੁਕਾਅ ਰਖਦੇ ਹਨ। ਸਮਾਜ ਇਹਨਾਂ ਸੰਸਥਾਵਾਂ ਦਾ ਸੰਗਠਨ ਹੈ। ਸਮਾਜ ਵਿਗਿਆਨੀ ਇਹਨਾਂ ਸੰਸਥਾਵਾਂ ਦਾ ਵਰਗੀਕਰਣ ਆਰਥਿਕ, ਰਾਜਨੀਤਿਕ, ਸਮਾਜਿਕ , ਸਾਕਾਦਾਰੀ, ਧਾਰਮਿਕ ਆਦਿ ਸੰਸਥਾਵਾਂ ਦੇ ਰੂਪ ਵਿਚ ਕਰਦੇ ਹਨ। ਇਥੇ ਸਤਿ ਸੰਗਤ ਨੂੰ ਇਕ (ਧਾਰਮਿਕ) ਸੰਸਥਾ ਦੇ ਰੂਪ ਵਿਚ ਵੇਖਿਆ ਗਿਆ ਹੈ।

ਸਾਹਿਤ ਅਤੇ ਫ਼ਲਸਫ਼ੇ ਦੇ ਪਿਛੋਕੜ ਵਾਲੇ ਵਿਦਵਾਨ ਸਤਿ ਸੰਗਤ ਦਾ ਅਧਿਐਨ ਇਸ ਸੰਕਲਪ ਦੇ ਸਪਸ਼ਟੀਕਣ ਦੁਆਰਾ ਕਰਦੇ ਹਨ। ਇਤਿਹਾਸਕਾਰ ਵੱਖ ਵੱਖ ਸੋਮਿਆਂ ਅਤੇ ਪ੍ਰਸੰਗਾਂ ਵਿਚ ਇਸ ਦੀ ਵਿਆਪਕਤਾ ਅਤੇ ਰੂਪ ਦਾ ਵਰਣਨ ਕਰਦੇ ਹਨ ਜਿਸ ਦੇ ਆਧਾਰ ਉਪਰ ਇਸ ਸੰਸਥਾ ਦੇ ਕਰਮ ਵਿਕਾਸ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਇਸ ਪਰਚੇ ਦਾ ਮਨੋਰਥ ਪੰਜਾਬੀ ਸਮਾਜ ਦੇ ਪ੍ਰਸੰਗ ਵਿਚ ਇਕ ਆਦਰਸ਼ਕ ਵੰਨਗੀ ਦੇ ਰੂਪ ਵਿਚ ਇਸ

ਸੰਸਥਾ ਦੀ ਬਣਤਰ ਅਤੇ ਇਸ ਦੀਆਂ ਸਮਾਜ ਅਤੇ ਮਨੁੱਖ ਨੂੰ ਦੇਣਾਂ ਨੂੰ ਉਜਾਗਰ ਕਰਨਾ ਹੈ। ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਪੰਜਾਬੀ ਸਮਾਜ ਅਤੇ ਇਸ ਦੀ ਧਾਰਮਿਕਤਾ ਦਾ ਸੰਖੇਪ ਵਰਣਨ ਜ਼ਰੂਰੀ ਪਰਤੀਤ ਹੁੰਦਾ ਹੈ।

2. **ਪੰਜਾਬੀ ਦੀ ਸਮਾਜੀ ਧਾਰਮਿਕ ਬਣਤਰ** (Structure) : ਸਿੱਖ ਸਮਾਜ ਦੇ ਵਿਕਾਸ ਤੋਂ ਪਹਿਲਾਂ ਦੇ ਪੰਜਾਬੀ ਸਮਾਜ ਨੂੰ ਕਬਾਇਲੀ, ਹਿੰਦੂ ਅਤੇ ਮੁਸਲਮ ਸਮਾਜ ਦੇ ਰੂਪਾਂ ਵਿਚ ਵੇਖਿਆ ਜਾ ਸਕਦਾ ਹੈ। ਹਰ ਕਬੀਲਾ ਆਪਣੇ ਆਪ ਵਿਚ ਇਕ ਪੂਰਨ ਸਮਾਜ ਹੁੰਦਾ ਹੈ, ਜਿਸ ਦੀ ਆਪਣੀ ਹੀ ਸਮਾਜਿਕ, ਆਰਥਿਕ ਰਾਜਨੀਤਿਕ ਅਤੇ ਧਾਰਮਿਕ ਬਣਤਰ ਹੁੰਦੀ ਹੈ। ਇਹ ਹਿੰਦੂ ਸਮਾਜ ਦੀਆਂ ਹੱਦਾਂ ਤੋਂ ਬਾਹਰ (ਪੰਜਵਾਂ ਵਰਣ) ਹੈ। ਹਿੰਦੁਸਤਾਨ ਦੀ ਵਸੋਂ ਦਾ ਦਸਵਾਂ ਹਿੱਸਾ ਅਜੇ ਵੀ ਕਬਾਇਲੀ ਸਮਾਜਾਂ ਵਿਚ ਰਹਿੰਦਾ ਹੈ। ਪੰਜਾਬ ਵਿਚ ਇਹ ਹੁਣ ਕੇਵਲ 0.5% ਹੈ ਪਰ ਇਹ ਉਸ ਵੇਲੇ ਨਿਸਚੇ ਹੀ ਵਧੇਰੇ ਹੋਵੇਗੀ। ਕਬੀਲਿਆਂ ਦਾ ਧਰਮ ਇਕੱਤਰਕਾਰੀ (congregational) ਕਿਸਮ ਦਾ ਹੁੰਦਾ ਹੈ। ਕਬੀਲੇ ਦੇ ਲੋਕ ਇਕੱਠੇ ਹੋ ਕੇ ਧਾਰਮਿਕ ਸਮਾਗਮ ਮਨਾਉਂਦੇ ਹਨ ਅਤੇ ਇਕੱਠੇ ਗਾਉਣਾ, ਖਾਣਾ, ਪੀਣਾ, ਨ਼ਚਣਾ ਅਤੇ ਪ੍ਰਾਰਥਨਾ ਕਰਨਾ ਕਬਾਇਲੀ ਧਰਮ ਦੇ ਮੁੱਖ ਨਕਸ਼ ਹੁੰਦੇ ਹਨ।

ਹਿੰਦੂ ਸਮਾਜ ਕਿਰਤ ਦੀ ਵਧੇਰੇ ਰਵਾਇਤੀ ਕਿਰਤੀ ਵੰਡ ਤੇ ਆਧਾਰਤ ਹੈ ਜੋ ਕਿੱਤੇ ਦੇ ਆਧਾਰ ਦੇ ਚਾਰ ਮੁਖ ਵਰਗਾਂ (ਵਰਣਾਂ) ਵਿਚ ਵੰਡਿਆ ਹੋਇਆ ਹੈ। ਇਹ ਵਰਣ ਅੱਗੇ ਜਾਤਾਂ ਵਿਚ ਵੰਡੇ ਹੋਏ ਹਨ। ਵਿਅਕਤੀ ਆਪਣੇ ਜੀਵਨ ਵਿਚ ਆਪਣਾ ਜਾਤ-ਕਿੱਤਾ ਬਦਲ ਨਹੀਂ ਸਕਦਾ। ਇਹ ਵੱਖ ਵੱਖ ਜਾਤ-ਸਮੂਹ ਆਰਥਿਕ ਤੌਰ ਤੇ ਇਕ ਦੂਜੇ ਨਾਲ ਅੰਤਰ ਸੰਬੰਧਿਤ ਹਨ ਪਰ ਸਮਾਜੀ-ਧਾਰਮਿਕ ਪੱਖ ਤੋਂ ਬਹੁਤ ਸੁਤੰਤਰ ਹਨ। ਵਿਅਕਤੀ ਦਾ ਖਾਣਾ, ਪੀਣਾ, ਵਿਆਹ ਅਤੇ ਹੋਰ ਅੰਤਰ-ਸੰਬੰਧ ਮੁਖ ਰੂਪ ਵਿਚ ਇਸ ਦੇ ਜਾਤ-ਸਮੂਹ ਨਾਲ ਸੰਬੰਧਿਤ ਹਨ। ਹਿੰਦੂ ਮਤ ਇਹਨਾਂ ਆਰਥਿਕ, ਸਮਾਜਿਕ, ਧਾਰਮਿਕ ਅਤੇ ਸਾਕਾਦਾਰੀ ਅਤੇ ਵਰਤਣ ਵਿਵਹਾਰ ਦੇ ਵਖਰੇਵਿਆਂ ਨੂੰ ਪਰਵਾਨਗੀ ਦਿੰਦਾ ਹੈ ਅਤੇ ਇਹਨਾਂ ਹੱਦਾਂ ਦੀ ਉਲੰਘਣਾ ਲਈ ਸਜ਼ਾਵਾਂ ਨਿਸਚਿਤ ਕਰਦਾ ਹੈ। ਇਹਨਾਂ ਸਾਰੇ ਸਮੂਹਾਂ ਦੇ ਆਪਣੇ ਹੀ ਇਸ਼ਟ ਹਨ, ਜਿਹਨਾਂ ਦੀ ਗਿਣਤੀ ਲੱਖਾਂ ਵਿਚ ਚਲੀ ਜਾਂਦੀ ਹੈ। ਹਿੰਦੂ ਧਰਮ ਵਿਚ ਪੂਜਾ ਇਕ ਨਿੱਜੀ ਮਾਮਲਾ ਹੈ, ਜੋ ਵਿਅਕਤੀ ਇਕ ਤਿਉਹਾਰ ਦੇ ਰੂਪ ਵਿਚ ਆਪਣੇ ਘਰ ਜਾਂ ਵਿਅਕਤੀਗਤ ਤੌਰ ਤੇ ਜਾਂ ਜਦੋਂ ਚਾਹੇ, ਮੰਦਰ ਵਿਚ ਜਾਂ ਕੇ ਕਰ ਸਕਦਾ ਹੈ। ਇਸ ਵਿਚ ਅਜਿਹੀ ਕੋਈ ਪਰਣਾਲੀ ਨਹੀਂ, ਜੋ ਸਾਰੇ ਸਮੂਹਾਂ ਵਿਚ ਧਾਰਮਿਕ ਜਾਂ ਭਾਵੁਕ ਸਾਂਝ ਪੈਦਾ ਕਰਕੇ ਇਨ੍ਹਾਂ ਨੂੰ ਇਕੱਠੇ ਤੇ ਪਰਬੰਧਤ ਕਰੇ। ਸ਼ਾਇਦ ਇਹੀ ਕਾਰਨ ਸੀ ਕਿ ਹਿੰਦੂ ਸਮਾਜ ਨੂੰ ਵੱਖ ਵੱਖ ਕਬੀਲਿਆਂ ਨੂੰ ਲਾਮਬੱਧ ਕਰ ਸਕਣ ਵਾਲੇ ਧਰਮ, ਇਸਲਾਮ ਦੇ ਅਨੁਆਈਆਂ ਦੀ ਕਈ ਸਦੀਆਂ ਗੁਲਾਮੀ ਕਰਨੀ ਪਈ।

ਜਿਵੇਂ ਕਿ "ਸੰਘਮ ਸ਼ਰਨਮ ਗਛਾਮੀ" ਦੇ ਸ਼ਬਦਾਂ ਤੋਂ ਪਤਾ ਲਗਦਾ ਹੈ, ਬੁੱਧ ਧਰਮ ਵਿਚ ਸਮਾਜ ਨੂੰ ਪਰਬੰਧਤ ਕਰਨ ਲਈ ਸੰਸਥਾਤਮਕ ਢਾਂਚਾ ਖੜਾ ਕੀਤਾ ਗਿਆ ਪਰ ਅਹਿੰਸਾ ਤੇ ਲੋੜ ਤੋਂ ਵੱਧ ਜ਼ੋਰ ਦੇ ਕਾਰਨ ਇਹ ਧਰਮ ਬਹੁਤਾ ਚਿਰ ਇਥੇ ਜ਼ਿੰਦਾ ਨਾ ਰਹਿ ਸਕਿਆ।

ਇਸਲਾਮ ਵਿਚ, ਜੋ ਕਿ ਸਿੱਧਾ ਕਬਾਇਲੀ ਸਮਾਜ ਵਿਚੋਂ ਪੈਦਾ ਹੋਇਆ, ਲੋਕਾਂ ਨੂੰ ਇਕੱਠੇ ਕਰਨ ਅਤੇ ਸਮਾਜਿਕ ਕਾਰਜਾਂ ਨੂੰ ਉਤੇਜਤ ਕਰਨ ਵਾਲੇ ਅੰਸ਼ਾਂ ਦਾ ਸੰਸਥਾਈਕਰਣ ਕੀਤਾ ਗਿਆ। ਮੁਸਲਮਾਨਾਂ ਵਿਚ ਘੱਟੋ ਘੱਟ ਹਫਤੇ ਵਿਚ ਇਕ ਵਾਰ ਇਕੱਠੇ ਨਿਮਾਜ਼ ਪੜ੍ਹਨ

ਉੱਤੇ ਜ਼ੋਰ ਦਿੱਤਾ ਗਿਆ, ਜਿਸ ਨਾਲ ਲੋਕਾਂ ਨੂੰ ਇਕੱਠੇ ਅਤੇ ਪਰਬੰਧਤ ਹੋਣ ਦਾ ਮੌਕਾ ਮਿਲਿਆ ਤੇ ਉਹਨਾਂ ਨੇ ਇਕ ਵੱਡੀ ਜੱਥੇਬੰਦੀ ਵੀ ਬਣਾ ਲਈ, ਜਿਸ ਨਾਲ ਉਹਨਾਂ ਦੁਨੀਆਂ ਵਿਚ ਮਹਾਨ ਜਿੱਤਾ ਪਰਾਪਤ ਕੀਤੀਆਂ। ਪੰਜਾਬੀ ਮੁਸਲਮ ਸਮਾਜ ਦੇ ਦੋ ਵਰਗਾਂ ਵਿਚ ਇਸ ਅੰਸ਼ ਦੇ ਰੂਪਾਂ ਵਿਚ ਕੁਝ ਫ਼ਰਕ ਹੈ। ਉਪਰਲੇ ਤਬਕੇ ਨੂੰ ਸ਼ਰਈ ਕਿਸਮ ਦਾ ਰਸਮਬੱਧ ਇਸਲਮ ਵਧੇਰੇ ਢੁਕਦਾ ਸੀ। ਰਸਮੀ ਤੌਰ ਤੇ ਮਸੀਤ ਜਾਣਾ, ਨਮਾਜ਼ ਪੜਨਾ, ਮਤੇ ਪਕਾਉਣਾ, ਮਸਲਿਆਂ ਦਾ ਹਲ ਲਭਣਾ ਅਤੇ ਆਮ ਲੋਕਾਂ ਨਾਲ ਕਾਰਜਸ਼ੀਲ ਸੰਬੰਧ ਰਖਣਾ ਉਹਨਾਂ ਲਈ ਠੀਕ ਸਨ। ਪਰ ਇਸਲਾਮ ਵਿਚਲੇ ਸ਼ੋਸ਼ਤ ਵਰਗ ਵਿਚ ਇਸ ਅੰਸ਼ ਨੇ ਸੂਫ਼ੀ ਪਰੰਪਰਾ ਦਾ ਰੂਪ ਧਾਰਨ ਕੀਤਾ। ਇਸ ਵਿਚ ਇਕੱਠੇ ਬਹਿਣਾ, ਤਮਾਕੂ ਪੀਣਾ, ਗਾਉਣਾ, ਨੱਚਣਾ ਅਤੇ ਖਾਣਾ ਆਦਿ ਕਾਰਜ ਸ਼ਾਮਲ ਸਨ।

ਸਿੱਖ ਮਤ ਵਿਚ ਵੀ ਇਸ ਇਕੱਤਰਕਾਰੀ ਨਿਯਮ ਦਾ ਸੰਸਥਾਈਕਰਣ ਕੀਤਾ ਗਿਆ ਹੈ। ਸਤਿ ਸੰਗਤ ਇਕ ਅਜਿਹੀ ਸੰਸਥਾ ਹੈ ਜਿਸ ਨੇ ਵੱਖ ਵੱਖ ਸਮੂਹਾਂ ਦੇ ਲੋਕਾਂ ਨੂੰ ਇਕੱਠੇ ਅਤੇ ਪਰਬੰਧਤ ਕਰਕੇ ਇਕ ਨਵੇਂ ਸਮਾਜ ਦੀ ਉਸਾਰੀ ਦੇ ਮਾਧਿਅਮ ਦਾ ਕੰਮ ਕੀਤਾ। ਇਸ ਪਰਚੇ ਵਿਚ ਉਹਨਾਂ ਸਾਰੇ ਅੰਸ਼ਾਂ ਦਾ ਵਰਣਨ ਕਰਨਾ ਦਾ ਯਤਨ ਗਿਆ ਹੈ ਜਿਹਨਾਂ ਨਾਲ ਸਤਿ ਸੰਗਤ ਬਣਦੀ ਹੈ ਅਤੇ ਇਸ ਦੁਆਰਾ ਸਮਾਜ ਅਤੇ ਮਨੁੱਖ ਨੂੰ ਦਿੱਤੀ ਗਈ ਦੇਣ ਨੂੰ ਉਲੀਕਣ ਦਾ ਵੀ ਯਤਨ ਕੀਤਾ ਗਿਆ ਹੈ।

3. **ਸਤਿ ਸੰਗਤ ਦੀ ਰਚਨਾ (ਬਣਤਰ)** : ਸਮਾਜ ਦੀ ਬਣਤਰ ਮਨੁੱਖੀ ਮੇਲ ਮਿਲਾਪ, ਸੰਗ ਜਾਂ ਅੰਤਰ-ਸੰਬੰਧਾਂ ਨਾਲ ਬਣਦੀ ਹੈ। ਇਸ ਮੇਲ ਮਿਲਾਪ ਦੇ ਤਿੰਨ ਰੂਪਾਂ ਵੱਲ ਸੰਕੇਤ ਕਰਨਾ ਜ਼ਰੂਰੀ ਜਾਪਦਾ ਹੈ। ਇਹ ਹਨ, ਸੰਗਤ, ਕੁਸੰਗਤ ਅਤੇ ਸਤਿ ਸੰਗਤ। ਸੰਗਤ ਦੇ ਮੁੱਖ ਅਰਥ ਹਨ ਸਾਧਾਰਣ ਮਨੁੱਖੀ ਮੇਲ ਮਿਲਾਪ ਜਿਸ ਵਿਚ ਚੰਗੇ ਜਾਂ ਭੈੜੇ ਦੀ ਭਾਵਨਾ ਨਹੀਂ ਹੁੰਦੀ। ਸਿੱਖ ਧਰਮ ਵਿਚ ਸੰਗਤ ਉਸ ਇਕਾਈ ਨੂੰ ਆਖਿਆ ਗਿਆ ਹੈ ਜੋ ਕਿਸੇ ਇਕ ਥਾਂ ਰਹਿਣ ਵਾਲੇ ਸਿੱਖਾਂ ਨੇ ਬਣਾਈ। ਕੁਸੰਗਤ ਮੇਲ ਜੋਲ ਦਾ ਉਹ ਰੂਪ ਹੈ ਜੋ ਕਿਸੇ ਸਮਾਜ ਜਾਂ ਵਿਅਕਤੀ ਲਈ ਚੰਗਾ ਨਹੀ ਸਮਝਿਆ ਜਾਂਦਾ। ਸਤਿ ਸੰਗਤ ਉਹ ਧਾਰਮਿਕ ਇਕੱਠ ਹੈ ਜਿਸ ਨੂੰ ਸਿੱਖ ਧਰਮ ਵਿਚ ਪਵਿੱਤਰ ਅਤੇ ਮਹਾਨ ਸਮਝਿਆ ਜਾਂਦਾ ਹੈ। ਪਰ ਗੁਰਬਾਣੀ ਵਿਚ ਸੰਗਤ ਅਤੇ ਸਤਿ ਸੰਗਤ ਨੂੰ ਇਕੋ ਭਾਵ ਵਿਚ ਵਰਤਿਆ ਗਿਆ ਹੈ ਇਥੇ ਵੀ ਸੰਗਤ ਅਤੇ ਸਤਿ ਸੰਗਤ ਦੇ ਸ਼ਬਦਾਂ ਨੂੰ ਇਕੋ ਭਾਵ ਵਿਚ ਲਿਆ ਗਿਆ ਹੈ। ਇਸ ਦੇ ਰਚਨਾਤਮਕ ਅੰਸ਼ ਇਹ ਹਨ।

ਲੋਕਾਂ ਨੂੰ ਪਰਬੰਧਤ ਕਰਨ ਜਾਂ ਸਮੂਹ ਬਣਾਵੁਣ ਲਈ ਕਿਸੇ ਸਾਂਝੇ ਸੰਕੇਤ ਬਿੰਦੂ, ਉੱਦੇਸ਼ ਜਾਂ ਮਨੋਰਥ ਦਾ ਹੋਣਾ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿਚ ਕੋਈ ਸਮੂਹ ਚਿਰ-ਸਥਾਈ ਨਹੀਂ ਰਹਿ ਸਕਦਾ। ਬਹੁਤੇ ਸੰਕੇਤ ਬਿੰਦੂਆਂ ਦੀ ਹੋਂਦ ਦੀ ਹਾਲਤ ਵਿਚ ਇਕ ਸਮੂਹ ਦੇ ਰੂਪ ਵਿਚ ਸੰਗਠਨ ਨਹੀ ਪੈਦਾ ਹੋ ਸਕਦਾ। ਸਿੱਖ ਮਤ ਵਿਚ ਅਜਿਹਾ ਸੰਕੇਤ ਬਿੰਦੂ ਇਕ ਪਰਮਾਤਮਾ ਜਾਂ ਰੱਬ ਹੈ ਜਿਸਦੀ ਪਰਿਭਾਸ਼ਾ ਮੂਲ ਮੰਤਰ ਵਿਚ ਦਿੱਤੀ ਗਈ ਹੈ। ਇਹ ਕੇਵਲ ਇਕ ਹੈ ਤੇ ਇਸ ਦਾ ਨਾਮ ਹੀ ਸੱਚ ਹੈ। ਉਹ ਦੁਨੀਆਂ ਦਾ ਰਚਣਹਾਰ ਹੈ ਜੋ ਇਸਤਰੀ ਰੂਪ ਨਾ ਹੋ ਕੇ ਪੁਰਸ਼ ਰੂਪ ਹੈ। ਉਹ ਕਿਸੇ ਤੋਂ ਡਰਦਾ ਨਹੀ, ਨਾ ਕਿਸੇ ਨਾਲ ਵੈਰ ਵਿਰੋਧ ਰਖਦਾ ਹੈ। ਉਹ ਚੁਰਾਸੀ ਜਾਂ ਜਨਮ ਮਰਨ ਦੇ ਚੱਕਰਾਂ ਤੋਂ ਮੁਕਤ ਹੈ ਅਤੇ ਉਸਦਾ ਅਨੁਭਵ ਕੇਵਲ ਸਤਿਗੁਰ ਦੀ

ਕਿਰਪਾ ਨਾਲ ਹੋ ਸਕਦਾ ਹੈ। ਇਹ ਪਰਮਾਤਮਾ ਸਤਿ ਸੰਗਤ ਵਿਚ ਹੀ ਰਹਿੰਦਾ ਹੈ।

ਸੰਗਤ ਦੀ ਰਚਨਾ ਦਾ ਦੂਜਾ ਮਹੱਤਵਪੂਰਨ ਅੰਸ਼ ਸਤਿਗੁਰੂ[2] ਹੈ। ਕੋਈ ਵੀ ਕਸਬ, ਤਰੀਕਾ ਜਾਂ ਵਿਧੀ ਸਿਖਾਉਣ ਵਾਲਾ ਗੁਰੂ ਅਖਵਾ ਸਕਦਾ ਹੈ ਪਰ ਸਤਿਗੁਰੂ ਉਹ ਹੈ ਜੋ ਮਨੁੱਖ ਨੂੰ ਇਸ ਇਕੋ ਇਕ ਸਰਬ ਸ਼ਕਤੀਮਾਨ ਪਰਮਾਤਮਾ ਦਾ ਅਨੁਭਵ ਕਰਵਾਉਂਦਾ ਹੈ ਅਤੇ ਮਨੁੱਖ ਨੂੰ ਇਕ ਦੂਜੇ ਨਾਲ ਜੋੜਦਾ ਹੈ। ਹਿੰਦੂ ਅਤੇ ਸਿੱਖ ਪਰੰਪਰਾ ਵਿਚ ਗੁਰੂਆਂ ਦੀ ਬਹੁਤ ਭਰਮਾਰ ਰਹੀ ਹੈ, ਇਸ ਲਈ ਸੱਚੇ ਅਤੇ ਝੂਠੇ ਗੁਰੂਆਂ ਵਿਚ ਫਰਕ ਉਪਰ ਜ਼ੋਰ ਦਿੱਤਾ ਗਿਆ ਹੈ। ਸਿੱਖ ਸਮਾਜ ਵਿਚ ਪਹਿਲਾਂ ਗੁਰੂ ਦਾ ਰੂਪ ਪਰਤੱਖ[3] ਸੀ ਫੇਰ ਇਸ ਦੀ ਥਾਂ ਗੁਰੂਆਂ ਦੀ ਬਾਣੀ ਦੇ ਸਮੂਹ, ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਗਈ ਹੈ।[4] ਗੁਰੂ ਨੂੰ ਸੂਖਮ ਰੂਪ ਵਿਚ ਹਰ ਸਤਿ ਸੰਗਤ ਵਿਚ ਵਿਆਪਕ ਸਮਝਿਆ ਜਾਂਦਾ ਹੈ।

ਸਤਿ ਸੰਗਤ ਦਾ ਤੀਜਾ ਅੰਸ਼ ਆਮ ਲੋਕ ਹਨ। ਇਸ ਲੋਕ ਸਮੂਹ ਦੀ ਬਣਤਰ ਕਈ ਹੋਰ ਧਰਮਾਂ ਤੋਂ ਵੱਖ ਹੈ। ਇਸਲਾਮ ਵਿਚ ਇਸਤਰੀਆਂ ਇਸ ਵਿਚ ਸ਼ਾਮਲ ਨਹੀਂ। ਬੁੱਧ ਮਤ ਵਿਚ ਵੀ ਸੰਘਮ ਵਿਚ ਇਸਤਰੀਆਂ ਦੀ ਸ਼ਮੂਲੀਅਤ ਨੂੰ ਮੁਸ਼ਕਲ ਨਾਲ ਹੀ ਪਰਵਾਨਗੀ ਮਿਲੀ ਸੀ ਪਰ ਸਿੱਖ ਸੰਗਤ ਵਿਚ ਇਸਤਰੀਆਂ, ਬੱਚੇ, ਬੁੱਢੇ ਸਭ ਨੂੰ ਸ਼ਾਮਲ ਕੀਤਾ ਗਿਆ ਹੈ।

ਲੋਕਾਂ ਦੇ ਇਸ ਸਮੂਹ ਦਾ ਜ਼ਰੂਰੀ ਕਾਰਜ ਬਰਾਬਰੀ ਦੀ ਭਾਵਨਾ ਹੈ। ਗੁਰੂ ਦੇ ਸਾਹਮਣੇ ਸਭ ਬਰਾਬਰ ਹਨ ਅਤੇ ਉਹ ਕਿਸੇ ਜਾਤ ਜਾਂ ਪਦਵੀ ਦੇ ਫਰਕ ਦੀ ਭਾਵਨਾ ਦੇ ਉਲਟ ਸੰਗਤ ਵਿਚ ਇਕ ਦੂਜੇ ਨਾਲ ਮਿਲਕੇ ਬਹਿੰਦੇ ਹਨ। ਕਿਸੇ ਦੀ ਛੋਹ ਦੂਜਿਆਂ ਨੂੰ ਭਿਟਦੀ ਨਹੀਂ। ਸਭ ਤੋਂ ਨੀਵੀਂ ਜਾਤ ਵਾਲਾ ਆਦਮੀ ਵੀ ਸੰਗਤ ਵਿਚ ਦੂਜਿਆਂ ਦੇ ਬਰਾਬਰ ਹੈ।

ਸ਼ਰਧਾ ਅਤੇ ਭਗਤੀ ਭਾਵਨਾ ਸੰਗਤ ਵਿਚ ਆਉਣ ਵਾਲੇ ਵਿਅਕਤੀਆਂ ਦੇ ਰਵੱਈਏ ਅਤੇ ਵਤੀਰੇ ਦਾ ਜ਼ਰੂਰੀ ਭਾਗ ਹਨ। ਵਿਅਕਤੀ ਸੰਗਤ ਵਿਚ ਸ਼ਾਮਲ ਹੋਣ ਲਗਿਆਂ ਗੁਰੂ ਅੱਗੇ (ਚਰਨਾਂ ਵਿਚ) ਸਿਰ ਨਿਵਾਉਂਦਾ ਹੈ ਅਤੇ ਬਾਕੀ ਦੀ ਸੰਗਤ ਨੂੰ ਵੀ ਨਮਸਕਾਰ ਕਰਦਾ ਹੈ। ਗੁਰੂ ਦੇ ਸ਼ਬਦਾਂ ਨੂੰ ਬੜੀ ਸ਼ਰਧਾ ਨਾਲ ਸੁਣਦਾ ਅਤੇ ਅਪਨਾਉਂਦਾ ਹੈ।

ਆਮ ਧਾਰਮਿਕ ਕਾਰਜ ਅਤੇ ਸੰਗਤ ਦਾ ਇਕ ਜ਼ਰੂਰੀ ਨਕਸ਼ ਵਤੀਰਾ ਹੁੰਦਾ ਹੈ ਜੋ ਮਨੁੱਖ ਧਾਰਨ ਕਰਦਾ ਹੈ। ਇਥੇ ਰੱਬ ਵੀ ਪਵਿੱਤਰ ਹੈ, ਗੁਰੂ ਵੀ ਅਤੇ ਸੰਗਤ ਵੀ। ਇਸ ਵਿਚ ਸ਼ਾਮਲ ਹੋਣ ਲਈ ਸਰੀਰਕ ਸਫਾਈ ਜ਼ਰੂਰੀ ਹੈ। ਸਿੱਖ ਸੰਗਤ ਵਿਚ ਸ਼ਮਲ ਹੋਣ ਤੋਂ ਪਹਿਲਾਂ ਨਹਾਉਣਾ ਜਾਂ ਘੱਟੋ ਘੱਟ ਹੱਥ ਪੈਰ ਧੋਣਾ ਜ਼ਰੂਰੀ ਹੈ। ਇਸ ਦਾ ਪਰਬੰਧ ਕਰਨ ਲਈ ਹਰ ਗੁਰਦੁਆਰੇ ਵਿਚ ਤਲਾਬ ਬਣਾਇਆ ਜਾਂਦਾ ਹੈ ਜਾਂ ਨਹਾਉਣ ਦਾ ਕੋਈ ਹੋਰ ਪਰਬੰਧ ਕੀਤਾ ਜਾਂਦਾ ਹੈ।

ਸੰਗਤ ਲਈ ਲੋੜੀਂਦਾ ਰਵੱਈਆ ਤਨ, ਮਨ, ਧਨ ਅਰਪਣ ਕਰਨ ਵਾਲਾ ਹੈ। ਵਿਅਕਤੀ ਆਪਣੇ ਨਿੱਜੀ ਆਪੇ ਨੂੰ ਭੁੱਲ ਕੇ ਸਮੂਹ ਵਿਚ ਸ਼ਾਮਲ ਹੋਣ ਲਗਿਆਂ ਤਿਲ ਫੁੱਲ ਭੇਟ ਕਰਦਾ ਹੈ, ਜਿਸ ਦੇ ਕਈ ਰੂਪ ਹਨ। ਕੋਈ ਸੇਵਾ ਕਰਦਾ ਹੈ (ਪੱਖਾ ਫੇਰੀ ਪਾਣੀ ਢੋਵਾਂ), ਕੋਈ ਪਰਸ਼ਾਦ ਚੜ੍ਹਾਉਂਦਾ ਹੈ ਅਤੇ ਕੋਈ ਮਾਇਆ ਭੇਂਟ ਕਰਦਾ ਹੈ। ਇਸ ਭੇਂਟਾ ਨੂੰ ਮਿਆਰਬਧ ਕੀਤਾ ਗਿਆ ਹੈ। ਇਸ ਦੀ ਮਾਤਰਾ ਕਿਸੇ ਵਿਅਕਤੀ ਦੀ ਆਮਦਨ ਦਾ ਦਸਵਾਂ ਹਿੱਸਾ ਨਿਸਚਿਤ ਕੀਤੀ ਗਈ ਹੈ। ਪੈਸੇ ਤੋਂ ਇਲਾਵਾ ਸੰਗਤਾਂ ਹਾਥੀ, ਘੋੜੇ, ਹਥਿਆਰ,

ਕਪੜੇ, ਅਨਾਜ ਆਦਿ ਵਸਤਾਂ ਵੀ 'ਦਾਨ' ਕਰਦੀਆਂ ਰਹੀਆਂ ਹਨ।

ਸਤਿ ਸੰਗਤ ਦਾ ਮੁਖ ਉੱਦੇਸ਼ ਜਾਂ ਕਾਰਜ ਉਸ ਪਰਮਾਤਮਾ ਦਾ ਨਾਮ ਜਪਣਾ ਹੈ, ਜਿਸਦੀ ਉਪਰ ਪਰਿਭਾਸ਼ਾ ਕੀਤੀ ਗਈ ਹੈ। ਇਹ ਕਿਰਿਆ ਭਾਵ ਰਹਿਤ ਸੰਸਕਾਰ (ritual) ਬਣ ਕੇ ਵੀ ਰਹਿ ਸਕਦੀ ਹੈ ਪਰ ਅਸਲ ਵਿਚ ਇਹ ਮਨੁੱਖ ਲਈ ਉਸ ਦੇ ਆਪੇ ਤੋਂ ਉਪਰ ਉਠ ਕੇ ਕਿਸੇ ਉੱਚੀ ਹੋਂਦ ਨੂੰ ਅਨੁਭਵ ਕਰਨ ਦਾ ਸਾਧਨ ਹੈ। ਸੱਚ, ਕਾਰਜ ਅਤੇ ਪ੍ਰਾਪਤੀ ਇਕੋ ਲੜੀ ਦੀਆਂ ਕੜੀਆਂ ਹਨ ਅਤੇ ਨਾਮ ਜਪਣਾ ਟੀਚੇ ਉੱਤੇ ਧਿਆਨ ਕੇਂਦ੍ਰਿਤ ਕਰਨ ਦਾ ਸਾਧਨ ਹੈ।

ਕੀਰਤਨ[5], ਭਾਵ ਵੱਖ ਵੱਖ ਰਾਗਾਂ ਵਿਚ ਗੁਰਬਾਣੀ ਦਾ ਗਾਇਨ ਸੰਗਤ ਦਾ ਮੁੱਖ ਕਾਰਜ ਹੈ। ਸਾਰੀ ਗੁਰਬਾਣੀ ਛੰਦ ਵਿਚ ਲਿਖੀ ਗਈ ਹੈ ਅਤੇ ਇਸ ਨੂੰ ਵੱਖ ਵੱਖ ਰਾਗਾਂ ਵਿਚ ਗਾਉਣ ਦੀ ਪਰੰਪਰਾ ਕਾਇਮ ਹੈ। ਇਹ ਰਾਗ ਭਾਵਨਾਵਾਂ ਉਕਸਾਉਣ ਵਾਲੇ ਜਾਂ ਨਚਾਉਣ ਵਾਲੇ ਨਹੀਂ, ਸਗੋਂ ਮੁੱਖ ਰੂਪ ਵਿਚ ਸ਼ਾਂਤੀ, ਸ਼ਰਧਾ ਅਤੇ ਭਗਤੀ ਭਾਵਨਾ ਪੈਦਾ ਕਰਦੇ ਹਨ। ਸੰਗੀਤ ਸਾਂਝੀਆਂ ਮਨੁੱਖੀ ਭਾਵਨਾਵਾਂ ਜਗਾ ਕੇ, ਮਨੁੱਖੀ ਹੱਦਾਂ ਬੰਨੇ ਤੋੜ ਕੇ ਉਹਨਾਂ ਵਿਚ ਭਾਵੁਕ ਸਾਂਝ ਪੈਦਾ ਕਰਦਾ ਹੈ। ਇਹ ਭਾਵੁਕ ਸਾਂਝ ਬੋਧਿਕ ਸਾਂਝ ਤੋਂ ਵਧੇਰੇ ਡੂੰਘੀ ਅਤੇ ਦੇਰਪਾ ਹੁੰਦੀ ਹੈ। ਇਸ ਲਈ ਕੀਰਤਨ ਸੰਗਤ ਦਾ ਇਕ ਬਹੁਤ ਜ਼ਰੂਰੀ ਅੰਸ਼ ਹੈ।

ਸਿੱਖ ਮਤ ਕੇਵਲ ਭਗਤੀ ਭਾਵਨਾ ਹੀ ਪੈਦਾ ਨਹੀਂ ਕਰਦਾ, ਇਸ ਵਿਚ ਗਿਆਨ ਦੇ ਪੱਖ ਵੱਲ ਵੀ ਬਹੁਤ ਧਿਆਨ ਦਿੱਤਾ ਗਿਆ ਹੈ। ਪਰ ਜਦ ਤਕ ਗਿਆਨ ਨੂੰ ਛੱਟ ਛੰਡ ਨਹੀਂ ਲਿਆ ਜਾਂਦਾ ਜਾਂ ਵਿਚਾਰਗੋਚਰ ਨਹੀਂ ਕਰ ਲਿਆ ਜਾਂਦਾ ਉਦੋਂ ਤਕ ਉਹ ਉਪਭੋਗੀ' ਨਹੀਂ ਹੋ ਸਕਦਾ। ਸਤਿ ਸੰਗਤ ਵਿਚ ਵਿਚਾਰ ਵਟਾਂਦਰੇ ਦਾ ਪਰਬੰਧ ਇਸ ਦਾ ਸੰਸਥਾਈ ਕ੍ਰਿਤ ਰੂਪ ਹੈ। ਅਸਲ ਵਿਚ ਠੀਕ ਗਿਆਨ ਪੈਦਾ ਹੀ ਸੰਗਤ ਵਿਚ ਹੁੰਦਾ ਹੈ।[6]

ਗੁਰੂਆਂ ਦੁਆਰਾ ਪਰਦਾਨ ਕੀਤਾ ਗਿਆਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਆਮ ਆਦਮੀ ਦੀ ਸੂਝ ਤੋਂ ਕਾਫ਼ੀ ਹੱਦ ਤਕ ਬਾਹਰ ਹੈ। ਬੋਲੀ ਅਤੇ ਭਾਵ ਉਸ ਦੀ ਸਮਝ ਵਿਚ ਏਨੀ ਛੇਤੀ ਨਹੀਂ ਆਉਂਦੇ। ਇਸ ਲਈ ਵਿਆਖਿਆ ਦੀ ਪ੍ਰਥਾ ਸਤਿ ਸੰਗਤ ਦੀ ਕਾਰਜਵਿਧੀ ਦਾ ਇਕ ਅਨਿਖੜਵਾਂ ਅੰਗ ਹੈ।

ਸੰਗਤ ਵਿਚ ਗੁਰਬਾਣੀ ਵਿਆਖਿਆ ਅਤੇ ਵਿਚਾਰ ਵਟਾਂਦਰੇ, ਨਿਤਾਪ੍ਰਤੀ ਦੇ ਜੀਵਨ ਵਿਚ ਅਤੇ ਖਾਸ ਸਮਾਜਿਕ ਮਸਲਿਆਂ ਦੇ ਹੱਲ ਲੱਭਣ ਵਿਚ ਸਿੱਖਾਂ ਦੀ ਅਗਵਾਈ ਕਰਦੇ ਹਨ। ਸਮੱਸਿਆਵਾਂ ਦੇ ਹੱਲ ਗੁਰਬਾਣੀ ਦੀ ਰੋਸ਼ਨੀ ਵਿਚ ਲੱਭੇ ਜਾਂਦੇ ਹਨ ਅਤੇ ਸਰਬ ਸੰਮਤੀ ਨਾਲ ਫ਼ੈਸਲੇ ਕਰਕੇ ਗੁਰੂ ਦੇ ਵਾਕ ਰਾਹੀਂ ਪਰਵਾਨਗੀ ਦੇ ਦੇਣ ਪਿਛੋਂ ਇਹੀ 'ਗੁਰਮਤੇ' ਬਣ ਜਾਂਦੇ ਹਨ ਅਤੇ ਇਹਨਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਇਹ ਮਤੇ ਸਭ ਉੱਤੇ ਲਾਗੂ ਹੁੰਦੇ ਹਨ ਅਤੇ ਇਸ ਤਰ੍ਹਾਂ ਇਹਨਾਂ ਪ੍ਰਤੀ ਸਮੂਹਕ ਅਨੁਮਤੀ ਕਾਰਨ ਸਫਲਤਾ ਦੀ ਸੰਭਾਵਨਾ ਵੱਧ ਜਾਂਦੀ ਹੈ।

ਸੰਗਤ ਦੇ ਮਿਲਣ ਦਾ ਸਮਾਂ, ਇਕ ਹੋਰ ਜ਼ਰੂਰੀ ਨਕਸ਼ ਹੈ। ਇਹ ਆਮ ਤੌਰ ਤੇ ਸਵੇਰ ਦਾ ਵੇਲਾ ਹੁੰਦਾ ਹੈ। ਸਵੇਰੇ ਸਵੇਰੇ ਉਠ ਕੇ, ਨਹਾ ਧੋ ਕੇ, ਸੰਗਤ ਵਿਚ ਜਾਣ ਲਈ ਕਾਫ਼ੀ ਹਿੰਮਤ ਦੀ ਵੀ ਲੋੜ ਹੈ ਅਤੇ ਬਚਨਬੱਧਤਾ ਵੀ ਲੋੜੀਂਦੀ ਹੈ। ਇਸ ਨਾਲ ਸਵੇਰੇ ਤਾਜ਼ਾ ਦਿਮਾਗ ਆਦਮੀ ਵਧੇਰੇ ਚੰਗੇ ਫ਼ੈਸਲੇ ਕਰ ਸਕਦਾ ਹੈ ਅਤੇ ਉਸ ਨੂੰ ਦੁਨਿਆਵੀ ਕੰਮਾਂ ਲਈ

ਵਧੇਰੇ ਸਮਾਂ ਮਿਲ ਜਾਂਦਾ ਹੈ। ਇਸ ਤੋਂ ਬਿਨਾਂ ਰੱਬੀ ਪਰਵਾਨਗੀ ਉਸ ਨੂੰ ਦਿਨ ਦੇ ਕਾਰਜ ਲਈ ਵਧੇਰੇ ਬਲ ਦਾ ਸਾਧਨ ਬਣਦੀ ਹੈ। ਨਿਤਾ-ਪ੍ਰਤੀ ਸਵੇਰ ਦੀ ਸੰਗਤ ਤੋਂ ਇਲਾਵਾ ਖ਼ਾਸ ਸਮਿਆਂ ਜਿਵੇਂ ਕਿ ਸੰਗਰਾਂਦ, ਮੱਸਿਆ, ਪੁੰਨਿਆ, ਪੰਚਮੀ, ਵਿਸਾਖੀ, ਦੀਵਾਲੀ, ਅਤੇ ਗੁਰਪੁਰਬ ਦੇ ਮੌਕਿਆਂ ਤੇ ਸੰਗਤਾਂ ਦੇ ਵਿਸ਼ੇਸ਼ ਇਕੱਠ ਵੀ ਕੀਤੇ ਜਾਂਦੇ ਹਨ ਅਤੇ ਇਹਨਾਂ ਮੌਕਿਆਂ ਤੇ ਵੱਧ ਤੋਂ ਵੱਧ ਸੰਗਤਾਂ ਦੇ ਮੇਲ ਹੁੰਦੇ ਹਨ।

ਲਗਾਤਾਰ ਮੇਲ ਮਿਲਾਪ ਦੀ ਲੋੜ ਵਿਚੋਂ ਕਿਸੇ ਨਿਸਚਿਤ ਥਾਂ ਦੀ ਲੋੜ ਪੈਦਾ ਹੁੰਦੀ ਹੈ। ਪਹਿਲਾਂ ਪਹਿਲ ਇਹ ਇਕੱਠ ਕਿਸੇ ਸ਼ਰਧਾਲੂ ਦੇ ਘਰ ਹੁੰਦੇ ਸਨ। ਫੇਰ ਇਹ ਧਰਮਸ਼ਾਲਾ ਵਿਚ ਹੋਣ ਲਗੇ ਅਤੇ ਹੌਲੀ ਹੌਲੀ ਗੁਰਦੁਆਰੇ ਬਣ ਗਏ, ਜਿਥੇ ਸਮੂਹਕ ਜੀਵਨ ਲਈ ਪੂਜਾ, ਪਾਠ, ਖਾਣ, ਪੀਣ, ਨਹਾਉਣ ਅਤੇ ਯਾਤਰੀਆਂ ਲਈ ਰਹਿਣ ਦਾ ਪ੍ਰਬੰਧ ਵੀ ਜ਼ਰੂਰੀ ਹੋ ਗਿਆ। ਇਹ ਗੁਰਦੁਆਰੇ ਸਿੱਖੀ ਦੇ ਸੰਚਾਰ ਦਾ ਮੁਖ ਕੇਂਦਰ ਬਣੇ।

ਅਰਦਾਸ ਜਾਂ ਸਮੂਹਕ ਪ੍ਰਾਰਥਨਾ ਸਤਿ ਸੰਗਤ ਦਾ ਇਕ ਹੋਰ ਜ਼ਰੂਰੀ ਅੰਸ਼ ਹੈ। ਇਸ ਅਰਦਾਸ ਵਿਚ ਸਿੱਖ ਤਾਕਤ ਦੇ ਸੋਮੇ, ਗੁਰੂ ਗ੍ਰੰਥ, ਸ਼ਹੀਦਾਂ, ਹਠੀਆਂ ਤੇ ਤਪੀਆਂ ਦੁਆਰਾ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਆਪਣੇ ਵਿਰਸੇ ਨਾਲ ਜੁੜਦੇ ਹਨ। ਪਰਮਾਤਮਾ ਪਾਸੋਂ ਲੋੜੀਦੀਆਂ ਚੀਜ਼ਾਂ ਦੀ ਪ੍ਰਾਪਤੀ ਦੇ ਸੰਘਰਸ਼ ਵਿਚ ਲਾਉਣ ਲਈ ਬਲ ਦੀ ਮੰਗ ਕਰਦੇ ਹਨ। ਇਸ ਅਰਦਾਸ ਦਾ ਖਾਸ ਚਿੰਨ੍ਹ ਇਸ ਦੀ ਸਮੂਹਿਕਤਾ ਹੈ ਅਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸੰਗਤ ਦੀ ਸਾਂਝੀ ਅਰਦਾਸ ਹਮੇਸ਼ਾਂ ਪਰਵਾਨ ਹੁੰਦੀ ਹੈ।

ਕਿਸੇ ਵੀ ਸਮੂਹ ਵਾਂਗ ਸੰਗਤ ਦੀਆਂ ਇੱਛਾਵਾਂ ਹਨ, ਮਸਲੇ ਹਨ, ਲੋੜਾਂ ਹਨ, ਸਮੱਸਿਆਵਾਂ ਹਨ। ਇਹਨਾਂ ਦੀ ਪੂਰਤੀ ਅਤੇ ਹੱਲ ਲਈ ਪਰਮਾਤਮਾ ਦੀ ਪਰਵਾਨਗੀ ਅਤੇ ਬਖਸ਼ਿਸ਼ ਜ਼ਰੂਰੀ ਸਮਝੀ ਜਾਂਦੀ ਹੈ। ਇਹ ਵੇਖਣ ਲਈ ਕਿ ਸੰਗਤ ਦੀ ਪ੍ਰਾਰਥਨਾ ਪਰਵਾਨ ਹੋਈ ਹੈ ਜਾਂ ਨਹੀਂ, ਜਾਂ ਕੀ ਪਰਮਾਤਮਾ ਨੂੰ ਸੰਗਤ ਦਾ ਮਤਾ ਪਰਵਾਨ ਹੈ, ਵਾਕ ਲੈਣ ਦੀ ਪ੍ਰਥਾ ਸੰਗਤ ਦੁਆਰਾ ਅਪਣਾਈ ਗਈ ਕਾਰਜ-ਵਿਧੀ ਦਾ ਇਹ ਜ਼ਰੂਰੀ ਭਾਗ ਹੈ। ਪਰਤੱਖ ਗੁਰੂਆਂ ਦੇ ਸਮੇਂ ਤਾਂ ਉਹਨਾਂ ਦੇ ਬਚਨ ਹੀ ਕਾਫ਼ੀ ਸਨ ਪਰ ਗੁਰੂ ਗ੍ਰੰਥ ਵਿਚੋਂ ਇਸ ਅਨੁਮਤੀ ਦਾ ਪਤਾ ਲਾਉਣ ਲਈ ਕਿ ਖਾਸ ਕਾਰਜ-ਵਿਧੀ ਅਪਣਾਈ ਗਈ ਹੈ। ਸੰਭਵਤਾ (probability) ਦੇ ਅਸੂਲ ਅਨੁਸਾਰ ਕੋਈ ਪੰਨਾ ਕੱਢਕੇ ਇਕ ਸ਼ਬਦ ਪੜ੍ਹਿਆ ਜਾਂਦਾ ਹੈ ਅਤੇ ਇਸ ਨੂੰ ਗੁਰੂ ਦਾ ਵਾਕ ਸਮਝਿਆ ਜਾਂਦਾ ਹੈ। ਪਰਵਾਨਗੀ ਦੇ ਸੰਕੇਤ ਕਰਨ ਵਾਲਾ ਵਾਕ ਲੋੜੀਦੇ ਕਾਰਜ ਲਈ ਅਥਾਹ ਸ਼ਕਤੀ ਦਾ ਸੋਮਾ ਹੁੰਦਾ ਹੈ ਜੋ ਕਾਰਜ ਵਿਚ ਸਫਲਤਾ ਦੀ ਸੰਭਾਵਨਾ ਵਧਾਉਂਦਾ ਹੈ ਜਦ ਕਿ ਉਤਸ਼ਾਹ ਰਹਿਤ ਵਾਕ ਪ੍ਰਸਤਾਵਤ ਕਾਰਜ ਲਈ ਅਪਰਵਾਨਗੀ ਸਮਝਿਆ ਜਾਂਦਾ ਹੈ।

ਇਕੱਠੇ ਬਹਿਣ, ਗਾਉਣ, ਸੁਣਨ, ਵਿਚਾਰ ਵਟਾਂਦਰਾ ਕਰਨ ਅਤੇ ਅਰਦਾਸ ਕਰਨ ਤੋਂ ਇਲਾਵਾ ਇਕੱਠੇ ਖਾਣ ਦੀ ਪ੍ਰਥਾ ਸੰਗਤ ਦਾ ਭਾਗ ਰਹੀ ਹੈ। ਜਿਸ ਨੇ ਪਿਛੋਂ ਜਾ ਕੇ ਇਕ ਵੱਖਰੀ ਸੰਸਥਾ ਪੰਗਤ ਦਾ ਰੂਪ ਧਾਰਨ ਕੀਤਾ। ਸੰਗਤ ਵਿਚ ਮਿਲ ਕੇ ਛਕੀ ਜਾਣ ਵਾਲੀ ਚੀਜ਼ ਨੂੰ ਪ੍ਰਸ਼ਾਦ ਆਖਿਆ ਜਾਂਦਾ ਹੈ, ਜਿਸ ਦੇ ਛਕਣ ਵਿਚ ਸੰਗਤ ਤੋਂ ਇਲਾਵਾ ਗੁਰੂ ਦੇ ਸਭ ਸ਼ਹੀਦ ਸ਼ਾਮਲ ਸਮਝੇ ਜਾਂਦੇ ਹਨ, ਜਿਹਨਾਂ ਨੇ ਸਿੱਖ ਸਮਾਜ ਦੀ ਉਸਾਰੀ ਲਈ ਮਹਾਨ ਕੁਰਬਾਨੀਆਂ ਕੀਤੀਆਂ।

4. ਸੰਗਤ ਦੀਆਂ ਕਿਰਿਆਵਾਂ (Functions) : ਰਚਨਾਤਮਕ-ਕਿਰਿਆਤਮਕ ਪਹੁੰਚ

ਅਨੁਸਾਰ ਕਿਰਿਆ ਉਸ ਦੇਣ ਨੂੰ ਸਮਝਿਆ ਜਾਂਦਾ ਹੈ ਜੋ ਕੋਈ ਭਾਗ ਸਮੁੱਚਤਾ ਨੂੰ ਦਿੰਦਾ ਹੈ। ਪਰ ਇਸ ਨਜ਼ਰੀਏ ਦੀ ਨੁਕਤਾਚੀਨੀ ਵੀ ਕੀਤੀ ਜਾਂਦੀ ਹੈ ਅਤੇ ਦਲੀਲ ਦਿੱਤੀ ਜਾਂਦੀ ਹੈ ਕਿ ਸਮਾਜਿਕ ਰਚਨਾਵਾਂ ਅਤੇ ਉਹਨਾਂ ਦੇ ਭਾਗ ਕੇਵਲ ਸਮਾਜਿਕ ਸਮੁੱਚਤਾਵਾਂ (wholes) ਨੂੰ ਕਾਇਮ ਰੱਖਣ ਲਈ ਹੀ ਹੋਂਦ ਵਿਚ ਨਹੀਂ ਆਉਂਦੇ ਸਗੋਂ ਇਹ ਸਭ ਮਨੁੱਖੀ ਲੋੜਾਂ ਦੀ ਪੂਰਤੀ ਲਈ ਰਚੇ ਜਾਂਦੇ ਹਨ। ਇਸ ਲਈ ਇਥੇ ਸਤਿ ਸੰਗਤ ਦੀਆਂ ਕਿਰਿਆਵਾਂ ਦਾ ਵਰਣਨ ਕਰਨ ਲਗਿਆਂ ਪਹਿਲਾਂ ਉਸ ਦੇਣ ਨੂੰ ਬਿਆਨਿਆ ਗਿਆ ਹੈ ਜੋ ਇਸ ਨੇ ਸਿੱਖ ਸਮਾਜ ਦੀ ਉਸਾਰੀ ਨੂੰ ਦਿੱਤੀ ਅਤੇ ਫੇਰ ਉਸ ਯੋਗਦਾਨ ਦਾ ਉਲੇਖ ਕੀਤਾ ਗਿਆ ਹੈ ਜੋ ਇਸ ਨੇ ਮਨੁੱਖ ਦਾਂ ਸਿੱਖ ਨੂੰ ਦਿੱਤਾ।

(ੳ) ਸੰਗਤ ਦੀ ਸਿੱਖ ਸਮਾਜ ਨੂੰ ਦੇਣ : ਇਤਿਹਾਸਕ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਸਿੱਖ ਸਮਾਜ ਸਾਰੇ ਉੱਤਰੀ ਹਿੰਦ ਵਿਚ ਖਿਲਰਿਆ ਹੋਇਆ ਸੀ ਜਿਸ ਦਾ ਪ੍ਰਬੰਧ ਵੱਖ ਵੱਖ ਕੇਂਦਰਾਂ ਤੋਂ ਕੀਤਾ ਜਾਂਦਾ ਸੀ। ਇਹ ਖਿਲਰਿਆ ਪੁਲਰਿਆ ਸਿੱਖ ਸਮਾਜ ਮੰਜੀਆਂ ਵਿਚ ਵੰਡਿਆ ਹੋਇਆ ਸੀ। ਇਹੀ ਮੰਜੀਆਂ ਅੱਗੇ ਪੀਹੜੀਆਂ ਵਿਚ ਵੰਡੀਆਂ ਹੋਈਆਂ ਸਨ। ਇਕ ਪੀਹੜੀ ਵਿਚ ਅੱਗੇ ਇਕ ਤੋਂ ਵੱਧ ਸੰਗਤਾਂ ਹੁੰਦੀਆਂ ਸਨ। ਇਹਨਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਸੰਗਤ ਸਿੱਖ ਸਮਾਜ ਦੀ ਇਕ ਬੁਨਿਆਦੀ ਇਕਾਈ ਸੀ।

ਸਿੱਖ ਸਮਾਜ ਨੂੰ ਇਸ ਦੀ ਇਕ ਮਹੱਤਵਪੂਰਨ ਦੇਣ ਸਿੱਖੀ ਸ਼ਖਸੀਅਤ ਘੜ੍ਹਨਾ ਸੀ। ਸਿੱਖ ਜਿਸ ਦੀ ਮਾਨਸਿਕ ਬਣਤਰ, ਵਿਸ਼ਵਾਸ ਪਰਣਾਲੀ, ਸਮਾਜਿਕ ਵਤੀਰਾ ਅਤੇ ਦੁਨੀਆਂ ਬਾਰੇ ਨਜ਼ਰੀਆ ਬਾਕੀ ਲੋਕਾਂ ਤੋਂ ਵੱਖ ਸੀ, ਜੋ ਰਵਾਇਤੀ ਹੱਦਬੰਦੀਆਂ ਨੂੰ ਤੋੜ ਕੇ ਇਕ ਉੱਚੇ ਪੱਧਰ ਉੱਤੇ ਜੱਥੇਬੰਧ ਹੋਇਆ ਅਤੇ ਜੋ ਨਵੇਂ ਸਮਾਜ ਅਤੇ ਰਾਜਨੀਤਿਕ ਪ੍ਰਣਾਲੀ ਲਈ ਸੰਘਰਸ਼ ਕਰਨ ਲੱਗਾ।

ਇਹ ਇਕ ਬਹੁਤ ਹੀ ਵੱਡਾ ਕੰਮ ਸੀ, ਜਿਸ ਲਈ ਮਨੁੱਖ ਦੀ ਮਾਨਸਿਕ ਬਣਤਰ ਬਦਲਣਾ ਕਾਫੀ ਨਹੀਂ ਸੀ। ਉਸ ਨੂੰ ਕਾਰਜ ਲਈ ਜੱਥੇਬੰਧ ਕਰਨਾ ਜ਼ਰੂਰੀ ਸੀ ਅਤੇ ਸੰਗਤ ਇਸ ਤਰ੍ਹਾਂ ਦੀ ਜੱਥੇਬੰਦੀ ਦਾ ਪ੍ਰਥਮਕ ਸਕੂਲ ਸੀ ਜਿਥੇ ਸਿੱਖਾਂ ਨੂੰ ਅਭਿਆਸ ਅਤੇ ਗਿਆਨ ਰਾਹੀਂ ਸਾਰੀ ਸਿਖਿਆ ਮਿਲਦੀ ਸੀ। ਵੱਖ ਵੱਖ ਪੱਧਰਾਂ ਦੀਆਂ ਇਹਨਾਂ ਸੰਗਤਾਂ ਤੋਂ ਹੀ ਖਾਲਸਾ ਬਣਿਆ (*ਗੁਰਸੰਗਤ ਕੀਨੀ ਖਾਲਸਾ*)। ਇਹਨਾਂ ਦੇ ਉੱਦਮ ਨਾਲ ਗੁਰਦੁਆਰੇ, ਤਲਾਬ, ਸ਼ਹਿਰ ਅਤੇ ਕਿਲੇ ਬਣੇ, ਅਤੇ 'ਫੌਜਾਂ' ਦੇ ਨਿਰਮਾਣ ਹੋਏ।

ਏਡੀ ਵੱਡੀ ਜੱਥੇਬੰਦੀ ਅਤੇ ਮਹਾਨ ਕੰਮਾਂ ਲਈ ਬਹੁਤ ਸਾਰੇ ਵਸੀਲਿਆਂ ਦੀ ਲੋੜ ਸੀ। ਇਸ ਮਨੋਰਥ ਲਈ ਸੰਗਤਾਂ ਖੁਲ੍ਹੇ ਦਿਲ ਨਾਲ ਦਾਨ ਦਿੰਦੀਆਂ। ਸੰਗਤ ਵਿਚ ਸ਼ਾਮਲ ਹੋਣ ਸਮੇਂ ਹਰ ਵਿਅਕਤੀ ਮੱਥਾ ਟੇਕਦਾ ਅਤੇ ਭੇਟਾ ਚੜ੍ਹਾਉਂਦਾ ਸੀ। ਇਹ ਭੇਟਾ ਅਨਾਜ, ਸੇਵਾ, ਕਿਰਤ, ਉਦਮ, ਕਪੜੇ, ਮਾਇਆ, ਸ਼ਸਤਰ, ਹਾਥੀ, ਘੋੜੇ ਆਦਿ ਦੇ ਰੂਪ ਵਿਚ ਹੁੰਦੀ ਸੀ। ਪਿਛੋਂ ਇਸ ਭੇਟਾ ਦੀ ਮਾਤਰਾ ਆਮਦਨ ਦਾ ਦਸਵਾਂ ਹਿੱਸਾ ਨਿਸ਼ਚਿਤ ਕਰ ਦਿੱਤੀ ਗਈ।

ਸਿੱਖ ਸਮਾਜ ਦੀ ਉਸਾਰੀ ਵਿਚ ਹਿੱਸਾ ਪਾ ਕੇ ਸਿੱਖ ਸੰਗਤ ਨੇ ਹਿੰਦੁਸਤਾਨੀ ਸਮਾਜ ਦੀ ਬਣਤਰ ਵਿਚ ਇਕ ਨਵਾਂ ਅੰਸ਼ ਦਾਖਲ ਕੀਤਾ। ਜਾਤ ਪਰਣਾਲੀ ਦੁਆਰਾ ਬਣਾਏ ਗਏ ਹੱਦਾਂ ਬੰਨੇ ਤੋੜਨ ਦਾ ਯਤਨ ਕੀਤਾ ਅਤੇ ਲੋਕਾਂ ਨੂੰ ਧਾਰਮਿਕ ਅਤੇ ਰੂਹਾਨੀ ਭਾਈਚਾਰੇ ਵਿਚ ਬੰਨ੍ਹਕੇ ਇਕ ਨਵੇਂ ਆਰਥਿਕ ਅਤੇ ਰਾਜਨੀਤਿਕ ਪ੍ਰਬੰਧ ਦੀ ਉਸਾਰੀ ਦਾ ਯਤਨ ਕੀਤਾ।

ਸੰਗਤ ਦੀ ਸਿੱਖ (ਮਨੁੱਖ) ਨੂੰ ਦੇਣ : ਸੰਗਤ ਸਿੱਖ ਸਮਾਜ ਦੀ ਉਸਾਰੀ ਵਿਚ ਜੋ ਭਾਗ

ਪਾਉਂਦੀ ਉਹ ਤਾਂ ਹੈ ਹੀ, ਇਸ ਤੋਂ ਵੀ ਵੱਧ ਭਾਗ ਉਹ ਮਨੁੱਖੀ ਮਨ ਦੀ ਸਿਰਜਣਾ ਵਿਚ ਪਾਉਂਦੀ ਹੈ। ਇਸ ਪੱਖ ਨੂੰ ਉਜਾਗਰ ਕਰਨ ਲਈ ਬਹੁਤਾ ਏਧਰ ਉਧਰ ਵੇਖਣ ਦੀ ਲੋੜ ਨਹੀਂ। ਗੁਰਬਾਣੀ ਵਿਚ ਇਸ ਵਿਸ਼ੇ ਨਾਲ ਸੰਬੰਧਿਤ ਤੁੱਕਾਂ ਵਿਚੋਂ ਇਸ ਧਾਰਨਾ ਬਾਰੇ ਬਹੁਤ ਸਪੱਸ਼ਟ ਸੰਕੇਤ ਮਿਲ ਜਾਂਦੇ ਹਨ। ਇਸ ਦੇਣ ਦੇ ਏਨੇ ਪੱਖ ਹਨ ਕਿ ਉਹਨਾਂ ਬਾਰੇ ਵਿਸਥਾਰ ਵਿਚ ਜਾਣਾ ਇਸ ਸੰਖੇਪ ਜਿਹੇ ਪਰਚੇ ਦੇ ਵਿਤੋਂ ਬਾਹਰ ਦੀ ਗੱਲ ਹੈ। ਇਥੇ ਉਹਨਾਂ ਦਾ ਸੰਖੇਪ ਜਿਹਾ ਵਰਨਣ ਹੀ ਸੰਭਵ ਹੈ।

ਸਤਿ ਸੰਗਤ ਦੇ ਵਿਸ਼ੇ ਉਪਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਤੁੱਕਾਂ ਉੱਤੇ ਇੱਕ ਸਰਸਰੀ ਨਜ਼ਰ ਮਾਰਨ ਤੇ ਪਤਾ ਲਗਦਾ ਹੈ ਕਿ ਇਸ ਦੀ ਸਭ ਤੋਂ ਵੱਡੀ ਕਿਰਿਆ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਉਣ ਦੀ ਹੈ।[9] ਧਰਮ ਦੇ ਉਦਗਮ ਬਾਰੇ ਅਨੁਮਾਨ ਲਾਉਂਦਿਆਂ ਪ੍ਰਸਿੱਧ ਸਮਾਜ-ਵਿਗਿਆਨੀ ਦੁਰਖੀਮ ਰੱਬ ਨੂੰ ਮਨੁੱਖੀ ਸਮੂਹ ਦਾ ਹੀ ਪਰਛਾਵਾਂ ਸਮਝਦਾ ਹੈ। ਉਹ ਰੱਬ, ਜਿਸ ਦੀ ਕਲਪਣਾ ਸਿੱਖ ਗੁਰੂਆਂ ਨੇ ਕੀਤੀ, ਰਵਾਇਤੀ ਮਨੁੱਖੀ ਸਮੂਹਾਂ ਤੋਂ ਉਪਰ ਕਿਸੇ ਵਿਸ਼ਾਲ ਮਨੁੱਖੀ ਘੇਰੇ (ਸਾਰੀ ਮਨੁੱਖਤਾ) ਨਾਲ ਮੇਲ ਖਾਂਦਾ ਹੈ, ਅਤੇ ਉਸ ਦਾ ਗਿਆਨ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਅਜਿਹੇ ਨਵੀਂ ਕਿਸਮ ਦੇ ਸਮੂਹ ਵਿਚ ਸ਼ਾਮਲ ਹੋਵੇ ਜਾਂ ਰਵਾਇਤੀ ਸਮੂਹਕ ਹੱਦ-ਬੰਦੀਆਂ ਨੂੰ ਕਟਦਾ ਹੋਵੇ।

ਵਿਅਕਤੀ ਨੂੰ ਸੱਚਾ ਗਿਆਨ ਪਰਦਾਨ ਕਰਨਾ ਸੰਗਤ ਦੀ ਦੂਜੀ ਮੁੱਖ ਕਿਰਿਆ ਹੈ ਜਿਸ ਉਪਰ ਗੁਰਬਾਣੀ ਵਿਚ ਜ਼ੋਰ ਦਿੱਤਾ ਗਿਆ ਹੈ।[10] ਕੋਈ ਵੀ ਮਨੁੱਖ ਪੂਰਨ ਰੂਪ ਵਿਚ ਬੇਸਮਝ ਤਾਂ ਨਹੀਂ ਹੁੰਦਾ ਪਰ ਹਰ ਮਨੁੱਖ ਦੇ ਗਿਆਨ ਦੀ ਮਾਤਰਾ ਅਤੇ ਕਿਸਮ ਵਿਚ ਫਰਕ ਹੁੰਦਾ ਹੈ ਅਤੇ ਆਮ ਸੂਝ ਦਾ ਨਿਰਧਾਰਣ ਵਿਅਕਤੀਗਤ ਹੁੰਦਾ ਹੈ। ਸਮੂਹਕ ਸੋਚ ਵਿਅਕਤੀਗਤ ਸੋਚ ਤੋਂ ਹਮੇਸ਼ਾਂ ਵਧੀਆ ਹੁੰਦੀ ਹੈ ਅਤੇ ਸਤਿ ਸੰਗਤ ਇਸ ਬਾਹਰਮੁਖੀ ਅਤੇ ਉੱਦਮ ਗਿਆਨ ਦੀ ਪ੍ਰਾਪਤੀ ਦਾ ਮਾਧਿਅਮ ਹੈ।

ਵਿਅਕਤੀਗਤ ਪਰਵਿਰਤੀਆਂ ਅਤੇ ਸਮਾਜਿਕ ਲੋੜਾਂ ਹਮੇਸ਼ਾਂ ਸਮਾਨਾਂਤਰ ਨਹੀਂ ਹੁੰਦੀਆਂ। ਸਮਾਜਿਕ ਜੀਵਨ ਵਿਅਕਤੀ ਪਾਸੋਂ ਕੁਰਬਾਨੀ ਦੀ ਮੰਗ ਕਰਦਾ ਹੈ ਅਤੇ ਉਹ ਹਮੇਸ਼ਾਂ ਆਸ ਕੀਤੇ ਜਾਂਦੇ ਕੀਮਤ-ਮਿਆਰਾਂ ਉੱਤੇ ਪੂਰਾ ਨਹੀਂ ਉੱਤਰਦਾ। ਵਿਅਕਤੀਗਤ ਲੋੜਾਂ ਉਸ ਨੂੰ ਦੁਸ਼ਮਣੀ, ਚੋਰੀ, ਯਾਰੀ, ਠੱਗੀ ਆਦਿ ਲਈ ਮਜਬੂਤ ਕਰਦੀਆਂ ਹਨ ਅਤੇ ਸਮਾਜਿਕ ਕਦਰਾਂ ਦੇ ਉਲਟ ਹੋਣ ਕਰਕੇ ਇਹ ਵਿਅਕਤੀ ਦੇ ਮਨ ਵਿਚ ਦੋਸ਼ ਭਾਵਨਾ ਪੈਦਾ ਕਰਦੀਆਂ ਹਨ। ਹਰ ਧਰਮ ਇਹਨਾਂ ਦੋਸ਼ ਭਾਵਨਾਵਾਂ ਨੂੰ ਧੋਣ ਲਈ ਜਾਂ ਗੁਨਾਹਾਂ ਦੀ ਤਲਾਫ਼ੀ ਲਈ ਪ੍ਰਾਸ਼ਚਿਤ ਤੇ ਤਰੀਕੇ ਨਿਸ਼ਚਿਤ ਕਰਦਾ ਹੈ। ਸਿੱਖ ਮੱਤ ਵਿਚ ਸਤਿ ਸੰਗਤ ਮਨੁੱਖ ਨੂੰ ਗੁਨਾਹਾਂ ਤੋਂ ਰੋਕ ਰਖਦੀ ਹੈ ਅਤੇ ਜੇ ਕਿਸੇ ਵਿਅਕਤੀ ਦੇ ਮਨ ਉੱਤੇ ਕੋਈ ਦਾਗ ਲੱਗ ਜਾਵੇ ਤਾਂ ਉਸ ਨੂੰ ਧੋ ਦਿੰਦੀ ਹੈ।

ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੰਜ ਮਨੁੱਖੀ ਪਰਵਿਰਤੀਆਂ ਉਸ ਦੇ ਵਤੀਰੇ ਉੱਤੇ ਅਸਰਦਾਇਕ ਹੁੰਦੀਆਂ ਹਨ ਅਤੇ ਮਨੁੱਖੀ ਕਾਰਜ ਲਈ ਲੋੜੀਂਦੀ ਊਰਜਾ ਪਰਦਾਨ ਕਰਦੀਆਂ ਹਨ। ਪਰ ਇਹ ਸਭ ਮਨੁੱਖ ਦੇ ਆਪੇ ਲਈ ਨਿਰਧਾਰਿਤ ਹੁੰਦੀਆਂ ਹਨ। ਇਸ ਲਈ ਇਹਨਾਂ ਨੂੰ ਨਿਅੰਤ੍ਰਿਤ ਕਰਨਾ ਜ਼ਰੂਰੀ ਹੁੰਦਾ ਹੈ। ਫਰਾਇਡ ਅਨੁਸਾਰ ਸਾਰੀ ਸਭਿਅਤਾ ਮਨੁੱਖ ਨੇ ਇਹਨਾਂ ਪਰਵਿਰਤੀਆਂ ਦੀ ਤਰਿਪਤੀ ਦੀ ਬਲੀ ਦੇ ਕੇ ਉਸਾਰੀ ਹੈ। ਹਰ ਸਮਾਜ ਇਹਨਾਂ ਨੂੰ ਨਿਯਮ-ਬੱਧ ਕਰਦਾ ਹੈ। ਸਿੱਖ ਸਮਾਜ ਵਿਚ ਸਤਿ ਸੰਗਤ ਇਹਨਾਂ ਨੂੰ ਵੱਸ ਵਿਚ ਕਰਨ ਵਿਚ

ਸਹਾਇਕ ਹੁੰਦੀ ਹੈ।[11]

ਕਿਸੇ ਇਕ ਖੇਤਰ ਵਿਚ ਕੁਝ ਪ੍ਰਾਪਤੀਆਂ ਕਰ ਲੈਣ ਜਾਂ ਗਲਤ ਸੋਚ ਕਾਰਨ ਵਿਅਕਤੀ ਵਿਚ ਹਉਮੈ ਆ ਜਾਂਦੀ ਹੈ। ਉਹ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ ਅਤੇ ਲੋਕਾਂ ਨੂੰ ਨੀਵੇਂ ਸਮਝ ਕੇ ਘਿਰਣਾ ਕਰਦਾ ਹੈ। ਪਰ ਜੇ ਵਿਅਕਤੀ ਸੰਗਤ ਵਿਚ ਆਵੇ ਤਾਂ ਉਸਨੂੰ ਪਤਾ ਲਗਦਾ ਹੈ ਕਿ ਉਹ ਕੋਈ ਬਹੁਤੀ ਅਲੋਕਿਕ ਚੀਜ਼ ਨਹੀਂ ਹੈ। ਉਸ ਵਰਗੇ ਹੋਰ ਵੀ ਬਹੁਤ ਹਨ ਤੇ ਪ੍ਰਾਪਤੀਆਂ ਦੇ ਖੇਤਰ ਵੀ ਹੋਰ ਬਹੁਤ ਹਨ। ਸਤਿ ਸੰਗਤ ਉਸ ਦੇ ਬਾਹਰਮੁਖੀ ਹੋਣ ਅਤੇ ਉਸ ਦਾ ਅਭਿਮਾਨ ਤੋੜਨ ਵਿਚ ਇਸ ਦੀ ਸਹਾਇਤਾ ਕਰਦੀ ਹੈ।[12]

ਸੁੰਦਰਤਾ ਕੇਵਲ ਇਕ ਸਰੀਰਕ ਗੁਣ ਹੀ ਨਹੀਂ ਹੈ। ਇਸ ਤੋਂ ਵੱਧ ਇਹ ਇਕ ਮਾਨਸਿਕ ਖੂਬੀ ਵੀ ਹੈ। ਮਾਨਸਿਕ ਅਵਸਥਾ ਸਰੀਰ ਅਤੇ ਚਿਹਰੇ ਉਪਰ ਆਪਣੇ ਸੂਖਮ ਭਾਵ ਛੱਡਦਾ ਹੈ ਅਤੇ ਉਹਨਾਂ ਨੂੰ ਮੁੜ ਢਾਲਦਾ ਹੈ। ਮਨ ਦਾ ਵਿਕਾਸ ਮਨੁੱਖੀ ਅੰਤਰਨਾਟ ਅਤੇ ਉਸ ਦੀ ਕਿਸਮ ਨਾਲ ਸੰਬੰਧਿਤ ਹੁੰਦਾ ਹੈ। ਸ਼ਖਸੀਅਤ ਮਨੁੱਖ ਦੇ ਤਜਰਬੇ ਦਾ ਸਮੂਹ ਹੁੰਦੀ ਹੈ। ਉੱਚ ਹੈਸੀਅਤਾਂ ਦੇ ਚਿਹਰਿਆਂ ਉੱਤੇ ਇਕ ਖਾਸ ਕਿਸਮ ਦਾ ਜਲੋ ਅਨੁਭਵ ਕੀਤਾ ਜਾਦਾ ਹੈ। ਸਤਿ ਸੰਗਤ, ਅੰਤਰਨਾਟ ਦੀ ਮਾਤਰਾ ਅਤੇ ਕਿਸਮ ਨਿਸ਼ਚਿਤ ਕਰਕੇ ਸਰੀਰਕ ਅਤੇ ਮਾਨਸਿਕ ਸੁੰਦਰਤਾ ਵਧਾਉਣ ਵਿਚ ਮਨੁੱਖ ਦੀ ਸਹਾਇਤਾ ਕਰਦੀ ਹੈ।

ਵਿਅਕਤੀ, ਪਰਿਵਾਰ, ਸਾਕਾਦਾਰੀ, ਜਾਤ, ਵਿਵਸਾਇਕ ਅਤੇ ਕਈ ਹੋਰ ਕਿਸਮ ਦੇ ਸਮੂਹਾਂ ਵਿਚ ਭਾਗ ਲੈਂਦਾ ਹੈ। ਇਹਨਾਂ ਸਭ ਦੀਆਂ ਆਪਣੀਆਂ ਹੱਦਾਂ ਅਤੇ ਵਿਰੋਧ ਹੁੰਦੇ ਹਨ। ਇਕ ਸਮੂਹ ਦੇ ਮੈਂਬਰ ਹੋਣ ਤਾ ਮਤਲਬ ਉਸ ਕਿਸਮ ਦੇ ਦੂਜੇ ਸਮੂਹ ਦਾ ਮੈਂਬਰ ਨਾ ਹੋਣਾ ਹੈ। ਇਸ ਤਰ੍ਹਾਂ ਮਨੁੱਖਾ ਦ੍ਵੈਤ ਭਾਵ ਅਤੇ ਆਪਸੀ ਵਿਰੋਧ ਸਮਾਜਿਕ ਅਤੇ ਮਾਨਸਿਕ ਜੀਵਨ ਦਾ ਭਾਗ ਬਣ ਜਾਂਦੇ ਹਨ। ਮਨੁੱਖ ਸੀਮਾਵਾਂ ਵਿਚ ਬੱਝ ਜਾਂਦਾ ਹੈ ਅਤੇ ਉਸ ਦੇ ਵਿਰੋਧੀ ਵੱਧ ਜਾਂਦੇ ਹਨ। ਸੰਗਤ ਇਸ ਦੁਤੀਆ ਭਾਵ ਨੂੰ ਘਟਾਉਂਦੀ ਹੈ।

ਸਤਿ ਸੰਗਤ ਵਿਅਕਤੀ ਦੇ ਡਰ ਖਤਮ ਕਰਦੀ ਹੈ। ਡਰ ਮਨੁੱਖ ਦੀ ਕਮਜ਼ੋਰੀ ਵਿਚੋਂ ਪੈਦਾ ਹੁੰਦੇ ਹਨ। ਜਿਵੇਂ ਕਿ ਇਕ ਇਕੱਲਾ ਦੋ ਯਾਰਾਂ ਜਾਂ ਜਮਾਤ ਕਰਮਾਤ ਦੇ ਅਖਾਣਾਂ ਤੋਂ ਸਪੱਸ਼ਟ ਹੈ। ਸਾਂਝਾ ਮਨੁੱਖੀ ਯਤਨ ਅਤੇ ਖਾਸ ਕਰ ਪਰਬੰਧਤ ਮਨੁੱਖ ਦਾ ਯਤਨ ਅਸੰਭਵ ਨੂੰ ਵੀ ਸੰਭਵ ਬਣਾ ਦਿੰਦਾ ਹੈ। ਭੀੜਾਂ (crowds) ਇਮਾਰਤਾਂ ਅਤੇ ਬੱਸਾਂ ਸਾੜ ਦਿੰਦੀਆਂ ਹਨ ਅਤੇ ਹੋਰ ਕਈ ਭਿਆਨਕ ਉਪੱਦਰ ਕਰ ਦਿੰਦੀਆਂ ਹਨ, ਇਹਨਾਂ ਬਾਰੇ ਇਕੱਲਾ ਮਨੁੱਖ ਸੋਚ ਵੀ ਨਹੀਂ ਸਕਦਾ। ਸੰਗਤ ਵਿਚ ਭੀੜ ਵਾਲਾ ਨਿਸ਼ੇਧਾਤਮਕ ਅੰਸ਼ ਲੁਪਤ ਹੁੰਦਾ ਹੈ। ਸੰਗਤ ਦੀ ਮੌਜੂਦਗੀ ਵਿਚ ਮਨੁੱਖ ਦੀ ਕਮਜ਼ੋਰੀ ਬਲ ਵਿਚ ਬਦਲ ਜਾਂਦੀ ਹੈ। ਉਸ ਦੇ ਡਰ ਖ਼ਤਮ ਹੋ ਜਾਂਦੇ ਹਨ।

ਮਨੁੱਖ ਨੂੰ ਉੱਦਮੀ ਬਣਾਉਣ ਵਿਚ ਸਤਿ ਸੰਗਤ ਸਹਾਈ ਹੁੰਦੀ ਹੈ।[17] ਸਵੇਰ ਸਾਰ ਉਠ ਕੇ, ਨਹਾ ਕੇ, ਤਿਆਰ ਹੋ ਕੇ ਸੰਗਤ ਵਿਚ ਜਾਣ ਲਈ ਬਹੁਤ ਹਿੰਮਤ ਦੀ ਲੋੜ ਹੁੰਦੀ ਹੈ ਅਤੇ ਇਹ ਕਾਰਜ ਸਤਿ ਸੰਗਤ ਦਾ ਜ਼ਰੂਰੀ ਭਾਗ ਹੈ। ਹੋਰ ਲੋਕਾਂ ਨੂੰ ਵੇਖ ਕੇ ਉਹਨਾਂ ਦੇ ਕੰਮ ਕਾਰ ਦੇ ਤਰੀਕਿਆਂ ਨੂੰ ਸਮਝ ਕੇ ਉਸ ਨੂੰ ਵੀ ਰੀਸ ਆਉਂਦੀ ਹੈ। ਏਨਾ ਪਹਿਲਾਂ ਉਠਣ ਨਾਲ ਕੰਮ ਲਈ ਸਮਾਂ ਵੀ ਵਧੇਰੇ ਮਿਲ ਜਾਂਦਾ ਹੈ। ਮਨੁੱਖ ਨੂੰ ਉੱਦਮੀ ਬਣਾਉਣ ਵਿਚ ਧਰਮ ਦੇ ਰੋਲ ਬਾਰੇ ਜ਼ੋਰ ਦਿੰਦਿਆਂ ਮੈਕਸ ਵੈਬਰ ਇਥੋਂ ਤੱਕ ਆਖ ਜਾਂਦਾ ਹੈ ਕਿ ਪੱਛਮੀ ਸਮਾਜ ਵਿਚ ਸਰਮਾਏਦਾਰੀ ਨੂੰ ਪੈਦਾ ਕਰਨ ਵਾਲੀ ਚੀਜ਼ ਈਸਾਈ ਮੱਤ ਦੀ ਕੈਲਵਿਨਵਾਦੀ (ਪ੍ਰਾਟੈਸਟੈਂਟ)

ਧਾਰਾ ਸੀ। ਜਰੂਰੀ ਨਹੀਂ ਇਹ ਮੱਤ ਠੀਕ ਹੀ ਹੋਵੇ ਪਰ ਸਿੱਖ ਸਮਾਜ ਦੀ ਕਿਰਸਾਣੀ ਉਤਪਾਦਨ, ਵਪਾਰ ਅਤੇ ਲੜਾਈ ਦੇ ਖੇਤਰ ਵਿਚ ਖਾਸ ਦੇਣ ਨੂੰ ਇਸ ਨਜਰੀਏ ਤੋਂ ਵੇਖਿਆ ਜਾ ਸਕਦਾ ਹੈ।

ਬੇਮਾਨਗੀ (alienation) ਦੀ ਭਾਵਨਾ ਅਜੋਕੇ ਉਦਯੋਗੀ ਸਮਾਜ ਵਿਚ ਇਕ ਵੱਡੀ ਬੀਮਾਰੀ ਸਮਝੀ ਜਾਂਦੀ ਹੈ।[18] ਮਨੁੱਖ ਆਪਣੇ ਵਾਤਾਵਰਣ, ਕੁਦਰਤ, ਸਾਥੀ ਮਨੁੱਖਾਂ, ਕਿਰਤ ਅਤੇ ਇਥੋਂ ਤੱਕ ਕਿ ਆਪਣੇ ਆਪ ਤੋਂ ਵੀ ਬੇਗਾਨਾ ਹੋ ਜਾਂਦਾ ਹੈ। ਉਹ ਬਾਕੀ ਦੀਆਂ ਤਾਕਤਾਂ ਨਾਲ ਇੱਕ-ਮਿੱਕ ਹੋ ਕੇ ਰਹਿਣਾ ਚਾਹੁੰਦਾ ਹੈ ਪਰ ਆਪਣੇ ਆਪ ਨੂੰ ਇਕੱਲਾ ਅਨੁਭਵ ਕਰਦਾ ਹੈ। ਇਹ ਭਾਵਨਾ ਸਮਾਜ ਦੇ ਪਹਿਲੇ ਪੜਾਵਾਂ ਤੇ ਵੀ ਰਹੀ। ਸਤਿ ਸੰਗਤ ਮਨੁੱਖ ਨੂੰ ਇਕ ਵਿਸ਼ੇਸ਼ ਸਮੂਹ ਨਾਲ ਜੋੜ ਕੇ ਉਸ ਦੇ ਜੀਵਨ ਨੂੰ ਅਰਥ ਭਰਪੂਰ ਬਣਾਉਣ ਦਾ ਯਤਨ ਕਰਦੀ ਹੈ।

ਮਨੁੱਖ ਵਾਂਗ ਉਸ ਦਾ ਮਨ ਵੀ ਇਕ ਵਿਕਾਸਸ਼ੀਲ ਚੀਜ਼ ਹੈ। ਸਮਾਜਿਕ ਤਜਰਬੇ ਇਸ ਦਾ ਨਿਰੂਪਣ ਕਰਦੇ ਹਨ। ਸਤਿ ਸੰਗਤ ਇਸ ਨੂੰ ਮਾਂਜ ਸਵਾਰ ਕੇ ਨਵਾਂ ਰੂਪ ਦਿੰਦੀ ਹੈ।[19]

ਮਨੁੱਖ ਦੀ ਬੇਬੁਨਿਆਦ ਵਹਿਮਾਂ ਭਰਮਾਂ ਤੋਂ ਮੁਕਤੀ ਕਰਨਾ ਅਤੇ ਉਸ ਦੇ ਫਿਕਰ ਅਤੇ ਚਿੰਤਾ ਨੂੰ ਦੂਰ ਕਰਨਾ ਸੰਗਤ ਦੀਆਂ ਕੁਝ ਹੋਰ ਕਿਰਿਆਵਾਂ ਹਨ, ਜਿਹਨਾਂ ਦਾ ਵਰਣਨ ਗੁਰਬਾਣੀ ਵਿਚੋਂ ਕੀਤਾ ਗਿਆ ਹੈ।

ਸਾਰ ਅੰਸ਼

ਉਪਰੋਕਤ ਪੰਨਿਆਂ ਵਿਚ ਦਿੱਤੀ ਗਈ ਦਲੀਲ ਨੂੰ ਹੁਣ ਸੰਖੇਪ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਸਮਾਜ ਵਿਗਿਆਨ ਸਮਾਜਿਕ ਸੰਸਥਾਵਾਂ ਦਾ ਅਧਿਅਨ ਹੈ ਅਤੇ ਸੰਗਤ ਧਾਰਮਿਕ ਸੰਸਥਾ ਸਮੂਹ ਦਾ ਇਕ ਭਾਗ ਹੈ। ਸਾਰੀਆਂ ਸਮਾਜੀ-ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਸੰਸਥਾਵਾਂ ਅੰਤਰ-ਸੰਬੰਧਿਤ ਹੁੰਦੀਆਂ ਹਨ। ਕਬਾਇਲੀ ਸਮਾਜ ਦੇ ਧਰਮ ਵਿਚ ਸਮੂਹਕ ਕਾਰਜ ਉੱਤੇ ਜੋਰ ਦਿੱਤਾ ਜਾਂਦਾ ਹੈ ਅਤੇ ਇਸਲਾਮ ਨੇ ਵੀ ਇਸ ਸਮੂਹਕ ਜਾਂ ਇਕੱਤਰਕਾਰੀ ਅੰਸ਼ਾਂ ਦਾ ਸੰਸਥਾਈਕਰਣ ਕੀਤਾ ਹੈ। ਹਿੰਦੂ ਸਮਾਜ ਨੇ ਜੋ ਕਿਰਤ ਦੀ ਰਵਾਇਤੀ ਵੰਡ ਉੱਤੇ ਆਧਾਰਤ ਜਾਤ ਪਰਣਾਲੀ ਨਾਲ ਸੰਬੰਧਿਤ ਸੀ, ਇਹਨਾਂ ਵਖਰੇਵਿਆਂ ਦਾ ਸੰਸਥਾਈਕਰਣ ਕੀਤਾ ਅਤੇ ਸਿੱਟੇ ਵਜੋਂ ਹਿੰਦੂ ਮਤ ਵਿਚ ਧਾਰਮਿਕ ਪੂਜਾ ਵੀ ਵਿਅਕਤੀਗਤ ਵਿਸ਼ਾ ਬਣ ਗਈ। ਸਿੱਖ ਮੱਤ ਵਿਚ ਇਸ ਸਮੂਹਕਾਰੀ ਅੰਸ਼ ਦਾ ਸੰਸਥਾਈਕਰਣ ਕਰਕੇ ਪੁਰਾਣੇ ਹੱਦਾਂ ਬੰਨੇ ਤੋੜ ਕੇ ਇਕ ਨਵੇਂ ਸਮਾਜ ਦੀ ਉਸਾਰੀ ਦਾ ਯਤਨ ਕੀਤਾ ਗਿਆ। ਸੰਗਤ ਅਜਿਹਾ ਕਰਨ ਦਾ ਮੁੱਖ ਮਾਧਿਅਮ ਸੀ। ਸਾਰਾ ਸਿੱਖ ਸਮਾਜ ਵੱਖ ਵੱਖ ਪੱਧਰ ਦੀਆਂ ਸੰਗਤਾਂ ਦੇ ਪਦਕਰਮ ਦੁਆਰਾ ਪਰਬੰਧਤ ਕੀਤਾ ਗਿਆ ਸੀ।

ਇਕ ਅਜਿਹੇ ਪਰਮਾਤਮਾ ਦੀ ਪੂਜਾ, ਜਿਸ ਦੀ ਵਿਆਪਕਤਾ ਦਾ ਘੇਰਾ ਉਸ ਸਮੇਂ ਮੌਜੂਦ ਸਮਾਜਿਕ ਸਮੂਹਾਂ ਤੋਂ ਬੜਾ ਵਿਸ਼ਾਲ ਸੀ, ਇਕ ਗੁਰੂ ਜੋ ਮਨੁੱਖ ਨੂੰ ਇਹ ਭੇਤ ਸਮਝਾ ਸਕੇ, ਆਮ ਲੋਕਾਂ ਅਤੇ ਉਹਨਾਂ ਵਿਚ ਬਰਾਬਰੀ, ਸ਼ਰਧਾ, ਭਗਤੀ ਭਾਵਨਾ, ਸਰੀਰਕ ਅਤੇ ਮਾਨਸਿਕ ਸਫ਼ਾਈ, ਦਾਨ ਜਾਂ ਭੇਟਾਵਾਂ, ਨਾਮ ਜਪਣ ਦੀ ਕਿਰਿਆ, ਕੀਰਤਨ, ਵਿਆਖਿਆ, ਵਿਚਾਰ ਵਟਾਂਦਰੇ, ਅਰਦਾਸ, ਵਾਕ, ਪਰਸ਼ਾਦ, ਅਤੇ ਖ਼ਾਸ ਥਾਂ ਤੇ ਸਮੇਂ ਲੋਕਾਂ ਦਾ ਮਿਲਣਾ ਕੁਝ ਮੁੱਖ ਅੰਸ਼ ਹਨ ਜਿਹਨਾਂ ਦੇ ਮਿਲਣ ਨਾਲ ਸੰਗਤ ਬਣਦੀ ਹੈ।

ਮਨੁੱਖੀ ਸ਼ਖਸੀਅਤ ਨੂੰ ਘੜ ਕੇ ਸਿੱਖ ਬਣਾਉਣ, ਸਿੱਖ ਦੀ ਉਸਾਰੀ ਲਈ ਇਕ ਮਹਾਨ ਜੱਥੇਬੰਦੀ ਬਣਾਉਣੀ, ਇਸ ਨੂੰ ਚਲਾਉਣ ਲਈ ਮਾਇਕ ਅਤੇ ਹੋਰ ਸਾਧਨ ਪੈਦਾ ਕਰਨ ਅਤੇ ਹਿੰਦੁਸਤਾਨੀ ਸਮਾਜ ਦੀ ਬਣਤਰ ਵਿਚ ਇਕ ਨਵਾਂ ਅੰਸ਼ ਸ਼ਾਮਲ ਕਰਨਾ, ਸੰਗਤ ਦੀ ਸੰਸਥਾ ਦੀਆਂ ਮੁੱਖ ਸਮਾਜਿਕ ਦੇਣਾਂ ਹਨ, ਜਦ ਕਿ ਮਨੁੱਖ ਨੂੰ ਪਰਮਾਤਮਾ ਦਾ ਅਨੁਭਵ ਕਰਵਾਉਣਾ, ਉਸਨੂੰ ਸੱਚਾ ਅਤੇ ਬਾਹਰਮੁਖੀ ਗਿਆਨ ਪਰਦਾਨ ਕਰਨਾ, ਉਸਦੇ ਗੁਨਾਹ ਮਾਫ਼ ਕਰਕੇ ਦੋਸ਼ ਭਾਵਨਾ ਤੋਂ ਮੁਕਤ ਕਰਨਾ, ਉਸ ਦਾ ਅਭਿਮਾਨ ਤੋੜਨਾ, ਕਾਮ, ਕ੍ਰੋਧ, ਮੋਹ ਲੋਭ, ਹੰਕਾਰ ਦੀਆਂ ਪਰਵਿਰਤੀਆਂ ਨੂੰ ਅਨੁਸ਼ਾਸਤ ਕਰਨਾ, ਮਾਨਸਿਕ ਅਤੇ ਸਰੀਰਕ ਸੁੰਦਰਤਾ ਵਧਾਉਣਾ, ਦ੍ਵੈਤਭਾਵ ਖਤਮ ਕਰਨਾ, ਉਸ ਨੂੰ ਉੱਦਮੀ ਬਣਾਉਣਾ, ਉਸ ਦੇ ਡਰ, ਵਹਿਮ ਭਰਮ ਚਿੰਤਾਵਾਂ ਦੂਰ ਕਰਨਾ, ਉਸ ਦੇ ਮਨ ਨੂੰ ਢਾਲਣਾ ਅਤੇ ਬੇਗਾਨਗੀ ਦੀ ਭਾਵਨਾ ਦੂਰ ਕਰਕੇ ਉਸ ਨੂੰ ਸਮਾਜ ਨਾਲ ਜੋੜਨਾ ਸਤਿ ਸੰਗਤ ਦੀਆਂ ਮਨੁੱਖ ਨੂੰ ਮੁੱਖ ਦੇਣਾਂ ਹਨ।

ਹਵਾਲੇ

1. *ਸਤ ਸੰਗਤਿ ਨਾਮੁ ਨਿਧਾਨ ਹੈ ਜਿਥਹੁ ਹਰਿ ਪਾਇਆ।* ਪੰ. ੧੨੪੪
2. *ਸਤਿਗੁਰ ਬਾਝਹੁ ਸੰਗਤਿ ਨਾ ਹੋਈ।* ਪੰ. ੧੦੬੮
3. *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।।*
   ਗੁਰਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ।। ਪੰ. ੯੮੨
4. *ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।।* (ਅਰਦਾਸ)
5. *ਸਤ ਸੰਗਤਿ ਕੈਸੀ ਜਾਣੀਐ, ਜਿਥੈ ਏਕੋ ਨਾਮੁ ਵਖਾਣੀਐ।।* ਪੰ. ੭੨
6. *ਸਤ ਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ।* ਪੰ. ੧੧੩੫
7. *ਵਿਦਿਆ ਵੀਚਾਰੀ ਤਾਂ ਪਰਉਪਕਾਰੀ।* ਪੰ. ੩੫੬
8. *ਸਾਧ ਕੈ ਸੰਗਿ ਪ੍ਰਗਟੈ ਸੁਗਿਆਨ।* ਪੰ. ੨੭੧
   ਸਾਧ ਸੰਗਤਿ ਮਿਲਿ ਬੁਧਿ ਬਿਬੇਕ। ਪੰ. ੩੧੭
9. *ਸਤ ਸੰਗਤਿ ਨਾਮ ਨਿਧਾਨ ਹੈ ਜਿਥਹੁ ਹਰਿ ਪਾਇਆ।* ਪੰ. ੧੨੪੪
   ਸਤ ਸੰਗਿ ਹੋਏ ਏਕ ਪਰੀਤੁ ॥ ਪੰ. ੧੧੪੯
10. ਉਪਰ ਫੁਟ ਨੋਟ 8 ਵੇਖੋ।
11. *ਗੁਣ ਕਉ ਧਾਵੈ ਅਵਗੁਣ ਧੋਵੈ।* ਪੰ. ੪੧੪
    ਸੰਤ ਮੰਡਲ ਮਹਿ ਦੁਰਤ ਸਭ ਨਸੈ ॥ ਪੰ. ੧੧੪੮
12. *ਸਤ ਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ।* ਪੰ. ੧੩੩੫
13. *ਸਾਧ ਕੈ ਸੰਗਿ ਮਿਟੈ ਅਭਿਮਾਨ।* ਪੰ. ੨੭੧
14. *ਸੇਈ ਸੁੰਦਰ ਸੋਹਣੇ। ਸਾਧ ਸੰਗਿ ਜਿਨ ਬੈਹਣੇ* ਪੰ. ੧੩੨
15. *ਦੁਤੀਆ ਭਾਉ ਮਿਟਾਇ।* ਪੰ. ੨੯੬
16. ....*ਅਭੈ ਦਾਨ ਦੀਤਾ।* ਪੰ. ੮੧੦
17. *ਸਾਧੂ ਸੰਗਿ ਭਇਆ ਮਨਿ ਉਦਮ ਨਾਮੁ ਰਤਨ ਜਸ ਗਾਈ।* ਪੰ. ੬੧੯
18. *ਬਿਸਰਿ ਗਈ ਸਭ ਤਾਤਿ ਪਰਾਈ।*
    ਜਬ ਤੇ ਸਾਧ ਸੰਗਤਿ ਮੋਹਿ ਪਾਈ। ਪੰ. ੫੨੦
19. *ਮਿਲਿ ਸੰਤ ਸਭਾ ਮਨ ਮਾਂਜੀਐ।* ਪੰ. ੬੩੯
20. *ਭ੍ਰਮ ਕਟੀਐ ਨਾਨਕ ਸਾਧ ਸੰਗਿ।* ਪੰ. ੨੯੬
21. *ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ।* ਪੰ. ੬੧੯

ਸਿੱਖ ਉੱਤੇ ਸਾਧ ਸੰਗਤ ਦਾ ਪ੍ਰਭਾਵ

ਡਾ. ਗੁਰਮੁਖ ਸਿੰਘ

ਸਿੱਖ ਧਰਮ ਵਿਚ ਸਾਧ ਸੰਗਤ ਨੂੰ ਬਹੁਤ ਮਹਾਨਤਾ ਤੇ ਮਹੱਤਵ ਪ੍ਰਾਪਤ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ-ਕਾਲ ਵਿਚ ਹੀ ਸੰਗਤ ਦਾ ਵਿਧਾਨ ਕਰ ਦਿੱਤਾ ਸੀ। ਸਾਧ ਸੰਗਤ ਪਰਮਾਰਥ ਦੇ ਪਾਂਧੀਆਂ ਲਈ ਲਾਜ਼ਮੀ ਹੈ ਕਿਉਂਕਿ ਇਥੋ ਉਨ੍ਹਾਂ ਨੂੰ ਅਧਿਆਤਮਕ ਮੰਡਲਾਂ ਦੇ ਰਹੱਸ ਤੇ ਰਮਜ਼ਾਂ ਦਾ ਗਿਆਨ ਮਿਲਦਾ ਹੈ ਤੇ ਉਹ ਆਪਣੇ ਰਾਹੇ ਪਏ ਆਖਰ ਪਰਮਗਤਿ ਨਾਲ ਇਕਮਿਕ ਹੋਣ ਵਿਚ ਸਫਲ ਹੋ ਜਾਂਦੇ ਹਨ। ਭਾਈ ਜੋਧ ਸਿੰਘ ਜੀ ਲਿਖਦੇ ਹਨ, "ਹੋਰਨਾਂ ਮਤਾਂ ਵਿਚ ਵੀ ਭਲੇ ਪੁਰਖਾਂ ਦੀ ਸੰਗਤ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ ਪਰ ਗੁਰਮਤਿ ਸਤਿਸੰਗ ਨੂੰ ਨਿਰਾ ਸ੍ਰੇਸ਼ਟ ਹੀ ਨਹੀਂ ਮੰਨਦੀ, ਆਤਮਿਕ ਉੱਨਤੀ ਲਈ ਲੋੜੀਦਾ ਅੰਗ ਦਸਦੀ ਹੈ। ਜਿਵੇਂ ਗੁਰੂ ਤੋਂ ਬਿਨਾਂ ਰਾਹ ਨਹੀਂ ਲੱਭਣਾ, ਇਵੇਂ ਸਤਿਸੰਗ ਬਿਨਾਂ, ਗੁਰਮੁਖਾਂ ਦੇ ਮੇਲ ਬਿਨਾਂ, ਉਸ ਦਸੇ ਰਾਹ ਤੇ ਤੁਰ ਨਹੀਂ ਹੋਣਾ। ਇਸ ਲਈ ਸਤਿਸੰਗ ਕਰਨਾ, ਸਿੱਖ ਦਾ ਨਿਤ ਕਰਮ ਰਖਿਆ ਗਿਆ ਹੈ। ਅਤੇ 'ਸਾਧ ਦਾ ਸੰਗ' ਗੁਰਮੁਖ ਦਾ ਮੇਲ ਇਹ ਰੋਜ਼ ਅਰਦਾਸ ਵਿਚ ਹਰ ਇਕ ਸਿੱਖ ਮੰਗਦਾ ਹੈ।"[1] ਸਤਿ ਸੰਗਤ ਸਿੱਖ ਲਈ ਚਾਨਣ ਮੁਨਾਰਾ ਹੈ।

ਸਤਿ ਸੰਗਤ ਵਿਚ ਹਮੇਸ਼ਾਂ ਸਤਿਗੁਰੂ ਨਿਵਾਸ ਕਰਦੇ ਹਨ। ਅਜਿਹੇ ਪ੍ਰਮਾਣ ਗੁਰਬਾਣੀ ਵਿਚ ਮਿਲਦੇ ਹਨ। ਡਾ. ਦਰਸ਼ਨ ਸਿੰਘ ਜੀ ਲਿਖਦੇ ਹਨ, "ਗੁਰੂ ਗ੍ਰੰਥ ਬਾਣੀ ਅਨੁਸਾਰ ਗੁਰੂ ਦੁਆਰਾ ਸਥਾਪਿਤ ਸੰਗਤ ਦੀ ਸੰਸਥਾ ਦਾ ਗੁਣ ਇਹ ਹੈ ਕਿ ਇਸ ਵਿਚ ਗੁਰੂ ਆਪ ਉਪਸਥਿਤ ਰਹਿੰਦਾ ਹੈ। ਉਥੇ ਜਿਥੇ ਪੂਰਨ ਗੁਰਸਿੱਖਾਂ ਦੀਆਂ ਆਤਮਾਵਾਂ ਵਿਚ ਆਪਣੀ ਜੋਤਿ ਦਾ ਸਮਾਵੇਸ਼ ਕਰਦਾ ਹੋਇਆ ਉਨ੍ਹਾਂ ਨਾਲ ਤਦਰੂਪ ਹੋ ਜਾਂਦਾ ਹੈ ਉਥੇ ਸਮੁੱਚੀ ਸੰਗਤ ਵਿਚ ਉਸਦੀ ਹੋਂਦ ਵਿਦਮਾਨ ਰਹਿੰਦੀ ਹੈ।" ਇਸ ਲਈ ਸਤਿ ਸੰਗਤ ਉਹ ਮੰਨੀ ਜਾਂਦੀ ਹੈ ਜਿਥੇ ਸਤਿਗੁਰੂ ਆਪ ਹਾਜ਼ਰ ਨਾਜ਼ਰ ਹੈ :

ਸਤਿਗੁਰ ਬਾਝਹੁ ਸੰਗਤਿ ਨ ਹੋਈ ॥
ਬਿਨੁ ਸਬਦੇ ਪਾਰੁ ਨਾ ਪਾਵੈ ਕੋਈ ॥ ਪੰ. ੧੦੬੮
ਜਹ ਸਤਿਗੁਰੁ ਤਹ ਸਤ ਸੰਗਤਿ ਬਣਾਈ ॥
ਜਹ ਸਤਿਗੁਰੁ ਸਹਜੇ ਹਰਿਗੁਣ ਗਾਈ ॥ ਪੰ. ੧੬੦

ਗੁਰੂ ਗ੍ਰੰਥ ਸਾਹਿਬ ਵਿਚ ਸਾਧ ਸੰਗਤ ਦੀ ਵਿਆਖਿਆ ਬੜੇ ਹੀ ਸਰਲ ਤੇ ਸਪੱਸ਼ਟ

ਸ਼ਬਦਾਂ ਵਿਚ ਕੀਤੀ ਗਈ :

ਸਤ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮ ਵਖਾਣੀਐ।
ਏਕੋ ਨਾਮ ਹੁਕਮੁ ਹੈ ਨਾਨਕ,
ਸਤਿਗੁਰੁ ਦੀਆ ਬੁਝਾਇ ਜੀਉ ॥ ਪੰ. ੭੨

ਉਕਤ ਸ਼ਬਦ ਅਨੁਸਾਰ ਸਾਧ ਸੰਗਤ ਉਹ ਹੈ ਜਿਥੇ ਕੇਵਲ ਇਕ ਨਾਮ ਦੀ ਵਿਆਖਿਆ ਕੀਤੀ ਜਾਂਦੀ ਹੈ। ਉਹ ਨਾਮ ਹੈ ਪਰਮਾਤਮਾ ਦਾ। ਸਾਧ ਸੰਗਤ ਦਾ ਸਾਰਾ ਧਿਆਨ ਬ੍ਰਹਮ ਦੇ ਏਕਤ੍ਵ ਤੇ ਕੇਂਦਰਿਤ ਹੁੰਦਾ ਹੈ। ਇਸ ਲਈ ਸੰਗਤ ਵਿਚ ਦ੍ਵੈਤ, ਦੂਈ ਤੇ ਵਖਰੇਵਾਂ ਨਹੀਂ ਹੈ। ਜਦੋ ਸਿੱਖ ਸੰਗਤ ਵਿਚ ਬ੍ਰਹਮ ਦੇ ਏਕਤ੍ਵ ਤੇ ਉਸ ਦੇ ਨਾਮ ਦੀ ਵਿਚਾਰ ਸੁਣਦਾ ਹੈ ਤਾਂ ਉਹ ਆਪਣੇ ਮਨ ਨੂੰ ਅਕਾਲ ਪੁਰਖ ਦੇ ਏਕਤ੍ਵ ਨਾਲ ਜੋੜਦਾ ਹੈ ਜਿਸ ਨਾਲ ਮਨ ਅੰਦਰੋ ਦ੍ਵੈਖ ਭਾਵਨਾ ਖ਼ਤਮ ਹੋ ਜਾਂਦੀ ਹੈ ਤੇ ਇਕ ਪਰਮਾਤਮਾ ਦਾ ਵਾਸਾ ਹੀ ਰਹਿ ਜਾਂਦਾ ਹੈ। ਅਜਿਹੇ ਵਿਚਾਰ ਗੁਰੂ ਰਾਮਦਾਸ ਜੀ ਨੇ ਵੀ ਦਿੱਤੇ ਹਨ :

ਸਤ ਸੰਗਤਿ ਸਾਈ ਹਰਿ ਤੇਰੀ
ਜਿਤੁ ਹਰਿ ਕੀਰਤਿ ਹਰਿ ਸੁਨਣੇ ॥ ਪੰ. ੧੧੩੫

ਇਸ ਲਈ ਸਪੱਸ਼ਟ ਹੈ ਕਿ ਸਾਧ ਸੰਗਤ ਵਿਚ ਕੇਵਲ ਪਰਮਾਤਮਾ ਦੇ ਨਾਮ, ਉਸ ਦੇ ਸੰਕੇਤ ਤੇ ਉਸ ਦੇ ਗੁਣਾਂ ਬਾਰੇ ਹੀ ਵਿਚਾਰ ਹੁੰਦੀ ਹੈ। ਸਾਰੇ ਨਾਮ ਰਸੀਏ ਇਸ ਦਾ ਅਨੰਦ ਮਾਣਦੇ ਹਨ। ਡਾ. ਕਾਲਾ ਸਿਘ ਬੇਦੀ ਲਿਖਦੇ ਹਨ, "ਮਨੁੱਖ ਇਸ ਸੰਗਤ ਵਿਚ ਬੈਠ ਕੇ ਸੁਭ ਗੁਣ ਪ੍ਰਾਪਤ ਕਰਦਾ ਹੈ। ਨਾਮ ਸਿਮਰਨ ਵਿਚ ਜੁੜਦਾ ਹੈ ਅਤੇ ਅੰਤ ਅਮਰ ਹੋ ਜਾਂਦਾ ਹੈ।" ਇਸੇ ਲਈ ਸਤਿਗੁਰੂ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ ਹੈ ਕਿ ਜੇਕਰ ਸਦੀਵੀ ਸੁਖ ਦੀ ਲਾਲਸਾ ਹੈ ਤਾਂ ਸਾਧ ਸੰਗਤ ਵਿਚ ਹਾਜ਼ਰ ਹੋਵੋ ਕਿਉਂਕਿ ਇਥੋ ਸਭ ਕੁਝ ਪ੍ਰਾਪਤ ਹੁੰਦਾ ਹੈ :

ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥
ਸਾਧੂ ਸੰਗਤਿ ਪਾਰਗਰਾਮ ॥ ਪੰ. ੧੧੮੩

ਮਨੁੱਖ ਕਰਮਾਂ ਅਨੁਸਾਰ ਦੁਖ ਸੁਖ ਭੋਗਦਾ ਹੈ। ਉਸ ਦੇ ਮਾੜੇ ਕਰਮਾਂ ਕਰਕੇ ਉਸਦੇ ਮਨ ਨੂੰ ਮੈਲ ਲਗਦੀ ਰਹਿੰਦੀ ਹੈ ਤੇ ਉਹ ਇੰਨਾ ਕਾਲਾ ਹੋ ਜਾਂਦਾ ਹੈ ਕਿ ਸਾਫ ਹੋਣ ਵਾਲਾ ਦ੍ਰਿਸ਼ਟੀਗੋਚਰ ਨਹੀ ਆਉਂਦਾ ਪਰ ਸਾਧ ਸੰਗਤ ਇਸ ਦੇ ਵੀ ਸਮਰੱਥ ਹੈ ਕਿ ਹਰ ਪ੍ਰਕਾਰ ਦੀ ਮੈਲ ਲਾਹ ਕੇ ਸਿੱਖ ਸਾਧਕ ਨੂੰ ਨਿਰਮਲ ਬਣਾ ਦਿੰਦੀ ਹੈ :

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ ਪੰ. ੧੩੦੯

....

ਸਤ ਸੰਗਤਿ ਮਿਲਿ ਮਤਿ ਬੁਧਿ ਪਾਈ,
ਹਉ ਛੂਟੇ ਮਮਤਾ ਜਾਲ ॥
ਹਰਿਨਾਮਾ ਹਰਿ ਮੀਠਾ ਲਗਾਨਾ,

ਗੁਰਿ ਕੀਏ ਸ਼ਬਦ ਨਿਹਾਲ ॥ ਪੰ. ੧੩੩੫

....

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ
ਲਗਿ ਸੰਗਤਿ ਸਾਧ ਸਵਾਰੀ ॥
ਜਿਉ ਕੰਚਨੁ ਬੈਸੰਤਰਿ ਤਾਇਓ
ਮਲੁ ਕਾਟੀ ਕਟਿਤ ਉਤਾਰੀ ॥ ਪੰ. ੬੬੬

ਸਿੱਖ ਸਾਧ ਸੰਗਤ ਵਿਚ ਜਾ ਕੇ ਸਮਾਧੀ ਸਥਿਤ ਹੋ ਕੇ ਅਕਾਲ ਪੁਰਖ ਦਾ ਧਿਆਨ ਧਰਦਾ ਹੈ। ਸਿਮਰਨ ਵਿਚ ਲੀਨ ਹੁੰਦਾ ਹੈ ਤਾਂ ਉਸ ਦੇ ਮਨ ਵਿਚੋ ਹਰ ਪ੍ਰਕਾਰ ਦਾ ਦ੍ਵੈਖ, ਈਰਖਾ ਸਾੜਾ, ਕਲੇਸ਼ ਆਦਿ ਦੂਰ ਹੋ ਜਾਂਦਾ ਹੈ। ਮਨ ਵਿਚੋ ਹਰ ਪ੍ਰਕਾਰ ਦੇ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਉਸ ਦੇ ਚਾਰੇ ਪਾਸੇ ਬਣਿਆ ਭਰਮ ਜਾਲ ਸਾਧ ਸੰਗਤ ਕਾਰਨ ਛਾਈ ਮਾਂਈ ਹੋ ਜਾਂਦਾ ਹੈ ਤੇ ਹਉਮੈਂ ਜਿਹਾ ਅਸਾਧ ਰੋਗ ਵੀ ਠੀਕ ਹੋ ਜਾਂਦਾ ਹੈ :

ਭ੍ਰਮ ਕਟੀਐ ਨਾਨਕ ਸਾਧ ਸੰਗਿ
ਦੁਤੀਆ ਭਾਉ ਮਿਟਾਇ ॥ ਪੰ. ੨੯੬

....

ਅੰਧਕਾਰ ਮਿਟਿਓ ਤਿਹ ਤਨ ਤੇ
ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾਕੀ ਕਾਟੀ
ਜਾਕਉ ਸਾਧ ਸੰਗਤਿ ਬਿਸ੍ਵਾਸਾ ॥ ਪੰ. ੨੦੮

....

ਸਤਿ ਸੰਗਤਿ ਮਿਲਿ ਮਤਿ ਬੁਧ ਪਾਈ
ਹਉ ਛੂਟੇ ਮਮਤਾ ਜਾਲੁ ॥
ਹਰਿਨਾਮਾ ਹਰਿ ਮੀਠ ਲਗਾਨਾ
ਗੁਰ ਕੀਏ ਸਬਦ ਨਿਹਾਲ ॥ ਪੰ. ੧੩੩੫

....

ਸਤ ਸੰਗਤਿ ਮਿਲਿਐ ਹਰਿ ਸਾਧੂ
ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ
ਅਗਿਆਨੁ ਅੰਧੇਰਾ ਜਾਇ ॥ ਪੰ. ੩੬੮

ਸਾਧ ਸੰਗਤ ਪਾਰਸਰੂਪ ਹੈ। ਉਹ ਲੋਹੇ ਨੂੰ ਸੋਨਾ ਕਰਨ ਦੇ ਸਮਰੱਥ ਹੈ। ਭਾਵ ਜਦੋ ਸਾਧਾਰਣ ਵਿਅਕਤੀ ਸਾਧ ਸੰਗਤ ਦੀ ਛੁਹ ਪ੍ਰਾਪਤ ਕਰਦਾ ਹੈ ਤਾਂ ਉਸ ਦਾ ਜੀਵਨ ਬਦਲ ਜਾਂਦਾ ਹੈ ਕਿਉਂਕਿ ਸਾਧ ਸੰਗਤ ਵਿਚ ਸਤਿਗੁਰੂ ਵਸਦਾ ਹੈ। ਪਰਮਾਤਮਾ ਵਸਦਾ ਹੈ। ਉਹ ਸਾਧੂ ਸੁਰਤ ਦਾ ਸੁਆਮੀ ਬਣ ਕੇ ਜੀਵਨ ਬਸਰ ਕਰਦਾ ਹੈ। ਗੁਰੂ ਗ੍ਰੰਥ ਬਾਣੀ ਵਿਚ ਇਸ ਤੱਥ ਨੂੰ ਸਮਝਾਉਣ ਵਾਲੇ ਤੇ ਇਸ ਦਾ ਸਮਰਥਨ ਕਰਨ ਵਾਲੇ ਕਈ ਪ੍ਰਮਾਣ ਉਪਲਬੱਧ ਹਨ ਜਿਵੇਂ :

ਪਾਰਸੁ ਭੇਟਿ ਕੰਚਨੁ ਧਾਤੁ ਹੋਈ
ਸਤ ਸੰਗਤਿ ਕੀ ਵਡਿਆਈ ॥ ਪੰ. ੫੦੫

....

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ
ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ
ਗੁਰਮਤੀ ਸੁਧ ਹਾਧੋ ॥ ਪੰ. ੧੨੯੭

ਸਤਿ ਸੰਗਤ ਦੀ ਵਡਿਆਈ ਦਰਸਾਉਣ ਲਈ ਸਤਿਗੁਰਾਂ ਨੇ ਚੰਦਨ ਰੁੱਖ ਦੀ ਉਦਾਹਰਣ ਦਿੰਦਿਆਂ ਸਮਝਾਇਆ ਹੈ ਕਿ ਜਿਵੇਂ ਚੰਦਨ ਰੁੱਖ ਪਾਸ ਉੱਗੇ ਹੋਰ ਵਰਣਾਂ ਦੇ ਬੂਟਿਆਂ ਵਿਚ ਵੀ ਚੰਦਨ ਦੀ ਸੁਗੰਧ ਆਪ-ਮੁਹਾਰੀ ਪਰਵੇਸ਼ ਕਰ ਜਾਂਦੀ ਹੈ, ਇਵੇਂ ਸਾਧ ਸੰਗਤ ਵਿਚ ਆਉਣ ਵਾਲਾ ਨੀਚ ਪੁਰਖ ਵੀ ਹੋਲੀ ਹੋਲੀ ਸੰਗਤ ਦਾ ਪ੍ਰਭਾਵ ਗ੍ਰਹਿਣ ਕਰਕੇ ਆਦਰਸ਼ ਵਿਅਕਤੀ ਬਣ ਜਾਂਦਾ ਹੈ। ਉਹ ਉੱਚ-ਅਧਿਆਤਮਕ-ਮੰਡਲਾਂ ਦੀ ਯਾਤਰਾ ਕਰਦਾ ਹੈ। ਸਤਿਗੁਰੂ ਦੇ ਸ਼ਬਦਾਂ ਵਿਚ :

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ
ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥
ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ ॥ ਪੰ. ੮੬੧

ਸਾਧ ਸੰਗਤ ਵਿਚ ਕਿਸੇ ਜਾਤ-ਵਰਣ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਜੋ ਵੀ ਆਵੇ ਉਸ ਦਾ ਹੀ ਕਲਿਆਣ ਹੋ ਜਾਂਦਾ ਹੈ। ਡਾਕਟਰ ਮਨਮੋਹਨ ਸਹਿਗਲ ਲਿਖਦੇ ਹਨ "ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਕੁਝ ਇਤਿਹਾਸਕ ਸੰਦਰਭਾਂ ਨੂੰ ਅੰਕਿਤ ਕਰਦਿਆਂ ਹੋਇਆ ਇਹ ਸਿੱਧ ਕੀਤਾ ਗਿਆ ਹੈ ਸਾਧੂ-ਸੰਗਤ ਵਰਣ-ਜਾਤੀ ਤੋਂ ਵੱਖ ਸਿਰਫ ਅਧਿਆਤਮਕਤਾ ਦੀ ਹੀ ਸੂਚਕ ਹੈ। ਉਥੇ ਜਾਤ ਪਾਤ ਦਾ ਉਸ ਤਰ੍ਹਾਂ ਕੋਈ ਸਵਾਲ ਹੀ ਨਹੀਂ ਹੈ ਜਿਵੇਂ ਪਾਰਸ ਸਾਹਮਣੇ ਲੋਹੇ ਦੇ ਖਰੇ-ਖੋਟੇ ਹੋਣ ਦਾ ਕੋਈ ਸਵੱਲ ਹੀ ਪੈਦਾ ਨਹੀਂ ਹੁੰਦਾ। ਬ੍ਰਾਹਮਣ ਜਾਂ ਸੂਦਰ ਜੋ ਵੀ ਸਾਧ-ਸ਼ਰਣ ਵਿਚ ਆਉਂਦਾ ਹੈ, ਉਹ ਜੁਲਾਹਾ ਕਬੀਰ, ਚਮਾਰ ਰਵਿਦਾਸ ਤੇ ਜੱਟ ਧੰਨਾ ਵਾਂਗ ਪਰਮਾਤਮਾ ਦਾ ਪਿਆਰਾ ਬਣ ਜਾਂਦਾ ਹੈ।"[4] ਇਸ ਤੱਥ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਲਿਖਦੇ ਹਨ :

ਸਾਧੂ ਸਰਨਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ।
ਨਾਮਾ ਜੈ ਦੇਉ ਕਬੀਰੁ ਤ੍ਰਿਲੋਚਨ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।

ਪੰ. ੮੩੫

ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਮਨੁੱਖ ਦੇ ਆਵਾਗਵਣ ਲਈ ਜਿੰਮੇਵਾਰ ਹਨ। ਇਨ੍ਹਾਂ ਉਪਰ ਕਾਬੂ ਪਾਉਣ ਲਈ ਸਭ ਲੋਕ ਸਾਧਨਾ ਕਰਦੇ ਹਨ। ਕਬੀਰ ਨੇ ਕਿਹਾ ਸੀ "*ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ*" ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਕਾਰ ਦੇ ਬਲੀ ਹੋਣ ਦਾ ਪ੍ਰਮਾਣ ਦਿੰਦਿਆਂ ਕਿਹਾ ਸੀ "*ਮੈ ਨਿਹਥੇ ਪੰਜ ਜਵਾਨ ਗੁਰ ਥਾਪੀ ਦਿਤੀ ਕੰਡ ਜੀਉ।*" ਇਨ੍ਹਾਂ ਵਿਕਾਰਾਂ ਦੇ ਗੁਲਾਮ ਜੀਵ ਦਾ ਨਿਸਤਾਰਾ

ਸਤਿ ਸੰਗਤ ਵਿਚ ਹੀ ਹੋ ਸਕਦਾ ਹੈ ਕਿਉਂਕਿ ਇਥੇ ਇਹ ਪੰਜੇ ਵੱਸ ਵਿਚ ਆ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦਾ ਬਚਨ ਹੈ :

ਪੰਚ ਸਿੰਘ ਰਾਖੇ ਪ੍ਰਭਿ ਮਾਰਿ।
ਦਸ ਬਘਿਆੜੀ ਲਈ ਨਿਵਾਰਿ।
ਤੀਨਿ ਆਵਰਤ ਕੀ ਚੂਕੀ ਘੇਰ।
ਸਾਧ ਸੰਗਿ ਚੂਕੇ ਭੈ ਫੇਰ ॥ ਪੰ. ੮੯੯

ਇਸੇ ਤਰ੍ਹਾਂ ਹੀ ਸਾਧ ਸੰਗਤ ਪਲ ਛਿੰਨ ਵਿਚ ਜੀਵ ਦੇ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਮਨ ਟਿਕਾਉ ਵਿਚ ਆ ਜਾਂਦਾ ਹੈ। ਆਉਣ ਜਾਣ ਦਾ ਗੇੜ ਖ਼ਤਮ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਬਦ ਹਨ :

ਸੁਣਿ ਸਾਜਨ ਮੇਰੇ ਮੀਤ ਪਿਆਰੇ।
ਸਾਧ ਸੰਗਿ ਖਿਨ ਮਾਹਿ ਉਧਾਰੇ।
ਕਿਲਬਿਖ ਕਾਟਿ ਹੋਆ ਮਨੁ ਨਿਰਮਲੁ।
ਮਿਟਿ ਗਏ ਆਵਣ ਜਾਣਾ ਜੀਉ। ਪੰ. ੧੦੩

ਹਿੰਦੂ ਵਿਸ਼ਵਾਸ ਅਨੁਸਾਰ ੬੮ ਪ੍ਰਮੁਖ ਤੀਰਥ ਹਨ ਜਿਨ੍ਹਾਂ ਤੇ ਇਸ਼ਨਾਨ ਕਰਨ ਦਾ ਬੜਾ ਮਹਾਤਮ ਦੱਸਿਆ ਗਿਆ ਹੈ। ਪਰ ਗੁਰੂ ਸਾਹਿਬਾਂ ਤਾਂ ਅੰਦਰਲੇ ਤੀਰਥ ਵਿਚ ਨਾਮ ਨਾਲ ਮਲ ਮਲ ਕੇ ਇਸ਼ਨਾਨ ਕਰਨ ਨੂੰ ਮਹਾਨਤਾ ਵਾਲੀ ਗੱਲ ਮੰਨਦੇ ਹਨ। ਸਾਧੂ ਸੰਗਤ ਦੀ ਧੂਰੀ ਨੂੰ ਮਸਤਕ ਤੇ ਲਗਾਉਣਾ ੬੮ ਤੀਰਥਾਂ ਦੇ ਇਸ਼ਨਾਨ ਤੁਲ ਮੰਨਿਆ ਗਿਆ ਹੈ :

ਤ੍ਰਿਪਤ ਅਘਾਵਨੁ ਸਾਚੈ ਮਾਇ ॥
ਅਠਸਠਿ ਮਜਨੁ ਸੰਤ ਧੂਰਾਇ ॥
ਸਭ ਮਹਿ ਜਾਨਉ ਕਰਤਾ ਏਕ ॥
ਸਾਧ ਸੰਗ ਮਿਲਿ ਬੁਧਿ ਬਿਬੇਕ ॥ ਪੰ. ੩੧੧

....

ਵਡੈ ਭਾਗਿ ਸਤ ਸੰਗਤਿ ਪਾਈ,
ਹਰਿ ਹਰਿ ਨਾਮੁ ਰਹਿਆ ਭਰਪੂਰਿ।
ਅਠਸਠ ਤੀਰਥ ਮਜਨੁ ਕੀਆ।
ਸਤ ਸੰਗਤਿ ਪਗ ਨਾਏ ਧੂਰਿ। ਪੰ. ੧੧੯੮

....

ਸਤ ਸੰਗਤਿ ਸਾਧ ਧੂਰਿ ਮੁਖਿ ਪਰੀ।
ਇਸਨਾਨੁ ਕੀਓ ਅਠਸਠਿ ਸੁਰਸਰੀ ॥ ਪੰ. ੧੧੩੪

ਜੋ ਕੰਮ ਇਸਲਾਮੀ ਵਿਚਾਰ ਅਨੁਸਾਰ ਸ਼ੈਤਾਨ ਕਰਦਾ ਹੈ ਉਹੀ ਕੰਮ ਭਾਰਤੀ ਵਿਚਾਰਧਾਰਾ ਅਨੁਸਾਰ ਮਾਇਆ ਕਰਦੀ ਹੈ। ਮਾਇਆ ਤਾਂ ਦੂਜਾ ਭਾਉ ਹੈ। ਪਰਮਾਤਮਾ ਨੂੰ ਵਿਸਾਰਨ ਲਈ ਜੀਵ ਨੂੰ ਉਕਸਾਉਂਦੀ ਰਹਿੰਦੀ ਹੈ। ਮਾਇਆ ਨੂੰ ਮਹਾਂਪੁਰਸ਼ਾਂ ਨੇ ਅਵਿਦਿਆ ਦੀ ਸੰਗਿਆ ਵੀ ਦਿੱਤੀ ਹੈ। ਮਾਇਆ ਹਮੇਸ਼ਾਂ ਸਾਧਕ ਨੂੰ ਮੋਹਣ ਲਈ ਯਤਨਸ਼ੀਲ ਰਹਿੰਦੀ ਹੈ ਤੇ ਕਈ ਵਾਰ ਇਕਾਂਤਵਾਸੀ ਇਸ ਦੇ ਜਾਲ ਵਿਚ ਫਸ ਜਾਂਦੇ ਹਨ। ਪਰ ਸਾਧ ਸੰਗਤ ਦੀ

ਮਹਿਮਾਂ ਅਪਾਰ ਹੈ ਕਿਉਂਕਿ ਤਿੰਨਾਂ ਲੋਕਾਂ ਨੂੰ ਜਿੱਤਣ ਵਾਲੀ ਮਾਇਆ ਦਾ ਇਥੇ ਕੋਈ ਜੋਰ ਨਹੀ ਚੱਲਦਾ। ਇਹ ਆਪ ਸਾਧ ਸੰਗਤ ਦੇ ਚਰਣ ਧੋਦੀ ਹੈ :

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।
ਸਾਧ ਸੰਗਤਿ ਕਉ ਜੋਹਿ ਨਾ ਸਾਕੈ ਮਲਿ ਮਲਿ ਧੋਵੈ ਪਾਇ ॥ ਪੰ. ੫੦੦

ਯੋਗ ਸਾਧਨਾ ਕਰਨ ਵਾਲੇ ਬੜੇ ਕਸ਼ਟ ਸਹਿ ਕੇ, ਤਪ ਸਾਧਨਾ ਕਰਕੇ ਕੁੰਡਲਨੀ ਨੂੰ ਸਿੱਧੀ ਕਰਕੇ ਦਸਮ ਦੁਆਰ ਤਕ ਸੁਰਤ ਨੂੰ ਲੈ ਜਾਣ ਦੇ ਸਮਰਸ ਪਰ ਗਯੰਦ ਭੱਟ ਨੇ ਸਤਿ ਸੰਗਤ ਦੁਆਰਾ ਪ੍ਰਾਪਤ ਹੋਣ ਵਾਲੇ ਲਾਭ ਦਾ ਵਰਨਣ ਕਰਦੇ ਹੋਏ ਲਿਖਿਆ ਹੈ ਕਿ "*ਕੁਡਲਨੀ ਸੁਰਝੀ ਸਤ ਸੰਗਤਿ*" ਅਰਥਾਤ ਕੁਡਲਨੀ ਯੋਗ ਦੁਆਰਾ ਘੋਰ ਤਪੱਸਿਆ ਕਰਕੇ ਜੋ ਦਸਮ ਦੁਆਰ ਵਿਚ ਸਮਾਣ ਦੀ ਵਿਧੀ ਹੈ, ਉਹ ਸਤਿ-ਸੰਗਤ ਦੇ ਮਿਲਾਪ ਕਾਰਣ ਪ੍ਰਾਪਤ ਹੋ ਗਈ ਭਾਵ ਮਨ ਦੀ ਗੁੰਝਲ ਖੁਲ ਗਈ। ਇਹ ਗੁਰਮਤਿ ਦੀ ਵਡਿਆਈ ਹੈ ਕਿ ਜੋ ਕੁਝ ਯੋਗੀ ਕਰੜੀ ਸਾਧਨਾ ਨਾਲ ਪ੍ਰਾਪਤ ਕਰਦੇ ਹਨ, ਉਹ ਗੁਰੂ ਦੀ ਕਿਰਪਾ ਨਾਲ ਸਹਿਜ ਸੁਭਾ ਹੀ ਪ੍ਰਾਪਤ ਹੋ ਜਾਂਦਾ ਹੈ। ਗਯੰਦ ਭੱਟ ਦੇ ਸ਼ਬਦ ਹਨ :

ਕੁੰਡਲਨੀ ਸੁਰਝੀ ਸਤਸੰਗਤਿ
ਪਰਮਾਨੰਦ ਗੁਰੂ ਮੁਖਿ ਮਚਾ।
ਸਿਰੀ ਗੁਰੂ ਸਾਹਿਬ ਸਭ ਊਪਰਿ
ਮਨ ਬਚ ਕ੍ਰੰਮ ਸੇਵੀਐ ਸਚਾ ॥ ਪੰ. ੧੪੦੨

ਇਸ ਤਰ੍ਹਾਂ ਨਾਭੀ ਵਿਚ ਉਲਟਾ ਕੰਵਲ ਹੈ ਜਿਸ ਨੂੰ ਯੋਗ ਸਾਧਨਾ ਨਾਲ ਸਿੱਧ ਕੀਤਾ ਜਾਂਦਾ ਹੈ। ਇਸ ਵਿਚ "ਚਰਨਾਂ" ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਬੜੀ ਵੱਡੀ ਪ੍ਰਾਪਤੀ ਮੰਨਿਆ ਜਾਂਦਾ ਹੈ। ਇਸ ਦਰਸ਼ਨ ਦਾ ਇੰਨਾ ਆਨੰਦ ਮੰਨਿਆ ਜਾਂਦਾ ਹੈ ਕਿ ਸਾਧਕ "*ਰਾਜ ਨ ਚਾਹੂ ਮੁਕਤਿ ਨ ਚਾਹੂ ਮਨ ਪ੍ਰੀਤਿ ਚਰਨ ਕਵਲਾਰੇ*" ਕੂਕ ਉਠਦਾ ਹੈ। ਪਰ ਗੁਰਮਤਿ ਵਿਚ ਹੱਠ ਸਾਧਨਾ ਦੀ ਥਾਂ ਸਾਧ ਸੰਗਤਿ ਦੀ ਕਿਰਪਾ ਨਾਲ ਇਹ ਕੰਵਲ ਸਿੱਧਾ ਹੋ ਜਾਂਦਾ ਹੈ ਤੇ ਸਿੱਖ ਇਸ ਦਾ ਆਨੰਦ ਮਾਣਦਾ ਹੈ :

ਮਿਲਿ ਸੰਤ ਸਭਾ ਮਨ ਮਾਂਜੀਐ ਭਾਈ
ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ
ਕਮਲ ਹੋਵੈ ਪਰਗਾਸ ॥ ਪੰ. ੬੩੯ ਸੋਰਠਿ ਮਹਲਾ ੫॥

....

ਬੁਧਿ ਪ੍ਰਗਾਸ ਪ੍ਰਗਟ ਭਈ
ਉਲਟਿ ਕਮਲੁ ਬਿਗਸਨਾ
ਸੀਤਲ ਸਾਂਤਿ ਸੰਤੋਖ ਹੋਇ
ਸਭ ਬੂਝੀ ਤ੍ਰਿਸਨਾ ॥ ਪੰ. ੮੧੧

ਤੁਰੀਆ ਅਵਸਥਾ ਜਾਂ ਚਉਥਾ ਪਦ ਸਾਧਕ ਦੀ ਉੱਚਤਮ ਪ੍ਰਾਪਤੀ ਮੰਨੀ ਜਾਂਦੀ ਹੈ। ਪਿਆਰਾ ਸਿੰਘ ਪਦਮ ਅਨੁਸਾਰ "ਪੁਰਾਣੇ ਵਿਚਾਰਵਾਨਾਂ ਨੇ ਸਰੀਰ ਦੀਆਂ ਤਿੰਨ ਅਵਸਥਾਵਾਂ—ਜਾਗ੍ਰਤ, ਸੁਪਨ, ਸੁਖੋਪਤਿ ਮੰਨੀਆ ਹਨ। ਇਕ ਸਮਾਂ ਹੁੰਦਾ ਹੈ ਜਦੋਂ ਅਸੀ

ਜਾਗਦੇ ਤੇ ਕੰਮ ਕਰਦੇ ਹਾਂ। ਦੂਜੀ ਅਵਸਥਾ ਐਸੀ ਹੈ ਜਦੋਂ ਨਾ ਜਾਗਦੇ ਹੁੰਦੇ ਹਾਂ ਤੇ ਨਾ ਸੁੱਤੇ—ਇਹ ਸੁਪਨ ਅਵਸਥਾ ਹੈ। ਸੁਖੋਪਤਿ ਉਸ ਹਾਲਤ ਦਾ ਨਾਮ ਹੈ ਜਦੋਂ ਇਤਨੀ ਗੂੜ੍ਹੀ ਨੀਂਦ ਹੁੰਦੀ ਹੈ ਕਿ ਪਤਾ ਨਹੀਂ ਲਗਦਾ ਕਿਥੇ ਪਏ ਹਾਂ। ਬ੍ਰਹਮ ਗਿਆਨੀ ਇਨ੍ਹਾਂ ਤਿੰਨਾਂ ਅਵਸਥਾਵਾਂ ਤੋਂ ਉਤਾਂਹ ਉਠ ਕੇ ਪ੍ਰਭੂ ਨਾਲ ਇਕ-ਮਿਕ ਹੋ ਸਹਿਜ ਅਵਸਥਾ ਵਿਚ ਵਿਚਰਦਾ ਹੈ, ਇਸ ਨੂੰ ਚਉਥਾ ਪਦ ਕਿਹਾ ਗਿਆ ਹੈ।"[6] ਇਹ ਤੁਰੀਆ ਅਵਸਥਾ ਗੁਰਸਿੱਖ ਨੂੰ ਸਾਧ ਸੰਗਤ ਵਿਚ ਇਕ ਨਾਮ ਦੀ ਸਾਧਨਾ ਕਰਦਿਆਂ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ :

ਤੁਰੀਆ ਗੁਣ ਸਤਸੰਗਤਿ ਪਾਈਐ।
ਨਦਰੀ ਪਾਰਿ ਉਤਾਰੀ ॥ ਪੰ. ੧੨੬੦

ਨਦੀ ਪਾਰ ਕਰਨ ਲਈ ਬੇੜੀ ਮਾਧਿਅਮ ਹੈ। ਇਸੇ ਤਰ੍ਹਾਂ ਸੰਸਾਰ-ਸਾਗਰ ਪਾਰ ਕਰਨ ਲਈ ਸਾਧ ਸੰਗਤ ਬੇੜੀ ਰੂਪ ਹੈ ਜਿਸ ਦੀ ਕਿਰਪਾ ਨਾਲ ਸਿੱਖ ਪਰਮਗਤਿ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸੇ ਤਰ੍ਹਾਂ ਸਤਿਗੁਰੂ ਇਕ ਹੋਰ ਉਦਾਹਰਣ ਦੇ ਕੇ ਸਪੱਸ਼ਟ ਕਰਦੇ ਹਨ ਜਿਵੇਂ ਲੋਹਾ ਬੇੜੀ ਨਾਲ ਲੱਗਦੇ ਤਰ ਜਾਂਦਾ ਹੈ, ਇਵੇਂ ਪਾਪੀ ਵਿਅਕਤੀ ਵੀ ਸਾਧ ਸੰਗਤ ਨਾਲ ਰਲ ਕੇ ਪਰਮ-ਗਤਿ ਪ੍ਰਾਪਤ ਕਰ ਲੈਂਦਾ ਹੈ :

ਨਾਵ ਰੂਪ ਭਇਓ ਸਾਧੂ ਸੰਗ
ਭਵਨਿਧੀ ਪਾਰਿ ਪਰਾ। ਪੰ. ੭੦੧

....

ਜਿਓ ਕਾਸਟ ਸੰਗਿ ਲੋਹਾ ਬਹੁ ਤਰਤਾ
ਤਿਉ ਪਾਪੀ ਸੰਗਿ ਤਰੇ ਸਾਧ
ਸਾਧ ਸੰਗਤੀ ਸੁਰ ਸਤਿਗੁਰੁ ਸਾਧੋ ॥ ਪੰ. ੧੨੯੨

....

ਜਨਮ ਜਨਮ ਕੀ ਹਉਮੈ ਮਲੁ ਲਾਗੀ।
ਮਿਲਿ ਸੰਗਤਿ ਮਲੁ ਲਹਿ ਜਾਵੈਗੋ।
ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ
ਸਬਦਿ ਗੁਰੂ ਹਰਿ ਪਾਵੈਗੋ।
ਸੰਗਤਿ ਸੰਤ ਮਿਲਹੁ ਸਤ ਸੰਗਤਿ
ਮਿਲਿ ਸੰਗਤਿ ਹਰਿ ਰਸੁ ਆਵੈਗੋ ॥ ਪੰ. ੧੩੦੯

ਇਉਂ ਸਾਧ ਸੰਗਤ ਵਿਚ ਆਉਣ ਵਾਲੇ ਸਿੱਖ ਦਾ ਜੀਵਨ ਬਦਲ ਜਾਂਦਾ ਹੈ। ਇਕ ਪਰਮਾਤਮਾ ਦੀ ਉਸਤਤ ਕਰਦਾ ਉਹ ਆਪਣੇ ਧਰਮ ਲਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ। ਸਾਧ ਸੰਗਤ ਦੀ ਅਸ਼ੀਰਵਾਦ ਮਿਲਦੀ ਰਹਿੰਦੀ ਹੈ ਤੇ ਉਹ ਅਖੀਰ ਪਰਮਪਦ ਨੂੰ ਪਰਵਾਨ ਕਰ ਲੈਂਦਾ ਹੈ, ਜਿਸ ਨੂੰ ਸੁਰ ਨਰ ਸਭ ਲੋਚਦੇ ਹਨ। ਗੁਰਬਾਣੀ ਵਿਚੋਂ ਪ੍ਰਮਾਣ ਹਾਜ਼ਰ ਹਨ :

ਮਿਲਿ ਸਤ ਸੰਗਤਿ ਪਰਮਪਦੁ ਪਾਇਆ
ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ। ਪੰ. ੮੩੪

....

ਮਿਲਿ ਸਤ ਸੰਗਤਿ ਪਰਮਪਦੁ ਪਾਇਆ

ਹਿਰਨ ਵਾਂਗ ਬਾਹਰੋਂ ਕਸਤੂਰੀ ਦੀ ਭਾਲ ਕਰਦਾ ਕਮਲਿਆਂ ਵਾਂਗ ਨੱਠ ਭੱਜ ਵਿਚ ਜੀਵਨ ਦੇ ਸੁਨਹਿਰੀ ਪਲ ਖਰਾਬ ਨਹੀਂ ਕਰਦਾ ? ਉਹ ਟਿਕਾਉ ਵਿਚ ਰਹਿਕੇ ਬ੍ਰਹਮ ਲੀਨ ਹੋਣ ਲਈ ਯਤਨਸ਼ੀਲ ਰਹਿੰਦਾ ਹੈ ਤੇ ਆਖਰ ਮੁਕਤ ਹੋ ਜਾਂਦਾ ਹੈ।

3

ਦੁਨੀਆਂ ਵਿਚ ਮਨੁੱਖ ਰਿਸ਼ਤਿਆਂ ਦੇ ਬੰਧਨ ਵਿਚ ਬਝਿਆ ਸਾਰੀ ਉਮਰ ਫੋਕਟ ਰਸਮ-ਰਿਵਾਜਾਂ ਦੇ ਚੱਕਰ ਵਿਚ ਪਿਆ ਦੁੱਖ ਭੋਗਦਾ ਰਹਿੰਦਾ ਹੈ। ਗੁਰਬਾਣੀ ਦੁਨਿਆਵੀ ਰਿਸ਼ਤਿਆਂ, ਸੰਬੰਧਾਂ ਤੇ ਸੰਪਰਕਾਂ ਨੂੰ ਕੂੜ ਮੰਨਦੀ ਹੈ। ਇਹ ਰਿਸ਼ਤੇਦਾਰ-ਸਕੇ-ਸੰਬੰਧੀ ਸਭ ਰਿਸ਼ਤਿਆਂ ਦੀ ਗਿਣਤੀ ਕਰਨ ਉਪਰੰਤ ਇਹ ਤੱਤ ਕੱਢਿਆ ਹੈ ਕਿ ਗੁਰਸਿੱਖ ਤੇ ਸਾਧ ਸੰਗਤ ਦਾ ਰਿਸ਼ਤਾ ਸਭ ਤੋਂ ਉੱਤਮ ਹੈ, ਸ੍ਰੇਸ਼ਟ ਹੈ, ਚਿਰਜੀਵੀ ਹੈ, ਸੱਚਾ ਹੈ ਅਤੇ ਸੁੱਚਾ ਹੈ। ਭਾਈ ਜੀ ਦੇ ਆਪਣੇ ਸ਼ਬਦ ਇਸ ਤਰ੍ਹਾਂ ਹਨ :

ਨਹੀ ਦੇਦਦਾਰ ਪਿਤਾ ਪਿਤਾਮਾ ਪਰ ਪਿਤਾਮਾ
ਸੁਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ ॥
ਨਹੀ ਨਨਸਾਰ ਮਾਤਾ ਪਰਮਾਤਾ ਬ੍ਰਿਧ ਮਾਤਾ
ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਿਖਯਾਤਾ ਹੈ ॥
ਨਹੀ ਸਸੁਰਾਰ ਸਾਸ ਸਸੁਰਾ ਐ ਸਾਰੋ ਸਾਰੀ,
ਨਹੀ ਬਿਰਤੀਸੁਰ ਐ ਜਾਚਕ ਨਾ ਦਾਤਾ ਹੈ ॥
ਅਸਨ ਬਸਨ ਧਨ ਧਾਮ ਕਾਹੂੰ ਮੈ ਨ ਦੇਖਯੋ
ਜੈਸੋ ਗੁਰ ਸਿੱਖ ਸਾਧ ਸੰਗਤਿ ਕੋ ਨਾਤਾ ਹੈ ॥

ਸਾਰਾਂਸ਼ : ਸਤਿ ਸੰਗਤ ਵਿਚ ਸਤਿਗੁਰੂ ਆਪ ਹਾਜ਼ਰ ਨਾਜ਼ਰ ਹੁੰਦਾ ਹੈ। ਇਕ ਪਰਮਾਤਮਾ ਦੇ ਨਾਮ ਦੀ ਵਿਆਖਿਆ ਹੁੰਦੀ ਹੈ। ਸਿੱਖ ਸੰਗਤ ਵਿਚ ਜਾਕੇ ਉਪਦੇਸ਼ ਸੁਣਦਾ ਹੈ। ਨਾਮ ਜਪਦਾ ਹੈ। ਸੰਗਤ ਦੀ ਕਿਰਪਾ ਨਾਲ ਉਸ ਦਾ ਮਨ ਟਿਕਾ ਵਿਚ ਆਉਂਦਾ ਹੈ। ਸਿਮਰਨ ਭਜਨ ਕਰਦਾ ਆਖਰ ਵਿਕਾਰਾਂ ਦੀ ਮਾਰ ਤੋਂ ਬਚਦਾ ਹੈ ਤੇ ਆਖਰ ਅਕਾਲ ਪੁਰਖ ਦੀ ਬਖਸ਼ਿਸ਼ ਨਾਲ ਸੰਗਤ ਦੀਆਂ ਅਸੀਸਾਂ ਨਾਲ ਪਰਮਪਦ ਦੀ ਪ੍ਰਾਪਤੀ ਕਰਕੇ ਬ੍ਰਹਮ ਸਰੂਪ ਹੋ ਜਾਂਦਾ ਹੈ। ਇਹ ਹੈ ਸਤਿ ਸੰਗਤ ਦਾ ਪ੍ਰਭਾਵ ਸਿੱਖ ਦੇ ਜੀਵਨ ਅਤੇ ਨਿਤ ਕਰਮ ਤੇ।

ਹਵਾਲੇ

1. *ਗੁਰਮਤਿ ਨਿਰਣਯ*, ਲਾਹੌਰ ਬੁਕ ਸ਼ਾਪ, ਲੁਧਿਆਣਾ, (ਸਤਵੀਂ ਵਾਰ), ਪੰ. 153
2. *ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰ. 181
3. *ਸ਼ਬਦ ਰਤਨਾਕਰ*, ਭਾਸ਼ਾ ਵਿਭਾਗ, ਪੰਜਾਬ, 1969, ਪੰ. 53
4. *ਗੁਰੂ ਗ੍ਰੰਥ ਸਾਹਿਬ : ਏਕ ਸਾਂਸਕ੍ਰਿਤਕ ਸਰਵੇਕਸ਼ਣ (ਹਿੰਦੀ)*, ਭਾਸ਼ਾ ਵਿਭਾਗ, ਪੰਜਾਬ, 1971, ਪੰ. 363-64
5. ਬਲਕਾਰ ਸਿੰਘ (ਡਾ.), ਗੁਰਚਰਨ ਸਿੰਘ (ਡਾ.), *ਗੁਰਮਤਿ ਵਿਚ ਸਾਧ ਸੰਗਤ ਦੀ ਮਹੱਤਤਾ*, ਖੋਜ ਪੱਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 7-8
6. *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰ. 151

ਵਾਰਾਂ ਭਾਈ ਗੁਰਦਾਸ ਤੇ ਸੰਗਤ ਦਾ ਸੰਕਲਪ

ਵਿਕਰਮ ਸਿੰਘ

ਰੂਪ ਰੇਖਾ : (ਪਰਿਭਾਸ਼ਾ, ਨਿਰਵਿਰਤੀ ਮਾਰਗ ਤੇ ਗੁਰਮਤਿ, ਸੱਚਖੰਡ, ਗੁਰਸਭਾ, ਗੁਰਸਿੱਖ ਦੀ ਨਿਤ ਦੀ ਕਿਰਿਆ, ਸੇਵਾ ਅਸਥਾਨ, ਸੱਚਾ ਬਾਗ, ਸਰਵ ਸਾਂਝੀ, ਮਾਨਸਰੋਵਰ, ਇਕੋ ਇਕ ਆਸਰਾ, ਅੰਦਰੂਨੀ ਪਰਿਵਰਤਨ,ਅਲਖ ਦੀ ਲਖਣਾ ਤੇ ਗਿਆਨ।)

ਭਾਈ ਗੁਰਦਾਸ ਜੀ ਦੀਆਂ ਦੋ ਰਚਨਾਵਾਂ 'ਵਾਰਾਂ' ਤੇ 'ਕਬਿਤ-ਸਵਯੇ' ਮੰਨੀਆਂ ਜਾਂਦੀਆਂ ਹਨ। ਇਹਨਾਂ ਦੋਵਾਂ ਰਚਨਾਵਾਂ ਵਿਚ ਸਾਧ ਸੰਗਤ, ਸਾਧ ਸੰਗ, ਸਤਿ-ਸੰਗਤ, ਸਤਿ-ਸੰਗ ਤੇ ਸੰਗਤ ਸ਼ਬਦ ਆਉਂਦੇ ਹਨ। ਇਹ ਲਗਭਗ ਸਮ-ਅਰਥਾਂ ਵਿਚ ਵਰਤੇ ਗਏ ਹਨ। ਜੇਕਰ ਇਹ ਸ਼ਬਦ ਕੇਵਲ ਗੁਰਮਤਿ ਦੀ ਰੂਪ ਰੇਖਾ ਵਿਚ ਵਰਤੇ ਜਾਣ ਤਾਂ ਸੰਭਵ ਪਰਿਭਾਸ਼ਾ ਇਸ ਤਰ੍ਹਾਂ ਹੋਵੇਗੀ :

ਸੱਚ ਤੇ ਸੱਚ ਦੇ ਗਿਆਨ ਦੀ ਪ੍ਰਾਪਤੀ ਲਈ, ਗੁਰਮਤਿ ਅਨੁਸਾਰ ਮਿਲ ਕੇ ਗੁਰ ਸ਼ਬਦ ਦੁਆਰਾ ਸਾਧਨਾ ਕਰਨ ਵਾਲਿਆਂ ਦੀ ਸਭਾ।

ਸੋ ਸਾਧ ਸੰਗਤ ਗੁਰਸਿੱਖਾਂ ਦਾ ਸੰਗਮ ਹੈ। ਇਕੱਲਾ ਸਿੱਖ, ਕੇਵਲ ਸਿੱਖ ਹੀ ਹੈ, ਸਾਧ ਸੰਗਤ ਨਹੀਂ। ਘਟੋ ਘਟ ਦੋ ਗੁਰਮਤਿ ਦੇ ਪ੍ਰੇਮੀ ਗੁਰਸਿੱਖਾਂ ਦਾ ਨਾਮ ਅਭਿਆਸ ਲਈ, ਗੁਰਸ਼ਬਦ ਵਿਚ ਸੁਰਤ ਜੋੜਣ ਲਈ, ਪ੍ਰਭੂ ਕੀਰਤੀ ਲਈ ਜਾਂ ਗੁਰਮਤਿ ਵਿਚਾਰ ਲਈ ਸਹਿਮੇਲ ਹੀ ਸਾਧ ਸੰਗਤ ਹੈ।[1] ਇਸ ਸੰਗਤ ਵਿਚ ਜਿਵੇਂ ਜਿਵੇਂ ਅਜਿਹੇ ਗੁਰਮਤੀਆਂ ਦੀ ਗਿਣਤੀ ਵਧਦੀ ਜਾਂਦੀ ਹੈ ਉਵੇਂ ਹੀ ਰੂਹਾਨੀ ਜਾਂ ਆਤਮਿਕ ਸ਼ਕਤੀ ਦੀ ਹੋਂਦ ਵਿਚ ਵਾਧਾ ਹੁੰਦਾ ਹੈ ਜਾਂਦਾ ਹੈ।[2] ਜਦੋਂ ਇਕ ਤੋਂ ਵੱਧ ਗੁਰਸਿੱਖ ਆਪਾ ਚੀਨਣ ਲਈ ਨਾਮ ਅਭਿਆਸ ਵਿਚ ਜੁੜਦੇ ਹਨ ਤਾਂ ਇਸ ਕਿਰਿਆ ਨਾਲ ਜੋ ਰੂਹਾਨੀ ਤਰੰਗਾਂ ਹਰ ਇਕ ਅੰਦਰੋਂ ਉਠਦੀਆਂ ਹਨ, ਉਹ ਇਕ ਦੂਸਰੇ ਨੂੰ ਆਤਮਿਕ ਪੱਖੋਂ ਹੋਰ ਜਿਆਦਾ ਉਕਸਾਉਂਦੀਆਂ ਤੇ ਉਭਾਰਦੀਆਂ ਹੋਈਆਂ ਇਕ ਅਜਿਹਾ ਅਲੌਕਿਕ ਵਾਤਾਵਰਣ ਪੈਦਾ ਕਰ ਦਿੰਦੀਆਂ ਹਨ, ਜਿਸ ਨਾਲ ਰੂਹਾਨੀ ਮੰਡਲਾਂ ਵਿਚ ਵਿਚਰਣਾਂ ਜਾਂ ਨਿਰੰਕਾਰ ਵਿਚ ਲੀਣ ਹੋਣਾ ਸਹਿਲਾ ਹੋ ਜਾਂਦਾ ਹੈ। ਇਹ ਪ੍ਰਤਾਪ ਸੰਗਤ ਕਰਕੇ ਹਨ, ਇਕੱਲੇ ਲਈ ਇਹ ਘੱਟ ਸੰਭਵ ਹੈ :

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਜੈਸੋ,
ਤੈਸੋ ਅਉਰ ਠਉਰ ਸੁਨੀਐ ਨ ਪਹਿਚਾਨੀਐ ॥[3]

ਵਾਰਾਂ ਭਾਈ ਗੁਰਦਾਸ ਤੇ ਸੰਗਤ ਦਾ ਸੰਕਲਪ

ਵਿਕਰਮ ਸਿੰਘ

ਰੂਪ ਰੇਖਾ : (ਪਰਿਭਾਸ਼ਾ, ਨਿਰਵਿਰਤੀ ਮਾਰਗ ਤੇ ਗੁਰਮਤਿ, ਸੱਚਖੰਡ, ਗੁਰਸਭਾ, ਗੁਰਸਿੱਖ ਦੀ ਨਿਤ ਦੀ ਕਿਰਿਆ, ਸੇਵਾ ਅਸਥਾਨ, ਸੱਚਾ ਬਾਗ, ਸਰਵ ਸਾਂਝੀ, ਮਾਨਸਰੋਵਰ, ਇਕੋ ਇਕ ਆਸਰਾ, ਅੰਦਰੂਨੀ ਪਰਿਵਰਤਨ,ਅਲਖ ਦੀ ਲਖਣਾ ਤੇ ਗਿਆਨ।)

ਭਾਈ ਗੁਰਦਾਸ ਜੀ ਦੀਆਂ ਦੋ ਰਚਨਾਵਾਂ 'ਵਾਰਾਂ' ਤੇ 'ਕਥਿਤ-ਸਵਯੇ' ਮੰਨੀਆਂ ਜਾਂਦੀਆਂ ਹਨ। ਇਹਨਾਂ ਦੋਵਾਂ ਰਚਨਾਵਾਂ ਵਿਚ ਸਾਧ ਸੰਗਤ, ਸਾਧ ਸੰਗ, ਸਤਿ-ਸੰਗਤ, ਸਤਿ-ਸੰਗ ਤੇ ਸੰਗਤ ਸ਼ਬਦ ਆਉਂਦੇ ਹਨ। ਇਹ ਲਗਭਗ ਸਮ-ਅਰਥਾਂ ਵਿਚ ਵਰਤੇ ਗਏ ਹਨ। ਜੇਕਰ ਇਹ ਸ਼ਬਦ ਕੇਵਲ ਗੁਰਮਤਿ ਦੀ ਰੂਪ ਰੇਖਾ ਵਿਚ ਵਰਤੇ ਜਾਣ ਤਾਂ ਸੰਭਵ ਪਰਿਭਾਸ਼ਾ ਇਸ ਤਰ੍ਹਾਂ ਹੋਵੇਗੀ :

ਸੱਚ ਤੇ ਸੱਚ ਦੇ ਗਿਆਨ ਦੀ ਪ੍ਰਾਪਤੀ ਲਈ, ਗੁਰਮਤਿ ਅਨੁਸਾਰ ਮਿਲ ਕੇ ਗੁਰ ਸ਼ਬਦ ਦੁਆਰਾ ਸਾਧਨਾ ਕਰਨ ਵਾਲਿਆਂ ਦੀ ਸਭਾ।

ਸੋ ਸਾਧ ਸੰਗਤ ਗੁਰਸਿੱਖਾਂ ਦਾ ਸੰਗਮ ਹੈ। ਇਕੱਲਾ ਸਿੱਖ, ਕੇਵਲ ਸਿੱਖ ਹੀ ਹੈ, ਸਾਧ ਸੰਗਤ ਨਹੀਂ। ਘਟੋ ਘਟ ਦੋ ਗੁਰਮਤਿ ਦੇ ਪ੍ਰੇਮੀ ਗੁਰਸਿੱਖਾਂ ਦਾ ਨਾਮ ਅਭਿਆਸ ਲਈ, ਗੁਰਸ਼ਬਦ ਵਿਚ ਸੁਰਤ ਜੋੜਨ ਲਈ, ਪ੍ਰਭੂ ਕੀਰਤੀ ਲਈ ਜਾਂ ਗੁਰਮਤਿ ਵਿਚਾਰ ਲਈ ਸਹਿਮੇਲ ਹੀ ਸਾਧ ਸੰਗਤ ਹੈ।[1] ਇਸ ਸੰਗਤ ਵਿਚ ਜਿਵੇਂ ਜਿਵੇਂ ਅਜਿਹੇ ਗੁਰਮਤੀਆਂ ਦੀ ਗਿਣਤੀ ਵਧਦੀ ਜਾਂਦੀ ਹੈ ਉਵੇਂ ਹੀ ਰੂਹਾਨੀ ਜਾਂ ਆਤਮਿਕ ਸ਼ਕਤੀ ਦੀ ਹੋਂਦ ਵਿਚ ਵਾਧਾ ਹੁੰਦਾ ਹੋ ਜਾਂਦਾ ਹੈ।[2] ਜਦੋਂ ਇਕ ਤੋਂ ਵੱਧ ਗੁਰਸਿੱਖ ਆਪਾ ਚੀਨਣ ਲਈ ਨਾਮ ਅਭਿਆਸ ਵਿਚ ਜੁੜਦੇ ਹਨ ਤਾਂ ਇਸ ਕਿਰਿਆ ਨਾਲ ਜੋ ਰੂਹਾਨੀ ਤਰੰਗਾਂ ਹਰ ਇਕ ਅੰਦਰੋਂ ਉਠਦੀਆਂ ਹਨ, ਉਹ ਇਕ ਦੂਸਰੇ ਨੂੰ ਆਤਮਿਕ ਪੱਖੋਂ ਹੋਰ ਜ਼ਿਆਦਾ ਉਕਸਾਉਂਦੀਆਂ ਤੇ ਉਭਾਰਦੀਆਂ ਹੋਈਆਂ ਇਕ ਅਜਿਹਾ ਅਲੌਕਿਕ ਵਾਤਾਵਰਣ ਪੈਦਾ ਕਰ ਦਿੰਦੀਆਂ ਹਨ, ਜਿਸ ਨਾਲ ਰੂਹਾਨੀ ਮੰਡਲਾਂ ਵਿਚ ਵਿਚਰਣਾਂ ਜਾਂ ਨਿਰੰਕਾਰ ਵਿਚ ਲੀਣ ਹੋਣਾ ਸਹਿਲਾ ਹੋ ਜਾਂਦਾ ਹੈ। ਇਹ ਪ੍ਰਤਾਪ ਸੰਗਤ ਕਰਕੇ ਹਨ, ਇਕੱਲੇ ਲਈ ਇਹ ਘੱਟ ਸੰਭਵ ਹੈ :

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਜੈਸੋ,
ਤੈਸੋ ਅਉਰ ਠਉਰ ਸੁਨੀਐ ਨ ਪਹਿਚਾਨੀਐ ॥[3]

ਨਿਰਵਿਰਤੀ ਮਾਰਗ ਮਨੁੱਖ ਨੂੰ ਮਨੁੱਖੀ ਸਮਾਜ ਤੇ ਗ੍ਰਿਹਸਤੀ ਜੀਵਨ ਤੋਂ ਦੂਰ ਹਟਾਉਂਦਾ ਹੈ। ਮਨੁੱਖ ਦੇ ਮਨ ਨੂੰ ਸਮਾਜਿਕ ਫਰਜ਼ਾਂ ਤੋਂ ਪਰ੍ਹਾਂ ਲੈ ਜਾਂਦਾ ਹੈ ਅਤੇ ਇਸ ਪ੍ਰਤੀ ਉਦਾਸੀਨਤਾ ਪੈਦਾ ਕਰਦਾ ਹੈ। ਸਮਾਜਿਕ ਜੀਵਨ ਤੋਂ ਉਪਰਾਮਤਾ ਦ੍ਰਿੜਾਉਂਦਾ ਹੈ। ਸਮਾਜਿਕ ਗ੍ਰਿਹਸਤੀ ਤੇ ਭਾਈਚਾਰਕ ਵਿਵਹਾਰ ਵਿਚ ਲਗਣ ਤੋਂ ਮਨੁੱਖ ਨੂੰ ਵਰਜਦਾ ਹੈ। ਦੁਨੀਆਂ ਦੇ ਦੁੱਖਾਂ ਤੋਂ ਬਚਣ ਲਈ, ਸੰਸਾਰਕ·ਵਿਕਾਰਾਂ ਦੀਆਂ ਫਾਹੀਆਂ ਤੋਂ ਛੁੱਟਣ ਲਈ, ਸੁਖ ਦੀ ਪ੍ਰਾਪਤੀ ਲਈ, ਜੀਵ ਜਾਂ ਆਤਮਾ ਨੂੰ ਸੰਸਕਾਰ ਚਕਰ ਤੋਂ ਮੁਕਤ ਕਰਾਉਣ ਲਈ, ਪਰਮਾਤਮਾ ਦੀ ਪ੍ਰਾਪਤੀ ਲਈ ਜਾਂ ਅਜਿਹੇ ਹੋਰ ਮਨੋਰਥ ਪ੍ਰਾਪਤ ਕਰਨ ਲਈ, ਨਿਰਵਿਰਤੀ ਮਾਰਗ ਇਕਾਂਤ ਤੇ ਇਕੱਲੇਪਣ ਨੂੰ ਪਹਿਲ ਦਿੰਦਾ ਹੈ। ਸੋ ਨਿਰਵਿਰਤੀ ਮਾਰਗ ਦੇ ਧਾਰਨੀ ਸਮਾਜ ਤੋਂ ਦੂਰ, ਜੰਗਲਾਂ, ਪਹਾੜਾਂ, ਏਕਾਂਤ ਥਾਵਾਂ ਤੇ ਗੁਫਾਵਾਂ ਵਿਚ ਜਾ ਕੇ ਜੋਗ, ਜਤ, ਸਤ, ਤਪ, ਹਠ ਨਿਗ੍ਰਹ ਆਦਿ ਕਈ ਪ੍ਰਕਾਰ ਦੇ ਸਾਧਨਾਂ ਦਾ ਅਭਿਆਸ ਵਿਅਕਤੀਗਤ ਰੂਪ ਵਿਚ ਕਰਦੇ ਹਨ।[4] ਇਹ ਗੁਰਮਤਿ ਮਾਰਗ ਨਹੀਂ ਹੈ। ਗੁਰਸਿੱਖ ਸਮਾਜ ਵਿਚ ਰਹਿੰਦੇ ਹਨ। ਸਮਾਜਿਕ ਤੇ ਗ੍ਰਿਹਸਤੀ ਫਰਜ਼ਾਂ ਨੂੰ ਨਿਭਾਉਂਦੇ ਹਨ। ਸਮਾਜ ਨੂੰ ਛੱਡ ਕੇ ਜੰਗਲਾਂ, ਪਹਾੜਾਂ ਤੇ ਇਕਾਂਤਾਂ ਵਿਚ ਵਿਚ ਨਿਰਵਿਰਤੀ ਮਾਰਗੀਆਂ ਵਾਂਗ ਅਭਿਆਸ ਲਈ ਨਹੀਂ ਜਾਂਦੇ। ਉਹ ਸਮਾਜ ਪ੍ਰਤੀ ਹਮੇਸ਼ਾਂ ਸਾਵਧਾਨ ਤੇ ਜਾਗਰੂਪ ਰਹਿੰਦੇ ਹਨ, ਇਸ ਵਲ ਪਿੱਠ ਦੇ ਕੇ ਬਨਵਾਸ ਵਿਚ ਲੁਕੇ ਨਹੀਂ ਰਹਿੰਦੇ। ਸੋ ਸਾਧ ਸੰਗਤ ਸਮਾਜਿਕ ਤੇ ਗ੍ਰਿਹਸਤੀ ਗੁਰਸਿੱਖ ਜੋਗੀ ਦੀ ਗੁਫਾ ਹੈ। ਜਿਸ ਵਿਚ ਬੈਠ ਕੇ ਉਹ ਡੂੰਘੀ ਸਹਜ ਸਮਾਧ ਵਿਚ ਨਿਵਾਸ ਕਰਦਾ ਹੈ :

ਗੁਰਸਿਖ ਜੋਗੀ ਜਾਗਦੇ ਹੋਰ ਸਭ ਬਨਵਾਸ ਲੁਕਾਣੇ।
ਸਾਧ ਸੰਗਤਿ ਮਿਲਿ ਨਾਮ ਵਖਾਣੇ ॥[5]

ਅਗੇ ਦੱਸਿਆ ਹੈ:

ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ ॥[6]

ਸਾਧ ਸੰਗਤ ਪਰਵਿਰਤੀ ਮਾਰਗੀਆਂ ਲਈ, ਸਮਾਜਿਕ ਜੀਵਨ ਨਿਭਾਉਂਦੇ ਹੋਏ, ਨਾਮ ਅਭਿਆਸ ਦੁਆਰਾ ਜੀਵਨ ਮਨੋਰਥ ਪ੍ਰਾਪਤ ਕਰਨ ਲਈ, ਮਿਲ ਕੇ ਸਾਧਨਾ ਕਰਨ ਦਾ ਕੇਂਦਰ ਹੈ।

ਸਾਧ ਸੰਗਤ ਵਿਚ ਪ੍ਰਧਾਨਤਾ ਸ਼ਬਦ (ਗੁਰ-ਸ਼ਬਦ, ਗੁਰਬਾਣੀ) ਨੂੰ ਪ੍ਰਾਪਤ ਹੈ। ਸ਼ਬਦ ਹੀ ਗੁਰੂ ਹੈ ਤੇ ਇਹ ਸ਼ਬਦ ਗੁਰੂ ਦੇ ਮਾਧਿਅਮ ਦੁਆਰਾ ਪਰਮਾਤਮਾ ਵਜੋਂ ਪ੍ਰਗਟ ਕੀਤਾ ਗਿਆ ਹੈ। ਪਰਮਾਤਮਾ ਆਪਣੇ ਆਪ ਨੂੰ ਗੁਰੂ ਦੇ ਵਿਚ ਸਮੋ ਕੇ ਸ਼ਬਦ ਦਾ ਵਰਤਾਰਾ ਕਰਦਾ ਹੈ।[7] ਇਹ ਸ਼ਬਦ ਧੁਰੋਂ ਪਰਮਾਤਮਾ ਤੋਂ ਆਇਆ ਅਤੇ ਕੇਵਲ ਉਸੇ ਦਾ ਹੀ ਲਖਾਇਕ ਹੈ। ਸਾਧ ਸੰਗਤ ਵਿਚ ਇਸ ਸ਼ਬਦ ਦਾ ਹੀ ਵਰਤਾਰਾ ਹੁੰਦਾ ਹੈ। ਸੋ ਨਿਰੰਕਾਰ ਜਾਂ ਪਾਰਬ੍ਰਹਮ ਗੁਰ-ਸ਼ਬਦ ਦੇ ਰੂਪ ਵਿਚ ਹਰ ਸਮੇਂ ਸਾਧ ਸੰਗਤ ਵਿਚ ਸਮਾਇਆ ਰਹਿੰਦਾ ਹੈ। ਇਸ ਲਈ ਸਾਧ ਸੰਗਤ ਸੱਚਖੰਡ ਹੈ ਕਿਉਂਕਿ ਨਿਰੰਕਾਰ ਗੁਰੂ ਦੀ ਬਾਣੀ ਦੇ ਰੂਪ ਵਿਚ ਉਥੇ ਹਮੇਸ਼ਾ ਵਸਦਾ ਹੈ।[8] ਭਾਈ ਗੁਰਦਾਸ ਜੀ ਹੋਰ ਦਸਦੇ ਹਨ :

ਪਾਰਬ੍ਰਹਮ ਗੁਰ ਸਬਦੁ ਹੈ ਸਤਿਸੰਗਿ ਨਿਵਾਸੀ।
ਸਾਧ ਸੰਗਤਿ ਸਚੁ ਖੰਡੁ ਹੈ ਭਾਉ ਭਗਤਿ ਅਭਿਆਸੀ ॥ ੯.੧
ਸਾਧ ਸੰਗਤਿ ਸਚੁ ਖੰਡ ਹੈ ਨਿਰੰਕਾਰ ਗੁਰੂ ਸਬਦ ਵਸਾਇਆ। ੩੯.੧੩

ਸ਼ਬਦ ਦੀ ਪ੍ਰਧਾਨਤਾ ਕਰਕੇ ਹੀ ਸਾਧ ਸੰਗਤ ਨੂੰ ਗੁਰੂ ਦੀ ਸਭਾ ਕਿਹਾ ਜਾਂਦਾ ਹੈ।

ਇਸ ਵਿਚ ਗੁਰੂ ਦੀ ਹੋਂਦ ਹਰ ਸਮੇਂ ਗੁਰਬਾਣੀ ਦੇ ਰੂਪ ਵਿਚ ਹੁੰਦੀ ਹੈ। ਇਹ ਗੁਰ ਸਭਾ ਗੁਰ-ਸ਼ਬਦ ਰੂਪ ਰਤਨ ਪਦਾਰਥਾਂ ਨਾਲ ਹਮੇਸ਼ਾ ਭਰਪੂਰ ਰਹਿੰਦੀ ਹੈ, ਜਿਸ ਵਿਚ ਵਣਜ ਕਰਨਾ ਬਹੁਤ ਲਾਭਦਾਇਕ ਹੈ, ਭਾਈ ਗੁਰਦਾਸ ਜੀ ਫੁਰਮਾਂਦੇ ਹਨ :

ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ। ੨੪.੨੫
ਸਾਧ ਸੰਗਤਿ ਹੈ ਗੁਰੂ ਸਭਾ ਰਤਨ ਪਦਾਰਥ ਵਣਜੁ ਸਹਤਾ। ੨੪.੧੯

ਗੁਰੂ ਅਬਿਨਾਸ਼ੀ ਹੈ ਅਤੇ ਸਾਧ ਸੰਗਤ ਗੁਰੂ ਦੀ ਸਦੀਵੀ ਹੋਂਦ ਆਪਣੇ ਵਿਚ ਮਾਣਦੀ ਹੈ। ਸਰੀਰ ਦੇ ਸਮਾ ਜਾਣ ਨਾਲ ਗੁਰੂ ਨਹੀਂ ਸਮਾਉਂਦਾ :

ਨਾ ਉਹ ਮਰੈ ਨਾ ਸੋਗੁ ਹੋਇ ਦੇਂਦਾ ਰਹੇ ਨ ਭੋਗੁ ਵਿਣਸੈ।
ਗੁਰੂ ਸਮਾਣਾ ਆਖੀਐ ਸਾਧ ਸੰਗਤਿ ਅਬਿਨਾਸੀ ਹਸੈ। ੩੯.੧੨

ਗੁਰੂ ਦੀ ਇਸ ਗੁਫਾ ਵਿਚ ਗੁਰਸਿੱਖ ਜੋਗੀ ਹਰ ਰੋਜ਼ ਜਾਂਦਾ ਹੈ। ਇਹ ਉਸਦੀ ਨਿਤ ਦੀ ਕਿਰਿਆ ਦਾ ਇਕ ਮਹੱਤਵਪੂਰਨ ਅੰਗ ਹੈ। ਗੁਰਸਿੱਖ ਆਪਣੇ ਪੈਰਾਂ ਨੂੰ ਤਾਂ ਹੀ ਸਕਾਰਥ ਸਮਝਦਾ ਹੈ ਜੇਕਰ ਉਹ ਇਹਨਾਂ ਨਾਲ ਚਲਕੇ ਸਾਧ ਸੰਗਤ ਵਿਚ ਜਾਵੇ।[9] ਹੱਥ ਤਾਂ ਹੀ ਸਫਲੇ ਹਨ ਜੇ ਉਹ ਸਾਧ ਸੰਗਤ ਵਿਚ ਗੁਰੂ ਦੀ ਕਾਰ ਕਰੇ।[10] ਸਾਧ ਸੰਗਤ ਵਿਚ ਸਾਰੇ ਮਿਲਕੇ ਇਕਾਗਰ ਚਿਤ ਹੋ ਕੇ ਗੁਰੂ ਦੀ ਬਾਣੀ ਨੂੰ ਪੜ੍ਹਦੇ, ਗਾਉਂਦੇ ਤੇ ਸੁਣਦੇ ਹਨ। ਗੁਰੂ ਦਾ ਸ਼ਬਦ ਹੀ ਉਹਨਾਂ ਦੀ ਹਰ ਕਿਰਿਆ ਦਾ ਕੇਂਦਰ ਹੁੰਦਾ ਹੈ।

ਸ਼ਬਦ ਦੀ ਕਮਾਈ ਦੇ ਨਾਲ ਨਾਲ ਸਾਧ ਸੰਗਤ ਗੁਰਸਿੱਖ ਲਈ ਸੇਵਾ ਕਰਨ ਦਾ ਅਸਥਾਨ ਵੀ ਹੈ।[11] ਜਾਤੀ ਪਾਤੀ ਊਚ ਨੀਚ ਦੇ ਵਿਤਕਰੇ ਤੋਂ ਉੱਚਾ ਉਠਕੇ ਗੁਰਸਿੱਖ ਸਾਰੇ ਸਤਿਸੰਗੀਆਂ ਦੀ ਨਿਮਰਤਾ ਤੇ ਪ੍ਰੇਮ ਨਾਲ ਸੇਵਾ ਕਰਦਾ ਹੈ। ਆਪਣੀ ਕਿਰਤ ਕਮਾਈ ਵਿਚੋਂ ਜੋ ਕੁਝ ਵੀ ਉਹ ਸਾਧ ਸੰਗਤ ਵਿਚ ਲਿਆਉਂਦਾ ਹੈ ਸਭ ਨਾਲ ਵੰਡ ਕੇ ਛਕਦਾ ਹੈ। ਉਸ ਲਈ ਸਾਧ ਸੰਗਤ ਦੀ ਸੇਵਾ ਵੀ ਸੁਖਦਾਈ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ :

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।
ਸਾਧ ਸੰਗਤਿ ਕਰਿ ਸੇਵਾ ਸੁਖਫਲ ਪਾਇਆ।
ਤਪੜੁ ਝਾੜਿ ਵਿਛਾਇ ਧੂੜੀ ਨਾਇਆ।
ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣਿ ਮਹਾ ਪਰਸਾਦੁ ਵੰਡਿ ਖਵਾਇਆ। ੨੦.੧੦

ਸਾਧ ਸੰਗਤ ਇਕ ਅਜਿਹਾ ਸੁੰਦਰ ਖਿੜਿਆ ਰਹਿਣ ਵਾਲਾ ਸਥਾਈ ਬਾਗ ਹੈ, ਜਿਥੇ ਗੁਰੂ ਦੇ ਬਖਸ਼ੇ ਹੋਏ ਮੰਤਰ ਰੂਪੀ ਸੱਚੇ ਸ਼ਬਦ ਵਿਚ ਗੁਰਸਿੱਖ ਭਉਰਿਆ ਦੀ ਸੁਰਤ ਚੁਭੀ ਰਹਿੰਦੀ ਹੈ। ਨਾਲ ਨਾਲ ਉਹ ਹੱਥਾਂ ਪੈਰਾਂ ਨਾਲ ਗੁਰੂ ਦੀ ਕਾਰ ਕਰਦੇ ਰਹਿੰਦੇ ਹਨ।

ਸਾਧ ਸੰਗਤਿ ਸਚੁ ਬਾਗ ਹੈ ਸਬਦ ਸੁਰਤਿ ਗੁਰਮੰਤ੍ਰ ਸਚਾਵਾ॥ ੩੦.੨

ਸਾਧ ਸੰਗਤ ਵਿਚ ਸਾਰੇ ਸਤਿਸੰਗੀ ਬਰਾਬਰ ਹਨ। ਇਹ ਸਭ ਲਈ ਹੈ ਅਤੇ ਸਭ ਦੀ ਸਾਂਝੀ ਹੈ। ਇਥੇ ਊਚ-ਨੀਚ ਦਾ ਭੇਦ ਨਹੀਂ, ਜਾਤੀ ਪਾਤੀ ਦਾ ਭੇਦ ਨਹੀਂ, ਵਰਣ ਆਸ਼ਰਮਾਂ ਦਾ ਭੇਦ ਨਹੀਂ, ਗਰੀਬੀ ਅਮੀਰੀ ਦਾ ਭੇਦ ਨਹੀਂ, ਪੁਰਸ਼ ਇਸਤਰੀ ਦਾ ਭੇਦ ਨਹੀਂ, ਵੱਡੇ ਛੋਟੇ ਦਾ ਭੇਦ ਨਹੀਂ। ਸਾਧ ਸੰਗਤ ਵਿਚ ਸਾਰੇ ਇਕ ਸਮਾਨ ਹਨ। ਸਭ ਲਈ ਇਕੋ ਹੀ ਗੁਰ

ਉਪਦੇਸ਼ ਹੈ ਅਤੇ ਸਭ ਦੇ ਇਕੋ ਜਿਹੇ ਹੀ ਧਰਮ ਕਰਮ ਹਨ। ਸਾਧ ਸੰਗਤ ਵਿਚ ਵਿਤਕਰੇ ਤੋਂ ਭਿੰਨ ਭੇਦ ਨੂੰ ਕੋਈ ਸਥਾਨ ਨਹੀ। ਸੰਗਤ ਵਿਚ ਸਾਰੇ ਹੀ ਸਤਿਸੰਗੀ ਇਕੋ ਗੁਰਬਾਣੀ ਨਾਲ ਜੁੜਦੇ ਹਨ ਅਤੇ ਪੰਗਤ ਵਿਚ ਵੀ ਬਿਨਾਂ ਭਿੰਨ ਭੇਦ ਤੋ ਇਕਸਾਰ ਮਿਲਕੇ ਬੈਠਦੇ ਹਨ। ਇਹ ਸਭ ਲਈ ਹੈ; ਬ੍ਰਾਹਮਣ, ਖਤ੍ਰੀ, ਵੈਸ਼, ਸੂਦ੍ਰ ਜਾਂ ਹੋਰ ਕੋਈ ਵੀ ਹੋਵੇ ਸਾਧ ਸੰਗਤ ਵਿਚ ਜਾ ਸਕਦਾ ਹੈ ਅਤੇ ਉਥੇ ਜਾ ਕੇ ਸਾਧ ਸੰਗਤ ਹੀ ਬਣ ਜਾਂਦਾ ਹੈ।[12]

ਰੂਹਾਨੀ ਗੁਣਾਂ ਨਾਲ ਭਰਪੂਰ ਸਾਧ ਸੰਗਤ ਇਕ ਅਜਿਹਾ ਮਾਨਸਰੋਵਰ ਹੈ, ਜਿਸ ਵਿਚ ਅਮੋਲਕ ਨਾਮਰੂਪੀ ਰਤਨ ਅਤੇ ਸਤਿ ਸੰਤੋਖ ਦਇਆ ਧਰਮ ਧੀਰਜ ਆਦਿ ਸਦਗੁਣ ਦੇ ਭੰਡਾਰੇ ਭਰੇ ਪਏ ਹਨ। ਇਹ ਦੁਰਲਭ ਪਦਾਰਥ ਮਨੁੱਖ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਾ ਕਰਨ ਦੇ ਸਮਰੱਥ ਹਨ। ਜਿਵੇਂ ਹੰਸ ਮਾਨਸਰੋਵਰ ਤੇ ਕੇਵਲ ਮੋਤੀ ਚੁਗਣ ਜਾਂਦਾ ਹੈ ਤਿਵੇਂ ਹੀ ਪਰਮਹੰਸ ਵੰਸ਼ੀ ਗੁਰਸਿੱਖ ਸਾਧ ਸੰਗਤ ਰੂਪੀ ਮਾਨਸਰੋਵਰ ਵਿਚ ਜਾ ਕੇ ਸੁਰਤ ਨਾਲ ਗੁਰ ਸ਼ਬਦ ਮੋਤੀ ਚੁਣ ਕੇ ਸਦਗੁਣਾਂ ਨਾਲ ਭਰਪੂਰ ਹੋ, ਗੁਰਮਤਿ ਵਿਚ ਅਡੋਲ ਸਥਿਤ ਹੋ ਜਾਂਦੇ ਹਨ।

ਮਾਨਸਰੋਵਰੁ ਸਾਧ ਸੰਗੁ ਮਾਣਕ ਮੋਤੀ ਰਤਨ ਅਮੋਲਾ।
ਗੁਰਮੁਖਿ ਵੰਸੀ ਪਰਮ ਹੰਸ ਸ਼ਬਦ ਸੁਰਤਿ ਗੁਰਮਤਿ ਅਡੋਲਾ। ੩੦.੪

ਮਾਨਸਰੋਵਰ ਤੇ ਹੰਸਾਂ ਦੀ ਇਸ ਸਭਾ ਲਈ ਮੋਤੀ ਤੇ ਕੇਵਲ ਮੋਤੀ ਹੀ ਹਨ ਜਿਨ੍ਹਾਂ ਨੂੰ ਚੁਗ ਕੇ ਹੰਸ ਤ੍ਰਿਪਤ ਹੋ ਜਾਂਦੇ ਹਨ। ਇਸ ਤੋਂ ਸਿਵਾਏ ਇਥੇ ਹੋਰ ਭੋਜਨ ਨਹੀਂ ਹੈ ਕਿਉਂਕਿ ਹੰਸ ਕੇਵਲ ਹੀਰੇ ਮੋਤੀ ਹੀ ਚੁਗਦੇ ਹਨ। ਕਾਂ ਜਿਸਨੂੰ ਇਹਨਾਂ ਹੀਰੇ ਮੋਤੀਆਂ ਦੀ ਪਛਾਣ ਨਹੀ, ਜਿਸ ਦੀ ਰੁਚੀ ਸੰਸਾਰੀ ਵਸਤੂਆਂ ਦੇ ਭੋਗਾਂ ਵਿਚ ਹੈ, ਉਹ ਜੇਕਰ ਇਸ ਰੁਚੀ ਨਾਲ ਮਾਨਸਰੋਵਰ ਤੇ ਹੰਸ ਸਭਾ ਵਿਚ ਚਲਿਆ ਭੀ ਜਾਵੇ ਤਾਂ ਹੀਰੇ ਮੋਤੀਆਂ ਦਾ ਭੋਜਨ ਉਥੇ ਹੁੰਦੇ ਹੋਏ ਭੀ ਭੁਖਾ ਹੀ ਰਹਿੰਦਾ ਹੈ :

ਤੈਸੇ ਮਮ ਕਾਗ ਸਾਧ ਸੰਗਤਿ ਮਰਾਲ ਸਭਾ
ਰਹਿਓ ਨਿਰਾਹਾਰ ਮੁਕਤਾਹਲ ਮੋਤੀ ਅਪਿਆਵ ਕੈ ॥ ਕਬਿੱਤ, ੨੩੭
(ਮਰਾਲ-ਹੰਸ, ਮੁਕਤਾਹਲ-ਮੋਤੀ, ਅਪਿਆਵ-ਭੋਜਨ)

ਗੁਰਸਿੱਖ ਆਪਣਾ ਇਕੋ ਇਕ ਆਸਰਾ ਸਾਧ ਸੰਗਤ ਤੇ ਗੁਰਸ਼ਬਦ ਉਪਰ ਹੀ ਰਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਸਿੱਖਾਂ ਨਾਲ ਪ੍ਰਸ਼ਨੋਤਰ ਸਮੇਂ ਇਹ ਸਪੱਸ਼ਟ ਕੀਤਾ ਕਿ ਸੰਗਤ ਤੇ ਬਾਣੀ ਤੋਂ ਬਿਨਾਂ ਹੋਰ ਕੋਈ ਦੂਸਰਾ ਆਸਰਾ ਉਹਨਾਂ ਪਾਸ ਨਹੀ ਹੈ।[13] ਭਾਵੇਂ ਇਸ ਸੰਸਾਰ ਵਿਚ ਹੋਰ ਕਈ ਤਰ੍ਹਾਂ ਦੇ ਕਿਰਿਆ ਕਰਮ ਪ੍ਰਚੱਲਿਤ ਹਨ[14] ਪਰ ਸਾਧ ਸੰਗਤ ਤੇ ਗੁਰਸ਼ਬਦ ਤੋ ਬਿਨਾਂ ਕਿਸੇ ਨੂੰ ਵੀ ਸਥਾਈ ਟਿਕਾਣਾ ਨਹੀਂ ਮਿਲਦਾ ਅਤੇ ਉਹ ਸਭ ਜਨਮ ਮਰਣ ਦੇ ਚਕਰਾਂ ਵਿਚ ਹਮੇਸ਼ਾਂ ਭਟਕਦੇ ਰਹਿੰਦੇ ਹਨ।

ਸਾਧ ਸੰਗਤਿ ਗੁਰੁ ਸ਼ਬਦ ਵਿਣੁ ਥਾਉ ਨਾ ਪਾਇਨਿ ਭਲੇ ਭਲੇਰੇ। ੫.੭

ਮਨੁੱਖ ਦੀ ਸੁਰਤੀ ਜੇਕਰ ਧਰਮ ਕੇਂਦਰ ਪਰਮਾਤਮਾ ਵਿਚ ਨਾ ਜੁੜੀ ਹੋਵੇ ਤਾਂ ਉਸ ਦੀ ਮਨੋਬਿਰਤੀ ਸੰਸਾਰਕ ਵਿਸ਼ੇ ਵਿਕਾਰਾਂ ਤੇ ਵਸਤੂਆਂ ਵਿਚ ਖਿਲਰੀ ਰਹਿੰਦੀ ਹੈ। ਮਨ ਇੰਦਰੀਆਂ ਦੇ ਵਿਸ਼ਿਆਂ ਵਿਚ ਵਿਚਰਣ ਲਗ ਪੈਂਦਾ ਹੈ, ਇਸ ਨੂੰ ਦੂਸਰਾ ਭਾਉ ਵੀ ਕਿਹਾ ਜਾਂਦਾ ਹੈ। ਆਸਾ, ਮਨਸਾ, ਹਰਖ, ਸੋਗ ਆਦਿ ਰੋਗਾਂ ਵਿਚ ਗ੍ਰਸਿਆ ਜਾਂਦਾ ਹੈ। ਕਾਮ,

ਕ੍ਰੋਧ, ਲੋਭ, ਮੋਹ, ਅਹੰਕਾਰ ਜੋਹਣ ਲਗ ਪੈਂਦੇ ਹਨ। ਅਜਿਹੀ ਹਾਲਤ ਵਿਚ ਮਨ ਸ੍ਵੈ-ਕੇਂਦਰ ਵਿਚ ਟਿਕਿਆ ਨਹੀ ਰਹਿੰਦਾ ਤੇ ਬੇਮੁਹਾਰਾ ਹੋ ਜਾਂਦਾ ਹੈ। ਪਰ ਜਦੋਂ ਮਨੁੱਖ ਨੂੰ ਸਾਧ ਸੰਗਤ ਦੀ ਛੁਹ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਤਾਂ ਉਸਦੀ ਬਿਖਰੀ ਹੋਈ ਬਿਰਤੀ ਨੂੰ ਹੋਲੀ ਹੋਲੀ ਨਵੀਂ ਸੋਧ ਮਿਲਦੀ ਹੈ ਜਿਸ ਨਾਲ ਉਸਦਾ ਮਨ ਇੰਦਰੀਆਂ ਦੇ ਵਿਸ਼ੇ, ਵਿਕਾਰਾਂ ਤੇ ਵਸਤੂਆਂ ਤੋਂ ਪਿਛਾਂਹ ਹਟਣ ਲਗ ਪੈਂਦਾ ਹੈ। ਇਸ ਤਰ੍ਹਾਂ ਹਉਮੈਂ ਦੇ ਪਸਾਰੇ ਵਿਚ ਵਿਕੇਂਦ੍ਰਿਤ ਮਨ ਆਪਣੇ ਸ੍ਵੈ-ਕੇਂਦਰ ਵਲ ਜਾਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਸੁਰਤ ਸ਼ਬਦ ਵਿਚ ਟਿਕ ਜਾਂਦੀ ਹੈ ਤਾਂ ਮਨੁੱਖੀ ਮਨ ਰੂਹਾਨੀ ਜਾਂ ਆਤਮਿਕ ਖੇਤਰ ਵਿਚ ਵਿਚਰਣ ਲਗ ਪੈਂਦਾ ਹੈ। ਮਨੁੱਖ ਦੀ ਅੰਦਰੂਨੀ ਅਵਸਥਾ ਨਵੇਂ ਢਾਂਚੇ ਵਿਚ ਢਲ ਕੇ ਪੁਨਰ-ਸਥਾਪਤ ਹੋ ਜਾਂਦੀ ਹੈ ਮਨੁੱਖ ਦਾ ਨਿਜ ਜਾਂ ਸਹਜ ਘਰ ਹੈ। ਇਹ ਸਭ ਕੁਝ ਸੰਗਤ ਦੇ ਮਿਲਾਪ ਦਾ ਸਦਕਾ ਹੈ।

ਉਦਾਹਰਣ ਵਜੋਂ :

ਮਨ ਅਸਾਧੁ ਨ ਸਾਧੀਐ ਗੁਰਮੁਖਿ ਸੁਖਫਲ ਸਾਧਿ ਸਧਾਇਆ।

ਸਾਧ ਸੰਗਤਿ ਮਿਲਿ ਮਨ ਵਸਿ ਆਇਆ। ੨੯.੯

ਸਾਧ ਸੰਗਤਿ ਵਿਚੋਂ ਜਦੋਂ ਮਨੁੱਖ ਨੂੰ ਉੱਚ ਪੱਧਰੀ ਰੂਹਾਨੀ ਜੀਵਨ ਦੀ ਨਵੀਂ ਸੋਧ ਮਿਲਦੀ ਹੈ ਅਤੇ ਜਦੋਂ ਗੁਰੂ ਦੇ ਦਸੇ ਹੋਏ ਉਪਦੇਸ਼ ਨੂੰ ਧਾਰਨ ਕਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਇਸ ਵਿਚ ਸਤਿ ਸੰਤੋਖ, ਦਇਆ, ਧਰਮ, ਆਦਿ ਗੁਣਾਂ ਦਾ ਪ੍ਰਗਟਾ ਸ਼ੁਰੂ ਹੋ ਜਾਂਦਾ ਹੈ। ਮਨ ਨੀਵਾਂ ਤੇ ਪਰਉਪਕਾਰੀ, ਜੀਭ ਮਿਠ ਬੋਲੜੀ, ਅਤੇ ਪ੍ਰੇਮ ਭਾਵਨਾ ਦਾ ਸੁਭਾ ਬਣ ਜਾਂਦਾ ਹੈ। ਸਵਾਸ ਸਵਾਸ ਪਰਮਾਤਮਾ ਨੂੰ ਸਿਮਰਦਾ ਹੈ, ਕਿਰਤ ਕਮਾਈ ਕਰਦਾ ਹੈ। ਮਨੁੱਖ ਦੀ ਇਹ ਨਵੀਂ ਘਾੜਤ ਸਾਧ ਸੰਗਤ ਰੂਪੀ ਸੱਚੇ ਅਸਥਾਨ ਤੇ ਘੜੀ ਜਾਂਦੀ ਹੈ :

ਨਿਹਚਲ ਸਚਾ ਥੇਹੁ ਸਾਧ ਸੰਗੁ ਪੰਜੇ ਪਰਧਾਨਾ।
ਸਤਿ ਸੰਤੋਖ ਦਇਆ ਧਰਮੁ ਅਰਥ ਸਮਰਥੁ ਸਭੋ ਬੰਧਾਨਾ।
ਗੁਰ ਉਪਦੇਸ਼ ਕਮਾਵਣਾ ਗੁਰਮੁਖਿ ਨਾਲ ਦਾਨ ਇਸਨਾਨਾ।
ਮਿਠਾ ਬੋਲਣ ਨਿਵਿ ਚਲਣੁ ਹਥਹੁ ਦੇਣ ਭਗਤਿ ਗੁਰ ਗਿਆਨਾ।
ਦੁਹੀ ਸਰਾਈ ਸੁਰਖਰੂ ਸਚੁ ਸਬਦੁ ਵਜੇ ਨੀਸਾਨਾ। ੩੦.੧[15]

ਸਾਧ ਸੰਗਤਿ ਦੀ ਪਾਰਸ ਛੋਹ ਜਦੋਂ ਇਕ ਸਾਧਾਰਣ ਸੰਸਾਰਕ ਵਿਵਹਾਰੀ ਮਨੁੱਖ ਨੂੰ ਪ੍ਰਾਪਤ ਹੋ ਜਾਂਦੀ ਹੈ ਤਾਂ ਇਹ ਉਸ ਵਿਚ ਇਕ ਅੰਦਰੂਨੀ ਤਬਦੀਲੀ ਪੈਦਾ ਕਰ ਦਿੰਦੀ ਹੈ, ਉਸਨੂੰ ਇਕ ਨਵੀਂ ਘਾੜਤ ਵਿਚ ਘੜ ਦੇਣ ਨਾਲ ਸੰਸਾਰਕ ਰਸਾਂ ਵਿਚ ਰੁਚਿਤ ਮਨ ਤੇ ਇੰਦਰੀਆਂ ਪਰਮਾਰਥੀ ਹੋ ਜਾਂਦੀਆਂ ਹਨ। ਸੰਸਾਰ ਨਿਰੰਕਾਰੀ ਹੋ ਜਾਂਦਾ ਹੈ, ਸੰਸਾਰ ਵਿਚ ਰਹਿੰਦਾ ਹੋਇਆ ਵੀ ਈਸ਼ਵਰ ਨਾਲ ਅਭੇਦ ਹੋ ਜਾਂਦਾ ਹੈ :

ਸਾਧ ਸੰਗ ਮਿਲਤ ਸੰਸਾਰੀ ਨਿਰੰਕਾਰੀ ਹੋਤ,
ਗੁਰਮਤਿ ਪਰਉਪਕਾਰ ਕੇ ਨਿਵਾਸ ਕੈ। ਕਬਿੱਤ, ੧੨੯

ਸਾਧ ਸੰਗਤਿ ਦੇ ਸਦਕਾ ਮਨੁੱਖ ਨਿਰਮਲ, ਨਿਰਲੇਪ, ਕਾਮਨਾਵਾਂ ਤੋਂ ਮੁਕਤ, ਕਰਮਾਂ ਤੋਂ ਨਿਰਕਰਮ ਹੋ ਕੇ ਪ੍ਰੇਮ ਦਾ ਨਿਯਮ ਪਾਲਣ ਕਰਕੇ ਜੀਵਨ ਮੁਕਤੀ ਪ੍ਰਾਪਤੀ ਦਰ ਲੈਂਦਾ ਹੈ :

ਸਾਧ ਸੰਗਿ ਪ੍ਰੇਮ ਜੀਵਨ ਮੁਕਤਿ ਗਤਿ
ਕਾਮ ਨਿਹਕਾਮ ਨਿਹਕਰਮ ਕਰਮ ਹੈ। ਕਬਿੱਤ, ੮੨

ਸਾਧ ਸੰਗਤਿ ਵਿਚ ਅਲਖ ਦੀ ਲਖਣਾ ਹੋ ਜਾਂਦੀ ਹੈ। ਨਿਰੰਕਾਰ ਪ੍ਰਭੂ ਜੋ ਲਖਣ ਰਹਿਤ ਹੈ, ਸਥੂਲ ਅੱਖਾਂ ਨਾਲ ਦਿਖਾਈ ਦਿੰਦਾ। ਉਸ ਅਲਖ ਨੂੰ ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤਿ ਵਿਚ ਹੀ ਪ੍ਰਗਟ ਤੇ ਪ੍ਰਤੱਖ ਕੀਤਾ ਹੈ :

ਸਾਧ ਸੰਗਤਿ ਵਿਚਿ ਅਲਖੁ ਲਖਾਇਆ। ੨੬.੨੧

ਸਾਧ ਸੰਗਤਿ ਵਿਚ, ਸ਼ਬਦ ਵਿਚ ਸੁਰਤ ਮੇਲ ਨਾਲ ਅਲਖ ਵਾਹਿਗੁਰੂ ਦਾ ਪ੍ਰਗਟਾ ਪ੍ਰਤੱਖ ਹੋ ਜਾਂਦਾ ਹੈ ਅਤੇ ਮਨੁੱਖ ਸਹਜ ਵਿਚ ਸਮਾਂ ਜਾਂਦਾ ਹੈ :

ਸਾਧ ਸੰਗਤਿ ਮਿਲਿ ਸਹਜਿ ਸਮਾਇਆ ॥ ੨੯.੭

ਸਾਧ ਸੰਗਤਿ ਵਿਚ ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਦੇ, ਸ਼ਬਦ ਸੁਰਤ ਦੀ ਪ੍ਰੀਤੀ ਨਾਲ, ਮਨੁੱਖ ਦਾ ਅਨੁਭਵ ਖੁਲ੍ਹ ਜਾਂਦਾ ਹੈ ਅਤੇ ਉਹ ਅਨੰਤ ਪਿਆਰ ਵਿਚ ਮਗਨ ਹੋ ਜਾਂਦਾ ਹੈ, ਈਸ਼ਵਰ ਦਾ ਪ੍ਰੇਮ ਦਾ ਨੇਮ ਫੁੱਟ ਪੈਂਦਾ ਹੈ। ਉਸ ਨੇਮੀ ਦੀ ਪਹੁੰਚ ਵਿਚ ਸਾਰੀ ਸ੍ਰਿਸ਼ਟੀ ਆ ਜਾਂਦੀ ਹੈ ਅਤੇ ਉਹ ਤ੍ਰਿਕਾਲ ਦਰਸ਼ੀ ਹੋ ਜਾਂਦਾ ਹੈ :

ਸੰਗਤਿ ਸਫਲ ਗੁਰਸਿਖ ਸਾਧ ਸੰਗਮ ਕੈ
ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਭਵਨ ਕੈ ॥ ਕਬਿੱਤ, ੯੧

ਹਵਾਲੇ

1. *ਵਾਰਾਂ ਭਾਈ ਗੁਰਦਾਸ*, 13.19
   ਇਕ ਸਿਖ ਦੁਇ ਸਾਧ ਸੰਗੁ ਪੰਜੀ ਪਰਮੇਸੁਰ ।
2. *ਕਬਿੱਤ ਭਾਈ ਗੁਰਦਾਸ*, ਅੰਕ 122
   ਦੋਇ ਸਿਖ ਸਾਧ ਸੰਗ ਪੰਚ ਪ੍ਰਮੇਸਰ ਹੈ।
3. *ਉਹੀ*, ਅੰਕ 197
4. *ਵਾਰਾਂ ਭਾਈ ਗੁਰਦਾਸ*, 40.13
5. *ਉਹੀ*, 40.13
6. *ਉਹੀ*, 29.15
7. *ਗੁਰਮਖਿ ਆਪ ਸਮੋਇ ਸਬਦੁ ਵਰਤਾਇਆ ॥* ਪੰ. ੧੨੭੯
8. ਵਾਰਾਂ ਭਾਈ ਗੁਰਦਾਸ, 6.14
9. *ਉਹੀ*, 6.13
   ਸਾਧ ਸੰਗਤਿ ਸਚੁਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰਾ ॥
   ਗੁਰਮੁਖਿ ਪੈਰ ਸਕਾਰਥੇ ਗੁਰਮਖਿ ਮਾਰਗਿ ਚਾਲ ਚਲੰਦੇ ॥
   ਗੁਰੂ ਦੁਆਰੇ ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ।
   ਧਾਵਨ ਪਰ ਉਪਕਾਰ ਨੋ ਗੁਰ ਸਿਖਾਂ ਨੇ ਖੋਜਿ ਲਹੰਦੇ।
10. *ਉਹੀ*, 6.12
    ਗੁਰਮੁਖਿ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
11. *ਉਹੀ*, 9.17
    ਸਾਧ ਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ।
12. *ਉਹੀ*, 23.19
    ਚਾਰਿ ਵਰਨਿ ਇਕ ਵਰਨਿ ਕਰਿ
    ਵਰਨ ਅਵਰਨ ਸਾਧ ਸੰਗੁ ਜਾਪੈ ॥

13. *ਉਹੀ*, 1.42

    ਗੁਰ ਸੰਗਤਿ ਬਾਣੀ ਬਿਨਾ ਦੂਜੀ, ਓਟ ਨਹੀ ਰਹਿ ਗਈ ॥ 1.42

14. ਜਿਵੇਂ ਕਿ ਜਤ, ਸਤਿ, ਸੰਜਮ, ਹੋਮ, ਜੱਗ, ਜਪ, ਤਪ, ਪੁੰਨ, ਦਾਨ, ਰਿਧੀਆਂ, ਸਿਧੀਆਂ, ਨੌ ਨਿਧੀਆਂ, ਤਵੀਤ, ਮੰਤਰ, ਬੀਰਾਂ ਨੂੰ ਅਰਾਧਣਾ, ਜੋਗਣੀਆਂ ਨੂੰ ਵਸ ਕਰਨਾ, ਮੜ੍ਹੀ ਪੂਜਾ, ਮਸਾਣ ਜਗਾਉਣਾ, ਪੂਰਕ, ਕੁੰਭਕ, ਰੇਚਕ, ਨਿਉਲੀ ਕਰਮ, ਸਰੀਰ ਤੇ ਮਿੱਟੀ ਲਾਉਣੀ, ਚਉਰਾਸੀ ਆਸਣ, ਹਠ, ਨਿਗ੍ਰਹ, ਪਾਰਸ ਮਣੀ ਤੇ ਰਸਾਇਣਾਂ ਦੀ ਕਰਾਮਾਤ, ਠਾਕੁਰ ਪੂਜਾ, ਵਰਤ, ਵਰ ਸਰਾਪ ਆਦਿ।

15. *ਉਹੀ*, 6.17

    ਗੁਰ ਉਪਦੇਸ ਅਵੇਸੁ ਕਰਿ ਅਨਭੈ ਪਿਰਮ ਪਿਰੀ ਅਨਰਾਗੀ।
    ਸਬਦ ਸੁਰੀਤ ਲਿਵ ਸਾਧ ਸੰਗਿ ਅੰਗਿ ਅੰਗਿ ਇਕ ਰੰਗਿ ਸਮਾਗੀ।

ਸਿੱਖ ਧਰਮ ਵਿਚ ਸੰਗਤ ਅਤੇ ਸੰਗੀਤ

ਗੁਰਨਾਮ ਸਿੰਘ

ਭਾਰਤੀ ਧਰਮਾਂ ਦੀਆਂ ਵਿਸ਼ਿਸ਼ਟ ਪਰੰਪਰਾਵਾਂ ਵਿਚ ਆਤਮਾ ਨੂੰ ਪਰਮਾਤਮਾ ਦਾ ਰੂਪ ਮੰਨਿਆ ਗਿਆ ਹੈ। ਆਤਮਾ ਅਮਰ ਹੈ ਅਤੇ ਪਰਕਿਰਤੀ ਦੇ ਨਿਰੰਤਰ ਪਰਵਾਹ ਅਧੀਨ ਅਨੇਕਾਂ ਸਰੀਰ ਧਾਰਣ ਕਰਦੀ ਰਹਿੰਦੀ ਹੈ। ਗੁਰਮਤਿ ਵਿਚ ਮਨੁੱਖੀ ਜੀਵਨ ਨੂੰ ਦੁਰਲੱਭ[1] ਅਤੇ ਸਭੇ ਜੂਨੀਆਂ ਤੋਂ ਉੱਤਮ[2] ਦੱਸਿਆ ਗਿਆ ਹੈ। ਪਰਕਿਰਤੀ ਦੇ ਇਸ ਨਿਰੰਤਰ ਪਰਵਾਹ ਅਧੀਨ ਜੀਵ ਮਨੁੱਖੀ ਸਰੂਪ ਵਿਚ ਹੀ ਸ਼ੁਭ ਕਰਮਾਂ ਅਤੇ ਪ੍ਰਭੂ ਨਾਮ ਦੁਆਰਾ ਆਵਾਗਉਣ ਤੋਂ ਛੁਟਕਾਰਾ ਪ੍ਰਾਪਤ ਕਰਕੇ, ਉਸ ਪਰਮਜੋਤ ਵਿਚ ਸਮਾਉਣ ਉਪਰੰਤ ਸੰਪੂਰਣ ਹੋ ਸਕਦਾ ਹੈ। ਸੰਪੂਰਣ ਥੀਣ ਲਈ ਪਰਮ ਤੱਤ ਦਾ ਬੋਧ ਚਿੰਤਨ ਅਤਿ ਆਵੱਸ਼ਕ ਹੈ। ਇਸ ਬੋਧ ਦਾ ਉੱਤਮ ਰੂਪ ਸਾਧਯ ਅਤੇ ਸਾਧਨ ਸਤਿਸੰਗ ਹੈ।

ਭਾਰਤੀ ਧਰਮ ਗ੍ਰੰਥਾਂ ਵਿਚ ਸਤਿ ਸੰਗਤ ਦੇ ਤਾਤਵਿਕ ਸਰੂਪ, ਮਹਿਮਾ ਅਤੇ ਉੱਦੇਸ਼ ਦੀ ਭਲੀਭਾਂਤ ਵਿਵੇਚਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰਮਤਿ ਵਿਚ ਮਨੁੱਖੀ ਕਲਿਆਣ ਅਤੇ ਪਰਮਾਤਮਾ ਬੋਧ ਲਈ ਸਤਿਸੰਗ ਨੂੰ ਸਭਨਾਂ ਕਰਮਾਂ ਤੋਂ ਉੱਤਮ ਅਤੇ ਸਰੇਸ਼ਠ ਕਰਮ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸੰਗਤ, ਸਾਧ ਸੰਗਤ, ਸਾਧਸੰਗ, ਸੰਤ ਸਭਾ ਅਤੇ ਸਤਿ ਸੰਗਤ ਨੂੰ ਸਮਾਨਾਰਥਕ ਸ਼ਬਦਾਂ ਵਜੋਂ ਅੰਕਿਤ ਕੀਤਾ ਗਿਆ ਹੈ। ਗੁਰਮਤਿ ਵਿਚ ਸੰਗਤ ਦਾ ਉੱਦੇਸ਼ ਆਤਮਿਕ ਅਤੇ ਪਰਮਾਤਮ ਤੱਤਾਂ ਦੇ ਬੋਧ ਦੁਆਰਾ ਪਰਮ ਅਵਸਥਾ ਦੀ ਪ੍ਰਾਪਤੀ ਹੈ। ਇਸ ਉੱਦੇਸ਼ ਦੀ ਪੂਰਤੀ ਲਈ ਸੰਗਤ ਦੀ ਪ੍ਰਾਪਤੀ ਅਤਿ ਆਵੱਸ਼ਕ ਹੈ। ਸਤਿ ਸੰਗਤ ਵਿਚ ਸਤਿ ਪੁਰਖਾਂ ਅਤੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਸਤਿਨਾਮ ਦੀ ਪ੍ਰਾਪਤੀ ਹੁੰਦੀ ਹੈ, ਸਤਿਨਾਮ ਦੁਆਰਾ ਪਰਮ ਤੱਤ ਦੇ ਰਹੱਸ ਨੂੰ ਬੁਝਣ ਦੀ ਸਮਰੱਥਾ ਆ ਜਾਂਦੀ ਹੈ, ਭਰਮ ਕੱਟੇ ਜਾਂਦੇ ਹਨ, ਬਿਬੇਕ ਬੁੱਧ ਦਾ ਪਰਗਾਸ ਹੋ ਜਾਂਦਾ ਹੈ ਅਤੇ ਇਸ ਸਤਿਨਾਮ ਦੇ ਧਿਆਉਣ ਨਾਲ ਪਾਰਬ੍ਰਹਮ ਵੀ ਸਾਥੀ ਹੋ ਨਿਬੜਦਾ ਹੈ।[3]

ਗੁਰਮਤਿ ਅਨੁਸਾਰ ਪਰਮ 'ਸਤਿ' ਦੀ ਪ੍ਰਾਪਤੀ ਲਈ ਸਤਿਗੁਰੂ, ਸਤਿਸੰਗ ਅਤੇ ਜੀਵ ਦੇ ਸਮੂਹਿਕ ਕਰਮ ਦਾ ਮੁੱਖ ਕੇਂਦਰ 'ਸ਼ਬਦ' ਹੈ। 'ਸ਼ਬਦ' ਗੁਰਬਾਣੀ ਦੀ ਇਕ ਇਕਾਈ ਹੈ। ਇਸ 'ਸ਼ਬਦ' ਦੀ ਕਮਾਈ ਦਾ ਸਾਧਨ ਗੁਰੂ ਹੈ। ਸ਼ਬਦ-ਅਭਿਆਸ ਉਪਰੰਤ 'ਸ਼ਬਦ' ਹੀ ਗੁਰੂ ਰੂਪ ਧਾਰਨ ਕਰ ਲੈਂਦਾ ਹੈ।[4] ਸਤਿ ਸੰਗਤ ਵਿਚ ਸ਼ਬਦ ਮਨ ਵਿਚ ਵਸਦਾ ਅਤੇ ਦ੍ਰਿੜ੍ਹ ਹੁੰਦਾ ਹੈ, ਉਪਰੰਤ ਸ਼ਬਦ ਬੋਧ ਦੁਆਰਾ ਹੀ ਮੋਕਸ਼ ਪ੍ਰਾਪਤੀ ਸੰਭਵ ਹੈ। ਗੁਰਮਤਿ ਵਿਚ

ਹਰ ਸਤਿਸੰਗੀ ਦੇ ਮਨ ਵਿਚ ਸ਼ਬਦ ਵਸਾਉਣ, ਦ੍ਰਿੜ੍ਹਾਉਣ ਅਤੇ ਪਰਕਾਸ਼ਮਾਨ ਕਰਨ ਲਈ ਸੰਗੀਤ ਦੀ ਇਕ ਵਿਸ਼ਿਸ਼ਟ ਪਰੰਪਰਾ ਦਾ ਨਿਰਮਾਣ ਕੀਤਾ ਗਿਆ। ਗੁਰਮਤਿ ਸੰਗੀਤ ਦੀ ਇਕ ਨਿਵੇਕਲੀ ਸਾਰਥਿਕ ਅਤੇ ਮੌਲਿਕ ਸੰਗੀਤ ਪ੍ਰਣਾਲੀ ਭਾਰਤੀ ਸੰਗੀਤ ਵਿਚ ਇਕ ਸੁਤੰਤਰ ਸੰਗੀਤ ਪੱਧਤੀ ਵਜੋਂ ਦ੍ਰਿਸ਼ਟੀਮਾਨ ਹੁੰਦੀ ਹੈ। ਸ਼ਬਦ ਅਤੇ ਸੰਗੀਤ ਨੂੰ ਇਕਸੁਰ ਕਰਨ ਦੀ ਇਹ ਪਰੰਪਰਾ ਭਗਤੀ ਸੰਗੀਤ ਦੀਆਂ ਹੋਰ ਸੰਗੀਤਕ ਪਰੰਪਰਾਵਾਂ ਤੋਂ ਵਿਲੱਖਣ ਅਤੇ ਮੌਲਿਕ ਹੈ। ਸ਼ਬਦ ਗਾਇਨ ਦੀ ਇਸ ਪਰੰਪਰਾ ਨੂੰ 'ਸ਼ਬਦ-ਕੀਰਤਨ' ਦਾ ਨਾਮ ਪ੍ਰਦਾਨ ਕੀਤਾ ਗਿਆ ਹੈ।

ਭਾਰਤੀ ਧਰਮਾਂ ਵਿਚ ਕਾਵਿ ਅਤੇ ਸੰਗੀਤ ਦੇ ਸੁਮੇਲ ਦੀ ਪਰੰਪਰਾ ਦਾ ਆਰੰਭ ਸਾਮਵੇਦ-ਗਾਇਨ ਤੋਂ ਮੰਨਿਆ ਜਾਂਦਾ ਹੈ। ਵੈਦਿਕ ਮੰਤਰਾਂ ਦਾ ਵਿਸ਼ੇਸ਼ ਸੁਰਵਿਨਿਆਸ ਅਤੇ ਨਿਰਧਾਰਤ ਸੁਰਾਂ[5] ਉਪਰ ਗਾਇਨ, ਬੁੱਧ ਧਰਮ ਵਿਚ 'ਥੇਰੀ ਗਾਥਾਵਾਂ' ਦੀ ਗਾਇਨ ਪਰੰਪਰਾ, ਕਾਲੀਦਾਸ, ਸਿਰਹਪਾਦ ਅਤੇ ਜੈਦੇਵ ਵਰਗੇ ਕਵੀਆਂ ਦੁਆਰਾ ਕਾਵਿ ਦਾ ਰਾਗ-ਨਿਰਧਾਰਣ ਇਸੇ ਪਰੰਪਰਾ ਦੀਆਂ ਗੌਰਵਮਈ ਉਦਾਹਰਣਾਂ ਹਨ। ਭਗਤ ਕਵੀਆਂ ਨੇ ਕੇਵਲ ਕਾਵਿ-ਰਾਗ-ਨਿਰਧਾਰਣ ਹੀ ਨਹੀਂ ਕੀਤਾ ਸਗੋਂ ਕਾਵਿ ਤੇ ਰਾਗ ਨੂੰ ਕਿਰਿਆਤਮਕ ਰੂਪ ਵਿਚ ਪ੍ਰਭੂ ਕੀਰਤਨ ਲਈ ਗਾਇਨ ਹਿਤ ਪ੍ਰਯੋਗ ਕਰਨਾ ਆਰੰਭਿਆ। ਭਗਤੀ ਗਾਇਨ ਦੀ ਇਸੇ ਪਰੰਪਰਾ ਨੂੰ 'ਕੀਰਤਨ' ਦਾ ਨਾਮ ਦਿੱਤਾ ਗਿਆ ਕਿਉਂਕਿ ਇਸ ਦਾ ਮੁੱਖ ਪ੍ਰਯੋਜਨ ਪ੍ਰਭੂ ਕੀਰਤੀ ਹੀ ਸੀ, ਆਲਾਵਰ ਸੰਤਾਂ ਨੇ ਦੱਖਣੀ ਭਾਰਤ 'ਚੋਂ ਸੰਕੀਰਤਨ ਧਾਰਾ ਦਾ ਪ੍ਰਵਾਹ ਅਰੰਭਿਆ। ਰਾਮਾਨੁਜਾਚਾਰੀਯ ਦੁਆਰਾ ਸਥਾਪਤ ਕੀਰਤਨ ਪਰੰਪਰਾ ਨੂੰ ਉੱਤਰੀ ਭਾਰਤ ਵਿਚ ਰਾਮਾਨੰਦ ਨੇ ਉਤਸ਼ਾਹ ਨਾਲ ਅਗਾਂਹ ਤੋਰਿਆ।

ਕੀਰਤਨ ਪਰੰਪਰਾ ਦੇ ਮੁਖ ਪਰਚਾਰਕਾਂ ਨੇ ਕੀਰਤਨ ਨੂੰ ਚਾਰ ਭਾਗਾਂ ਵਿਚ ਵਿਭਾਜਿਤ ਕੀਤਾ ਹੈ :

1. ਯਾਤਰਾ ਕੀਰਤਨ
2. ਅਸ਼ਟਯਾਮ ਕੀਰਤਨ
3. ਵਿਸ਼ਯ ਕੀਰਤਨ
4. ਭਜਨ ਕੀਰਤਨ

ਇਸ ਸਮੇਂ ਭਗਤੀ ਸੰਗੀਤ ਦੀ ਗਾਇਨ ਪਰੰਪਰਾ ਦੀਆਂ ਦੋ ਪ੍ਰਮੁੱਖ ਵਿਧੀਆਂ ਪ੍ਰਚੱਲਿਤ ਸਨ :

(ਸ) ਸੰਕੀਰਤਨ ਪਰੰਪਰਾ ਅਧੀਨ ਪ੍ਰਭੂ ਨਾਮ ਦਾ ਗਾਇਨ ਸਮੂਹਿਕ ਰੂਪ ਵਿਚ ਜਾਂ ਕਿਸੇ ਇਕ ਪ੍ਰਮੁੱਖ ਆਵਾਜ਼ ਦੇ ਅਨੁਕਰਣ ਦੁਆਰਾ ਕੀਤਾ ਜਾਂਦਾ ਸੀ। ਇਸ ਸਮੂਹਿਕ ਕਿਰਿਆ ਵਿਚ ਹਰ ਸਤਿਸੰਗੀ ਕਾਰਜਸ਼ੀਲ ਰਹਿੰਦਾ ਸੀ। ਸਮੂਹਿਕ ਰੂਪ ਵਿਚ ਹਰ ਸਤਿਸੰਗੀ ਦੇ ਮਨ ਨੂੰ ਟਿਕਾਅ ਸ਼ਾਂਤੀ ਅਤੇ ਆਨੰਦ ਪ੍ਰਦਾਨ ਕਰਨਾ ਇਸ ਗਾਇਨ ਵਿਧੀ ਦਾ ਪ੍ਰਮੁੱਖ ਕਾਰਜ ਸੀ। ਅਧਿਆਤਮਕ ਕਾਵਿ ਦਾ ਗਾਇਨ ਇਸ ਪਰੰਪਰਾ ਦਾ ਹਿੱਸਾ ਨਹੀਂ ਸੀ। ਸਗੋਂ ਪ੍ਰਭੂ ਨਾਮ ਦਾ ਗਾਇਨ ਦੁਆਰਾ ਰਟਨ ਹੀ ਕੀਤਾ ਜਾਂਦਾ ਸੀ।

(ਰ) ਪ੍ਰਭੂ ਕੀਰਤੀ ਦੀ ਦੂਸਰੀ ਵਿਧੀ ਭਗਤੀ ਗੀਤ (ਵਿਅਕਤੀਗਤ ਗਾਇਨ)

ਪਰੰਪਰਾ ਸੀ। ਇਸ ਪਰੰਪਰਾ ਨੂੰ ਮੀਰਾਬਾਈ, ਸੂਰਦਾਸ ਵਰਗੇ ਭਗਤਾਂ ਨੇ ਪਰਫੁੱਲਤ ਕੀਤਾ। ਇਸ ਗਾਇਨ ਵਿਧੀ ਅਧੀਨ ਗਾਇਕ ਆਪਣੇ ਨਿੱਜੀ ਮਾਨਸਿਕ ਆਨੰਦ ਅਨੁਭਵ ਜਾਂ ਸਮੂਹਿਕ ਅਰਾਧਨਾ ਪ੍ਰਤੀ ਉਦਾਸੀਨਤਾ ਇਸ ਪਰੰਪਰਾ ਦਾ ਅਚੇਤ ਕਾਰਜ ਸੀ।

ਗੁਰਮਤਿ ਸੰਗੀਤ ਨੇ ਭਗਤੀ ਸੰਗੀਤ ਦੀਆਂ ਉਪਰੋਕਤ ਦੋਵੇਂ ਵਿਧੀਆਂ ਨੂੰ ਸੰਯੁਕਤ ਰੂਪ ਪ੍ਰਦਾਨ ਕੀਤਾ। ਉਨ੍ਹਾਂ ਭਗਤੀ ਗਾਇਕਾਂ ਦੁਆਰਾ ਨਿਰਧਾਰਤ ਕੀਰਤਨ ਦੇ ਚਾਰ ਭਾਗਾਂ ਵਿਚੋਂ ਕੇਵਲ 'ਭੋਜਨ ਕੀਰਤਨ' ਨੂੰ ਮਾਨਤਾ ਦਿੱਤੀ ਅਤੇ ਇਸ ਨੂੰ ਮੌਲਿਕ ਅਤੇ ਵਿਲੱਖਣ ਰੂਪ ਪ੍ਰਦਾਨ ਕਰਕੇ ਸਰੋਤਾ-ਸਮੂਹ ਲਈ ਸਾਰਥਿਕ ਬਣਾਇਆ। ਗੁਰੂ ਸਾਹਿਬਾਨ ਨੇ ਇਸ ਪਰੰਪਰਾ ਨੂੰ 'ਸ਼ਬਦ-ਕੀਰਤਨ' ਦੇ ਨਾਮ ਹੇਠ ਪਰਿਜਵਲਿਤ ਕੀਤਾ, ਉਨ੍ਹਾਂ ਕਿਸੇ ਇਕ ਪ੍ਰਮੁੱਖ ਆਵਾਜ਼ ਦੀ ਥਾਂ ਚਾਰ ਪ੍ਰਮੁੱਖ ਸਾਧੀਆਂ, ਸੁਰੀਲੀਆਂ, ਸੋਜ਼ ਅਤੇ ਸੋਹਜ ਭਰਪੂਰ ਆਵਾਜ਼ਾਂ ਨੂੰ ਸੰਗਤ ਵਿਚ ਇਕ ਇਕਾਈ ਵਜੋਂ ਗਾਇਨ ਹਿਤ ਪ੍ਰਯੋਗ ਕਰਨ ਦੀ ਰੀਤ ਚਲਾਈ।[6] ਕੀਰਤਨਕਾਰਾਂ ਦੇ ਇਸ ਸਮੂਹ (ਰਾਗੀ ਜਥੇ) ਦੇ ਗਾਇਨ ਦਾ ਉੱਦੇਸ਼, ਵਿਅਕਤੀਗਤ ਅਤੇ ਸਮੂਹ ਸਤਿਸੰਗੀਆਂ ਨੂੰ ਸ਼ਬਦ ਨਾਲ ਇਕ ਸੁਰ ਕਰਕੇ ਆਤਮਿਕ ਆਨੰਦ ਪ੍ਰਾਪਤ ਕਰਨਾ ਸੀ। ਉਸ ਉੱਦੇਸ਼ ਪੂਰਤੀ ਦੀ ਪ੍ਰਕ੍ਰਿਆ ਇਕ ਨਿਰਦੇਸ਼ਤ ਵਿਧਾਨ ਸੰਗੀਤ ਅਧੀਨ ਕੀਤਾ ਗਿਆ ਸੁਚੇਤ ਕਾਰਜ ਹੈ।

ਆਦਿ ਗ੍ਰੰਥ ਵਿਚ ਉਤਰੀ ਭਾਰਤੀ ਸੰਗੀਤ ਅਤੇ ਦੱਖਣੀ ਭਾਰਤੀ ਸੰਗੀਤ ਦੇ ਸੁਮੇਲ ਤੋਂ ਗੁਰਮਤਿ ਸੰਗੀਤ ਪੱਧਤੀ ਦੀ ਸਥਾਪਨਾ ਕੀਤੀ ਜਿਹੜੀ ਭਾਰਤੀ ਸੰਗੀਤ ਦੀ ਨਿਵੇਕਲੀ ਅਤੇ ਮੌਲਿਕ ਸੰਗੀਤ ਪਰੰਪਰਾ ਵਜੋਂ ਅੱਜ ਵੀ ਵਿਦਮਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੁਲ 62 ਰਾਗਾਂ[7], ਵੱਖ ਵੱਖ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਅਧੀਨ ਨਿਬੱਧ ਹੈ। ਇਸ ਨਿਸ਼ਚਿਤ ਸੰਗੀਤ ਵਿਧਾਨ ਦੇ ਰਾਗ, ਗਾਇਨ ਸ਼ੈਲੀ, ਰਹਾਓ ਅੰਕ ਅਤੇ ਘਰੁ ਵਰਗੇ ਸੰਗੀਤਕ ਸੰਕੇਤ ਕੀਰਤਨਕਾਰ ਦੇ ਪੱਥ ਪਰਦਰਸ਼ਕ ਹਨ ਅਤੇ ਕੀਰਤਨ ਵਿਚ ਸਹਾਇਕ ਤੱਤਾਂ ਵਲੋਂ ਕਿਰਿਆਸ਼ੀਲ ਰਹਿੰਦੇ ਹਨ। ਗੁਰਮਤਿ ਸੰਗੀਤ ਪੱਧਤੀ ਵਿਚ ਸ਼ਾਸਤਰੀ ਜਾਂ ਲੋਕ ਸੰਗੀਤ ਦੀ ਪਰਧਾਨਤਾ ਨਹੀ ਸਗੋਂ ਦੋਵਾਂ ਦੇ ਸੁਮੇਲ ਰੂਪ ਨੂੰ ਹੀ ਕੀਰਤਨ ਹਿਤ ਪ੍ਰਯੋਗ ਕੀਤਾ ਗਿਆ ਹੈ। ਇਸ ਸੰਗੀਤ ਪਰੰਪਰਾ ਦਾ ਮੁਖ ਕੇਂਦਰ 'ਸ਼ਬਦ' ਹੈ। ਆਦਿ ਗ੍ਰੰਥ ਦੇ ਸਮੁੱਚੇ ਸੰਗੀਤ ਵਿਧਾਨ ਦਾ ਇਕੋ ਇਕ ਪ੍ਰਯੋਜਨ ਹਰ ਸਤਿਸੰਗੀ ਨੂੰ ਆਤਮਿਕ ਅਨੰਦ ਪ੍ਰਦਾਨ ਕਰਨਾ ਅਤੇ ਸ਼ਬਦ ਦਾ ਪ੍ਰਕਾਸ਼ ਕਰਵਾਉਣਾ ਹੈ। ਗਾਇਨ ਵਿਚ ਜਦੋਂ ਕਿਤੇ ਵੀ ਇਸ ਸੰਗੀਤ ਵਿਧਾਨ ਦੇ ਸਹਾਇਕ ਤੱਤਾਂ ਵਿਚੋਂ ਕੋਈ ਵਧੇਰੇ ਮਹੱਤਵ ਗ੍ਰਹਿਣ ਕਰਨ ਲਗਦਾ ਹੈ ਤਾਂ ਗੁਰਮਤਿ ਸੰਗੀਤ ਦਾ ਮੂਲ ਉੱਦੇਸ਼ ਅਦ੍ਰਿਸ਼ ਹੋਣ ਲਗ ਪੈਂਦਾ ਹੈ।

ਨਿਰਸੰਦੇਹ ਕਿਸੇ ਵੀ ਧਾਰਮਿਕ ਦਰਸ਼ਨ ਦੇ ਗੂੜ੍ਹ ਵਿਚਾਰਾਂ ਦੇ ਸਾਧਾਰਣ ਵਿਅਕਤੀ ਤਕ ਸੰਚਾਰ ਦੀ ਪ੍ਰਕ੍ਰਿਆ, ਅਤਿ ਕਠਿਨ ਹੈ ਪਰ ਸੰਗੀਤ ਦੁਆਰਾ ਇਨ੍ਹਾਂ ਵਿਚਾਰਾਂ ਨੂੰ ਸੁਰ ਤੇ ਸ਼ਬਦ ਦੀ ਧੁਨਕਰ ਨਾਲ ਓਤਪੋਤ ਕਰਕੇ ਸਹਿਜੇ ਹੀ ਸੰਚਾਰਿਤ ਕੀਤਾ ਜਾ ਸਕਦਾ ਹੈ। ਭਾਰਤੀ ਧਰਮਾਂ ਵਿਸ਼ੇਸ਼ ਕਰਕੇ ਵਲਭ ਸੰਪਰਦਾ ਨੇ ਭਗਤੀ ਗੀਤਾਂ (ਵਿਅਕਤੀਗਤ) ਦੇ ਗਾਇਨ ਨਾਲੋਂ ਕੀਰਤਨ ਨੂੰ ਵਧੇਰੇ ਮਹੱਤਵ ਦਿੱਤਾ ਪਰ ਇਨ੍ਹਾਂ ਅਨੁਸਾਰ ਪਦਾਂ ਦਾ ਸਹੀ ਉਚਾਰਣ, ਰਾਗ ਅਤੇ ਤਾਲ ਦੀ ਪਰਿਪੱਕਤਾ ਕੀਰਤਨਕਾਰ ਲਈ ਆਵੱਸ਼ਕ ਨਹੀਂ। ਸਰਲ

ਸੁਰ ਉਚਾਰਣ ਅਤੇ ਸਮਰਪਣ ਦੀ ਭਾਵਨਾ ਹੀ ਇਸ ਕੀਰਤਨ ਵਿਧੀ ਦਾ ਆਧਾਰ ਹੈ।[8] ਗੁਰਮਤਿ ਸੰਗੀਤ ਵਿਚ ਇਨ੍ਹਾਂ ਉਪਰੋਕਤ ਵਿਚਾਰਾਂ ਤੋਂ ਬਿਲਕੁਲ ਉਲਟ, ਪਦ, ਰਾਗ ਅਤੇ ਤਾਲ ਨੂੰ ਵਿਸ਼ੇਸ਼ ਮਹੱਤਵ ਦਿੰਦਿਆਂ, ਇਨ੍ਹਾਂ ਦੀ ਸ਼ੁੱਧਤਾ, ਪਰਿਪੱਕਤਾ ਅਤੇ ਆਵੱਸ਼ਕਤਾ ਨੂੰ ਮਹੱਤਵਪੂਰਨ ਮੰਨਿਆ ਗਿਆ ਹੈ। ਇਥੇ ਸ਼ਰਧਾ, ਸਮਰਪਣ ਅਤੇ ਹਉਮੈਂ ਰਹਿਤ[9] ਹੋ ਕੇ ਗੁਰਬਾਣੀ ਗਾਇਨ ਨੂੰ ਸਵੀਕਾਰ ਕੀਤਾ ਜਾਂਦਾ ਹੈ। ਗੁਰਬਾਣੀ ਅਨੁਸਾਰ "*ਹਉਮੈ ਵਿਚਿ ਗਾਵਹਿ ਬਿਰਥਾ*" (ਗਉੜੀ ਗੁਆਰੇਰੀ, ਮਹਲਾ ੩) ਦੇ ਉਪਦੇਸ਼ ਨੂੰ ਕੀਰਤਨ ਵਿਚ ਲਾਗੂ ਕੀਤਾ ਜਾਂਦਾ ਹੈ। ਇਥੇ ਹੀ ਬਸ ਨਹੀਂ ਕੀਰਤਨ ਦੇ ਲਈ ਵਿਸ਼ੇਸ਼ ਸੰਗੀਤ ਵਿਧਾਨ ਦੀ ਸਿਰਜਣਾ ਵੀ ਕੀਤੀ ਗਈ ਹੈ।

ਸਿੱਖ ਧਰਮ ਵਿਚ ਸੰਗਤ ਵਿਚ ਸੰਗੀਤ ਨੂੰ ਉੱਤਮ ਸਥਾਨ ਪ੍ਰਾਪਤ ਹੈ। ਸੰਗਤ ਦੇ ਜੁੜ ਬੈਠਣ ਅਤੇ ਕਾਰਜ ਵਿਧੀ ਦਾ ਮੁੱਖ ਕੇਂਦਰ 'ਸ਼ਬਦ' ਅਤੇ 'ਕੀਰਤਨ' ਹੀ ਹੈ। ਗੁਰਮਤਿ ਵਿਚ ਸੰਗਤ ਦਾ ਮੁੱਖ ਉੱਦੇਸ਼ ਸਤਿਸੰਗੀਆਂ ਦੇ ਸੰਗ ਸ਼ਬਦ-ਕੀਰਤਨ ਅਤੇ ਸ਼ਬਦ ਵਿਚਾਰ ਹੈ। ਸ਼ਬਦ ਨੂੰ ਸਤਿਸੰਗ ਦੇ ਮਨ ਵਿਚ ਵਸਾਉਣ ਅਤੇ ਦ੍ਰਿੜਾਉਣ ਦੀ ਪ੍ਰਕ੍ਰਿਆ ਦਾ ਵਿਸ਼ੇਸ਼ ਵਿਧਾਨ ਹੈ। ਬਾਣੀ ਦੇ ਕਿਸੇ ਸ਼ਬਦ ਨੂੰ ਨਿਰਧਾਰਤ ਰਾਗ ਅਧੀਨ, ਨਿਰਧਾਰਤ ਗਾਇਨ ਸ਼ੈਲੀ ਅਤੇ ਨਿਰਧਾਰਤ ਸਮੇਂ ਉਪਰ ਵਿਸ਼ੇਸ਼ ਸਾਜ਼ਾਂ[10] ਦੁਆਰਾ ਗਾਇਆ ਜਾਂਦਾ ਹੈ। ਇਹ ਰਾਗ ਨਿਰਧਾਰਣ ਭਾਰਤੀ ਸੰਗੀਤ ਸ਼ਾਸ਼ਤਰ ਅਤੇ ਬਾਣੀ ਦੇ ਭਾਵਾਂ ਅਨੁਸਾਰ ਕੀਤਾ ਜਾਂਦਾ ਹੈ। 'ਰਹਾਓ' ਵਾਲੀ ਤੁਕ ਜਿਸ ਵਿਚ ਕੇਂਦਰੀ ਭਾਵ ਮੌਜੂਦ ਹੈ, ਨੂੰ 'ਸਥਾਈ' ਬਣਾਇਆ ਜਾਂਦਾ ਹੈ ਕਿਉਂਕਿ ਗਾਇਨ ਵਿਚ ਸਥਾਈ ਦਾ ਗਾਇਨ ਵਾਰ ਵਾਰ ਕੀਤਾ ਜਾਣਾ ਹੈ, ਜਿਸ ਨਾਲ ਸ਼ਬਦ ਦੇ ਕੇਂਦਰੀ ਭਾਵ ਦ੍ਰਿੜ੍ਹ ਹੋਣੇ ਹਨ। ਜਦੋਂ ਕਿਤੇ ਸ਼ਬਦ ਦਾ ਭਾਵ ਪਰਿਵਰਤਨ ਜਾਂ ਸਮੱਸਿਆ ਦਾ ਸਮਾਧਾਨ ਹੋ ਗਿਆ ਹੈ, ਉਥੇ ਰਹਾਉ ਪਹਿਲਾ, ਰਹਾਉ ਦੂਜਾ, ਰਹਾਉ ਤੀਜਾ ਅਤੇ ਰਹਾਉ ਚੋਥਾ ਦਾ ਸੰਕੇਤ ਪ੍ਰਯੋਗ ਕੀਤਾ ਗਿਆ ਹੈ। ਸਥਾਈ ਦਾ ਪਰਿਵਰਤਨ ਵੀ ਰਹਾਉ ਪਰਿਵਰਤਨ ਹੋਣ ਨਾਲ ਹੀ ਕਰ ਲਿਆ ਜਾਂਦਾ ਹੈ।[11] ਅੰਕਿਤ ਅੰਕਾਂ ਵਾਲੀਆਂ ਤੁਕਾਂ ਨੂੰ ਅੰਤਰੇ ਵਜੋਂ ਗਾਇਆ ਜਾਂਦਾ ਹੈ ਕਿਉਂਕਿ ਇਹ ਕੇਂਦਰੀ ਭਾਵ ਨੂੰ ਉਜਾਗਰ ਕਰਨ ਲਈ ਵਿਸ਼ੇਸ਼ ਪ੍ਰਮਾਣ, ਦਲੀਲਾਂ ਅਤੇ ਵਿਚਾਰ ਹੀ ਹਨ। ਸੰਗਤ ਵਿਚ ਉਪਰੋਕਤ ਵਿਧੀ ਅਨੁਸਾਰ ਕੀਤਾ ਗਿਆ ਸ਼ਬਦ ਗਾਇਨ ਹਰ ਸਤਿਸੰਗੀ ਦੇ ਮਨ ਵਿਚ ਸਹਿਜੇ ਹੀ ਵਾਸਾ ਕਰ ਲੈਂਦਾ ਹੈ ਅਤੇ ਆਤਮਿਕ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਇਹੀ ਸੰਗਤ ਦੇ ਲਖਸ਼ ਦੀ ਪ੍ਰਾਪਤੀ ਹੈ।

ਸਿੱਖ ਧਰਮ ਵਿਚ ਸੰਗਤ ਅਤੇ ਸੰਗੀਤ ਦੇ ਪਰਸਪਰ ਅਤੇ ਸੰਯੁਕਤ ਰੂਪ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਬਾਣੀ ਅਤੇ ਭਾਈ ਮਰਦਾਨੇ ਦੇ ਰਬਾਬ ਦੀ ਮਧੁਰ ਝਨਕਾਰ ਤੋਂ ਹੋਇਆ। ਗੁਰੂ ਨਾਨਕ ਕਾਵਿ ਸਿਰਜਣ ਪ੍ਰਕ੍ਰਿਆ ਦਾ ਇਕ ਆਧਾਰ-ਤੱਤ ਸੰਗੀਤ ਹੀ ਸੀ। ਬਾਣੀ ਆਉਂਦੀ, ਮਰਦਾਨੇ ਨੂੰ ਰਬਾਬ ਛੇੜਨ ਲਈ ਆਖਿਆ ਜਾਂਦਾ, ਬਾਣੀ ਦਾ ਗਾਇਨ ਹੁੰਦਾ, ਲੋਕ ਜੁੜਦੇ, ਸੰਗੀਤ ਨਾਲ ਓਤਪੋਤ ਸ਼ਬਦ ਹਰ ਮਨ ਵਿਚ ਸਹਿਜੇ ਹੀ ਵਾਸਾ ਕਰ ਲੈਂਦੇ ਤਾਂ ਸੰਗਤ, ਸੰਗੀਤ ਅਤੇ ਸ਼ਬਦ ਦੀ ਇਕਸੁਰਤਾ ਆਤਮਿਕ ਆਨੰਦ ਦੀ ਪ੍ਰਾਪਤੀ ਕਰਵਾਉਂਦੀ। ਸੰਸਥਾਗਤ ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਇਸ ਪਰੰਪਰਾ ਨੂੰ ਗੁਰੂ ਸਾਹਿਬਾਨ ਨੇ ਸਿਧਾਂਤਕ ਅਤੇ ਕਿਰਿਆਤਮਕ ਰੂਪ ਵਿਚ

ਵਿਸ਼ਿਸ਼ਟ ਪਰੰਪਰਾ ਵਜੋਂ ਅਪਣਾਇਆ ਅਤੇ ਪ੍ਰਫੁੱਲਤ ਕੀਤਾ। ਗੁਰੂ ਸਾਹਿਬਾਨਾਂ ਨੇ ਵਿਭਿੰਨ ਰਾਗਾਂ ਅਤੇ ਗਾਇਨ ਸ਼ੈਲੀਆਂ ਅਤੇ ਨਿਸਚਿਤ ਸੰਗੀਤ ਵਿਧਾਨ ਅਧੀਨ ਬਾਣੀ ਉਚਾਰੀ, ਗਾਵੀ ਅਤੇ ਪਰਚਾਰੀ। ਸਿੱਖ ਧਰਮ ਵਿਚ ਹੇਠ ਲਿਖੇ ਅਨੁਸਾਰ ਚਾਰ ਕੀਰਤਨ ਚੋਕੀਆਂ ਪ੍ਰਚੱਲਿਤ ਹੋਈਆਂ :

1. ਆਸਾ ਦੀ ਵਾਰ ਦੀ ਚੋਕੀ
2. ਬਿਲਾਵਲ ਦੀ ਚੋਕੀ
3. ਸੋਦਰ ਦੀ ਚੋਕੀ
4. ਆਰਤੀ ਦੀ ਚੋਕੀ

ਇਨ੍ਹਾਂ ਵਿਸ਼ੇਸ਼ ਕੀਤਰਨ ਚੋਕੀਆਂ ਤੋਂ ਬਿਨਾਂ ਹਰ ਸਾਧਾਰਣ ਅਤੇ ਅਸਾਧਾਰਣ ਮੌਕੇ ਉੱਤੇ ਸਿੱਖ ਰਵਾਇਤਾਂ ਅਨੁਸਾਰ *'ਘਰਿ ਘਰਿ ਅੰਦਰ'* ਕੀਰਤਨ ਕਰਨ ਦੀ ਪਰੰਪਰਾ ਅੱਜ ਤਕ ਮੌਜੂਦ ਹੈ। ਗੁਰੂ ਸਾਹਿਬਾਨ ਨੇ ਸੰਗੀਤ ਵਿਚ ਜਿਥੇ ਰਬਾਬੀਆਂ[12] (ਪੇਸ਼ਾਵਰ ਗਾਇਕਾਂ) ਕੋਲੋਂ ਕੀਰਤਨ ਕਰਵਾਇਆ ਉਥੇ ਉਨ੍ਹਾਂ ਆਪ ਵੀ ਕੀਰਤਨ ਕੀਤਾ[13] ਅਤੇ ਸਮੂਹ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਦੀ ਸਫਲ ਪ੍ਰੇਰਣਾ ਦਿੱਤੀ। ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ, ਕੀਰਤਪੁਰ ਅਤੇ ਆਨੰਦਪੁਰ ਸਾਹਿਬ ਵਰਗੇ ਅਸਥਾਨ ਸੰਗਤਾਂ ਦੇ ਮਹਾਨ ਕੀਰਤਨ ਅਤੇ ਸੰਗਤ ਕੇਂਦਰ ਰਹਿ ਚੁੱਕੇ ਹਨ।

ਵਰਤਮਾਨ ਸਮੇਂ ਵਿਚ ਵੀ ਸਿੱਖ ਧਰਮ ਵਿਚ ਗੁਰਮਤਿ ਸੰਗੀਤ ਅਤੇ ਸੰਗਤ ਦੀ ਵਿਸ਼ੇਸ਼ ਪਰੰਪਰਾ ਵਿਦਮਾਨ ਹੈ। ਪਰ ਸੰਗਤ ਅਤੇ ਸੰਗੀਤ ਦੀ ਸਹੀ ਪਛਾਣ ਅਤਿ ਲਾਜ਼ਮੀ ਹੈ। ਸੰਗਤ ਅਤੇ ਸੰਗੀਤ ਦੇ ਸਤਿ ਹੋਣ ਦੀ ਇਕੋ ਇਕ ਕਸਵੱਟੀ ਦੋਵਾਂ ਦੇ ਸਮੂਹਿਕ ਯਤਨਾਂ ਸਦਕਾ ਉਤਪੰਨ ਸ਼ਬਦ ਨਾਲ ਇਕਸੁਰਤਾ ਅਤੇ ਆਤਮਿਕ ਆਨੰਦ ਹੀ ਹੈ। ਨਿਰਸੰਦੇਹ ਅੱਜ ਸੰਗਤ ਅਤੇ ਕੀਰਤਨ ਰਸਮੀ ਧਾਰਮਿਕ ਕਾਰਜ ਬਣਦਾ ਜਾ ਰਿਹਾ ਹੈ। ਸੰਗਤ ਅਤੇ ਸੰਗੀਤ ਦੀਆਂ ਪੁਰਾਤਨ ਨਿਰਧਾਰਤ ਰਵਾਇਤਾਂ ਅਲੋਪ ਹੋ ਰਹੀਆਂ ਹਨ। ਕੀਰਤਨ ਅਤੇ ਸੰਗਤ ਵਿਚ ਜੁੜ ਬੈਠੇ ਵਿਅਕਤੀ, ਕੀਰਤਨੀਏ ਤੇ ਸ਼ਬਦ, ਅਲਗਾਵ (alienation) ਦੀ ਅਵਸਥਾ ਦੇ ਧਾਰਣੀ ਬਣਦੇ ਜਾ ਰਹੇ ਹਨ। ਇਸ ਲਈ ਵਰਤਮਾਨ ਸਮੇਂ ਵਿਚ ਸਿੱਖ ਸੰਗਤ ਲਈ ਸੰਗਤ ਅਤੇ ਗੁਰਮਤਿ ਸੰਗੀਤ ਦੇ ਆਦਰਸ਼ਾਂ ਦੇ ਪੁਨਰਵਿਚਾਰ, ਗਠਨ ਅਤੇ ਮਹੱਤਵ ਨੂੰ ਵਿਚਾਰਣ/ਦ੍ਰਿੜ੍ਹਾਉਣ ਦੀ ਅਤਿ ਆਵੱਸ਼ਕਤਾ ਹੈ।

ਹਵਾਲੇ

1. *ਇਹ ਮਾਣਸ ਜਨਮ ਦੁਲੰਭ ਹੈ ਨਾਮ ਬਿਨਾਂ ਬਿਰਥਾ ਸਭ ਜਾਏ।*
   ਹੁਣਿ ਵਤੈ ਹਰਿ ਨਾਮੁ ਬੀਜਿਓ ਅਗੈ ਭੂਖਾ ਕਿਆ ਖਾਏ। ਪੰ. ੪੫੦
2. *ਅਵਰ ਜੋਨਿ ਤੇਰੀ ਪਨਿਹਾਰੀ।*
   ਇਸ ਧਰਤੀ ਮਹਿ ਤੇਰੀ ਸਿਕਦਾਰੀ। ਪੰ. ੩੭੪
3. *ਸਾਧ ਸੰਗਿ ਮਲੁ ਲਾਥੀ।*
   ਪਾਰਬ੍ਰਹਮ ਭਇਓ ਸਾਥੀ।
   ਨਾਨਕ ਨਾਮ ਧਿਆਇਆ।
   ਆਦਿ ਪੁਰਖੁ ਪ੍ਰਭੁ ਪਾਇਆ। ਪੰ. ੬੨੫-੨੬

4. *ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ।* ਪੰ. ੬੪੬
5. ਉਦਾਤ ਸੁਰ, ਅਨੁਦਾਤ ਸੁਰ ਅਤੇ ਸਵਰਿਤ ਸੁਰ।
6. ਕੀਰਤਨ ਨੂੰ ਚੋਕੀ ਵੀ ਇਸੇ ਲਈ ਆਖਿਆ ਜਾਂਦਾ ਸੀ ਕਿਉਂਕਿ ਇਸ ਵਿਚ ਚਾਰ ਰਾਗੀ ਵਿਅਕਤੀਆਂ ਦੁਆਰਾ ਕੀਰਤਨ ਗਾਇਨ ਕੀਤਾ ਜਾਂਦਾ ਸੀ।
7. ਮੁੱਖ 31 ਰਾਗ + 26 ਰਾਗ ਪ੍ਰਕਾਰ + 5 ਦੱਖਣੀ ਭਾਰਤ ਸੰਗੀਤ ਦੇ ਰਾਗ।
8. ਲਕਸ਼ਮੀ ਨਾਰਾਇਣ ਗਰਗ (ਸੰਪਾ.) ਨਿਬੰਧ ਸੰਗੀਤ, *"ਭਾਰਤੀ ਔਰ ਸੰਗੀਤ"* (ਸੰਪਾ. ਕ੍ਰਿਤ) 1978, ਪੰ. ੫੩੭
9. ਭਾਰਤੀ ਸੰਗੀਤ ਦਾ ਕਲਾ ਪ੍ਰਦਰਸ਼ਨ ਅਚੇਤ ਜਾਂ ਸੁਚੇਤ ਰੂਪ ਵਿਚ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਲਈ ਹੀ ਕਾਰਜਸ਼ੀਲ ਰਹਿੰਦਾ ਹੈ ਪਰ ਗੁਰਮਤਿ ਸੰਗੀਤ ਵਿਚ ਕਲਾ ਪ੍ਰਦਰਸ਼ਨ ਨੂੰ ਤਰਜੀਹ ਨਹੀ ਦਿੱਤੀ ਗਈ ਕਿਉਂਕਿ ਇਸ ਨਾਲ ਹਉਮੈ ਭਾਵਨਾ ਉਤਪੰਨ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।
10. ਰਬਾਬ, ਤਾਊਸ, ਦਿਲਰੁਬਾ, ਸਾਰੰਦਾ, ਤੰਬੂਰਾ ਵਰਗੇ ਗੰਭੀਰ ਤੰਤੀ ਸਾਜ।
11. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. ੨੫-੨੬
12. ਭਾਈ ਮਰਦਾਨਾ, ਭਾਈ ਸਾਦੂ, ਭਾਈ ਸੱਤਾ, ਭਾਈ ਬਲਵੰਡ ਅਤੇ ਇਨ੍ਹਾਂ ਦੀ ਬੰਸ ਦੇ ਹੋਰ ਰਬਾਬੀ।
13. ਗੁਰੂ ਨਾਨਕ ਦੇਵ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖੁਦ-ਗਾਇਨ ਦੇ ਪਰੰਪਰਕ ਹਵਾਲੇ ਮਿਲਦੇ ਹਨ।

ਭਾਸ਼ਾ ਵਿਗਿਆਨੀ ਦੀ ਦ੍ਰਿਸ਼ਟੀ 'ਚ ਸੰਗਤ ਦਾ ਸੰਕਲਪ

ਡਾ. ਬਲਦੇਵ ਰਾਜ ਗੁਪਤਾ

ਗੁਰਮਤਿ ਸਿਧਾਂਤ, ਗੁਰਬਾਣੀ ਦੇ ਵਿਸ਼ੇ-ਵਸਤੂ, ਸਿੱਖ ਦਰਸ਼ਨ ਅਤੇ ਸਿੱਖ ਰਹਿਤ ਮਰਿਆਦਾ ਸਿਰਲੇਖਾਂ ਹੇਠ ਨਾਮ, ਹੁਕਮ, ਭਾਣਾ, ਨਦਰ, ਕਿਰਤ, ਸੇਵਾ ਅਤੇ ਅਰਦਾਸ ਆਦਿ ਤੇ ਚਰਚਾ ਹੁੰਦੀ ਰਹਿੰਦੀ ਹੈ ਪਰ 'ਸੰਗਤ' ਦੇ ਸੰਕਲਪ ਦੀ ਘੋਖ ਘਟ ਹੋਈ ਹੈ, ਜਦ ਕਿ ਗੁਰਬਾਣੀ ਅੰਦਰ ਸੰਗਤਿ ਉਚਾਰਨ 'ਸੰਗਤ' ਨਾਲ ਮੇਲ ਖਾਂਦੇ ਸੰਗ,[1] ਸੰਗਿ,[2] ਸੰਗਤੀ,[3] ਗੋਸਟੇ,[4] ਗੋਸਟਿ,[5] ਸੰਜੋਗ,[6] ਸੰਗਮ ਤੇ ਸਭਾ[7] ਆਦਿ ਸੰਕਲਪਮਈ ਸ਼ਬਦਾਂ ਦਾ ਵਰਣਨ ਪ੍ਰਾਪਤ ਹੈ।

ਗੁਰਬਾਣੀ ਦਾ ਕੰਪਿਊਟਰ ਰਾਹੀਂ ਅਧਿਐਨ ਕੀਤਾ ਜਾਵੇ ਤਾਂ ਸੰਗਤਿ ਲਈ ਹੋਰ ਵੀ ਕਿੰਨੇ ਢੁਕਵੇਂ ਸ਼ਬਦ ਲੱਭੇ ਜਾ ਸਕਦੇ ਹਨ। ਜਿਵੇਂ ਉਮਤਿ, ਸੰਗਾਨ ਅਤੇ ਸੰਗਾਨੀ ਹੇਠ ਲਿਖੀਆਂ ਟੂਕਾਂ 'ਚ ਮਿਲਦੇ ਹਨ :

ਦਰੁ ਸੇਵੇ ਉਮਤਿ ਖੜੀ। ਪੰ. ੯੬੭

ਨੀਕੀ ਸਾਧ ਸੰਗਾਨੀ। ਪੰ. ੪੦੪

ਬੋਲੀਂਦੇ ਸੰਗਤ ਰੂਪ ਦੀ ਥਾਂ ਗੁਰਬਾਣੀ 'ਸੰਗਤਿ' ਰੂਪ ਨਾਲ ਹੀ ਭਰਪੂਰ ਹੈ। ਸੋ ਇਸ ਲੇਖ ਵਿਚ 'ਸੰਗਤਿ' ਹੀ (ਸੰਗਤ) ਲਈ ਮੂਲ ਸ਼ਬਦ ਮੰਨ ਲਿਆ ਗਿਆ ਹੈ।

ਅਜੋਕੀਆਂ ਗੋਸ਼ਠੀਆਂ/ਸੈਮੀਨਾਰਾਂ/ਸਮਾਗਮਾਂ/ਕਾਨਫ੍ਰੰਸਾਂ ਵਾਂਗ ਪੁਰਤਨ ਖੋਜ ਵਿਧੀ ਵੀ ਸਭਾ, ਗੋਸ਼ਟੀ, ਸਾਖਾ, ਗੁਰੂ-ਸ਼ਿਸ਼ ਪਰੰਪਰਾ, ਸ਼ਾਸਤਰਾਰਥ ਤੋਂ ਪ੍ਰਭਾਵਿਤ ਸੀ।[8] ਇਸੇ ਲਈ ਸੰਗਤ ਨਾਲ ਮੇਲ ਖਾਂਦੇ ਭਾਰਤੀ ਪਰੰਪਰਾ 'ਚ ਵੀ ਬ੍ਰਹਮਸਦ, ਸੰਧਿ, ਮੇਲ, ਸੰਸਰਗ ਸੰਗਮ ਆਦਿ ਕਿੰਨੇ ਸ਼ਬਦ ਪ੍ਰਚੱਲਿਤ ਸਨ। ਮੇਲੇ ਵੀ ਇਕ ਤਰ੍ਹਾਂ ਭਾਰਤੀ ਪਰੰਪਰਾ ਦੇ ਸੂਚਕ ਹਨ। ਗੁਰਬਾਣੀ 'ਚ ਸਤਿਗੁਰ ਦੀ ਸੇਵਾ (ਸਤਿਗੁਰਿ ਸੇਵੀਐ), ਸਤਿਗੁਰ ਨਾਲ ਮੇਲ (ਸਤਿਗੁਰਿ ਮਿਲਿਐ) ਅਤੇ ਦਰਸ਼ਨ (ਜਬ ਤੇ ਦਰਸਨ ਭੇਟੇ) ਆਦਿ ਦਾ ਸੰਬੰਧ ਪਰੋਖ ਰੂਪ 'ਚ ਸੰਗਤਿ ਨਾਲ ਹੀ ਜੁੜਦਾ ਹੈ। ਸੰਗਤਿ ਲਈ ਸੇਵਾ, ਦਰਸ਼ਨ, ਮੇਲ ਆਦਿ ਜ਼ਰੂਰੀ ਹਨ। 'ਸਾਧ ਸੰਤ ਇਕਤ੍ਰ' ਵੀ ਤਾਂ ਸੰਗਤਿ ਦੇ ਆਕਰਸ਼ਣ ਦਾ ਕੇਂਦਰ ਸੀ।

'ਸੰਗਤਿ ਦੇ ਸੰਕਲਪ' ਬਾਰੇ ਇਕ ਭਾਸ਼ਾ-ਵਿਗਿਆਨੀ ਦੀ ਆਪਣੀ ਹੀ ਨਿਵੇਕਲੀ ਦ੍ਰਿਸ਼ਟੀ ਹੋਵੇਗੀ। ਆਮ ਵਿਦਵਾਨ ਤਾਂ ਲਗਭਗ ਇਸੇ ਗੱਲ ਤੇ ਜ਼ੋਰ ਲਾ ਦੇਣਗੇ ਕਿ ਗੁਰਬਾਣੀ 'ਚ ਸੰਗਤਿ ਬਾਰੇ ਵੀ ਕਿਹਾ ਗਿਆ ਹੈ, ਪਰ ਇਕ ਭਾਸ਼ਾ-ਵਿਗਿਆਨੀ ਸਮੁੱਚੇ

ਸੰਦਰਭ 'ਚ ਸੰਗਤਿ ਦੇ ਸਾਧਾਰਣ ਅਤੇ ਪਰਾ ਅਰਥ ਲਭੇਗਾ। ਅਜਿਹਾ ਵਿਗਿਆਨੀ ਇਸ ਉਪਰ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰ ਕਰੇਗਾ। ਸੰਗਤਿ ਤੇ ਭਾਸ਼ਾਈ ਅਧਿਐਨ ਲਈ ਭਾਸ਼ਾ-ਵਿਗਿਆਨੀ Congregation (Christianity), ਜਮਹ (ਇਸਲਾਮ), ਸਤਿਸੰਗ (ਹਿੰਦੂ) ਸ਼ਬਦਾਂ ਦੀ ਘੋਖ ਕਰੇਗਾ। ਉਹ ਵੇਖੇਗਾ ਕਿ ਬੋਲਚਾਲ ਦੇ ਉਚਰਿਤ ਰੂਪ (ਸੰਗਤ) ਦਾ ਮੂਲ ਰੂਪ ਕੀ ਹੈ ? ਇਸ ਦਾ ਉਚਾਰਣ ਕੀ ਹੈ ? ਇਸ ਦਾ ਨਿਰੁਕਤੀ ਮੂਲਕ ਕੀ ਅਰਥ ਹੈ ? 'ਸੰਗਤਿ' ਦੀ ਨਿੱਕੀ ਤੋਂ ਨਿੱਕੀ ਰੂਪ ਪੱਖੋਂ ਕਿਹੜੀ ਇਕਾਈ ਹੈ, ਇਸ ਦੇ ਸ਼ਾਬਦਿਕ ਅਰਥ ਕੀ ਹਨ ? ਇਹ ਆਮ ਅਰਥਾਂ ਦਾ ਧਾਰਨੀ ਹੈ ਜਾਂ ਵਿਸ਼ੇਸ਼ ਪਰਾਭਾਸ਼ਿਕੀ ਅਰਥਾਂ ਦਾ, ਇਸ ਦੇ ਹੋਰ ਕਿਹੜੇ ਪਰਿਆਇ ਹਨ ਅਤੇ ਹਰ ਇਕ ਪਰਿਆਇ ਦੇ ਸੰਕਲਪ ਮੂਲਕ ਕੀ ਅਰਥ ਹਨ ? 'ਸੰਗਤ' ਤੋਂ ਪਹਿਲਾਂ (ਅਗੇਤਰ) ਕਿਹੜੇ ਕਿਹੜੇ ਵਿਸ਼ੇਸ਼ਣ ਲਗਦੇ/ਲੱਗੇ ਹਨ। 'ਸੰਗਤ' ਦੇ ਵਿਆਕਰਣਕ ਰੂਪ ਕਿਹੜੇ ਕਿਹੜੇ ਹਨ ? ਆਦਿ।

ਵਿਸ਼ੇਸ਼ ਧਰਮ ਖੇਤਰ ਦੇ ਮਾਹਿਰ ਈਸਾਈਅਤ, ਇਸਲਾਮਿਕ, ਭਾਰਤੀ ਤੇ ਗੁਰਮਤਿ ਦ੍ਰਿਸ਼ਟੀ ਪੱਖੋਂ ਸੰਗਤਿ ਬਾਰੇ ਆਪਣੇ ਇਕ-ਪਖੀ ਦਾਰਸ਼ਨਿਕ ਵਿਚਾਰ ਪੇਸ਼ ਕਰ ਸਕਦੇ ਹਨ ਜਦ ਕਿ 'ਸੰਗਤਿ' ਦੇ ਸਮੁੱਚੇ ਸੰਕਲਪ ਨੂੰ ਸਮਝਣ ਲਈ ਭਾਸ਼ਾ-ਵਿਗਿਆਨੀ ਹੀ ਸੰਗਤ ਦਾ ਸਵਰਪਖੀ ਵਿਸ਼ਲੇਸ਼ਣ ਕਰਨ ਵਿਚ ਸਮਰੱਥ ਹੈ। ਭਾਸ਼ਾ-ਵਿਗਿਆਨੀ ਹੀ ਗੁਰਸ਼ਬਦ ਰਤਨਾਕਰ ਮਹਾਨਕੋਸ਼ ਦੇ ਸੰਦਰਭ 'ਚ ਇਹ ਦਸ ਸਕਦਾ ਹੈ ਕਿ 'ਸੰਗਤਿ' ਦਾ ਅਰਥ ਨਾ ਕੇਵਲ ਆਮ ਮਜਲਸ ਜਾਂ ਇਕੱਠ ਹੈ ਸਗੋਂ ਗੁਰਸਿੱਖਾਂ ਦੇ ਇਕੱਠ ਹੋਣ ਦੀ ਧਾਰਮਿਕ ਥਾਂ ਹੈ।

'ਸੰਗਤਿ' ਦੇ ਇਕ ਤਾਂ ਸਾਥ, ਮੇਲ, ਮਿਲਾਪ, ਇਕੱਠ, ਸੋਸਾਇਟੀ, ਕੰਪਨੀ, ਸੋਹਬਤ, ਸਮਾਗਮ ਸਾਧਾਰਣ ਅਰਥ ਹਨ, ਪਰ 'ਸੰਗਤਿ' ਦੀ ਧਾਰਮਿਕ ਪਰਿਭਾਸ਼ਾ 'ਚ ਸਾਧਾਰਣ ਅਰਥ ਦੀ ਥਾਂ ਹੋਰ ਅਰਥ ਹੋਣਗੇ। ਗੁਰਮਤਿ 'ਚ 'ਸੰਗਤਿ' ਦਾ ਅਰਥ ਸੰਗਤਿ, ਸਾਧ ਸੰਗਤ, ਸਤਿ ਸੰਗਤਿ, ਸੰਗਤੀ, ਸਤਿ ਗੁਰੂ ਸੰਗਤਿ, ਸੰਤ ਸੰਗਤਿ, ਸੰਗ, ਸਾਧ ਸੰਗ, ਸਤਿਗੁਰੂ ਸੰਗ, ਸੰਗਾਨ, ਸੰਗਾਨੀ ਦੇ ਸੰਦਰਭ 'ਚ ਹੀ ਹੋ ਸਕਦਾ ਹੈ।

ਭਾਸ਼ਾ ਵਿਗਿਆਨ ਦੀ ਤੁਲਨਾਤਮਕ ਦ੍ਰਿਸ਼ਟੀ ਦੇ ਪੱਖੋਂ ਵਿਸ਼ਲੇਸ਼ਣ ਕਰਨ ਮਗਰੋਂ ਪਤਾ ਚਲਦਾ ਹੈ ਕਿ ਈਸਾਈ ਮਤ 'ਚ fellowship ਜਾਂ gathering, The body politics of Israel.[10] ਵਾਲੇ ਅਰਥ 'ਸੰਗਤਿ' ਦੇ ਪਰਿਆਇ ਨਹੀਂ ਜਾਪਦੇ। ਈਸਾਈ ਮਤ ਦੇ an assembly of people for religious purpose,[11] communian with God ਜਾਂ public worship of God[12] ਜਾਂ Congregation[13] ਸ਼ਬਦ ਹੀ 'ਸੰਗਤਿ' ਲਈ ਠੀਕ ਢੁੱਕਦੇ ਹਨ। Congregation ਦੇ ਆਪਣੇ ਹੀ ਪਰਭਾਸ਼ਿਕ ਅਰਥ ਹਨ ਜੋ 'ਸੰਗਤਿ' ਦੇ ਸੰਕਲਪ ਦੀ ਸਹੀ ਵਿਆਖਿਆ ਕਰਨ 'ਚ ਸਹਾਈ ਸਿਧ ਹੋ ਸਕਦੇ ਹਨ :

"........an assembly of persons, especially a body assembled for religious worship of habitually attending a particular church. The world occurs more than 350 times in the King James version of the English Bible. As used in the old Testament, it sometimes means the entire Israelite community, at other times, it means a gathering or assembly of people. In the Roman Catholic Church, the word is used in several senses."[13]

ਇਸਲਾਮ ਧਰਮ 'ਚ ਸੁਹਬਤ[14] ਸਾਧਾਰਣ ਅਰਥ ਹੈ, ਪਰ ਜਮਹ ਤਕਨੀਕੀ ਸ਼ਬਦ ਹੈ ਜੋ ਸ਼ੀਆ ਮੁਸਲਮਾਨ ਹੀ ਮੰਨਦੇ ਹਨ ਨਾ ਕਿ ਸੁੰਨੀ :[15] "The assembly for people in a mosque as called Jamah. The term also in Afghanistan is used for the mosque itself. Mauhamad has said, 'The prayers which are said in a Congregation increase the rewards of the worshiper twenty seven degrees'......

(Thomas Patrik Hughes : *Dictionary of Islam*, page 60)

ਇਹ ਹਵਾਲੇ ਇਸ ਲਈ ਦਿੱਤੇ ਹਨ ਤਾਂ ਕਿ ਸ਼ਾਮੀ ਧਰਮਾਂ ਵਿਚ ਪ੍ਰਾਪਤ ਸੰਗਤ ਦੇ ਸੰਕਲਪ ਨਾਲ ਸਰਸਰੀ ਜਾਣਕਾਰੀ ਹੋ ਜਾਵੇ ਅਤੇ ਇਹ ਸਾਬਤ ਵੀ ਹੋ ਜਾਵੇ ਕਿ ਸੰਗਤ ਦਾ ਸੰਕਲਪ ਧਰਮ ਚਿੰਤਨ ਦਾ ਵਿਸ਼ੇਸ਼ ਅੰਗ ਹੈ।

ਹਿੰਦੀ 'ਚ 'ਸੰਗਤ' (ਜੈਹੀ ਸੰਗਤ ਤੈਹੀ ਰੰਗਤ 'ਚ) ਸਾਧਾਰਣ ਸ਼ਬਦ ਹੈ ਪਰ ਗੁਰਬਾਣੀ ਤੋਂ ਬਾਹਰਲੀ ਕਬੀਰ-ਬਾਣੀ 'ਚ (ਸੰਗਤ) ਤਕਨੀਕੀ ਸ਼ਬਦ ਹੈ ਜੋ ਸੰਗਤਿ ਦੇ ਨੇੜੇ ਹੈ :

ਤੈ ਦਿਨ ਗਏ ਅਕਾਰਥੀ ਸੰਗਤ ਮਿਲਿਓ ਨ ਸੰਤ ॥
ਪ੍ਰੇਮ ਬਿਨਾਂ ਪਸ਼ੂ ਜੀਵਣਾ ਭਗਤਿ ਬਿਨਾਂ ਭਗਵੰਤ ॥"

(ਗੁਰਮਤ ਸਿਧਾਂਤ, ਪੰ. ੨੪੩)

ਹਿੰਦੂ ਸੰਤਾਂ 'ਚੋਂ ਤੁਲਸੀ ਆਦਿ ਨੇ ਸੰਤ ਸਮਾਗਮ ਬਾਰੇ ਕਿਹਾ ਹੈ :

ਸੰਤ ਸਮਾਗਮ ਹਰਿ ਕਥਾ ਤੁਲਸੀ ਦੁਰਲਭ ਦੋਇ।
ਜਿਨ ਪਰ ਕਿਰਪਾ ਰਾਮ ਕੀ ਤਾਹਿ ਪ੍ਰਾਪਤ ਹੋਇ।

ਸਾਹਿਜੋ ਬਾਈ ਨੇ ਵੀ ਸੰਗਤ, ਸਾਧ ਸੰਗ, ਸੰਤ ਸੰਗ ਤੇ ਸਤਸੰਗ ਦੀ ਮਹਿਮਾ ਇਸ ਤਰ੍ਹਾਂ ਗਾਈ ਹੈ :

ਸਾਧ ਸੰਗ ਕਰਿ ਚਾਂਦਨਾਂ ਸਕਲ ਅੰਧੇਰਾ ਔਰ।
ਸਹਜੋ ਦੁਰਲਭ ਪਾਈਐ, ਸੰਤ ਸੰਗ ਮਹਿ ਠੋਰ।
ਸਾਧ ਸੰਗ ਤੀਰਥ ਬੜੋ, ਤਾਂ ਮਹਿ ਨੀਰ ਵਿਚਾਰ ॥
ਸਹਿਜੋ ਨਾਏ ਪਾਈਐ, ਮੁਕਤਿ ਪਦਾਰਥ ਚਾਰ ॥
ਜੋ ਆਵੈ ਸਤ ਸੰਗ ਮਹਿ, ਜਾਤ ਬਰਨ ਕੁਲ ਖੋਇ॥
ਸਹਿਜੋ ਮੈਲ ਕੁਚੈਲ ਜਲ, ਮਿਲੈ ਸੋ ਗੰਗਾ ਹੋਇ ॥
ਸਹਿਜੋ ਸੰਗਤ ਸਾਧ ਕੀ, ਕਾਗ ਹੰਸ ਹੋ ਜਾਇ ॥
ਤਜ ਕੇ ਭਖਸ ਅਭਖਸ਼ ਕੋ, ਮੋਤੀ ਚੁਨ ਚੁਨ ਖਾਇ ॥

(ਗੁਰਮਤ ਸਿਧਾਂਤ; ਪੰ. ੨੪੪/੨੪੫)

'ਸੰਗਤਿ' ਦਾ ਇਸ ਨਿਕੇ ਜਿਹੇ ਲੇਖ 'ਚ ਇਹ ਤੁਲਨਾਤਮਕ ਸਰਵਪੱਖੀ ਭਾਸ਼ਾਈ ਵਿਸ਼ਲੇਸ਼ਣ ਨਾਂ-ਮਾਤਰ ਹੈ (ਇਸ ਉੱਦੇਸ਼ ਲਈ ਹੋਰ ਵੱਖਰੇ ਪੇਪਰ ਲਿਖੇ/ਲਿਖਵਾਏ ਜਾ ਸਕਦੇ ਹਨ)। ਇਥੇ ਕੇਂਦਰ ਬਿੰਦੂ ਕੇਵਲ ਚੋਣਵੀਂ ਗੁਰਬਾਣੀ ਹੈ ਨਾ ਕਿ ਸਮੁੱਚੀ ਗੁਰਬਾਣੀ। "ਖੋਜਤ ਖੋਜਤ ਖੋਜਿ ਬੀਚਾਰਿਓ" ਟੂਕ ਅਨੁਸਾਰ ਇਹ ਵੇਖਿਆ ਜਾ ਸਕਦਾ ਹੈ ਕਿ ਗੁਰਬਾਣੀ 'ਚ

ਸੰਗਤ/ਸੰਗਤੀ ਦੀ ਕਿੰਨੇ ਵਾਰ ਵਰਤੋਂ ਹੋਈ ਹੈ। ਇਸੇ ਤਰ੍ਹਾਂ ਗੁਰਪ੍ਰਤਾਪ ਸੂਰਜ 'ਚ ਵਰਤੇ ਗਏ 'ਸੰਗਤ' ਅਤੇ ਭਾਈ ਗੁਰਦਾਸ ਦੀਆਂ ਵਾਰਾਂ 'ਚ ਦਸੇ ਗਏ 'ਸੰਗਤਿ' ਦੇ ਸੰਕਲਪ ਦਾ ਗੁਰਬਾਣੀ ਦੇ ਤਕਨੀਕੀ ਸ਼ਬਦ 'ਸੰਗਤਿ' ਨਾਲ ਟਾਕਰਾ/ਤੁਲਨਾਤਮਕ ਅਧਿਐਨ ਕੀਤਾ ਜਾ ਸਕਦਾ ਹੈ। ਗੁਰਬਾਣੀ ਤੋਂ ਬਾਹਰਲੀ ਕਬੀਰ-ਬਾਣੀ ਵਿਚਲੀ 'ਸੰਗਤ' ਦਾ ਅਸੀਂ ਪਹਿਲੇ ਹੀ ਉਲੇਖ ਕਰ ਚੁੱਕੇ ਹਾਂ।

'ਸੰਗਤਿ' ਸ਼ਬਦ ਗੁਰਬਾਣੀ ਦਾ ਆਮ ਲੋਕ-ਪ੍ਰਿਯ ਸ਼ਬਦ ਹੈ। ਗੁਰੂ ਰਾਮ ਦਾਸ ਜੀ ਦੇ ਅਮਰ ਵਾਕ *'ਪਹਿਲੇ ਪੰਗਤ ਪਾਛੈ ਸੰਗਤਿ'* ਨੇ ਤਾਂ ਸੰਗਤਿ ਨੂੰ ਜਨ ਜੀਵਨ ਤੇ ਲੋਕ ਭਾਸ਼ਾ ਨਾਲ ਜੋੜ ਦਿੱਤਾ ਹੈ। ਸੰਗਤਿ ਦੀ ਨਿੱਕੀ ਤੋਂ ਨਿੱਕੀ ਮੂਲ ਇਕਾਈ ਸੰਗ/ਸੰਗਿ ਹੈ, ਜਿਸ ਤੋਂ 'ਸਤਸੰਗ' ਗੁਰਬਾਣੀ ਦਾ ਲਿਖਿਤ ਰੂਪ ਸਤਸੰਗਿ (ਸਮਾਸੀ ਸ਼ਬਦ-ਰੂਪ) ਇਸੇ 'ਸੰਗਿ' ਤੋਂ ਬਣਿਆ ਹੈ।

ਸੰਗਿ/ਸੰਗ ਦੇ ਮੂਲ ਅਰਥ ਸੰਗਤਿ ਵਾਲੇ ਹੀ ਹਨ। ਪਰ ਕਈ ਥਾਂ ਇਹ ਪਰਸਰਗ ਦੇ ਤੌਰ ਤੇ ਵੀ ਵਰਤੇ ਜਾਂਦੇ ਹਨ ਜਿਵੇਂ :

ਭਰੀਐ ਮਤਿ ਪਾਪਾ ਕੈ ਸੰਗਿ। ਪੰ. ੪
ਮਾਇਆ ਸੰਗਿ ਨਾ ਜਾਈ ਰਾਮ। ਪੰ. ੪੩੨

'ਸੰਗਤਿ' ਸੰਸਕ੍ਰਿਤ ਦੀ 'ਗਮ' 'ਜਾਣਾ' ਧਾਤੂ ਤੋਂ ਬਣਿਆ ਹੈ। 'ਗਮੁ' ਨਾਲ ਪ੍ਰੱਤੈ ਲਗ ਕੇ 'ਗਤਿ' ਰੂਪ ਬਣਦਾ ਹੈ। ਜਿਵੇਂ ਕਿ ਹੇਠ ਲਿਖੀ ਟੂਕ 'ਚ 'ਗਤਿ' ਦੀ ਅਰਥ ਚਾਲ ਹੈ :

ਗੁਰਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬਹੀ ਪਾਈ। ਪੰ. ੧੨੬੦

ਗਤਿ ਤੋਂ ਪਹਿਲਾਂ ਸਮੁ ਉਪਸਰਗ ਲੱਗਣ ਨਾਲ ਸੰਗਤਿ ਸ਼ਬਦ ਬਣਦਾ ਹੈ। ਸੰਗਤਿ ਦਾ ਨਿਰੁਕਤੀ ਮੂਲਕ ਅਰਥ ਹੋਇਆ 'ਚੰਗੀ ਚਾਲ', ਅੰਤਿਮ ਚੰਗੀ ਅਵਸਥਾ (ਭਾਵ ਮੋਖ)। ਸੰਗਤਿ ਦਾ ਨਿਰੁਕਤੀ ਮੂਲਕ ਵਿਕਾਸ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ :

ਸੰਗਤਿ, ਸੰਗ, ਸਮ+ਗਮ, ਸੰਗ+ਤਿ ਸੰਗਤਿ

ਸੰਗਤਿ/ਸੰਗਤੀ/ਸੰਗ ਵਿਸ਼ੇਸ਼ਣਾਂ ਦੇ ਨਾਲ ਆਉਣ ਕਰਕੇ ਬਹੁ ਰੂਪੀ ਬਣ ਜਾਂਦੇ ਹਨ। *(ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ।* ਪੰ. ੮੦੯) ਤੋਂ ਅਤਿਰਿਕਤ ਸੰਗਤਿ, ਸੰਗਿ ਦੇ ਕਿੰਨੇ ਹੀ ਰੂਪ ਬਣੇ ਹਨ ਜਿਨ੍ਹਾਂ ਬਾਰੇ ਸੰਖੇਪ ਨੋਟ ਅੱਗੇ ਦਿੱਤੇ ਜਾ ਰਹੇ ਹਨ।

ਸਤ ਸੰਗਤਿ

ਉਂਜ ਤਾਂ ਸੰਗਤਿ ਹੀ ਆਪਣੇ ਆਪ 'ਚ ਸੰਗਤ/ਚੰਗੇ ਸੰਗ ਦੇ ਅਰਥ ਦੀ ਸੂਚਕ ਹੈ, ਸੰਗਤਿ ਤੋਂ ਪਹਿਲੇ ਸਤ ਲਗਾਣ ਨਾਲ ਸਤ ਸੰਗਤਿ ਤੋਂ ਮੁਰਾਦ "ਸੱਚ ਦੀ ਸੰਗਤਿ" ਹੋ ਜਾਂਦੀ ਹੈ ਤੇ ਗੁਰਬਾਣੀ ਇਸ ਸੱਚ ਨਾਲ ਭਰੀ ਹੋਈ ਹੈ।[20] ਸਤ ਸੰਗਤਿ ਸਮਾਸੀ ਸ਼ਬਦ-ਰੂਪ ਹੈ।

ਇਕੋ ਨਾਮ ਦਾ ਆਧਾਰ ਸਤ ਸੰਗਤਿ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤ ਸੰਗਤਿ ਦੀ ਪਰਿਭਾਸ਼ਾ ਨਾਮ ਦੇ ਸੰਦਰਭ 'ਚ ਇਸ ਤਰ੍ਹਾਂ ਕਰ ਦਿੱਤੀ ਹੈ :

ਸਤ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ। ਪੰ. ੭੨

ਸਤ ਸੰਗਤਿ ਦੀ ਇਕ ਹੋਰ ਪਰਿਭਾਸ਼ਾ ਅਨੁਸਾਰ ਸਤਿਗੁਰ ਦੀ ਸੰਗਤਿ ਹੀ ਸਤ ਸੰਗਤਿ ਹੈ :

ਜਹ ਸਤਿਗੁਰੁ ਤਹ ਸਤ ਸੰਗਤਿ ਬਣਾਈ। ਪੰ. ੧੬੦

ਗੁਰਬਾਣੀ ਅਨੁਸਾਰ ਸਤਿਗੁਰੂ ਦੀ ਸੰਗਤਿ ਉੱਤਮ ਹੈ ਜੋ ਹਰਿ-ਕਿਰਪਾ ਨਾਲ ਹੀ ਸੁਲੱਭ ਹੈ। ਸਤ ਸੰਗਤਿ ਰਾਹੀਂ ਸਤਪੁਰਖ ਸਤਿਗੁਰੂ ਅਤੇ ਹਰਿਨਾਮ ਦੀ ਪ੍ਰਾਪਤੀ ਹੁੰਦੀ ਹੈ। ਪਰਮ ਪਦ ਦੀ ਪ੍ਰਾਪਤੀ ਦਾ ਮਾਧਿਅਮ ਵੀ ਸਤ ਸੰਗਤਿ ਹੈ। ਸਤ ਸੰਗਤਿ ਰਾਹੀਂ ਇਨਸਾਨ ਤਰ ਜਾਂਦਾ ਹੈ। ਸਤ ਸੰਗਤਿ ਵਾਲੇ ਦੇ ਜਮ ਵੀ ਨੇੜੇ ਨਹੀਂ ਆਉਂਦਾ। ਸਤ ਸੰਗਤਿ 'ਚ ਹਰੀ ਦਾ ਨਿਵਾਸ ਹੈ। ਵਡਭਾਗਿਆਂ ਨੂੰ ਹੀ ਸਤ ਸੰਗਤਿ 'ਚ ਰਹਿਣ ਦਾ ਮੌਕਾ ਮਿਲਦਾ ਹੈ। ਜਿਸ ਨੇ ਚੰਗੇ ਕਰਮ ਕੀਤੇ ਹੋਣ ਉਸਨੂੰ ਸਤ ਸੰਗਤਿ ਰਾਹੀਂ ਸ਼ਬਦ ਮਿਲਦਾ ਹੈ। ਸਤ ਸੰਗਤਿ 'ਚ ਹਰਿ-ਗੁਣਾਂ ਦਾ ਵਖਾਣ ਹੁੰਦਾ ਹੈ। ਸਤ ਸੰਗਤਿ ਨਾਲ ਇਨਸਾਨ ਦੀ ਗਤਿ (ਮੋਖ) ਹੁੰਦੀ ਹੈ। ਇਹ ਸਾਰੀਆਂ ਧਾਰਨਾਵਾਂ ਗੁਰਬਾਣੀ ਵਿਚ ਭਲੀ ਭਾਂਤ ਪ੍ਰਾਪਤ ਹੋਈਆਂ ਹਨ।

ਸਚੁ ਸੰਗਤਿ

ਸਤ ਸੰਗਤਿ; ਸਤ ਸੰਗਤੀ, ਦਾ ਅਰਥ ਦਸਣ ਵਾਲਾ ਸੱਚੀ ਸੰਗਤਿ ਵਾਲਾ ਸਚੁ ਸੰਗਤਿ ਵੀ ਇਕ ਹੋਰ ਸ਼ਬਦ ਆਇਆ ਹੈ। ਸਤ ਦੀ ਥਾਂ ਇਥੇ ਜਨਭਾਸ਼ਾ ਵਾਲਾ ਸਚੁ ਸ਼ਬਦ ਹੈ। ਸੰਸਕ੍ਰਿਤ ਤੋਂ ਸਤਯ ਸੰਗਤਿ ਤੋਂ ਸਤ ਸੰਗਤਿ ਸ਼ਬਦ ਬਣਿਆ ਸੀ। ਸਤ ਦਾ ਅਰਥ ਸਚੁ ਹੈ। ਸਚੁ ਸੰਗਤਿ ਵੀ ਸਮਾਸੀ ਸ਼ਬਦ-ਰੂਪ ਹੈ। ਜਿਸ ਦੇ ਅਰਥ ਸਚੁ ਦੀ ਸੰਗਤਿ ਹੈ :

ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ।
ਹਰਿ ਸਤ ਸੰਗਤਿ ਆਪੇ ਮੇਲੇ ਗੁਰਸ਼ਬਦੀ ਹਰਿਗੁਣ ਗਾਵਣਿਆ। ਪੰ. ੧੧੪

ਸਾਧ/ਸਾਧੂ ਸੰਗਤਿ

ਸਾਧ ਸੰਗਤਿ ਵੀ ਸਮਾਸੀ ਸ਼ਬਦ-ਰੂਪ ਹੈ ਜਿਸ ਦਾ ਅਰਥ ਸਾਧੂਆਂ ਤੇ ਸਾਧਾਂ ਦੀ ਸੰਗਤਿ ਹੈ। ਸਾਧ ਸੰਗਤਿ ਨਾਲ ਪ੍ਰੀਤ ਪੂਰਵਲੇ ਕਰਮਾਂ ਕਰਕੇ ਹੀ ਹੋ ਸਕਦੀ ਹੈ ਤੇ ਸਾਧ ਸੰਗਤਿ 'ਚ ਰੱਬ ਵਸਦਾ ਹੈ :

ਸਾਧ ਸੰਗਤਿ ਸਿਉ ਪ੍ਰੀਤ ਬਨਿ ਆਈ।
ਪੂਰਬ ਕਰਮਿ ਲਿਖਤ ਧੁਰਿ ਪਾਈ। ਪੰ. ੭੪੩

ਸਾਧ ਸੰਗਤ 'ਚ ਬੰਦਾ ਸਭ ਕੁਝ ਭੁੱਲ ਕੇ ਨਾਮ ਜਾਪ ਸਕਦਾ ਹੈ :

ਬਿਸਰ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ। ਪੰ. ੧੨੯੯

ਸਾਧ ਸੰਗਤਿ ਦਾ ਹੀ ਮੂਲ ਰੂਪ ਸਾਧੂ ਸੰਗਤਿ ਹੈ। ਸਾਧ ਸੰਗਤਿ ਬਹੁਵਚਨ ਰੂਪ ਹੈ ਜਦ ਕਿ ਸਾਧੂ ਸੰਗਤਿ ਇਕਵਚਨ ਰੂਪ ਹੈ। ਸਾਧੂ ਸੰਗਤਿ ਦਾ ਵੀ ਸਾਧ ਸੰਗਤਿ ਵਾਲਾ ਹੀ ਮਹਾਤਮ ਹੈ।

ਜੇ ਲੋੜਹਿ ਸਦਾ ਸੁਖੁ ਭਾਈ।
ਸਾਧੂ ਸੰਗਤਿ ਗੁਰਹਿ ਬਤਾਈ।
ਸਾਧੂ ਸੰਗਤਿ ਪਾਰਗਰਾਮ। ਪੰ. ੧੧੮੨

ਸਾਧ (ਸਾਧੂ) ਸੰਗਤਿ ਬਾਰੇ ਭਾਈ ਗੁਰਦਾਸ ਦੀ ਵਾਰ 29 ਪਉੜੀ 1 ਅਤੇ 13 ਵਿਚ

ਵੀ ਵਿਆਖਿਆ ਕੀਤੀ ਹੋਈ ਹੈ। ਸਾਧ-ਸੰਗਿ, ਸਾਧੂ ਸੰਗਿ, ਸੰਗਤਿ ਸਾਧ ਕੀ (*ਕਬੀਰਾ ਸੰਗਤਿ ਕਰੀਐ ਸਾਧ ਕੀ। ਪੰ. ੧੩੬੯*), (*ਮੁਕਤਿ ਬੈਕੁੰਠ ਸਾਧ ਕੀ ਸੰਗਤਿ। ਪੰ. ੬੮੨*), (ਸਾਧ ਸਭਾ 1, ਪੰ. ੪੩੭) ਆਦਿ ਵੀ ਸਾਧ/ਸਾਧੂ ਸੰਗਤਿ ਨੂੰ ਸਪੱਸ਼ਟ ਕਰਦੇ ਹਨ।

ਸਤਿਗੁਰ ਸੰਗਤਿ

ਸੱਚੇ ਗੁਰੂ ਦੀ ਸੰਗਤਿ ਦੀ ਵਿਆਖਿਆ ਲਈ ਇਸ ਸਮਾਸੀ ਸ਼ਬਦ ਦੀ ਵਰਤੋਂ ਹੋਈ ਹੈ :

ਜਿਨ ਹਰਿਜਨ ਸਤਿਗੁਰ ਸੰਗਤਿ ਪਾਈ।
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ। ਪੰ. ੧੦

ਗੁਰਦੇਵ ਸੰਗਤਿ

ਗੁਰਦੇਵ ਸੰਗਤਿ ਪ੍ਰਭਿ ਮੇਲ ਕਰ ਕਿਰਪਾ। (ਪੰ. 250) ਅਨੁਸਾਰ ਗੁਰਦੇਵ ਸੰਗਤਿ ਦਾ ਸਮਾਸੀ ਰੂਪ ਸਾਮ੍ਹਣੇ ਆਉਂਦਾ ਹੈ।

ਗੁਰ ਸੰਗਤਿ

ਗੁਰ ਸੰਗਤਿ ਅਤੇ ਸਤਿਗੁਰ ਸੰਗਤਿ ਲਗਭਗ ਇਕੋ ਸੰਕਲਪ ਦੀ ਹੀ ਵਿਆਖਿਆ ਕਰਦੇ ਹਨ ਕਿਉਂਕਿ ਸਤਿਗੁਰ ਸੰਗਤ ਵਾਂਙ ਗੁਰਸੰਗਤ ਵੀ ਨਾਮ ਰਾਹੀ ਬੇੜਾ ਪਾਰ ਕਰ ਸਕਦੀ ਹੈ। ਸਤਿਗੁਰ ਸੰਗਤਿ ਅਤੇ ਗੁਰ ਸੰਗਤਿ ਦੋਵੇਂ ਸਮਾਸੀ ਰੂਪ ਹਨ।

ਸੰਤ ਸੰਗਤਿ

ਸਾਧ/ਸਾਧੂ ਸੰਗਤਿ ਦੇ ਤੁਲ ਸੰਤ ਸੰਗਤਿ ਵੀ ਸਮਾਸੀ ਰੂਪ ਹੈ ਜਿਸ ਦੇ ਹਵਾਲੇ ਲਈ ਵੇਖੋ :

ਸੰਤ ਸੰਗਤਿ ਸਿਉ ਮੇਲ ਭਇਆ। ਪੰ. ੭੭੧

ਸੰਤ ਸੰਗਤਿ ਦਾ ਅਰਥ ਸੰਤਾਂ ਦੀ ਸੰਗਤਿ ਹੈ। ਸੰਤ ਸੰਗਤਿ ਦੇ ਸਮਾਸੀ ਰੂਪ ਨੂੰ ਤੋੜ ਕੇ ਇਸ ਤਰ੍ਹਾਂ ਵਰਤਿਆ ਗਿਆ ਹੈ;

ਸਾਧ ਸਭਾ ਸੰਤਾਂ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ। ਪੰ. ੪੩੭

ਉੱਤਮ ਸੰਗਤਿ

ਸੱਚੀ ਵਾਂਗ ਉੱਤਮ ਵਿਸ਼ੇਸ਼ਣ ਹੈ। ਉੱਤਮ ਸੰਗਤਿ ਸਤ/ਸਾਧ/ਸਾਧੂ/ਸੰਤ/ਸਤਿਗੁਰ/ਗੁਰ ਸੰਗਤਿ ਵਾਂਗ ਸਮਾਸੀ ਨਹੀਂ। ਉੱਤਮ ਕੇਵਲ ਸੰਗਤਿ ਦੇ ਗੁਣ ਦਾ ਸੂਚਕ ਹੈ :

ਊਤਮ ਸੰਗਤਿ, ਊਤਮ ਹੋਵੈ। ਪੰ. ੪੧੪

ਉਤਮ ਵਿਸ਼ੇਸ਼ਣ ਸੰਗਤਿ ਤੋਂ ਬਾਅਦ ਵੀ ਆ ਸਕਦਾ ਹੈ। ਜਿਵੇਂ :

ਸਤਿਗੁਰ ਸੰਗਤਿ ਊਤਮ ਸਤਿਗੁਰ ਕੇਰੀ। ਪੰ. ੭੩੧

ਸੰਗਤਿ ਅਤੇ ਸੰਗ ਇੰਨੇ ਪਰਿਆਇ ਹਨ ਕਿ ਸੰਗਤ ਤੋਂ ਬਣੇ ਸਤ ਸੰਗਤਿ, ਸਾਧ-ਸੰਗਤਿ, ਸਤਸੰਗਤਿ, ਸਾਧ ਕੀ ਸੰਗਤਿ, ਸਾਧੂ ਸੰਗਤਿ ਆਦਿ ਦੇ ਸਮਾਨਾਂਤਰ ਕ੍ਰਮਵਾਰ ਸਤਸੰਗ/ਸੰਗਿ, ਸਾਧ ਸੰਗ, ਸੰਤ ਸੰਗ, ਸਾਧ ਕਾ ਸੰਗ, ਸਾਧੂ ਸੰਗ ਆਦਿ ਰੂਪ ਵੀ ਗੁਰਬਾਣੀ 'ਚ ਬਹੁਤ ਮਿਲਦੇ ਹਨ।[16]

ਗੁਰਬਾਣੀ 'ਚ ਅਜਿਹੇ ਵੀ ਉਦਾਹਰਣ ਮਿਲਦੇ ਹਨ ਜਿਥੇ ਸੰਗਤਿ/ਸੰਗ/ਸੰਗਿ ਸਮਾਸੀ ਰੂਪ ਨਹੀ ਹੈ ਪਰ ਅਰਥ ਉਪਰੋਕਤ ਸਮਾਸੀ ਸ਼ਬਦ ਰੂਪਾਂ ਵਾਲੇ ਹਨ।

ਸੰਗਤਿ ਸੰਤ ਮਿਲਹੁ ਸਤ ਸੰਗਤਿ ਮਿਲਿ ਸੰਗਤਿ ਹਰਿ ਰਸ ਆਵੈਗੋ।
ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ। ਪੰ. ੧੩੦੯

(ਇਥੇ ਸੰਗਤਿ ਸੰਤ ਦੇ ਅੰਦਰ ਸੰਤ ਸੰਗਤਿ ਦੇ ਅਰਥ ਲੁਕੇ ਹਨ, ਅਤੇ ਸੰਗਤਿ ਸੁਤੰਤਰ ਸ਼ਬਦ-ਰੂਪ ਵੀ ਹੈ।

ਬਹੁਤ ਥਾਈ ਗੁਰਬਾਣੀ ਦਾ ਸੰਗਤਿ ਸ਼ਬਦ-ਰੂਪ ਸੰਕਲਪਵਾਚੀ ਹੀ ਹੈ, ਪਰ ਕਿਤੇ ਕਿਤੇ ਇਹ ਸਾਧਾਰਣ ਅਰਥਾਂ ਦਾ ਵੀ ਸੂਚਕ ਹੈ। ਜਿਵੇਂ ਕਬੀਰ ਦੇ ਹੇਠ ਦਿੱਤੇ ਸਲੋਕ ਤੋਂ ਪ੍ਰਗਟ ਹੁੰਦਾ ਹੈ :

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ। ਪੰ. ੧੩੬੯

ਸੰਗਤਿ/ਸੰਗ/ਸੰਗੁ ਦੇ ਗੁਰਮੁਖ/ਮਨਮੁਖ ਵਾਂਗ ਕਬੀਰ ਬਾਣੀ 'ਚ ਕਿਤੇ ਕਿਤੇ ਵਿਰੋਧੀ ਜੋੜੇ ਵੀ ਮਿਲਦੇ ਹਨ। ਜਿਵੇਂ ਹੇਠਲੇ ਸਲੋਕ 'ਚ ਕੁਸੰਗ ਸੰਗ ਦਾ ਵਿਰੋਧੀ ਹੈ :

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨਾ ਹੇਰਿ। ਪੰ. ੧੩੬੯

ਹੱਥਲੇ ਸੰਗਤਿ ਦੇ ਭਾਸ਼ਾਈ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਸੰਗਤਿ ਦੇ ਨਾਮ ਵਾਂਙ ਦਸ ਬਾਰਾਂ ਵਿਆਕਰਣਿਕ ਰੂਪ ਨਹੀਂ ਹਨ।[17] ਸੰਗੁਤਿ ਅਤੇ ਸੰਗਤੀ ਦੋ ਹੀ ਰੂਪ ਹਨ ਜਿਨ੍ਹਾਂ 'ਚੋ ਸੰਗਤੀ ਦੀ ਘੱਟ ਵਰਤੋਂ ਹੈ। ਦੂਜੇ ਬੰਨੇ ਸੰਗ, ਸੰਗਿ, ਸੰਗੁ, ਸੰਗੀ ਆਦਿ ਵਿਆਕਰਣਿਕ ਕਈ ਰੂਪ ਮਿਲਦੇ ਹਨ।

ਸ਼ਬਦ ਦੀ ਮਹਿਮਾ ਹੀ ਗੁਰੂਬਾਣੀ 'ਚ ਹੈ। ਹੱਥਲੇ ਖੋਜ-ਪੱਤਰ ਦਾ ਮੂਲ ਆਧਾਰ ਸ਼ਬਦ ਚਰਚਾ/ਸ਼ਬਦ ਵਿਸ਼ਲੇਸ਼ਣ ਹੈ। 'Linguistic Theory of Necessary Truth ....' ਦਾ ਆਧਾਰ ਵੀ ਸ਼ਬਦ ਤੇ ਸ਼ਬਦ-ਰੂਪਾਂਤਰਣ ਹਨ :

.......There were more rules for the transfomation of one set of words into another.'[18]

ਗੁਰਬਾਣੀ ਦੇ ਸਮੁੱਚੇ ਸੰਦਰਭ 'ਚ 'ਸੰਗਤਿ ਦੇ ਸੰਕਲਪ' ਦਾ ਭਾਸ਼ਾਈ ਵਿਸ਼ਲੇਸ਼ਣ ਗ੍ਰੇਮਾਸ ਦੇ ਸੰਰਚਨਾਤਮਕ ਅਰਥ-ਵਿਗਿਆਨਿਕ ਪੱਖੋਂ ਵੀ ਹੋ ਸਕਦਾ ਹੈ, ਤੇ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਦੇ ਆਧਾਰ ਤੇ ਵੀ ਕੀਤਾ ਜਾ ਸਕਦਾ ਹੈ।

ਹਵਾਲੇ

1. *ਕਬੀਰ ਸੰਗਤਿ ਕਰੀਐ ਸਾਧ ਕੀ ਅੰਤ ਕਰੈ ਨਿਰਬਾਹੁ।*
   ਸਾਕਤ ਸੰਗੁ ਨ ਕੀਜੀਐ ...... ਪੰ. ੧੩੬੯
2. *ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ* ......ਪੰ. ੮੮੯
3. *ਸਤਸੰਗਤੀ ਬਹਿ ਭਾਉ ਕਰਿ ਸਦਾ* .... ਪੰ. ੮੪੯
4. *ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ* ..... ਪੰ. ੧੩੭੭
5. *ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣ* .... ਪੰ. ੧੧੧੯
6. *ਸੇ ਸੰਜੋਗ ਕਰਹੁ ਮੇਰੇ ਪਿਆਰੇ* ......ਪੰ. ੭੪੩
7. *ਅਵਗੁਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ*.....ਪੰ. ੪੩੭
8. ਖੋਜ ਵਿਧੀ ਸਾਹਿਤ ਗੋਸ਼ਟੀ, ਭਾਸ਼ਾ ਵਿਭਾਗ, ਪਟਿਆਲਾ 'ਚ ਡਾ. ਬਲਦੇਵ ਰਾਜ ਗੁਪਤਾ ਦਾ ਲੇਖ,

ਪੁਰਾਤਨ ਭਾਰਤੀ ਭਾਸ਼ਾਵਾਂ ਦੀ ਖੋਜ-ਵਿਧੀ, ਪੰ. 13

9. *Rediscovering Prayer* by John L. Castell, pp. 203-221
10. *A Dictionary of the Bible* (Ed. John D. Davis), p. 146.
11. ਫੁਟ ਨੋਟ 10 ਦਾ ਦੂਜਾ ਭਾਗ
12. *Rediscovering Prayer*. p. 213
    Congregation, Communion with God, Public worship of God.
13. *The New Encyclopaedia Britanica*, Vol.111, 15th Edition. p. 81 (ਵੇਖੋ ਨੋਟ 9 ਤੋਂ 12 ਵੀ)
14. ਸੁਹਬਤੇ ਸਾਲਿਹ ਤੁਰਹ ਸਾਲਹ ਕੁਨਦ।
    ਸੁਹਬਤੇ ਤਾਲਿਅ ਤੁਰਾ ਤਾਲਿਅ ਕੁਨਦ।
    (ਅਰਥਾਤ ਮੌਲਾਨਾ ਰੂਮੀ ਅਨੁਸਾਰ ਚੰਗੀ ਸੰਗਤ ਨਾਲ ਬੰਦਾ ਚੰਗਾ ਬਣ ਜਾਂਦਾ ਹੈ, ਤੇ ਭੈੜੀ ਸੰਗਤ ਨਾਲ ਭੈੜਾ।)
15. *Dictionary of Islam*. p. 60
16. *ਸਾਧੂ ਸੰਗਿ ਤਰੀਜੈ ਸਾਗਰ, ਕਟੀਐ ਜਮ ਕੀ ਫਾਸਾ ਜੀਉ।* ਪੰ. ੧੦੮
    ਸਾਧ ਸੰਗਿ ਨਾਨਕ ਪੀ ਕੇਰੇ, ਸਾਧ ਸੰਗਿ ਮਿਲਿ ਹਰਿ ਗੁਣ ਗਾਏ। ਪੰ. ੪੦੪
17. ਡਾ. ਬਲਦੇਵ ਰਾਜ ਗੁਪਤਾ ਦਾ ਖੋਜ ਪੱਤਰ *'ਭਾਸ਼ਾ-ਵਿਗਿਆਨੀ ਦੀ ਦ੍ਰਿਸ਼ਟੀ 'ਚ ਗੁਰੂ ਰਾਮ ਦਾਸ ਜੀ ਦੀ ਬਾਣੀ ਦਾ ਨਾਮ ਸੰਕਲਪ'* (ਆਲੋਚਨਾ ਲਈ ਸਵੀਕ੍ਰਿਤ ਲੇਖ)।
18. Linguistic Theory of Necessary Truth, The Encyclopaedia of Philosophy, p. 200.

ਭਾਰਤੀ ਪਰੰਪਰਾ ਤੇ ਸਤਿਸੰਗ

ਡਾ. ਪ੍ਰੇਮ ਸਾਗਰ

ਭਾਰਤੀ ਪਰੰਪਰਾ ਦੇ ਅਨੁਸਾਰ ਪ੍ਰਕਿਰਤੀ ਦੇ ਆਵਿਰਤ (ਨਿਰੰਤਰ) ਪ੍ਰਵਾਹ ਵਿਚ ਜੀਵਾਤਮਾ ਅਨੇਕਾਂ ਪ੍ਰਕਾਰ ਦੇ ਸਰੀਰ ਧਾਰਣ ਕਰਦੀ ਹੈ। ਇਨ੍ਹਾਂ ਵਿਚੋਂ ਮਨੁੱਖੀ ਜੀਵਨ ਬੜਾ ਦੁਰਲਭ ਹੈ, ਜੀਵਾਤਮਾ ਲਈ ਇਹ ਸਰਵ-ਉੱਤਮ ਅਵਸਰ ਹੈ, ਕਿਉਂਕਿ ਮਨੁੱਖੀ ਜੀਵਨ ਦੇ ਵਿਚ ਹੀ ਜੀਵ ਸਤਿਕਰਮਾਂ ਰਾਹੀਂ, ਤੱਤ ਗਿਆਨ ਰਾਹੀ ਜਾਂ ਪ੍ਰਭੂ ਭਗਤੀ ਰਾਹੀ ਨਿਰੰਤਰ ਪ੍ਰਵਾਹ ਦੇ ਇਸ ਚਕਰ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ, ਜਾਂ ਇਸੇ ਪ੍ਰਵਾਹ ਨੂੰ ਲੀਲਾਧਾਰੀ ਦੀ ਲੀਲਾ ਦੇ ਪ੍ਰਸਾਰ ਦੇ ਰੂਪ ਵਿਚ 'ਖੇਲ੍ਹ' ਜਾਂ 'ਤਮਾਸ਼ੇ' ਦੇ ਰੂਪ ਵਿਚ ਵੇਖਣ ਦੀ ਸਮਰੱਥਾ ਪਾ ਸਕਦਾ ਹੈ। ਭਾਰਤ ਦੀਆਂ ਵਿਵਿਧ ਚਿੰਤਨ ਧਾਰਾਵਾਂ ਜਾਂ ਮੱਤਵਾਦ ਇਸੇ ਅਵਸਰ ਦਾ ਸਦ-ਉਪਯੋਗ ਕਰਨ ਤੇ ਜ਼ੋਰ ਦਿੰਦੇ ਆ ਰਹੇ ਹਨ।

ਪ੍ਰਾਚੀਨਤਮ ਭਾਰਤੀ ਪਰੰਪਰਾ ਦੇ ਅਨੁਸਾਰ ਜੋ ਕੁਝ ਵੀ ਵਿਕਾਰੀ ਹੈ, ਪਰਿਵਰਤਨਸ਼ੀਲ ਹੈ, ਉਹ ਮਰਨਸ਼ੀਲ ਹੈ। ਇਸੇ ਮਰਨਸ਼ੀਲ ਅਤੇ ਵਿਕਾਰੀ ਵਿਚ ਅਮਰ, ਅਵਿਕਾਰੀ ਸ਼ਾਸ਼ਵਤ, ਨਾਮ-ਰੂਪ-ਅਤੀਤ ਪਰਮ ਤੱਤ ਛਿਪਿਆ ਹੋਇਆ ਹੈ। ਉਸੇ ਦੀ ਉਪਲਬਧੀ, ਉਸੇ ਦਾ ਗਿਆਨ, ਉਸੇ ਦੀ ਭਗਤੀ ਹੀ ਜੀਵਨ ਦਾ ਉੱਚਤਮ-ਉੱਦੇਸ਼ ਹੈ। ਤਦ ਰੂਪ ਹੋਣਾ, ਤਨਮਯ ਹੋਣਾ ਹੀ ਪਰਮ ਪੁਰਾਸ਼ਰਥ ਹੈ। ਇਸੇ ਨੂੰ ਆਤਮ-ਬੋਧ ਕਿਹਾ ਗਿਆ ਹੈ। ਜੀਵਨ ਦੇ ਹਰ ਖੇਤਰ ਵਿਚ ਫੈਲਿਆ ਹੋਇਆ 'ਆਤਮਨ' (अतीति + इति) ਜਾਂ ਆਤਮਾ ਪਰਮਾਤਮਾ ਦੀ ਲੀਲਾ ਦਾ ਰੂਪ ਹੀ ਸਵਿਕਾਰਿਆ ਗਿਆ ਹੈ। ਇਸ ਲਈ ਆਤਮ-ਬੋਧ ਤੇ ਪਰਮਾਤਮ ਬੋਧ ਮੂਲ ਰੂਪ ਵਿਚ ਅਤੇ ਅੰਤਿਮ ਰੂਪ ਵਿਚ ਇਕੋ ਹੀ ਹੈ। ਇਸ ਬੋਧ ਦਾ ਸਭ ਤੋਂ ਉੱਚਾ ਰੂਪ-ਸਾਧਯ ਅਤੇ ਸਾਧਨ ਸਤਿਸੰਗ ਹੈ।

ਉਂਝ ਤੇ ਉਸ ਪਰਮ ਪ੍ਰਾਪਯ ਨੂੰ ਕੋਈ ਨਾਂ ਨਹੀ ਦਿੱਤਾ ਜਾ ਸਕਦਾ ਕਿਉਂਕਿ ਉਹ ਮਨ, ਬਾਣੀ ਅਤੇ ਕਰਮਾਂ ਤੋ ਪਰ੍ਹਾ ਦਸਿਆ ਗਿਆ ਹੈ। ਪਰ ਮਨੁੱਖ ਦੀ ਇਹ ਵਿਵਸ਼ਤਾ ਹੈ ਕਿ ਉਹ ਉਸ ਨਾਮ-ਅਤੀਤ ਨੂੰ ਕੋਈ ਨਾ ਕੋਈ ਨਾਮ ਦਿੰਦਿਆਂ-ਦਿੰਦਿਆਂ ਅਨੇਕਾਂ ਨਾਮ ਦੇ ਜਾਂਦਾ ਹੈ। ਇਨ੍ਹਾਂ ਅਣਗਿਣਤ ਨਾਵਾਂ ਵਿਚੋਂ ਇਕ ਪੁਰਾਣਾਂ ਨਾਂ 'ਸਤਿ' ਨਾਮ ਹੈ। ਭਾਰਤ ਦੇ ਪ੍ਰਾਚੀਨਤਮ ਗ੍ਰੰਥ ਰਿਗਵੇਦ ਦੀ ਇਕ ਰਿਚਾ ਦੇ ਅਨੁਸਾਰ (एकम्सद् बिप्रा बहुधा वदन्ति। ऋग्वेद : 1-164-46) ਏਕੰ ਸਦ ਵਿਪਰਾ ਬਹੁਧਾਵਦੰਤੀ-'ਸਤਿ' 'ਅਸਤੀ' (ਹੋਂਦ) ਜਾਂ ਪਰਮ ਤੱਤ ਇਕ ਹੀ ਹੈ ਪਰ ਵਿਦਵਾਨ ਲੋਕ ਉਸ ਇਕ ਨੂੰ ਅਨੇਕਾਂ ਨਾਵਾਂ ਨਾਲ ਪੁਕਾਰਦੇ ਹਨ। ਉਸ

ਇਕ ਦਾ, 'ਸਤਿ' ਦਾ ਸੰਗ, 'ਸਤਿ' ਦਾ ਮਿਲਨ, 'ਸਤਿ' ਵਿਚ ਮਿਲਨ ਹੀ ਸੱਚਾ ਸਤਿਸੰਗ ਹੈ। ਇਹੋ 'ਸਾਧਯ' ਹੈ। ਇਹ ਸਥਿਤੀ 'ਕਹਿਣ ਸੁਣਨ' ਦੀ ਨਹੀਂ 'ਹੋ ਜਾਣ ਦੀ' ਹੈ। ਇਹੋ ਪਰਾ-ਸਥਿਤੀ ਹੈ, ਪਰਾ ਵਿਦਿਆ ਹੈ, ਤੁਰੀਯ-ਅਵਸਥਾ ਹੈ। ਅਜਿਹੇ ਵਿਅਕਤੀ ਜੋ ਇਸ ਸਥਿਤੀ ਤੇ ਪੁੱਜ ਗਏ ਹਨ, ਉਹੀ ਸਤਿਪੁਰਖ ਹਨ, ਸਤਿਗੁਰੂ ਹਨ। ਉਨ੍ਹਾਂ ਦਾ ਮਨ ਦ੍ਵੰਦਾਂ ਤੋਂ ਅਤੀਤ, ਸਹਿਜ, ਨਿਰਮੂਲ, ਸਦਾ ਪ੍ਰਸੰਨ, ਸਰਬੱਤ ਦਾ ਭਲਾ ਚਾਹੁੰਦਾ ਰਹਿੰਦਾ ਹੈ। ਉਨ੍ਹਾਂ ਦਾ ਸੰਗ ਸਾਧਨ ਰੂਪ ਵਿਚ ਉੱਚਤਮ ਸਤਿਸੰਗ ਹੈ। ਉਨ੍ਹਾਂ ਦੀ ਬਾਣੀ ਧਰਮ ਗ੍ਰੰਥ ਬਣ ਜਾਂਦੀ ਹੈ, *'ਧੁਰ ਕੀ ਬਾਣੀ'* ਕਹਿਲਾਉਂਦੀ ਹੈ, ਉਨ੍ਹਾਂ ਦਾ ਆਚਰਣ ਸਦਾਚਾਰਣ ਦਾ ਮਾਨਦੰਡ ਬਣ ਜਾਂਦਾ ਹੈ। ਜਿਥੇ ਜਿਥੇ ਉਹ ਵਿਚਰਣ ਕਰਦੇ ਹਨ ਉਹ ਧਰਤੀ ਪਵਿੱਤਰ ਹੋ ਜਾਂਦੀ ਹੈ, ਤੀਰ ਬਣ ਜਾਂਦੀ ਹੈ।

ਇਸ ਤੋਂ ਬਾਅਦ ਉਹ ਮਹਾਂਪੁਰਖ ਆਉਂਦੇ ਹਨ ਜੋ ਉੱਚ ਕੋਟੀ ਦੇ ਸਾਧਕ ਹਨ, ਜੋ ਇਸੇ ਦਿਸ਼ਾ ਵੱਲ ਵੱਧ ਰਹੇ ਸ਼ਾਸ਼ਤਰਾਂ ਦੇ ਧਰਮ ਗ੍ਰੰਥਾਂ ਦੇ ਅਸਲੀ ਰਹੱਸ ਨੂੰ ਸਮਝਦੇ, ਵਿਵਿਧਤਾ ਵਿਚ ਛਿਪੀ ਏਕਤਾ ਤੇ ਜ਼ੋਰ ਦਿੰਦੇ ਵੱਖਰੇ ਮਾਰਗਾਂ ਰਾਹੀਂ ਹੋਣ ਵਾਲੀ ਇਕੋ ਮੰਜ਼ਿਲ ਨੂੰ ਉਭਾਰ ਕੇ ਦਰਸਾਉਂਦੇ ਹਨ। 'ਨੇਹ ਨਾਨਾਸਤੀ ਕਿੰਚਨ' (ਕਠ-4-11) ਦੇ ਰਹੱਸ ਨੂੰ ਸਮਝਦੇ ਹਨ। ਇਨ੍ਹਾਂ ਦੇ ਸੰਗ ਰਾਹੀਂ ਆਤਮ ਵਿਸਥਾਰ ਹੁੰਦਾ ਹੈ, ਅਤੇ ਸਦਗਤੀ ਵੱਲ ਪ੍ਰਗਤੀ ਹੁੰਦੀ ਹੈ।

ਫੇਰ ਅਜਿਹੇ ਸੱਜਣ ਆਉਂਦੇ ਹਨ ਜਿਹੜੇ ਸ਼ੁੱਧ ਮਨ ਨਾਲ, ਨਿਮਰਤਾ ਨਾਲ, ਸ਼ਾਸਤਰਾਂ ਅਤੇ ਧਰਮ ਗ੍ਰੰਥਾਂ ਦੀ ਕਥਾ-ਵਾਰਤਾ, ਕੀਰਤਨ-ਪਾਠ ਆਦਿ ਰਕਦੇ ਹਨ। ਭਗਤੀ ਗਿਆਨ, ਰਾਗ, ਸਦਾਚਾਰ ਆਦਿ ਦੀ ਮਹਿਮਾਂ ਨੂੰ ਪ੍ਰਤਿਸ਼ਠਿਤ ਕਰਦੇ ਹਨ। ਇਨ੍ਹਾਂ ਦਾ ਸੰਗ ਭੀ ਮਨ ਨੂੰ ਸੁਗੰਧਿਤ ਕਰਦਾ ਹੈ ਅਤੇ 'ਸਤਿ' ਦੀ ਪ੍ਰਾਪਤੀ ਲਈ ਸਹਾਇਕ ਹੈ। ਅਜਿਹੇ ਆਪਤ (ਪਹੁੰਚੇ ਹੋਏ), ਪੁਰਖਾਂ ਦਾ, ਸਤਿਗੁਰੂਆਂ ਦਾ ਮੰਜ਼ਿਲ ਵਲ ਵੱਧ ਰਹੇ ਮਹਾਂਪੁਰਖਾਂ ਦਾ, ਮੰਜ਼ਿਲ ਦੀ ਅਹਿਮੀਅਤ ਨੂੰ ਸਮਝਣ ਵਾਲੇ ਗੁਰਮੁਖਾਂ ਦਾ ਸਤਿਸੰਗ ਬੜੀ ਖ਼ੁਸ਼ਕਿਸਮਤੀ ਅਤੇ ਪ੍ਰਭੂ ਦੀ ਕਿਰਪਾ ਨਾਲ ਹੀ ਮਿਲਦਾ ਹੈ। ਇਸੇ ਕ੍ਰਮ ਵਿਚ ਚੰਗੇ ਮਨੁੱਖਾਂ ਦੀ ਸੰਗਤਿ ਦੀ ਭੀ ਸਾਰੀਆਂ ਪਰੰਪਰਾਵਾਂ ਵਿਚ ਪ੍ਰਸ਼ੰਸਾ ਮਿਲਦੀ ਹੈ।

ਭਾਰਤ ਵਿਚ ਆਰੰਭਕ ਸਮੇਂ ਤੋਂ ਹੀ ਸਤਿਸੰਗ ਦੇ ਤਾਤਵਿਕ ਸਰੂਪ ਅਤੇ ਮਹਿਮਾ ਦੀ ਉਤਕਰਸ਼ਕ ਵਿਵੇਚਨਾ ਮਿਲਦੀ ਹੈ। ਵੈਦਿਕ ਪਰੰਪਰਾ ਦੇ ਅਨੁਸਾਰ ਇਹ ਸਾਰਾ ਬ੍ਰਹਿਮੰਡ 'ਸਤਿ' ਦਾ ਖੇਲ੍ਹ ਹੈ। 'ਸਤਿ' ਜਦੋਂ ਤੱਤ ਹੋ ਜਾਂਦਾ ਹੈ ਜਾਂ ਅਸਤੀ ਜਦੋਂ 'ਭਵਤੀ' ਜਾਂ ਹੋਂਦ ਵਿਚ ਬਦਲਦੀ ਹੈ, ਉਦੋਂ ਇਕ ਤੋਂ ਬਹੁਤ ਹੋ ਜਾਂਦਾ ਹੈ। ਇਹ 'ਬਹੁਤ' ਹੋਣਾ ਹੀ ਬ੍ਰਹਮ ਹੈ। ਦੂਜੇ ਸ਼ਬਦਾਂ ਵਿਚ 'ਸਤਿ' ਹੀ 'ਤਤ' ਰੂਪ ਵਿਚ ਸਰਿਸ਼ਟੀ ਵਿਸਥਾਰ ਦਾ ਸੂਚਕ ਹੈ। 'ਸਤਿ' ਦੇ ਪ੍ਰੇਮੀ ਵੈਦਿਕ ਰਿਸ਼ੀ ਸਾਰੀ ਸਰਿਸ਼ਟੀ ਨੂੰ, ਪ੍ਰਕ੍ਰਿਤੀ ਦੇ ਵਿਵਿਧ ਰੂਪਾਂ ਨੂੰ ਉਨ੍ਹਾਂ ਹੀ ਪਿਆਰ ਕਰਦੇ ਹਨ ਜਿੰਨਾ ਕਿ ਸਰਿਸ਼ਟੀ ਕਰਤਾ ਜਾਂ 'ਸਤਿ' ਨੂੰ। ਉਨ੍ਹਾਂ ਦੇ ਅਨੁਸਾਰ 'ਇਹ ਉਹੀ ਹੈ'(एतद्वैतत्)।

ਵੈਦਿਕ ਸਾਹਿਤ ਸਤਿਸੰਗੀਆਂ ਦਾ ਸਾਹਿਤ ਹੈ, ਇਸੇ ਲਈ ਜ਼ਿਆਦਾਤਰ ਵੈਦਿਕ ਪ੍ਰਾਰਥਨਾਵਾਂ ਵਿਚ 'ਵਿਅਸ' ਅਰਥਾਤ 'ਅਸੀਂ' ਸਾਰਿਆਂ ਦਾ ਸਹਿਭਾਵ ਚਿਤ੍ਰਿਤ ਹੈ। ਉਦਾਹਰਣ—ਰਿਗਵੇਦ ਦੀ ਇਕ ਰਿਚਾ ਪ੍ਰਸਤੁਤ ਹੈ।

स्वस्ति पन्थानुसरेस सूर्याचन्द्रम साविव।
पुनददता, अध्नता, जानता संग मे महि ॥ (5-51-15)

ਅਰਥਾਤ ਸੂਰਜ ਅਤੇ ਚੰਦਰਮਾ ਵਾਂਗ ਅਸੀਂ ਕਲਿਆਣਕਾਰੀ ਮਾਰਗ ਤੇ ਚੱਲੀਏ ਅਤੇ ਫੇਰ ਦਾਨੀ, ਅਹਿੰਸਕ ਅਤੇ ਗਿਆਨੀ ਵਿਅਕਤੀਆਂ ਦਾ ਸੰਗ ਜਾਂ 'ਸਤਿਸੰਗ' ਕਰੀਏ।

ਇਕ ਹੋਰ ਪ੍ਰਾਰਥਨਾ ਵਿਚ ਕਿਹਾ ਗਿਆ ਹੈ :

ਹੇ ਦੇਵਤਾਓ, ਅਸੀਂ ਕੰਨਾਂ ਰਾਹੀਂ ਚੰਗੀਆਂ ਗੱਲਾਂ ਸੁਣੀਏ।

ਇਹ ਪ੍ਰਾਰਥਨਾਵਾਂ ਆਪਣੇ ਢੰਗ ਨਾਲ ਸਤਿਸੰਗ ਦੀ ਮਹਿਮਾਂ ਵੱਲ ਹੀ ਸੰਕੇਤ ਕਰਦੀਆਂ ਹਨ। ਵੈਦਿਕ ਸਾਹਿਤ ਵਿਚ ਰਿਸ਼ੀ, ਆਚਾਰੀਆ, ਗੁਰੂ, ਕਵੀ, ਪੀਰ, ਮਨੀਸ਼ੀ ਆਦਿ ਸ਼ਬਦ ਸਤਿਸੰਗੀਆਂ ਲਈ ਪ੍ਰਯੋਗ ਵਿਚ ਆਏ ਹਨ। ਵੈਦਿਕ ਸਾਹਿਤ ਸਰੋਤਾ ਲਈ ਕਿਹਾ ਗਿਆ ਹੈ, ਪਾਠਕ ਲਈ ਲਿਖਿਆ ਨਹੀਂ ਗਿਆ। ਜਿਨ੍ਹਾਂ ਨੇ ਕਿਹਾ ਹੈ, ਉਨ੍ਹਾਂ ਨੇ ਭੀ ਇਹ 'ਸੁਣਿਆ ਹੈ', ਸਤਿਸੰਗ ਰਾਹੀਂ ਪ੍ਰਾਪਤ ਕੀਤਾ ਹੈ। ਇਸੇ ਲਈ ਇਹ ਸਾਹਿਤ ਸ਼ਰੁਤੀ ਹੈ, ਰੱਬੀ ਬਾਣੀ ਹੈ। ਰਿਗਵੇਦ ਦੀ ਇਕ ਰਿਚਾ-ਅਨੁਸਾਰ ਗਿਆਨਵਾਨ, ਪੀਰ ਜਾਂ ਸੰਤ ਜਨਾਂ ਨੇ ਛਾਣਨੀ ਵਿਚੋਂ ਛਾਣੇ ਹੋਏ ਸੱਤੂਆਂ ਵਾਂਗ ਸੰਸਕ੍ਰਿਤ ਮਨ ਨਾਲ ਇਸ ਬਾਣੀ ਦਾ ਸਿਰਜਨ ਕੀਤਾ ਹੈ। ਇਹ ਵਚਨ ਮਿੱਤਰ ਭਾਵ ਨਾਲ ਮਿੱਤਰ ਸਾਥੀਆਂ ਦੇ ਗਿਆਨ ਲਈ ਕਹੇ ਗਏ ਹਨ। ਅਜਿਹੀ ਬਾਣੀ ਵਿਚ ਸਾਕਸ਼ਾਤ ਸਰਬੱਤ ਦਾ ਭਲਾ ਚਾਹੁੰਣ ਵਾਲੀ ਲਕਸ਼ਮੀ ਨਿਵਾਸ ਕਰਦੀ ਹੈ।

सक्तुमिक तितउना पुनन्तो यत्र धीरा मनसा वाचमक्रत।
अता सखायः सख्यानि जानते, भद्रै षां लक्ष्मीनि हिता धिवाचि।

(ऋ. 10-71-2)

ਸਾਰੀਆਂ ਉਪਨਿਸ਼ਦਾਂ ਸਤਿਸੰਗ ਦਾ ਸਰੇਸ਼ਠ ਉਦਾਹਰਣ ਹਨ, ਸਤਿਸੰਗ ਦੀ ਦੇਣ ਹਨ, ਇਨ੍ਹਾਂ ਵਿਚ ਗੁਰੂ ਅਤੇ ਸ਼ਿਸ਼, ਰਿਸ਼ੀ ਅਤੇ ਜਿਗਿਆਸੂ ਪਾਸ ਪਾਸ ਬਹਿ ਕੇ ਸਦੀਵੀ ਰਹੱਸ ਦੀ, ਗੁੱਝੇ ਗਿਆਨ ਦੀ ਚਰਚਾ ਕਰਦੇ ਹੋਏ ਉਸ ਦੀ ਤਹਿ ਤੀਕ ਪਹੁੰਚਦੇ ਹਨ ਅਤੇ ਦੱਸਣ ਵਾਲਾ ਇਸ ਗਿਆਨ ਦੀ ਖੋਜ ਦਾ ਸਿਹਰਾ ਪੂਰਵ ਪੁਰਖਾਂ ਨੂੰ ਦਿੰਦਾ ਹੈ। 'ਈਸ਼ਾਵਾਸਿਓ' ਉਪਨਿਸ਼ਦ ਵਿਚ ਰਿਸ਼ੀ ਆਪਣੀ ਗੱਲ ਕਹਿ ਕੇ ਸਮਝਾ ਕੇ ਇਹ ਜੋੜ ਦਿੰਦਾ ਹੈ ਕਿ ਅਸੀਂ ਇਹ ਗੱਲ ਤਤ ਚਿੰਤਕ ਧੀਰ ਪੁਰਖਾਂ ਤੋਂ ਸੁਣੀ ਹੈ। 'ਕਠ' ਉਪਨਿਸ਼ਦ ਵਿਚ ਸਾਰ ਸ਼ਬਦਾਂ ਵਿਚ ਸਤਿਸੰਗ ਕਰਨ ਦਾ ਨਿਰਦੇਸ਼ ਹੈ—'ਉਠੋ, ਜਾਗੋ, ਉੱਤਮ ਪੁਰਖਾਂ ਕੋਲ ਜਾ ਕੇ ਬੋਧ ਪ੍ਰਾਪਤ ਕਰੋ। ਇਹ ਮਾਰਗ ਛੁਰੇ ਦੀ ਤਿੱਖੀ ਧਾਰ ਵਾਂਗ ਕਠਿਨ ਹੈ, ਇਹ ਕਵੀ ਜਾਂ ਪਹੁੰਚੇ ਹੋਏ ਸੰਤ ਲੋਕ ਦੱਸਦੇ ਹਨ।

"उत्तिष्ठत् जाग्रत प्राप्य वरान्निबोधत।
क्षुरसख धारा निशिता दुख्यपा दुर्गम् पथस्तत् कवयो वदिन्त ॥"

(कठ. 1-3-14)

ਇਸੇ ਉਪਨਿਸ਼ਦ ਵਿਚ 'ਬ੍ਰਹਮ ਸੰਸਦ' ਬ੍ਰਹਮਵਿਦ ਸ਼ਬਦ ਉਨ੍ਹਾਂ ਪੁਰਖਾਂ ਵੱਲ ਸੰਕੇਤ ਕਰਦੇ ਹਨ, ਜਿਨ੍ਹਾਂ ਦਾ ਸੰਗ ਵਾਸਤਵਿਕ 'ਸਤਿਸੰਗ' ਕਹਿਲਾਉਂਦਾ ਹੈ। 'ਸਤਿ' ਜਾਂ 'ਤੱਤ ਗਿਆਨ' ਦੀ ਗੱਲ ਸਤਿ ਪੁਰਖਾਂ ਦੇ ਸੰਗ ਰਾਹੀਂ ਹੀ ਸਮਝ ਆ ਸਕਦੀ ਹੈ, ਹੇਠਲੇ ਸਤਰ

(ਪੱਧਰ) ਦੇ ਵਿਅਕਤੀ ਰਾਹੀਂ ਕੱਢੀ ਜਾਣ ਤੇ ਨਹੀਂ ਬੁੱਝੀ ਜਾ ਸਕਦੀ।

"न नरेणावरेण प्रोक्त एष सुविज्ञेयो" (कठ. 1-3-8)

ਇਸੇ ਲਈ ਬਹੁਤ ਸਾਰੇ ਲੋਕਾਂ ਨੂੰ ਇਹ ਗਿਆਨ ਸੁਣਨ ਲਈ ਵੀ ਨਹੀਂ ਮਿਲਦਾ ਅਤੇ ਬਹੁਤ ਸਾਰੇ ਲੋਕ ਇਸ ਨੂੰ ਸੁਣ ਕੇ ਨਹੀਂ ਸਮਝ ਪਾਉਂਦੇ । ਇਸ ਨੂੰ ਕਹਿਣ ਵਾਲੇ ਅਤੇ ਸੁਣ ਕੇ ਸਮਝਣ ਵਾਲੇ ਬਹੁਤ ਵਿਰਲੇ ਮਨੁੱਖ ਹਨ। 'ਕੋਟਿਨ ਮੈਂ ਕੋਊ' ਕਹੇ ਜਾ ਸਕਦੇ ਹਨ।

श्रवणायापि बहुर्मियो नलभ्यः
गृण्बन्तोंऽपि वहवों यं न विदमुः
आश्चर्यो वक्ता कुशालो स्य लब्धा (कठ. 1-7)

ਅਸਲ ਵਿਚ ਸਤਿਸੰਗ ਤੱਤ ਗਿਆਨ ਜਾਂ ਆਤਮ ਬੋਧ ਪ੍ਰਭੂ ਦੀ ਕਿਰਪਾ ਤੇ ਹੀ ਨਿਰਭਰ ਹੈ। ਨਾ ਇਹ ਪ੍ਰਵਚਨਾਂ ਰਾਹੀਂ ਪ੍ਰਾਪਤ ਹੁੰਦਾ ਹੈ, ਨਾ ਤਰਕ-ਵਿਤਰਕ ਰਾਹੀਂ ਅਤੇ ਨਾ ਹੀ ਬਹੁਤ ਪੜ੍ਹਨ ਸੁਣਨ ਰਾਹੀਂ, ਇਸ ਲਈ ਉਸ ਦੀ ਕਿਰਪਾ ਪ੍ਰਾਪਤ ਕਰਨ ਦੀ ਹੀ ਅਰਦਾਸ ਕਰਨੀ ਚਾਹੀਦੀ ਹੈ ।

न अयमात्मा प्रबचनेन लभ्यो मेध्ये न
बहुना श्रतेन यमेवेश वृणुते तेन लभ्तः

ਇਸ ਤਰ੍ਹਾਂ ਵੈਦਿਕ ਸਾਹਿਤ ਦਾ ਪਰਮਾਰਥਕ ਸਰੂਪ ਸਤਿਸੰਗ ਦੀ ਮਹਿਮਾ ਅਤੇ ਸਤਿ ਸੰਗ ਸੰਬੰਧੀ ਵਿਸ਼ੇ ਦੀਆਂ ਗੱਲਾਂ ਹੀ ਮੁੱਖ ਹਨ। ਇਸ ਲਈ ਯੱਗ-ਕਰਮ, ਤੱਤ ਚਿੰਤਨ ਅਤੇ ਉਪਾਸ਼ਨਾ ਦੇ ਭਾਵ ਨਾਲ ਨਾਲ ਮਿਲਦੇ ਹਨ। ਇਹ ਸਾਹਿਤ ਆਮ ਤੌਰ ਤੇ ਸਮਾਸ-ਸ਼ੈਲੀ ਵਿਚ, ਸੂਤਰ ਰੂਪ ਵਿਚ ਪ੍ਰਾਪਤ ਹੁੰਦਾ ਹੈ।

ਪੁਰਾਣਿਕ ਸਾਹਿਤ ਵਿਚ ਵਿਸਥਾਰ ਨਾਲ ਅਨੇਕ ਉਦਾਹਰਣਾਂ ਜਾਂ ਪ੍ਰਤੀਕ ਕਥਾਵਾਂ ਰਾਹੀਂ ਵਿਆਸ ਸ਼ੈਲੀ' ਵਿਚ ਸਤਿ ਦੇ ਸਰੂਪ ਦਾ ਵਿਵੇਚਨ ਕੀਤਾ ਗਿਆ ਹੈ। ਇਸੇ ਸਮੇਂ ਕਰਮ, ਗਿਆਨ ਭਗਤੀ, ਯੋਗ ਮਾਰਗ ਆਦਿ ਨਾਲ ਸੰਬੰਧ ਰੱਖਣ ਵਾਲੀਆਂ ਅਨੇਕ ਚਿੰਤਨ ਧਾਰਾਵਾਂ ਵਿਕਸਿਤ ਹੋਈਆਂ। ਭਾਵੇਂ ਇਨ੍ਹਾਂ ਸਾਰੇ ਮਾਰਗਾਂ ਵਿਚ ਸਤਿਸੰਗ ਦੀ ਮਹਿਮਾ ਤੋਂ ਮਹਾਂਪੁਰਖਾਂ ਦੇ ਆਸਰੇ ਨੂੰ ਜ਼ਰੂਰੀ ਸਮਝਿਆ ਗਿਆ ਹੈ, ਫੇਰ ਵੀ ਭਗਤੀ ਮਾਰਗ ਵਿਚ ਸਤਿਸੰਗ ਦੀ ਮਹਿਮਾ ਸਭ ਤੋਂ ਵੱਧ ਵਖਾਈ ਗਈ ਹੈ। ਇਥੋਂ ਸਹੀ ਤੱਤ-ਚਿੰਤਨ ਦੇ ਨਾਲ ਨਾਲ ਕਥਾ-ਕੀਰਤਨ, ਸਿਮਰਨ ਅਤੇ ਪੂਜਾ ਪਾਠ ਵਾਲਾ ਰੂਪ ਪ੍ਰਮੁੱਖ ਹੋਣ ਲਗ ਪਿਆ ਹੈ। ਸ੍ਰੀਮਦ ਭਾਗਵਤ ਅਨੁਸਾਰ ਦੋਸ਼ਾਂ ਦੇ ਖਜ਼ਾਨੇ ਇਸ ਕਲਯੁਗ ਵਿਚ ਸਭ ਤੋਂ ਵੱਡਾ ਇਕ ਗੁਣ ਇਹ ਹੈ ਕਿ ਪ੍ਰਭੂ ਦੇ ਕੀਰਤਨ-ਮਾਤਰ ਨਾਲ ਸਤਿਸੰਗੀ ਵਿਅਕਤੀ ਪਰਾਸਥਿਤੀ ਨੂੰ ਪਾ ਲੈਂਦਾ ਹੈ।

कलेर्क्षेषनिधे राजन्नस्ति हवेको महान् गुणः ॥
कीर्तनादेव कृष्णस्य युक्तसंगः पर वजेत ॥ (श्रीमद् भा. 12-3-51)

ਜਿਥੇ ਨਾਮ ਕੀਰਤਨ ਹੋਵੇ ਉਥੇ ਪਰਮੇਸ਼ਰ ਆ ਨਿਵਾਸ ਕਰਦਾ ਹੈ।

"तद्र भक्ता यत्र गायन्ति तत्र तिष्ठामि नारद"
(प अ.पु. उत्तर खं. 94-23)

ਇੰਨਾ ਹੀ ਨਹੀਂ ਪ੍ਰਭੂ ਕੀਰਤਨ ਭਾਵੇਂ ਸਮਝ ਕੇ ਕੀਤਾ ਜਾਵੇ ਭਾਵੇਂ ਬਿਨ ਸਮਝੇ, ਮਨੁੱਖ

ਦੇ ਪਾਪਾਂ ਨੂੰ ਉਸ ਤਰ੍ਹਾਂ ਭਸਮ ਕਰ ਦਿੰਦਾ ਹੈ ਜਿਵੇਂ ਇੰਧਨ ਨੂੰ ਅੱਗ।

"अज्ञानादथवा ज्ञानादुत्तम श्लोक नाम यत।
संकीर्तितमधः पुसो दहेद एधो यथीनल ॥ (श्रीमद भा॰ 6-2-18)

ਜਿਥੋਂ ਤੀਕ ਸਤਿਸੰਗ ਦੀ ਮਹਿਮਾਂ ਦਾ ਸਵਾਲ ਹੈ ਸ੍ਰੀਮਦ ਭਾਗਵਤ ਵਿਚ ਸਪੱਸ਼ਟ ਤੋਰ ਤੇ ਕਿਹਾ ਗਿਆ ਹੈ ਕਿ ਭਗਵਾਨ ਦੇ ਭਗਤਾਂ ਦੇ ਪਲ ਪਰ ਦੇ ਸੰਗ ਦੀ ਤੁਲਨਾ ਵਿਚ ਸਵਰਗ ਦੇ ਮੋਕਸ਼ ਵੀ ਕੁਝ ਨਹੀਂ ਹੈ, ਹੋਰ ਮਨੁੱਖੀ ਰੋਗਾਂ ਦੀ ਤਾਂ ਗੱਲ ਹੀ ਕੀ । ਸਤਿਸੰਗ ਰਾਹੀਂ ਅਸੀਂ ਸਰਲਤਾ, ਨਿਮਰਤਾ, ਸਚਾਈ ਆਦਿ ਸਦਗੁਣਾਂ ਨੂੰ ਗ੍ਰਹਿਣ ਕਰਦੇ ਹਾਂ। ਸੱਚੇ ਸਤਿਸੰਗ ਵਿਚ ਸ਼ਾਮਲ ਹੋਣ ਨਾਲ ਚੰਗਿਆਈ ਦਾ ਘੁਮੰਡ ਨਸ਼ਟ ਹੋ ਜਾਂਦਾ ਹੈ, ਸਾਰਾ ਕੁਝ ਪ੍ਰੇਮ ਭਰਿਆ ਜੋਤ-ਸਰੂਪ ਹੋ ਜਾਂਦਾ ਹੈ ਅਤੇ ਉਹਦੀ ਖੁਸ਼ੀ ਵਿਚ ਖੁਸ਼ ਰਹਿਣ ਦਾ ਸੁਭਾਅ ਬਣ ਜਾਂਦਾ ਹੈ। ਅਜਿਹੇ ਬ੍ਰਹਮ-ਗਿਆਨੀ ਸਭੇ ਤਰ੍ਹਾਂ ਦੇ ਹਾਲਤ ਵਿਚ ਸ਼ਾਂਤ ਰਹਿੰਦੇ ਹਨ ਅਤੇ ਆਪ ਤਰਨ ਦੇ ਨਾਲ ਦੂਜਿਆਂ ਨੂੰ ਵੀ ਪਾਰ ਕਰਨ ਵਿਚ ਸਹਾਈ ਹੁੰਦੇ ਹਨ। ਸੰਤਾਂ ਦੇ ਬਚਨ ਹੀ ਨਹੀਂ ਉਨ੍ਹਾਂ ਦੇ ਦਰਸ਼ਨ, ਉਨ੍ਹਾਂ ਕੋਲ ਬੈਠਣਾ, ਉਨ੍ਹਾਂ ਦੀ ਛੋਹ ਆਦਿ ਭੀ ਪਾਪ ਨਾਸ਼ਕ ਹੁੰਦੇ ਹਨ। ਕਿਉਂਕਿ ਉਹ ਤਿਆਗੀ, ਸ਼ਾਂਤ, ਬ੍ਰਹਮ ਨਿਸ਼ਠ ਹੋਣ ਕਰਕੇ ਪ੍ਰਭੂ ਦਾ ਰੂਪ ਹੀ ਹੋ ਗਏ ਹੁੰਦੇ ਹਨ।

साधवो न्यासिनः शान्ताः ब्रहिमष्ठा लोक पावनाः
हरन्त्यघं तेऽङ्ग संगात तेष्वास्ते हमघमिद्वरिः ॥ (श्रीमद् भा॰ 9-2-6)

ਅਜਿਹੇ ਸੰਤ ਪੁਰਖਾਂ ਨੂੰ ਸ਼ਾਸਤਰਾਂ ਵਿਚ ਸੰਤ ਪੁਰਖ ਜਾਂ ਅਧਿਕਾਰੀ ਪੁਰਖ ਕਿਹਾ ਗਿਆ ਹੈ। ਅਜਿਹੇ ਪ੍ਰਥਮ ਕੋਟੀ ਦੇ ਮਹਾਂਪੁਰਖਾਂ ਦੇ ਸੰਗ ਬਹੁਤ ਦੁਰਲਭ, ਕਠਿਨਾਈ ਨਾਲ ਸਮਝ ਆਉਣ ਵਾਲਾ ਹੁੰਦਾ ਹੈ। ਪਰ ਉਹ ਅਮੋਘ ਹੁੰਦਾ ਹੈ, ਨਿਸਫਲ ਨਹੀਂ ਜਾਂਦਾ।

"महत् संगस्तु दुर्लभो गम्यो मोघश्च"। (नारद भक्ति सुत्र : 39)

ਦੂਜੀ ਕੋਟੀ ਦੇ ਜਾਂ ਮੰਜ਼ਿਲ ਵਲ ਪਹੁੰਚ ਰਹੇ ਮਹਾਂ ਪੁਰਖਾਂ ਦਾ ਸਤਿਸੰਗ ਭੀ ਮਨ ਭਾਉਂਦੀ ਮੰਜ਼ਿਲ ਪ੍ਰਾਪਤ ਕਰਨ ਲਈ ਸਹਾਇਕ ਹੁੰਦਾ ਹੈ। ਇਸ ਸੰਬੰਧ ਵਿਚ ਗੀਤਾ ਵਿਚ ਦੱਸਿਆ ਗਿਆ ਹੈ—"ਇਸ ਗਿਆਨ ਨੂੰ ਤੂੰ ਪੂਰੀ ਨਿਮਰਤਾ ਨਾਲ, ਹਲੀਮੀ ਨਾਲ, ਪ੍ਰਮਾਣ ਕਰਕੇ ਸਾਰੇ ਸੰਸ਼ਯ ਦੂਰ ਕਰਨ ਵਾਸਤੇ ਸੇਵਾ ਰਾਹੀਂ ਪ੍ਰਾਪਤ ਕਰ। ਤੱਤ ਦਰਸ਼ੀ ਗਿਆਨ ਹੀ ਤੈਨੂੰ ਉਸ ਤੱਤ ਗਿਆਨ ਦਾ ਉੱਦੇਸ਼ ਦੇਣਗੇ।"

ਪ੍ਰਾਚੀਨਤਮ ਗ੍ਰੰਥਾਂ ਦੇ ਸਰਸਰੀ ਅਧਿਐਨ ਨਾਲ ਹੀ ਇਸ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਪਰੰਪਰਾ ਵਿਚ ਮੁਢੋਂ ਹੀ ਸਤਿਸੰਗ ਦਾ ਉੱਚਤਮ ਅਰਥਾਂ ਵਿਚ ਤੱਤ ਦਰਸ਼ੀ ਧਾਰਮਿਕ ਅਤੇ ਉਦਬੋਧਕ ਵਿਵੇਚਨ ਮਿਲਦਾ ਹੈ। ਵੇਦ, ਉਪਨਿਸ਼ਦ, ਪੁਰਾਣ ਵਿਵਿਧ ਧਰਮ ਗ੍ਰੰਥ ਅਤੇ ਰਾਮਾਇਣ, ਮਹਾਂ ਭਾਰਤ ਆਦਿ ਇਸ ਦੇ ਪ੍ਰਮਾਣ ਹਨ। ਸਾਧਾਰਣ ਅਰਥਾਂ ਵਿਚ ਸਤਿਸੰਗ ਜਾਂ ਸਤਿ ਸੰਗਤੀ ਦੀ ਮਹਿਮਾਂ ਦੇ ਵੀ ਅਣਗਿਣਤ ਉਦਾਹਰਣ ਦਿੱਤੇ ਜਾ ਸਕਦੇ ਹਨ।

ਸਤਿਸੰਗ ਬਾਰੇ ਭਾਰਤੀ ਪਰੰਪਰਾ ਦੇ ਸਾਰ ਰੂਪ ਵਿਚ ਸ਼ੰਕਰਾਚਾਰੀਆ ਦਾ ਇਹ ਕਥਨ ਦਿੱਤਾ ਜਾ ਸਕਦਾ ਹੈ।

"ਸਰਵ ਪ੍ਰਥਮ ਮਨੁੱਖੀ ਜੀਵਨ ਮਿਲਣਾ, ਫੇਰ ਮੋਕਸ਼ ਦੀ ਕਾਮਨਾ ਜਾਂ ਤੱਤ ਗਿਆਨ ਦੀ ਅੰਤਮ ਇੱਛਾ ਹੋਣਾ ਅਤੇ ਫੇਰ ਮਹਾਂ ਪੁਰਖਾਂ ਜਾਂ ਅਸਲ ਸਤਿਪੁਰਖ ਦਾ ਆਸਰਾ ਮਿਲਣਾ

ਤਿੰਨੋ ਹੀ ਅਤਿਅੰਤ ਦੁਰਲਭ ਹਨ ਅਤੇ ਪ੍ਰਭੂ ਕੀ ਕਿਰਪਾ ਨਾਲ ਹੀ ਸੰਭਵ ਹਨ।

दुर्लभ त्रयमेवैतत देवानुग्रह हे तुकम्।
मनुष्यत्वं मुमुक्षतवं महापुरुष संशयः। (विवेक चूडामणि–3)

ਵੈਦਿਕ ਪੁਰਾਣਿਕ ਸਾਹਿਤ ਵਾਂਗ ਬੋਧ ਅਤੇ ਜੈਨ ਸਾਹਿਤ ਭੀ ਭਾਰਤੀ ਪਰੰਪਰਾ ਦਾ ਵੱਡਮੁੱਲਾ ਅੰਗ ਹੈ। ਸਿਧਾਂਤਕ ਚਿੰਤਨ ਪ੍ਰਕ੍ਰਿਆ ਵਿਚ ਭਾਵੇਂ ਵੈਦਿਕ ਸਾਹਿਤ ਨਾਲੋਂ ਇਹ ਥੋੜ੍ਹਾ ਅਲਗ ਹੈ, ਪਰ ਸਤਿਸੰਗ ਦੀ ਮਹਿਮਾਂ ਇਥੇ ਭੀ ਮੁਕਤ ਕੰਠ ਨਾਲ ਸਵੀਕਾਰ ਕੀਤੀ ਗਈ ਹੈ। ਇਨ੍ਹਾਂ ਧਰਮਾਂ ਦਾ ਪ੍ਰਚਾਰ ਭੀ ਸਤਿਸੰਗ ਰਾਹੀਂ ਹੋਇਆ ਹੈ। ਇਨ੍ਹਾਂ ਦੇ ਸਾਹਿਤ ਵਿਚੋਂ ਸਤਿਸੰਗ ਸੰਬੰਧੀ ਕੁਝ ਟੂਕਾਂ ਇਸ ਪ੍ਰਕਾਰ ਹਨ :

(ਕ) ਸਤਿਪੁਰਖਾਂ ਕੋਲ ਬੈਠੇ, ਸਤਿਪੁਰਖਾਂ ਨਾਲ ਹੀ ਮਿਲੇ-ਜੁਲੇ, ਸਤਿਪੁਰਖਾਂ ਦੇ ਚੰਗੇ ਕਰਮਾਂ ਨੂੰ ਜਾਣਨ ਨਾਲ ਹੀ ਪ੍ਰਗਿਆ ਜਾਂ ਨਿਰਵਾਣ ਦੇਣ ਵਾਲੀ ਚੇਤਨਾ ਪ੍ਰਾਪਤ ਹੁੰਦੀ ਹੈ, ਐਵੇਂ ਨਹੀਂ।

सभ्भिखे समासेथ सभ्भि कृत्वेथ लन्थवं।
सतं सद् धम्ममजाय पजा लब्मति ना तो ॥

(संयुत निकाय: 1-3-31)

(ਖ) ਤਦ ਦਰਸ਼ੀ ਸੱਜਣਾਂ ਨਾਲ ਹੀ ਸੰਗ ਕਰੇ ਜਾਂ ਬੈਠੇ।

सब्भिेख समासेथ पण्डिते हत्थ दास्सिमि। (थेर गाथा 1-4)

(ਗ) ਸਾਧੂ ਪੁਰਖਾਂ ਦਾ ਦਰਸ਼ਨ ਕਲਿਆਣਕਾਰੀ ਹੈ? ਇਸ ਨਾਲ ਸੰਸ਼ਯ ਨਸ਼ਟ ਹੋ ਜਾਂਦੇ ਹਨ ਅਤੇ ਬੁੱਧੀ ਵਧਦੀ ਹੈ। — (थेर गाथा 71-75)

(ਘ) ਅਸਤਿ ਪੁਰਖ ਨਰਕ ਵਿਚ ਲੈ ਜਾਂਦੇ ਹਨ, ਸਤਿ ਪੁਰਖ ਮੁਕਤੀ ਪ੍ਰਾਪਤ ਕਰਵਾਉਂਦੇ ਹਨ। (इति बुत्तक 3-27)

ਜੈਨ ਸਾਹਿਤ ਵਿਚ ਵੀ ਕੈਵਲਿਆ ਪ੍ਰਾਪਤੀ ਜਾਂ ਨਿਸ਼ਕਰਮਤਾ ਸਿਧੀ ਲਈ ਸਤਿਸੰਗ ਪਰਮ ਆਵੱਸ਼ਕ ਮੰਨਿਆ ਗਿਆ ਹੈ।

(ਕ) ਸਾਧਨਾਂ ਪੱਖੋਂ ਸ਼ਰੁਤ ਗਿਆਨ ਜਾਂ ਸਤਿਸੰਗ ਰਾਹੀਂ ਪ੍ਰਾਪਤ ਕੀਤਾ ਗਿਆਨ ਸਾਰੇ ਗਿਆਨਾਂ ਤੋਂ ਸਰੇਸ਼ਠ ਹੈ।

'सव्वामुत्तरं संयुणाण' (उत्तराघ्ययन पूर्णि-1)

(ਖ) ਸਦਾ ਸਾਧੂ ਜਨਾਂ ਦੇ ਨਾਲ ਹੀ ਸੰਸਤਵ ਸੰਪਰਕ ਕਰਨਾ ਚਾਹੀਦਾ ਹੈ।

'कुज्जा साहूहिं संथवं' (दशवैकालिक 8-53)

(ਗ) ਇਕੱਠੇ ਰਹਿਣ ਵਾਲੇ ਸਧਕ ਦੇ ਮਨ ਵਿਚ ਹਰ ਪਲ ਅਨੇਕਾਂ ਪ੍ਰਕਾਰ ਦੇ ਵਿਕਲਪ ਉਤਪੰਨ ਹੁੰਦੇ ਤੇ ਵਿਲੀਨ ਹੁੰਦੇ ਰਹਿੰਦੇ ਹਨ ਇਸ ਕਰਕੇ ਸਜਣ ਪੁਰਖਾਂ ਦੀ ਸੰਗਤਿ ਵਿਚ ਹੀ ਰਹਿਣਾ ਸਰੇਸ਼ਠ ਹੈ।

एगास्सि हिचित्ताई विचित्ताई खने खने।
उप्पजन्ति विपन्ते च वसेवं सज्जने जने ॥

(वृद्ध कल्प भाष्य 5-7-19)

ਬੋਧ ਚਿੰਤਨ ਅਤੇ ਜੈਨ ਚਿੰਤਨ ਵਿਚ ਵੀ ਮਨੁੱਖੀ ਜੀਵਨ ਨੂੰ ਦੁਰਲਭ ਦੱਸਿਆ ਗਿਆ

ਹੈ। ਨਿਰਵਾਣ ਪ੍ਰਾਪਤੀ ਜਾਂ ਕੇਵਲਿਆ ਪ੍ਰਾਪਤੀ ਲਈ ਸਤਿਸੰਗ ਨੂੰ ਸਰਵ-ਉੱਤਮ ਮੰਨਿਆ ਗਿਆ ਹੈ। ਬੋਧੀ-ਸਤਵ, ਅਰਹੱਤ, ਤੀਰਥੰਕਰ ਆਦਿ ਨਾਂ ਉੱਚਤਮ ਸਤਿਪੁਰਖ ਲਈ ਪ੍ਰਯੁਕਤ ਕੀਤੇ ਜਾਂਦੇ ਹਨ। ਮੱਧ ਕਾਲ ਵਿਚ ਭਗਤੀ ਦੇ ਸਿਧਾਂਤਕ ਗ੍ਰੰਥਾਂ, ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਸਤਿਸੰਗ ਦੇ ਸਾਰੇ ਪਹਿਲੂਆਂ ਤੇ ਵਿਸਥਾਰ ਨਾਲ ਪ੍ਰਕਾਸ਼ ਪਾਇਆ ਗਿਆ ਹੈ। ਕਿਹਾ ਜਾ ਸਕਦਾ ਹੈ ਕਿ ਸਤਿਨਾਮ, ਸਤਿਗੁਰੂ ਅਤੇ ਸਤਿਸੰਗ ਦੀ ਜਿੰਨੀ ਮਹਿਮਾ ਇਸ ਸਾਹਿਤ ਵਿਚ ਵਿਖਾਈ ਗਈ ਹੈ, ਉਨ੍ਹੀ ਪੂਰਵ-ਵਰਤੀ ਅਤੇ ਪਰ-ਵਰਤੀ ਸਾਹਿਤ ਵਿਚ ਵੀ ਨਹੀ ਮਿਲਦੀ, ਪਰ ਇਹ ਅਲੱਗ ਲੇਖ ਦਾ ਵਿਸ਼ਾ ਹੈ।

ਹਵਾਲਾ

1. ਵਿਆਸ ਦਾ ਇਕ ਅਰਥ ਇਹ ਵੀ ਹੈ ਪ੍ਰਵੱਕਤਾ ਜਾਂ ਸ਼ਾਸਤਰਾਂ ਦੀ ਵਿਆਖਿਆ ਕਰਨ ਵਾਲਾ। ਵਿਦਵਾਨਾਂ ਦਾ ਕਹਿਣਾ ਹੈ ਕਿ ਬ੍ਰਹਮ ਤੋਂ ਕ੍ਰਿਸ਼ਣ ਦਵੈਪਾਇਨ ਤੱਕ ਅਠਾਈ ਵਿਆਸਾਂ ਦੀ ਪਰੰਪਰਾ ਮਿਲਦੀ ਹੈ।
ਵਾਸੁਦੇਵ ਸ਼ਰਣ ਅਗਰਵਾਲ, ਕਲਪ ਬ੍ਰਿਕਸ਼, ਪੰ. ੫੮

ਸੰਗਤ ਦਾ ਇਤਿਹਾਸਿਕ ਪ੍ਰਸੰਗ

ਪ੍ਰੋ. ਹਰੀ ਸਿੰਘ ਬੇਪਾਰਾਏ

ਸਿੱਖ ਧਰਮ ਤੇ ਸਮਾਜ ਦੇ ਵਿਕਾਸ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਕੀਤੀ ਸੰਗਤ ਦੀ ਸੰਸਥਾ ਨੇ ਸਿੱਖ ਧਰਮ ਦੇ ਸਰਬਪੱਖੀ ਵਿਕਾਸ ਵਿਚ ਬੁਨਿਆਦੀ ਤੇ ਮਹੱਤਵਪੂਰਣ ਹਿੱਸਾ ਪਾਇਆ ਹੈ। ਖਾਲਸੇ ਦੀ ਸਥਾਪਨਾ ਤੇ ਆਧਾਰਤ ਹੋਣ ਕਰਕੇ, ਇਸੇ ਦਾ ਹੀ ਰੂਪ ਆਖੀ ਜਾ ਸਕਦੀ ਹੈ। ਸਿੱਖ ਗੁਰੂ ਸਾਹਿਬਾਨ ਦੇ ਸਮੇਂ ਵਿਚ ਸੰਗਤ ਨੂੰ 'ਸਤਿ ਸੰਗਤ' ਤੇ 'ਸਾਧ ਸੰਗਤ' ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ। ਗੁਰਬਾਣੀ ਵਿਚ ਵੀ ਇਹ ਨਾਮ ਇਸ ਸੰਕਲਪਮਈ ਸੰਸਥਾ ਵਾਸਤੇ ਵਰਤੇ ਹੋਏ ਹਨ।

ਸੰਗਤ ਦਾ ਸ਼ਬਦੀ ਅਰਥ ਹੈ ਮੇਲ, ਮਿਲ ਬੈਠਣਾ ਜਾਂ ਇਕੱਠੇ ਬੈਠਣਾ ਆਦਿ। ਭਾਈ ਕਾਨ੍ਹ ਸਿੰਘ ਨਾਭਾ ਨੇ ਸੰਗਤ ਦਾ ਅਰਥ ਗੁਰਮੁਖਾਂ ਦੇ ਜਮ੍ਹਾਂ ਹੋਣ ਦੀ ਥਾਂ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਸਮੇਂ ਆਪਣੇ ਸ਼ਰਧਾਲੂਆਂ ਦੀਆਂ ਵੱਖ ਵੱਖ ਥਾਵਾਂ ਤੇ ਸੰਗਤਾਂ ਸਥਾਪਤ ਕੀਤੀਆਂ ਤੇ ਨਾਲ ਹੀ ਉਨ੍ਹਾ ਨੂੰ 'ਧਰਮਸਾਲ' ਜਾਂ ਗੁਰਦੁਆਰੇ ਬਣਾਉਣ ਲਈ ਕਿਹਾ, ਜਿਥੇ ਇਕੱਠੇ ਬੈਠ ਕੇ ਇਹ ਸੰਗਤਾਂ ਬਾਣੀ ਨੂੰ ਪੜ੍ਹਨ, ਸੁਣਨ ਅਤੇ ਮੰਨਣ ਦਾ ਸਮੂਹਕ ਯਤਨ ਕਰ ਸਕਦੀਆਂ ਸਨ।[1] ਗੁਰੂ ਨਾਨਕ ਦੇਵ ਜੀ ਨੇ ਸਤਿ ਸੰਗਤਿ ਨੂੰ ਉਹ ਸਭਾ ਦੱਸਿਆ ਹੈ ਜਿਥੇ ਸਿਰਫ ਇਕ ਪਰਮਾਤਮਾ ਦਾ ਨਾਂ ਹੀ ਲਿਆ ਜਾਂਦਾ ਹੈ।[2] ਸਿੱਖ ਧਰਮ ਦੇ ਵਿਕਾਸ ਨਾਲ ਸਤਿ ਸੰਗਤਿ ਨੂੰ ਗੁਰਮੁਖਾਂ ਜਾਂ ਸਿੱਖਾਂ ਦਾ ਇਕੱਠ ਕਿਹਾ ਜਾਣ ਲਗਿਆ। ਭਾਈ ਗੁਰਦਾਸ ਜੀ ਨੇ ਸਤਿ ਸੰਗਤਿ ਨੂੰ ਇਕ ਦਰਿਆ ਦੱਸਿਆ ਹੈ। ਜਿਸ ਤਰ੍ਹਾਂ ਪਾਣੀ ਕਈ ਥਾਵਾਂ ਤੋਂ ਚਲਕੇ ਦਰਿਆ ਵਿਚ ਮਿਲ ਕੇ ਸਮੁੰਦਰ ਵਿਚ ਸਮਾ ਜਾਂਦਾ ਹੈ, ਇਸੇ ਤਰ੍ਹਾਂ ਗੁਰਮੁਖਾਂ ਦਾ ਸੰਗਤ ਰਾਹੀਂ ਗੁਰੂ ਨਾਲ ਮੇਲ ਹੋ ਜਾਂਦਾ ਹੈ। ਉਨ੍ਹਾਂ ਨੇ ਗੁਰੂਸਿੱਖਾਂ ਦੇ ਅਜਿਹੇ ਸੰਗਤ ਰੂਪੀ ਇਕੱਠ ਨੂੰ ਸਭ ਤੋਂ ਪਵਿੱਤਰ ਕਿਹਾ ਹੈ।

ਮਹਾ ਪਵਿਤ੍ਰ ਸਾਧ ਕਾ ਸੰਗ
ਜਿਸੁ ਭੇਟਤ ਲਾਗੈ ਪ੍ਰਭ ਰੰਗੁ। ਪੰ. ੩੯੨-੯੩

ਇਸ ਤਰ੍ਹਾਂ ਸਿੱਖ ਧਰਮ ਵਿਚ ਸਿੱਖਾਂ ਦੇ ਆਪਣੇ ਗੁਰੂ ਜਾਂ ਉਸ ਦੇ ਥਾਪੇ ਬੰਦੇ ਦੇ ਨਾਲ ਰੋਜ਼ਾਨਾ ਮੇਲ ਨੂੰ ਸੰਗਤ ਕਿਹਾ ਜਾਂਦਾ ਹੈ। ਸੰਗਤ ਨੂੰ ਗੁਰੂ ਨਾਨਕ ਚਿੰਤਨ ਵਿਚ ਮੁੱਢਲਾ ਥਾਂ ਪ੍ਰਾਪਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ; ਯਾਤਰਾਵਾਂ ਸਮੇਂ ਜਦੋਂ ਕੁਝ ਯੋਗੀਆਂ ਨੇ ਚਮਤਕਾਰ ਦਿਖਾਉਣ ਲਈ ਕਿਹਾ ਤਾਂ ਉਨ੍ਹਾਂ ਦੱਸਿਆ ਕਿ 'ਗੁਰ ਸੰਗਤਿ

ਬਾਣੀ' ਬਿਨਾਂ ਦੂਜੀ ਓਟ ਨਹੀਂ ਰਹਿ ਗਈ।[4] ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਸਾਧ ਸੰਗਤ ਨੂੰ ਸੱਚੇ ਧਾਰਮਿਕ ਜੀਵਨ ਦਾ ਬੁਨਿਆਦੀ ਤੱਥ ਦੱਸਿਆ ਹੈ।[5] ਭਾਈ ਗੁਰਦਾਸ ਜੀ ਗੁਰ ਸੰਗਤ ਦੇ ਅਧਿਆਤਮਕ ਪੱਖ ਬਾਰੇ ਲਿਖਦੇ ਹਨ :

ਇਕੁ ਸਿਖ ਦੁਇ ਸਾਧ ਸੰਗੁ ਪੰਜੀ ਪਰਮੇਸ਼ਰ।

ਇਸ ਨਾਲ ਸੰਗਤ ਦੀ ਗਿਣਤੀ ਬਾਰੇ ਕਿਸੇ ਕਿਸਮ ਦੇ ਰਸਮੀ ਬੰਧਨ ਤੋਂ ਮੁਕਤ ਕਰਦਿਆਂ ਇਹ ਦ੍ਰਿੜ੍ਹਾਇਆ ਗਿਆ ਹੈ ਕਿ ਸੰਗਤ ਵਿਅਕਤੀਗਤ ਅਤੇ ਇਕਾਂਤਵਾਦੀ ਰੁੱਚੀਆਂ ਨੂੰ ਤੋੜਦੀ ਹੈ।

ਸਿੱਖ ਸੰਗਤਾਂ ਦੀ ਸਥਾਪਨਾ ਦਾ ਮੁੱਖ ਮੰਤਵ ਤਾਂ ਧਾਰਮਿਕ ਹੀ ਸੀ, ਇਸੇ ਕਰਕੇ ਹੀ ਉਨ੍ਹਾਂ ਨੂੰ ਅਕਸਰ ਸੰਤ ਸੰਗਤ ਤੇ ਸਾਧ ਸਗਤ ਕਿਹਾ ਜਾਂਦਾ ਸੀ। ਪਰ ਸਮੇਂ ਦੇ ਨਾਲ ਨਾਲ ਸੰਗਤ ਵਿਚ, ਊਚ-ਨੀਚ, ਜਾਤ-ਪਾਤ ਤੇ ਇਸਤ੍ਰੀ ਦੇ ਸਮਾਜਿਕ ਦਰਜੇ ਬਾਰੇ ਭੀ ਕਦੇ ਕਦੇ ਚਰਚਾ ਹੋਣ ਲਗ ਪਈ, ਤੇ ਇਸ ਤਰ੍ਹਾਂ ਅਸਿੱਧੇ ਤੋਰ ਤੇ ਸਮਾਜਿਕ ਤੇ ਭਾਈਚਾਰਕ ਤੱਤ ਵੀ ਇਸ ਵਿਚ ਸ਼ਾਮਲ ਹੋ ਗਏ। ਸਮਾਜ ਸੁਧਾਰ ਦੇ ਬਹੁਤ ਸਾਰੇ ਕੰਮਾਂ ਨੂੰ ਸੰਗਤ ਰਾਹੀਂ ਨਜਿਠਿਆ ਜਾਣ ਲੱਗ ਪਿਆ। ਲੰਗਰ ਦੀ ਸੰਸਥਾ ਵੀ ਸੰਗਤ ਨਾਲ ਜੁੜੀ ਹੋਈ ਹੈ। ਘੰਟਿਆਂ ਬੱਧੀ ਸੰਗਤ ਦੇ ਇਕ ਥਾਂ ਤੇ ਜੁੜ ਬੈਠਣ ਨੇ ਲੰਗਰ ਦੀ ਸੰਸਥਾ ਨੂੰ ਜਨਮ ਦੇਣ ਵਿਚ ਹਿੱਸਾ ਪਾਇਆ ਜਾਪਦਾ ਹੈ। ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਦੇ ਸੰਜੋਗੀ ਮੇਲ ਨੂੰ ਅਮਲੀ ਰੂਪ ਦੇ ਕੇ, ਲੰਗਰ ਦੇ ਨਾਲ ਪੰਗਤ ਭੀ ਜ਼ਰੂਰੀ ਕਰਾਰ ਦੇ ਦਿੱਤੀ। ਲੰਗਰ ਦੀ ਸੰਸਥਾ ਨੂੰ ਚਲਾਉਣ ਲਈ ਰਾਸ਼ਣ, ਬਾਲਣ, ਬਰਤਣ ਆਦਿ ਦੀ ਲੋੜ ਪਈ ਜੋ ਕਿ ਸੰਗਤ ਦੇ ਮੈਂਬਰਾਂ ਨੇ ਸੇਵਾ ਭਾਵ ਨਾਲ ਆਪਣੇ ਜ਼ਿੰਮੇ ਲੈ ਲਈ। ਇਸ ਤਰ੍ਹਾਂ ਸੰਗਤ ਦੀ ਸੰਸਥਾ ਨਾਂ ਸਿਰਫ ਮੈਂਬਰਾਂ ਦੀਆਂ ਧਾਰਮਿਕ ਲੋੜਾਂ ਨੂੰ ਹੀ ਪੂਰਾ ਕਰਦੀ ਸੀ, ਸਗੋਂ ਲੋੜਵੰਦ ਰਾਹਗੀਰਾਂ ਨੂੰ ਭੋਜਨ ਛਕਾਉਣ ਦਾ ਪਰਉਪਕਾਰੀ ਕੰਮ ਭੀ ਕਰਦੀ ਸੀ।[7] ਸਿੱਟੇ ਵਜੋਂ ਲੰਗਰ ਸੰਗਤ ਦਾ ਇਕ ਅਟੁੱਟ ਅੰਗ ਬਣ ਗਿਆ।[8]

ਸੰਗਤ ਦੇ ਮੈਂਬਰ ਬਣਨ ਦਾ ਕੋਈ ਪੱਕਾ ਨਿਯਮ ਇਸ ਲਈ ਸਾਮ੍ਹਣੇ ਨਹੀਂ ਆਇਆ ਜਾਪਦਾ ਕਿਉਂਕਿ ਕੋਈ ਭੀ ਆਦਮੀ ਜਾਂ ਔਰਤ ਚਾਹੇ ਕਿਸੇ ਭੀ ਜ਼ਾਤ, ਧਰਮ, ਰੰਗ ਅਤੇ ਸਮਾਜਿਕ ਰੁਤਬੇ ਦਾ ਹੋਵੇ ਸਿੱਖ ਸੰਗਤ ਵਿਚ ਆ ਸਕਦਾ ਸੀ। ਸ਼ਰਤ ਇੰਨੀ ਹੀ ਸੀ ਕਿ ਉਹ ਗੁਰੂ ਸਾਹਿਬ ਦੇ ਬੁਨਿਆਦੀ, ਧਾਰਮਿਕ ਤੇ ਸਮਾਜਿਕ ਉਪਦੇਸ਼ਾਂ ਵਿਚ ਵਿਸ਼ਵਾਸ ਰੱਖਦਾ ਹੋਵੇ। ਇਸ ਤਰ੍ਹਾਂ ਸੰਗਤ ਵਿਚ, ਬਿਨਾਂ ਕਿਸੇ ਵਿਤਕਰੇ ਦੇ ਆਦਮੀਆਂ ਅਤੇ ਔਰਤਾਂ ਦਾ ਸਮੂਹ ਇਕ ਵਿਸ਼ੇ ਤੇ ਧਿਆਨ ਕੇਂਦਰਤ ਕਰਕੇ ਇਕੱਠਿਆਂ ਮਿਲਕੇ ਬੈਠਦਾ ਸੀ। ਹਰ ਇਕ ਸੰਗਤ ਦਾ ਗੁਰੂ ਰਾਹੀਂ ਇਕ ਮੁਖੀਆ ਵੀ ਥਾਪਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਸਿੱਖ ਧਰਮ ਦੇ ਵਿਸਥਾਰ ਦੇ ਨਾਲ ਨਾਲ ਇਨ੍ਹਾਂ ਸੰਗਤਾਂ ਦੀ ਗਿਣਤੀ ਭੀ ਵਧਣੀ ਸ਼ੁਰੂ ਹੋ ਗਈ। ਡਲਾ, ਸੁਲਤਾਨਪੁਰ, ਲਾਹੌਰ, ਕਾਬਲ, ਕਸ਼ਮੀਰ, ਥਾਨੇਸਰ, ਦਿੱਲੀ, ਫਤਿਹਪੁਰ, ਆਗਰਾ ਅਤੇ ਢਾਕਾ ਆਦਿ ਦੁਰੇਡੇ ਥਾਵਾਂ ਤੇ ਸੰਗਤਾਂ ਸਥਾਪਤ ਹੋ ਗਈਆਂ।[9] ਇਹ ਸੰਗਤਾਂ ਰਾਹੀਂ ਸਿੱਖ ਧਰਮ ਦੇ ਪ੍ਰਬੰਧਕੀ ਢਾਂਚੇ ਨੂੰ ਨਿਯਮਬੱਧ ਕਰਨ ਦਾ ਯਤਨ ਸੀ ਜੋ ਮੰਜੀਆਂ, ਪੀੜ੍ਹੀਆਂ ਅਤੇ ਮਸੰਦਾਂ ਦੀ ਸੰਸਥਾ ਰਾਹੀਂ ਸਾਹਮਣੇ ਆਇਆ। ਇਸ ਦਾ ਇਤਿਹਾਸਕ ਪੱਖ ਹੀ ਇਥੇ ਸੰਖੇਪ ਰੂਪ ਦੱਸਿਆ ਜਾ ਰਿਹਾ ਹੈ, ਕਿਉਂਕਿ ਇਸ ਦਾ ਸੰਗਤ ਨਾਲ ਸਿੱਧਾ ਸੰਬੰਧ ਹੈ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਿੱਖ ਧਰਮ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਣ ਲੱਗਿਆ। ਗੁਰੂ ਅਮਰਦਾਸ ਜੀ ਨੇ ਇਸ ਵਾਧੇ ਨੂੰ ਦੇਖਦੇ ਹੋਏ ਵੱਖ ਵੱਖ ਥਾਵਾਂ ਤੇ 'ਮੰਜੀਆਂ' ਸਥਾਪਤ ਕਰ ਦਿੱਤੀਆਂ। ਜਿਥੇ ਉਨ੍ਹਾਂ ਨੇ ਆਪਣੇ ਪ੍ਰਚਾਰਕਾਂ ਨੂੰ ਉਪਦੇਸ਼ਕ ਦੇ ਤੌਰ ਤੇ ਭੇਜਿਆ ਉਥੇ ਇਨ੍ਹਾਂ ਦਾ ਕੰਮ ਆਪਣੇ ਆਪਣੇ ਥਾਂ ਤੇ ਗੁਰੂਆਂ ਦੀਆਂ ਸਿਖਿਆਵਾਂ ਦਾ ਪ੍ਰਚਾਰ ਕਰਨਾ ਤੇ ਇਥੋਂ ਦੀ ਸਥਾਨਕ ਸੰਗਤ ਨੂੰ ਗੁਰੂ ਨਾਲ ਜੋੜੀ ਰੱਖਣਾ ਸੀ। ਗੁਰੂ ਰਾਹੀਂ ਟਿੱਕੇ ਇਹ ਸਿੱਖ ਆਪਣੀ ਸੰਗਤ ਵਿਚ ਮੰਜੀ ਤੇ ਬੈਠਦੇ ਸਨ, ਇਸ ਕਰਕੇ ਇਸ ਨੂੰ ਮੰਜੀ ਸੰਸਥਾ ਕਿਹਾ ਜਾਣ ਲੱਗਾ। ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਵੱਖ ਵੱਖ ਥਾਵਾਂ ਤੇ ਸਥਾਪਤ ਕੀਤੀਆਂ ਕਿਉਂਕਿ ਉਨ੍ਹਾਂ ਲਈ ਆਪ ਵੱਖ ਵੱਖ ਥਾਵਾਂ ਦੀਆਂ ਸੰਗਤਾਂ ਨਾਲ ਸਿੱਧਾ ਸੰਪਰਕ ਰੱਖਣਾ ਮੁਸ਼ਕਲ ਹੋ ਗਿਆ ਸੀ। ਇਨ੍ਹਾਂ ਮੰਜੀਆਂ ਨੂੰ ਅਗੋਂ 'ਪੀੜ੍ਹੀਆਂ' ਵਿਚ ਵੰਡਿਆ ਗਿਆ ਸੀ। ਇਸ ਤਰ੍ਹਾਂ ਇਹ ਇਕ ਤਰ੍ਹਾਂ ਨਾਲ ਪੁਰਾਣੀਆਂ ਸੰਗਤਾਂ ਹੀ ਸਨ। ਗੋਕਲ ਚੰਦ ਨਾਰੰਗ, ਗੁਰੂ ਅਮਰਦਾਸ ਜੀ ਦੀ ਇਸ ਸੰਸਥਾ ਦੀ ਮਹੱਤਤਾ ਦੱਸਦੇ ਹੋਏ ਲਿਖਦੇ ਹਨ :

> "ਇਹ ਸਪੱਸ਼ਟ ਹੈ ਕਿ ਤੀਜੇ ਗੁਰੂ ਸਾਹਿਬ ਦੇ ਇਸ ਕੰਮ ਨੇ ਸਿੱਖ ਧਰਮ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਿਚ ਅਤੇ ਦੇਸ਼ ਦੇ ਸਾਰੇ ਭਾਗਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੋਵੇਗਾ।"[10]

ਇਸ ਪ੍ਰਚਾਰ ਸੰਸਥਾ ਜਾਂ ਪ੍ਰਬੰਧ ਸੰਸਥਾ ਦਾ ਵਰਣਨ ਸਾਰੇ ਲੇਖਕਾਂ ਨੇ ਕੀਤਾ ਹੋਇਆ ਹੈ।[11]

ਸੰਗਤ ਦੇ ਵਿਕਾਸ ਵਿਚ ਗੁਰੂ ਅਰਜਨ ਦੇਵ ਜੀ ਨੇ ਬੜਾ ਮਹੱਤਵਪੂਰਣ ਹਿੱਸਾ ਪਾਇਆ। ਸਿੱਖ ਧਰਮ ਦੀ ਲੰਗਰ ਦੀ ਸੰਸਥਾ ਤੇ ਉਸਾਰੀ ਦੇ ਕੰਮਾਂ ਵਾਸਤੇ ਜਿਵੇਂ ਕਿ ਸਰੋਵਰ ਤੇ ਹਰਿਮੰਦਰ ਸਾਹਿਬ ਆਦਿ ਲਈ ਮਾਇਆ ਦੀ ਲੋੜ ਸੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਆਪਣੀ ਆਮਦਨੀ ਦਾ ਦਸਵਾਂ ਹਿੱਸਾ (ਦਸਵੰਧ) ਮਰਜ਼ੀ ਨਾਲ ਗੁਰੂ ਦੇ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ ਵਾਸਤੇ ਕਿਹਾ। ਦਸਵੰਧ ਇਕੱਠਾ ਕਰਨ ਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਉਨ੍ਹਾਂ ਨੇ ਗੁਰੂ ਰਾਮ ਦਾਸ ਦੇ ਚਲਾਏ 'ਮਸੰਦ'[12] ਪ੍ਰਬੰਧ ਨੂੰ ਵਿਕਸਿਤ ਕੀਤਾ। ਇਹ ਮਸੰਦ ਜੋ ਗੁਰੂ ਰਾਹੀਂ ਨਾਮਜ਼ਦ ਕੀਤੇ ਜਾਂਦੇ ਸਨ, ਆਪਣੇ ਇਲਾਕੇ ਦੀ ਸੰਗਤ ਤੋਂ ਦਸਵੰਧ ਦੀ ਮਾਇਆ ਇਕੱਤਰ ਕਰਕੇ ਸਾਲ ਵਿਚ ਇਕ ਵਾਰੀ, ਆਮ ਕਰਕੇ ਵਿਸਾਖੀ ਨੂੰ, ਗੁਰੂ ਸਾਹਿਬ ਕੋਲ ਜਮਾ ਕਰ ਦਿੰਦੇ ਸਨ; ਇਸ ਦੇ ਨਾਲ ਹੀ ਹਰ ਮਸੰਦ ਆਪਣੀ ਸੰਗਤ ਦੇ ਕੰਮਾਂ ਬਾਰੇ ਗੁਰੂ ਸਾਹਿਬ ਨੂੰ ਜਾਣਕਾਰੀ ਦਿੰਦਾ ਸੀ।[13] ਇਸ ਤਰ੍ਹਾਂ ਸੰਗਤ ਨੂੰ ਗੁਰੂ ਸਾਹਿਬ ਨਾਲ ਜੋੜਨ ਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਮਸੰਦ ਕੇਂਦਰੀ ਧੁਰਾ ਬਣ ਗਏ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਨ੍ਹਾਂ ਮਸੰਦਾਂ ਰਾਹੀਂ ਪਾਹੁਲ ਲੈ ਕੇ ਅਗਾਂਹ ਬਣੇ ਗੁਰੂ ਦੇ ਸਿੱਖਾਂ ਨੂੰ 'ਸਹਿਲੰਗ' ਜਾਂ 'ਮੇਲੀ' ਕਿਹਾ ਜਾਂਦਾ ਸੀ।[14] ਇਨ੍ਹਾਂ ਸੰਗਤਾਂ ਦੀਆਂ ਮਾਇਕ ਤੇ ਜਿਸਮਾਨੀ ਸੇਵਾਵਾਂ ਨੇ ਤਰਨਤਾਰਨ ਤੇ ਕਰਤਾਰਪੁਰ ਦੇ ਨਗਰ, ਲਾਹੌਰ ਦੀ ਬਾਉਲੀ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਵੱਡਾ ਹਿੱਸਾ ਪਾਇਆ। ਇਨ੍ਹਾਂ ਸੰਗਤਾਂ ਨੇ ਨਾ ਸਿਰਫ ਮਾਇਕ ਸਹਾਇਤਾ ਹੀ ਕੀਤੀ ਸਗੋਂ ਇਨ੍ਹਾਂ ਕੰਮਾਂ ਦੀ ਯੋਜਨਾ, ਅਮਲ ਵਿਚ ਲਿਆਉਣ ਅਤੇ ਪ੍ਰਬੰਧ ਕਰਨ ਵਿਚ ਪ੍ਰਮੁੱਖ ਪਾਇਆ।[15]

ਸਭ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਸਥਾਨਕ ਤੇ ਦੁਰਾਡੇ ਦੀਆਂ ਸੰਗਤਾਂ ਨਾਲ ਸੰਪਰਕ ਬਣਾਈ ਰੱਖਿਆ। ਜਿਥੇ ਗੁਰੂ ਸਾਹਿਬ ਨਹੀਂ ਪਹੁੰਚ ਸਕਦੇ ਸਨ, ਉਥੇ ਦੀਆਂ ਸੰਗਤਾਂ ਨੂੰ ਹੁਕਮਨਾਮਿਆਂ ਜਾਂ ਪੱਤਰਾਂ ਰਾਹੀਂ ਧਰਮ ਦੇ ਅਸੂਲਾਂ ਤੇ ਚੱਲਣ ਦਾ ਉਪਦੇਸ਼ ਦਿੰਦੇ ਰਹੇ। ਗੁਰੂ ਸਾਹਿਬਾਨ ਨੇ ਹੁਕਮਨਾਮਿਆਂ ਰਾਹੀਂ ਸੰਗਤਾਂ ਨੂੰ ਹਥਿਆਰ, ਘੋੜੇ, ਹਾਥੀ, ਊਠ, ਮਾਇਆ ਆਦਿ ਭੇਜਣ ਵਾਸਤੇ ਆਦੇਸ਼ ਦਿੱਤੇ।[22]

ਜਿਨ੍ਹਾਂ ਸੰਗਤਾਂ ਦੇ ਮੁੱਖੀ ਜਾਂ ਮਸੰਦ ਸਵਾਰਥੀ ਤੇ ਲੋਭੀ ਹੋ ਗਏ ਸਨ ਉਨ੍ਹਾਂ ਨੂੰ ਗੁਰੂ ਸਾਹਿਬਾਨ ਨਾਲ ਸਿੱਧਾ ਸੰਪਰਕ (ਮਸੰਦ ਨੂੰ ਛੱਡ ਕੇ) ਜੋੜਨ ਵਾਸਤੇ ਕਿਹਾ ਜਾਂਦਾ ਸੀ। ਇਨ੍ਹਾਂ ਸੰਗਤਾਂ ਨੂੰ 'ਖਾਲਸਾ' (ਬਿਨਾਂ ਵਿਚੋਲੇ ਤੋਂ) ਕਿਹਾ ਜਾਂਦਾ ਸੀ। ਮੁਗਲਾਂ ਦੇ ਸਮੇਂ ਬਾਦਸ਼ਾਹ ਦੀ ਜ਼ਮੀਨ, ਜਿਸ ਨੂੰ ਕੋਈ ਮਾਮਲਾ ਜਾਂ ਲਗਾਨ ਨਹੀਂ ਲਗਦਾ ਸੀ, ਖਾਲਸਾ ਆਖਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮਨਾਮੇ ਵਿਚ ਮਾਛੀਵਾੜੇ ਦੀ ਸੰਗਤ ਨੂੰ 'ਸੰਗਤਿ ਮੇਰਾ ਖਾਲਸਾ ਹੈ' ਲਿਖਿਆ ਹੈ। ਗੁਰੂ ਹਰਿਗੋਬਿੰਦ ਜੀ ਨੇ ਇਸੇ ਤਰ੍ਹਾਂ ਪੂਰਬ ਦੀ ਸੰਗਤ ਨੂੰ 'ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ' ਦਾ ਹੁਕਮ ਕੀਤਾ ਸੀ। ਪਰੰਤੂ 30 ਮਾਰਚ 1699 ਈ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਬਦਲੇ ਅਰਥ ਵਿਚ ਖਾਲਸਾ ਸ਼ਬਦ ਦੀ ਵਰਤੋਂ ਕੀਤੀ ਸੀ। ਇਥੇ ਖਾਲਸਾ ਸ਼ਬਦ ਸਮੂਹਿਕ ਤੌਰ ਤੇ ਉਨ੍ਹਾਂ ਸਭ ਲਈ ਵਰਤਿਆ ਹੈ ਜੋ ਅੰਮ੍ਰਿਤ ਛਕ ਕੇ ਗੁਰੂ ਦੇ ਸਿੰਘ ਸਜ ਗਏ।[23]

ਮਸੰਦਾਂ ਦੀ ਗਿਰਾਵਟ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਧੀਰਮਲੀਏ, ਮੀਣੇ ਤੇ ਰਾਮ ਰਾਈਆਂ ਦੁਆਰਾ ਵੱਖਰੀਆਂ ਗੱਦੀਆਂ ਚਲਾਉਣ ਆਦਿ ਕਾਰਣਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਦੀ ਪ੍ਰਥਾ ਨੂੰ ਨਵੇਂ ਸਿਰੇ ਤੋਂ ਸੰਗਠਤ ਕੀਤਾ। ਉਨ੍ਹਾਂ ਨੇ ਚਰਣ ਪਾਹੁਲ ਦੀ ਥਾਂ ਤੇ ਸਾਰੀਆਂ ਸੰਗਤਾਂ ਵਾਸਤੇ ਖੰਡੇ ਦੇ ਪਾਹੁਲ ਦੀ ਵਿਧੀ ਸ਼ੁਰੂ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖ ਸੰਗਤ ਦੇ ਅੰਦਰਲੇ ਤੇ ਬਾਹਰਲੇ ਨੁਕਸਾਂ ਨੂੰ ਦੂਰ ਕਰਨ ਵਾਸਤੇ 1699 ਈ. ਨੂੰ ਵਿਸਾਖੀ ਦੇ ਦਿਨ ਖਾਲਸੇ ਦੀ ਸਥਾਪਨਾ ਕੀਤੀ। ਇਕੋ ਦਿਨ ਕੋਈ 20,000 ਦੇ ਲਗਭਗ ਸ਼ਰਧਾਲੂ ਗੁਰੂ ਸਾਹਿਬ ਕੋਲੋਂ ਖੰਡੇ ਦਾ ਅੰਮ੍ਰਿਤ ਛਕ ਕੇ, ਖਾਲਸਾ ਸਜ ਗਏ ਤੇ ਇਸ ਤਰ੍ਹਾਂ ਨਾਲ ਇਕ ਨਵੀਂ ਕੌਮ ਦੀ ਸਿਰਜਨਾ ਕਰ ਦਿੱਤੀ ਗਈ, ਜਿਸ ਵਿਚ ਮਸੰਦਾਂ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ ਸਾਹਿਬ ਨੇ ਆਪ ਉਨ੍ਹਾਂ ਤੋਂ ਅੰਮ੍ਰਿਤ ਛੱਕਿਆ ਤੇ ਇਸ ਤਰ੍ਹਾਂ ਗੁਰੂ ਤੇ ਸਿੱਖ ਦਾ ਬਾਹਰਮੁਖੀ ਭੇਦ ਦੂਰ ਕਰ ਦਿੱਤਾ। "*ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ॥ ਗੁਰ ਸੰਗਤਿ ਕੀਨੀ ਖਾਲਸਾ ਆਪੇ ਗੁਰ ਚੇਲਾ॥ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥*"[24] 1708 ਈ. ਵਿਚ ਉਨ੍ਹਾਂ ਦੇਹਧਾਰੀ ਗੁਰੂ ਦੀ ਪ੍ਰਥਾ ਭੀ ਖਤਮ ਕਰ ਦਿੱਤੀ। ਉਨ੍ਹਾਂ ਨੇ ਸਿੱਖ ਸੰਗਤ ਵਾਸਤੇ ਆਦਿ ਗ੍ਰੰਥ ਸਾਹਿਬ ਨੂੰ ਅਧਿਆਤਮਕ ਗੁਰੂ, ਗੁਰੂ ਗ੍ਰੰਥ ਖਾਲਸਾ ਨੂੰ ਸੰਸਾਰਕ ਗੁਰੂ (ਗੁਰੂ ਪੰਥ) ਹੋਣ ਦਾ ਐਲਾਨ ਕੀਤਾ। ਇਸ ਨਾਲ ਜਮਹੂਰੀ ਲੀਹਾਂ ਤੇ ਸਿਪਾਹੀਆਂ ਦੀ ਸੰਗਤ ਦਾ ਜਨਮ ਹੋ ਗਿਆ। ਖਾਲਸੇ ਵਿਚ ਸਭ ਬਰਾਬਰ ਸਨ ਅਤੇ ਹਨ। ਇਸਤ੍ਰੀਆਂ ਨੂੰ ਸਮਾਨ ਅਧਿਕਾਰ ਤੇ ਆਦਮੀਆਂ ਦੀ ਤਰ੍ਹਾਂ ਹੀ ਖਾਲਸੇ ਵਿਚ ਸ਼ਾਮਿਲ ਕੀਤਾ ਜਾਂਦਾ ਸੀ। ਸਰਬਤ ਖਾਲਸਾ ਸਾਲ ਵਿਚ ਇਕ ਵਾਰੀ ਦੀਵਾਲੀ ਜਾਂ ਵਿਸਾਖੀ ਦੇ ਮੌਕੇ ਤੇ ਅਕਾਲ ਤਖਤ ਸਾਹਿਬ ਤੇ ਮਿਲਦਾ ਸੀ। ਹਰ ਪ੍ਰਕਾਰ ਦੇ ਧਾਰਮਿਕ ਮਸਲੇ ਸੰਗਤ ਦੇ ਸਾਹਮਣੇ ਰੱਖੇ ਜਾਂਦੇ ਸਨ ਅਤੇ ਸੰਗਤ ਪੰਜ

ਪਿਆਰਿਆਂ ਰਾਹੀਂ 'ਗੁਰਮਤੇ' ਦੇ ਰੂਪ ਵਿਚ ਫੈਸਲਾ ਕਰਦੀ ਸੀ।

ਸਿੱਖ ਅਤੇ ਗੁਰੂ ਵਿਚ ਭੇਦ ਸਿੱਖ ਸੰਗਤ ਵਿਚ ਮੁੱਢ ਤੋਂ ਹੀ ਨਹੀਂ ਸੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਨੂੰ ਗੁਰੂ ਥਾਪਣਾ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸੰਗਤ ਵਿਚੋਂ ਹੀ ਗੁਰੂ ਦੀ ਚੋਣ ਕੀਤੀ ਗਈ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਪਹਿਲੇ ਤਿੰਨ ਗੁਰੂ ਸਾਹਿਬਾਨ ਨੇ ਗੁਰਗੱਦੀ ਤੋਂ ਲਾਂਭੇ ਰੱਖਿਆ। ਬਾਅਦ ਦੇ ਗੁਰੂਆਂ ਸਮੇਂ ਭੀ, ਚਾਹੇ ਗੁਰਿਆਈ ਜੱਦੀ ਹੋ ਗਈ ਸੀ ਪਰੰਤੂ ਗੁਰੂ ਉਹੀ ਬਣਾਏ ਗਏ, ਜਿਨ੍ਹਾਂ ਵਿਚ ਸੰਗਤਾਂ ਨੂੰ ਵਧੇਰੇ ਵਿਸ਼ਵਾਸ ਤੇ ਸ਼ਰਧਾ ਸੀ। ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀ ਇੱਛਾ ਪੂਰੀ ਕਰਨ ਲਈ ਹੀ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜਿਆ ਸੀ ਅਤੇ ਇਸ ਤਰ੍ਹਾਂ ਸੰਗਤ ਦਾ ਮਾਣ ਤੇ ਸਤਿਕਾਰ ਵਧਾਇਆ ਸੀ। ਗੁਰੂ ਸਾਹਿਬ ਵੇਲੇ ਇਹ ਗੱਲ ਪ੍ਰਚਾਰੀ ਜਾਂਦੀ ਸੀ ਕਿ 'ਗੁਰੂ ਵੀਹ ਵਿਸਵੇ (ਹਿੱਸੇ) ਹੈ ਤਾਂ ਸੰਗਤ ਇੱਕੀ ਵਿਸਵੇ (ਹਿੱਸੇ) ਹੈ। ਇਸੇ ਤਰ੍ਹਾਂ ਸੰਗਤ ਨੂੰ ਗੁਰੂ ਨਾਲੋਂ ਮੁੱਖ ਰੱਖਿਆ ਜਾਂਦਾ ਸੀ। ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਗਤ ਨੇ 'ਤਨਖਾਹ' ਵੀ ਲਾਈ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਤੀਰ ਨੂੰ ਝੁਕਾ ਕੇ ਸੰਤ ਦਾਦੂ ਦੀ ਸਮਾਧ ਨੂੰ ਸਿਜਦਾ ਕੀਤਾ ਸੀ।[25] ਖਾਲਸੇ ਦੇ ਹੁਕਮ ਤੇ ਹੀ ਗੁਰੂ ਸਾਹਿਬ ਨੇ ਚਮਕੌਰ ਦੀ ਗੜ੍ਹੀ ਨੂੰ ਛੱਡਿਆ ਸੀ।[26] ਵਿਅਕਤੀ ਗੁਰੂ ਦੀ ਪਰੰਪਰਾ ਨੂੰ ਤਿਆਗਣ ਤੋਂ ਪਹਿਲਾਂ ਸਮੂਹਕ-ਮਤਾ ਜਾਂ ਸੰਗਤ-ਗੁਰੂ ਦੀ ਸੰਸਥਾ ਨੂੰ ਪ੍ਰਗਟ ਕਰਨ ਲਈ ਹੀ ਉਪਰੋਕਤ ਬਚਿਤ੍ਰ-ਨਾਟਕ ਗੁਰੂ ਜੀ ਖੇਡਦੇ ਰਹੇ। ਸੋ ਸੰਗਤ ਦਾ ਇਤਿਹਾਸਕ ਸੰਦਰਭ ਜਿਥੇ ਸਿਧਾਂਤਕ ਹੈ ਉਥੇ ਸੰਗਤ ਦੇ ਵਿਕਾਸ ਦਾ ਅਜਿਹਾ ਪ੍ਰਸੰਗ ਸਾਹਮਣੇ ਲਿਆਉਂਦਾ ਹੈ, ਜਿਸ ਨਾਲ ਸਿੱਖ ਸੰਗਤ ਦੀ ਸਾਰਥਿਕਤਾ ਅਤੇ ਸਫਲਤਾ ਭਲੀ ਭਾਂਤ ਪ੍ਰਗਟ ਹੋ ਜਾਂਦੀ ਹੈ। ਪ੍ਰੋੜ੍ਹਤਾ ਵਿਚ "ਗੁਰ ਸੰਗਤ ਕੀਨੀ ਖਾਲਸਾ" ਨੂੰ ਲਿਆ ਜਾ ਸਕਦਾ ਹੈ।

ਹਵਾਲੇ

1. Teja Singh, *Sikhism Its Ideals and Institution*, p. 36
   ਅਤੇ ਭਾਈ ਗੁਰਦਾਸ, ਵਾਰਾਂ, 1.27 *'ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦ ਵਿਸੋਆ'।*
2. Macauliffe, *Sikh Religion*, Vol. III, pp. 218-221
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨
   ਸਤ ਸੰਗਤ ਕੈਸੀ ਜਾਣੀਐ। ਜਿਥੈ ਏਕੋ ਨਾਮ ਵਖਾਣੀਐ।
3. ਭਾਈ ਗੁਰਦਾਸ, *ਕਬਿੱਤ*, 57
4. ਭਾਈ ਗੁਰਦਾਸ, *ਵਾਰਾਂ*, 1.42
5. Macauliffe, *op. cit.*, Vol. III, pp. 218-21
6. ਭਾਈ ਗੁਰਦਾਸ, *ਵਾਰਾਂ*, 13.19
7. H. A. Rose, *A Glossary of the Tribes & Castes of the Panjab and North-West Frontier Province*, Vol. I, p. 687
8. Indu Bbushan Banerjee, *Evolution of the Khalsa*, Vol. 1, p. 257.
9. ਭਾਈ ਗੁਰਦਾਸ, *ਵਾਰਾਂ*, 11.15 ਤੋਂ 31
10. G. C. Narang, *Transformation of Sikhism* (Second Edition), p. 56
11. ਭਾਈ ਕਾਨ੍ਹ ਸਿੰਘ, *ਮਹਾਨ ਕੋਸ਼*, ਪੰਨਾ 846

Teja Singh, *op. cit.* p. 38
Banerjee, *op. cit.* Vol. I., p. 257
Bhagat Singh, *Sikh Polity. p. 27*

12. ਮਸੰਦ ਫਾਰਸੀ ਦੇ ਲਫਜ਼ 'ਮਸਨਦ-ਏ-ਅਲੀ' ਤੋਂ ਵਿਗੜ ਕੇ ਬਣਿਆ ਹੈ, ਜਿਸ ਦਾ ਅਰਥ ਹੈ ਉੱਚਾ ਸਥਾਨ ਜਾਂ ਵੱਡਾ ਅਫਸਰ। ਡਾ. ਹਰੀ ਰਾਮ ਗੁਪਤਾ ਅਨੁਸਾਰ ਮਸੰਦ ਸੰਸਥਾ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤੀ। ਮੈਕਾਲਿਫ, ਤੇਜਾ ਸਿੰਘ ਅਤੇ ਗੰਡਾ ਸਿੰਘ ਦਾ ਮੱਤ ਹੈ ਕਿ ਮਸੰਦ ਪ੍ਰਥਾ ਗੁਰੂ ਰਾਮ ਦਾਸ ਜੀ ਨੇ ਸ਼ੁਰੂ ਕੀਤੀ।
13. Banerjee, *op. cit.*, Vol. I, p. 260.
14. Shea, David and Antony Troyer (trans.), *The Dabistan or School of Manners.* p. 233.
15. Bhagat Singh, *op. cit.*, p. 30.
16. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਭਾਗ ਪਹਿਲਾ, ਪੰ. 415.
17. Teja Singh and Ganda Singh, *A History of the Sikhs*, Vol. I, p. 45. Bhagat Singh, *op. cit.*, p. 31. Teja Singh, *op. cit.*, p. 64.
18. Teja Singh. *op. cit.*, p. 64
19. *Ibid.*, p. 64
20. *Dabistan*, *op. cit.*, p. 232
21. ਗੰਡਾ ਸਿੰਘ (ਸੰਪਾਦਤ), *ਹੁਕਮਨਾਮੇ*, ਨੰਬਰ 37, 44, 45, 46, 49, 54, 55, 62, 63
22. *ਉਹੀ* ਨੰਬਰ 42, 43, 44, 45
23. *ਉਹੀ*, ਪੰਨਾ 25
24. ਭਾਈ ਗੁਰਦਾਸ ਸਿੰਘ, *ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ*, ਪਉੜੀ ਪਹਿਲੀ
25. Teja Singh, *op. cit.*, p. 40-41
26. ਭਾਈ ਸੁਖਾ ਸਿੰਘ, *ਗੁਰ ਬਿਲਾਸ—ਗੁਰੂ ਗੋਬਿੰਦ ਸਿੰਘ*, ਪੰਨੇ 343-348.

ਗੁਰਮਤਿ-ਸਤਿਸੰਗਤਿ

ਡਾ. ਬਲਬੀਰ ਕੌਰ

ਮਨੁੱਖ ਜੀਵਨ ਅਵਸਰ ਅਮੋਲਕ ਤੇ ਦੁਰਲਭ ਹੈ। ਆਤਮ-ਬੋਧ ਤੇ ਪਰਮਾਤਮ ਅਭੇਦਤਾ ਮਨੁੱਖ ਜੀਵਨ ਦਾ ਅੰਤਿਮ ਉੱਦੇਸ਼ ਹੈ। ਇਸ ਅਵਸਰ ਨੂੰ ਸਾਰਥਿਕ ਕਿਵੇਂ ਬਣਾਇਆ ਜਾਵੇ ? ਇਸ ਸਮੱਸਿਆ ਤੇ ਆਦਿ ਤੋਂ ਭਾਰਤ ਦੀਆਂ ਚਿੰਤਨ ਪ੍ਰਣਾਲੀਆਂ ਧਿਆਨ ਦਿੰਦੀਆਂ ਆਈਆਂ ਹਨ। ਅਧਿਆਤਮਿਕ ਅਤੇ ਇਤਿਹਾਸਕ ਵਿਕਾਸ ਵਿਚ ਅਨੇਕ ਚਿੰਤਨ ਧਾਰਾਵਾਂ ਹੋਂਦ ਵਿਚ ਆ ਚੁੱਕੀਆਂ ਹਨ। ਅਧਿਆਤਮਕ ਇਤਿਹਾਸ ਗਵਾਹ ਹੈ ਕਿ ਪੂਰਬੀ ਅਧਿਆਤਮਿਕ ਪੱਥ-ਪਰਦਰਸ਼ਕਾਂ ਦਾ ਮੂਲ ਮਨੋਰਥ ਆਤਮ-ਸਿਧੀ ਦੁਆਰਾ ਮਨੁੱਖ ਅੰਦਰੋਂ ਪ੍ਰਭੂ ਅੰਸ਼ ਨੂੰ ਪ੍ਰਾਪਤ ਕਰਨਾ ਹੈ। ਆਤਮ-ਸਿਧੀ ਲਈ ਸਾਧਨਾ ਮਾਰਗ ਅਨੇਕ ਲਭੇ ਗਏ। ਉਨ੍ਹਾਂ ਰਾਹੀਂ ਮਨੁੱਖ ਦੇ ਬਾਹਰਮੁਖੀ ਕਾਰਜ ਨੰ ਪ੍ਰਮੁੱਖਤਾ ਦੇ ਕੇ ਮਨੁੱਖ ਦੀ ਆਂਤਰਿਕ ਭਾਵਨਾ ਤੇ ਸੰਭਾਵਨਾ ਨੂੰ ਮਹੱਤਵ ਦੇ ਕੇ ਉਜਾਗਰ ਕਰਨ ਵਿਚ ਯੋਗਦਾਨ ਪਾਇਆ ਹੈ। ਚਾਰ ਆਸ਼ਰਮ ਤੇ ਚਾਰ ਪੁਰਸ਼ਾਰਥ ਭਾਰਤ ਦੀ ਅਧਿਆਤਮਿਕਤਾ ਦੀ ਮਹੱਤਵਪੂਰਨ ਪ੍ਰਾਪਤੀ ਹੈ, ਜਿਸ ਵਿਚ ਮਨੁੱਖ ਦੀ ਸਮਾਜਿਕ ਤੇ ਆਤਮਿਕ ਸਥਿਰਤਾ ਤੇ ਇਕਸੁਰਤਾ ਦਾ ਅੰਸ਼ ਵਿਦਮਾਨ ਹੈ। ਇਸੇ ਤਰ੍ਹਾਂ ਭਾਰਤੀ ਧਰਮ ਗ੍ਰੰਥਾਂ, ਰਾਮਾਇਣ ਅਤੇ ਗੀਤਾ ਵਿਚ ਨੈਤਿਕ ਚਿੰਤਨ ਤੇ ਅਧਿਆਤਮਕ ਚਿੰਤਨ ਦੇ ਉਸਾਰੂ ਸਿਧਾਂਤ ਕਾਇਮ ਹਨ, ਜਿਨ੍ਹਾਂ ਦੇ ਅਨੁਸਰਣ ਨਾਲ ਮਨੁੱਖ ਨੈਤਿਕ ਤੇ ਆਤਮਿਕ ਵਿਕਾਸ ਪ੍ਰਾਪਤ ਕਰ ਸਕਦਾ ਹੈ। ਗੀਤਾ ਦਾ ਨਿਸ਼ਕਾਮ ਕਰਮ ਦਾ ਸਿਧਾਂਤ ਵਿਆਪਕ ਪ੍ਰਭਾਵ ਰਖਦਾ ਹੈ, ਯੋਗ ਮਤਿ ਤੇ ਬੁਧਿ ਮਤਿ ਵਿਚ ਉਸਾਰੂ ਨੈਤਿਕ ਨਿਯਮਾਂ ਦੀ ਪਾਲਣਾ ਮੰਨੀ ਗਈ ਹੈ। ਇਸ ਤਰ੍ਹਾਂ ਵੈਦਿਕ ਕਾਲ ਤੋਂ ਲੈ ਕੇ ਮਧ ਕਾਲ ਤਕ ਮਨੁੱਖ ਦੀ ਅਧਿਆਤਮਕ ਬਿਰਤੀ ਦੇ ਵਿਕਾਸ ਵਿਚ ਅਨੇਕ ਦਾਰਸ਼ਨਿਕ ਵਾਦਾਂ ਤੇ ਧਾਰਮਿਕ ਸੰਪਰਦਾਵਾਂ ਨੇ ਵੱਖ ਵੱਖ ਰੂਪ ਵਿਚ ਹਿੱਸਾ ਪਾਇਆ ਹੈ।

ਪਰ ਸੁਆਲ ਉਥੇ ਦਾ ਉਥੇ ਹੀ ਰਹਿ ਗਿਆ, ਕਿਉਂਕਿ ਸਮੱਸਿਆ ਦਾ ਹਲ ਅਜਿਹਾ ਨਹੀਂ ਮਿਲ ਸਕਿਆ ਜੋ ਮਨੁੱਖ ਜੀਵਨ ਦੀ ਪ੍ਰਯੋਗਸ਼ਾਲਾ ਵਿਚ ਕਲਿਆਣਕਾਰੀ ਬਣ ਸਕਦਾ। ਸਾਧਨਾਂ ਕੇਵਲ ਕਰਮਕਾਂਡ ਬਣ ਕੇ ਰਹਿ ਗਈਆਂ, ਜਿਨ੍ਹਾਂ ਨੇ ਮੂਲ ਸਪਿਰਟ ਨੂੰ ਮੱਧਮ ਪਾ ਦਿੱਤਾ। ਉਸਦਾ ਪ੍ਰਮੁੱਖ ਕਾਰਨ ਵੈਦਿਕ ਵਿਚਾਰਧਾਰਾ ਦਾ ਕ੍ਰਿਆਤਮਕ ਜੀਵਨ ਵਿਚ ਬਹੁਦੇਵਾਦੀ ਧਾਰਨਾ, ਰਸਮੀ ਕਰਮਕਾਂਡੀ ਪੂਜਾ ਤੇ ਜਾਤ ਵੰਡ ਵਿਚ ਉਲਝ ਕੇ ਰਹਿ ਜਾਣਾ ਸੀ। ਇਸਲਾਮ ਆਪਣੀ ਰਾਜਸੀ ਤਾਕਤ ਨਾਲ ਮੂਰਤੀ ਪੂਜਾ ਤੇ ਅਵਤਾਰਵਾਦ ਦਾ ਖੰਡਨ

ਮਨੁੱਖੀ ਕਦਰਾਂ ਕੀਮਤਾਂ ਨੂੰ ਭੁਲਾ ਕੇ ਕਰ ਰਿਹਾ ਸੀ, ਹਿੰਦੂ ਮੁਸਲਮਾਨ ਨੂੰ ਮਲੇਛ ਕਹਿੰਦਾ ਤੇ ਮੁਸਲਮਾਨ ਹਿੰਦੂ ਨੂੰ ਕਾਫਰ। ਕਿਸੇ ਨੇ ਮਨੁੱਖ ਨੂੰ ਮਨੁੱਖ ਦੇ ਤੌਰ ਤੇ ਨਹੀਂ ਸੀ ਪਛਾਣਿਆ। ਯੋਗ ਸਾਧਨਾ ਵਿਅਕਤੀਗਤ ਸਾਧਨਾ ਸੀ ਤੇ ਉਸਦਾ ਕੇਵਲ ਵਿਕ੍ਰਿਤ ਪੱਖ ਹੀ ਸਾਹਮਣੇ ਆਇਆ ਸੀ। ਨਾਥ ਪੰਥੀ ਵੀ ਸਮਾਜਿਕ ਜੀਵਨ ਬਸਰ ਕਰਨ ਦੇ ਵਿਰੁੱਧ ਸਨ। ਬੁਧਿ ਮਤਿ ਗ਼ੈਰ ਕੁਦਰਤੀ ਜੀਵਨ ਦਾ ਹਾਮੀ ਸੀ। ਸ਼ੰਕਰਾਚਾਰਯ ਦਾ ਅਦ੍ਵੈਤ ਦਰਸ਼ਨ ਆਮ ਜਨਤਾ ਦੀ ਪਹੁੰਚ ਤੋਂ ਬਾਹਰ ਸੀ। ਸਮੁੱਚੇ ਰੂਪ ਵਿਚ ਪਰੰਪਰਾ ਸੰਸਾਰਕ ਜੀਵਨ ਵਿਚ ਵੈਰਾਗ ਤੇ ਸੰਨਿਆਸ ਤੇ ਜੋਰ ਸੀ, ਜੋ ਮਨੁੱਖ ਨੂੰ ਸੰਸਾਰ ਨਾਲ ਘਿਰਣਾ ਸਿੱਖਾਉਂਦਾ ਤੇ ਕਰਮਹੀਣਤਾ ਵਲ ਤੋਰਦਾ। ਅਨੇਕ ਦੇਵੀ ਦੇਵਤਿਆਂ ਤੇ ਸਖਸ਼ੀ ਗੁਲਾਮੀ ਦੇ ਬੰਧਨ ਵਿਚ ਜਕੜਦਾ ਸੀ।[1]

ਸੋ ਆਤਮ ਬੋਧ ਤੇ ਪਰਮਾਤਮ ਅਭੇਦਤਾ ਦੀ ਸਮੱਸਿਆ ਦਾ ਸਮਾਧਾਨ ਗੁੰਝਲਦਾਰ ਤੇ ਜਟਿਲ ਰੂਪ ਧਾਰ ਗਿਆ। ਮਨੁੱਖ ਨੂੰ ਸਾਰਥਿਕ ਜੀਵਨ ਮਾਰਗ ਨਹੀਂ ਮਿਲ ਸਕਿਆ। ਲੋੜ ਸੀ ਕਿ ਮਨੁੱਖ ਨੂੰ ਅਜਿਹਾ ਜੀਵਨ-ਵਿਵਹਾਰ ਮਿਲੇ ਜਿਸ ਵਿਚ ਮਨੁੱਖ ਦੀ ਸਰੀਰਕ, ਮਾਨਸਿਕ, ਸਦਾਚਾਰਕ ਤੇ ਆਤਮਿਕ ਸ਼ਕਤੀ ਪ੍ਰਫੁਲਿਤ ਹੋ ਸਕੇ ਤੇ ਮਨੁੱਖ ਰਾਜਸੀ ਤੇ ਆਰਥਿਕ ਖੇਤਰ ਵਿਚ ਸ੍ਵੈਮਾਨ ਲੈ ਸਕੇ। ਮਨੁੱਖ ਜੀਵਨ ਤਾਂ ਹੀ ਅਰਥ-ਯੁਕਤ ਬਣਦਾ ਹੈ ਜੇ ਉਹ ਉੱਦੇਸ਼-ਆਦਰਸ਼ ਵਾਲੇ ਜੀਵਨ ਵਿਵਹਾਰ ਸਦਕਾ ਸੁਖਾਵਾਂ, ਉਪਯੋਗੀ ਤੇ ਪਰਉਪਕਾਰੀ ਜੀਵਨ ਜੀਊ ਸਕੇ।

ਸੁਖਾਵਾਂ, ਉਪਯੋਗੀ ਤੇ ਪਰਉਕਾਰੀ ਜੀਵਨ ਲਈ ਜ਼ਰੂਰੀ ਹੈ ਕਿ ਮਨੁੱਖ ਕਿਸੇ ਸੰਸਥਾ ਅਥਵਾ ਟੋਲੇ ਵਿਚ ਬੱਝ ਕੇ ਮਿਲਵਾਂ ਉੱਦਮ ਕਰੇ। ਕੇਵਲ ਨਿੱਜੀ ਯਤਨ ਵਧੇਰੇ ਫਲਦਾਇਕ ਨਹੀਂ ਬਣਦੇ। ਮੂਲ ਉੱਦੇਸ਼ ਨੂੰ ਪੱਕੀ ਤਰ੍ਹਾਂ ਸਾਂਝੇ ਤੌਰ ਤੇ ਜਾਣਨਾ ਤੇ ਪਰਸਪਰ ਉਸ ਉੱਦੇਸ਼ ਦੀ ਪੂਰਤੀ ਲਈ ਆਸਥਾ, ਯਕੀਨ ਦਾ ਬਝਣਾ, ਸੰਸਥਾ ਵਿਚ ਉਸਾਰੂ ਤੇ ਮਹਾਨ ਪਰੇਰਕ ਸ਼ਕਤੀ ਬਣਦਾ ਹੈ। ਅਧਿਆਤਮਿਕ ਇਤਿਹਾਸ ਵਿਚ ਵਿਕਾਸ ਵਿਚ ਇਹ ਸ਼ਕਤੀ ਸਮਰੱਥਾ ਤੇ ਪ੍ਰੇਰਣਾ ਸਿੱਖ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਤਿਸੰਗਤਿ ਦੇ ਰੂਪ ਵਿਚ ਦਿੱਤੀ ਹੈ।

ਮਨੋਵਿਗਿਆਨਕ ਨੁਕਤੇ ਤੋਂ ਟੋਲਾ ਜਾਂ ਸਮੂਹ ਮਨੁੱਖੀ ਅੰਤਹਕਰਣ ਨੂੰ ਪ੍ਰਫੁੱਲਿਤ ਕਰਨ ਵਿਚ ਵਧੇਰੇ ਸਹਿਯੋਗੀ ਹੁੰਦੀ ਹੈ। ਭਾਈਚਾਰਕ ਸੰਬੰਧ ਕਾਇਮ ਰੱਖ ਕੇ ਮਨੁੱਖ ਨੂੰ ਮਾਨਸਿਕ ਖੁਸ਼ੀ ਹੁੰਦੀ ਹੈ। ਇਸ ਲਈ ਉਹ ਉਸ ਦੀ ਮਾਨ ਮਰਯਾਦਾ ਰਹੁ-ਰੀਤ ਨੂੰ ਕਾਇਮ ਰੱਖਣ ਲਈ ਵਧ ਤੋਂ ਵਧ ਯਤਨ ਕਰਕੇ ਆਪਣੇ ਸੰਬੰਧ ਸੁਖਾਵੇਂ ਬਣਾਉਣ ਲਈ ਯਤਨਸ਼ੀਲ ਹੁੰਦਾ ਹੈ। ਸਮੂਹ ਦੀਆਂ ਕਿਰਿਆਵਾਂ ਮਨੁੱਖ ਨੂੰ ਉਤਸ਼ਾਹਿਤ ਤੇ ਪਰੇਰਿਤ ਕਰਦੀਆਂ ਹਨ। ਮਨੁੱਖ ਦਾ ਮਾਨਸਿਕ ਬਲ ਵੱਧ ਜਾਂਦਾ ਹੈ। ਉੱਚੀ ਸੰਗਤ ਮਨੁੱਖ ਨੂੰ ਜੀਵਨ ਵਿਚ ਸੁਖਾਵਾਂ ਤੇ ਕਲਿਆਣਕਾਰੀ ਮਾਰਗ ਦਰਸਾਉਂਦੀ ਹੈ। ਅਧਿਆਤਮਿਕ ਖੇਤਰ ਵਿਚ ਵਿਚ ਅਨੇਕ ਮਤਾਂ ਵਿਚ ਉੱਤਮ ਪੁਰਖਾਂ ਦੀ ਸੰਗਤ ਨੂੰ ਸਰੇਸ਼ਟ ਮੰਨਿਆ ਗਿਆ ਹੈ ਪਰ ਗੁਰਮਤਿ ਵਿਚ ਸਤਿਸੰਗਤਿ ਨੂੰ ਵਿਅਕਤੀਗਤ ਉਸਾਰੀ ਤੇ ਆਤਮਿਕ ਉੱਨਤੀ ਲਈ ਵਧੇਰੇ ਲੋੜੀਂਦਾ ਮੰਨਿਆ ਜਾਂਦਾ ਹੈ। ਸਤਿਸੰਗਤਿ ਹੀ ਮਨੁੱਖ ਨੂੰ ਅਵਗੁਣਾਂ ਦਾ ਤਿਆਗ ਕਰਕੇ ਉੱਤਮ ਪੁਰਖ ਬਣਨ ਦਾ ਰਾਹ ਦੱਸਦੀ ਹੈ। ਗੁਰਬਾਣੀ ਵਿਚ ਉੱਤਮ ਸੰਗਤਿ ਤੇ ਸੱਚੀ ਸੰਗਤਿ ਦਾ ਮੇਲ ਜ਼ਰੂਰੀ ਦੱਸਿਆ ਹੈ ਕਿਉਂਕਿ ਉਹੋ ਪਰਵਾਨ ਤੇ ਪ੍ਰਧਾਨ ਹੁੰਦਾ ਹੈ, ਜਿਸ ਨੂੰ ਸਤਿਸੰਗਤਿ ਦਾ ਮੇਲ ਪ੍ਰਾਪਤ ਹੁੰਦਾ ਹੈ ਤੇ ਜਿਥੋਂ ਸੱਚਾ ਪ੍ਰਭੂ ਮਿਲਿਆ ਹੁੰਦਾ ਹੈ :

ਬ੍ਰਾਹਮਣ ਖਤ੍ਰੀ ਸੂਦ ਵੈਸ
ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ।
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੁੜਾ
ਤਿਉ ਸਤਿਸੰਗਤਿ ਮਿਲਿ ਪਤਿਤ ਪਰਵਾਣੁ।
ਉਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨ। ਪੰ. ੮੬੧

ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ 'ਦੁਰਲਭ ਜਨਮ' ਤੋਂ ਸੁਚੇਤ ਕਰਾ ਕੇ ਮੁਖ ਉਦੇਸ਼ ਵਲ ਕਾਰਜਸ਼ੀਲ ਹੋਣ ਲਈ ਤੇ ਮੁਖ ਆਹਰ ਵਲ ਜੁਟਣ ਲਈ ਸਤਿਸੰਗਤਿ ਦਾ ਮੇਲ ਸਰਵੋਤਮ ਦੱਸਿਆ :

ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।
ਅਵਰ ਕਾਜ ਤੇਰੈ ਕਿਤੈ ਨ ਕਾਮ।
ਮਿਲਿ ਸਾਧ ਸੰਗਤਿ ਭਜੁ ਕੇਵਲ ਨਾਮ। ਪੰ. ੧੨
ਮੇਰੇ ਮਾਧਉ ਜੀ ਸਤਿ ਸੰਗਤਿ ਮਿਲੇ ਸੁ ਤਰਿਆ। ਪੰ. ੧੦

ਪਰਿਭਾਸ਼ਾ

ਸਤਿਸੰਗਤਿ ਤੋਂ ਭਾਵ ਹੈ ਪਦਾਰਥਕ ਦੁਨੀਆਂ ਵਿਚ ਰਹਿੰਦਿਆਂ ਹੋਇਆਂ ਸਤਿ ਤਤਿ ਨਾਲ ਮੇਲ ਸਥਾਪਤ ਕਰਨ ਦੀ ਸੰਸਥਾ, ਬੈਠਕ ਅਥਵਾ ਲੋਕ ਸਮੂਹ। ਗੁਰਬਾਣੀ ਵਿਚ ਸਤਿਸੰਗਤਿ ਸ਼ਬਦ ਤੋਂ ਇਲਾਵਾ ਸੰਗਤਿ, ਸਾਧ ਸੰਗਤਿ, ਸਾਧ ਸੰਗੁ, ਸੰਤ-ਸੁਭਾ, ਸੰਤ-ਮੰਡਲੀ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ ਜੋ ਵਿਸ਼ੇ-ਵਸਤੂ ਪੱਖ ਤੋਂ ਸਮ-ਭਾਵੀ ਅਰਥ ਰਖਦੇ ਹਨ। ਜਿਹਾ ਕਿ :

ਸਾਧ ਸੰਗਤਿ ਕੀ ਜਾਵਹੁ ਟੇਕ।
ਕਹੁ ਨਾਨਕ ਤਿਸੁ ਕੀਰਤਨੁ ਏਕ। ਪੰ. ੮੮੫
ਸਾਧ ਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ। ਪੰ. ੮੮੮
ਉਤਮ ਸੰਗਤਿ ਉਤਮੁ ਹੋਵੈ ਗੁਣ ਕਉ ਧਾਵੈ ਅਵਗੁਣ ਧੋਵੈ। ਪੰ. ੪੪੪
ਤਤੁ ਲਹਹਿ ਅੰਤਰਗਤਿ ਜਾਨਹਿ ਸਤ ਸੰਗਤਿ ਸਾਚੁ ਵਡਾਈ ਹੇ।
ਆਪਿ ਤਰੈ ਜਨ ਪਿਤਰਾ ਤਾਰੇ।
ਸੰਗਤਿ ਮੁਕਤਿ ਸੁ ਪਾਰਿ ਉਤਾਰੇ। ਪੰ. ੧੦੨੬
ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ।
ਹਰਿ ਸਿਮਰਿ ਏਕ ਰੰਗਿ ਮਿਟਿ ਜਾਹਿ ਦੋਖ ਮੀਤ। ਪੰ. ੧੨੭੨
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸ।
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲੁ ਹੋਵੈ ਪਰਗਾਸੁ ॥ ਪੰ. ੬੩੯
ਮਾਈ ਸਤਸੰਗਿ ਜਾਗੀ।
ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ। ਪੰ. ੧੧੧੯

ਮਹਾਨ ਕੋਸ਼ ਵਿਚ ਸਤਿਸੰਗਤਿ ਤੇ ਸੰਗਤਿ ਤੋਂ ਭਾਵ ਭਲੇ ਲੋਕਾਂ ਦੀ ਸੰਗਤਿ, ਭਲੇ ਲੋਕਾਂ ਦੀ ਮਜਲਿਸ, ਗੁਰਸਿੱਖਾਂ ਦੇ ਜਮ੍ਹਾਂ ਹੋਣ ਦੀ ਥਾਂ ਹੈ।[3] ਸਾਧ ਸੰਗ ਨੂੰ ਉੱਤਮ ਲੋਕਾਂ ਦੀ

ਸੰਗਤ ਕਿਹਾ ਹੈ।[4] 'ਗੁਰ ਸੋਭਾ' ਵਿਚ *'ਸੋ ਸਤਿਸੰਗਤਿ ਜਾਨਿਯੇ ਜਹਾਂ ਵਿਵੇਕ ਵਿਚਾਰ'*।[5] ਭਾਈ ਨੰਦ ਲਾਲ ਜੀ ਨੇ ਸਿੱਖ ਧਰਮ ਦਾ ਨਾਉ ਸਾਧ ਸੰਗ ਲਿਖਿਆ ਹੈ। 'ਹਮਚੁਨਾ ਦਰ ਮਜਹਬੇ ਈ ਸਾਧ ਸੰਗ'।[6]

ਸਤਿ ਸੰਗਤਿ ਦੇ ਸਰੂਪ ਦੀ ਸਥਾਪਨਾ ਗੁਰੂ ਨਾਨਕ ਦਵੇ ਜੀ ਨੇ ਕੀਤੀ। ਜਿਸ ਦੀ ਪ੍ਰਫੁੱਲਿਤਾ ਬਾਕੀ ਗੁਰੂ ਸਾਹਿਬਾਂ ਸਮੇ ਹੋਈ। ਇਸ ਪ੍ਰਫੁੱਲਿਤਾ ਦੀ ਪ੍ਰਪੱਕਤਾ ਤੇ ਮੋਹਰ ਛਾਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਰੂਪ ਵਿਚ ਲਾਈ। ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਤਕ ਇਸ ਸੰਸਥਾ ਦੇ ਸਰੂਪ ਵਿਕਾਸ ਦੀ ਝਾਤ ਗੁਰਬਾਣੀ, ਭਾਈ ਗੁਰਦਾਸ ਦੀਆਂ 41 ਵਾਰਾਂ ਤੇ ਭਾਈ ਗੁਰਦਾਸ ਸਿੰਘ ਦੀ 42 ਵੀ ਵਾਰ ਤੇ ਗੁਰੂ ਗੋਬਿੰਦ ਸਿੰਘ ਦੀ ਰਚਨਾ ਵਿਚੋ 'ਸੰਤ ਉਭਾਰਨ' ਤੇ 'ਪੰਥ ਚਲਾਵਨ' ਦੇ ਰੂਪ ਵਿਚੋ ਮਿਲਦੀ ਹੈ ਜੋ ਇਉਂ ਹੈ :

ਸਤਿ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ। ਪੰ. ੭੨
ਸਤਿ ਸੰਗਤਿ ਮਹਿ ਨਾਮੁ ਹਰਿ ਉਪਜੈ ਜਾਂ ਸਤਿਗੁਰ ਮਿਲੇ ਸੁਭਾਇ।
ਮਨੁ ਤਨੁ ਅਰਪੀ ਆਪ ਗਵਾਈ ਚਲਾ ਸਤਿਗੁਰ ਭਾਏ। ਪੰ. ੬੮
ਮਿਲਿ ਸਤਸੰਗਤਿ ਖੋਜੁ ਦਸਾਈ।
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਓ। ਪੰ. ੯੪
ਸਤਿ ਸੰਗਤਿ ਸਤਿਗੁਰ ਚਟਸਾਲ ਹੈ
ਜਿਤ ਹਰ ਗੁਣ ਸਿਖਾ। ਪੰ. ੧੩੧੬
ਸਾਧ ਸੰਗਿ ਹਰ ਕੀਰਤਨ ਗਾਈਐ।
ਇਹ ਅਸਥਾਨ ਗੁਰੂ ਤੇ ਪਾਈਐ। ਪੰ. ੨੦੪
ਜੇ ਲੋੜਹਿ ਸਦਾ ਸੁਖ ਭਾਈ।
ਸਾਧੂ ਸੰਗਤਿ ਗੁਰਹਿ ਬਤਾਈ।
ਊਹਾ ਜਪੀਐ ਕੇਵਲ ਨਾਮ
ਸਾਧੂ ਸੰਗਤਿ ਪਾਰਗਰਾਮ। ਪੰ. ੧੧੮੨
ਗੁਰਮੁਖ ਨਾਮ ਅਮੋਲ ਹੈ ਵਡਭਾਗੀ ਸੁਣੀਐ।
ਸਤਿਸੰਗਤਿ ਵਿਚ ਪਾਈਐ ਨਿਤ ਹਰਿ ਗੁਣ ਗੁਣੀਐ।
ਧਰਮ ਖੇਤ ਕਲਿਜੁਗ ਸਰੀਰ ਬੋਈਐ ਸੋ ਲੁਣੀਐ।
ਸਚਾ ਸਾਹਿਬ ਸਚ ਨਿਆਉ ਪਾਣੀ ਜਿਉ ਪੁਣੀਐ।
ਵਿਚਿ ਸੰਗਤਿ ਸਚ ਵਰਤਦਾ ਨਿਤ ਨੇਹੁ ਨਵੇਲਾ।[7]
ਤਿਨ ਇਹ ਕਲ ਮੇ ਧਰਮੁ ਚਲਾਯੋ।
ਸਭ ਸਾਧਨ ਕੋ ਰਾਹੁ ਬਤਾਯੋ।
ਜੋ ਤਾਕੇ ਮਾਰਗ ਮਹਿ ਆਏ।
ਤੇ ਕਬਹੂ ਨਹਿ ਪਾਪ ਸੰਤਾਏ।[8]

ਗੁਰੂ ਨਾਨਕ ਦੇਵ ਜੀ ਦੇ ਸਥਾਪਿਤ ਸਤਿਸੰਗਤਿ ਜੀਵਨ ਮਾਰਗ (ਧਰਮ) ਨੂੰ ਖਾਲਸਾ ਪੰਥ ਦੇ ਰੂਪ ਵਿਚ ਸਾਜਿਆ ਜਾਂ ਇਉਂ ਕਹਿ ਲਉ ਸਤਿਸੰਗਤਿ ਦੀ ਉਪਜ ਖਾਲਸਾ ਪੰਥ ਰੂਪ

ਸੰਗਤ ਕਿਹਾ ਹੈ।[4] 'ਗੁਰ ਸੋਭਾ' ਵਿਚ *'ਸੋ ਸਤਿਸੰਗਤਿ ਜਾਨਿਯੋ ਜਹਾਂ ਵਿਵੇਕ ਵਿਚਾਰ'*।[5] ਭਾਈ ਨੰਦ ਲਾਲ ਜੀ ਨੇ ਸਿੱਖ ਧਰਮ ਦਾ ਨਾਉ ਸਾਧ ਸੰਗ ਲਿਖਿਆ ਹੈ। 'ਹਮਚੁਨਾ ਦਰ ਮਜਹਬੇ ਈ ਸਾਧ ਸੰਗ' ।[6]

ਸਤਿ ਸੰਗਤਿ ਦੇ ਸਰੂਪ ਦੀ ਸਥਾਪਨਾ ਗੁਰੂ ਨਾਨਕ ਦਵੇ ਜੀ ਨੇ ਕੀਤੀ। ਜਿਸ ਦੀ ਪ੍ਰਫੁੱਲਿਤਾ ਬਾਕੀ ਗੁਰੂ ਸਾਹਿਬਾਂ ਸਮੇਂ ਹੋਈ। ਇਸ ਪ੍ਰਫੁੱਲਿਤਾ ਦੀ ਪ੍ਰਪੱਕਤਾ ਤੇ ਮੋਹਰ ਛਾਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੇ ਰੂਪ ਵਿਚ ਲਾਈ। ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਤਕ ਇਸ ਸੰਸਥਾ ਦੇ ਸਰੂਪ ਵਿਕਾਸ ਦੀ ਝਾਤ ਗੁਰਬਾਣੀ, ਭਾਈ ਗੁਰਦਾਸ ਦੀਆਂ 41 ਵਾਰਾਂ ਤੇ ਭਾਈ ਗੁਰਦਾਸ ਸਿੰਘ ਦੀ 42 ਵੀ ਵਾਰ ਤੇ ਗੁਰੂ ਗੋਬਿੰਦ ਸਿੰਘ ਦੀ ਰਚਨਾ ਵਿਚੋਂ 'ਸੰਤ ਉਭਾਰਨ' ਤੇ 'ਪੰਥ ਚਲਾਵਨ' ਦੇ ਰੂਪ ਵਿਚੋਂ ਮਿਲਦੀ ਹੈ ਜੋ ਇਉਂ ਹੈ :

ਸਤਿ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ। ਪੰ. ੭੨
ਸਤਿ ਸੰਗਤਿ ਮਹਿ ਨਾਮੁ ਹਰਿ ਉਪਜੈ ਜਾਂ ਸਤਿਗੁਰ ਮਿਲੈ ਸੁਭਾਇ।
ਮਨੁ ਤਨੁ ਅਰਪੀ ਆਪ ਗਵਾਈ ਚਲਾ ਸਤਿਗੁਰ ਭਾਏ। ਪੰ. ੬੮
ਮਿਲਿ ਸਤਸੰਗਤਿ ਖੋਜੁ ਦਸਾਈ।
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਓ। ਪੰ. ੯੪
ਸਤਿ ਸੰਗਤਿ ਸਤਿਗੁਰ ਚਟਸਾਲ ਹੈ
ਜਿਤ ਹਰ ਗੁਣ ਸਿਖਾ। ਪੰ. ੧੩੧੬
ਸਾਧ ਸੰਗਿ ਹਰ ਕੀਰਤਨ ਗਾਈਐ।
ਇਹ ਅਸਥਾਨ ਗੁਰੂ ਤੇ ਪਾਈਐ। ਪੰ. ੨੦੪
ਜੇ ਲੋੜਹਿ ਸਦਾ ਸੁਖ ਭਾਈ।
ਸਾਧੂ ਸੰਗਤਿ ਗੁਰਹਿ ਬਤਾਈ।
ਊਹਾ ਜਪੀਐ ਕੇਵਲ ਨਾਮ
ਸਾਧੂ ਸੰਗਤਿ ਪਾਰਗਰਾਮ। ਪੰ. ੧੧੮੨
ਗੁਰਮੁਖ ਨਾਮ ਅਮੋਲ ਹੈ ਵਡਭਾਗੀ ਸੁਣੀਐ।
ਸਤਿਸੰਗਤਿ ਵਿਚ ਪਾਈਐ ਨਿਤ ਹਰਿ ਗੁਣ ਗੁਣੀਐ।
ਧਰਮ ਖੇਤ ਕਲਿਜੁਗ ਸਰੀਰ ਬੋਈਐ ਸੋ ਲੁਣੀਐ।
ਸਚਾ ਸਾਹਿਬ ਸਚ ਨਿਆਉ ਪਾਣੀ ਜਿਉ ਪੁਣੀਐ।
ਵਿਚਿ ਸੰਗਤਿ ਸਚ ਵਰਤਦਾ ਨਿਤ ਨੇਹੁ ਨਵੇਲਾ।[7]
ਤਿਨ ਇਹ ਕਲ ਮੋ ਧਰਮੁ ਚਲਾਯੋ।
ਸਭ ਸਾਧਨ ਕੋ ਰਾਹੁ ਬਤਾਯੋ।
ਜੋ ਤਾਕੇ ਮਾਰਗ ਮਹਿ ਆਏ।
ਤੇ ਕਬਹੂ ਨਹਿ ਪਾਪ ਸੰਤਾਏ।[8]

ਗੁਰੂ ਨਾਨਕ ਦੇਵ ਜੀ ਦੇ ਸਥਾਪਿਤ ਸਤਿਸੰਗਤਿ ਜੀਵਨ ਮਾਰਗ (ਧਰਮ) ਨੂੰ ਖਾਲਸਾ ਪੰਥ ਦੇ ਰੂਪ ਵਿਚ ਸਾਜਿਆ ਜਾਂ ਇਉਂ ਕਹਿ ਲਉ ਸਤਿਸੰਗਤਿ ਦੀ ਉਪਜ ਖਾਲਸਾ ਪੰਥ ਰੂਪ

ਵਿਚ ਹੋਈ।

ਮੈ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ, ਕਹੁ ਸਾਜਾ।[9]
ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵਿ ਪਠਾਏ।
ਜਹਾ ਤਹਾ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਭਾਰਨ।
ਦੁਸਟ ਸਭਨ ਕੋ ਮੂਲ ਉਪਾਰਿਨ।[10]

ਉਕਤ ਪਰਿਭਾਸ਼ਕ ਸਰਵੇਖਣ ਤੋਂ ਸਤਿਸੰਗਤਿ ਦੇ ਸਰੂਪ ਤੇ ਬਣਤਰ ਤੇ ਪ੍ਰਕਾਸ਼ ਪੈਂਦਾ ਹੈ ਜਿਸ ਤੋਂ ਇਸ ਜੱਥੇਬੰਦੀ ਦੀਆਂ ਵਿਸ਼ੇਸ਼ਤਾਵਾਂ (characteristics) ਉਘੜਦੀਆਂ ਹਨ।

1. ਸਤਿਸੰਗਤਿ ਪ੍ਰਭੂ ਨਾਮ ਲੇਵਿਆਂ ਦਾ ਇਕੱਠ ਜਾਂ ਸਮੂਹ ਹੈ, ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਦੇ ਹਨ ਤੇ ਕੇਵਲ ਇਕ ਪ੍ਰਭੂ ਦੀ ਉਸਤਤਿ ਵਿਚ ਵਿਚਾਰ ਕਰਦੇ ਕਥਾ ਕੀਰਤਨ ਦੁਆਰਾ ਗੁਰਬਾਣੀ ਗਾਇਨ ਕਰਦੇ ਤੇ ਪੜ੍ਹਦੇ ਹਨ।
2. ਸੰਗਤਿ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਸਮਰਪਿਤ ਕੀਤਾ ਹੈ "*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ*"। "*ਸਭ ਸਿੱਖਨ ਕੋ ਹੁਕਮ ਹੈ ਗੁਰੁ ਮਾਨਯੋ ਗ੍ਰੰਥ।*" ਗੁਰ-ਸ਼ਬਦ ਮਨੁੱਖ ਜੀਵਨ ਦਾ ਸਹਾਰਾ ਹੈ। "*ਜਿਉ ਮੰਦਰ ਕਉ ਥਾਮੈ ਥੰਮਨ ਤਿਉ ਗੁਰ ਕਾ ਸਬਦ ਮਨਹਿ ਅਸਥੰਮਨ*"। ਸੋ ਸਤਿਸੰਗਤਿ ਉਥੇ ਬਣਦੀ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।
3. ਸਤਿਸੰਗਤਿ ਵਿਚ ਪ੍ਰਭੂ ਆਪ ਬਿਰਾਜਮਾਨ ਹੁੰਦਾ ਹੈ। ਇਸ ਲਈ ਸਤਿਸੰਗਤਿ ਸੱਚ ਖੰਡ ਹੈ। ਪ੍ਰਭੂ ਉੱਤਮ ਗੁਣਾਂ ਦਾ ਸੋਮਾਂ ਹੈ। ਉੱਤਮ ਗੁਣਾਂ ਤੇ ਮਨ ਇਕਾਗਰ ਕਰਨ ਨਾਲ ਮਨ ਵਿਚੋਂ ਦ੍ਵੈਤ, ਹੰਕਾਰ, ਈਰਖਾ ਆਦਿ ਅਗਿਆਨਤਾ ਬਿਨਸ ਜਾਂਦੀ ਹੈ। ਮੈਲੇ ਅਵਗੁਣ ਦੀ ਥਾਂ ਗਿਆਨ ਰਤਨ ਦਾ ਪ੍ਰਕਾਸ਼ ਉਪਜਦਾ ਹੈ। ਇਸ ਪ੍ਰਕਾਰ ਸਤਿਸੰਗਤਿ ਵਿਚ ਮਨੁੱਖੀ ਮਨ ਮਾਂਜਿਆ ਜਾਂਦਾ ਹੈ। ਪ੍ਰਭੂ ਵਿਚ ਵਿਸ਼ਵਾਸ ਜਾਂ ਯਕੀਨ ਬੱਝਦਾ ਹੈ।
4. ਸਤਿਸੰਗਤਿ ਸਤਿਗੁਰੂ ਦੀ ਅਜਿਹੀ ਚਟਸਾਲ ਹੈ ਜਿਥੋਂ ਹਰੀ ਗੁਣਾਂ ਦੀ ਸਿਖਿਆ ਮਿਲਦੀ ਹੈ ਤੇ ਵਿਸ਼ਵਵਾਰਥੀ ਕੀਮਤਾਂ ਨੂੰ ਅਮਲੀ ਰੂਪ ਮਿਲਦਾ ਹੈ। ਸਤਿਸੰਗਤਿ ਸੱਚ ਨੂੰ ਕਰਮ ਵਿਚ ਬਦਲਣ ਦੀ ਜਾਚ ਦੱਸਦੀ ਹੈ। "*ਏਕੋ ਨਾਮ ਹੁਕਮ ਹੈ*" ਦੀ ਸੂਝ ਗੁਰੂ ਗ੍ਰੰਥ ਸਾਹਿਬ ਤੋਂ ਸਤਿਸੰਗਤਿ ਦੁਆਰਾ ਪਤਾ ਲਗਦੀ ਹੈ। ਹੁਕਮ ਦੀ ਪਾਲਣਾ ਸਤਿਸੰਗਤਿ ਵਿਚ ਪ੍ਰਾਪਤ ਹੁੰਦੀ ਹੈ। ਇਹ ਸੱਚ ਮਨੁੱਖ ਨੂੰ ਕਲਿਆਣਕਾਰੀ ਮਾਰਗ ਤੇ ਤੋਰਦਾ ਹੈ "*ਜੇਹਾ ਬੀਜੈ ਸੋ ਲੁਣੇ*" (ਪੰ. ੧੩੪)

"ਮੇਰਾ ਕੀਆ ਕਛੂ ਨਾ ਹੋਇ ਕਰਿ ਹੈ ਰਾਮ ਹੋਇ ਹੈ ਸੋਇ" (ਪੰ. ੧੩੬)। ਇਹ ਅਵਸਥਾ ਹੁਕਮ, ਭਉ ਦੀ ਪਛਾਣ ਹੈ। ਇਹੋ ਗੁਰਮਿੱਖੀ ਹੈ, ਇਹ ਗੁਰਸਿੱਖੀ ਦਾ ਅਨੁਸ਼ਾਸਨ ਹੈ ਜੋ ਸਤਿਸੰਗਤਿ ਵਿਚੋਂ ਸਿਖਿਆ ਜਾਂਦਾ ਹੈ। ਇਹ ਅਨੁਸ਼ਾਸਨ ਹੀ ਗੁਰਸਿੱਖੀ ਦੀ ਉਚੇਰੀ ਮੰਜਿਲ ਦਾ ਧੁਰਾ ਹੈ, ਜਿਸ ਵਿਚੋਂ ਸਰੀਰਕ, ਮਾਨਸਿਕ ਤੇ ਆਤਮਿਕ ਬਲ, ਦਲੇਰੀ ਤੇ ਨਿਡਰਤਾ ਉਪਜਦੇ ਹਨ। ਹੁਕਮ ਤੇ ਭਉ ਦੀ ਅਨੁਸਾਰਤਾ ਤੇ ਇਕਸੁਰਤਾ (harmony) ਵਿਚੋਂ ਭਾਉ ਉਪਜਦਾ ਹੈ ਜੋ *"ਗੁਣ ਕਹਿ ਗੁਣੀ ਸਮਾਵਣਿਆ"* ਦੀ ਅਵਸਥਾ ਬਣਾ ਦਿੰਦੇ ਹਨ।

5. ਸਤਿਸੰਗਤਿ ਵਿਚ ਸਰਬ ਮਨੁੱਖ ਬਿਨਾਂ ਭਿੰਨ ਭੇਦ ਦੇ ਇਕ ਮੰਤਵ, ਆਸ਼ੇ ਨਾਲ ਮਿਲ ਬੈਠਦੇ ਹਨ। ਸਾਂਝੇ ਉੱਦੇਸ਼ ਦੀ ਪੂਰਤੀ ਲਈ ਮਿਲਵਰਤਨ ਦੀ ਭਾਵਨਾ ਰੱਖਦੇ, ਸਾਂਝੇ ਯਤਨਾਂ ਦੁਆਰਾ ਯਤਨਸ਼ੀਲ ਹੁੰਦੇ ਹਨ।
6. ਗੁਰੂ ਗੋਬਿੰਦ ਸਿੰਘ ਜੀ ਨੇ *"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ"*, ਖੰਡੇ ਦੀ ਪਾਹੁਲ ਦੁਆਰਾ *"ਗੁਰ ਸੰਗਤਿ ਕੀਨੀ ਖਾਲਸਾ"*, ਸਤਿਸੰਗਤਿ ਨੂੰ ਖਾਲਸਾ ਰੂਪ (ਸਿੰਘ ਤੇ ਕੌਰ) ਪ੍ਰਦਾਨ ਕਰਕੇ ਮੀਰੀ ਪੀਰੀ ਦੀ ਸ਼ਕਤੀ ਨਾਲ ਸੁਸ਼ੋਭਿਤ ਕਰਕੇ ਨਵੀਂ ਕੌਮ ਦੀ ਉਸਾਰ ਕੀਤੀ। ਸੰਗਤ ਦਾ ਮੇਲਾਪ, ਪੰਜਾਂ ਦੂਤਾਂ ਦਾ ਨਾਸ਼ ਤੇ ਪ੍ਰਭੂ ਨਾਮ ਦਾ ਜਾਪ, ਖੰਡੇ ਦੀ ਪਾਹੁਲ, ਜਨਮ ਸੁਹੇਲਾ ਇਹ ਗੁਰੂ ਗੋਬਿੰਦ ਸਿੰਘ ਦਾ ਜੀਵਨ ਫੁਰਮਾਨ ਹੈ। ਜਿਸ ਦੇ ਅਮਲੇ ਨੇ ਸ੍ਵੈ-ਅਭਿਮਾਨੀਆਂ ਦੀ ਕੌਮ-ਸਿਰਜੀ ਜੋ ਸਾਂਝੇ ਹਿਤਾਂ ਲਈ ਦ੍ਰਿੜ੍ਹਤਾ ਨਾਲ ਡਟਣ ਦੀ ਸ਼ਕਤੀ ਸਾਹਸ ਸੰਪੰਨ ਹੋਏ। ਨਿਵੇਕਲੀ ਕੌਮ ਨੇ ਦ੍ਰਿੜ੍ਹਤਾ ਸਹਿਤ ਸ਼ਾਹੀ ਹਕੂਮਤ ਅੱਗੇ ਡੱਟ ਕੇ ਮੁਕਾਬਲਾ ਕੀਤਾ ਤੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਦੀ ਪਾਤਸ਼ਾਹੀ ਕਾਇਮ ਕਰਨਾ ਇਸ ਦੇ ਕੌਮੀ ਸਰੂਪ ਦਾ ਪ੍ਰਤੱਖ ਪ੍ਰਮਾਣ ਹੈ।

ਉੱਦੇਸ਼

ਸਤਿਸੰਗਤਿ ਮਨੁੱਖ ਨੂੰ ਮੂਲ ਉੱਦੇਸ਼ ਨਾਲ ਜੋੜਦੀ ਹੈ। ਮਨੁੱਖੀ ਹੋਂਦ ਆਤਮਿਕ ਉੱਨਤੀ ਲਈ ਹੈ। ਉੱਨਤ ਅਵਸਥਾ ਹਾਸਲ ਕਰਨ ਲਈ ਗੁਰਬਾਣੀ ਵਿਚ ਸਤਿਸੰਗਤਿ ਵਿਚ ਸ਼ਾਮਲ ਹੋਣਾ ਆਵੱਸ਼ਕ ਮੰਨਿਆ ਗਿਆ ਹੈ। ਵਿਅਕਤੀਗਤ ਚਿੰਤਨ ਕੇਵਲ ਸਾਧ ਸੰਗਤਿ ਦੇ ਸਮੂਹਕ ਚਿੰਤਨ ਵਿਚ ਹੀ ਫਲੀਭੂਤ ਹੁੰਦਾ ਹੈ। ਮਨੁੱਖ ਸਾਧ ਸੰਗਤਿ ਵਿਚ ਹੀ ਮਾਨਵੀ ਕਦਰਾਂ ਕੀਮਤਾਂ ਨੂੰ ਜਾਣਦਾ ਪਛਾਣਦਾ ਤੇ ਅਮਲ ਵਿਚ ਲਿਆਉਂਦਾ ਹੈ। ਮਨੁੱਖ ਦੇ ਕਾਰਜ ਖੇਤਰ ਵਿਚ ਪੰਜ ਗਿਆਨ ਇੰਦ੍ਰੀਆਂ ਦਾ ਸਹਿਯੋਗ ਹੁੰਦਾ ਹੈ। ਜੇਹੋ ਜੇਹਾ ਕਰਮ ਕੋਈ ਕਰਦਾ ਹੈ ਉਸੇ ਅਨੁਸਾਰ ਮਨੁੱਖੀ ਮਨ, ਬੁਧਿ ਤੇ ਆਤਮਾ ਬਣਦੇ ਹਨ। ਕਰਮ ਦੀ ਪੱਧਰ ਹੀ ਵਿਕਾਸ, ਸੰਕਲਪ ਤੇ ਚੇਤਨਾ ਨੂੰ ਮਾੜਾ ਚੰਗਾ ਬਣਾਉਂਦੀ ਹੈ। ਕਰਮਾਂ ਅਨੁਸਾਰ ਹੀ ਮਨੁੱਖ ਆਚਰਣ ਦਾ ਨਿਰਣਾ ਹੁੰਦਾ ਹੈ। *"ਜੇਹਾ ਬੀਜੇ ਸੋ ਲੁਣੇ, ਕਰਮਾ ਸੰਦੜਾ ਖੇਤ"*, *"ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰਿ।"* ਸਾਧ ਸੰਗਤਿ ਮਨੁੱਖ ਦੇ ਤਿੰਨਾਂ ਪੱਖਾਂ ਨੂੰ ਹੀ ਦਿਸ਼ਾ ਦਿੰਦੀ ਹੈ। ਬਾਹਰਮੁਖੀ ਇੰਦ੍ਰੀਆਂ ਨੂੰ ਸੀਮਾ ਵਿਚ ਬੰਨ੍ਹਣਾ ਹੀ ਹਿਰਦਾ, ਦਿਮਾਗ ਤੇ ਕਿਰਿਆ (ਹੱਥ) ਦੀ ਸਹੀ ਦਿਸ਼ਾ ਹੈ। ਹਿਰਦੇ ਵਿਚ ਸ਼ਰਧਾ, ਪ੍ਰੇਮ, ਵਿਸ਼ਵਾਸ ਨੂੰ ਟਿਕਾਉਣਾ, ਦਿਮਾਗ ਵਿਚ ਬਿਬੇਕ ਬੁਧਿ ਨੂੰ ਜਗਾਉਣਾ ਤੇ ਕਿਰਿਆ ਵਿਚ ਸਵੱਛਤਾ ਲਿਆਉਣੀ ਹੀ ਸਹੀ ਦਿਸ਼ਾ ਹੈ ਜੋ ਸਤਿਸੰਗਤਿ ਵਿਚੋਂ

ਪ੍ਰਾਪਤ ਹੁੰਦੀ ਹੈ :

ਭ੍ਰਮ ਕਟੀਐ ਨਾਨਕ ਸਾਧ ਸੰਗਿ ਦੁਤੀਆ ਭਾਉ ਮਿਟਾਇ। ਪੰ. ੨੯੬
ਸਾਧ ਸੰਗਿ ਅਗਨਿ ਸਾਗਰ ਤਰਹੁ। ਪੰ. ੨੯੫
ਸਾਧ ਕੈ ਸੰਗਿ ਮਿਟੈ ਸਭ ਰੋਗ। ਪੰ. ੨੭੨
ਸਾਧ ਕੈ ਸੰਗਿ ਮਿਟੈ ਅਭਿਮਾਨ।
ਸਾਧ ਕੈ ਸੰਗਿ ਪ੍ਰਗਟੈ ਸੁਗਿਆਨ। ਪੰ. ੨੭੧
ਸਾਧ ਕੈ ਸੰਗ ਮਿਲਿ ਬੁਧਿ ਬਿਬੇਕ। ਪੰ. ੩੭੭
ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ।
ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ। ਪੰ. ੨੯੭
ਸਾਧ ਕੈ ਸੰਗਿ ਨਾਹੀ ਹਉ ਤਾਪ।
ਸਾਧ ਕੈ ਸੰਗ ਤਜੈ ਸਭ ਆਪ।
ਸਾਧ ਸੰਗਿ ਦੁਸਮਨ ਸਭ ਮੀਤ

....

ਸਾਧ ਸੰਗਿ ਕਿਸ ਸਿਉ ਨਹੀ ਬੈਰੁ।
ਸਾਧ ਕੈ ਸੰਗਿ ਨ ਬੀਗਾ ਪੈਰੁ।
ਸਾਧ ਕੈ ਸੰਗਿ ਸਭ ਕੁਲ ਉਧਾਰੇ।
ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੇ।

....

ਸਾਧ ਕੈ ਸੰਗਿ ਸਫਲ ਜਨਮ। ਪੰ. ੨੭੧-੭੨

ਜੋ ਪ੍ਰਾਣੀ ਸਤਿਸੰਗਤਿ ਨਹੀ ਕਰਦੇ ਉਨ੍ਹਾਂ ਦਾ ਜੀਵਨ ਧ੍ਰਿਗ ਹੈ ਤੇ ਉਨ੍ਹਾਂ ਦਾ ਮਨੁੱਖ ਜਨਮ ਵਿਚ ਆਉਣਾ ਅਰਥਹੀਣ ਹੋ ਜਾਂਦਾ ਹੈ :

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ
ਧ੍ਰਿਗ ਜੀਵੇ ਧ੍ਰਿਗ ਜੀਵਾਸਿ। ਪੰ. ੧੦
ਸਾਧ ਸੰਗਤਿ ਸਿਉ ਸੰਗ ਨਾ ਕੀਆ ਬਹੁ ਜੋਨੀ ਦੁਖ ਪਾਵੇ। ਪੰ. ੭੨
ਬਿਨ ਸੰਗਤੀ ਸਭ ਐਸੇ ਰਹਿਹ ਜੈਸੇ ਪਸੁ ਢੋਰ। ਪੰ. ੪੨੭

ਸਤਿਸੰਗਤਿ ਵਿਚ ਮਨੁੱਖ ਅਨੁਸ਼ਾਸਨ ਸਿੱਖਦਾ ਹੈ। ਮਨੁੱਖ ਬਾਹਰਮੁਖੀ ਤੇ ਆਂਤਰਿਕ ਵਿਘਨਾਂ ਵਿਚ ਘਿਰਿਆ ਹੈ। ਬਾਹਰਮੁਖੀ ਵਿਘਨ ਹਨ ਨਾਮ-ਰੂਪ ਪਦਾਰਥਕ ਜਗਤ ਨੂੰ ਸੱਚ ਮੰਨਣਾ ਤੇ ਇਨ੍ਹਾਂ ਦੀ ਪ੍ਰਾਪਤੀ ਹੀ ਜੀਵਨ ਦਾ ਮੂਲ ਮਨੋਰਥ ਮੰਨ ਲੈਣੇ ਆਂਤਰਿਕ ਵਿਘਨ ਹਨ ਪੰਜ ਮਾਰੂ ਬ੍ਰਿਤੀਆਂ। ਇਹ ਮਨੁੱਖ ਦੇ ਨੈਤਿਕ, ਮਾਨਸਿਕ ਤੇ ਆਤਮਿਕ ਵਿਕਾਸ ਵਿਚ ਵੱਡੀਆ ਰੋਕਾਂ ਹਨ। ਗੁਰਬਾਣੀ ਵਿਚ ਇਨ੍ਹਾਂ ਨੂੰ ਪੰਜ ਚੋਰ ਕਿਹਾ ਗਿਆ ਹੈ ਜੋ ਮਨੁੱਖ ਦੀ ਸੁਧ ਬੁਧ ਹਰ ਲੈਂਦੀਆਂ ਹਨ ਤੇ ਮਨੁੱਖ ਨੂੰ ਆਪਣਾ ਗੁਲਾਮ ਬਣਾ ਲੈਂਦੀਆਂ ਹਨ। ਅਜਿਹੇ ਗੁਲਾਮ ਮਨੁੱਖ ਨੂੰ ਗੁਰਬਾਣੀ ਮਨਮੁਖ ਕਹਿੰਦੀ ਹੈ। ਇਨ੍ਹਾਂ ਪੰਜਾਂ ਦੀ ਕੁਸੰਗਤ ਤੋਂ ਮਨੁੱਖ ਨੂੰ ਦੁਰਾਚਾਰ ਹੀ ਮਿਲਦਾ ਹੈ ਜੋ ਮਨੁੱਖ ਨੂੰ ਤਬਾਹ ਕਰ ਦਿੰਦੇ ਹਨ :

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਂਤੇ ਅਹਿਨਿਸ ਭਾਗਉ। ਪੰ. ੨੧੯

ਦੂੰਦਰ ਦੂਤ ਭੂਤ ਭੀਹਾਲੇ।
ਖਿਚੋਤਾਣ ਕਰਹਿ ਬੇਤਾਲੇ। ਪੰ. ੧੧੩੧

ਇਹ ਬਿਰਤੀਆਂ ਆਰੰਭ ਵਿਚ ਹਲਕੀਆਂ ਤਰੰਗਾਂ ਸਮਾਨ ਹੁੰਦੀਆਂ ਹਨ ਪਰ ਜੇ ਇਨ੍ਹਾਂ ਤੇ ਸਤਿਸੰਗਤਿ ਦੁਆਰਾ ਕਾਬੂ ਨਾ ਪਾਇਆ ਜਾਵੇ ਤਾਂ ਇਹ ਵਧਦੀਆਂ ਵਧਦੀਆਂ ਵਿਸ਼ਾਲ ਰੂਪ ਧਾਰਨ ਕਰ ਲੈਂਦੀਆਂ ਹਨ[11] ਤੇ ਭਿਆਨਕ ਦਰਿੰਦੇ ਜਾਨਵਰ ਵਾਂਗ ਖਤਰਨਾਕ ਬਣ ਜਾਂਦੀਆਂ ਹਨ। ਇਹ ਪੰਜ ਅਸੁਰੀ ਬਿਰਤੀਆਂ ਮਨੁੱਖ ਦੀ ਸਕਤੀ ਨੂੰ ਵਿਨਾਸ਼ ਕਰ ਦਿੰਦੀਆਂ ਹਨ। ਇਨ੍ਹਾਂ ਦੇ ਪ੍ਰਭਾਵ ਵਿਚ ਮਨੁੱਖ ਬਿਖਿਆ ਹੀ ਇਕੱਠੀ ਕਰਦਾ ਜਾਂਦਾ ਹੈ, ਜਿਸ ਨਾਲ ਕਦੇ ਤ੍ਰਿਪਤੀ ਨਹੀ ਹੁੰਦੀ :

ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ। ਪੰ. ੧੨੮੭
ਕਾਮ ਕ੍ਰੋਧ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ। ਪੰ. ੯੩੨

ਅਸੁਰੀ ਬਿਰਤੀਆਂ ਮਾਨਸਿਕ ਦੁਰਬਲਤਾ ਤੇ ਅਗਿਆਨਤਾ ਦੀਆਂ ਹੀ ਮੁਥਾਜ ਹਨ। ਇਹ ਮਨੁੱਖ ਨੂੰ ਭਰਿਸ਼ਟ ਕਰ ਦਿੰਦੀਆਂ ਹਨ। ਉਹ ਆਪਣਾ ਕਰਤੱਵ ਤੇ ਮਾਣ ਮਰਯਾਦਾ ਵਿਸਾਰ ਬੈਠਦਾ ਹੈ ਦੂਜੇ ਦਾ ਅਨਾਦਰ, ਕੌੜਾ ਫਿੱਕਾ ਬੋਲ, ਘ੍ਰਿਣਾ, ਅਤਿਆਚਾਰ ਆਦਿ ਦੋਸ਼ਾਂ ਨਾਲ ਮਨੁੱਖ ਪਤਿਤ ਹੋ ਕੇ ਮਨੁੱਖ ਕੋਟੀ ਤੋਂ ਗਿਰ ਜਾਂਦਾ ਹੈ।

ਮਨੁੱਖੀ ਸਰੀਰ, ਮਨ, ਮਸਤਕ ਤੇ ਕਰਮ ਇੰਦ੍ਰੀਆਂ ਨੂੰ ਸਾਵਧਾਨ, ਚੇਤਨ ਤੇ ਸਫਲ ਬਣਾਉਣ ਲਈ ਸੰਜਮ, ਅਨੁਸ਼ਾਸਨ ਅਖਤਿਆਰ ਕਰਨਾ ਆਵੱਸ਼ਕ ਹੈ। ਸੰਜਮ ਅਨੁਸ਼ਾਸਨ ਕਾਇਮ ਰੱਖਣ ਲਈ ਕੁਝ ਨਿਯਮ ਦੇ ਆਦੇਸ਼ਾਂ ਦੀ ਪਾਲਣਾ ਜ਼ਰੂਰੀ ਹੈ। ਸਤਿਸੰਗਤਿ ਮਨੁੱਖ ਨੂੰ ਨਿਯਮ-ਬਧ ਜੀਵਨ ਵਿਵਹਾਰ ਪ੍ਰਦਾਨ ਕਰਦੀ ਹੈ। ਮਨੁੱਖ ਅਸਤਿਤ ਦੇ ਤਿੰਨ ਪਹਿਲੂਆਂ ਵਿਚ ਸਵੱਛਤਾ ਤੇ ਸਵਸਥਤਾ ਦਾ ਸੰਚਾਰ *"ਸਚਹੁ ਓਰੈ ਸਭ ਕੋ ਊਪਰਿ ਸਚੁ ਆਚਾਰੁ"* ਦਾ ਮਾਟੋ ਸਾਹਮਣੇ ਰਖ ਕੇ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਦੇ ਧੁਰਿਆਂ ਦੁਆਰਾ ਕਰਦੀ ਹੈ। ਇਹ ਧੁਰੇ ਸਤਿਸੰਗ ਨੂੰ ਨਿਯਮ-ਬਧ ਜੀਵਨ ਕਿਰਿਆ ਰਾਹੀਂ ਮਨੁੱਖੀ ਅਮਲ ਨੂੰ ਸਾਰਥਿਕ ਬਣਾਉਂਦੇ ਹਨ। ਇਸ ਦੀ ਪ੍ਰਪੱਕਤਾ ਸਾਧ ਸੰਗਤਿ ਦੀ ਨੇਮ-ਬਧ ਹਾਜ਼ਰੀ ਦੁਆਰਾ ਪ੍ਰਾਪਤ ਕੀਤੇ ਪ੍ਰਭੂ ਵਿਸਵਾਸ ਵਿਚੋਂ ਹੁੰਦੀ ਹੈ। ਪ੍ਰਭੂ ਵਿਸ਼ਵਾਸ ਹੈ, ਪ੍ਰਭੂ ਹੁਕਮ ਤੇ ਰਜ਼ਾ ਦੀ ਪਾਲਣਾ। ਸਤਿਸੰਗਤਿ ਹੁਕਮ ਤੇ ਰਜ਼ਾ ਦੇ ਬੁਨਿਆਦੀ ਸਿਧਾਂਤਾਂ ਦੀ ਸੋਝੀ ਕਰਾਉਂਦੀ ਹੈ। ਇਨ੍ਹਾਂ ਦੀ ਦ੍ਰਿੜ੍ਹਤਾ ਤੋਂ ਮਨੁੱਖ ਦੇ ਆਦਰਸ਼ ਦੀ ਨੀਂਹ ਬਝਦੀ ਹੈ। ਇਥੋਂ ਹੀ ਗੁਰਬਾਣੀ ਅਨੁਸਾਰ ਸ਼ੁਭ ਆਚਰਣ ਸ਼ੁਰੂ ਹੁੰਦਾ ਹੈ। ਸ਼ੁਭ ਆਚਰਣ ਪ੍ਰਭੂ ਹੁਕਮਾਂ ਨੂੰ ਸਮਝ ਲੈਣ ਤੇ ਬਣਦਾ ਹੈ। ਇਹੋ ਮਨੁੱਖ ਦੀਆਂ ਸਮੱਸਿਆਵਾਂ ਦਾ ਮੂਲ ਇਲਾਜ ਹੈ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।
ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨ ਕੋਇ। ਪੰ. ੧

ਹਉਮੈਂ ਮੂਲ ਸਮੱਸਿਆ ਹੈ ਜੋ ਮਨੁੱਖ ਨੂੰ ਮਨੁੱਖ ਨਾਲੋਂ ਤੇ ਰੱਬ ਨਾਲੋਂ ਵਿੱਥ ਤੇ ਰਖਦੀ ਹੈ। ਸੰਗਤਿ ਮਨੁੱਖ ਨੂੰ ਹਉਮੈਂ ਤੋਂ ਬਚਾਉਂਦੀ ਹੈ, ਥੋਥਾ ਅਭਿਮਾਨ ਤੋੜਦੀ ਹੈ ਤੇ ਅੰਦਰੋਂ ਦੂਜਾ ਭਾਵ ਖਤਮ ਕਰਦੀ ਹੈ। ਇਹ ਦੂਜਾ ਭਾਵ ਬੰਧਨ ਹੈ। ਬੰਧਨ ਮੁਕਤ ਅਵਸਥਾ ਸਾਧ ਸੰਗਤਿ ਵਿਚੋਂ ਮਿਲਦੀ ਹੈ ਜਿਸ ਤੋਂ ਨਿਸ਼ਕਾਮ ਭਾਵਨਾ, ਸੇਵਾ ਦੀ ਉਪਜ ਹੁੰਦੀ ਹੈ ਤੇ ਪ੍ਰਾਪਤੀ-ਭਾਵਨਾ ਪ੍ਰਭੂ

ਅਰਪਨ ਹੁੰਦੀ ਹੈ :

ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ। ਪੰ. ੧੩੭੫

ਇਹੋ ਉਹ ਗਿਆਨ ਹੈ ਜਿਸ ਦੀ ਪ੍ਰਾਪਤੀ ਸਤਿਸੰਗਤਿ ਵਿਚੋਂ ਸੰਗਤੀ ਨੇਮ-ਬਧ ਪਰ ਲਗਾਤਾਰ ਯਤਨ ਦੁਆਰਾ ਪ੍ਰਾਪਤ ਕਰਦਾ ਹੈ।[12] ਸੰਗਤਿ ਸਦਾਚਾਰਕ ਸਾਧਨ ਸਿਖਾਉਂਦੀ ਹੈ। ਮਨ ਦੀ ਸ਼ੁੱਧਤਾ, ਕਿਰਿਆ ਦੀ ਸ਼ੁੱਧਤਾ, ਦਾਨੀ ਸੁਭਾ *'ਹਥੋਂ ਦੇ ਕੇ ਭਲਾ ਮਨਾਏ'* ਖਿਮਾਂ, ਦਇਆ, ਮਿੱਠਾ ਬੋਲ ਆਦਿ ਸਦਾਚਾਰਕ ਸਾਧਨਾ ਹੈ ਤੇ ਇਹੋ ਆਤਮਿਕ ਸਾਧਨਾ ਤੇ ਵਿਕਾਸ ਦੀ ਪਿੱਠ-ਭੂਮੀ ਹੈ।[13]

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ।
ਦੂਧੁ ਕਰਮ ਫੁਨਿ ਸੁਰਤਿ ਸਮਾਇਣ ਹੋਇ ਨਿਰਾਸ ਜਮਾਵਹੁ। ਪੰ. ੭੨੮

ਸਤਿਸੰਗਤਿ ਮਨੁੱਖੀ ਚੇਤਨਾ ਨੂੰ ਸ਼ੁੱਧ ਕਰਕੇ ਗੁਰਮਤਿ ਅਨੁਸਾਰ ਪ੍ਰਫੁੱਲਿਤ ਹੋਣ ਦੀ ਗਤੀ ਦਿੰਦੀ ਹੈ। ਮਨੁੱਖ ਬੁਧੀ ਦ੍ਵੈਤ ਤੋਂ ਅਦ੍ਵੈਤ ਵਲ ਤੇ ਭਿੰਨਤਾ ਤੋਂ ਏਕੇ ਵਲ ਪ੍ਰਗਤੀ ਕਰਦੀ ਹੈ। ਮੁੱਖ ਆਦਰਸ਼ ਵਲ ਉਨਮੁਖ ਹੋਇਆ ਸਮਾਜ ਲਈ ਕਲਿਆਣਕਾਰੀ ਸਿੱਧ ਹੁੰਦਾ ਹੋਇਆ ਰੂਹਾਨੀ ਜ਼ਿੰਦਗੀ ਦੇ ਸਰਵੋਤਮ ਪੱਖ *'ਹਰਿ ਕੋ ਨਾਮ ਜਪੁ ਨਿਰਮਲ ਕਰਮ'* ਤੇ ਕੇਂਦਰਿਤ ਹੋ ਜਾਂਦਾ ਹੈ :

ਬਿਸਰਿ ਗਈ ਸਭ ਤਾਤ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ। ਰਹਾਉ।
ਨਾ ਕੋਈ ਬੈਰੀ ਨਾਹਿ ਬਿਗਾਨਾ।
ਸਗਲ ਸੰਗਿ ਹਮ ਕਉ ਬਨਿ ਆਈ। ਪੰ. ੧੨੯੮-੯੯

ਗੁਰਮਤਿ ਵਿਚ ਸਤਿਸੰਗਤਿ ਦਾ ਸੰਗਠਨ ਮਨੁੱਖ ਨੂੰ ਅਸਲ ਰੂਪ ਵਿਚ ਮੂਰਤੀਮਾਨ ਹੋਣ ਦਾ ਜੀਵਨ-ਗੁਰ (life-pattern) ਪੇਸ਼ ਕਰਦਾ ਹੈ। ਗੁਰਮਤਿ ਵਿਚ ਜੀਵਨ ਮਾਰਗ ਦੀ ਸੂਝ ਗੁਰੂ ਗ੍ਰੰਥ ਸਾਹਿਬ ਤੋਂ ਮਿਲਦੀ ਹੈ ਪਰ ਇਸ ਮਾਰਗ ਦੇ ਰਾਹ ਤੇ ਤੁਰਨ ਦੀ ਜਾਂਚ ਤੇ ਮਾਰਗ ਦੇ ਅਮਲ ਦੀ ਵਿਧੀ ਸਤਿਸੰਗਤਿ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਲਈ ਸਤਿਸੰਗਤਿ ਵਿਚ ਗੁਰਮੁਖਾਂ ਦੇ ਮੇਲ ਅਤੇ ਸਤਿ ਸੰਗਤਿ ਦੇ ਸੰਗ ਦੀ ਨਿਤ ਅਰਦਾਸ ਹੁੰਦੀ ਹੈ। ਇਹ ਅਰਦਾਸ ਹੁਕਮਨਾਮੇ ਨਾਲ ਵਚਨਬੱਧ ਹੋਣ ਕੀ ਭਾਵਨਾ ਪੈਦਾ ਕਰਨ ਵਿਚ ਸਹਾਈ ਹੁੰਦੀ ਹੈ ਜੋ ਵਿਵਹਾਰ ਵਿਚ ਪਵਿੱਤਰਤਾ ਅਨੁਭਵ ਵਿਚੋਂ ਸਚਾਈ ਤੇ ਆਤਮਾ ਨੂੰ ਸੱਚ ਦੇ ਨੇੜੇ ਕਰਨ ਲਈ ਨਿਰੰਤਰ ਚੇਤਨਾ ਦੇ ਕੇ ਜੀਵਨ ਨੂੰ ਸ਼ੁੱਧ ਰੂਪ ਵਿਚ ਫਲੀਭੂਤ ਹੋਣ ਲਈ ਮਨੁੱਖੀ ਭਾਵਨਾ ਨੂੰ ਸੁਰਜੀਤ ਕਰਦੀ ਹੈ। ਇਹ ਸੰਸਥਾ ਮਨੁੱਖ ਦੀ ਸਰੀਰਕ, ਮਾਨਸਿਕ ਤੇ ਆਤਮਿਕ ਸੰਭਾਵਨਾਵਾਂ ਤੇ ਸ਼ਕਤੀਆਂ ਨੂੰ ਉਜਾਗਰ ਕਰਨ ਦਾ ਦੁਆਰਾ ਹੈ। ਮਨੁੱਖ ਜੀਵਨ ਪ੍ਰਯੋਗਸ਼ਾਲਾ, ਮਨੁੱਖੀ ਵਿਅਕਤਿਤਵ ਤੇ ਅਧਿਆਤਮ ਵਿਕਾਸ ਵਿਚ ਇਸ ਸੰਸਥਾ ਦਾ ਉਸਾਰੂ ਤੇ ਵਿਆਪਕ ਪ੍ਰਭਾਵ ਹੈ। ਇਹ ਮਨੁੱਖ ਨੂੰ ਸੱਚ ਵਲ ਉਨਮੁਖ ਹੋਣ ਲਈ ਪ੍ਰੇਰਣਾਂ ਸ੍ਰੋਤ ਬਣ ਕੇ ਸਹੀ ਜੀਵਨ ਜਾਚ ਦੀ ਰਾਹਨੁਮਾਈ ਕਰਦੀ ਹੈ। ਸਰਬ ਮਨੁੱਖਤਾ ਨੂੰ ਏਕੇ ਦੇ ਸੰਗਠਨ ਵਿਚ ਬੰਨ੍ਹਣ ਵਾਲੀ ਨਿਵੇਕਲੀ ਸੰਸਥਾ ਹੈ ਜੋ ਸਰਬ ਮਨੁੱਖਤਾ ਨੂੰ ਸਮਾਜਿਕ, ਧਾਰਮਿਕ ਤੇ ਰੂਹਾਨੀ ਭਾਈਚਾਰੇ ਵਿਚ ਬੰਨ੍ਹਦੀ, ਮਨੁੱਖ ਦੀ ਮਾਨਸਿਕ, ਨੈਤਿਕ, ਸੁਹਜਾਤਮਕ ਤੇ ਆਤਮਿਕ ਵਿਕਾਸ ਦੁਆਰਾ ਨਵ-ਨਿਰਮਾਣ ਕਰਦੀ, ਸਰਬ ਮਨੁੱਖਤਾ ਨੂੰ *"ਆਪ ਜਪੈ ਅਵਰਾ ਨਾਮ ਜਪਾਵੈ"* ਦੁਆਰਾ

"*ਲੋਕ ਸੁਖੀਏ ਪਰਲੋਕ ਸੁਹੇਲੇ*" ਬਣਾਉਂਦੀ ਹੈ :

ਸੋਈ ਸੁੰਦਰ ਸੋਹਣੇ ਸਾਧ ਸੰਗੀ ਜਿਨ ਬੈਹਣੇ
ਹਰਿ ਧਨ ਜਿਨੀ ਸੰਚਿਆ ਸੋਈ ਗੰਭੀਰ ਅਪਾਰ ਜੀਓ। ਪੰ. ੧੩੨

ਸਤਿ ਸੰਗਤਿ ਦੀ ਸੰਸਥਾ ਮੂਲ ਰੂਪ ਵਿਚ ਇਕ ਅਕਾਲ ਪੁਰਖ ਦੀ ਪੂਜਾ ਭਾਵਨਾ ਨੂੰ ਦ੍ਰਿੜ੍ਹ ਕਰਦੀ, ਮਨੁੱਖ ਨੂੰ ਕਰਮਸ਼ੀਲ ਜੀਵਨ ਵਲ ਪ੍ਰੇਰਦੀ, ਵੈਰਾਗ ਸੰਨਿਆਸ ਦੀ ਨਿੱਜੀ ਮੁਕਤੀ ਦੀ ਥਾਵੇਂ ਗ੍ਰਿਹਸਥ ਨੂੰ ਸਰਵੋਤਮ ਸਵੀਕਾਰਦੀ, ਸਮੂਹ ਸਮਾਜ ਵਿਚ ਕੁਦਰਤੀ ਜੀਵਨ ਬਸਰ ਕਰਦਿਆਂ, ਬਿਰਤੀਆਂ ਨੂੰ ਬਾਹਰਮੁਖੀ ਦੀ ਥਾਵੇਂ ਅੰਤਰਮੁਖੀ ਕਰਨ ਦੀ ਜਾਚ ਸਿਖਾਉਂਦੀ, ਆਤਮ-ਬੋਧ ਤੋਂ ਪਰਮਾਤਮ-ਬੋਧ ਤਕ ਦਾ ਪੈਂਡਾ ਤਹਿ ਕਰਵਾਉਣ ਦਾ ਸਫਲ ਮਹਲ ਤੇ ਸਰਵੋਤਮ ਮਾਧਿਅਮ ਬਣਦੀ ਹੈ।

ਵਿਸ਼ੇਸ਼ਤਾ

ਸਤਿ ਸੰਗਤਿ ਦੀ ਸੰਸਥਾ ਮਨੁੱਖੀ ਸਮਾਜ ਨੂੰ ਇਕ ਆਦਰਸ਼ਕ ਭਾਈਚਾਰੇ ਦੀ ਦੇਣ ਹੈ, ਜਿਸ ਦੀ ਰੂਪ ਰੇਖਾ ਨਿਰਾਲੀ ਹੈ, ਜੀਵਨ ਉੱਦੇਸ਼ ਸਾਂਝੇ ਤੇ ਨਿਵੇਕਲੇ ਹਨ, ਹੋਂਦ ਤੇ ਪ੍ਰਾਪਤੀ ਦੇ ਸੰਕਲਪ ਦ੍ਰਿੜ੍ਹ ਹਨ, '*ਸਾਂਝੀ ਅਰਦਾਸ*' ਦੀ ਪਿਰਤ ਨਿਵੇਕਲੀ ਹੈ। ਜਿਨ੍ਹਾਂ ਦਾ ਬਾਹਰਮੁਖੀ ਸਰੂਪ ਤੇ ਰਹਤ ਮਰਯਾਦਾ ਨਿਵੇਕਲੀ ਹੈ। ਇਸ ਸਰੂਪ ਦੀ ਹੋਂਦ ਤੇ ਸੱਤਾ ਦੀ ਕਾਇਮੀ ਦਾ ਸੰਕਲਪ ਨਿਵੇਕਲਾ ਹੈ।

"ਪ੍ਰਿਥਮੇ ਸਰਬਤ ਖਾਲਸਾ ਜੀ ਕੀ ਅਰਦਾਸ, ਸਰਬਤ ਖਾਲਸਾ ਜੀ ਕੋ ਵਹਿਗੁਰੂ ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ, ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫਤਹਿ, ਪੰਥ ਕੀ ਜੀਤ, ਸਿੱਖਾਂ ਨੂੰ ਸਿੱਖੀ ਦਾਨ ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਸਿੱਖਾਂ ਦਾ ਮਨ ਨੀਵਾਂ ਮੱਤ ਉੱਚੀ। ਸੋਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ।' 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਈ'। ਆਦਿ ਵਿਸ਼ੇਸ਼ ਨਿਵੇਕਲੇ ਗੁਣ ਹਨ ਜੋ ਕੌਮੀ ਏਕਤਾ ਨੂੰ ਦ੍ਰਿੜ੍ਹ ਕਰਦੇ ਹਨ ਤੇ ਜਿਨ੍ਹਾਂ ਤੇ ਵਿਸ਼ੇਸ਼ ਗੌਰਵ ਪੂਰਨ ਕੌਮੀ ਇਤਿਹਾਸ ਉਸਰਿਆ ਹੈ ਤੇ ਉਸਰ ਰਿਹਾ ਹੈ।

ਭਾਰਤੀ ਅਧਿਆਤਮਿਕ ਸਾਹਿਤ ਵਿਚ ਸਤਿਸੰਗਤਿ ਦਾ ਜੋ ਸਰੂਪ ਤੇ ਵਿਸ਼ੇਸ਼ਤਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਹਨ ਤੇ ਜਿਸ ਤਰ੍ਹਾਂ ਉਸ ਦੇ ਸਾਰੇ ਪੱਖਾਂ ਤੇ ਵਿਸਤਾਰ ਸਹਿਤ ਪ੍ਰਕਾਸ਼ ਪਾ ਕੇ ਮਨੁੱਖ ਦੇ ਵਿਅਕਤੀਤਵ ਦਾ ਸਰਬ ਪੱਖੀ ਦੈਵੀ ਰੂਪਾਂਤਰਣ ਦੱਸਿਆ ਗਿਆ ਹੈ ਉਹ ਪੂਰਵ ਵਰਤੀ ਤੇ ਪਰਵਰਤੀ ਅਧਿਆਤਮਕ ਇਤਿਹਾਸ ਵਿਚ ਲਾ-ਜੁਆਬ ਹੈ। ਪਰੰਪਰਾ ਵਿਚ ਵੈਦਿਕ ਸਾਹਿਤ ਸਤਿਸੰਗਤਿ ਬਾਰੇ ਸੰਕੇਤ ਵੈਦਿਕ ਪ੍ਰਾਰਥਨਾਵਾਂ ਵਿਚ ਹਨ ਅਤੇ ਉਪਨਿਸ਼ਦਾਂ ਵਿਚ ਸਤਿਪੁਰਖਾਂ ਦੀ ਸੰਗਤ ਨੂੰ ਤਤਿ ਗਿਆਨ ਲਈ ਆਵੱਸ਼ਕ ਦੱਸਿਆ ਗਿਆ ਹੈ।[14] ਪੌਰਾਣਿਕ ਸਾਹਿਤ ਵਿਚ ਸਤਿਸੰਗਤਿ ਦੀ ਮਹਿਮਾਂ ਦਸੀ ਗਈ ਹੈ ਤੇ ਇਹ ਸਤਿਸੰਗਤਿ ਮਹਾਂਪੁਰਖਾਂ ਦੀ ਸ਼ਰਨ ਤੇ ਵਧੇਰੇ ਜ਼ੋਰ ਦਿੰਦੀ ਹੈ ਪਰ ਇਹ ਸੰਗਤਿ ਸਰਬ ਮਨੁੱਖਾਂ ਨੂੰ ਹਾਸਲ ਨਹੀਂ ਸੀ ਹੁੰਦੀ। ਇਸੇ ਤਰ੍ਹਾਂ ਬੋਧ ਤੇ ਜੈਨ ਮਤਿ ਵਿਚ ਨਿਰਵਾਣ ਤੇ ਕੈਵਲਿਯ ਪ੍ਰਾਪਤੀ ਲਈ ਸਤਿਸੰਗਤਿ ਦੀ ਸੰਸਥਾ ਸੀ। ਬੁਧਿ ਮਤਿ ਦਾ "ਸੰਘੰਸ਼ਰਣੰ ਗਛਾਮਿ" ਸੰਗਤ ਦਾ ਹੀ ਰੂਪ ਸੀ। ਇਨ੍ਹਾਂ ਨੇ ਆਪਣਾ ਮਤ ਸੰਘ ਰਾਹੀਂ ਪਰਚਾਰਿਆ ਪਰ ਇੱਥੇ ਵੀ ਮਨੁੱਖਤਾ ਦੇ ਕੁਝ ਅੰਗ

ਵਰਜਿਤ ਸਨ। ਇਸ ਤਰ੍ਹਾਂ ਕਲਾਂਤਰ ਵਿਚ ਜਾਤ ਜਨਮ ਤੇ ਲਿੰਗ ਭੇਦ ਸਤਿਸੰਗਤਿ ਵਿਚ ਮੰਨੇ ਜਾਂਦੇ ਸਨ।

ਗੁਰਮਤਿ ਦੀ ਸਤਿਸੰਗਤਿ ਸੰਸਥਾ ਅਧਿਆਤਮਕ ਸਾਧਨਾ ਮਾਰਗ ਦਾ ਅਜਿਹਾ ਸਾਰਥਿਕ ਮਾਧਿਅਮ ਹੈ ਜਿਸ ਨੇ ਮਨੁੱਖਤਾ ਨੂੰ ਦੇਸ਼, ਜਾਤ, ਨਸਲ, ਲਿੰਗ, ਧਰਮ ਦੀ ਵੰਡ ਤੇ ਭਿੰਨ ਭੇਦ ਤੋਂ ਉਪਰ ਉਠ, ਸਰਬ ਮਾਨਵਤਾ ਨੂੰ ਮਨੁੱਖ ਵਿਚੋਂ ਮਨੁੱਖ ਸਮਝਣ ਲਈ ਏਕੇ ਦੀ ਲੜੀ ਵਿਚ ਬੰਨ੍ਹ ਦਿੱਤਾ। ਸੰਗਤਿ ਦਾ ਸੰਕਲਪ ਮਨੁੱਖਤਾ ਲਈ ਸਾਂਝਾ ਪਲੇਟ ਫਾਰਮ ਪ੍ਰਸਤੁਤ ਕਰਦਾ ਹੈ, ਜਿਸ ਤੇ ਹਿੰਦੂ, ਖਤਰੀ, ਮੁਸਲਮਾਨ, ਸੂਦਰ, ਗਰੀਬ ਅਮੀਰ, ਆਦਮੀ, ਔਰਤਾਂ ਆਦਿ ਵਰਗਾਂ ਕਿਸਮਾਂ ਦੇ ਲੋਕ ਸਹਿਜ ਜੀਵਨ ਬਸਰ ਕਰਦੇ ਸਰਬ ਪੱਖੀ ਵਿਕਾਸ ਵਿਚ ਪ੍ਰਫੁੱਲਿਤ ਹੁੰਦੇ ਹੋਏ ਪਰਮਾਰਥ ਵਲ ਵਧਣ ਦੇ ਸਮਰੱਥ ਬਣ ਸਕਦੇ ਹਨ :

ਨਾਵ ਰੂਪ ਭਇਓ ਸਾਧ ਸੰਗੁ ਭਵਨਿਧਿ ਪਾਰਿ ਪਰਾ।

ਗੁਰੂ ਨਾਨਕ ਦੇਵ ਜੀ ਦੇ ਸਤਿਸੰਗਤਿ ਸੰਸਥਾ ਦੁਆਰਾ ਬੀਜੇ ਨਵੇਂ ਮਨੁੱਖ ਤੇ ਨਿਵੇਕਲੀ ਕੌਮ ਦੇ ਬੀਜਾਂ ਦਾ ਵਿਕਾਸ ਤੇ ਪ੍ਰਫੁੱਲਿਤਾ *'ਗੁਰਸੰਗਤਿ ਕੀਨੀ ਖਾਲਸਾ'* ਦੀ ਸਿਰਜਨਾ ਪ੍ਰਤੱਖ ਪ੍ਰਮਾਣ ਹੈ। ਜਿਸ ਨੇ ਵਿਸ਼ਵ ਭਾਈਚਾਰੇ ਨੂੰ ਬਰਾਬਰਤਾ ਦੇ ਅਧਿਕਾਰ ਪ੍ਰਦਾਨ ਕੀਤੇ। ਇਕ ਪਰਮਾਤਮਾ ਵਿਚ ਸ਼ਰਧਾ ਭਾਵਨਾ ਦੇ ਅਮਲ ਤੇ ਕ੍ਰਿਆਸ਼ੀਲ ਜੀਵਨ ਜੁਗਤਿ ਦੁਆਰਾ ਮਨੁੱਖੀ ਜੀਵਨ ਯਥਾਰਥ ਨੂੰ ਉਘਾੜ ਕੇ ਮਨੁੱਖੀ ਆਦਰਸ਼ ਸਾਹਮਣੇ ਰਖਿਆ। ਹਲਤ ਸੁਖ ਤੇ ਪਲਤ ਸੁਖ ਲਈ ਸਤਿਸੰਗਤਿ ਦੁਆਰਾ ਸਮਾਧਾਨ ਪੇਸ਼ ਕੀਤਾ ਜੋ ਕਲਾਂਤਰ ਦੇ ਸਾਧਨਾਂ ਮਾਰਗ ਤੋਂ ਵੱਖਰਾ ਤੇ ਵਚਿੱਤਰ ਹੈ। ਮਨੁੱਖ ਨੂੰ ਜੀਵਨ ਵਿਚ ਅੰਜਨ ਮਾਹਿ ਨਿਰੰਜਨ ਰਖਦਾ ਹੈ ਤੇ ਸੰਤ ਤੇ ਗੁਰਮੁਖ ਦੀ ਪਦਵੀ ਨਾਲ ਸੁਸ਼ੋਭਿਤ ਕਰਦਾ ਹੋਇਆ ਸੰਤ ਤੇ ਸਿਪਾਹੀ ਦੇ ਸਮੇਲ ਨਾਲ *'ਭੈ ਕਾਹ ਕੋ ਦੇਤ ਨਾਹਿ ਨਾਹਿ ਭੈ ਮਾਨਤ ਆਨ'* ਵਾਲੀ ਨਿਰਭੈ ਤੇ ਨਿਰਵੈਰ ਜ਼ਿੰਦਗੀ ਪ੍ਰਦਾਨ ਕਰਦਾ ਹੈ। ਸੰਗਤ ਦੇ ਸੰਕਲਪ ਨੇ ਭਾਰਤੀ ਸਭਿਅਤਾ ਵਿਚ ਨਵਾਂ ਮੋੜ ਲਿਆ ਕੇ ਮਨੁੱਖੀ ਹੋਣੀ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਕੇ ਮਨੁੱਖਤਾ ਲਈ ਖਾਲਸਾ ਤੰਤ੍ ਦੀ ਸਿਰਜਨਾ[15] ਕੀਤੀ। ਜਿਥੇ ਸ਼ਖਸੀ ਗੁਲਾਮੀ, ਸਮਾਜੀ ਅਤਿਆਚਾਰ, ਆਰਥਿਕ ਸ੍ਰੇਸ਼ਟਤਾ ਤੇ ਰਾਜਨੀਤਿਕ ਜ਼ੁਲਮ ਨੂੰ ਲਲਕਾਰ ਕੇ ਨਵਾਂ ਆਜ਼ਾਦ ਸੁਰੱਖਿਅਤ ਪਤਿ ਵਾਲਾ ਗੌਰਵਮਈ ਜੀਵਨ ਬਸਰ ਕੀਤਾ ਹੈ ਤੇ ਹੁਣ ਭਵਿਖ ਵਿਚ ਸੁਤੰਤਰ ਕੌਮੀ ਸਰੂਪ ਹਾਸਲ ਕਰਨ ਲਈ ਨਿਸ਼ਚਿਤ ਇਰਾਦਾ ਰੱਖਦੇ ਹਨ।

ਸਤਿਸੰਗਤਿ ਦੀ ਸੰਸਥਾ ਨੇ ਵਿਅਕਤੀ ਦੇ ਹਲਤ ਮੁਖੀ ਸੁਖ ਤੇ ਪਲਤ ਮੁਖੀ ਸੁਖ ਦੋਹਾਂ ਨੂੰ ਇਕਸੁਰ ਕਰਕੇ ਆਜ਼ਾਦ ਨਿਰਵਿਘਨ ਜੀਵਨ ਜੀਉਣ ਦਾ ਲਕਸ਼ ਦ੍ਰਿੜ੍ਹਾਇਆ। ਗੁਰੂ ਨਾਨਕ ਦੇਵ ਜੀ ਦਾ 'ਪੰਚ ਪਰਵਾਨ' ਤੇ 'ਪੰਚ ਪ੍ਰਧਾਨ' ਹਲਤ ਮੁਖੀ ਤੇ ਪਲਤ ਮੁਖੀ ਪ੍ਰਭੁਤਾ ਦਾ ਸੂਚਕ ਹੈ ਜਿਸਦੀ ਪ੍ਰਪੱਕਤਾ ਸਤਿਸੰਗਤਿ ਦੇ ਸਾਂਚੇ ਵਿਚ ਹੀ ਹੁੰਦੀ ਹੈ।

ਸਤਿਸੰਗਤਿ ਦੀਆਂ ਵਿਸ਼ੇਸ਼ ਪਰੰਪਰਾਵਾਂ (Traditions)

ਸਤਿਸੰਗਤਿ ਦੀਆਂ ਆਦਰਸ਼ਕ ਪਰੰਪਰਾਵਾਂ (traditions) ਹਨ ਜੋ ਸਤਿਸੰਗਤਿ ਨੂੰ ਇਕ ਸੂਤਰ ਵਿਚ ਜੱਥੇਬੰਦ ਰਖਦੀਆਂ ਹੋਈਆਂ ਸੰਸਾਰਕ ਸਰਬ ਵਿਆਪੀ ਧਰਮ ਤੇ ਸਰਬ ਵਿਆਪੀ ਮਹਾਂਮਾਨਵ ਦੇ ਗੁਣ ਸਹਾਈ ਸਮਸਤ ਸੰਸਾਰ ਵਿਚ ਪ੍ਰਭੁਤੱਵ ਕਾਇਮ ਕਰ ਰਹੀਆਂ ਹਨ।

ਸਤਿਸੰਗਤਿ ਹੈ—ਲੋਕ-ਸਮੂਹ+ਗੁਰੂ ਗ੍ਰੰਥ ਸਾਹਿਬ। ਗੁਰੂ ਗ੍ਰੰਥ ਸਾਹਿਬ ਇਲਾਹੀ ਬਾਣੀ ਹੈ। ਇਸ ਦੇ ਸਤਿਕਾਰ ਦੀ ਨਿਵੇਕਲੀ ਵਿਧੀ ਸਥਾਪਿਤ ਹੈ ਜੋ ਕਿਸੇ ਹੋਰ ਧਰਮ ਵਿੱਚ ਨਹੀਂ। ਗੁਰੂ ਗ੍ਰੰਥ ਸਾਹਿਬ ਦਾ ਮਿਥੀ ਵਿਧੀ ਤੇ ਮਿਥੀ ਮਰਜਾਦਾ ਅਨੁਸਾਰ ਸਵੇਰੇ ਪ੍ਰਕਾਸ਼ ਕਰਨਾ, ਗੁਰੂ ਗ੍ਰੰਥ ਸਾਹਿਬ ਖੁਲ੍ਹਦਿਆਂ ਖੱਬੇ ਹੱਥ ਸ਼ੁਰੂ ਦਾ ਸ਼ਬਦ ਹੁਕਮ ਨਾਮਾ-ਰੂਪ ਮੰਨ ਕੇ ਪੜ੍ਹਨਾ, ਪੂਰਾ ਦਿਨ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਗੁਰਬਾਣੀ ਦਾ ਕਥਾ ਕੀਰਤਨ ਕਰਨਾ, ਸੰਧਿਆਂ ਸਮੇਂ ਸੋਦਰ ਦੇ ਪਾਠ ਤੋਂ ਬਾਅਦ ਕੀਰਤਨ ਸੋਹਿਲਾ ਪੜ੍ਹ ਕੇ ਸੁਖਆਸਨ ਕਰਨਾ ਤੇ ਸਮਾਪਤੀ ਦੀ ਅਰਦਾਸ ਕਰਨਾ ਸ਼ਾਮਲ ਹੈ।

ਸਤਿਸੰਗਤਿ ਵਿਚ ਹਾਜ਼ਰ ਹੋਣ ਲਈ ਅਥਵਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਣ ਲਈ ਲੋਕਾਂ ਲਈ ਖਾਸ ਮਾਣ ਮਰਯਾਦਾ ਨੂੰ ਕਾਇਮ ਕੀਤਾ ਗਿਆ ਹੈ। ਪਹਿਲੇ ਬਸਤਰਾਂ ਦਾ ਸ੍ਵਛ ਹੋਣਾ, ਹੱਥ ਪੈਰਾਂ ਨੂੰ ਜੁਤੇ ਉਤਾਰਨ ਬਾਅਦ ਮੁੜ ਸਾਫ ਕਰਨਾ, ਸਿਰ ਢਕਣਾ ਤੇ ਦੋਵੇਂ ਹੱਥ ਜੋੜ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ ਤੇ ਹਜ਼ੂਰੀ ਵਿਚ ਇਕ ਜਗ੍ਹਾ ਨੀਚੇ ਸਭ ਲਕਾਂ ਵਿਚ ਮਿਲ ਬੈਠਣਾ। ਇਹ ਮਾਨ ਮਰਯਾਦਾ ਨਿਭਾਉਂਦਾ ਹੋਇਆ ਹਰੇਕ ਪ੍ਰਾਣੀ ਚਾਹੇ ਉਹ ਕਿਸੇ ਜਾਤ ਵਰਨ, ਲਿੰਗ ਮਜ਼ਹਬ ਦਾ ਧਾਰਨੀ ਹੈ, ਉਹ ਸ਼ਾਮਲ ਹੋ ਸਕਦਾ ਹੈ। ਮਨੋਵਿਗਿਆਨਕ ਤੋਰ ਤੇ, ਅਤੇ ਸਮਾਜਿਕ ਦ੍ਰਿਸਟੀ ਤੋਂ *'ਸਰਬ ਏਕ'* ਦੇ ਸੂਤਰ ਵਿਚ ਬਝਣ ਦਾ ਸਰਵੋਤਮ ਸਾਧਨ ਹੈ। ਇਹ ਪ੍ਰਥਾ ਮਨੁੱਖ ਨੂੰ ਸਰਬ ਸਾਂਝੀ ਮਨੁੱਖਤਾ ਦਾ ਸਬਕ ਦਿੰਦੀ ਹੈ *"ਏਕ ਪਿਤਾ ਏਕਸ ਕੇ ਹਮ ਬਾਰਿਕ"*, *"ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ"* ਅਤੇ *"ਸਭੇ ਸਾਂਝੀਵਾਲ ਸਦਾਇਨ"* ਦੀ ਭਾਵਨਾ ਦ੍ਰਿੜ੍ਹ ਕਰਦੀ ਹੈ।

ਸੰਗਤਿ ਲਈ ਲੰਗਰ ਦੀ ਪ੍ਰਥਾ ਵੀ ਨਿਵੇਕਲੀ ਹੈ ਜਿਸ ਵਿਚ ਸਰਬ ਮਨੁੱਖਾਂ ਨੂੰ ਸੰਗਤਿ ਰੂਪ ਵਿਚ ਇਕੋ ਥਾਂ ਇਕੋ ਪੰਗਤ ਵਿਚ ਬੈਠਾ ਕੇ ਇਕੋ ਵਿਧੀ ਨਾਲ ਪ੍ਰਸ਼ਾਦ ਛਕਾਇਆ ਜਾਂਦਾ ਹੈ। ਇਹ ਪ੍ਰਥਾ ਸਰਬ ਮਨੁੱਖਤਾ ਵਾਸਤੇ ਏਕੇ ਦਾ ਸਬਕ ਦ੍ਰਿੜ੍ਹ ਕਰਦੀ ਹੈ ਤੇ ਮਨੁੱਖ ਅੰਦਰੋ ਮਨੋਵਿਗਿਆਨਕ ਢੰਗ ਨਾਲ ਪਦਾਰਥਕ ਪ੍ਰਾਪਤੀਆਂ ਦੀ ਹਉਂ ਨੂੰ ਕੱਢਦੀ ਹੈ ਕਿ ਗੁਰੂ ਹਜ਼ੂਰੀ ਵਿਚ ਆਈ ਲੁਕਾਈ ਇਕੋ ਜਿਹੀ ਹੈ। ਕੋਈ ਵੱਡਾ ਨਿਕਾ ਨਹੀਂ, ਕੇਵਲ ਅਕਾਲ ਪੁਰਖ ਵੱਡਾ ਹੈ।

ਸਤਿਸੰਗਤਿ ਵਿਚ ਨਾਮ ਦਾਨ ਇਸ਼ਨਾਨ ਦੀਆਂ ਕ੍ਰਿਆਵਾਂ ਮਨੁੱਖ ਨੂੰ ਹਉਂ ਤੋਂ ਉੱਚਾ ਚੁੱਕ ਕੇ ਪਰਉਪਕਾਰ ਤੇ ਪਰਮੁਆਰਥ ਦੀ ਰੁੱਚੀ ਨੂੰ ਬਲ ਦਿੰਦੀਆਂ ਹਨ। ਪ੍ਰਭੂ ਦੇ ਗੁਣਾਂ ਦਾ ਜਾਪ "ਮੈ ਕੁਝ ਨਹੀਂ ਕੇਵਲ ਸਿਰਜਣ ਹਾਰ ਅਕਾਲ ਪੁਰਖ ਹੈ" ਦੀ ਭਾਵਨਾ ਪੈਦਾ ਕਰਦਾ ਹੈ। ਦਸਵੰਧ ਰੂਪ ਵਿਚ ਦਾਨ ਦੇਣ ਦੀ ਪਿਰਤ ਮਨੁੱਖ ਨੂੰ ਮਾਇਆ ਨਾਲ ਝੂਠੀ ਪ੍ਰੀਤ ਤੋਂ ਹੋੜਦੀ ਹੈ ਤੇ ਸਰਬ ਦੇ ਭਲੇ ਲਈ ਕੁਝ ਹੱਥੋਂ ਦਾਨ ਰੂਪ ਵਿਚ ਦੇਣ ਨੂੰ ਤਿਆਰ ਕਰਦੀ ਹੈ। ਸਰੋਵਰ ਵਿਚ ਇਕੋ ਜਗ੍ਹਾ ਇਕੋ ਪਾਣੀ ਵਿਚ ਇਸ਼ਨਾਨ ਕਰਨ ਦੀ ਪਿਰਤ ਮਨੁੱਖ ਨੂੰ ਕੇਵਲ ਮਨੁੱਖ ਬਣਨ ਤੇ ਸਮਝਣ ਵਿਚ ਸਹਾਈ ਹੁੰਦੀ ਹੈ। ਇਸ ਤਰ੍ਹਾਂ ਸਾਧ ਸੰਗਤਿ ਵਿਚ ਸੰਗਤੀ ਨਾਮ ਰਾਹੀਂ ਮਨ ਦੀ ਪਵਿੱਤਰਤਾ, ਦਾਨ ਰਾਹੀਂ ਕਦਮ ਦੀ ਪਵਿੱਤਰਤਾ ਤੇ ਇਸ਼ਨਾਨ ਰਾਹੀਂ ਆਤਮਿਕ ਪਵਿੱਤਰਤਾ ਤੇ ਜਾਣੂ ਹੁੰਦਾ ਹੈ। ਮਨੁੱਖ ਤਨ, ਮਨ ਤੇ ਆਤਮਿਕ ਸ੍ਵਛਤਾ ਦਾ ਧਾਰਣੀ ਬਣ ਜਾਂਦਾ ਹੈ। ਸ਼ੁੱਧ ਸਰੀਰ ਗੁਰੂ ਅਰਪਨ ਹੁੰਦਾ ਹੈ ਤੇ ਗੁਰਮੁਖ ਦੀ ਪਦਵੀ ਪ੍ਰਾਪਤ

ਕਰਦਾ ਹੈ। ਅੰਮ੍ਰਿਤਪਾਨ ਦੁਆਰਾ ਸਿੰਘ ਸਜਣ ਦੀ ਪ੍ਰਥਾ ਸਿੱਖ ਸੰਗਤ ਨੂੰ ਇਕ ਭਾਈਚਾਰੇ ਵਿਚ ਪ੍ਰਵੇਸ਼ ਕਰਵਾਉਂਦੀ ਹੈ। ਜੋ ਪੰਜ ਕਕਾਰ ਦੁਆਰਾ ਨਿਵੇਕਲੇ ਸਰੂਪ ਨਾਲ ਸੁਸ਼ੋਭਿਤ ਹੁੰਦੇ ਹਨ।

ਸਿੱਖ ਸੰਗਤਿ ਵਿਚ ਗੁਰਦੁਆਰੇ ਸਾਹਿਬਾਂ ਦੀ ਸੇਵਾ ਸੰਭਾਲ ਤੇ ਕਾਰ ਸੇਵਾ ਦੀ ਪਿਰਤ ਮਹਾਨ ਹੈ ਜੋ ਮਨੁੱਖ ਅੰਦਰ ਨਿਸ਼ਕਾਮ ਸੇਵਾ ਭਾਵਨਾ, ਸਾਂਝੀਵਾਲਤਾ, ਸਾਂਝੇ ਉੱਦੇਸ਼ ਲਈ ਮਿਲ ਕੇ ਯਤਨ, ਉੱਦਮ ਕਰਨਾ ਤੇ ਪ੍ਰੇਰਣਾ ਦੇਣ ਲੈਣ ਵਿਚ ਮਹਾਨ ਉਸਾਰੂ ਯੋਗਦਾਨ ਦਿੰਦੀ ਹੈ।

ਸਤਿਸੰਗਤਿ ਵਿਚ ਸਵੇਰੇ ਸ਼ਾਮ ਦੀ ਹਾਜ਼ਰੀ ਦਾ ਬੰਧਾਨ ਤੇ ਸੰਗਤਿ ਵਿਚ ਅਰਦਾਸ ਦੀ ਮਹਾਨ ਪ੍ਰਥਾ ਹੈ। ਜੋ ਦਸ ਗੁਰੂ ਸਾਹਿਬਾਂ ਦੀ ਯਾਦ ਤੋਂ ਸ਼ੁਰੂ ਹੋ ਕੇ ਗੁਰੂ ਗ੍ਰੰਥ ਸਾਹਿਬ, ਸਾਹਿਬਜ਼ਾਦਿਆਂ, ਹਠੀਆਂ ਜਪੀਆਂ ਤਪੀਆਂ ਸ਼ਹੀਦਾਂ ਦੀ ਯਾਦ ਦਿਵਾਉਂਦੀ ਆਪਣੇ ਮਹਾਨ ਵਿਰਸੇ ਨਾਲ ਇਕਸੁਰ ਕਰਦੀ, ਮਨੁੱਖ ਨੂੰ ਮਹਾਨ ਆਪੇ ਨਾਲ ਜੋੜਦੀ, ਮਨੁੱਖ ਲਈ ਮਨ ਨੀਵਾਂ ਮਤਿ ਉੱਚੀ ਦੀ ਯਾਚਨਾ ਸਹਿਤ ਮਨੁੱਖ ਅੰਦਰੋਂ ਹਉਂ ਤੋਂ ਮੁਕਤੀ ਤੇ ਪ੍ਰਭੂ ਵਿਚ ਸ਼ਰਧਾ ਪ੍ਰੇਮ ਉਪਜਾਉਂਦੀ, ਸਰਬ ਦੇ ਭਲੇ ਦੀ ਭਾਵਨਾ ਰਖਦੀ, ਸਰਬ ਏਕ ਦੀ ਭਾਵਨਾ ਦ੍ਰਿੜ੍ਹ ਕਰਦੀ ਹੈ।

ਇਹ ਸਿੱਖ ਸਤਿਸੰਗਤਿ ਦੇ ਮੁੱਖ ਉੱਦੇਸ਼ (salient features) ਹਨ ਜੋ ਮਨੁੱਖਤਾ ਵਿਚ "*ਏਕ ਪਿਤਾ ਏਕਸ ਕੇ ਹਮ ਬਾਰਕ*" ਦੀ ਭਾਵਨਾ ਨੂੰ ਪ੍ਰਪੱਕ ਕਰਦੇ ਹਨ। ਇਹ ਸੰਸਥਾ ਅਵੱਸ਼ ਹੀ ਮਨੁੱਖ ਨੂੰ ਸ੍ਵੈ-ਅਨੁਸ਼ਾਸਨ ਵਿਚ ਬੰਨ੍ਹਦੀ ਸ੍ਵੈ-ਵਿਸ਼ਵਾਸ ਤੇ ਆਤਮ ਗਿਆਨ ਰਾਹੀਂ ਆਤਮ ਨਿਰਭਰ ਬਣਾਉਂਦੀ ਧਰਮ ਨਿਰਪੇਖ ਮਹਾਮਾਨਵ ਦੇ ਮਹਾਨ ਸਤਰ ਤੇ ਪਹੁੰਚਾ ਦਿੰਦੀ ਹੈ।

ਹਵਾਲੇ

1. *ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।*
   ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ। ਪੰ. ੬੩੬
2. *ਆਹਰ ਸਭਿ ਕਰਦਾ ਫਿਰੈ ਆਹਰ ਇਕ ਨ ਹੋਇ।*
   ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ। ਪੰ. ੯੬੫
3. ਭਾਈ ਕਾਨ੍ਹ ਸਿੰਘ ਨਾਭਾ, ਪੰ. ੧੧੦, ੧੭੯
4. *ਉਹੀ*, ਪੰ. ੧੩੭
5. *ਉਹੀ*, ਪੰ. ੧੧
6. *ਉਹੀ*, ਪੰ. ੧੩੭
7. ਵਾਰਾਂ ਭਾਈ ਗੁਰਦਾਸ, ਪੰ. ੪੩੭
8. ਦਸਮ ਗ੍ਰੰਥ ਸ਼ਬਦਾਰਥ, ਬਚਿਤ੍ਰ ਨਾਟਕ, ਪੰ. ੭੦
9. *ਉਹੀ*, ਪੰ. ੭੩
10. *ਉਹੀ*, ਪੰ. ੭੪
11. *ਨਾਰਦ ਭਗਤੀ ਸੂਤਰ*, 45
12. The highest knowledge is not to be snatched at one leap. It is acquired as the result of methodical endeavour steady deepening of the mind— R. K. Up. p. 510

13. P. N. Rao, *Introduction to Vedanta*, p. 37
14. *ਕਠ ਉਪਨਿਸ਼ਦ* 1-3-8, 1-13-14
15. *ਦਸਮ ਗ੍ਰੰਥ ਸਬਦਾਰਥ* :

    ਜੁਧ ਜਿਤੈ ਇਨ ਹੀ ਕੇ ਪ੍ਰਸਾਦਿ
    ਇਨ ਹੀ ਕੀ ਕ੍ਰਿਪਾ ਫੁਨਿ ਧਾਮ ਭਰੇ।
    ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ।
    ਨਹੀ ਮੋ ਸੇ ਗਰੀਬ ਕਰੋਰ ਪਰੇ।

16. *ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. ੧੪੨*

    ਜੇ ਜੀਵ ਪਤਿ ਲਥਿ ਜਾਇ।
    ਸਭ ਹਰਾਮ ਜੇਤਾ ਕਿਛ ਖਾਇ।

ਸਿੱਖ ਧਰਮ ਵਿਚ ਸੰਗਤ ਅਤੇ ਕੀਰਤਨ

ਡਾ. ਜਾਗੀਰ ਸਿੰਘ

ਸਿੱਖ ਧਰਮ ਵਿਚ ਸੰਗਤ ਅਤੇ ਕੀਰਤਨ ਦੋਵੇਂ ਇਕ ਦੂਜੇ ਦੇ ਪੂਰਕ ਹਨ। ਕੀਰਤਨ ਸੰਗਤ ਵਿਚ ਹੁੰਦਾ ਹੈ ਅਤੇ ਸੰਗਤ ਕੀਰਤਨ ਸੁਣਨ ਲਈ ਇਕੱਤਰ ਹੁੰਦੀ ਹੈ। ਸੰਗਤ ਲਈ ਗੁਰਬਾਣੀ ਵਿਚ, ਸਾਧ ਸੰਗ, ਸਤਿ ਸੰਗ, ਸਾਧ ਸੰਗਤ, ਸਤਿ ਸੰਗਤ ਆਦਿ ਸ਼ਬਦ ਪ੍ਰਯੋਗ ਕੀਤੇ ਗਏ ਹਨ। ਮਨੁੱਖੀ ਸਮਾਜ ਵਿਚ ਸੰਗਤ ਇਕ ਆਦਰਸ਼ ਸਮਾਜ ਦਾ ਸਰੂਪ ਹੈ। ਇਸ ਸੰਗਤ ਵਿੱਚ ਸਭ ਇੱਕੋ ਜਿਹੇ ਹੁੰਦੇ ਹਨ। ਕੋਈ ਊਚ ਜਾਂ ਨੀਚ ਨਹੀਂ ਹੁੰਦਾ। ਜਿਸ ਨੂੰ ਪ੍ਰੇਮ ਹੋਵੇ ਉਹ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਸਕਦਾ ਹੈ, ਜਿਹੜਾ ਸੰਗੀਤ ਜਾਣਦਾ ਹੈ ਉਹ ਕੀਰਤਨ ਕਰ ਸਕਦਾ ਹੈ। ਅਜਿਹੀ ਸੰਗਤ ਵਿਚ ਆ ਕੇ ਹਰ ਕੋਈ ਮੁਕਤ ਹੋ ਸਕਦਾ ਹੈ :

ਮੇਰੇ ਮਾਧਉ ਜੀ ਸਤਿ ਸੰਗਤਿ ਮਿਲੇ ਸੋ ਤਰਿਆ। ਪੰ. ੧੦

ਸੰਗਤ ਦਾ ਪ੍ਰਭਾਵ ਮਾੜੇ ਨੂੰ ਚੰਗਾ ਕਰ ਦਿੰਦਾ ਹੈ :

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਣ ਚਾਰ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨ।
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੜਾ
ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣ। ਪੰ. ੮੬੧
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ। ਪੰ. ੧੦

ਉਹ ਥਾਂ ਪਵਿੱਤਰ ਹੈ ਜਿਥੇ ਸੰਗਤ ਹੈ, ਜਿਥੇ ਸੰਗਤ ਇਕੱਤਰ ਹੁੰਦੀ ਹੈ :

ਥਾਨ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ। ਪੰ. ੪੪

ਕਬੀਰ ਜੀ ਉਸ ਥਾਂ ਨੂੰ ਬੈਕੁੰਠ ਕਹਿੰਦੇ ਹਨ ਜਿਥੇ ਸਤਿਸੰਗ ਹੁੰਦਾ ਹੈ :

ਕਹੁ ਕਬੀਰ ਇਹ ਕਹੀਐ ਕਾਹਿ ਸਾਧ ਸੰਗਤਿ ਬੈਕੁੰਠੈ ਆਹਿ। ਪੰ. ੩੨੫

ਗੁਰਬਾਣੀ ਵਿਚ ਤਾਂ ਇਥੋਂ ਤੱਕ ਕਿਹਾ ਗਿਆ ਹੈ ਕਿ ਸੰਗਤ ਵਿਚ ਪ੍ਰਮਾਤਮਾ ਆਪ ਵਸਦਾ ਹੈ :

ਸਤਿ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ।
ਪੰ. ੧੩੩੫
ਮਿਲਿ ਸਤਸੰਗਤਿ ਖੋਜ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ। ਪੰ. ੯੪

ਭਾਈ ਗੁਰਦਾਸ ਜੀ ਮਨੁੱਖਾ ਜਨਮ ਨੂੰ ਸਫਲ ਹੀ ਇਸੇ ਲਈ ਗਿਣਦੇ ਹਨ ਕਿ ਇਹ ਸਾਧ ਸੰਗਤ ਵਿੱਚ ਜਾ ਕੇ ਗੁਰ ਸ਼ਬਦ ਦਾ ਵਿਚਾਰ ਕਰ ਸਕਦਾ ਹੈ :

ਮਾਣਸ ਜਨਮੁ ਦੁਲੰਭ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ ॥
ਸਾਧ ਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ। 1.4

ਸੰਗਤ ਅਤੇ ਕੀਰਤਨ ਦੀ ਮਹੱਤਤਾ ਦਰਸਾਉਂਦਿਆਂ ਉਹ ਹੋਰ ਲਿਖਦੇ ਹਨ :

ਕੁਰਬਾਨੀ ਤਿਨਾ ਗੁਰਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ।
ਕੁਰਬਾਨੀ ਤਿਨਾ ਗੁਰ ਸਿਖਾਂ ਗੁਰਬਾਨੀ ਨਿਤ ਗਾਇ ਸੁਣੰਦੇ। 2.12

ਪੁਰਾਤਨ ਕਥਾਵਾਂ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਭਗਤ ਲੋਕ ਸਦਾ ਹੀ ਸੰਗਤ ਵਿਚ ਬੈਠਣ ਅਤੇ ਕੀਰਤਨ ਲਈ ਤਾਂਘਦੇ ਰਹਿੰਦੇ ਸਨ। ਰਾਜਾ ਹਰੀ ਚੰਦ ਅਤੇ ਉਸ ਦੀ ਰਾਣੀ ਤਾਰਾਮਤੀ ਦੀ ਕਥਾ ਨੂੰ ਭਾਈ ਗੁਰਦਾਸ ਜੀ ਨੇ ਕਲਮਬੰਦ ਕਰਦਿਆਂ ਲਿਖਿਆ ਹੈ :

ਸੁਖ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਂਵਦੇ ਰਾਤੀ ਜਾਇ ਸੁਣੈ ਗੁਰਬਾਣੀ। 6.10

ਇਸੇ ਤਰ੍ਹਾਂ ਭਗਤ ਸੈਣ ਦੇ ਘਰ ਇਕ ਵਾਰ ਸੰਤ ਪਰਾਹੁਣੇ ਆਏ ਅਤੇ ਸਾਰੀ ਰਾਤ ਕੀਰਤਨ ਹੁੰਦਾ ਰਿਹਾ :

ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ। 6.10

ਇਹਨਾਂ ਘਟਨਾਵਾਂ ਤੋਂ ਜਿਥੇ ਸੰਗਤ ਦੀ ਮਹੱਤਤਾ ਦਾ ਪਤਾ ਲਗਦਾ ਹੈ ਉਥੇ ਇਹ ਵੀ ਪਤਾ ਲਗਦਾ ਹੈ ਕਿ ਸੰਗਤ ਵਿਚ ਕੀਰਤਨ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਜਿਹੀਆਂ ਸੰਸਥਾਵਾਂ ਬਣਨ ਲੱਗ ਪਈਆਂ ਸਨ ਜਿਥੇ ਸੰਗਤ ਜੁੜਦੀ ਸੀ ਅਤੇ ਕੀਰਤਨ ਹੁੰਦਾ ਸੀ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਬਾਰੇ ਦੱਸਦਿਆਂ ਲਿਖਦੇ ਹਨ :

ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ। 1.27

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨ ਪੁਰ ਵਿਚ ਰਹਿੰਦੇ ਸਨ ਤਾਂ ਉਹਨਾਂ ਦੇ ਨਿਤ ਨੇਮ ਬਾਰੇ ਜਨਮਸਾਖੀ ਵਿਚ ਲਿਖਿਆ ਹੈ :

ਜੋ ਕਿਛ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੇ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ।[1]

ਸੰਗਤ ਵਿਚ ਜ਼ਰੂਰੀ ਨਹੀਂ ਕਿ ਬਹੁਤੇ ਵਿਅਕਤੀ ਹੋਣ ਸਗੋਂ *'ਇਕ ਸਿਖ ਦੁਇ ਸਾਧ ਸੰਗ'* ਵਾਲੀ ਗੱਲ ਵੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦੇ ਨਾਲ ਮਰਦਾਨਾ ਹੀ ਬਹੁਤਾ ਸਮਾਂ ਸੰਗਤ ਦਾ ਰੋਲ ਅਦਾ ਕਰਦਾ ਸੀ।

ਅਧਿਆਤਮਿਕ ਕਵਿਤਾ ਅਰਥਾਤ ਬਾਣੀ ਦੀ ਸਿਰਜਣ ਪ੍ਰਕਿਰਿਆ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਦੀ ਸਿਰਜਣਾ ਸਮੇਂ ਸੰਗਤ ਅਤੇ ਸੰਗੀਤ ਦਾ ਹੋਣਾ ਜ਼ਰੂਰੀ ਹੈ। ਡਾ. ਪੀਤਾਂਬਰ ਦੱਤ ਬੜਥਵਾਲ[2] ਲਿਖਦੇ ਕਿ ਅਧਿਆਤਮਿਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਨਾਕਾਫੀ ਹੈ। ਇਸ ਲਈ ਭਾਸ਼ਾ ਦੇ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ। ਸੰਗੀਤ ਭਾਸ਼ਾ ਨਾਲੋਂ ਵਧੇਰੇ ਕਾਰਗਰ ਸਾਬਤ ਹੁੰਦਾ ਹੈ। ਡਾ.

ਸੀਮੈਨ[3] ਦਾ ਕਹਿਣਾ ਹੈ ਕਿ ਅਸੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਇਕ ਲੰਮੇ ਲੇਖ ਦੀ ਥਾਂ ਕੇਵਲ ਇਕ ਹੀ ਸੁਰ ਵਿੱਚ ਭਲੀ ਭਾਂਤ ਕਰ ਸਕਦੇ ਹਾਂ। ਇਸ ਲਈ ਗੁਰੂ ਸਾਹਿਬਾਨ ਅਤੇ ਭਗਤ ਕਵੀਆਂ ਨੇ ਬਾਣੀ ਦੇ ਨਾਲ ਸੰਗੀਤ ਨੂੰ ਸੰਬੰਧਿਤ ਕੀਤਾ ਹੈ। ਅਧਿਆਤਮਿਕ ਅਨੁਭਵੀ ਆਪਣੇ ਅਨੁਭਵ ਨੂੰ ਕੇਵਲ ਆਪਣੇ ਤਕ ਸੀਮਤ ਨਹੀਂ ਰਖ ਸਕਦਾ। ਇਸ ਅਨੁਭਵ ਨਾਲ ਉਸ ਨੂੰ ਸਮਝ ਆ ਜਾਂਦੀ ਹੈ ਕਿ ਅਸਲ ਗੱਲ ਤਾਂ *'ਆਪ ਜਪੈ ਅਵਰਾ ਨਾਮ ਜਪਾਵੈ'* ਹੈ। ਇਸ ਲਈ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਠੀਕ ਹੀ ਲਿਖਿਆ ਹੈ :

"ਅਧਿਆਤਮਿਕ ਮੰਡਲਾਂ ਵਿਚ ਲਗਾਤਾਰ ਸਾਧਨਾ ਕਰਨ ਤੋ ਉਪਰੰਤ ਪ੍ਰਾਪਤ ਕੀਤੇ ਤਜਰਬਿਆਂ ਨੂੰ ਆਪਣੇ ਸੀਨੇ ਦੀ ਚਾਰ ਦੀਵਾਰੀ ਵਿਚ ਰੋਕ ਰੱਖਣਾ ਇਕ ਸਾਧਕ ਲਈ ਬੜਾ ਔਖਾ ਹੈ। ਇਹਨਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਸਾਧਕ ਬਿਹਬਲ ਹੋ ਉਠਦਾ ਹੈ।"[4]
ਪ੍ਰਗਟ ਕਰਨ ਦੀ ਇਸ ਮਜਬੂਰੀ ਕਰ ਕੇ ਵੀ ਗੁਰੂ ਸਾਹਿਬਾਨ ਇਸ ਬਾਣੀ ਬਾਰੇ ਲਿਖਦੇ ਹਨ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ। ਪੰ. ੭੬੩

... ...

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ। ਪੰ. ੭੨੨

... ...

ਇਹ ਅਨੁਭਵ ਕਿਸ ਅੱਗੇ ਪ੍ਰਗਟ ਕੀਤਾ ਜਾਵੇ। ਕੋਈ ਅਜਿਹਾ ਸਰੋਤਾ ਚਾਹੀਦਾ ਹੈ ਜਿਹੜਾ ਲਾਲੋ ਵਾਂਗ ਸੁਹਿਰਦ ਹੋਵੇ। ਪਰ ਅਜਿਹੇ ਸਰੋਤਿਆਂ ਦੀ ਬੜੀ ਘਾਟ ਹੈ। ਇਸ ਘਾਟ ਨੂੰ ਗੁਰਬਾਣੀ ਵਿਚ ਬੜੀ ਸ਼ਿਦਤ ਨਾਲ ਪੇਸ਼ ਕੀਤਾ ਗਿਆ ਹੈ।

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ।
ਕਉਣੁ ਜਾਣੈ ਪੀਰ ਪਰਾਈ। ਪੰ. ੭੯੫

... ...

ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥ ਪੰ. ੭੬੭

... ...

ਖੰਭ ਵਿਕਾਂਦੜੈ ਜੇ ਲਹਾਂ ਘਿੰਨਾ ਸਾਵੀ ਤੋਲਿ ॥
ਤੰਨਿ ਜੜਾਂਦੀ ਆਪਣੈ ਲਹਾਂ ਸੁ ਸਜਣੁ ਟੋਲਿ ॥ ਪੰ. ੧੪੨੬

... ...

ਗਲੀ ਸੁ ਸਜਣ ਵੀਹ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਲੀਹ ਕਾਰਣਿ ਤਿੰਨਾ ਮਾ ਪਿਰੀ ॥ ਪੰ. ੧੩੮੨

ਅਜਿਹੇ ਹੋਰ ਵੀ ਕਈ ਹਵਾਲੇ ਮਿਲਦੇ ਹਨ ਜਿਹਨਾਂ ਤੋਂ ਸੁਹਿਰਦ ਸੱਜਣਾਂ ਦੀ ਘਾਟ ਦਾ ਪਤਾ ਲਗਦਾ ਹੈ। ਸੋ ਗੁਰਬਾਣੀ ਲਈ, ਸੱਚ ਦੇ ਅਨੁਭਵ ਦੀ ਗੱਲ ਸੁਣਨ ਵਾਸਤੇ ਖ਼ਾਸ ਸਰੋਤਿਆਂ ਦੀ ਜ਼ਰੂਰਤ ਹੁੰਦੀ ਹੈ। ਇਹ ਸਰੋਤੇ ਹੀ ਸੰਗਤ ਦਾ ਰੂਪ ਧਾਰ ਸਕਦੇ ਹਨ। ਅਜਿਹੇ ਸਰੋਤਿਆਂ ਨੂੰ ਇਕੱਠਾ ਕਰਨ ਲਈ ਸੰਗੀਤ ਬਹੁਤ ਮਦਦਗਾਰ ਸਾਬਤ ਹੁੰਦਾ ਹੈ।

ਸੰਗੀਤ ਇਕ ਅਜਿਹੀ ਕਲਾ ਹੈ ਜਿਸ ਤੋਂ ਹਰ ਜੀਵ ਪ੍ਰਭਾਵਿਤ ਹੁੰਦਾ ਹੈ। ਸੰਗੀਤ

ਰਤਨਾਕਰ ਵਿਚ ਲਿਖਿਆ ਹੈ :

> ਪਾਰਬਤੀ ਪਤੀ ਅਤੇ ਦੇਵਤੇ ਸੰਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ-ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮ-ਗਾਨ ਕਰਦੇ ਹਨ। ਸੁਰਸਤੀ ਵੀਣਾ ਵਿਚ ਮਗਨ ਹੈ। ਯਕਸ਼, ਗੰਧਰਬ, ਦੇਵ-ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਵਿਕਾਰਾਂ ਤੋਂ ਕੋਰਾ ਪੰਘੂੜੇ ਵਿਚ ਪਿਆ ਰੋਂਦਾ ਬਾਲਕ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।[5]

ਜਿਹੜੇ ਵਿਅਕਤੀ ਸੰਗੀਤ ਨਾਲ ਵੀ ਪ੍ਰਭਾਵਿਤ ਨਹੀਂ ਹੁੰਦੇ ਸ਼ੈਕਸਪੀਅਰ[6] ਉਹਨਾਂ ਨੂੰ ਖ਼ਤਰਨਾਕ ਦਸਦਿਆਂ ਕਹਿੰਦਾ ਹੈ ਕਿ ਇਹਨਾਂ ਤੇ ਕਦੇ ਇਤਬਾਰ ਨਹੀਂ ਕੀਤਾ ਜਾਣਾ ਚਾਹੀਦਾ। ਅਜਿਹੇ ਵਿਅਕਤੀ ਗੁਰਬਾਣੀ ਦੇ ਸਰੋਤੇ ਨਹੀਂ ਬਣ ਸਕਦੇ। ਸੰਗੀਤ ਦਸਦਾ ਹੈ ਕਿ ਕਿਹੜੇ ਵਿਅਕਤੀਆਂ ਵਿਚ ਮਨੁੱਖੀ ਹਮਦਰਦੀ ਦੀ ਕਣੀ ਹੈ। ਜਦੋਂ ਮਰਦਾਨੇ ਦੀ ਰਬਾਬ ਵਜਦੀ ਸੀ ਤਾਂ ਉਹ ਕਿਸੇ ਵਿਅਕਤੀ ਨੂੰ ਧੂਹ ਪਾਉਂਦੀ ਸੀ। ਉਹ ਵਿਅਕਤੀ ਸੰਗਤ ਦੇ ਰੂਪ ਵਿਚ ਆ ਬੈਠਦਾ ਸੀ। ਸੰਗੀਤ ਦੇ ਅਸਰ ਅਤੇ ਸੰਗਤ ਦੀ ਸਿਰਜਣਾ ਬਾਰੇ ਭਾਈ ਵੀਰ ਸਿੰਘ[7] ਹੋਰਾਂ ਦਾ ਇਹ ਕਥਨ ਵੀ ਵਾਚਣ ਯੋਗ ਹੈ :

> ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਪੰਘਰਨੋ ਅੜ ਖਲੋਤੇ ਤਾਂ ਰੰਗ ਰਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆਂ ਵਿਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡੁਲ ਡੁਲ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਨਾ ਪੰਘਰੇ ਮਨ ਦ੍ਰਵ ਕੇ ਵਹਿ ਤੁਰੇ ਤੇ ਵਹਿ ਕੇ ਜਾ ਮਿਲੇ :
>
> *ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲ ॥* ਪੰ. ੧੩੭੪

ਇਸ ਤਰ੍ਹਾਂ ਸੰਗੀਤ ਸਰੋਤੇ ਨੂੰ ਸਮੂਹ ਦਾ ਇਕ ਅੰਗ ਬਣਾ ਦਿੰਦਾ ਹੈ, ਜਿਸ ਵਿਚ ਗਾਉਣ ਵਾਲਾ, ਸੁਣਨ ਵਾਲਾ, ਗੀਤ, ਸੰਗੀਤ, ਵਿਚਾਰ ਭਾਵ ਆਦਿ ਇਕ-ਮਿਕ ਹੋ ਜਾਂਦੇ ਹਨ।

ਸਿੱਖ ਗੁਰੂ ਸਾਹਿਬਾਨ ਨੇ ਸੰਗਤ ਅਤੇ ਸੰਗੀਤ ਨੂੰ ਬਾਣੀ ਵਿਚ ਹੀ ਨਹੀਂ ਪ੍ਰਚਾਰਿਆ ਸਗੋਂ ਸੰਸਥਾਪਕ ਪੱਧਰ ਤੇ ਵੀ ਇਸ ਲਈ ਉਚੇਚੇ ਜਤਨ ਕੀਤੇ। ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ ਉਥੇ ਧਰਮਸਾਲਾ ਕਾਇਮ ਕਰਨ ਦਾ ਉਪਦੇਸ਼ ਦਿੱਤਾ ਅਤੇ ਇਹਨਾਂ ਸਥਾਨਾਂ ਤੇ ਕੀਰਤਨ ਹੁੰਦਾ ਸੀ। ਉਹਨਾ ਨੇ ਜਦੋਂ ਕਰਤਾਰਪੁਰ ਵਿਖੇ ਨਿਵਾਸ ਕੀਤਾ ਤਾਂ ਉਥੇ ਰੋਜ਼ ਸੰਗਤ ਨੂੰ ਨਿਤਨੇਮ ਲਈ ਪ੍ਰੇਰਿਆ। ਇਸ ਬਾਰੇ ਭਾਈ ਗੁਰਦਾਸ ਜੀ ਦਸਦੇ ਹਨ :

> *ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।* 1.38

ਇਸ ਪਉੜੀ ਦਾ ਟੀਕਾ ਕਰਦਿਆਂ ਭਾਈ ਮਨੀ ਸਿੰਘ[8] ਜੀ ਲਿਖਦੇ ਹਨ :

> ਕਰਤਾਰ ਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ

> ਦੀ ਚਰਚਾ ਹੋਵੇ ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਤਰਨ ਕਰਾਏ ਸੰਧਿਆ ਰਹਿਰਾਸ ਪੜੀਏ, ਫੇਰ ਕੀਰਤਨ ਗਾਵੀਏ, ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਪਿਛਲੀ ਰਾਤ ਜਪ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।

ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਜੁੜੀ ਸੰਗਤ ਨਾਲ ਕੀਰਤਨੀਆਂ, ਕੀਰਤਨ ਅਤੇ ਕਥਾ ਆਦਿ ਬਾਰੇ ਵਿਚਾਰ ਹੁੰਦੀ ਸੀ। ਸਿੱਖਾਂ ਦੀ ਭਗਤਮਾਲ[9] ਵਿਚ ਮਾਲੋ ਅਤੇ ਸੀਹਾਂ ਦੇ ਸਿੱਖਾਂ ਦੀ ਸਾਖੀ ਵਿਚ ਕੀਰਤਨ ਨੂੰ ਸਰਬੋਤਮ ਦੱਸਿਆ ਹੈ। ਸਰੋਤਿਆਂ ਬਾਰੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀ ਵਿਚ ਲਿਖਿਆ ਹੈ :

> ਕਾਗ ਭਸੁੰਡ ਬਾਬੇ ਅੱਗੇ ਮਥਾ ਟੇਕਿਆ। ਬਾਬੇ ਕਹਿਆ ਪੰਜ ਪ੍ਰਕਾਰ ਦੇ ਸ੍ਰੋਤੇ ਕੀਰਤਨ ਕੇ ਹੋਤੇ ਹੈ—ਇਕ ਰਾਗ ਰਾਗਨੀਆਂ ਸਮਝਦੇ ਹਨ। ਇਕ ਸੁਰ ਨੂੰ ਸਮਝਦੇ ਹੈਨ। ਇਕ ਸਾਜ ਨੂੰ ਸਮਝਦੇ ਹੈਨ। ਇਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨ। ਤੁਮ ਵੱਡੇ ਸਰੋਤੇ ਹੋ ਜੋ ਸ਼ਬਦ ਦੇ ਤਾਤਪਰਜ ਨੂੰ ਸਮਝੇ ਹੋ। ਕਾਗ ਭਸੁੰਡ ਕਹਿਆ ਉਤਮ ਹੈਂ ਜੋ ਮਹਾਰਾਜ ਦੇ ਕੀਰਤਨ ਕੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।[10]

ਇਸ ਤਰ੍ਹਾਂ ਇਹ ਸਾਖੀ ਜਿਥੇ ਸਰੋਤੇ ਦਾ ਸਥਾਨ ਨਿਸ਼ਚਿਤ ਕਰਦੀ ਹੈ ਉਥੇ ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ। ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਸਰੋਤੇ ਨੂੰ ਸੰਗੀਤ ਦੀ ਸੂਝ ਹੀ ਨਾ ਹੋਵੇ। ਗੁਰੂ ਨਾਨਕ ਦੇਵ ਜੀ ਗੁਰਬਾਣੀ ਦਾ ਅਨੰਦ ਪ੍ਰਾਪਤ ਕਰਨ ਲਈ ਸਰੋਤੇ ਵਿਚ ਹੇਠ ਲਿਖੇ ਗੁਣਾਂ ਦਾ ਹੋਣਾ ਜ਼ਰੂਰੀ ਦੱਸਦੇ ਹਨ :

ਇਕਨਾ ਨਾਦ ਨ ਬੇਦ ਨ ਗੀਅ ਰਸੁ, ਰਸ ਕਸੁ ਨ ਜਾਣੰਤਿ।
ਇਕਨਾ ਸਧਿ ਨ ਬੁਧਿ ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤ।
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਨ ਗਰਬੁ ਕਰੰਤ ॥ ਪੰ. ੧੨੪੬

ਗੁਰੂ ਅਮਰਦਾਸ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਸੰਗਤ ਜੋੜ ਕੇ ਕੀਰਤਨ ਕਰਨ ਦਾ ਉਪਦੇਸ਼ ਦਿੱਤਾ। ਇਸ ਸੰਬੰਧੀ ਬਾਬਾ ਸੋਦਰ ਜੀ ਰਾਮਕਲੀ ਸਦੁ ਵਿਚ ਲਿਖਦੇ ਹਨ :

ਅੰਤੇ ਸਤਿਗੁਰੂ ਬੋਲਿਆ ਮੈ ਪਿਛੈ ਕੀਰਤਨੁ ਕਰੀਅਹੁ ਨਿਰਬਾਣ ਜੀਉ। ਪੰ. ੯੨੩

ਸੰਗਤ ਵਿਚ ਕੀਰਤਨ ਦੀ ਪ੍ਰਥਾ ਨੂੰ ਸਦਾ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਉਹਨਾਂ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਖਡੂਰ ਸਾਹਿਬ ਭੇਜਿਆ ਤੇ ਕਿਹਾ :

ਬਲਵੰਡ ਰਬਾਬੀ ਤੁਮ ਸੰਗ ਜਾਵੈ।
ਸਮੇ ਸਮੇ ਹਰਿ ਕੀਰਤਨ ਗਾਵੈ।[11]

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਭਾਵੇਂ ਸਥਾਪਤ ਕੀਤੀਆਂ ਧਰਮਸਾਲਾਂ ਅਤੇ ਸੰਗਤ ਵਿਚ ਵੀ ਕੀਰਤਨ ਹੁੰਦਾ ਸੀ। ਪਰ ਮੁਖ ਸਥਾਨ ਉਹ ਹੀ ਹੁੰਦਾ ਸੀ ਜਿਥੇ ਗੁਰੂ ਸਾਹਿਬਾਨ ਦਾ

ਨਿਵਾਸ ਸੀ। ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਖਡੂਰ ਆ ਗਏ ਪਰ ਸੰਗਤ ਦੀ ਮਰਯਾਦਾ ਉਹ ਹੀ ਕਾਇਮ ਰੱਖੀ ਜਿਹੜੀ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ। ਇਥੇ ਸਵੇਰੇ-ਸ਼ਾਮ ਬਲਵੰਡ ਰਬਾਬੀ ਅਤੇ ਸੱਤਾ ਕੀਰਤਨ ਕਰਦੇ। ਭਾਈ ਵੀਰ ਸਿੰਘ ਜੀ ਅਨੁਸਾਰ :

> ਐਉਂ ਸੱਤੇ ਬਲਵੰਡ ਦੀ ਚੌਕੀ ਖਡੂਰ ਵਿਖੇ ਗੁਰੂ ਜੀ (ਅੰਗਦ ਦੇਵ ਜੀ) ਦੇ ਹਜ਼ੂਰ ਆਰੰਭ ਹੋਈ। ਜਿਹਨਾਂ ਦੀ ਅਉਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦੀ ਹੈ।[12]

ਗੁਰੂ ਅਮਰਦਾਸ ਜੀ ਵੀ ਗੋਇੰਦਵਾਲ ਵਿਖੇ ਸੰਗਤ ਨੂੰ ਕਾਇਮ ਰੱਖਣ ਲਈ ਜਿਹੜਾ ਨਿਤਨੇਮ ਕਰਦੇ ਸਨ, ਉਸ ਬਾਰੇ ਗਿਆਨੀ ਗਿਆਨ ਸਿੰਘ ਨੇ ਇੰਜ ਲਿਖਿਆ ਹੈ :

> ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਉਸੇ ਵੇਲੇ ਜਾਗ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ,.....ਪਹੁ ਫੁਟੀ ਤੋਂ ਸਫੈਦ ਪੁਸ਼ਾਕਾ ਪਹਨ ਕੇ ਸਿੰਘਾਸਨ ਉੱਤੇ ਆ ਬੈਠਦੇ। ਭਾਈ ਸਾਦੂ ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰਦੇ।[13]

ਗੁਰੂ ਅਮਰਦਾਸ ਜੀ ਸਿੱਖਾਂ ਨੂੰ ਸੰਗਤ ਵਿਚ ਆ ਕੇ ਗੁਰਬਾਣੀ ਗਾਉਣ ਦਾ ਉੱਦੇਸ਼ ਆਪਣੀ ਬਾਣੀ ਵਿਚ ਵੀ ਦਿੰਦੇ ਹਨ :

> *ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥*
> *ਬਾਣੀ ਤਾ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥* ਪੰ. ੯੨੦

ਗੁਰੂ ਅਮਰਦਾਸ ਜੀ ਦੇ ਅੰਮ੍ਰਿਤਸਰ ਵਿਖੇ ਰਹਿੰਦਿਆਂ ਹੋਇਆਂ ਸੰਗਤ ਦੀ ਜਿਹੜੀ ਮਰਯਾਦਾ ਸੀ ਉਸ ਬਾਰੇ ਵੀ ਲਿਖਿਆ ਗਿਆ ਹੈ :

> ਇਹ ਗੁਰੂ ਸਾਹਿਬ ਭੀ ਪਿਛਲੇ ਗੁਰੂ ਸਾਹਿਬਾਨ ਵਾਂਗ ਨਿੱਤ ਸਵਾ ਪਹਿਰ, ਦੇ ਤੜਕੇ ਸੋਚ ਇਸ਼ਨਾਨ ਕਰ ਆਤਮਾ ਪ੍ਰਮਾਤਮਾ ਦੇ ਸਰੂਪ ਵਿਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪੋਹ ਫੁਟੀ ਸਭਾ (ਸੰਗਤ) ਵਿਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਡ ਕਰਿਆ ਕਰਦੇ।[14]

ਗੁਰੂ ਅਰਜਨ ਦੇਵ ਜੀ ਵੇਲੇ ਸੰਗਤ ਅਤੇ ਕੀਰਤਨ ਦੀ ਮਹੱਤਤਾ ਸਿੱਖਰਾਂ ਤੇ ਪੁਜ ਗਈ। ਆਪ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਸੰਪਾਦਤ ਕਰਕੇ ਇਸ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕਰ ਦਿੱਤਾ। ਹੁਣ ਸੰਗਤ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜਨ ਲੱਗ ਪਈ। ਭਾਈ ਸੱਤਾ ਅਤੇ ਬਲਵੰਡ ਕੀਰਤਨ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਸੰਗੀਤ ਨੂੰ, ਘਰਾਣਿਆਂ ਦੀ ਚਾਰ-ਦੀਵਾਰੀ ਵਿਚੋਂ ਕੱਢ ਕੇ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਉਹਨਾਂ ਦੇ ਹੇਠ ਲਿਖੇ ਵਾਕ ਸੰਗਤ ਅਤੇ ਕੀਰਤਨ ਦੀ ਮਹਾਨਤਾ ਨੂੰ ਦਰਸਾਉਂਦੇ ਹਨ :

> *ਗੁਰਦੁਆਰੈ ਹਰਿ ਕੀਰਤਨੁ ਸੁਣੀਐ।*
> *ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।* ਪੰ. ੧੦੭੫
> ....
> *ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ।* ਪੰ. ੧੦੧੮

ਸੰਗਤ ਵਿਚ ਕੀਤੇ ਕੀਰਤਨ ਦੀ ਮਹਿਮਾ ਕਮਾਲ ਹੈ। ਕਹਿੰਦੇ ਹਨ ਇਸ ਸੁੰਦਰ ਕੀਰਤਨ ਪ੍ਰਭਾਵ ਤੋਂ ਤਾਨ ਸੈਨ ਵਰਗਾ ਮਹਾਨ ਗਾਇਕ ਵੀ ਅਭਿਜ ਨਹੀ ਰਹਿ ਸਕਿਆ।[15]

ਗੁਰੂ ਹਰਿਗੋਬਿੰਦ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਤੀਜੇ ਗੁਰੂ ਜੀ ਦੇ ਹੁਕਮ ਨੂੰ ਮੰਨਦਿਆਂ ਕੀਰਤਨ ਦਾ ਸਮਾਗਮ ਰਚਿਆ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਕਰਹਿ ਰਬਾਬੀ ਕੀਰਤਨ ਆ ਕੇ।
ਕਰਿ ਸਿਖ ਗਾਇ ਜਿ ਰਾਗੀ ਬਨੇ।[16]

ਗੁਰੂ ਹਰਿ ਰਾਇ ਜੀ ਦੇ ਨਿਤ ਨੇਮ ਵਿਚ ਵੀ ਕੀਰਤਨ ਅਤੇ ਸੰਗਤ ਦਾ ਸਮਾਗਮ ਹੁੰਦਾ ਸੀ :

> ਜਿਥੇ ਗੁਰੂ ਜੀ ਜਾਣ ਦੇ ਵੇਲੇ ਦੀਵਾਨ ਲੱਗੇ, ਭਾਈ ਜਸ, ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇਕ ਵੇਲੇ ਚੋਕੀ ਕਰਨ ਦੂਜੇ ਵੇਲੇ ਭਾਈ ਸੇਵਾ, ਰੱਤਾ, ਪੰਜਾਬ ਆਦਿਕ ਕੀਰਤਨ ਕਰਨ। ਕੀਰਤਨ ਸਤਸੰਗ ਦਾ ਪ੍ਰਵਾਹ ਚਲਿਆ ਰਹੇ।[17]

ਗੁਰੂ ਤੇਗ ਬਹਾਦਰ ਜੀ ਤਾਂ ਸੰਗਤ ਵਿਚ ਕੀਰਤਨ ਕਰਨ ਵਾਲੇ ਕੀਰਤਨੀਆਂ ਦਾ ਸਨਮਾਨ ਵੀ ਕਰਦੇ ਸਨ। ਜੋਲ ਪੁਰ ਦੇ ਇਕ ਮਸੰਦ ਗੁਰਬਖਸ਼ ਦੇ ਕੀਰਤਨ ਤੋਂ ਪ੍ਰਸੰਨ ਹੋ ਕੇ ਉਹਨੂੰ ਆਪਣਾ ਨਿੱਜੀ ਮਿਰਦੰਗ ਇਨਾਮ ਵਜੋ ਦੇ ਦਿੱਤਾ।[18]

ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਅਤੇ ਕੀਰਤਨ, ਸਿੱਖ ਰਹੁ-ਰੀਤੀ ਦਾ ਲਾਜਮੀ ਅੰਗ ਬਣਾ ਦਿੱਤਾ ਸੀ। ਪ੍ਰਸ਼ਨ ਉਤਰ ਭਾਈ ਨੰਦ ਲਾਲ ਕਾ ਵਿਚ ਲਿਖਿਆ ਹੈ :

ਗੁਰੂ ਸਿਖ ਰਹਿਤ ਸੁਨਹੁ ਹੈ ਮੀਤ।
ਪਰਭਾਤੇ ਉਠ ਕਰ ਹਿਤ ਚੀਤ।
ਵਾਹਿਗੁਰੂ ਗੁਰ ਮੰਤ੍ਰ ਸੁ ਜਾਪ।
ਕਰ ਇਸਨਾਨ ਪੜੋ ਜਪ ਜਾਪ।
ਸੰਧਯਾ ਸਮੇ ਸੁਨੇ ਰਹਿਰਾਸ।
ਕੀਰਤਨ ਕਥਾ ਸੁਨੇ ਰਹਿ ਯਾਸ।[19]

ਤਨਖਾਹ ਨਾਮਾ ਵਿਚ ਲਿਖਿਆ ਹੈ :

ਪ੍ਰਾਤਕਾਲ ਸਤਸੰਗ ਨਾ ਜਾਵੇ।
ਤਨਖਾਹ ਦਾਰ ਵਹ ਬਡਾ ਕਹਾਵੇ।[20]

ਗੁਰੂ ਸਾਹਿਬਾਨ ਕੇਵਲ ਸਤਿਸੰਗ ਜਾਣ ਨੂੰ ਹੀ ਕਾਫੀ ਨਹੀ ਸਮਝਦੇ ਸਗੋਂ ਉਥੇ ਜਾ ਕੇ ਕੀਰਤਨ ਪ੍ਰੇਮ ਨਾਲ ਸੁਣਨ ਦਾ ਹੁਕਮ ਦਿੰਦੇ ਹਨ। ਜਿਹੜੇ ਸੰਗਤ ਵਿਚ ਜਾ ਕੇ ਗੱਲਾਂ ਕਰਦੇ ਹਨ ਉਹ ਸਜਾ ਦੇ ਭਾਗੀ ਹਨ :

ਸਤਸੰਗ ਜਾਇ ਕਰ ਚਿਤ ਡੁਲਾਵੇ।
ਹਰਿ ਯਸ ਸੁਨਤੇ ਬਾਤ ਚਲਾਵੇ।
....
ਸੋ ਤਨਖਾਹੀ ਮੂਲ ਕਹਾਵੇ।[21]

ਅਜੋਕੇ ਸਮੇਂ ਵਿਚ ਸਿੱਖ ਪੰਥ ਨੇ ਜਿਹੜੀ ਰਹਿਤ ਮਰਯਾਦਾ ਤਿਆਰ ਕੀਤੀ ਹੈ, ਉਸ ਵਿਚ ਵੀ ਸੰਗਤ ਅਤੇ ਕੀਰਤਨ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਇਸ 'ਸਿੱਖ ਰਹਿਤ ਮਰਯਾਦਾ'[22] ਵਿਚ ਗੁਰਬਾਣੀ ਅਭਿਆਸ ਤੇ ਜ਼ੋਰ ਦਿੰਦਿਆ ਲਿਖਿਆ ਹੈ :

> ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ, ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ। ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ—ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

ਸਿੱਖ ਰਹਿਤ ਮਰਯਾਦਾ ਵਿਚ ਸਿੱਖ ਸੰਸਕਾਰਾਂ ਸਮੇਂ ਵੀ ਸੰਗਤ ਵਿਚ ਕੀਰਤਨ ਦਾ ਨਿਯਮ ਬਣਾਇਆ ਗਿਆ ਹੈ।

> ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਗਿਣਤੀ ਕੋਈ ਮੁਕਰਰ ਨਹੀਂ) ਟੱਬਰ ਅਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ *'ਪਰਮੇਸਰ ਦਿਤਾ ਬੰਨਾ'* (ਸੋਰਠਿ ਮ: ੫) *'ਸਤਿਗੁਰ ਸਾਚੈ ਦੀਆ ਭੇਜਿ'* (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ।

ਵਿਆਹ ਬਾਰੇ ਰਹਿਤ ਮਰਯਾਦਾ ਵਿਚ ਲਿਖਿਆ ਹੈ :

> ਇਕ ਲਾਵ ਦਾ ਪਾਠ ਹੋਣ ਮਗਰੋਂ ਅਗੇ ਵਰ ਤੇ ਪਿਛੇ ਕੰਨਿਆ ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ।

ਮਿਰਤਕ ਸੰਸਕਾਰ :

ਫਿਰ ਸੰਗਤ (ਚਿਤਾ ਤੋਂ) ਕੁਝ ਵਿਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗ ਮਈ ਸ਼ਬਦ ਪੜ੍ਹੇ।

ਇਸ ਤਰ੍ਹਾਂ ਹੁਣ ਵੀ ਸਿੱਖ ਧਰਮ ਵਿਚ ਸੰਗਤ ਅਤੇ ਕੀਰਤਨ ਇਕ ਜ਼ਰੂਰੀ ਅੰਗ ਹਨ।

ਅਜੋਕੇ ਸਮੇਂ ਵਿਚ ਕੀਰਤਨ ਕਰਨ ਦੇ ਢੰਗ ਅਤੇ ਸੰਗਤ ਦੇ ਸੰਬੰਧ ਬਾਰੇ ਵਿਚਾਰ ਕਰਨ ਦੀ ਵੀ ਲੋੜ ਮਹਿਸੂਸ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਗੁਰਬਾਣੀ ਦਾ ਕੀਰਤਨ ਕਰਨ ਲਈ ਸੰਗਤ ਦੀ ਰੁੱਚੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਹਨਾਂ ਨੇ ਜਿਹੜੀਆਂ ਸੰਗਤਾਂ ਨੂੰ ਉਪਦੇਸ਼ ਦੇਣਾ ਹੁੰਦਾ ਸੀ ਉਹਨਾਂ ਦੀ ਰੁੱਚੀ ਅਨੁਸਾਰ ਰਾਗ ਦੀ ਵਰਤੋਂ ਕਰਦੇ ਸਨ। ਜਿਵੇਂ ਤਿਲੰਗ ਰਾਗ ਮੁਸਲਮਾਨਾਂ ਦਾ ਹਰਮਨ ਪਿਆਰਾ ਰਾਗ ਹੈ। ਇਸ ਲਈ ਇਸ ਰਾਗ ਦਾ ਪ੍ਰਯੋਗ ਕਰਦਿਆਂ ਉਹ ਮੁਸਲਮਾਨਾਂ ਨੂੰ ਉਪਦੇਸ਼ ਦਿੰਦੇ ਹਨ। ਇਸ ਰਾਗ ਵਿਚ ਆਈ ਬਾਣੀ ਵਿਚ ਫਾਰਸੀ ਦੀ ਸ਼ਬਦਾਵਲੀ ਇਸ

ਗੱਲ ਦਾ ਸਬੂਤ ਹੈ। ਕੁਝ ਸ਼ਬਦ ਤਾਂ ਬਿਲਕੁਲ ਹੀ ਫਾਰਸੀ ਰੰਗ ਵਿਚ ਹਨ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ਼ ਕੁਨ ਕਰਤਾਰ। ਪੰ. ੭੨੧

ਖਾਕ ਨੂਰ ਕਰਦੰ ਆਲਮ ਦੁਨੀਆਈ। ਪੰ. ੭੨੩

ਜੋਗੀਆਂ ਨੂੰ ਉਪਦੇਸ਼ ਵਾਲੇ ਬਹੁਤੇ ਸ਼ਬਦ ਰਾਮਕਲੀ ਰਾਗ ਵਿਚ ਆਏ ਹਨ। ਸਿਧ ਗੋਸ਼ਟ ਵੀ ਰਾਗ ਰਾਮਕਲੀ ਵਿਚ ਹੀ ਹੈ। ਕਿਹਾ ਜਾਂਦਾ ਹੈ ਕਿ ਰਾਮਕਾਲੀ ਰਾਗ ਜੋਗੀਆਂ ਵਿਚ ਬਹੁਤ ਪ੍ਰਚੱਲਿਤ ਹੈ।

ਰਾਗ ਤੋਂ ਬਿਨਾਂ ਗੁਰੂ ਸਾਹਿਬਾਨ ਨੇ ਖ਼ਾਸ ਇਲਾਕਿਆਂ ਵਿਚ ਕੁਝ ਪ੍ਰਚੱਲਿਤ ਧੁਨਾਂ ਦਾ ਵੀ ਪ੍ਰਯੋਗ ਕੀਤਾ ਹੈ। ਜਿਵੇਂ ਕੁਝ ਵਾਰਾਂ ਨੂੰ ਆਮ ਲੋਕਾਂ ਵਿਚ ਪ੍ਰਚੱਲਿਤ ਲੋਕ ਵਾਰਾਂ ਦੀਆਂ ਧੁਨਾਂ ਤੇ ਗਾਉਣ ਲਈ ਕਿਹਾ ਗਿਆ ਹੈ।

ਰਾਗ ਅਤੇ ਧੁਨ ਸਰੋਤਿਆਂ ਨੂੰ ਬਾਣੀ ਸੁਣਨ ਲਈ ਖਿਚ ਲੈਂਦੇ ਹਨ। ਕੁਝ ਰਾਗੀ ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਪ੍ਰਚੱਲਿਤ ਫਿਲਮੀ ਟਿਊਨਾਂ ਦੇ ਸ਼ਬਦ ਗਾਉਂਦੇ ਹਨ। ਇਸ ਨਾਲ ਆਮ ਸਰੋਤੇ ਪ੍ਰਭਾਵਿਤ ਤਾਂ ਹੁੰਦੇ ਹਨ ਪਰ ਉਹਨਾਂ ਤੇ ਗੁਰਬਾਣੀ ਦਾ ਠੀਕ ਪ੍ਰਭਾਵ ਨਹੀਂ ਪੈਂਦਾ। ਫਿਲਮੀ ਟਿਊਨਾਂ ਜਿਸ ਵਾਯੂਮੰਡਲ ਵਿਚ ਰਚੀਆਂ ਹੁੰਦੀਆਂ ਹਨ, ਉਹ ਵਾਯੂਮੰਡਲ ਗੁਰਬਾਣੀ ਦੇ ਵਾਯੂਮੰਡਲ ਦੇ ਅਨੁਸਾਰ ਨਹੀਂ ਹੁੰਦਾ। ਇਸ ਲਈ ਜ਼ਰੂਰੀ ਹੈ ਕਿ ਜੇ ਕਿਸੇ ਫਿਲਮੀ ਟਿਊਨ ਨੂੰ ਆਧਾਰ ਬਣਾਉਣਾ ਹੀ ਹੈ, ਸ਼ਬਦ ਦੇ ਭਾਵ ਦੇ ਨੇੜੇ ਤੇੜੇ ਦੇ ਪ੍ਰਭਾਵ ਵਾਲੀ ਟਿਊਨ ਚੁਣੀ ਜਾਵੇ।

ਪਰ ਇਸ ਨਾਲ ਰਾਗ ਦਾ ਵੀ ਧਿਆਨ ਰਖਿਆ ਜਾਣਾ ਚਾਹੀਦਾ ਹੈ। ਰਾਗ ਇਕ ਭਾਂਡਾ ਹੈ ਤੇ ਬਾਣੀ ਵਸਤੂ। ਗੁਰੂ ਸਾਹਿਬਾਨ ਨੇ ਵਸਤੂ ਅਨੁਸਾਰ ਹੀ ਭਾਂਡੇ ਦੀ ਚੋਣ ਕੀਤੀ ਹੈ। ਇਸ ਲਈ ਸੰਗਤ ਲਈ ਜ਼ਰੂਰੀ ਹੈ ਕਿ ਉਹ ਰਾਗ ਨੂੰ ਸਮਝਣ ਦੀ ਕੋਸ਼ਿਸ਼ ਕਰੇ ਅਤੇ ਰਾਗੀ ਸਿੰਘ ਸ਼ਬਦ ਅਤੇ ਰਾਗ ਦੇ ਸੰਬੰਧ ਨੂੰ ਸਮਝਦਿਆਂ ਕੀਰਤਨ ਕਰਨ।

ਅੱਜਕਲ ਸੰਗਤਾਂ ਇਕੋ ਸਮੇਂ ਬਹੁਤੇ ਰਾਗੀਆਂ ਨੂੰ ਸੁਣਨ ਦੀ ਇੱਛਾ ਅਧੀਨ ਕੀਰਤਨ ਦਰਬਾਰ ਕਰਵਾਉਂਦੀਆਂ ਹਨ। ਪਰ ਇਸ ਸਮੇਂ ਰਾਗੀ ਸਿੰਘਾਂ ਨੂੰ ਸਮਾਂ ਵੀਹ-ਵੀਹ ਮਿੰਟ ਦਿੱਤਾ ਜਾਂਦਾ ਹੈ। ਰਾਗੀ ਸਿੰਘ ਵੀ ਬਹੁਤੀ ਕਮਾਈ ਦੇ ਲਾਲਚ ਨੂੰ ਇਕ-ਇਕ ਦਿਨ ਕਈ ਪ੍ਰੋਗਰਾਮ ਮਿਥ ਲੈਂਦੇ ਹਨ। ਇਸ ਕਾਰਣ ਕੀਰਤਨ ਇਕ ਰਸਮੀ ਕਾਰਵਾਈ ਬਣ ਕੇ ਰਹਿ ਗਿਆ ਹੈ। ਲੋੜ ਹੈ ਸੰਗਤਾਂ ਕੀਰਤਨ ਦੇ ਸਮੇਂ ਇਕ ਮਨ ਇਕ ਚਿਤ ਹੋ ਕੇ ਜੁੜਨ। ਰਾਗੀ ਸਿੰਘ ਨੂੰ ਇਕ ਚਉਕੀ ਦਾ ਸਮਾਂ ਦਿੱਤਾ ਜਾਵੇ ਜਿਸ ਨਾਲ ਉਹ ਆਪਣੇ ਕੀਰਤਨ ਵਿਚ ਇਕ ਪ੍ਰਭਾਵ ਦੀ ਰਚਨਾ ਕਰ ਸਕੇ।

ਕੀਰਤਨ ਦਾ ਅਸਲੀ ਆਨੰਦ ਸੰਗਤ ਵਿਚ ਹੀ ਆਉਂਦਾ ਹੈ। ਕੀਰਤਨੀਆਂ ਵੀ ਸੰਗਤ ਵਿਚ ਆ ਕੇ ਚਾਅ ਨਾਲ ਕੀਰਤਨ ਕਰਦਾ ਹੈ। ਕੁਝ ਰਾਗੀਆਂ ਦੀਆਂ ਸਟੂਡੀਓ ਵਿਚ ਰਿਕਾਰਡ ਕੀਤੀਆਂ ਟੇਪਾਂ ਅਤੇ ਸੰਗਤ ਵਲੋਂ ਰਿਕਾਰਡ ਕੀਤੀਆਂ ਟੇਪਾਂ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਵੀ ਇਸ ਸਿੱਟੇ ਤੇ ਪੁੱਜੀਦਾ ਹੈ ਕਿ ਸੰਗਤ ਵਿਚ ਕੀਤਾ ਕੀਰਤਨ ਇਕੱਲਿਆਂ ਕੀਤੇ ਕੀਰਤਨ ਨਾਲੋਂ ਵਧੇਰੇ ਆਨੰਦ ਦਿੰਦਾ ਹੈ।

ਜੇ ਕੋਈ ਕੀਰਤਨੀਆ ਸੰਗਤ ਦੀ ਰੁੱਚੀ ਵਾਲੀ ਧੁਨ, ਸ਼ਬਦ ਦੇ ਭਾਵ ਵਾਲਾ ਰਾਗ ਅਤੇ ਸ਼ਬਦ ਉਚਾਰਣ ਦਾ ਧਿਆਨ ਰਖਦਿਆਂ ਵਿਦਵਾਨ ਸੰਗਤਾਂ ਵਿਚ ਕੀਰਤਨ ਕਰੇ ਤਾਂ ਉਹ

ਸਰੋਤਿਆਂ ਨੂੰ ਅਰਸ਼ੀ ਮੰਡਲਾਂ ਵਿਚ ਲਿਆ ਬਿਠਾਉਂਦਾ ਹੈ।

ਹਵਾਲੇ

1. *ਪੁਰਾਤਨ ਜਨਮ ਸਾਖੀ*, ਪੰ. 16
2. *ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ*, ਪੰ. 375
3. ਹਵਾਲਾ, ਪੰਨਾ ਲਾਲ ਮਦਾਨ, *ਸੰਗੀਤ ਕਲਾ ਕਾ ਇਤਿਹਾਸ*, ਪੰ. 5
4. *ਗੁਰੂ ਨਾਨਕ ਅਤੇ ਨਿਰਗੁਣਧਾਰਾ*, 271
5. ਸਾਰੰਗ ਦੇਵ, *ਸੰਗੀਤ ਰਤਨਾਕਰ* (ਭਾਗ 1), ਪੰ. 7
6. *ਦਿ ਮਰਚੈਂਟ ਆਫ਼ ਵੀਨਸ*, ਪੰ. 79-80
7. *ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ*, ਭਾਗ-1, ਪੰ. ੳ-ਅ
8. *ਗਿਆਨ ਰਤਨਾਵਲੀ*, ਹਵਾਲਾ ਨਿਰਬਾਣ ਕੀਰਤਨ, ਹਰਬੰਸ ਸਿੰਘ, ਪੰ. 32
9. ਭਾਈ ਮਨੀ ਸਿੰਘ, *ਸਿੱਖਾਂ ਦੀ ਭਗਤਮਾਲ*, ਪੰ. 45-47
10. ਭਾਈ ਮਨੀ ਸਿੰਘ, *ਗਿਆਨ ਰਤਨਾਵਲੀ*, ਹਵਾਲਾ, *ਨਿਰਬਾਣ ਕੀਰਤਨ*, ਪੰ. 31-32
11. ਸਰੂਪ ਦਾਸ ਭਲਾ, *ਮਹਿਮਾ ਪ੍ਰਕਾਸ਼* ਛੰਦ ੧੬੫
12. *ਅਸ਼ਟਗੁਰ ਚਮਤਕਾਰ*, ਪੰ. 251
13. *ਤਵਾਰੀਖ਼ ਗੁਰੂ ਖਾਲਸਾ*, ਪੰ. 317-18
14. *ਉਹੀ*, ਪੰ. 346
15. ਪ੍ਰੋ. ਤਾਰਾ ਸਿੰਘ, *ਵਾਦਨ ਕਲਾ*, ਪੰ. 280
16. *ਗੁਰ ਪ੍ਰਤਾਪ ਸੂਰਜ*, ਰਾਸ 4, ਅਧਿਆਇ 45
17. *ਤਵਾਰੀਖ਼ ਗੁਰੂ ਖਾਲਸਾ*, ਪੰ. 603
18. *ਉਹੀ*, ਪੰ. 675
19. ਹਵਾਲਾ, *ਗੁਰਮਤ ਸੁਧਾਕਰ*, ਕਾਨ੍ਹ ਸਿੰਘ ਨਾਭਾ, ਪੰ. 261
20. *ਉਹੀ*, ਪੰ. 254
21. *ਉਹੀ*, ਪੰ. 254
22. *ਸਿਖ ਰਹਿਤ ਮਰਯਾਦਾ*, ਪੰ. 14-29

ਸੰਗਤ ਸੰਸਥਾ ਅਤੇ ਗੁਰੂ ਅਰਜਨ ਦੇਵ ਜੀ

ਜੋਗਿੰਦਰ ਸਿੰਘ ਰੇਖੀ

'ਸੰਗਤ' ਸੰਸਥਾ ਦੀ ਨੀਹ ਗੁਰੂ ਨਾਨਕ ਸਾਹਿਬ ਨੇ ਰੱਖੀ। ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਜਿਸ ਥਾਂ ਵੀ ਠਹਿਰੇ, ਲੋਕੀ ਉਨ੍ਹਾਂ ਦੀ ਬਾਣੀ ਦੇ ਉਪਦੇਸ਼ਾਂ ਨੂੰ ਸੁਣਨ ਲਈ ਉਨ੍ਹਾਂ ਦੁਆਲੇ ਇਕੱਠੇ ਹੋ ਜਾਂਦੇ ਸਨ। ਇਹ ਇਕੱਠ ਸੰਗਤ ਅਖਵਾਉਣ ਲਗੇ। ਜੋ ਸੰਗਤਾਂ ਗੁਰੂ ਦੇ ਚਲਾਏ ਲੰਗਰ ਵਿਚੋਂ ਭੋਜਨ ਛਕਦੀਆਂ ਸਨ ਉਸ ਨੂੰ 'ਪੰਗਤ' ਕਿਹਾ ਜਾਣ ਲੱਗਾ। ਉਹਨਾਂ ਦਾ ਨਾਮ ਜਿਥੇ ਗੁਰੂ ਸਾਹਿਬ ਠਹਿਰਦੇ ਅਤੇ ਸੰਗਦਾਂ ਜੁੜਦੀਆਂ ਸਨ ਧਰਮਸ਼ਾਲ ਪੈ ਗਿਆ।[1] ਇਸ ਤਰ੍ਹਾਂ ਪੰਗਤ ਸੰਸਥਾ ਸ਼ੁਰੂ ਤੋਂ ਹੀ ਸੰਗਤ ਸੰਸਥਾ ਦੀ ਪੂਰਕ ਸੀ। ਡਾ. ਗੰਡਾ ਸਿੰਘ ਦੇ ਕਥਨ ਅਨੁਸਾਰ "ਸੰਗਤ ਅਤੇ ਪੰਗਤ ਸੰਸਥਾ ਗੁਰੂ ਨਾਨਕ ਸਾਹਿਬ ਦੀਆਂ ਸਿਖਿਆਵਾਂ ਦੇ ਪ੍ਰਗਟਾ ਅਤੇ ਅਭਿਆਸ ਦੀਆਂ ਪ੍ਰਯੋਗਸ਼ਾਲਾਵਾਂ ਸਨ।"[2] ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਅਜਿਹੀਆਂ ਸੰਗਤਾਂ ਕਈ ਨਗਰਾਂ ਅਤੇ ਪਿੰਡਾਂ ਵਿਚ ਕਾਇਮ ਕੀਤੀਆਂ ਅਤੇ ਇਸ ਸੰਸਥਾ ਨੇ ਗੁਰੂ ਸਾਹਿਬ ਦੇ ਅਨੁਯਾਈਆਂ ਨੂੰ ਵਿਸ਼ੇਸ਼ ਰੂਪ ਪ੍ਰਦਾਨ ਕੀਤਾ। ਸੰਗਤ ਥਾਪਣ ਦੀ ਜੋ ਪਰੰਪਰਾ ਗੁਰੂ ਨਾਨਕ ਦੇਵ ਜੀ ਨਾਲ ਆਰੰਭ ਹੋਈ, ਉਸ ਨੂੰ ਬਾਕੀ ਗੁਰੂਆਂ ਨੇ ਚਾਲੂ ਰੱਖਿਆ। ਡਾ. ਏ. ਸੀ. ਅਰੋੜਾ ਅਨੁਸਾਰ, "ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੁਆਰਾ ਸਥਾਪਿਤ ਕੀਤੀ ਗਈ ਸੰਗਤ ਸੰਸਥਾ ਨੂੰ ਨਿਸ਼ਚਿਤ ਰੂਪ ਦਿੱਤਾ। ਖਡੂਰ ਸਾਹਿਬ ਵਿਚ ਹਰ ਰੋਜ਼ ਪ੍ਰਭਾਤ ਵੇਲੇ ਤੇ ਸ਼ਾਮ ਦੇ ਸਮੇਂ, ਗੁਰੂ ਸਾਹਿਬ ਦੇ ਸਿੱਖਾਂ ਦੀ ਧਾਰਮਿਕ ਸਭਾ ਹੁੰਦੀ ਸੀ ਜਿਥੇ ਗੁਰੂ ਨਾਨਕ ਸਾਹਿਬ ਦੁਆਰਾ ਰਚੇ ਗਏ ਸ਼ਬਦਾਂ ਦਾ ਕੀਰਤਨ ਹੁੰਦਾ ਸੀ। ਇਸ ਸਮੇਂ ਤੋਂ ਹੀ ਸੰਗਤ ਸਿੱਖ ਮੱਤ ਦੀ ਇਕ ਸਥਾਈ ਸੰਸਥਾ ਬਣ ਗਈ।"[3] ਇਸ ਤੋਂ ਇਲਾਵਾ, ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਵੱਲੋਂ ਚਲਾਈ ਪਰਚਾਰ ਵਿਧੀ ਅਨੁਸਾਰ, ਆਪਣਾ ਸਾਰਾ ਸਮਾਂ ਰਾਵੀ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਕਰਨ ਲਈ ਖਰਚ ਕੀਤਾ।[4] ਗੁਰੂ ਸਾਹਿਬ ਦੇ ਇਨ੍ਹਾਂ ਕੰਮਾਂ ਨੇ ਸੰਗਤ ਦੀ ਸੰਸਥਾ ਨੂੰ ਨਰੋਆ ਕਰਨ ਵਿਚ ਵੱਡਾ ਹਿੱਸਾ ਪਾਇਆ। ਸੱਯਦ ਮੁਹੰਮਦ ਲਤੀਫ ਦੇ ਕਥਨ ਅਨੁਸਾਰ "ਗੁਰੂ ਅਮਰਦਾਸ ਜੀ ਦੇ ਉਤਸ਼ਾਹ ਪੂਰਬਕ ਧਰਮ ਪ੍ਰਚਾਰ, ਦਿਆਲੂ ਵਤੀਰੇ ਅਤੇ ਸੁਸ਼ੀਲ ਸੁਭਾ ਨੇ ਬਹੁਤ ਸਾਰੇ ਵਿਅਕਤੀਆਂ ਨੂੰ ਸਿੱਖ ਧਰਮ ਵਿਚ ਲੈ ਆਂਦਾ ਸੀ।"[5] ਇਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਦੀ ਗੁਰਿਆਈ ਦੇ ਕਾਲ ਵਿਚ ਪੰਜਾਬ ਅਤੇ ਬਾਕੀ ਦੇ ਹੋਰ ਇਲਾਕਿਆਂ ਵਿਚ ਸਿੱਖਾਂ ਦੀ ਗਿਣਤੀ ਕਾਫੀ ਵੱਧ ਗਈ ਸੀ। ਇਸ ਵੱਡੀ

ਗਿਣਤੀ, ਜੋ ਕਿ ਵੱਖ ਵੱਖ ਇਲਾਕਿਆਂ ਵਿਚ ਖਿਲਰੀ ਹੋਈ ਸੀ, ਦੀ ਪ੍ਰਬੰਧਕੀ ਸੰਭਾਲ ਵਾਸਤੇ ਸੰਗਤ ਦੀ ਸੰਸਥਾ ਵਿਚ ਕੁਝ ਤਬਦੀਲੀ ਲਿਆਂਦੀ ਗਈ। ਇਹ ਤਬਦੀਲੀ ਸੁਭਾ ਵਿਚ ਸਿਧਾਂਤਕ ਨਹੀਂ ਸੀ ਸਗੋਂ ਪ੍ਰਬੰਧਕੀ ਸੀ। ਪ੍ਰਚਾਰ ਨੂੰ ਤੇਜ਼ ਕਰਨ ਲਈ ਅਤੇ ਸਿੱਖ ਧਰਮ ਦੇ ਪ੍ਰਚਾਰ ਨੂੰ ਪੱਕੇ ਪੈਰਾਂ ਤੇ ਖੜ੍ਹਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਸਾਰੀ ਸਿੱਖ ਵਸੋਂ ਅਤੇ ਇਲਾਕਿਆਂ ਨੂੰ 22 ਹਿੱਸਿਆਂ ਅਰਥਾਤ 22 ਮੰਜੀਆਂ ਵਿਚ ਵੰਡ ਦਿੱਤਾ ਅਤੇ 22 ਸਿਆਣੇ ਪ੍ਰਚਾਰਕ ਇਨ੍ਹਾਂ ਦੇ ਮੰਜੀਦਾਰ ਨਿਯੁਕਤ ਕਰ ਦਿੱਤੇ।[6] ਇਨ੍ਹਾਂ ਮੰਜੀਦਾਰਾਂ ਦਾ ਕੰਮ ਆਪਣੇ ਆਪਣੇ ਨਿਸ਼ਚਿਤ ਇਲਾਕੇ ਵਿਚ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਅਤੇ ਸਿੱਖਾਂ ਕੋਲੋਂ ਭੇਟਾ ਲੈ ਕੇ ਗੁਰੂ ਜੀ ਕੋਲ ਪਹੁੰਚਾਉਣਾ ਹੁੰਦਾ ਸੀ। ਮੰਜੀਆਂ ਨੂੰ ਅੱਗੇ ਜਾ ਕੇ ਜਿਸ ਤਰ੍ਹਾਂ ਫਿਰ ਵੰਡਿਆ ਗਿਆ, ਉਸ ਨੂੰ ਪੀੜ੍ਹੀਆਂ ਕਿਹਾ ਜਾਂਦਾ ਸੀ। ਡਾ. ਤੇਜਾ ਸਿੰਘ 52 ਪੀੜ੍ਹੀਆਂ ਦਾ ਸੰਕੇਤ ਦਿੰਦੇ ਹਨ।[7] ਇਸ ਤਰ੍ਹਾਂ ਕਰਕੇ ਗੁਰੂ ਅਮਰਦਾਸ ਵੇਲੇ ਮੰਜੀ ਸੰਸਥਾ ਦੀ ਸਥਾਪਨਾ ਦੁਆਰਾ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਹੋਰ ਵੀ ਪ੍ਰਭਾਵਸ਼ਾਲੀ ਹੋ ਗਿਆ। ਇਸ ਨਾਲ ਸਥਾਨਕ ਸੰਗਤਾਂ ਦੀਆਂ ਧਾਰਮਿਕ ਲੋੜਾਂ ਪੂਰੀਆਂ ਹੋ ਸਕੀਆਂ ਅਤੇ ਗੁਰੂ ਸਾਹਿਬ ਦੇ ਖਜ਼ਾਨੇ ਵਿਚ ਵਾਧਾ ਹੋਇਆ। ਇਸ ਸੰਸਥਾ ਦੀ ਮਹੱਤਤਾ ਬਾਰੇ ਡਾ. ਗੋਕਲ ਚੰਦ ਨਾਰੰਗ ਲਿਖਦੇ ਹਨ, ਕਿ ਤੀਜੇ ਗੁਰੂ ਸਾਹਿਬ ਦੇ ਇਸ ਕਾਰਜ ਨੇ ਸਿੱਖ ਸੰਪਰਦਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਿਚ ਤੇ ਦੇਸ਼ ਦੇ ਸਾਰੇ ਭਾਗਾਂ ਵਿਚ ਸਿੱਖ ਧਰਮ ਪ੍ਰਚਾਰ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ।[8] ਇਸ ਧਰਮ ਪ੍ਰਚਾਰ ਸਦਕੇ ਸਿੱਖ ਗੁਰੂ ਸਾਹਿਬਾਨ ਸੰਗਤਾਂ ਦੇ ਪ੍ਰਚਾਰ ਕੇਂਦਰ ਨੂੰ ਬਦਲਦੇ ਰਹੇ ਹਨ ਅਤੇ ਗੁਰੂ ਅਮਰਦਾਸ ਜੀ ਨੇ ਇਹ ਫੈਸਲਾ ਕੀਤਾ ਹੈ ਕਿ ਧਰਮ ਪ੍ਰਚਾਰ ਦਾ ਕੇਂਦਰ ਮਾਝੇ ਵਿਚ ਲਿਆਂਦਾ ਜਾਏ। ਇਸ ਮੰਤਵ ਲਈ ਉਨ੍ਹਾਂ ਨੇ ਗੁਰੂ ਰਾਮ ਦਾਸ ਜੀ ਨੂੰ 1570 ਈ. ਵਿਚ ਨਵ੍ਹਾਂ ਪਿੰਡ ਚੱਕ-ਗੁਰੂ (ਚਕ ਰਾਮ ਦਾਸ) ਵਸਾਉਣ ਦਾ ਕੰਮ ਸਪੁਰਦ ਕੀਤਾ। ਜਦੋਂ ਗੁਰੂ ਰਾਮ ਦਾਸ ਜੀ 1574 ਈ. ਵਿਚ ਗੁਰਗੱਦੀ ਤੇ ਬੈਠੇ ਤਾਂ ਉਨ੍ਹਾਂ ਨੇ ਗੁਰੂ ਚੱਕ ਦੀਆਂ ਰੌਣਕਾਂ ਵਧਾਉਣ ਵਲ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਦਾ ਮੰਤਵ ਇਥੇ ਕੇਵਲ ਨਗਰ ਵਸਾਉਣਾ ਹੀ ਨਹੀਂ ਸੀ ਬਲਕਿ ਪਹਿਲੇ ਗੁਰੂਆਂ ਦੀ ਤਰ੍ਹਾਂ ਸਿੱਖ ਸੰਗਤਾਂ ਲਈ ਧਰਮ ਅਸਥਾਨ ਕਾਇਮ ਕਰਨਾ ਸੀ।

ਇਹ ਯਤਨ ਉਚੇਚ ਭਾਵਨਾ ਵਿਚ ਨਵਾਂ ਨਹੀਂ ਸੀ ਕਿਉਂਕਿ ਇਸ ਤੋਂ ਪਹਿਲਾਂ ਵੀ, ਪਹਿਲੇ ਗੁਰੂਆਂ ਨੇ ਕੁਝ ਧਾਰਮਿਕ ਕੇਂਦਰ ਕਾਇਮ ਕੀਤੇ ਸਨ ਜਿਵੇਂ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਸਾਇਆ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਪ੍ਰਫੁੱਲਿਤ ਕੀਤਾ ਅਤੇ ਤੀਜੇ ਗੁਰੂ ਅਮਰਦਾਸ ਜੀ ਨੇ ਆਪਣੇ ਧਰਮ ਪ੍ਰਚਾਰ ਦਾ ਪ੍ਰਮੁੱਖ ਕੇਂਦਰ ਗੋਇੰਦਵਾਲ ਸਾਹਿਬ ਨੂੰ ਬਣਾਇਆ ਸੀ। ਇਹ ਸਾਰੇ ਕੇਂਦਰ ਦਰਿਆ ਦੇ ਕਿਨਾਰੇ ਸਨ ਤੇ ਇਸ ਲਈ ਗੁਰੂ ਸਾਹਿਬਾਂ ਨੇ ਇਨ੍ਹਾਂ ਕੇਂਦਰਾਂ ਤੇ ਸਰੋਵਰ ਬਣਾਉਣ ਦੀ ਲੋੜ ਮਹਿਸੂਸ ਨਾ ਕੀਤੀ ਪਰ ਜਦੋਂ ਜਾਤ-ਅਭਿਮਾਨੀਆਂ ਨੇ ਗੋਇੰਦਵਾਲ ਵਿਖੇ ਵਿਰੋਧਤਾ ਸ਼ੁਰੂ ਕੀਤੀ ਤਾਂ ਗੁਰੂ ਅਮਰਦਾਸ ਜੀ ਨੇ ਉਥੇ ਬਾਉਲੀ ਦਾ ਨਿਰਮਾਣ ਕੀਤਾ। ਚੌਥੇ ਗੁਰੂ ਰਾਮ ਦਾਸ ਜੀ ਨੇ ਵੀ ਇਹ ਮਹਿਸੂਸ ਕੀਤਾ ਕਿ ਚੱਕ ਰਾਮਦਾਸ ਅਜਿਹਾ ਧਾਰਮਿਕ ਕੇਂਦਰ ਹੋਵੇ ਜਿਸ ਨਾਲ ਸਿੱਖ ਸੰਗਤਾਂ ਦੀਆਂ ਹਰ ਪ੍ਰਕਾਰ ਦੀਆਂ ਲੋੜਾਂ ਪੂਰੀਆਂ ਹੋ ਸਕਣ। ਸਰੋਵਰ ਅਤੇ ਹਰਿਮੰਦਰ ਦੀ ਉਸਾਰੀ ਨਾਲ ਇਹ ਲੋੜਾਂ ਭਲੀ ਭਾਂਤ ਪੂਰੀਆਂ ਹੋ ਗਈਆਂ।

ਸਿੱਖਾਂ ਦੀਆਂ ਸਥਾਨਕ ਧਾਰਮਿਕ ਲੋੜਾਂ ਨੂੰ ਪੂਰਾ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਸਿੱਖ ਸੰਗਤਾਂ ਲਈ ਕਈ ਹੋਰ ਸਥਾਨਕ ਕੇਂਦਰ ਵੀ ਕਾਇਮ ਕੀਤੇ। 1590 ਵਿਚ ਉਨ੍ਹਾਂ ਨੇ ਤਰਨ-ਤਾਰਨ, 1594 ਵਿਚ ਕੀਰਤਪੁਰ ਤੇ 1595 ਵਿਚ ਹਰਿਗੋਬਿੰਦਪੁਰ ਆਦਿ ਸਿੱਖ ਕੇਂਦਰ ਸਥਾਪਿਤ ਕੀਤੇ। ਲਾਹੌਰ ਸ਼ਹਿਰ ਵਿਚ ਉਥੇ ਠਹਿਰਣ ਦੋਰਾਨ, ਡੱਬੀ ਬਜ਼ਾਰ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ। ਇਨ੍ਹਾਂ ਧਰਮ ਪ੍ਰਚਾਰ ਦੇ ਕੰਮਾਂ ਦੇ ਸਦਕੇ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦੇ ਕਾਲ ਵਿਚ, ਸਿੱਖਾਂ ਦੀ ਗਿਣਤੀ ਕਈ ਗੁਣਾਂ ਹੋ ਗਈ।[9] ਗਿਣਤੀ ਵਿਚ ਵਾਧੇ ਅਤੇ ਸਿੱਖ ਸੰਗਤਾਂ ਦੀਆਂ ਧਾਰਮਿਕ ਲੋੜਾਂ ਨੂੰ ਸੰਗ ਰਾਹੀਂ ਪੂਰਾ ਕੀਤਾ ਜਾਂਦਾ ਸੀ। ਸੰਗਤ ਦੇ ਮੁਖੀਏ ਡਾ. ਹਰੀ ਰਾਮ ਗੁਪਤਾ[10] ਅਨੁਸਾਰ ਪਹਿਲਾਂ ਇਹ ਸੰਗਤੀਏ ਅਖਵਾਂਦੇ ਸਨ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਉਨ੍ਹਾਂ ਨੂੰ 'ਮਸੰਦ' ਆਖਿਆ ਜਾਣ ਲਗ ਪਿਆ।

ਸੋ ਵਾਸਤਵ ਵਿਚ ਮਸੰਦ ਪ੍ਰਥਾ ਦਾ ਸੰਗਠਨ ਗੁਰੂ ਅਰਜਨ ਸਾਹਿਬ ਨੇ ਕੀਤਾ। ਗੁਰੂ ਰਾਮਦਾਸ ਜੀ ਦੇ ਵੇਲੇ ਤਕ ਸਿੱਖਾਂ ਵੱਲੋਂ ਗੁਰੂ ਘਰ ਲਈ ਭੇਟਾ ਦੀ ਰਕਮ ਕੋਈ ਮੁਕੱਰਰ ਨਹੀਂ ਹੁੰਦੀ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਭੇਟਾ ਨਿਯਮਬੱਧ ਕਰਦਿਆਂ ਇਹ ਸਿਧਾਂਤ ਬਣਾ ਦਿੱਤਾ ਕਿ ਹਰ ਸਿੱਖ ਨੂੰ ਆਪਣੀ ਕਮਾਈ ਦਾ ਦਸਵਾਂ ਹਿੱਸਾ (ਦਸਵੰਦ) ਸਾਂਝੇ ਪੰਥਕ ਕੰਮਾਂ ਲਈ ਦੇਣਾ ਚਾਹੀਦਾ ਹੈ। ਇਸ ਦੀ ਉਗਰਾਹੀ ਲਈ ਮਸੰਦਾਂ ਨੂੰ ਨਿਯੁਕਤ ਕੀਤਾ ਜਾਂਦਾ ਸੀ ਪਰ ਜਿਥੇ ਮਸੰਦ ਧਨ ਇਕੱਠਾ ਕਰਨ ਲਈ ਆਪ ਨਹੀਂ ਸੀ ਜਾ ਸਕਦੇ, ਉਥੇ ਗੁਰੂ ਜੀ ਆਪਣੇ ਪ੍ਰਤਿਨਿਧਾਂ ਨੂੰ ਨਿਯੁਕਤ ਕਰਦੇ ਸਨ, ਜਿਨ੍ਹਾਂ ਨੂੰ ਅੰਗ੍ਰੇਜ਼-ਇਤਿਹਾਸਕਾਰਾਂ ਨੇ ਸੰਗਤੀਆ, ਮਸੰਦੀਆ ਆਦਿ ਨਾਵਾਂ ਨਾਲ ਲਿਖਿਆ ਹੋਇਆ ਹੈ।[11]

ਇਸ ਸੰਸਥਾ ਦੁਆਰਾ ਸਿੱਖ ਸੰਗਤਾਂ ਦੇ ਮਾਇਕ ਸਾਧਨਾਂ ਵਿਚ ਵਾਧਾ ਹੋਇਆ ਅਤੇ ਇਸ ਦੀ ਮੱਦਦ ਨਾਲ ਉਹ ਸਿੱਖ ਕੇਂਦਰਾਂ ਅਤੇ ਹੋਰ ਕਈ ਧਾਰਮਿਕ ਅਸਥਾਨਾਂ ਨੂੰ ਸੰਪੂਰਨ ਕਰਨ ਵਿਚ ਸਫਲ ਹੋ ਸਕੇ। ਇਸ ਦੇ ਨਾਲ ਮਸੰਦਾਂ ਨੇ ਆਪਣੇ ਆਪਣੇ ਇਲਾਕੇ ਵਿਚ ਪੁਰਜ਼ੋਰ ਧਰਮ ਪ੍ਰਚਾਰ ਨਾਲ ਸਿੱਖਾਂ ਅਤੇ ਸੰਗਤਾਂ ਦੀ ਗਿਣਤੀ ਵਿਚ ਕਾਫੀ ਵਾਧਾ ਕੀਤਾ। ਧਨ ਦੇ ਵਸੀਲਿਆਂ ਨੂੰ ਠੀਕ ਤਰ੍ਹਾਂ ਚਲਾਉਣ ਕਰਕੇ ਹੀ ਧਾਰਮਿਕ ਕੇਂਦਰਾਂ ਤੇ ਬਾਹਰੋਂ ਆਈਆਂ ਸੰਗਤਾਂ ਦੀ ਪ੍ਰਾਹੁਣਾਚਾਰੀ ਅਤੇ ਲੰਗਰ ਆਦਿ ਦਾ ਚੰਗੀ ਤਰ੍ਹਾਂ ਬੰਦੋਬਸਤ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਲੋੜਵੰਦਾਂ ਅਤੇ ਪੀੜਤਾਂ ਦੀ ਸੇਵਾ ਸੰਭਾਲ ਵੀ ਕੀਤੀ ਜਾਂਦੀ ਸੀ। ਉਦਾਹਰਣ ਵਜੋਂ ਤਰਨ ਤਾਰਨ ਵਿਖੇ ਕੋਹੜੀ ਘਰ ਦੀ ਸੰਭਾਲ ਦਾ ਕੇਂਦਰ ਆਰੰਭ ਕੀਤਾ ਜੋ ਅੱਜ ਵੀ ਚਲਦਾ ਹੈ। ਗਿਆਨੀ ਲਾਲ ਸਿੰਘ ਦੇ ਮੱਤ ਅਨੁਸਾਰ, ਗੁਰੂ ਅਰਜਨ ਸਾਹਿਬ ਨੇ ਸੰਗਤ ਦੀ ਮਹੱਤਤਾ ਨੂੰ ਬਹੁਤ ਉਚਿਆਇਆ ਹੈ। ਉਹ ਆਪ ਸੰਗਤ ਦੀ ਪੇਸ਼ਵਾਈ ਲਈ ਕਈ ਪੜਾ ਅੱਗੇ ਹੋ ਕੇ ਮਿਲਦੇ, ਪੱਖਾ ਝਲਦੇ ਤੇ ਲੰਗਰ ਵਰਤਾਉਂਦੇ ਸਨ।[12] ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੇ ਫੈਸਲਿਆਂ ਨੂੰ ਸਿਰ ਮੱਥੇ ਮੰਨ ਕੇ ਸੰਗਤ ਦੀ ਸੰਸਥਾ ਦੇ ਦਰਜੇ ਅਤੇ ਰੁਤਬੇ ਨੂੰ ਗੁਰੂ ਨਾਲੋਂ ਉੱਚਾ ਪਰਵਾਨ ਕਰ ਲਿਆ ਸੀ। ਇਸ ਦੀ ਉਦਾਹਰਣ ਗੁਰੂ ਅਰਜਨ ਦੇਵ ਸਾਹਿਬ ਦੇ ਲੜਕੇ ਹਰਿਗੋਬਿੰਦ ਜੀ ਦੇ ਸ਼ਗਨ ਵੇਲੇ ਤੋਂ ਮਿਲਦੀ ਹੈ। ਪੰਥ ਪ੍ਰਕਾਸ਼ ਅਨੁਸਾਰ ਜਦੋਂ ਸਿੱਖਾਂ ਦੀ ਚਿੱਠੀ ਸੰਗਤ ਨੂੰ ਪੜ੍ਹਕੇ ਸੁਣਾਈ ਗਈ ਤਾਂ ਗੁਰੂ ਸਾਹਿਬ ਨੇ ਸੰਗਤ ਦੇ ਹੁਕਮ ਅਨੁਸਾਰ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿੱਤਾ।

ਇਸ ਦਾ ਵਰਣਨ ਇਸ ਤਰ੍ਹਾਂ ਆਇਆ ਹੈ :

ਬਾਬੇ ਬੁਢੇ ਅਰ ਗੁਰਦਾਸ।
ਇਤਿਆਦਕ ਸਿਖ ਥੇ ਜੋ ਪਾਸ।
ਚਿਠੀ ਸਭ ਕੋ ਗੁਰੂ ਸੁਣਾਈ।
ਸਭ ਨੇ ਕਿਹੋ ਨਾ ਲੋਹ ਸਗਾਈ।[13]

ਸੰਗਤ ਨਾਲ ਸੰਬੰਧਿਤ ਜੋ ਸਿਧਾਂਤਕ ਅਤੇ ਪ੍ਰਬੰਧਕੀ ਪੁਖਤਾਈ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਵਿਚ ਆਈ ਉਸ ਦਾ ਖਾਸ ਮਹੱਤਵ ਹੈ। ਸੰਗਤਾਂ ਵਿਚ ਧਾਰਮਿਕ ਅਤੇ ਅਧਿਆਤਮਕ ਮਸਲਿਆਂ ਤੇ ਵਿਚਾਰਾਂ ਦੇ ਨਾਲ ਨਾਲ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਬਾਰੇ ਵੀ ਵਿਚਾਰਾਂ ਕਰਨ ਦੀ ਆਗਿਆ ਸੀ। ਸ੍ਰੀ ਗੁਰੂ ਗ੍ਰੰਥ ਸਹਿਬ ਦੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਹੋ ਜਾਣ ਨਾਲ ਸ਼ਬਦ ਗੁਰੂ ਦੀ ਸੰਸਥਾ ਦੀ ਨੀਂਹ ਟਿਕ ਜਾਂਦੀ ਹੈ ਜੋ ਕਿ ਬਾਅਦ ਵਿਚ ਗੁਰੂ ਸੰਸਥਾ ਦੇ ਵਿਕਾਸ ਵਿਚ ਮੀਲ ਪੱਥਰ ਸਾਬਤ ਹੋਈ। ਸੰਗਤਾਂ ਧਾਰਮਿਕ ਕੇਂਦਰ ਸਥਾਪਤ ਕਰਨ ਦੀ ਵਿਉਂਤ ਵੀ ਬਣਾਉਂਦੀਆਂ ਅਤੇ ਉਥੇ ਦੀ ਕਾਰ ਸੇਵਾ ਦਾ ਪ੍ਰਬੰਧ ਵੀ ਕਰਦੀਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਸੰਗਤਾਂ ਅੱਗੇ ਇਕ ਹੋਰ ਮਸਲਾ ਲੈ ਆਂਦਾ। ਧਾਰਮਿਕ ਸਹਿਣਸ਼ੀਲਤਾ ਬਿਨਾਂ ਕਿਸੇ ਉਤੇਜਨਾ ਦੇ ਧਾਰਮਿਕ ਕੱਟੜਤਾ ਦੀ ਸ਼ਿਕਾਰ ਹੋਈ ਸੀ। ਤਾਕਤ ਅਸੂਲ ਨਾਲ ਟਕਰਾ ਗਈ ਸੀ। ਇਸੇ ਵਿਚੋਂ ਗੁਰੂ ਹਰਿਗੋਬਿੰਦ ਜੀ ਦਾ ਮੀਰੀ ਪੀਰੀ ਦਾ ਸੰਕਲਪ ਸਾਹਮਣੇ ਆਇਆ। ਅਸਲ ਵਿਚ ਗੁਰੂ ਹਰਿਗੋਬਿੰਦ ਜੀ ਨੇ ਇਸ ਦਾ ਐਲਾਨ ਤਾਂ ਕੀਤਾ ਪਰੰਤੂ ਭਾਵਨਾ ਰੂਪ ਵਿਚ ਇਹ ਸੰਕਲਪ ਸੰਗਤਾਂ ਵਿਚ ਪਹਿਲਾਂ ਹੀ ਕਾਇਮ ਸੀ। ਸ੍ਵੈ-ਰੱਖਿਆ ਵਾਸਤੇ ਸਿੱਖ ਨੂੰ ਮੁੱਢ ਤੋਂ ਹੀ ਤਿਆਰ ਕੀਤਾ ਜਾ ਰਿਹਾ ਸੀ। ਸਿੱਖ ਸੰਗਤਾਂ ਰਾਹੀਂ ਜਿੰਨੇ ਵੀ ਸਿੱਖ ਕੇਂਦਰ ਸਥਾਪਤ ਕੀਤੇ ਗਏ ਉਨ੍ਹਾਂ ਵਿਚ ਸੰਗਤ ਅਤੇ ਪੰਗਤ ਨੂੰ ਪਹਿਲ ਦਿੱਤੀ ਗਈ। ਇਸੇ ਕਰਕੇ ਸੰਗਤ ਜੋ ਕਿ ਧਾਰਮਿਕ ਦ੍ਰਿਸ਼ਟੀ ਦਾ ਸੰਕਲਪ ਹੈ; ਇਤਿਹਾਸਕ ਦ੍ਰਿਸ਼ਟੀ ਤੋਂ ਸੰਸਥਾ ਹੈ। ਇਸੇ ਦਾ ਵਿਸਥਾਰ ਪਿਛੇ ਦਿੱਤਾ ਗਿਆ ਹੈ।

ਸੋ ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਸਹਿਜੇ ਹੀ ਪੁਜ ਸਕਦੇ ਹਾਂ ਕਿ ਸੰਗਤ ਸੰਸਥਾ ਸਿੱਖ ਮੱਤ ਦੇ ਵਿਕਾਸ ਵਿਚ ਇਕ ਕੇਂਦਰ ਬਿੰਦੂ ਸਿੱਧ ਹੋਈ ਹੈ ਅਤੇ ਇਸ ਦੇ ਆਲੇ-ਦੁਆਲੇ ਹੋਰ ਸਹਾਇਕ ਸੰਸਥਾਵਾਂ ਵੀ ਫਲੀਭੂਤ ਹੋਈਆਂ ਸਨ। ਜਿਨ੍ਹਾਂ ਦਾ ਵੇਰਵਾ ਉਪਰ ਦਿੱਤਾ ਜਾ ਚੁੱਕਾ ਹੈ। ਇਸ ਤਰ੍ਹਾਂ ਸੰਗਤ ਸੰਸਥਾ ਤੇ ਇਸ ਦੀਆਂ ਸਹਾਇਕ ਸੰਸਥਾਵਾਂ ਨੇ ਸਿੱਖ ਸੰਗਤਾਂ ਨੂੰ ਸਮੁੱਚੀ ਕੌਮ ਨਾਲ ਜੋੜ ਕੇ ਸਿੱਖ ਮੱਤ ਦੇ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਦਿੱਤਾ ਹੈ। ਇਹੀ ਉਸਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਧੀਨ ਖਾਲਸਾ ਦੀ ਸਿਰਜਣਾ ਦੇ ਰੂਪ ਵਿਚ ਸਾਹਮਣੇ ਆਈ।

"*ਗੁਰੂ ਸੰਗਤ ਕੀਨੀ ਖਾਲਸਾ*" ਇਸ ਵੇਲੇ ਤਕ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਵਾਣਿਤ ਵਿਚਾਰ ਹੈ। ਇਸ ਧਾਰਣਾ ਨੂੰ ਡਾ. ਫੌਜਾ ਸਿੰਘ ਨੇ ਬਿਆਨ ਕਰਦਿਆਂ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਕਾਇਮ ਕੀਤੀ ਸੰਗਤ ਸੰਸਥਾ, ਖਾਲਸੇ ਦੀ ਸਾਜਣਾ ਦੇ ਵਿਕਾਸ ਵਿਚ ਇਕ ਧੁਰਾ ਸਾਬਤ ਹੋਈ ਹੈ ਅਤੇ ਇਸਦੇ ਸਮੁੱਚੇ ਵਿਕਾਸ ਵਿਚ ਕਈ ਹੋਰ ਸੰਸਥਾਵਾਂ ਜਿਵੇਂ ਪੰਗਤ, ਮੰਜੀ ਅਤੇ ਮਸੰਦ ਆਦਿ ਨੇ ਸਹਾਇਤਾ ਕੀਤੀ ਹੈ।[14] ਸੰਗਤ ਦੀ ਸੰਸਥਾ ਦੇ

ਯੋਗਦਾਨ ਨੂੰ ਧਿਆਨ ਵਿਚ ਰਖਦਿਆਂ ਡਾ. ਗੰਡਾ ਸਿੰਘ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਦਲ ਖਾਲਸਾ ਦੇ ਸੰਗਠਨ ਅਤੇ ਅਠਾਰਵੀਂ ਸਦੀ ਦੀਆਂ ਸਿੱਖ ਮਿਸਲਾਂ ਦੇ ਰੀਪਬਲੀਕਨ ਸਰੂਪ ਦਾ ਜਨਮ ਵੀ ਸੰਗਤ ਦੀ ਸੰਸਥਾ ਵਿਚੋਂ ਹੋਇਆ ਹੈ।[15]

ਹੱਥਲੇ ਖੋਜ ਪੱਤਰ ਵਿਚ ਸੰਗਤ ਦੀ ਸੰਸਥਾ ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਵਿਚਰਨਾ ਸੀ। ਸੰਕੇਤ ਰੂਪ ਵਿਚ ਜੋ ਅਖੀਰ ਤੇ ਹਵਾਲੇ ਦਿੱਤੇ ਗਏ ਹਨ ਉਨਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਸੰਗਤ ਦੀ ਸੰਸਥਾ ਆਪਣੇ ਸਿਧਾਂਤ ਰੂਪ ਵਿਚ ਉਹੀ ਹੈ ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ। ਇਸ ਸੰਸਥਾ ਵਿਚ ਆਈਆਂ ਤਬਦੀਲੀਆਂ ਨਾ ਹੀ ਵਕਤੀ ਲੋੜਾਂ ਦੀ ਮਜਬੂਰੀ ਕਰਕੇ ਸਨ ਅਤੇ ਨਾ ਹੀ ਆਪਣੇ ਸਰੋਤ ਨਾਲੋਂ ਪਾਸੇ ਜਾਣ ਦਾ ਸੰਕੇਤ ਹਨ। ਜਿਹੜੇ ਵੱਖਰੇ ਚਿੰਨ੍ਹ ਸੰਗਤ ਸੰਸਥਾ ਦੇ ਪਿਛੋਂ ਉਜਾਗਰ ਹੋਏ ਉਹ ਸੰਗਤ ਸੰਸਥਾ ਦੇ ਇਤਿਹਾਸਕ ਵਿਕਾਸ ਅਤੇ ਸਿਧਾਂਤਕ ਪਕਿਆਈ ਦੇ ਸੂਚਕ ਹਨ।

ਹਵਾਲੇ

1. Hari Ram Gupta, *History of the Sikh Gurus,* New Delhi, 1973, p. 254
2. Ganda Singh (ed.) *Panjab Past and Present,* Vol. III, Patiala, 1969, p. 414
3. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ, ਜਲੰਧਰ, 1978, ਪੰ. 40
4. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਮਰਦਾਸ ਜੀ*, ਅੰਮ੍ਰਿਤਸਰ, ਪੰ. 33
5. Latif S.M., *History of Panjab.* Calcutta, 1891, p. 257
6. ਸਾਹਿਬ ਸਿੰਘ, *ਉਹੀ*, ਪੰ. 34
7. Teja Singh, *Sikhism : Its Ideals and Institutions,* Amritsar, 1938, p. 38
8. Narang, G.C., *Transformation of Sikhism,* Lahore, 1945, p. 33
9. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ* ਅੰਮ੍ਰਿਤਸਰ, 1967, ਪੰ. 151
10. Dr. Hari Ram Gupta, *op. cit.,* p. 279
11. Ibbetson, *A Glossary of the Tribes and Castes of* the *Panjab and North West Frontier Province* Vol. I, p. 682
12. ਗਿਆਨੀ ਲਾਲ ਸਿੰਘ, ਸੰਪਾ. *ਗੁਰੂ ਅਰਜਨ ਜੀਵਨ ਤੇ ਰਚਨਾ*, ਪਟਿਆਲਾ, 1970, ਪੰ. 153
13. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰ. 109
14. *Origin and Growth of Sikh Institutions,* Lesson No. 16. (M.A. Part I), C.C. Patiala
15. *Panjab Past and Present,* op. cit., p. 421

ਧਰਮ, ਸੰਗਤ ਤੇ ਸਮਾਜ ਉਸਾਰੀ

ਪ੍ਰਿੰ. ਸੁਰਜੀਤ ਸਿੰਘ ਭਾਟੀਆ

ਧਰਮ ਨੂੰ ਆਮ ਤੌਰ ਉੱਤੇ ਇਕ ਵਿਅਕਤੀਗਤ ਲਕਸ਼ ਮੰਨਿਆ ਜਾਂਦਾ ਹੈ। ਤਕਰੀਬਨ ਸਾਰੇ ਧਰਮਾਂ ਅਨੁਸਾਰ ਮਨੁੱਖ ਮਾਤਰ ਲਈ ਉੱਚਤਮ ਤੇ ਸਿੱਖਰੀ ਨਿਸ਼ਾਨਾ ਕਿਸੇ ਨਾ ਕਿਸੇ ਰੂਪ ਵਿਚ ਮੁਕਤੀ ਹੀ ਹੈ, ਭਾਵੇਂ ਇਹ ਬਹਿਸ਼ਤ ਦੇ ਰੂਪ ਵਿਚ ਹੋਵੇ ਭਾਵੇਂ ਪਰਮਾਤਮਾ ਦੀ ਹਜ਼ੂਰੀ ਵਿਚ ਪਹੁੰਚਣ, ਉਸ ਦੇ ਨੇੜੇ ਹੋਣ ਤੇ ਭਾਵੇਂ ਉਸ ਵਿਚ ਸਮਾ ਜਾਣ ਦੇ ਰੂਪ ਵਿਚ ਹੋਵੇ, ਇਹ ਆਪਣੇ ਆਪ ਵਿਚ ਇਕ ਵਿਅਕਤੀਗਤ ਪ੍ਰਾਪਤੀ ਮੰਨੀ ਜਾਂਦੀ ਹੈ। ਇਸ ਨੂੰ ਸਾਧਕ ਆਪਣੀ ਨਿੱਜੀ ਮਿਹਨਤ ਤੇ ਘਾਲਣਾ ਦੁਆਰਾ ਹੀ ਹਾਸਲ ਕਰ ਸਕਦਾ ਹੈ। ਵੱਖ ਵੱਖ ਮਾਰਗ ਉਲੀਕੇ ਗਏ ਹਨ, ਜਿਨ੍ਹਾਂ ਉੱਤੇ ਚਲਦਾ ਹੋਇਆ ਸਾਧਕ ਵੱਖ ਵੱਖ ਮੰਜ਼ਲਾਂ ਤਹਿ ਕਰਦਾ ਹੋਇਆ ਇਸ ਨਿਸ਼ਾਨੇ ਵੱਲ ਵਧਦਾ ਹੈ।

ਇਨ੍ਹਾਂ ਮੰਜ਼ਲਾਂ ਦੀ ਵਿਅਕਤੀਗਤ ਰੂਪ ਵਿਚ ਪ੍ਰਾਪਤੀ ਭਾਵੇਂ ਉਹ ਗਿਆਨ ਦੇ ਰੂਪ ਵਿਚ ਹੋਵੇ ਤੇ ਭਾਵੇਂ ਕਰਮ (ਕਰਮ ਕਾਂਡ ਜਾਂ ਰੀਤਾਂ—ritual) ਦੇ ਰੂਪ ਵਿਚ ਹੋਵੇ, ਸਾਧਕ ਦੀ ਨਿੱਜੀ ਅਧਿਆਤਮਕ ਪੂੰਜੀ ਬਣਦੀ ਹੈ। ਪ੍ਰਾਪਤੀ ਦਾ ਇਹ ਵਿਅਕਤੀਗਤ ਲਕਸ਼ ਇੰਨਾ ਤੀਬਰ ਤੇ ਬਲਵਾਨ ਹੁੰਦਾ ਹੈ ਕਿ ਉਹ ਗਿਆਨ ਤਾਂ ਭਾਵੇਂ ਦੂਸਰਿਆਂ ਨਾਲ ਵੰਡ ਲਵੇ, ਪਰ ਕਰਮ ਕਾਂਡਾਂ, ਰੀਤਾਂ, ਤੀਰਥਾਂ, ਪਾਠਾਂ, ਵਰਤਾਂ, ਨੇਮਾਂ, ਹੋਮ ਯਗਾਂ ਆਦਿ ਜਾਂ ਰੋਜ਼ੇ ਨਿਮਾਜ਼ ਤੇ ਚਲੀਹੇ ਆਦਿ ਦੁਆਰਾ ਮੁਕਤਿ-ਪ੍ਰਾਪਤੀ ਲਈ ਇਕੱਠੀ ਪੂੰਜੀ ਕਿਸੇ ਨਾਲ ਵੰਡਾਣ ਲਈ ਤਿਆਰ ਨਹੀਂ ਹੁੰਦਾ। ਇਸ ਅਧਿਆਤਮਕ ਪੂੰਜੀ ਦੀ ਅਮੀਰੀ ਨਾਲ ਉਹ ਆਪਣੇ ਆਪ ਨੂੰ ਦੂਸਰਿਆਂ ਤੋਂ ਚੰਗੇਰਾ, ਵਡੇਰਾ ਤੇ ਉਚੇਰਾ ਸਮਝਦਾ ਹੈ। ਪ੍ਰਾਪਤੀ ਆਪਣੇ ਆਪ ਪਹਿਲਾਂ ਸਵੈ-ਵਿਸ਼ਵਾਸ ਤੇ ਪਿਛੋਂ ਅਭਿਮਾਨ ਨੂੰ ਜਨਮ ਦਿੰਦੀ ਹੈ। ਧਰਮ ਦੇ ਵਿਅਕਤੀਗਤ ਲਕਸ਼ ਵਿਚ ਪ੍ਰਾਪਤੀ ਦੀ ਇਸ ਅੰਸ਼ ਵਿਚੋਂ ਇਕ ਪਾਸੇ ਟਬਰਦਾਰੀ ਜੀਵਨ ਦਾ ਤਿਆਗ ਤੇ ਦੂਸਰੇ ਪਾਸੇ ਵਿਅਕਤੀਗਤ ਸ੍ਰੇਸ਼ਟਤਾ ਤੇ ਅਭਿਮਾਨ ਪੈਦਾ ਹੁੰਦੇ ਹਨ। ਤਿਆਗ ਜੀਵਨ ਵਿਚ ਵਿਗਾੜ (delinquency) ਪੈਦਾ ਕਰਦਾ ਹੈ। ਦੂਸਰੇ ਪਾਸੇ ਵਿਅਕਤੀਗਤ ਸ੍ਰੇਸ਼ਠਤਾ ਤੇ ਅਭਿਮਾਨ ਜਮਾਤੀ ਰੂਪ ਵਿਚ ਜਾਤ ਅਭਿਮਾਨ ਤੇ ਛੂਆ ਛੂਤ ਨੂੰ ਜਨਮ ਦਿੰਦੇ ਹਨ ਤੇ ਆਪਣੇ ਤੋਂ ਵੱਖਰੇ ਮਾਰਗ ਦੇ ਪਾਂਧੀਆ ਨੂੰ ਹਕੀਰ, ਨੀਵੇਂ ਤੇ ਭਟਕੇ ਹੋਏ (ਕਾਫ਼ਰ) ਸਮਝ ਕੇ ਨਫ਼ਰਤ ਕਰਨ ਤੇ ਉਨ੍ਹਾਂ ਦਾ ਇਖ਼ਲਾਕੀ ਤੇ ਭੌਤਿਕ ਪਤਨ ਕਰਨ ਤਕ ਪਹੁੰਚਾ ਦਿੰਦੇ ਹਨ। ਇਸ ਪ੍ਰਕਾਰ ਧਰਮ ਨੂੰ ਜੇਕਰ ਨਿਰੋਲ ਵਿਅਕਤੀਗਤ ਨਕਸ਼ ਹੀ ਰਹਿਣ ਦਿੱਤਾ ਜਾਵੇ ਤਾਂ ਮਨੁੱਖ

ਆਪਣੀਆਂ ਅਧਿਆਤਮਕ ਪ੍ਰਾਪਤੀਆਂ ਦੁਆਰਾ ਹੀ ਆਪਣੇ ਟੱਬਰ, ਸਾਥੀਆਂ, ਸਮਾਜ ਤੇ ਦੂਸਰੇ ਲੋਕਾਂ ਨਾਲੋਂ ਨਿਖੜ ਜਾਵੇਗਾ। ਇਹ ਵਖੇਵੇਂ ਮਨੁੱਖ ਦੇ ਆਪਣੇ ਅਸਲੇ (nature of man) ਦੇ ਪ੍ਰਤੀਕੂਲ ਹਨ, ਉਸ ਦੀਆਂ ਕੁਦਰਤੀ ਰੁੱਚੀਆਂ ਨਾਲ ਮੇਲ ਨਹੀਂ ਖਾਂਦੇ, ਮਨੁੱਖ ਦੇ ਸਮਾਜੀ ਜੀਵਨ ਦਾ ਗਲਾ ਘੁੱਟ ਦਿੰਦੇ ਹਨ। ਇਸ ਲਈ ਧਰਮ ਸੁਰਮੇਲਤਾ (relevance) ਖਤਮ ਹੋ ਜਾਂਦੀ ਹੈ ਤੇ ਇਹ ਡਾਵਾਂ-ਡੋਲ ਹੋ ਜਾਂਦਾ ਹੈ।

ਇਸ ਚੇਤੇ ਰਖਣ ਵਾਲੀ ਗੱਲ ਹੈ ਕਿ ਮਨੁੱਖ ਇਕ ਸਮਾਜੀ ਜੀਵ ਹੈ ਤੇ ਸਮਾਜ ਵਿਚ ਰਹਿੰਦਿਆਂ ਤੇ ਵਿਚਰਦਿਆਂ ਹੋਇਆਂ ਉਹ ਆਪਣੀ ਵਿਅਕਤੀਗਤ ਹਸਤੀ ਕਾਇਮ ਰੱਖਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਸਮਾਜ ਤੋਂ ਵੱਖਰੀ ਤੇ ਪੂਰਨ ਰੂਪ ਵਿਚ ਨਿਵੇਕਲੀ ਤੇ ਨਿਆਰੀ ਕੋਈ ਹਸਤੀ ਨਹੀਂ। ਉਹ ਆਪਣੀ ਵਿਅਕਤੀਗਤ ਹਸਤੀ ਰਖਦਿਆਂ ਹੋਇਆਂ ਆਪਣੇ ਸਮਕਾਲੀ ਸਮਾਜ ਦਾ ਅਨਿਖੜਵਾਂ ਅੰਗ ਹੁੰਦਾ ਹੈ, ਇਸ ਤੋਂ ਪ੍ਰਭਾਵਤ ਹੁੰਦਾ ਹੈ, ਆਪਣੀ ਜ਼ਿੰਦਗੀ ਨੂੰ ਸਮਾਜਿਕ ਵਾਤਾਵਰਣ ਦੇ ਸਾਂਚੇ ਵਿਚ ਢਾਲਦਾ ਹੈ ਤੇ ਇਸ ਦੇ ਨਾਲ ਹੀ ਆਪਣੀ ਸੋਚਣੀ ਤੇ ਕ੍ਰਿਆ ਨਾਲ ਸਮਾਜ ਨੂੰ ਵੀ ਪ੍ਰਭਾਵਿਤ ਕਰਦਾ ਹੈ, ਇਸ ਨੂੰ ਉਸਾਰਦਾ ਹੈ ਤੇ ਕਈ ਵਾਰੀ ਨਵਾਂ ਮੋੜ ਵੀ ਦੇ ਦਿੰਦਾ ਹੈ। ਮਨੁੱਖ ਦੀ ਆਪਣੀ ਹਸਤੀ ਤੇ ਸਮਾਜ ਦੀ ਇਹ ਸਾਂਝ ਮਨੁੱਖ ਦੇ ਹਰ ਲਕਸ਼, ਉਹ ਦੀ ਹਰ ਕ੍ਰਿਆ ਤੇ ਪ੍ਰਤੀਕ੍ਰਿਆ ਵਿਚ ਪ੍ਰਗਟ ਹੁੰਦੀ ਹੈ। ਇਹ ਸਾਂਝ ਧਰਮ ਨਾਲ ਵੀ ਪੈਣੀ ਜ਼ਰੂਰੀ ਹੈ। ਇਸ ਤੋਂ ਬਿਨਾਂ ਧਰਮ ਅਧੂਰਾ, ਊਣਾ ਤੇ ਨਿਤਾਣਾ ਰਹਿ ਜਾਵੇਗਾ। ਧਰਮ ਵਿਚ ਇਹ ਸਮਾਜਿਕ ਪੱਖ ਕਿਵੇਂ ਲਿਆਂਦਾ ਜਾਵੇ ਤੇ ਇਸਨੂੰ ਸਮਾਜ ਨਾਲ ਕਿਵੇਂ ਜੋੜਿਆ ਜਾਵੇ ?

ਇਸ ਨੁਕਤੇ ਉੱਤੇ ਪਹੁੰਚਣ ਲਈ ਵਿਅਕਤੀ, ਤੇ ਸਮਾਜ ਨੂੰ ਪਰਿਭਾਸ਼ਤ ਕਰਨਾ ਅਤੇ ਇਸ ਵਿਚ ਧਰਮ ਦੀ ਭੂਮਿਕਾ ਦਾ ਵਰਣਨ ਕਰਨਾ ਜ਼ਰੂਰੀ ਹੈ। ਵਿਅਕਤੀ ਦੇ ਵਿਅਕਤੀਤ੍ਵ ਦੀ ਕੇਂਦਰੀ ਨਾਭੀ ਉਸ ਦਾ ਮਨ ਹੁੰਦਾ ਹੈ, ਜਿਸ ਨੂੰ ਮਨੁੱਖੀ ਜੀਵਨ ਦਾ ਰਾਜਾ ਵੀ ਆਖ ਸਕਦੇ ਹਾਂ। ਮਨੁੱਖੀ ਜੀਵਨ ਦੇ ਸਾਰੇ ਪਹਿਲੂ ਇਸ ਕੇਂਦਰੀ ਨਾਭੀ ਮਨ, ਦੁਆਲੇ ਘੁੰਮਦੇ ਹਨ। ਮਨ ਜੀਵਨ ਦੇ ਇਨ੍ਹਾਂ ਪਹਿਲੂਆਂ ਨੂੰ ਜਿਸ ਢੰਗ ਨਾਲ ਜੋਖਦਾ ਪਰਖਦਾ ਤੇ ਟੋਰਦਾ ਹੈ, ਉਸੇ ਤਰ੍ਹਾਂ ਦਾ ਕਿਸੇ ਵਿਅਕਤੀ ਦਾ ਇਨ੍ਹਾਂ ਪਹਿਲੂਆਂ ਪ੍ਰਤੀ ਰਵੱਈਆ ਹੋ ਜਾਂਦਾ ਹੈ। ਧਰਮ ਮਨੁੱਖੀ ਮਨ ਨੂੰ ਇਕ ਖ਼ਾਸ ਦਿਸ਼ਾ ਵਿਚ ਸੇਧ ਦਿੰਦਾ ਹੈ; ਇਸ ਨੂੰ ਇਕ ਖ਼ਾਸ ਸੰਚੇ ਵਿਚ ਢਾਲਦਾ ਹੈ, ਇਸ ਨੂੰ ਇਕ ਖਾਸ ਨਜ਼ਰੀਆ ਤੇ ਰਵੱਈਆ ਦਿੰਦਾ ਹੈ, ਜਿਸ ਨਾਲ ਉਸ ਜੀਵਨ ਦੇ ਪਹਿਲੂਆਂ ਨੂੰ ਇਸ ਦਿਸ਼ਾ ਸੇਧ ਅਨੁਸਾਰ ਜੋਖਣ ਲੱਗ ਪੈਂਦਾ ਹੈ।

ਸਮਾਜ ਵਿਅਕਤੀਆਂ ਦਾ ਹੀ ਬਣਿਆ ਹੁੰਦਾ ਹੈ ਤੇ ਇਹ ਵਿਅਕਤੀ ਆਪਸ ਵਿਚ ਕਈ ਪ੍ਰਕਾਰ ਦੇ ਸੰਬੰਧਾਂ ਨਾਲ ਜੁੜੇ ਹੋਏ ਹੁੰਦੇ ਹਨ। ਜੇਕਰ ਇਨ੍ਹਾਂ ਸਾਰੇ ਸੰਬੰਧਾਂ ਨੂੰ ਧਾਰਮਿਕ ਵਿਚਾਰਧਾਰਾ ਅਨੁਸਾਰ, ਧਰਮ ਵਲੋਂ ਦਿੱਤੀ ਦਿਸ਼ਾ ਸੇਧ ਅਨੁਸਾਰ ਅਨੁਕੂਲ (condition) ਕਰ ਲਿਆ ਜਾਵੇ ਤਾਂ ਧਰਮ ਦੀ ਟੇਕ ਉੱਤੇ ਇਕ ਗੁੰਦਵਾਂ ਸਮਾਜ ਉਸਰ ਆਵੇਗਾ। ਇਸ ਲਈ ਜ਼ਰੂਰੀ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਕਿਸੇ ਢੰਗ ਨਾਲ ਇਕ ਹੀ ਰੰਗਣ ਵਿਚ ਰੰਗਿਆ ਜਾਵੇ, ਉਨ੍ਹਾਂ ਦੇ ਮਨਾਂ ਨੂੰ ਇਕੋ ਸੇਧ ਤੇ ਧਾਰਣਾ ਵਿਚ ਟੋਰਿਆ ਜਾਵੇ, ਇਕੋ ਹੀ ਕੁਠਾਲੀ ਵਿਚ ਕਾੜ੍ਹਿਆ ਜਾਵੇ ਤੇ ਇਕ ਧਾਰਣਾ ਦੇ ਅਨੁਕੂਲ ਕੀਤਾ ਜਾਵੇ ਤਾਂ ਉਨ੍ਹਾਂ ਦੀ ਸੋਚਣੀ ਤੇ ਦਿਸ਼ਾ ਸੇਧ ਇਕਸਾਰ ਹੋ ਜਾਵੇਗੀ, ਉਨ੍ਹਾਂ ਦਾ ਜੀਵਨ ਪ੍ਰਤੀ ਰਵੱਈਆ, ਉਨ੍ਹਾਂ ਦੀਆਂ ਆਦਤਾਂ ਤੇ

ਰਹਿਣੀ ਬਹਿਣੀ, ਸਮੂਹਕ ਰੂਪ ਵਿਚ ਇਕੋ ਧਾਰਮਿਕ ਸੰਚੇ ਵਿਚ ਢਲ ਕੇ ਇਕਸਾਰ ਹੋ ਜਾਣਗੀਆਂ ਤੇ ਉਹ ਜ਼ਿੰਦਗੀ ਦੇ ਸਭ ਪਹਿਲੂਆਂ, ਖ਼ਾਸ ਕਰਕੇ ਸਮਾਜਿਕ ਸੰਬੰਧਾਂ ਨੂੰ ਧਾਰਮਿਕ ਤਕੜੀ ਨਾਲ ਤੋਲ ਕੇ ਪੂਰਾ ਕਰਨਗੇ।

ਗੁਰੂ ਨਾਨਕ ਦੇਵ ਜੀ ਨੇ ਨਾਮ ਨੂੰ ਵਿਅਕਤੀਗਤ ਤੇ ਸਮਾਜੀ ਜੀਵਨ ਦਾ ਨਿਸ਼ਾਨਾ ਤੇ ਦਿਸ਼ਾ ਸੇਧ ਦਿੰਦਿਆਂ ਹੋਇਆਂ ਲੋਕਾਂ ਦੀ ਵਿਅਕਤੀਗਤ ਰੂਪ ਵਿਚ ਇਸ ਦਿਸ਼ਾ ਸੇਧ ਉਸਾਰੀ, ਉਨ੍ਹਾਂ ਦੇ ਸਾਂਝੇ ਇਕੱਠ ਵਿਚ ਯਾਨੀ ਸੰਗਤ ਵਿਚ ਕਰਨ ਲਈ ਸੰਗਤ ਦੀ ਪ੍ਰਥਾ ਨੂੰ ਚਾਲੂ ਕੀਤਾ। ਸੰਗਤ ਸਮੁੱਚੇ ਰੂਪ ਵਿਚ ਨਾਮ ਦੀ ਸੇਧ ਵਿਚ ਉਸਾਰੇ ਜਾ ਰਹੇ ਸਮਾਜ ਦਾ ਇਕ ਲਘੂ ਰੂਪ ਹੁੰਦੀ ਹੈ, ਜਿਸ ਵਿਚ ਤੀਵੀਆਂ ਤੇ ਮਰਦ, ਬੱਚੇ ਤੇ ਬੁੱਢੇ, ਅਮੀਰ ਤੇ ਗਰੀਬ, ਕਈ ਜਾਤਾਂ, ਕਿੱਤਿਆਂ ਤੇ ਵਰਗਾਂ ਦੇ ਵੱਖ ਵੱਖ ਜੀਵਨ ਤੇ ਮਾਨਸਿਕ ਪੱਧਰਾਂ ਵਾਲੇ ਵਿਅਕਤੀ ਇਕ ਪੱਧਰ ਉੱਤੇ ਬੈਠ ਕੇ ਸਾਂਝੀ ਭਾਵਨਾ ਨਾਲ ਇਕੱਤਰ ਹੋ ਕੇ, ਇਕੋ ਸਮੇਂ ਸਾਂਝਾ ਉਪਦੇਸ ਲੈਂਦੇ ਹਨ ਤੇ ਸਾਂਝੀ ਨਾਮ ਦੀ ਰੰਗਣ ਵਿਚ ਰੰਗੇ ਜਾਂਦੇ ਹਨ। ਜਿਵੇਂ ਸਮਾਜ ਸਭ ਵਰਗਾਂ ਤੇ ਕਿੱਤਿਆਂ, ਸਭ ਉਮਰਾਂ ਤੇ ਮਾਨਸਿਕ ਪੱਧਰਾਂ ਦੇ ਮਰਦਾਂ ਤੇ ਤੀਵੀਆਂ ਦਾ ਸਮਿਲਿਤ ਸੰਗਠਨ ਹੁੰਦਾ ਹੈ, ਇਸੇ ਰੂਪ ਦੇ ਆਧਾਰ ਉੱਤੇ ਗੁਰੂ ਨਾਨਕ ਦੇਵ ਜੀ ਨੇ ਸੰਗਤ ਦੀ ਸਥਾਪਨਾ ਕੀਤੀ, ਜੋ ਸਮਾਜ ਉਸਾਰੀ ਲਈ ਪੂਰਨ ਇਕਾਈ ਬਣੀ।

ਐਸੀ ਸੰਗਤ ਵਿਚ ਹਰ ਵਿਅਕਤੀ ਦੀ ਗੁਰੂ ਉਪਦੇਸ਼ ਦੇ ਅਨੁਸਾਰ, ਨਾਮ ਦੀ ਡਸਿਪਲਿਨ ਵਿਚ ਪਰਪੱਕਤਾ ਉਸਾਰੀ ਜਾਂਦੀ ਹੈ, ਜਿਸ ਨੂੰ ਅਸੀ ਲੰਬ ਰੂਪ ਵਿਚ ਉਸਾਰੀ (vertical growth) ਆਖ ਸਕਦੇ ਹਾਂ। ਦੂਸਰੇ ਪਾਸੇ ਲੋਕਾਂ ਦੇ ਆਪਸੀ ਸੰਬੰਧਾਂ, ਉਨ੍ਹਾਂ ਦੀ ਰਹਿਣੀ ਬਹਿਣੀ ਤੇ ਸਮਾਜਿਕ ਵਤੀਰੇ ਨੂੰ ਇਸ ਡਸਿਪਲਿਨ ਅਨੁਸਾਰ ਸੇਧ ਦੇ ਕੇ, ਨਾਮ ਦੀ ਡਸਪਿਲਿਨ ਨੂੰ ਸਾਰੀ ਸੰਗਤ ਵਿਚ ਪਸਾਰਿਆ ਜਾਂਦਾ ਹੈ। ਇਸ ਨੂੰ ਖਤਿਜੀ (horizontal growth) ਪਸਾਰਾ ਆਖ ਸਕਦੇ ਹਾਂ। ਇਸ ਪ੍ਰਕਾਰ ਧਰਮ ਦੀ ਲੋਕਾਂ ਵਿਚ ਲੰਬ ਦਿਸ਼ਾ ਤੇ ਖਤਿਜੀ ਦਿਸ਼ਾ ਵਿਚ ਇਕੱਠੀ ਤੇ ਇਕੋ ਸਮੇਂ (simultaneous) ਬੁਣਤੀ ਕਰਕੇ, ਧਰਮ ਨੂੰ ਸਮਾਜ ਨਾਲ ਨਾ ਕੇਵਲ ਜੋੜਿਆ ਹੀ ਜਾਂਦਾ ਹੈ, ਸਗੋਂ ਸਮੁੱਚੇ ਸਮਾਜ ਵਿਚ ਗੁੰਨ ਦਿੱਤਾ ਜਾਂਦਾ ਹੈ, ਜਿਸ ਨਾਲ ਧਰਮ ਦਾ ਸਮਾਜ ਨਾਲ ਸੰਬੰਧ ਉਨ੍ਹਾਂ ਹੀ ਗੂੜ੍ਹਾ ਹੋ ਜਾਂਦਾ ਹੈ, ਜਿੰਨਾ ਕਿਸੇ ਇਕ ਵਿਅਕਤੀ ਨਾਲ।

(2)

ਇਸ ਵਿਚ ਕੋਈ ਸ਼ੱਕ ਨਹੀਂ ਕਿ ਹੋਰ ਧਰਮਾਂ ਵਿਚ ਵੀ ਮਨੁੱਖ ਦੀ ਇਕੱਠ ਵਿਚ ਰਹਿਣ ਦੀ ਕੁਦਰਤੀ ਰੁੱਚੀ (gregariousness) ਜਿਸ ਨੂੰ ਸੰਗਤੀ ਰੁੱਚੀ ਆਖਦੇ ਹਨ, ਦੀ ਵਰਤੋਂ ਵਿਅਕਤੀਗਤ ਅਧਿਆਤਮਕ ਪ੍ਰਾਪਤੀਆਂ ਕਰਨ, ਕਰਮ ਕਾਂਡੀ ਰੀਤਾਂ ਪੂਰੀਆਂ ਕਰਨ ਜਾਂ ਖ਼ਾਸ ਸ਼੍ਰੇਣੀ ਤੇ ਖ਼ਾਸ ਪੱਧਰ ਦੇ ਵਿਚਾਰਵਾਨਾਂ ਦੀਆਂ ਵਿਚਾਰ ਗੋਸ਼ਟੀਆਂ ਤਕ ਹੀ ਸੀਮਤ ਰਹੀ ਹੈ। ਸਮਾਜ ਉਸਾਰੀ ਵਿਚ ਇਹ ਜ਼ਿਆਦਾ ਹਿੱਸਾ ਨਹੀ ਪਾ ਸਕੀ, ਕਿਉਂਕਿ ਮਨੁੱਖ ਦੇ ਸਮਾਜਿਕ ਸੰਬੰਧਾਂ ਵਲ ਨਾ ਇਨ੍ਹਾਂ ਵਿਚ ਕੋਈ ਧਿਆਨ ਦਿੱਤਾ ਗਿਆ, ਨਾ ਹੀ ਕੋਈ ਅਮਲੀ ਕਾਰਵਾਈ ਕਦੀ ਕੀਤੀ ਗਈ ਤੇ ਨਾ ਹੀ ਇਨ੍ਹਾਂ ਇਕੱਠਾਂ ਵਿਚ ਕਦੀ ਸਮੁੱਚੇ, ਸਮਿਲਿਤ ਤੇ ਸੰਗਠਿਤ ਸਮਾਜ ਨੂੰ ਉਸ ਦੇ ਅਸਲੀ ਰੂਪ ਵਿਚ ਪ੍ਰਤੀਨਿਧਤਾ ਦਿੱਤੀ ਗਈ।

ਹਿੰਦੁਸਤਾਨ ਵਿਚ ਵੈਦਿਕ ਕਾਲ ਤੋਂ ਲੈ ਕੇ ਹੁਣ ਤਕ, ਕਿਸੇ ਇਕ ਵਿਚਾਰਧਾਰਾ ਦੇ

ਧਾਰਣੀ ਆਮ ਤੌਰ ਉੱਤੇ ਧਾਰਮਿਕ ਵਿਚਾਰ ਗੋਸ਼ਟੀਆਂ ਦੇ ਰੂਪ ਵਿਚ ਇਕੱਠੇ ਹੁੰਦੇ ਰਹੇ ਹਨ ਤੇ ਇਨ੍ਹਾਂ ਨੂੰ ਸੰਗਤ, ਸਾਧ ਸੰਗਤ ਜਾਂ ਸਤਿ ਸੰਗਤ ਦਾ ਨਾਮ ਵੀ ਦਿੱਤਾ ਜਾਂਦਾ ਰਿਹਾ ਹੈ। ਇਨ੍ਹਾਂ ਵਿਚਾਰਾਂ ਗੋਸ਼ਟੀਆਂ ਵਿਚ ਵਿਦਵਾਨ, ਆਪਣੇ ਧਰਮ ਦੇ ਸੰਬੰਧ ਵਿਚ ਪ੍ਰਾਪਤ ਕੀਤੇ ਗਿਆਨ ਨੂੰ ਦੂਸਰਿਆਂ ਤਕ ਪਹੁੰਚਾਂਦੇ ਤੇ ਵਿਚਾਰ ਵਟਾਂਦਰੇ ਨਾਲ ਇਸ ਵਿਚ ਵਾਧਾ ਕਰਦੇ। ਪਰ ਇਹ ਕੰਮ ਆਮ ਤੌਰ ਉੱਤੇ ਧਾਰਮਿਕ ਮਠਾਂ ਵਿਚ ਹੀ ਹੁੰਦਾ ਤੇ ਅਧਿਆਤਮਿਕ ਵਿਸ਼ੇ ਅਤੇ ਇਸ ਵਿਸ਼ੇ ਦੇ ਵਿਦਵਾਨਾਂ ਤਕ ਹੀ ਸੀਮਤ ਰਹਿੰਦਾ। ਆਮ ਲੋਕਾਂ ਵਿਚ ਇਹ ਘੱਟ ਹੀ ਸੰਜਰਦਾ, ਖਾਸ ਤੌਰ ਤੇ ਜਦ ਇਹ ਗਿਆਨ ਆਮ ਲੋਕਾਂ ਦੀ ਬੋਲੀ ਤੇ ਸਮਝ ਤੋਂ ਵਿਰਵਾ, ਦੇਵ ਭਾਖਾ, ਸੰਸਕ੍ਰਿਤ ਵਿਚ ਹੁੰਦਾ ਤੇ ਇਸ ਦਾ ਵਿਸ਼ਾ ਵੀ ਆਮ ਲੋਕ ਜੀਵਨ ਤੇ ਲੋਕਾਂ ਦੇ ਪਰਸਪਰ ਸੰਬੰਧਾਂ ਨੂੰ ਕਦੀ ਨਾ ਛੂਹੰਦਾ, ਇਸ ਤੋਂ ਬਹੁਤਾ ਉਚੇਰਾ ਉਚੇਰਾ ਰਹਿੰਦਾ। ਧਰਮ ਦੀ ਲੰਬ ਰੂਪ ਵਿਚ ਉਸਾਰੀ ਤਾਂ ਜ਼ਰੂਰੀ ਹੁੰਦੀ, ਕਾਬਲ ਵਿਦਵਾਨ ਤਾਂ ਉਸਰ ਆਉਂਦੇ , ਪਰ ਇਸ ਦੀ ਖਤਿਜੀ ਬਾਹੀ (horizontal component) ਨਾ ਹੋਣ ਕਰਕੇ ਸਮਾਜ ਨੂੰ ਇਹ ਇਕੱਠ ਪ੍ਰਭਾਵਿਤ ਨਾ ਕਰ ਸਕਦੇ। ਇਨ੍ਹਾਂ ਵਿਚਾਰ ਗੋਸ਼ਟੀਆਂ ਵਿਚ ਵਿਦਵਾਨਾਂ ਦੀਆਂ ਉਨ੍ਹਾਂ ਦੇ ਆਪਣੇ ਵਿਦਿਅਕ ਪੱਧਰ ਅਨੁਸਾਰ ਵੰਡੀਆਂ ਪੈਂਦੀਆਂ ਗਈਆਂ ਤੇ ਸਮੁੱਚਾ ਸਮਾਜ ਉਸਾਰਣ ਦੀ ਬਜਾਏ, ਇਸ ਤਰ੍ਹਾਂ ਦੀਆਂ ਸ਼੍ਰੇਣੀਆਂ ਜਿਵੇਂ ਵੇਦੀ, ਦਵਿਵੇਦੀ, ਤ੍ਰਿਵੇਦੀ ਤੇ ਚਤੁਰਵੇਦੀ ਪਾਠਕ, ਤ੍ਰਿਪਾਠੀ, ਸਰਸਵਤ ਦੇ ਵਿਦਿਆ ਅਲੰਕਾਰ ਆਦਿ ਬਣ ਗਈਆਂ।

ਟੱਬਰਦਾਰੀ ਤੇ ਸਮਾਜੀ ਜੀਵਨ ਤਿਆਗ ਕੇ ਸਾਧੂ, ਸੰਨਿਆਸੀ, ਜੋਗੀ ਤੇ ਭਿਕਸ਼ੂ ਬਣੇ ਲੋਕ ਵੀ ਆਪਣੀ ਆਪਣੀ ਵਿਚਾਰਧਾਰਾ ਦੇ ਇਕੱਠਾਂ ਵਿਚ ਵਿਚਾਰ ਵਟਾਂਦਰੇ ਕਰਦੇ ਅਤੇ ਆਪਣੇ ਵਿਚਾਰ ਦੀ ਕਥਾ ਵਾਰਤਾ ਦੁਆਰਾ ਲੋਕਾਂ ਵਿਚ ਪਰਚਾਰ ਵੀ ਕਰਦੇ। ਇਹ ਸਮਾਜ ਨਾਲੋਂ ਟੁੱਟੇ ਹੋਣ ਕਰਕੇ ਭਾਵੇਂ ਲੋਕਾਂ ਵਿਚ ਸਤਿਕਾਰੇ ਜਾਂਦੇ ਪਰ ਇਹ ਗ੍ਰਿਹਿਸਤੀ ਜੀਵਨ ਨੂੰ ਨੀਵਾਂ ਤੇ ਹਕੀਰ ਦਰਸਾਂਦੇ ਹੋਏ ਸਮਾਜ ਉਸਾਰੀ ਨਾਲੋਂ ਸਮਾਜ ਉਜਾੜੇ ਦਾ ਜ਼ਿਆਦਾ ਪ੍ਰਚਾਰ ਕਰਦੇ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬਾਰੇ ਕਿਹਾ ਹੈ :

ਦਇਆ ਦਿਗੰਬਰ ਦੇਹ ਬੀਚਾਰੀ।
ਆਪਿ ਮਰੈ ਅਵਰਾ ਨਹ ਮਾਰੀ। ਪੰ. ੩੫੯

ਜੋਗੀਆਂ ਦੇ ਪਰਚਾਰ ਨੂੰ ਜਿਥੇ ਮੜ੍ਹੀਆਂ ਵਧਾਣਾ ਕਿਹਾ ਹੈ ਉਥੇ ਉਨ੍ਹਾਂ ਵਲੋਂ ਪਾਏ ਜਾ ਰਹੇ ਸਮਾਜਿਕ ਵਿਗਾੜ (social delinquency) ਤੋਂ ਵੀ ਉਨ੍ਹਾਂ ਨੂੰ ਤਾੜਿਆ ਹੈ :

ਜਗੁ ਪਰਬੋਧਹੁ ਮੜੀ ਬਧਾਵਹਿ।
ਆਸਣੁ ਤਿਆਗਿ ਕਾਹੇ ਸਚੁ ਪਾਵਹਿ। (ਆਸਣ-ਟਿਕਵਾਂ ਗ੍ਰਿਹਿਸਤੀ ਜੀਵਨ)
ਮਮਤਾ ਮੋਹ ਕਾਮਣਿ ਹਿਤਕਾਰੀ।
ਨਾ ਅਉਧੂਤੀ ਨਾ ਸੰਸਾਰੀ।
ਜੋਗੀ ਬੈਸਿ ਰਹਹੁ ਦੁਬਿਧਾ ਦੁਖ ਭਾਗੈ।
ਘਰਿ ਘਰਿ ਮਾਗਤ ਲਾਜ ਨ ਲਾਗੈ। ਪੰ. ੯੦੩

ਆਪਣੇ ਆਪਣੇ ਧਾਰਮਿਕ ਮਾਰਗ ਅਨੁਸਾਰ ਸ਼ਿਵ ਮਤੀਆਂ (Shivites), ਵੈਸ਼ਨੂੰ ਮਤੀਆਂ (Vaishavites), ਜੈਨੀਆਂ, ਬੋਧੀਆਂ ਤੇ ਜੋਗੀਆਂ ਦੇ ਵੱਖਰੇ ਵੱਖਰੇ ਸਮਾਗਮ, ਖ਼ਾਸ ਥਾਵਾਂ ਉੱਤੇ ਨਿਸ਼ਚਿਤ ਦਿਨਾਂ ਉੱਤੇ ਹੁੰਦੇ ਰਹਿੰਦੇ। ਇਹ ਸਮਾਗਮ ਆਮ ਤੌਰ ਉੱਤੇ ਮੇਲਿਆਂ

ਤੇ ਤੀਰਥ ਸਥਾਨਾਂ ਉੱਤੇ ਹੁੰਦੇ। ਕਈ ਵਾਰੀ ਇਕ ਹੀ ਥਾਂ ਉੱਤੇ ਇਕੱਠੇ ਹੋਏ ਵੱਖ ਵੱਖ ਵਿਚਾਰ ਧਾਰੀਆਂ ਦੀਆਂ ਆਪਸ ਵਿਚ ਝੜਪਾਂ ਹੋ ਪੈਂਦੀਆਂ ਜੋ ਖ਼ੂਨੀ ਲੜਾਈਆਂ ਤੱਕ ਪਹੁੰਚ ਜਾਂਦੀਆਂ। ਅਕਬਰ ਨੇ ਆਪਣੇ ਰਾਜ ਦੇ ਸ਼ੁਰੂ ਵਿਚ ਕੁਰੂਕਸ਼ੇਤਰ ਦੇ ਸਥਾਨ ਉੱਤੇ ਵੈਸ਼ਨੂੰ ਮਤੀਆਂ ਤੇ ਸ਼ਿਵ ਮਤੀਆਂ ਦੀਆਂ ਆਪੋ ਵਿਚ ਖ਼ੂਨੀ ਲੜਾਈਆਂ ਕਰਵਾ ਕੇ, ਧਾਰਮਿਕ ਵੱਖਵਾਦ ਦਾ ਖ਼ੂਬ ਤਮਾਸ਼ਾ ਦੇਖਿਆ।

ਇਸ ਪ੍ਰਕਾਰ ਦੇ ਇਕੱਠਾਂ ਨਾਲ ਆਪਸੀ ਵਿਰੋਧ, ਵੱਖ ਵਾਦ ਤੇ ਧਾਰਮਿਕ ਪਾਟੋਧਾੜ ਵੱਧ ਰਹੀ ਹੈ। ਮਜ਼ਹਬ ਲੋਕਾਂ ਨੂੰ ਆਪਸ ਵਿਚ ਜੋੜਨ ਦੀ ਥਾਵੇਂ ਪਾੜ ਰਿਹਾ ਸੀ ਤੇ ਮਜ਼ਹਬੀ ਵੈਰ ਵਿਰੋਧ ਵੱਧ ਰਿਹਾ ਸੀ, ਜਿਸ ਕਰਕੇ ਸਮਾਜ ਨਿਤਾਣਾ ਹੋ ਰਿਹਾ ਸੀ। ਫਿਰ ਇਹ ਇਕੱਠ ਆਮ ਸਮਾਜੀ ਜੀਵਨ ਦਾ ਅੰਗ ਨਹੀਂ ਸਨ। ਇਨ੍ਹਾਂ ਵਿਚ ਕੁਝ ਸ਼ਰਧਾਲੂ ਵੀ ਭਾਗ ਲੈਂਦੇ ਸਨ। ਤੀਵੀਆਂ ਦੀ ਇਨ੍ਹਾਂ ਸਾਰੇ ਧਾਰਮਿਕ ਸਮਾਗਮਾਂ ਵਿਚ ਕੋਈ ਸ਼ਮੂਲੀਅਤ ਨਾ ਹੁੰਦੀ, ਜਿਸ ਕਰਕੇ ਸਮਾਜ ਦਾ ਅੱਧਾ ਭਾਗ, ਜਿਸ ਨੂੰ ਸਮਾਜ ਦੀ ਜੜ੍ਹ ਤੇ ਮੂਲ ਕਿਹਾ ਜਾ ਸਕਦਾ ਹੈ, ਇਸ ਧਾਰਮਿਕ ਕ੍ਰਿਆ ਤੋਂ ਵਿਰਵਾ ਰਹਿੰਦੀਆਂ। ਨੀਵੀਂ ਜਾਤ ਦੇ ਲੋਕ, ਛੂਆ ਛੂਤ ਤੇ ਭਿਟ ਕਾਰਣ ਇਨ੍ਹਾਂ ਦੇ ਨੇੜੇ ਨਾ ਫਟਕ ਸਕਦੇ। ਸੇਵਾਦਾਰ, ਕਿਰਤੀ, ਕਾਮੇ ਜੋ ਹਰ ਸਮਾਜ ਦੀ ਹਮੇਸ਼ਾਂ ਹੀ ਬਹੁ ਗਿਣਤੀ ਹੁੰਦੇ ਹਨ, ਇਸ ਧਾਰਮਿਕ ਕ੍ਰਿਆ ਤੋਂ ਅੱਡਰੇ ਤੇ ਬਰਤਰਫ਼ ਕਰ ਦਿੱਤੇ ਜਾਂਦੇ। ਭਾਵੇਂ ਇਨ੍ਹਾਂ ਨੂੰ ਸੰਗਤ, ਸਾਧ ਸੰਗਤ ਤੇ ਸਤਿ ਸੰਗਤ ਕਿਹਾ ਜਾਂਦਾ ਸੀ, ਪਰ ਇਹ ਕੇਵਲ ਜਮਾਤੀ ਇਕੱਠ ਹੀ ਹੁੰਦੇ, ਸਮਾਜ ਨਾਲ ਇਨ੍ਹਾਂ ਦਾ ਕੋਈ ਸਿਰਜੋੜ ਨਾ ਹੁੰਦਾ। ਧਰਮ ਤੇ ਸਮਾਜ, ਇਹ ਦੂਸਰੇ ਤੋਂ ਨਿਖੜੇ ਨਿਖੜੇ ਦੋ ਵੱਖ ਵੱਖ ਲੀਹਾਂ ਉੱਤੇ ਚਲਦੇ, ਸਮੁੱਚਾ ਸਮਾਜ ਕਦੇ ਵੀ ਇਕ ਇਕਾਈ ਨਾ ਬਣ ਸਕਦਾ। ਧਰਮ ਕੁਝ ਲੋਕਾਂ ਦੀ ਈਜਾਰੇ-ਦਾਰੀ ਬਣ ਕੇ ਰਹਿ ਗਿਆ ਸੀ, ਜੋ ਆਮ ਲੋਕਾਂ ਦੀ ਅਗਿਆਨਤਾ ਕਾਰਨ ਲੁਟ-ਖਸੁਟ ਦਾ ਹੱਥ-ਠੋਕਾ ਬਣਿਆ ਹੋਇਆ ਸੀ।

ਇਸਲਾਮ ਵਿਚ ਨਿਮਾਜ਼ ਵੇਲੇ ਕੁਮਾਰ ਅਵਸਥਾ ਤੋਂ ਵਡੇਰੀ ਉਮਰ ਦੇ ਮੁਸਲਮਾਨ ਮਸਜਿਦ ਵਿਚ ਇਕੱਠੇ ਹੁੰਦੇ ਤੇ ਅਮਾਮ ਜਾਂ ਮੁਫ਼ਤੀ ਦੀ ਅਗਵਾਈ ਹੇਠ ਨਿਮਾਜ਼ ਵੇਲੇ ਇਕੱਠੇ ਖਲੋਂਦੇ, ਗੋਡਿਆਂ ਭਾਰ ਹੁੰਦੇ, ਝੁਕਦੇ ਤੇ ਮੱਥਾ ਟੇਕਦੇ। ਪਰ ਇਹ ਨਿਯਾਮਤ ਕ੍ਰਿਆ ਕੁਝ ਸਮੇਂ ਲਈ ਹੀ ਹੁੰਦੀ ਤੇ ਇਸ ਇਕੱਠ ਵਿਚ ਸਿਵਾਏ ਨਿਸਚਿਤ (prescribed) ਬੰਦਗੀ ਤੇ ਇਸ ਨਿਯਾਮਤ ਕ੍ਰਿਆ ਤੋਂ ਹੋਰ ਕੋਈ ਗੱਲ ਨਾ ਹੋ ਸਕਦੀ। ਓਪਰੀ ਬੋਲੀ ਵਿਚ ਨਿਮਾਜ਼ ਦੇ ਅਰਥ ਵੀ ਨਾ ਸਮਝਾਏ ਜਾਂਦੇ। ਸਿਵਾਏ ਇਕੱਠੇ ਹੋ ਕੇ ਚੁੱਪ ਚਾਪ ਨਿਮਾਜ਼ ਗੁਜ਼ਾਰਣ ਤੋਂ ਕੋਈ ਸਮਾਜਿਕ ਕ੍ਰਿਆ ਨਾ ਹੁੰਦੀ, ਕੋਈ ਵਿਚਾਰ ਵਟਾਂਦਰਾ ਨਾ ਹੋ ਸਕਦਾ, ਤੇ ਨਿਮਾਜ਼ ਵਿਚ ਵੀ ਜਿਨ੍ਹਾਂ ਨੂੰ ਇਸ ਦੀ ਸਮਝ ਆਉਂਦੀ, ਕੋਈ ਸਮਾਜਿਕ ਪੱਖ ਉੱਤੇ ਗੱਲ ਨਹੀਂ ਸੀ। ਇਸ ਲਈ ਇਹ ਸਫ਼ਰ ਜਾਂ ਜਮਾਤ ਦਾ ਇਕੱਠ ਕੇਵਲ ਇਕ ਧਾਰਮਿਕ ਕ੍ਰਿਆ, ਕਰਮਕਾਂਡ, ਤਕ ਹੀ ਮਹਿਦੂਦ ਹੁੰਦਾ। ਫਿਰ ਇਸ ਇਕੱਠ ਵਿਚ ਤੀਵੀਆਂ ਦੀ ਸ਼ਮੂਲੀਅਤ ਦੀ ਆਗਿਆ ਨਾ ਹੋਣ ਕਰਕੇ, ਸਮਾਜ ਦਾ ਚੰਗੇਰਾ ਭਾਗ ਇਸ ਤੋਂ ਵਿਰਵਾ ਰਹਿ ਜਾਂਦਾ। ਭਾਵੇਂ ਇਸਲਾਮ ਵਿਚ ਜਾਤੀ ਵਖੇਵਿਆਂ ਤੇ ਉਚ-ਨੀਚ ਦੀ ਕੋਈ ਗੁੰਜਾਇਸ਼ ਨਹੀਂ, ਪਰ ਗ਼ੈਰ ਮੁਸਲਿਮ ਲੋਕਾਂ ਨੂੰ ਹਕੀਰ, ਭਟਕੇ ਹੋਏ ਤੇ ਕਾਫ਼ਰ ਸਮਝਕੇ ਤ੍ਰਿਸਕਾਰਿਆ ਜਾਂਦਾ, ਜਿਸ ਨਾਲ ਸਮਾਜ ਵਿਚ ਤੁਅਸਬ, ਉਸ ਸਮੇਂ ਦੇ ਹਾਕਮਾਨਾਂ ਰੋਹਬ ਤੇ ਨਫ਼ਰਤ ਦੀਆਂ ਤ੍ਰੇੜਾਂ ਵਧਦੀਆਂ ਤੇ ਡੂੰਘੀਆਂ

ਹੁੰਦੀਆਂ ਹੋਈਆਂ ਦਰਾੜਾਂ ਬਣ ਰਹੀਆਂ ਸਨ। ਇਸ ਦੇ ਨਾਲ ਹੀ ਇਸਲਾਮ ਵਿਚ ਉਸ ਸਮੇਂ ਕਾਜ਼ੀਆਂ ਤੇ ਮੋਲਾਣਿਆਂ ਦੀ ਮਜ਼ਹਬੀ ਈਜਾਰੇਦਾਰੀ ਤੇ ਲੋਕਾਂ ਦੀ ਲੁਟ-ਖਸੁਟ, ਇਕ ਵਬਾ ਬਣੀ ਹੋਈ ਸੀ। ਫਿਰ ਮੁਸਲਮਾਨ ਆਪ ਸ਼ੀਆ, ਸੁੰਨੀ, ਰਾਫਜ਼ੀ ਤੇ ਇਮਾਮ ਸ਼ਾਫ਼ੀ ਅੱਡ ਅੱਡ ਧਾਰਣਾਵਾਂ ਵਿਚ ਵੰਡੇ ਹੋਏ ਸਨ, ਜਿਨ੍ਹਾਂ ਦੀਆਂ ਰਸਮਾਂ ਤੇ ਰੀਤਾਂ ਅੱਡ ਅੱਡ ਸਨ, ਜਿੰਦਗੀ ਦੇ ਕੁਝ ਪਹਿਲੂਆਂ ਪ੍ਰਤੀ ਰਵੱਈਏ ਅੱਡ ਅੱਡ ਸਨ ਜਿਸ ਕਰਕੇ ਸਮਾਜਿਕ ਸੰਗਠਨ ਨਾਂ ਦੀ ਚੀਜ਼ ਹਿੰਦੁਸਤਾਨ ਵਿਚ ਨਹੀਂ ਮਿਲਦੀ ਸੀ।

ਮਧ ਕਾਲੀਨ ਸਮੇਂ ਵਿਚ ਆਮ ਲੋਕਾਂ ਵਿਚ ਧਰਮ ਕੇਵਲ ਰੀਤੀ ਵਾਦ, ਧੋਤੀ ਟਿੱਕਾ ਤੇ ਜਮਪਾਲੀ ਦੇ ਓਪਰੇ ਪਹਿਰਾਵੇ ਤੇ ਕਰਮ ਕਾਂਡੀ ਵਖੇਵਿਆਂ ਕਾਰਣ ਕਈ ਪ੍ਰਕਾਰ ਦੇ ਝਗੜੇ ਤੇ ਲੜਾਈਆਂ ਹੁੰਦੀਆਂ ਰਹਿੰਦੀਆਂ ਤੇ ਅਸਲ ਧਰਮ *'ਪੰਖ ਕਰ ਉਡਰਿਆ'* ਸੀ। ਭਾਈ ਗੁਰਦਾਸ ਇਸ ਹਾਲਤ ਦਾ ਵਰਣਨ ਕਰਦੇ ਹਨ :

ਚਾਰ ਵਰਨਿ ਚਾਰ ਮਜ਼ਹਬਾ ਜਗਿ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ, ਮਰਦੇ ਬਾਮ੍ਹਣ ਮਉਲਾਣੇ।
ਸਿਰੋ ਨਾ ਮਿਟੇ ਆਵਣ ਜਾਣੇ। ੧.੨੧

(3)

ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਵਿਅਕਤੀਗਤ ਲਕਸ਼ ਦੇ ਨਾਲ ਇਸ ਦਾ ਰੂਪ ਬਦਲਿਆ, ਇਸ ਦਾ ਨਿਸ਼ਾਨਾ ਬਦਲਿਆ, ਇਸ ਨੂੰ ਰੀਤੀ ਵਾਦ ਤੇ ਕਰਮ ਕਾਂਡ ਦੀ ਜਿਲ੍ਹਣ ਤੇ ਧਾਰਮਿਕ ਈਜਾਰੇਦਾਰੀ ਤੋਂ ਕੱਢਣ ਲਈ ਇਸ ਬਾਰੇ ਗਿਆਨ ਦੀ ਪੰਡਤਊ ਪੱਧਰ ਨੂੰ ਆਮ ਲੋਕਾਂ ਨਾਲ ਉਨ੍ਹਾਂ ਦੀ ਆਪਣੀ ਸਮਝੀ ਤੇ ਬੋਲੀ ਜਾਣ ਵਾਲੀ ਬੋਲੀ ਤੇ ਆਮ ਘਰੇਲੂ ਤੇ ਕਾਰਵਿਹਾਰੀ ਦ੍ਰਿਸ਼ਟਤਾ ਦੁਆਰਾ ਜੋੜਿਆ। ਇਸ ਗਿਆਨ ਨੂੰ ਆਮ ਪ੍ਰਚੱਲਿਤ ਰਾਗਾਂ ਵਿਚ ਪੇਸ਼ ਕੀਤਾ, ਤੇ ਕਈ ਵਾਰੀ ਤਾਂ ਆਮ ਲੋਕ ਗੀਤਾਂ, ਪਹਿਰਿਆਂ, ਛੰਦਾਂ, ਘੋੜਿਆਂ, ਵਾਰਾਂ, ਅਲਾਹਣੀਆਂ, ਬਾਰਾਂ ਮਾਂਹ, ਸੀਹਰਫ਼ੀਆਂ, ਕਾਫ਼ੀਆਂ, ਸਲੋਕਾਂ ਆਦਿ ਦੇ ਰੂਪ ਵਿਚ ਐਸੇ ਢੰਗ ਨਾਲ ਪੇਸ਼ ਕੀਤਾ ਕਿ ਇਹ ਗਿਆਨ ਹਰ ਇਕ ਦੀ ਜ਼ਬਾਨ ਉੱਤੇ ਸਹਿਜੇ ਹੀ ਆਉਣ ਲੱਗਾ। ਬਹੁਤ ਸਾਰੀਆਂ ਤੁਕਾਂ ਤਾਂ ਆਮ ਲੋਕੋਕਤੀਆਂ ਬਣ ਗਈਆਂ। ਇਸ ਦੇ ਨਾਲ ਹੀ ਲੋਕਾਂ ਦੇ ਜੀਵਨ ਜਾਚ, ਰਹਿਣੀ ਬਹਿਣੀ, ਕਿਰਤ ਵਿਹਾਰ, ਉਨ੍ਹਾਂ ਦੇ ਰਸਮ ਰਿਵਾਜਾਂ, ਸਦਾਚਾਰ, ਸਭਿਆਚਾਰ, ਵਿਅਕਤੀਗਤ ਜੀਵਨ, ਘਰੇਲੂ, ਸਮਾਜੀ ਤੇ ਰਾਜਸੀ ਜੀਵਨ, (ਹਕੂਮਤ ਪ੍ਰਤੀ ਰਵੱਈਏ) ਨੂੰ ਆਪਣੇ ਵਲੋਂ ਉਲੀਕੀ ਧਾਰਮਿਕ ਦਿਸ਼ਾ ਵਲ ਸੇਧ ਦੇਣ ਦਾ ਭਰਪੂਰ ਉਪਰਾਲਾ ਕੀਤਾ।

ਇੰਨੇ ਲੰਬੇ ਚੋੜੇ ਪ੍ਰੋਗਰਾਮ ਦਾ ਜਿਥੇ ਉਨ੍ਹਾਂ ਦੇ ਆਪਣੇ ਅਧਿਆਤਮਕ ਸਿਧਾਂਤ ਦੀ ਘੋਸ਼ਣਾ ਕੀਤੀ ਤੇ ਉਸ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ। (ਬਾਕੀ ਦੇ ਗੁਰੂ ਸਾਹਿਬਾਨ ਵੀ ਆਪਣੇ ਅਮਲੀ ਜੀਵਨ ਤੇ ਆਪਣੀ ਰਚੀ ਬਾਣੀ ਦੁਆਰਾ ਇਸੇ ਸਿਧਾਂਤ ਦੀ

ਵਿਆਖਿਆ ਹੀ ਕਰਦੇ ਰਹੇ), ਉਥੇ ਇਸ ਦੇ ਵਿਅਕਤੀਗਤ ਤੇ ਸਮਾਜਿਕ ਲਕਸ਼ਾਂ ਨੂੰ ਲੋਕਾਂ ਵਿਚ ਪਰਸਾਰਣ ਤੇ ਲੋਕਾਂ ਦੇ ਜੀਵਨ ਨੂੰ ਇਸ ਲੀਹ ਉੱਤੇ ਤੋਰਣ ਤੇ ਫਿਰ ਇਸ ਦਾ ਲੋਕਾਂ ਦੇ ਵਿਅਕਤੀਗਤ ਤੇ ਸਮਾਜਿਕ ਜੀਵਨ ਉੱਤੇ ਪ੍ਰਭਾਵ ਜੋਖਣ ਲਈ ਉਨ੍ਹਾਂ ਨੇ ਸੰਗਤਾਂ ਦੀ ਪ੍ਰਥਾ ਕਾਇਮ ਕੀਤੀ। ਉਨ੍ਹਾਂ ਵਲੋਂ ਸਥਾਪਤ ਕੀਤੀ ਸੰਗਤ ਵਿਚ ਸਾਰੇ ਸਮਾਜ ਦੀ ਸਮੁੱਚੇ ਰੂਪ ਵਿਚ ਪ੍ਰਤੀਨਿਧਤਾ ਸੀ। ਇਸ ਵਿਚ ਹਰ ਉਮਰ, ਹਰ ਵਰਗ, ਹਰ ਮਾਨਸਿਕ, ਆਰਥਿਕ ਤੇ ਸਮਾਜਿਕ ਪੱਧਰ ਤੇ ਮਰਦ ਤੇ ਤੀਵੀਆਂ ਇਕ ਪੱਧਰ ਉੱਤੇ ਬੈਠ ਕੇ ਇਕੋ ਸਾਂਝਾ ਉਪਦੇਸ਼-ਕੀਰਤਨ ਤੇ ਵਿਆਖਿਆ ਦੇ ਰੂਪ ਵਿਚ ਇਕੋ ਸਮੇਂ ਸੁਣਦੇ ਤੇ ਗਾਉਂਦੇ, ਇਕੱਠਿਆਂ ਖਾਂਦੇ ਤੇ ਇਕੱਠਿਆਂ ਬੈਠਕੇ ਅਧਿਆਤਮਕ ਤੇ ਸਮਾਜਿਕ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਕਰਦੇ, ਕ੍ਰਿਤ ਤੇ ਸੇਵਾ ਵਿਚ ਤੇ ਕਈ ਵਾਰੀ ਸਾਂਝੀ ਉਸਾਰੀ ਵਿਚ ਇਕ ਦੂਸਰੇ ਦਾ ਹੱਥ ਵਟਾਂਦੇ ਤੇ ਇਕ ਦੂਸਰੇ ਦੀ ਔਖ ਸੌਖ ਵਿਚ ਸਹਾਇਤਾ ਕਰਦੇ। ਜਿਥੇ ਉਨ੍ਹਾਂ ਦਾ ਉਪਦੇਸ਼ 'ਖਤ੍ਰੀ, ਬ੍ਰਾਹਮਣ, ਸੂਦ, ਵੈਸ ਚਹੁੰ ਵਰਨਾ ਕੋ ਸਾਝਾਂ' ਸੀ ਉਥੇ ਉਨ੍ਹਾਂ ਨੇ ਸਮਾਜ ਨੂੰ ਭਾਈ ਗੁਰਦਾਸ ਦੇ ਸ਼ਬਦਾਂ ਵਿਚੋਂ 'ਚਾਰ ਵਰਨਿ ਇਕੁ ਵਰਨੁ ਕਰਾਇਆ' ਬਣਾ ਦਿੱਤਾ।

ਗੁਰੂ ਨਾਨਕ ਦਾ ਮਾਰਗ 'ਨਾਮ' ਦਾ ਮਾਰਗ ਹੈ। ਉਨ੍ਹਾਂ ਨੇ ਸਾਰੇ ਸਮਾਜ ਨੂੰ ਇਸ ਮਾਰਗ ਉੱਤੇ ਪਾਉਣ ਲਈ ਉਪਰ ਦੱਸੇ ਲੰਬੇ ਚੌੜੇ ਪ੍ਰੋਗਰਾਮ ਨੂੰ ਪੂਰਾ ਕਰਨ ਲਈ, ਸੰਗਤ ਜੋ ਉਪਰ ਦਸੀ ਬਣਤਰ ਅਨੁਸਾਰ, ਸਮੁੱਚੇ ਸਮਾਜ ਦਾ ਲਘੂ ਰੂਪ ਹੈ, ਨੂੰ ਮਾਧਿਅਮ ਬਣਾਇਆ। ਸਮੁੱਚੇ ਸਮਾਜ ਦੀ ਪ੍ਰਤੀਨਿਧਤਾ ਕਰਨ ਵਾਲੇ, ਉਸ ਦੇ ਇਸ ਲਘੂ ਰੂਪ ਨੂੰ ਨਾਮ ਦੀ ਸੇਧ ਦੇਣ ਲਈ ਉਨ੍ਹਾਂ ਨੇ ਆਦੇਸ਼ ਦਿੱਤਾ :

ਸਤ ਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮ ਵਖਾਣੀਐ। ਪੰ. ੭੨

ਇਸ ਵਿਚ ਨਾਮ ਦੀ ਵਿਆਖਿਆ ਲਈ ਉਨ੍ਹਾਂ ਨੇ ਸਿਖਿਆ ਦੇ ਮੰਨੇ-ਪ੍ਰਮੰਨੇ ਤਿੰਨਾਂ ਹੀ ਢੰਗਾਂ—ਸੁਣਨ, ਮੰਨਣ ਤੇ ਨਿਧਿਆਸਣ ਨੂੰ ਇਕੱਠਿਆਂ ਹੀ ਲਾਗੂ ਕਰ ਦਿੱਤਾ। ਬਾਣੀ ਦੇ ਕੀਰਤਨ ਦੇ ਰੂਪ ਵਿਚ ਗਾਇਨ ਤੇ ਉਸਦੀ ਕਥਾ ਦੇ ਰੂਪ ਵਿਚ ਵਿਆਖਿਆ, ਹਰ ਰੋਜ਼ ਸੁਣਨ ਤੇ ਪੜ੍ਹਨ ਨਾਲ ਇਹ ਹੋਲੀ ਹੋਲੀ ਘਰ ਕਰ ਜਾਂਦੀ ਹੈ ਤੇ ਇਹ ਜੇਕਰ ਕਈ ਵਾਰ ਵੱਖ ਵੱਖ ਢੰਗਾਂ ਨਾਲ ਕੀਤੀ ਵਿਆਖਿਆ ਦੁਆਰਾ ਯਕੀਨ ਬਣ ਜਾਵੇ ਤਾਂ ਜ਼ਿੰਦਗੀ ਵਿਚ ਕਾਰ-ਵਿਹਾਰ ਵਿਚ ਆਪਣੇ ਆਪ ਪ੍ਰਗਟ ਹੋਣ ਲਗ ਪੈਂਦੀ ਹੈ। ਇਹ ਹੈ ਇਸ ਸਿਖਿਆ ਦੀ ਅਮਲੀ ਜੀਵਨ ਵਿਚ ਤਰਜਮਾਨੀ। ਇਹ ਤਰਜਮਾਨੀ ਹੋਲੀ ਹੋਲੀ ਆਦਤ ਬਣ ਜਾਂਦੀ ਹੈ ਤੇ ਇਸ ਡਸਿਪਲਿਨ ਵਿਚ ਢਲ ਜਾਂਦੀ ਹੈ। ਇਸ ਡਸਿਪਲਿਨ ਲਈ ਉਤਸ਼ਾਹ, ਪ੍ਰੇਰਣਾ ਤੇ ਰੀਸ ਉਨ੍ਹਾਂ ਲੋਕਾਂ ਦੇ ਨਾਲ ਮਿਲਕੇ, ਉਨ੍ਹਾਂ ਦੇ ਸੰਪਰਕ ਵਿਚ ਆ ਕੇ ਉਨ੍ਹਾਂ ਦੀ ਕਾਰ-ਵਿਹਾਰੀ ਜ਼ਿੰਦਗੀ ਦੀ ਇਸ ਡਸਿਪਲਿਨ ਵਿਚ ਢਲੀ ਜਿਊਂਦੀ ਜਾਗਦੀ ਤਸਵੀਰ ਦੇਖ ਕੇ ਪੈਦਾ ਹੁੰਦੀ ਹੈ, ਜਿਨ੍ਹਾਂ ਨੇ ਇਸ ਸਿਖਿਆ ਨੂੰ ਤੇ ਇਸ ਦੀ ਡਸਿਪਲਿਨ ਨੂੰ ਜ਼ਿੰਦਗੀ ਦਾ ਆਧਾਰ ਬਣਾਇਆ ਹੋਇਆ ਹੋਵੇ।

ਸੰਗਤ ਵਿਚ ਕੀਰਤਨ ਤੇ ਕਥਾ ਵਿਆਖਿਆ ਦੀ ਦਿਮਾਗੀ ਤਾਲੀਮ ਦੇ ਨਾਲ ਨਾਲ, ਅਜਿਹੇ ਲੋਕਾਂ ਨਾਲ ਨੇੜੇ ਦਾ ਸੰਪਰਕ ਹੋ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਇਸ ਲੀਹ ਵਿਚ ਢਾਲਿਆ ਹੋਇਆ ਹੁੰਦਾ ਹੈ। ਉਨ੍ਹਾਂ ਦੀ ਰਹਿਣੀ ਬਹਿਣੀ, ਕਾਰ-ਵਿਹਾਰ ਤੇ ਵਰਤਣ

ਵਤੀਰੇ ਦਾ ਢੰਗ, ਨਾਮ ਦੀ ਡਸਿਪਲਿਨ ਵਿਚ ਪੈਣ ਲਈ ਇਕ ਅਮਲੀ ਤੇ ਕਾਰਗਰ ਸਰੋਤ ਸਾਬਤ ਹੁੰਦਾ ਹੈ। ਚੰਗੇ ਰਾਹ ਪਏ ਲੋਕਾਂ ਨੂੰ ਦੇਖ ਕੇ ਉਨ੍ਹਾਂ ਦਾ ਪ੍ਰਭਾਵ ਗ੍ਰਹਿਣ ਕਰਦੇ ਹੋਏ, ਆਮ ਲੋਕ ਉਨ੍ਹਾਂ ਵਰਗੇ ਹੋ ਜਾਂਦੇ ਹਨ। ਜਿਵੇਂ ਪਾਰਸ ਨਾਲ ਲਗ ਕੇ ਪੱਥਰ ਪਾਰਸ ਹੋ ਜਾਂਦਾ ਹੈ :

ਪਾਰਸ ਪਰਸਿਐ ਪਾਰਸ ਹੋਏ ਜਾ ਤੇਰੈ ਮਨਿ ਭਾਵੈ। ਪੰ. ੯੯੮

ਨਾਮ ਦੀ ਰੰਗਤ ਪਹਿਲਾਂ ਸਿੱਖ ਗੁਰੂ ਤੋਂ ਉਸਦੀ ਸੰਗਤ ਵਿਚ ਰਹਿ ਕੇ, ਉਸ ਦੀ ਆਗਿਆ ਦਾ ਪਾਲਣ ਕਰਕੇ, ਜਿਸ ਨੂੰ ਸੇਵਾ ਵੀ ਕਿਹਾ ਜਾਂਦਾ ਹੈ, ਹਾਸਲ ਕਰਦਾ ਹੈ ਤੇ ਫਿਰ ਇਸ ਰੰਗਤ ਨੂੰ ਦੂਸਰਿਆਂ ਨਾਲ ਸਾਂਝੀ ਕਰਦਾ ਹੈ। ਭਾਈ ਗੁਰਦਾਸ ਦਸਦੇ ਹਨ :

ਗੁਰ ਸਿਖੁ ਸਿਖੁ ਗੁਰ ਸੋਇ ਅਲਖ ਲਖਾਇਆ।
ਗੁਰ ਦੀਖਿਆ ਲੈ ਸਿਖਿ ਸਿਖੁ ਸਦਾਇਆ।
ਗੁਰ ਸਿਖ ਇਕੋ ਹੋਇ ਜੋ ਗੁਰ ਭਾਇਆ।
ਹੀਰਾ ਕਣੀ ਪਰੋਇ ਹੀਰੁ ਬਧਾਇਆ।
ਜਲ ਤਰੰਗੁ ਅਵਲੋਇ ਸਲਿਲ ਸਮਾਇਆ।
ਜੋਤਿ ਜੋਤਿ ਸਮੋਇ ਦੀਪੁ ਦੀਪਾਇਆ।
ਅਚਰਜ ਅਚਰਜੁ ਢੋਇ ਚਲਿਤ ਬਣਾਇਆ।
ਦੁਧਹੁ ਦਹੀ ਵਿਲੋਇ ਘਿਉ ਕਢਾਇਆ।
ਇਕ ਚਾਨਣੁ ਤ੍ਰਿਹੁ ਲੋਇ ਪ੍ਰਗਟੀ ਆਇਆ। ੩.੧੧

ਗੁਰੂ ਨਾਨਕ ਦੀ ਸੰਗਤ ਵਿਚ ਰਹਿ ਕੇ ਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਕੇ ਭਾਈ ਲਹਿਣਾ ਉਨ੍ਹਾਂ ਵਰਗਾ ਹੀ ਹੋ ਗਿਆ ਤੇ ਗੁਰੂ ਅੰਗਦ ਬਣ ਗਿਆ। ਭਾਈ ਸਾਹਿਬ ਇਸੇ ਵਾਰ ਦੀ ਅਗਲੀ ਪਉੜੀ ਵਿਚ ਲਿਖਦੇ ਹਨ :

ਸਤਿਗੁਰ ਨਾਨਕ ਦੇਉ ਗੁਰਾ ਗੁਰ ਹੋਇਆ।
ਅੰਗਦੁ ਅਲਖੁ ਅਭੇਉ ਸਹਿਜ ਸਮੋਇਆ। (ਅਭੇਉ=ਅਭੇਦ) ੩.੧੨

ਗੁਰੂ ਨਾਨਕ ਦੇ ਦਸੇ ਮਾਰਗ ਅਨੁਸਾਰ ਕੋਈ ਵਿਅਕਤੀ ਗੁਰੂ ਦੀ ਸੰਗਤ ਵਿਚ ਰਹਿਕੇ, ਗੁਰੂ ਦੀ ਸੇਵਾ ਕਰਦਿਆਂ, ਗੁਰੂ ਦੇ ਹੁਕਮ ਉੱਤੇ ਚਲਦਿਆਂ ਹੋਇਆਂ, ਗੁਰੂ ਦੀ ਕ੍ਰਿਪਾ ਨਾਲ ਗੁਰਮੁਖ ਪਦ ਦੀ ਪ੍ਰਾਪਤੀ ਉੱਤੇ ਪਹੁੰਚਦਾ ਹੈ। ਇਹ ਵਿਅਕਤੀ ਲਈ ਜੀਵਨ ਦਾ ਨਿਸ਼ਾਨਾ ਹੈ ਅਤੇ ਗੁਰਮੁਖ ਦਾ ਆਚਰਣ ਹੈ, *"ਆਪ ਜਪੇ ਅਵਰਾਂ ਨਾਮ ਜਪਾਵੇ।"* ਇਹ ਧਾਰਣਾ ਕਰਮ ਕਾਂਡੀ ਧਾਰਣਾ, ਜੋ ਨਿੱਜੀ ਪ੍ਰਾਪਤੀ ਉੱਤੇ ਆਧਾਰਿਤ ਹੈ ਤੋਂ ਬਿਲਕੁਲ ਵੱਖਰੀ ਹੈ। ਕਰਮ ਕਾਂਡੀ ਧਾਰਣਾ ਅਨੁਸਾਰ ਵਿਅਕਤੀ ਆਪਣੀ ਕਰਮ ਕਾਂਡ ਦੁਆਰਾ ਹਾਸਲ ਕੀਤੀ ਪ੍ਰਾਪਤੀ ਨੂੰ ਨਿੱਜੀ ਪੂੰਜੀ ਸਮਝਦਿਆਂ ਹੋਇਆਂ ਵੰਡਦਾ ਨਹੀਂ ਪਰ ਗੁਰਮੁਖ ਦਾ ਆਚਰਣ ਪਰਉਪਕਾਰੀ ਹੈ ਤੇ ਉਹ :

ਜਨ ਪਰਉਪਕਾਰੀ ਆਏ।
ਜੀਅ ਦਾਨ ਦੇ ਭਗਤੀ ਲਾਇਨ।
ਹਰਿ ਸਿਉਂ ਲੈਣ ਮਿਲਾਏ।

ਗੁਰਮੁਖ ਜਿਥੇ ਆਪਣੀ ਕਮਾਈ ਨੂੰ ਵੰਡ ਛਕਦਾ ਹੈ, ਉਥੇ ਆਪਣੀ ਨਾਮ ਦੇ ਮਾਰਗ

ਦੀ ਪ੍ਰਾਪਤੀ ਨੂੰ, ਆਪਣੀ ਸੰਗਤ ਵਿਚ ਰਹਿਣ ਵਾਲੇ ਦੂਸਰੇ ਲੋਕਾਂ ਨੂੰ ਸਹਿਜੇ ਹੀ ਦੇ ਜਾਂਦਾ ਹੈ :

ਗੁਰਮੁਖ ਮਾਰਗੁ ਪੰਥੁ ਹੈ ਸਾਧ ਸੰਗਤ ਮਿਲਿ ਸੰਗੁ ਚਲਾਇਆ। ੬.੧੬

ਤੇ ਆਪਣੇ ਸੰਗੀਆਂ ਨੂੰ ਨਾਲ ਚਲਾਉਂਦਾ ਹੈ। ਇਸੇ ਵਾਸਤੇ ਸੰਗਤ ਵਿਚ ਹਰ ਰੋਜ ਅਰਦਾਸ ਹੁੰਦੀ ਹੈ, "ਗੁਰਮੁਖ ਦਾ ਮੇਲ, ਸਾਧ ਕਾ ਸੰਗ, ਨਾਮ ਦਾ ਰੰਗ ਤੇ ਭਜਨ ਦਾ ਪ੍ਰਤਾਪ।"

ਗੁਰੂ ਨਾਨਕ ਦੇਵ ਜੀ ਵਲੋਂ ਸੰਗਤ ਦੀ ਮਹਾਨਤਾ ਲੋਕਾਂ ਵਿਚ ਦ੍ਰਿੜ ਕਰਨ ਲਈ ਇਸ ਨੂੰ ਉਹ ਹੀ ਦਰਜਾ ਦਿੱਤਾ ਜਾਂਦਾ ਹੈ, ਜੋ ਉਸ ਸਮੇਂ, ਤੇ ਅੱਜ ਵੀ, ਲੋਕ ਤੀਰਥ ਅਸਨਾਨ ਨੂੰ ਦਿੰਦੇ ਹਨ :

ਸੰਗਤਿ ਮੀਤ ਮਿਲਾਪ ਪੂਰਾ ਨਾਵਣੋ।
ਗਾਵੈ ਗਾਵਣ ਹਾਰੁ ਸ਼ਬਦ ਸੁਹਾਵਣੋ। ਪੰ. ੬੮੮

ਅਤੇ ਨਾਲ ਹੀ ਦਸਦੇ ਹਨ ਕਿ ਸਤਿ ਸੰਗ ਕੇਵਲ ਚੰਗੇ ਭਾਗਾਂ ਦੇ ਕਰਮ ਜਾਂ ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ ਹੀ ਮਿਲਦੀ ਹੈ।

ਬਿਨੁ ਭਾਗਾਂ ਸਤਿ ਸੰਗੁ ਨ ਪਾਈਐ।
ਕਰਮਿ ਮਿਲੈ ਹਰਿਨਾਮੁ ਹਰੀ। ਪੰ. ੧੧੭੨

ਨਾਮ ਦੇ ਮਾਰਗ ਅਨੁਸਾਰ ਮਨੁੱਖ ਦੀ ਅੰਤ੍ਰੀਵ ਅਭਿਲਾਸ਼ਾ, ਉਸ ਦਾ ਛੇਕੜਲਾ ਨਿਸ਼ਾਨਾ, ਉਸ ਦੀ ਅੰਦਰਲੀ ਭੁਖ ਪ੍ਰਭੂ ਦੇ ਦਰਸ਼ਨ, ਤੇ ਉਸ ਨਾਲ ਮੇਲ ਹੀ ਹੈ ਅਤੇ ਇਸ ਦੀ ਤ੍ਰਿਪਤੀ ਕੇਵਲ ਸਤਿ ਸੰਗਤ ਵਿਚ ਹੀ ਹੋ ਸਕਦੀ ਹੈ ਕਿਉਂਕਿ ਪ੍ਰਭੂ ਸੰਗਤ ਵਿਚ ਵਸਦਾ ਹੈ।

ਹਉ ਮਨੁ ਤਨੁ ਖੋਜੀ ਭਾਲ ਭਾਲਾਈ।
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ।
ਮਿਲ ਸਤ ਸੰਗਤਿ ਖੋਜ ਦਸਾਈ।
ਵਿਚਿ ਸੰਗਤਿ ਹਰਿ ਪ੍ਰਭੂ ਵਸੈ ਜੀਉ। ਪੰ. ੨੯

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਫੁਰਮਾਂਦੇ ਹਨ :

ਖੋਜਤ ਖੋਜਤ ਭਈ ਬੈਰਾਗਨਿ।
ਪ੍ਰਭੂ ਦਰਸ਼ਨ ਕਉ ਹਉ ਫਿਰਤ ਤਿਸਾਈ।
ਦੀਨ ਦਿਆਲ ਕ੍ਰਿਪਾਲ ਪ੍ਰਭ ਨਾਨਕ।
ਸਾਧ ਸੰਗਿ ਮੇਰੀ ਜਲਨਿ ਬੁਝਾਈ। ਪੰ. ੨੦੪

ਸਿੱਖ ਧਰਮ ਅਨੁਸਾਰ ਜੀਵਨ ਦੇ ਮਨੋਰਥ, ਅੰਤ੍ਰੀਵ ਨਿਸ਼ਾਨੇ ਦੀ ਪੂਰਤੀ ਅਤੇ ਪ੍ਰਭੂ ਮਿਲਾਪ ਸੰਗਤ ਤੋਂ ਹੀ ਹੋ ਸਕਦਾ ਹੈ, ਕਿਉਂਕਿ ਘਟਿ ਘਟਿ ਵਿਚ ਵਸਣ ਵਾਲਾ ਪ੍ਰਭੂ, ਉਸ ਸੰਗਤ ਦੇ ਇਕੱਠ ਵਿਚ ਮੌਜੂਦ ਹੁੰਦਾ ਹੈ ਜਿਸ ਵਿਚ ਹਰਿ ਕੀਰਤ ਤੇ ਹਰਿ ਕਥਾ ਦੁਆਰਾ ਨਾਮ ਦਾ ਪ੍ਰਵਾਹ ਚਲ ਰਿਹਾ ਹੁੰਦਾ ਹੈ। ਇਸ ਲਈ ਹਰ ਸਿੱਖ ਦੇ ਜੀਵਨ ਦਾ, ਤੇ ਸਿੱਖ ਸਮਾਜ ਦਾ ਇਹ ਸੰਗਤ ਇਕ ਜ਼ਰੂਰੀ ਤੇ ਅਨਿਖੜਵਾਂ ਅੰਗ ਬਣ ਗਿਆ ਹੈ। ਨਾਮ ਦੀ ਸੇਧ ਇਸ ਵਿਚੋਂ ਮਿਲਦੀ ਹੈ, ਤੇ ਇਸ ਸੇਧ ਅਨੁਸਾਰ ਜੀਵਨ ਜੁਗਤਿ ਦਾ ਅਮਲੀ ਪ੍ਰਮਾਣ ਮਿਲਦਾ

ਹੈ, ਇਸ ਲਈ ਜਿਥੇ ਕਿਧਰੇ ਵੀ ਕੁਝ ਸਿੱਖ ਵਸਦੇ ਹਨ, ਸੰਗਤ ਸਥਾਪਤ ਹੋ ਜਾਂਦੀ ਹੈ ਅਤੇ ਸਿੱਖ ਹਰ ਰੋਜ਼ ਇਸ ਵਿਚ ਸ਼ਾਮਲ ਹੋਣਾ ਆਪਣੇ ਵੱਡੇ ਭਾਗ ਸਮਝਦਾ ਹੋਇਆ ਇਸ ਦਾ ਪ੍ਰਵਾਹ ਚਾਲੂ ਰਖਦਾ ਹੈ। ਇਸ ਪ੍ਰਵਾਹ ਦਾ ਇਕ ਵੱਡਾ ਫਾਇਦਾ ਇਹ ਹੈ ਕਿ ਹਰ ਬੱਚਾ ਆਪਣੇ ਬਚਪਨ ਤੋਂ ਮਾਪਿਆਂ ਦੇ ਨਾਲ ਸੰਗਤ ਵਿਚ ਜਾਂਦਾ ਹੋਇਆ ਰੋਜ਼ਾਨਾ ਮਸ਼ਕ ਨਾਲ ਸੰਗਤ ਦੇ ਵਾਤਾਵਰਨ, ਇਸ ਦੇ ਤੌਰ ਤਰੀਕੇ ਤੇ ਇਸ ਦੇ ਡਸਿਪਲਿਨ ਨੂੰ ਸਹਿਜੇ ਹੀ ਸਿੱਖਣ ਲੱਗ ਜਾਂਦਾ ਹੈ, ਨਾਮ ਦੀ ਲੀਹ ਉੱਤੇ ਪੈ ਜਾਂਦਾ ਹੈ। ਉਮਰ ਦੇ ਨਾਲ ਨਾਲ ਉਸ ਦੀ, ਇਸ ਸੰਗਤ ਵਿਚ ਮਿਲਦੀ ਸਿਖਿਆ ਤੇ ਇਸ ਦੀ ਰੰਗਤ ਦਾ ਪ੍ਰਭਾਵ ਉਸ ਉੱਤੇ ਪੈਂਦਾ ਪੈਂਦਾ ਪੱਕਣ ਲੱਗ ਜਾਂਦਾ ਹੈ, ਉਸ ਦਾ ਸੰਗਤ ਨਾਲ ਸੰਬੰਧ ਪਕਦਾ ਜਾਂਦਾ ਹੈ ਤੇ ਪ੍ਰੋੜ ਅਵਸਥਾ ਤਕ ਪਹੁੰਚਦਿਆਂ ਉਹ ਇਸ ਮਾਰਗ ਵਿਚ ਪਰਪੱਕ ਹੋ ਸਕਦਾ ਹੈ। ਗੁਰਮੁਖ ਦੀਆਂ ਰੁੱਚੀਆਂ ਉਸ ਵਿਚ ਜਾਗਣ ਲਗਦੀਆਂ ਹਨ ਤੇ ਉਹ ਗੁਰੂ ਨਾਨਕ ਦੇਵ ਵਲੋਂ ਉਲੀਕੀ ਸਿੱਖ ਰਹਿਣੀ ਬਹਿਣੀ ਵਿਚ ਜੇ ਮਾਹਿਰ ਨਹੀਂ ਤਾਂ ਚੰਗਾ ਸੂਝਵਾਨ ਜ਼ਰੂਰ ਹੋ ਜਾਂਦਾ ਹੈ, ਸਿੱਖ ਸਮਾਜ ਦਾ ਸੂਝਵਾਨ ਤੇ ਸੁਚੱਜਾ ਮੈਂਬਰ ਬਣ ਜਾਂਦਾ ਹੈ। ਸੰਗਤ ਦੇ ਇਸ ਪ੍ਰਭਾਵ ਨੂੰ ਜਰਮਨ ਦੇ ਪ੍ਰਸਿਧ ਵਿਦਵਾਨ ਮੈਕਸ ਮੂਲਰ ਨੇ ਕਿਹਾ ਹੈ ਕਿ ਸਿੱਖ ਅਨਪੜ੍ਹ ਹੋਣ ਦੇ ਬਾਵਜੂਦ ਮਨੁੱਖੀ ਮਸਲਿਆਂ ਤੇ ਸਮਾਜਿਕ ਵਰਤਾਰੇ ਵਿਚ ਕਾਫ਼ੀ ਸੂਝਵਾਨ ਹੁੰਦੇ ਹਨ। ਇਹ ਸਿੱਟਾ ਸਤਿਸੰਗੀ ਦੀ ਰੋਜ਼ਾਨਾ ਹਾਜ਼ਰੀ ਦਾ ਹੈ। ਕਦੀ ਕਦਾਈ ਹੋਣ ਵਾਲੇ ਇਕੱਠ ਦਾ ਪ੍ਰਭਾਵ ਥੋੜ੍ਹਾ ਚਿਰ ਹੀ ਹੁੰਦਾ ਹੈ, ਪਰ ਰੋਜ਼ ਦੀ ਘਾਸੀ ਆਦਤ ਬਣ ਜਾਂਦੀ ਹੈ ਤੇ ਸਮੂਹਕ ਰੂਪ ਵਿਚ ਆਦਤ ਸਮਾਜ ਦਾ ਲਕਸ਼, ਉਸ ਦਾ ਆਚਰਣ ਬਣ ਜਾਂਦੀ ਹੈ।

ਸਮਾਜ ਨੂੰ ਧਰਮ ਨਾਲ ਜੋੜਨ ਵਾਲੇ ਇਸ ਮਾਧਿਅਮ ਸਤਿ ਸੰਗਤ ਨੂੰ ਪਾਇਦਾਰੀ ਦੇਣ ਲਈ ਤੇ ਇਸ ਦਾ ਪ੍ਰਵਾਹ ਚਲਦਾ ਰੱਖਣ ਲਈ ਗੁਰੂ ਨਾਨਕ ਦੇਵ ਨੇ ਸੰਗਤ ਦੇ ਦੁਆਲੇ ਸ਼ਹਿਰ ਵਸਾਉਣ ਦਾ ਪ੍ਰੋਗਰਾਮ ਬਣਾਇਆ ਤੇ ਇਹ ਸ਼ਹਿਰ ਆਮ ਤੌਰ ਉੱਤੇ ਰਸਤਿਆਂ ਦੇ ਸੰਗਮ ਤੇ ਸ਼ਾਹਰਾਵਾਂ ਉੱਤੇ ਦਰਿਆਵਾਂ ਦੇ ਪੱਤਨਾਂ ਉੱਤੇ ਸਥਾਪਤ ਕੀਤੇ ਤਾਂ ਕਿ ਹਰ ਰੋਜ਼ ਕਾਫ਼ੀ ਸੰਗਤ ਇਕੱਠੀ ਹੁੰਦੀ ਰਹੇ। ਸ਼ਹਿਰਾਂ ਦਾ ਇਕ ਫ਼ਾਇਦਾ ਇਹ ਵੀ ਸੀ ਕਿ ਇਥੇ ਕੰਮ ਕਾਰ ਲਈ ਆਏ ਲੋਕ ਗੁਰੂ ਦਾ ਸੰਦੇਸ਼ ਆਪਣੇ ਨਾਲ ਲੈ ਜਾਂਦੇ ਤੇ ਲੋਕਾਂ ਤਕ ਪਹੁੰਚਾ ਦਿੰਦੇ। ਇਸ ਤਰ੍ਹਾਂ ਸ਼ਹਿਰਾਂ ਵਿਚੋਂ ਉਪਜਿਆ ਸਭਿਆਚਾਰ, ਪੇਂਡੂ ਇਲਾਕੇ ਵਿਚ ਸੰਜਰ ਸਕਦਾ ਸੀ। ਰਸਤਿਆਂ ਦੇ ਸੰਗਮਾਂ ਤੇ ਪੱਤਨਾਂ ਉੱਤੇ ਸਥਾਪਤ ਸ਼ਹਿਰਾਂ ਦਾ ਸੰਪਰਕ ਦੂਰ-ਦਰਾਜ਼ ਦੇ ਇਲਾਕਿਆਂ ਤੇ ਦਸੌਰੀ ਇਲਾਕਿਆਂ ਨਾਲ ਹੋਣ ਨਾਲ ਗੁਰੂ ਦਾ ਸੰਦੇਸ਼ ਇਨ੍ਹਾਂ ਦੂਰ-ਦਰਾਜ਼ ਦੇ ਤੇ ਦਸੌਰੀ ਇਲਾਕਿਆਂ ਨਾਲ ਹੋ ਸਕਦਾ ਸੀ। ਗੁਰੂ ਨਾਨਕ ਜੀ ਨੇ ਸੰਗਤ ਦੁਆਲੇ ਇਸ ਤਰ੍ਹਾਂ ਸ਼ਹਿਰ ਵਸਾਉਣ ਦੀ ਪ੍ਰਥਾ ਆਪਣੀ ਧਾਰਨਾ ਅਨੁਸਾਰ ਸਮਾਜਿਕ ਪਰਿਵਰਤਨ ਲਿਆਉਣ ਲਈ ਹੀ ਚਾਲੂ ਕੀਤੀ ਸੀ। ਇਨ੍ਹਾਂ ਤੋਂ ਪਿਛੋਂ ਬਾਕੀ ਦੇ ਗੁਰੂ ਸਾਹਿਬਾਨ ਨੇ ਵੀ ਇਹ ਹੀ ਪ੍ਰਪਾਟੀ ਜਾਰੀ ਰਖੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰਤਾਰ ਪੁਰ (ਰਾਵੀ) ਦੇ ਡੇਰੇ ਤੋਂ ਛੁਟ, ਹੋਰ ਕਈ ਜਗ੍ਹਾਂ ਉੱਤੇ ਆਪਣੇ ਸ਼ਰਧਾਲੂ ਸਿੱਖਾਂ ਦੁਆਰਾ ਚਲਾਈਆਂ ਜਾਣ ਵਾਲੀਆਂ ਸੰਗਤਾਂ ਸਥਾਪਤ ਕੀਤੀਆਂ ਜਿਵੇਂ ਠੱਗ ਤੋਂ ਸਿੱਖ ਬਣੇ ਸੱਜਨ ਤੋਲੰਬਾ ਜ਼ਿਲ੍ਹਾ ਮੁਲਤਾਨ ਵਿਚ ਇਨ੍ਹਾਂ ਦੀ ਧਾਰਨਾ ਅਨੁਸਾਰ ਸਿੱਖੀ ਪ੍ਰਚਾਰ ਲਈ, ਸੰਗਤ ਸਥਾਪਤ ਕੀਤੀ। ਤੀਸਰੇ ਗੁਰੂ ਜੀ ਨੇ ਇਨ੍ਹਾਂ ਨੂੰ ਬਾਈ

ਮੰਜੀਆਂ ਤੇ ਬਵੰਜਾ ਪੀੜ੍ਹੀਆਂ ਦਾ ਰੂਪ ਦੇ ਦਿੱਤਾ। ਇਸ ਤਰ੍ਹਾਂ ਇਹ ਧਾਰਮਿਕ ਤੇ ਸਮਾਜਿਕ ਲਹਿਰ ਨਾ ਕੇਵਲ ਪੰਜਾਬ ਦੇ ਹੀ ਲੋਕਾਂ ਵਿਚ ਫੈਲਣ ਲੱਗੀ ਸਗੋਂ ਉਤਰੀ ਹਿੰਦੁਸਤਾਨ ਵਿਚ ਕਸ਼ਮੀਰ ਤੇ ਪੱਛਮ ਵਿਚ ਅਫ਼ਗਾਨਿਸਤਾਨ (ਕਾਬਲ) ਵਿਚ ਵੀ ਸੰਗਤਾਂ ਸਥਾਪਿਤ ਹੋ ਗਈਆਂ।

ਸਿੱਖਾਂ ਰਾਹੀ ਪਰਸਾਰ ਦੇ ਇਸ ਢੰਗ ਬਾਰੇ ਭਾਈ ਗੁਰਦਾਸ ਲਿਖਦੇ ਹਨ :

ਇਕ ਸਿਖ ਦੁਇ ਸਾਧ ਸੰਗ ਪੰਜੀ ਪਰਮੇਸਰੁ।
ਨਉ ਅੰਗ ਨਲ ਅਨੀਲ ਸੁੰਨ ਅਵਤਾਰ ਮਹੇਸਰੁ।
ਵੀਹ ਇਕੀਹ ਅਸੰਖ ਸੰਖ ਮੁਕਤੈ ਮੁਕਤੇਸਰੁ।
ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ।
ਇਕ ਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ।
ਭੋਗ ਭੁਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ। (੧੩.੧੯)

ਗੁਰੂ ਸਾਹਿਬਾਨ ਦੇ ਸਰੀਰਕ ਰੂਪ ਵਿਚ ਮੌਜੂਦ ਹੁੰਦਿਆਂ ਉਹ ਸੰਗਤਾਂ ਦੀ ਆਪ ਖੁਦ ਅਗਵਾਈ ਕਰਦੇ, ਗੁਰਮਤਿ ਸਿਧਾਂਤਾਂ ਦੀ ਆਪਣੀ ਬਾਣੀ ਤੇ ਅਮਲੀ ਜੀਵਨ ਨਾਲ ਵਿਆਖਿਆ ਕਰਦੇ ਰਹੇ। ਲੋਕਾਂ ਦੇ ਜਾਤੀ, ਪਰਿਵਾਰਕ ਤੇ ਸਮਾਜੀ ਮਸਲਿਆਂ ਨੂੰ ਇਸ ਸੇਧ ਨਾਲ ਸੁਲਝਾਂਦੇ ਰਹੇ, ਉਨ੍ਹਾਂ ਦੇ ਆਪਸੀ ਝਗੜਿਆਂ, ਜੇਕਰ ਕਿਧਰੇ ਹੋ ਪੈਣ ਤਾਂ ਨਿਬੇੜ ਦਿੰਦੇ ਤੇ ਜਿਸ ਕਰਕੇ ਲੋਕ ਇਨਸਾਫ ਲਈ ਵੀ ਇਨ੍ਹਾਂ ਕੋਲ ਹਾਜਰ ਹੁੰਦੇ। ਤੀਸਰੇ ਗੁਰੂ ਸਾਹਿਬ ਤੋਂ ਹੀ ਲੋਕਾਂ ਨੇ ਇਨ੍ਹਾਂ ਨੂੰ ਸੱਚਾ ਪਾਤਸ਼ਾਹ ਆਖਣਾ ਸ਼ੁਰੂ ਕਰ ਦਿੱਤਾ ਸੀ। ਸੰਗਤ ਦੇ ਇਸ ਧਾਰਮਿਕ ਤੇ ਸਮਾਜੀ ਪ੍ਰਚਾਰ ਦਾ ਹੀ ਸਦਕਾ ਸੀ ਕਿ ਪ੍ਰੋ. ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ, ਤੀਸਰੇ ਗੁਰੂ ਜੀ ਦੇ ਵੇਲੇ ਤਕ ਸਿੱਖ ਇਕ ਵੱਖਰੇ ਤੇ ਨਿਵੇਕਲੇ ਸਮਾਜ ਦੇ ਰੂਪ ਵਿਚ ਉਘੜ ਆਏ ਸਨ।

ਗੁਰੂ ਨਾਨਕ ਦੇਵ ਜੀ ਨੇ ਆਪ ਗੁਰਬਾਣੀ ਨੂੰ 'ਸ਼ਬਦ' ਦੇ ਰੂਪ ਵਿਚ ਤੁਲਣਾ ਦਿੱਤੀ ਹੈ। ਸ਼ਬਦ ਦੀ ਵਿਆਖਿਆ ਤੇ ਅਮਲੀ ਜੀਵਨ ਨਾਲ ਇਸ ਦਾ ਜੋੜ, ਸੰਗਤ ਨੂੰ ਜੋੜਨ ਤੇ ਸੇਧ ਦੇਣ ਦਾ ਢੰਗ ਸੀ। ਗੁਰੂ ਸਾਹਿਬਾਨ ਵਲੋਂ ਕੁਝ ਸਿੱਖਾਂ ਨੂੰ ਸ਼ਬਦ ਦੀ ਵਿਆਖਿਆ ਤੋਂ ਇਸ ਨੂੰ ਆਪਣੇ ਜੀਵਨ ਵਿਚ ਉਲਥਾ ਸਕਣ ਦੀ ਮੁਹਾਰਤ ਦੇਣ ਉਪਰੰਤ, ਦੂਰ-ਦਰਾਜ ਦੇ ਇਲਾਕਿਆਂ ਵਿਚ ਸੰਗਤਾਂ ਸਥਾਪਤ ਕਰਨ ਲਈ ਬਤੌਰ ਸੰਚਾਲਕ ਉਸ ਇਲਾਕੇ ਦੇ ਹੀ ਵਸਨੀਕ ਹੁੰਦੇ, ਜਿਥੇ ਸੰਗਤ ਸਥਾਪਤ ਕੀਤੀ ਜਾਂਦੀ ਹੈ। ਇਹ ਸੰਚਾਲਕ ਆਪਣੇ ਆਪਣੇ ਇਲਾਕੇ ਦੇ ਕੁਝ ਲੋਕਾਂ ਸਮੇਤ, ਖ਼ਾਸ ਦਿਨਾਂ ਦਿਵਾਲੀ ਤੇ ਵਿਸਾਖੀ ਨੂੰ ਗੁਰੂ ਸਾਹਿਬਾਨ ਦੇ ਦਰਸ਼ਨਾਂ ਨੂੰ ਆਉਂਦੇ ਤੇ ਹੋਰ ਅਗਵਾਈ ਹਾਸਲ ਕਰ ਲੈਂਦੇ ਸਨ। ਇਨ੍ਹਾਂ ਸੰਚਾਲਕਾਂ ਕੋਲ ਗੁਰਬਾਣੀ ਦੇ ਗੁਟਕੇ ਤੇ ਪੋਥੀਆਂ, ਹੱਥ ਲਿਖਤੀ ਰੂਪ ਵਿਚ ਹੁੰਦੀਆਂ, ਜੋ ਕਈ ਵਾਰੀ ਗੁਰੂ ਸਾਹਿਬਾਨ ਵਲੋਂ ਲਿਖਵਾ ਕੇ ਦਿੱਤੀਆਂ ਜਾਂਦੀਆਂ ਹਨ।

ਗੁਰੂ ਅਰਜਨ ਦੇਵ ਨੇ ਗੁਰੂ ਸਾਹਿਬਾਨ ਦੀ ਬਾਣੀ ਤੇ ਹੋਰ ਭਗਤਾਂ ਦੀ ਬਾਣੀ ਜੋ ਗੁਰਮਤਿ ਸਿਧਾਂਤਾਂ ਨਾਲ ਮੇਲ ਖਾਂਦੀ ਤੇ ਇਸ ਦੀ ਵਿਆਖਿਆ ਲਈ ਵਰਤੀ ਜਾ ਸਕਦੀ ਸੀ; ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਰੂਪ ਵਿਚ ਇਕੱਠੀ ਕਰਕੇ ਮੁਹਰਬੰਦ ਕਰ ਦਿੱਤਾ ਤਾਂ ਕਿ ਗੁਰਬਾਣੀ ਸ਼ਬਦ ਤੇ ਗੁਰਮਤਿ ਸਿਧਾਂਤ ਦੀ ਵਿਆਖਿਆ ਵਿਚ ਕੋਈ ਐਸੀ ਮਿਲਾਵਟ ਨਾ ਹੋ

ਸਕੇ ਜੋ ਗੁਰੂ ਆਸ਼ੇ ਤੋਂ ਦੂਰ ਲੈ ਜਾਵੇ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਸ਼ਬਦ ਨੂੰ ਗੁਰੂ ਦੇ ਰੂਪ ਸਥਾਪਤ ਕਰ ਦਿੱਤਾ ਤੇ ਇਸ ਦੀ ਉੱਚਤਾ ਦ੍ਰਿੜ੍ਹ ਕਰਨ ਲਈ, ਆਪ ਇਸ ਤੋਂ ਨੀਵੇਂ ਸੌਂਦੇ ਰਹੇ। ਇਸ ਤਰ੍ਹਾਂ ਗੁਰੂ ਤੇ ਉਸ ਦੇ ਨਾਲ ਨਾਲ ਗੁਰਸ਼ਬਦ, ਸੰਗਤਾਂ ਲਈ ਅਗਵਾਈ ਦਾ ਕੇਂਦਰ ਬਣ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਕਾਸ਼ੀ ਦਮਦਮਾ ਸਾਹਿਬ, (ਹੁਣ ਜ਼ਿਲ੍ਹਾ ਬਠਿੰਡਾ) ਵਿਚ ਗੁਰਬਾਣੀ ਦੀ ਵਿਆਖਿਆ ਦਾ ਕੇਂਦਰ ਸਥਾਪਤ ਕੀਤਾ। ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਗੁਰਬਾਣੀ ਦੀ ਵਿਆਖਿਆ ਦੀ ਆਪ ਖ਼ੁਦ ਸਿੱਖਲਾਈ ਦਿੱਤੀ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਵੀ ਚਾਰ ਬੀੜਾਂ ਤਿਆਰ ਕਰਵਾਈਆਂ। ਇਕ ਇਕ ਬੀੜ ਅੰਮ੍ਰਿਤਸਰ ਤੇ ਪਟਨਾ ਸਾਹਿਬ ਭੇਜ ਦਿੱਤੀ, ਇਕ ਬੀੜ ਦਮਦਮਾ ਸਾਹਿਬ ਵਿਚ ਰਖੀ ਤੇ ਇਕ ਆਪਣੇ ਨਾਲ ਨਾਂਦੇੜ ਲੈ ਗਏ। ਕਿਹਾ ਜਾਂਦਾ ਹੈ ਕਿ ਇਕ ਬੀੜ ਉਨ੍ਹਾਂ ਨੇ ਅਰਬੀ ਅੱਖਰਾਂ ਵਿਚ ਲਿਖਵਾ ਕੇ ਕਾਬਲ ਵੀ ਭੇਜੀ ਸੀ ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤਸਰ (ਅਕਾਲ ਤਖ਼ਤ) ਨੂੰ ਉੱਤਰ ਪੱਛਮੀ ਭਾਰਤ ਦਾ , ਪਟਨਾ ਸਾਹਿਬ ਨੂੰ ਪੂਰਬੀ ਭਾਰਤ ਦਾ, ਦਮਦਮਾ ਸਾਹਿਬ ਨੂੰ ਮਾਰੂਥਲੀ ਭਾਰਤ ਦਾ ਤੇ ਨਾਂਦੇੜ ਨੂੰ ਦੱਖਣੀ ਭਾਰਤ ਦਾ, ਸਿੱਖ ਪ੍ਰਚਾਰ ਦੇ ਪ੍ਰਮੁੱਖ ਕੇਂਦਰਾਂ ਦੇ ਰੂਪ ਵਿਚ ਸਥਾਪਤ ਕਰ ਦਿੱਤਾ। ਅਨੰਦਪੁਰ ਸਾਹਿਬ ਸੰਨ 1703 ਤੋਂ ਪਹਿਲਾਂ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਵੇਲੇ ਮਹਾਨ ਕੇਂਦਰੀ ਸੰਗਤ ਦੇ ਰੂਪ ਵਿਚ ਸਥਾਪਤ ਹੋ ਚੁੱਕਾ ਸੀ, ਭਾਵੇਂ 1703 ਵਿਚ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਉੱਤੇ ਇਸ ਨੂੰ ਵੱਡਾ ਧੱਕਾ ਲੱਗਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਜਦ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਦਿੱਤੀ ਤਾਂ ਉਨ੍ਹਾਂ ਨੇ ਗੁਰੂ ਨਾਨਕ ਦੇ ਆਦੇਸ਼ ਸ਼ਬਦ ਨੂੰ ਗੁਰੂ ਦਾ ਰੂਪ ਸਮਝਣ ਤੇ ਗੁਰੂ ਅਰਜਨ ਵਲੋਂ ਇਸ ਨੂੰ ਨਿਸ਼ਚਿਤ ਤੇ ਪ੍ਰਮਾਣੀਕ ਬਣਾਕੇ ਸੰਗਤ ਦਾ ਕੇਂਦਰੀ ਧੁਰਾ ਬਣਾਨ ਦੇ ਪ੍ਰੋਗਰਾਮਾਂ ਨੂੰ ਪੂਰਣਤਾ ਉੱਤੇ ਪਹੁੰਚਾ ਦਿੱਤਾ। ਉਨ੍ਹਾਂ ਨੇ ਸਿੱਖ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਆਪਣੀ ਨਿੱਜੀ ਪਰਿਵਾਰਕ ਤੇ ਸਮਾਜੀ ਮਸਲਿਆਂ ਬਾਰੇ ਉਸੇ ਤਰ੍ਹਾਂ ਅਗਵਾਈ ਲੈਣ ਲਈ ਆਦੇਸ਼ ਦੇ ਦਿੱਤਾ ਜਿਸ ਤਰ੍ਹਾਂ ਉਹ, ਗੁਰੂ ਸਹਿਬਾਨ ਤੋਂ ਉਨ੍ਹਾਂ ਦੇ ਸ਼ਰੀਰਕ ਰੂਪ ਵਿਚ ਹੁੰਦਿਆਂ ਲੈਂਦੀਆਂ ਆ ਰਹੀਆਂ ਸਨ। ਇਥੇ ਚੇਤੇ ਰਖਣ ਦਾ ਨੁਕਤਾ ਇਹ ਹੀ ਹੈ ਕਿ ਇਸ ਨੁਕਤੇ ਤੋਂ ਪਹਿਲਾਂ ਵੀ ਗੁਰੂ ਸਾਹਿਬਾਨ ਦੀ ਰਿਹਾਇਸ਼ ਤੋਂ ਦੂਰ ਬੈਠੀਆਂ ਸੰਗਤਾਂ, ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਸਬਦ ਦੁਆਲੇ ਹੀ ਆਪਣਾ ਧਾਰਮਿਕ, ਨਿੱਜੀ, ਪਰਿਵਾਰਿਕ ਤੇ ਸਮਾਜਿਕ ਰਵੱਈਆ ਉਸਾਰ ਰਹੀਆਂ ਸਨ, ਗੁਰੂ ਗੋਬਿੰਦ ਸਿੰਘ ਨੇ ਇਸ ਢੰਗ ਨੂੰ ਪਾਇਦਾਰੀ ਦੇ ਕੇ ਸਮੇਂ ਤੇ ਸਥਾਨ ਦੇ ਪੱਖੋਂ ਸਰਵ ਵਿਆਪੀ (universalize) ਕਰ ਦਿੱਤਾ। ਇਸ ਤੋਂ ਪਿਛੋਂ ਸੰਗਤ ਜਿਥ ਥਾਂ ਤੇ ਜਿਸ ਮੌਕੇ ਉਤ ਇਕੱਠੀ ਹੋਵੇ, ਭਾਵੇਂ ਉਹ ਕੋਈ ਪਰਿਵਾਰਕ ਖ਼ੁਸ਼ੀ ਜਾਂ ਗ਼ਮੀ ਦਾ ਸਮਾਂ ਹੋਵੇ, ਭਾਵੇਂ ਕੋਈ ਨਿੱਜੀ ਸਮਾਜਿਕ ਤੇ ਭਾਈਚਾਰਕ ਆਸ਼ੇ ਲਈ ਇਕੱਠੀ ਹੋਵੇ, ਹਮੇਸ਼ਾ ਗੁਰੂ ਗ੍ਰੰਥ ਮਾਹਿਬ ਦੀ ਹਜ਼ੂਰੀ ਵਿਚ, ਇਕੱਠੀ ਹੋ ਕੇ, ਇਸ ਤੋਂ ਗੁਰਵਾਕ ਦੇ ਰੂਪ ਵਿਚ ਅਗਵਾਈ ਲੈਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਦੀ ਸਿਖਲਾਈ ਉਹ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਦੇ ਚੁੱਕੇ ਸਨ। ਭਾਈ ਮਨੀ ਸਿੰਘ

ਨੇ ਅਕਾਲ ਤਖਤ ਅੰਮ੍ਰਿਤਸਰ ਨੂੰ ਅਤੇ ਬਾਬਾ ਦੀਪ ਸਿੰਘ ਨੇ ਦਮਦਮਾ ਸਾਹਿਬ ਨੂੰ ਗੁਰਬਾਣੀ ਵਿਆਖਿਆ ਦੀਆਂ ਟਕਸਾਲਾਂ ਦਾ ਰੂਪ ਦੇ ਦਿੱਤਾ। ਇਸੇ ਤਰ੍ਹਾਂ ਹੀ ਟਕਸਾਲੀ ਸੇਵਾ ਹਜ਼ੂਰ ਸਾਹਿਬ ਨਾਂਦੇੜ, ਪਟਨਾ ਸਾਹਿਬ ਤੇ ਅਨੰਦਪੁਰ ਸਾਹਿਬ ਆਪਣੇ ਆਪਣੇ ਇਲਾਕੇ ਵਿਚ ਉਸ ਸਮੇਂ ਤੋਂ ਨਿਬਾਹੁੰਦੇ ਆ ਰਹੇ ਹਨ। ਇਹ ਪੰਜੇ ਹੀ ਸਥਾਨ ਕੁਝ ਹਿੰਦੁਸਤਾਨ ਤੇ ਹੁਣ ਕੁਝ ਦੁਨੀਆਂ ਲਈ ਸਿੱਖੀ ਵਿਚਾਰਧਾਰਾ ਤੇ ਸਿੱਖੀ ਸਮਾਜ ਉਸਾਰੀ ਦੇ ਸਰੋਤ ਮੰਨੇ ਜਾਂਦੇ ਹਨ, ਤੇ ਪੰਥ ਤੇ ਧਾਰਮਿਕ, ਤੇ ਸਮਾਜੀ ਮਸਲਿਆਂ ਤੇ ਉਸ ਦੇ ਸੰਗਠਨ ਦੀ ਅਗਵਾਈ ਕਰਦੇ ਆ ਰਹੇ ਹਨ, ਜਿਸ ਕਰਕੇ ਇਹ ਪੰਜ ਤਖ਼ਤਾਂ ਕਰਕੇ ਪ੍ਰਸਿੱਧ ਹੋ ਗਏ ਹਨ। ਇਨ੍ਹਾਂ ਵਿਚੋਂ ਅਕਾਲ ਤਖਤ ਅੰਮ੍ਰਿਤਸਰ, ਪੰਜਾਬ ਜੋ ਸਿੱਖਾਂ ਦਾ ਘਰ ਤੇ ਸਿੱਖੀ ਦੀ ਨਰਸਰੀ ਹੈ; ਦੇ ਐਨ ਵਿਚਕਾਰ, ਮੁੱਖ ਸ਼ਾਹ ਰਾਹ ਉਥੇ ਸਥਿਤ ਹੋਣ ਕਰਕੇ, ਪਿਛਲੇਰੇ ਮੁਗ਼ਲ ਕਾਲ ਵਿਚ ਭਾਈ ਮਨੀ ਸਿੰਘ ਦੀ ਮਿਹਨਤ ਤੇ ਸਿੱਖ ਰਾਜ ਦੇ ਜ਼ਮਾਨੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਉਚੇਚੇ ਧਿਆਨ ਦਾ ਕੇਂਦਰ ਹੋਣ ਕਰਕੇ, ਬਾਕੀ ਦੇ ਚਾਰੇ ਕੇਂਦਰਾਂ ਨਾਲੋਂ ਜ਼ਿਆਦਾ ਮਹੱਤਤਾ ਹਾਸਲ ਕਰ ਗਿਆ। ਯਾਦ ਰਹੇ ਕਿ ਬਾਕੀ ਦੇ ਚਾਰੇ ਤਖਤ ਅਨੰਦਪੁਰ ਸਾਹਿਬ, ਪਟਨਾ ਸਾਹਿਬ, ਹਜ਼ੂਰ ਸਾਹਿਬ ਨਾਂਦੇੜ, ਤੇ ਦਮਦਮਾ ਸਾਹਿਬ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੇ ਉਸ ਦੇ ਅਧਿਕਾਰ ਖੇਤਰ ਤੋਂ ਦੂਰ ਹੋਣ ਕਰਕੇ ਉਸ ਦੀ ਸਰਪ੍ਰਸਤੀ ਨਾ ਹਾਸਲ ਕਰ ਸਕੇ। ਅੱਜ ਅਕਾਲ ਤਖ਼ਤ, ਸਿੱਖ ਸੰਗਤਾਂ ਦੀ ਅਗਵਾਈ ਲਈ ਸਿੱਖ ਧਰਮ, ਸਮਾਜ ਤੇ ਨੀਤੀ ਦਾ ਧੁਰਾ ਬਣਿਆ ਹੋਇਆ ਹੈ।

ਹੁਣ ਵਿਚਾਰਣਾ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੀ ਧਾਰਣਾ ਉੱਤੇ ਚਲਦਿਆਂ ਬਾਕੀ ਦੇ ਗੁਰੂ ਸਾਹਿਬਾਨ ਨੇ ਸੰਗਤ ਰਾਹੀਂ ਧਰਮ ਤੇ ਸਮਾਜ ਨੂੰ ਕਿਵੇਂ ਜੋੜਿਆ। ਇਸ ਨੂੰ ਗੁਰੂ ਸਾਹਿਬਾਨ ਦੇ ਸਮੇਂ ਦੇ ਇਤਿਹਾਸ ਦੀ ਚੌਖਟ ਵਿਚ ਵਿਚਾਰਣਾ ਤੇ ਜੋਖਣਾ ਹੀ ਉਚਿਤ ਹੋਵੇਗਾ।

ਸਭ ਤੋਂ ਪਹਿਲੀ ਤੇ ਮਹੱਤਵਪੂਰਣ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਰੂਪ ਐਸੇ ਢੰਗ ਨਾਲ ਬਦਲਿਆ ਕਿ ਇਸ ਦੇ ਖਿੰਡਾਓ ਨੂੰ ਇਕੱਠਾ ਕਰਕੇ ਇਸ ਨੂੰ ਐਸਾ ਸੰਕੁਚਿਤ ਕਰ ਦਿੱਤਾ ਕਿ ਲੋਕਾਂ ਵਿਚ ਧਰਮ ਕਾਰਣ ਪਿਆ ਪਾੜ ਖਤਮ ਹੋ ਜਾਵੇ ਤੇ ਉਹ ਏਕਤਾ ਤੇ ਸਾਂਝੀਵਾਲਤਾ ਵਲ ਪ੍ਰੇਰੇ ਜਾਣ, ਉਨ੍ਹਾਂ ਵਿਚ ਸ੍ਵੈ-ਵਿਸ਼ਵਾਸ ਪੈਦਾ ਹੋ ਜਾਵੇ, ਦ੍ਰਿੜ੍ਹਤਾ ਆ ਜਾਵੇ ਤੇ ਇਕ ਸਾਂਝਾ ਭਾਈਚਾਰਾ ਉਸਰ ਆਵੇ।

ਹਿੰਦੁਸਤਾਨ ਵਿਚ ਹਰ ਧਾਰਮਿਕ ਫਿਰਕੇ ਨੇ ਪਰਮਾਤਮਾ ਦੀ ਕਿਸੇ ਸ਼ਕਤੀ, ਉਸ ਦੇ ਕਿਸੇ ਲਕਸ਼, ਸਿਫਤ, ਵਡਿਆਈ ਜਾਂ ਮਨੁੱਖ ਦੀ ਪਹੁੰਚ ਤੋਂ ਬਾਹਰੀ ਤਾਕਤ ਜਾਂ ਕ੍ਰਿਸ਼ਮੇ ਨੂੰ ਕੋਈ ਰੂਪ ਦੇ ਕੇ, ਮੂਰਤੀਮਾਨ ਕਰਕੇ ਉਸਨੂੰ ਪੂਜਾ ਦਾ ਇਸ਼ਟ ਤੇ ਧਰਮ ਦਾ ਕੇਂਦਰੀ ਬਿੰਦੂ ਬਣਾਇਆ ਹੋਇਆ ਸੀ। ਕਿਸੇ ਨੇ ਉਸ ਦੀ ਸ਼ਕਤੀ ਨੂੰ ਦੁਰਗਾ ਤੇ ਭਵਾਨੀ ਦੇ ਰੂਪ ਵਿਚ, ਕਿਸੇ ਨੇ ਉਸ ਦੇ ਲੋਕਾਂ ਨੂੰ ਜਨਮ ਦੇਣ ਦੇ ਲਕਸ਼ ਨੂੰ ਬ੍ਰਹਮਾ ਦੇ ਰੂਪ ਵਿਚ, ਪਾਲਣਹਾਰ ਲਕਸ਼ ਨੂੰ ਵਿਸ਼ਨੂੰ ਤੇ ਮੌਤ ਦੇ ਲਕਸ਼ ਨੂੰ ਸ਼ਿਵ ਦੇ ਰੂਪ ਵਿਚ, ਦੌਲਤ ਨੂੰ ਲਛਮੀ ਤੇ ਵਿਦਿਆ ਨੂੰ ਸੁਰਸਤੀ ਦੇ ਰੂਪ ਵਿਚ, ਕਾਮ ਸ਼ਕਤੀ ਨੂੰ ਲਿੰਗ ਦੇ ਰੂਪ ਜਾਂ ਕੁਦਰਤ ਦੀਆਂ ਹੋਰ ਚੀਜ਼ਾਂ ਦੀ ਤਾਕਤ ਜਾਂ ਸੁੰਦਰਤਾ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੀਆਂ ਮੂਰਤੀਆਂ ਬਣਾ ਕੇ ਪੂਜਾ ਦਾ ਇਸ਼ਟ ਬਣਾਇਆ ਹੋਇਆ ਸੀ। ਹਰ ਇਕ ਇਸ਼ਟ ਦਾ ਵੱਖਰਾ ਪੂਜਾ ਦਾ ਢੰਗ, ਵੱਖਰਾ ਪੂਜਾ ਸਥਾਨ

ਜਾਂ ਮੰਦਰ, ਵੱਖਰਾ ਤੀਰਥ ਤੇ ਵੱਖਰੇ ਦਿਨ ਦਿਹਾੜੇ ਹਨ। ਹਰ ਇਕ ਫਿਰਕੇ ਨੂੰ ਆਪਣੇ ਇਸ਼ਟ ਦੀ ਤਾਕਤ ਉੱਤੇ ਮਾਣ ਤੇ ਉਸ ਦੀ ਦੂਸਰਿਆਂ ਉੱਤੇ ਬਰਤਰੀ ਦਾ ਇੰਨਾ ਦ੍ਰਿੜ੍ਹ ਭਰੋਸਾ ਬਣਿਆ ਹੋਇਆ ਸੀ ਕਿ ਇਹ ਦੂਸਰਿਆਂ ਉੱਤੇ ਆਪਣੇ ਇਸ਼ਟ ਦੀ ਬਰਤਰੀ ਜਤਾਣ ਕਰਕੇ, ਉਨ੍ਹਾਂ ਨਾਲ ਝਗੜੇ ਦਾ ਕਾਰਣ ਬਣ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਹਰ ਪ੍ਰਕਾਰ ਦੀਆਂ ਸ਼ਕਤੀਆਂ ਸਿਫ਼ਤਾਂ ਤੇ ਕ੍ਰਿਸ਼ਮਿਆਂ ਨੂੰ ਇਕ ਪ੍ਰਮਾਤਮਾ ਵਿਚ ਸੰਕੁਚਤ ਕਰ ਦਿੱਤਾ ਤੇ ਉਸ ਨੂੰ ਇਨ੍ਹਾਂ ਸਾਰੀਆਂ ਸ਼ਕਤੀਆਂ, ਸਿਫ਼ਤਾਂ ਤੇ ਕ੍ਰਿਸ਼ਮਿਆਂ ਦਾ ਇਕੋ ਇਕ ਮਾਲਕ, ਰਚਨਹਾਰ ਤੇ ਆਪਣੀ ਮਰਜ਼ੀ ਅਨੁਸਾਰ ਚਲਾਉਣ ਵਾਲੇ ਦੇ ਰੂਪ ਵਿਚ ਪੇਸ਼ ਕੀਤਾ। ਉਸ ਦੀ ਅਖੰਡਤਾ ਨੂੰ ਇਕ ਓਅੰਕਾਰ ਦੇ '੧' ਦੇ ਅੰਕ ਦੁਆਰਾ ਲਿਖਕੇ ਦ੍ਰਿੜ੍ਹ ਕੀਤਾ ਕਿ ਇਸ ਨੂੰ ਵੱਖ ਵੱਖ ਭਾਗਾਂ ਜਾਂ ਅੰਗਾਂ ਵਿਚ ਨਿਖੇੜਿਆ ਨਹੀਂ ਜਾ ਸਕਦਾ। ਉਸ ਦੀਆਂ ਸਿਫ਼ਤਾਂ ਤੇ ਤਾਕਤਾਂ ਦੀ ਬੇਅੰਤਤਾ ਤੇ ਸਾਰੀ ਦਿਸਦੀ ਅਣਦਿਸਦੀ, ਭਉ ਤੇ ਸੁਖ ਦੇ ਰੂਪ ਵਿਚ ਮਹਿਸੂਸ ਕੀਤੀ ਜਾਣ ਵਾਲੀ, ਗਿਆਨ ਦੁਆਰਾ ਬਾਵਰ ਕੀਤੀ ਜਾਣ ਵਾਲੀ ਸਾਰੀ ਕਾਇਨਾਤ ਨੂੰ ਉਸ ਦਾ ਪ੍ਰਗਟ ਰੂਪ ਦਸਕੇ, ਇਸ ਸਾਰੀ ਦੇ ਅੰਗ ਅੰਗ ਵਿਚ ਪਸਰਿਆ ਹੋਇਆ, ਇਸ ਦਾ ਰਚਨਹਾਰ ਤੇ ਇਸ ਨੂੰ ਆਪਣੀ ਸਵੈ-ਇੱਛਾ ਨਾਲ ਆਪਣੇ ਹੁਕਮ ਵਿਚ ਚਲਾਣ ਵਾਲਾ ਦਸ ਕੇ, ਉਸ ਨੂੰ ਚਕ੍ਰ, ਚਿਹਣ ਦੇ ਰੂਪ ਰੰਗ ਤੋਂ ਬਾਹਰ ਦਸਿਆ ਤਾਂ ਕਿ ਉਸਨੂੰ ਕਿਸੇ ਢੰਗ ਨਾਲ ਮੂਰਤੀਮਾਨ ਨਾ ਕੀਤਾ ਜਾ ਸਕੇ। ਇਸ ਪਰਮਾਤਮਾ ਨੂੰ ਜੋ ਗੁਪਤ ਹੁੰਦਾ ਹੋਇਆ, ਆਪਣੀ ਰਚੀ ਕੁਦਰਤ ਦੇ ਅੰਗ ਵਿਚ ਇਸ ਦੀ ਸਾਰੀ ਕ੍ਰਿਆ ਵਿਚ ਪ੍ਰਗਟ ਹੁੰਦਾ ਹੈ, ਉਨ੍ਹਾਂ ਨੇ ਨਾਮ ਕਿਹਾ ਹੈ ਤੇ ਇਸਦੀ ਹਰ ਥਾਵੇਂ ਹੋਂਦ ਨੂੰ ਦ੍ਰਿੜ੍ਹ ਕੀਤਾ ਹੈ;

ਜੇਤਾ ਕੀਤਾ ਤੇਤਾ ਨਾਉਂ।
ਵਿਣ ਨਾਵੈ ਨਾਹੀ ਕੋ ਥਾਉਂ। (ਜਪੁਜੀ)

ਪਰਮਾਤਮਾ ਨੂੰ ਇਸ ਤਰ੍ਹਾਂ ਦੀ ਇਕਾਈ ਦੇ ਰੂਪ ਵਿਚ ਪੇਸ਼ ਕਰਨ ਨਾਲ ਜਿਥੇ ਉਪਰ ਦਸੀਆਂ ਸਾਰੀਆਂ ਧਾਰਮਿਕ ਇਕਾਈਆਂ ਦੇ ਇਸ਼ਟਾਂ ਦੀ ਇਸ ਵਿਚ ਆਪਣੇ ਆਪ ਸਮੂਲੀਅਤ ਤੇ ਪ੍ਰਤੀਨਿਧਤਾ ਹੋ ਜਾਵੇਗੀ, ਉਥੇ ਇਕ ਈਸ਼ਵਰ ਵਾਦੀਆਂ ਖ਼ਾਸ ਕਰਕੇ ਮੁਸਲਮਾਨ੍ਹਾਂ ਦੀ ਵੀ ਆਪਣੇ ਆਪ ਇਸ ਵਿਚ ਪ੍ਰਤੀਨਿਧਤਾ ਹੋ ਜਾਵੇਗੀ। ਇਸ ਲਈ ਐਸੇ ਪਰਮਾਤਮਾ-ਨਾਮ-ਨੂੰ ਜੇਕਰ ਧਰਮ ਦਾ ਇਸ਼ਟ ਬਣਾ ਦਿੱਤਾ ਜਾਵੇ ਤਾਂ ਸਾਰੀਆਂ ਵਿਚਾਰਧਾਰਾਵਾਂ ਇਸ ਵਿਚ ਇਕੱਠੀਆਂ ਹੋ ਸਕਣਗੀਆਂ, ਇਸ ਦੇ ਅੰਗ ਬਣ ਜਾਣਗੀਆਂ। ਜਿਵੇਂ ਸਾਰੇ ਅੰਗ ਇਕ ਸਰੀਰ ਦਾ ਭਾਗ ਹੁੰਦੇ ਹਨ ਤੇ ਸਾਰੇ ਰਲ ਕੇ, ਇਕ ਦੂਸਰੇ ਦੀ ਸਹਾਇਤਾ ਨਾਲ ਕ੍ਰਿਆ ਕਰਕੇ ਸਰੀਰ ਨੂੰ ਜਿਉਂਦੀ ਜਾਗਦੀ ਤੇ ਕਾਰ-ਵਿਹਾਰੀ ਕਰਦੀ ਇਕਾਈ ਬਣਾਉਂਦੇ ਹਨ ਤੇ ਇਸ ਦੀ ਬਿਹਤਰੀ ਤੇ ਇਸ ਦੀ ਜ਼ਿੰਦਗੀ ਲਈ ਯਤਨਸ਼ੀਲ ਹੁੰਦੇ ਹਨ, ਇਸੇ ਤਰ੍ਹਾਂ ਵੱਖ ਵੱਖ ਧਰਮਾਂ ਦੇ ਰੂਪ ਵਿਚ ਵੰਡੇ ਹੋਏ ਸਮਾਜ ਦੇ ਇਹ ਸਾਰੇ ਅੰਗ ਇਕੋ ਸਮਾਜਿਕ ਸਰੀਰ ਵ੍ਰਿਚ ਉਸਦੀ ਸਾਂਝੀ ਭਲਾਈ ਤੇ ਬਹਬੂਦੀ ਲਈ ਜੁੜ ਜਾਣਗੇ। ਇਸ਼ਟਾਂ ਦੀ ਅਨੇਕਤਾ ਵਿਚ ਏਕਤਾ, ਸਮਾਜੀ ਅਨੇਕਤਾ ਨੂੰ ਏਕਤਾ ਵਿਚ ਲੈ ਆਵੇਗੀ।

ਗੁਰੂ ਨਾਨਕ ਦੇਵ ਜੀ ਨੇ ਹਰ ਪ੍ਰਕਾਰ ਦੇ ਜਪਾਂ, ਤਪਾਂ, ਗ੍ਰੰਥਾਂ, ਪੂਜਾਂ, ਪਾਠਾਂ, ਜੋਗਾਂ, ਧਿਆਨਾਂ, ਗਿਆਨਾਂ, ਵਿਚਾਰਾਂ, ਉਦਾਸੀਆਂ ਤੇ ਭਗਤੀਆਂ ਨੂੰ ਉਸ ਪਰਮਾਤਮਾ ਦੀ ਕੁਦਰਤ

ਦਾ ਹੀ ਅੰਗ ਦੱਸਿਆ ਹੈ। ਇਥੋਂ ਤਕ ਕਿ ਉਹ ਲੋਕ ਜੋ ਅੰਧ ਘੋਰ ਮੂਰਖ, ਹਰਾਮ ਖੋਰ ਚੋਰ, ਗਲ ਵੱਢ ਹਤਿਆ ਕਮਾਉਣ ਵਾਲੇ ਪਾਪੀ ਤੇ ਨਿੰਦਕ ਹਨ, ਉਹ ਵੀ ਪਰਮਾਤਮਾ ਦੀ ਬੇਸ਼ੁਮਾਰ ਕੁਦਰਤ ਦਾ ਭਾਗ ਹਨ, ਇਸ ਤੋਂ ਉਹ ਵਾਰਣੇ ਜਾਂਦੇ ਤੇ ਉਨ੍ਹਾਂ ਨੂੰ ਲਗਾਂਦੇ ਹਨ। ਇਸ ਪ੍ਰਕਾਰ ਉਹ ਹਰ ਕਿਸਮ, ਹਰ ਵਰਗ ਤੇ ਹਰ ਸੋਚਣੀ ਦੇ ਲੋਕਾਂ ਨੂੰ ਆਪਣੀ ਬੁਕਲ, ਆਪਣੀ ਗਲਵਕੜੀ ਵਿਚ ਲੈ ਕੇ ਨਾਲ ਚਲਾਂਦੇ ਹਨ। ਸੰਗਤ ਵਿਚ ਇਨ੍ਹਾਂ ਸਾਰਿਆਂ ਨੂੰ ਆਪਣੇ ਨਾਲ ਚਲਾਣ ਤੇ ਆਪਣੇ ਨਾਲ ਸੁਧਾਰ ਦੀ ਲੀਹ ਵਲ ਤੋਰਣ ਦਾ ਪ੍ਰਤੱਖ ਪ੍ਰਮਾਣ ਮਿਲ ਜਾਂਦਾ ਹੈ। ਇਸ ਤਰ੍ਹਾਂ ਜਪਾਂ, ਤਪਾਂ ਤੇ ਢੰਗਾਂ ਤੇ ਤਥਾ ਕਥਿਤ ਪਾਪੀਆਂ ਤੇ ਪੁੰਨੀਆਂ ਵਿਚ ਵੰਡੀ ਹੋਈ ਜਨਤਾ ਇਕ ਛਾਂ, ਗੁਰੂ ਦੀ ਛਾਂ, ਵਿਚ ਇਕੱਠੀ ਹੋ ਜਾਂਦੀ ਹੈ, ਤੇ ਸਰਵ ਸਾਂਝੇ ਨਾਮ ਦਾ, ਗੁਰੂ ਕੋਲੋਂ ਸਾਰਿਆਂ ਲਈ ਸਾਂਝਾ ਤੇ ਇਕਸਾਰ ਉਪਦੇਸ਼ ਲੈ ਕੇ, ਨਾਮ ਦੇ ਮਾਰਗ ਉੱਤੇ ਚਲਕੇ, ਸਾਂਝਾ ਸਮਾਜਿਕ ਭਾਈਚਾਰਾ ਉਸਾਰ ਸਕਦੇ ਹਨ।

ਫਿਰ ਪਰਮਾਤਮਾ ਦੇ ਸੈਭੰ, *'ਥਾਪਿਆ ਨਾ ਜਾਇ ਕੀਤਾ ਨਾ ਹੋਇ'* ਤੇ *'ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ, ਦੁਯੀ ਕੁਦਰਤ ਸਾਜੀਐ ਕਰਿ ਆਸਣੁ ਡਿਠੋ ਚਾਉ'* ਦਾ ਲਕਸ਼ ਦਸ ਕੇ ਇਕ ਹੋਰ ਪਕਿਆਈ ਨਾਲ ਦ੍ਰਿੜ੍ਹ ਕਰ ਦਿੱਤਾ ਕਿ ਉਹ ਕਿਸੇ ਢੰਗ ਨਾਲ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ। ਇਸ ਦਾ ਨਾ ਬੁਤ ਬਣਾਇਆ ਜਾ ਸਕਦਾ ਹੈ, ਨਾ ਇਸ ਸਰਵ ਵਿਆਪੀ ਲਈ ਕਿਸੇ ਪ੍ਰਕਾਰ ਦਾ ਮੰਦਰ, ਪੂਜਾ ਸਥਾਨ ਜਾਂ ਤੀਰਥ ਬਣਾਇਆ ਜਾ ਸਕਦਾ ਹੈ। ਇਸ ਦੀ ਪੂਜਾ, ਚਰਚਾ ਤੇ ਆਰਤੀ ਦਾ ਕੋਈ ਖ਼ਾਸ ਢੰਗ ਨਹੀਂ ਮਿਥਿਆ ਜਾ ਸਕਦਾ। ਇਸ ਤਰ੍ਹਾਂ ਸਮਾਜ ਵਿਚ ਪੂਜਾ ਦੇ ਢੰਗਾਂ ਦੇ ਵਖੇਵਿਆਂ ਤੇ ਪੂਜਾ ਸਥਾਨਾਂ ਦੀਆਂ ਮਹੱਤਤਾਵਾਂ, ਮਰਯਾਦਾ ਦੀਆਂ ਬੰਦਸ਼ਾਂ ਤੇ ਪੂਜਾਰੀਆਂ ਦੀ ਈਜਾਰੇਦਾਰੀ ਤੋਂ ਧਰਮ ਦੇ ਇਸਦੇ ਨਾਲ ਹੀ ਸਮਾਜ ਨੂੰ ਮੁਕਤ ਕੀਤਾ ਜਾ ਸਕਦਾ ਸੀ। ਇਸ ਦੇ ਨਾ ਹੀ ਪੂਜਾ ਸਥਾਨਾਂ, ਮੰਦਰਾਂ ਤੇ ਤੀਰਥ ਸਥਾਨਾਂ ਨਾਲ ਜੁੜੀ ਸੁੱਚ ਤੇ ਇਸ ਨੂੰ ਬਚਾਣ ਲਈ ਪਰਹੇਜ਼-ਭਿੱਟ ਤੇ ਛੂਆ ਛੂਤ ਵੀ ਖ਼ਤਮ ਹੋ ਸਕਦੀ ਸੀ। ਇਸ ਤਰ੍ਹਾਂ ਸਰਬ ਸਾਂਝੇ ਤੇ ਘਟਿ ਘਟਿ ਵਿਚ ਵਸਣ ਵਾਲੇ ਪਰਮਾਤਮਾ-ਇਸ਼ਟ ਦੀ ਪ੍ਰਾਪਤੀ ਲਈ ਜੁੜੀ ਸੰਗਤ ਵਿਚ ਪੂਜਾ, ਅਰਚਾ ਦੀਆਂ ਬੰਦਸ਼ਾਂ, ਛੂਆ ਛੂਤ ਤੇ ਭਿਟ, ਸੰਗਤਿ ਦੇ ਇਕ ਪੱਧਰ ਉੱਤੇ ਇਕੱਠ ਵਿਚ ਆਪਣੇ ਆਪ ਅਮਲੀ ਤੌਰ ਉੱਤੇ ਖਤਮ ਹੋ ਜਾਂਦੀਆਂ ਹਨ।

ਇਸ ਵਿਚਾਰ ਨੂੰ ਹੋਰ ਦ੍ਰਿੜ੍ਹ ਕਰਨ ਲਈ ਤੇ ਲੋਕਾਂ ਦੇ ਦਿਲਾਂ ਦਿਮਾਗਾਂ ਵਿਚ ਇਸ ਨੂੰ ਪਕਿਆਈ ਨਾਲ ਬਿਠਾਣ ਲਈ ਸੰਗਤ ਵਿਚ ਹਰ ਰੋਜ਼ ਗਾਉਂ ਗਾਉਂ ਕੇ ਸਰਧਾ ਨਾਲ ਕੀਰਤਨ ਦੇ ਰੂਪ ਵਿਚ ਪੜ੍ਹੀ ਜਾਣ ਵਾਲੀ ਆਸਾ ਦੀ ਵਾਰ ਦੀ ਇਹ ਤੁਕ ਦੁਹਰਾਈ ਜਾਂਦੀ ਹੈ ਜੋ ਸਭ ਦੀ ਜ਼ਬਾਨ ਉੱਤੇ ਆ ਜਾਂਦੀ ਹੈ।

ਮੰਦਾ ਕਿਸੈ ਨਾ ਆਖੀਐ ਪੜਿ ਅਖਰ ਏਹੋ ਬੁਝੀਐ।

ਗੁਰੂ ਸਾਹਿਬ ਨੇ ਇਸ *ਘਟਿ ਘਟਿ ਮੈ ਹਰਿ ਜਿਊ ਵਸੈ* ਵਾਲੇ ਪ੍ਰਮਾਤਮਾ ਦੇ ਦਰਸ਼ਨ ਕਰਨ ਲਈ, ਜੋ ਗੁਰਮਤਿ ਅਨੁਸਾਰ ਹਰ ਸਿੱਖ ਦਾ ਅੰਤਮ ਨਿਸ਼ਾਨਾ, ਹੈ, ਸੰਗਤ ਦੇ ਦਰਸ਼ਨ ਕਰਨ ਦਾ ਆਦੇਸ਼ ਦਿੱਤਾ, ਕਿਉਂਕਿ ਸਮੁੱਚੇ ਰੂਪ ਵਿਚ ਸੰਗਤ ਆਪਣੇ ਆਪ ਪਰਮਾਤਮਾ ਦਾ ਰੂਪ ਹੋ ਜਾਂਦੀ ਹੈ।

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ। ਪੰ. ੮੪

ਭਾਈ ਗੁਰਦਾਸ ਇਸ ਬਾਰੇ ਫੁਰਮਾਂਦੇ ਹਨ :

ਫੇਰ *ਪੂਰਨ ਬ੍ਰਹਮ ਜਗਤ੍ਰ ਵਿਚਿ ਗੁਰਮੁਖਿ ਸਾਧ ਸੰਗਤਿ ਨਿਰੰਕਾਰੀ। ੧.੧੧*

ਪਾਰਬ੍ਰਹਮ ਸਤਿਗੁਰ ਪੁਰਖ ਸਾਧ ਸੰਗਤਿ ਵਾਸਾ ਨਿਰਬਾਣੈ। ੧.੧੮

ਗੁਰੂ ਸਾਹਿਬ ਨੇ ਜਿਥੇ ਧਰਮ ਦਾ ਰੂਪ ਬਦਲਿਆ ਉਥੇ ਇਸ ਦਾ ਨਿਸ਼ਾਨਾ ਤੇ ਇਸ ਨਿਸ਼ਾਨੇ ਦੀ ਪ੍ਰਾਪਤੀ ਦਾ ਢੰਗ ਵੀ ਬਦਲ ਦਿੱਤਾ, ਜਿਸ ਨਾਲ ਸਮਾਜ ਵਿਚ ਇਥੇ ਬੜੀ ਵੱਡੀ ਤਬਦੀਲੀ ਆਈ।

ਆਮ ਤੌਰ ਉੱਤੇ ਧਰਮ ਦਾ ਨਿਸ਼ਾਨਾ ਮੁਕਤੀ ਮੰਨਿਆ ਜਾਂਦਾ ਸੀ। ਪਰ ਗੁਰੂ ਸਾਹਿਬ ਨੇ ਪਰਮਾਤਮਾ ਨਾਲ ਪ੍ਰੀਤੀ ਨੂੰ ਧਰਮ ਦਾ ਨਿਸ਼ਾਨਾ ਬਣਾ ਦਿੱਤਾ।

ਰਾਜੁ ਨਾ ਚਾਹਉ ਮੁਕਤਿ ਨਾ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ। ਪੰ. ੫੩੪

ਮੁਕਤੀ ਨਿੱਜੀ ਪ੍ਰਾਪਤੀ ਹੋਣ ਕਰਕੇ ਇਸ ਵਿਚ ਹਉਮੈਂ ਦੀ ਅੰਸ ਹੁੰਦੀ ਹੈ, ਜਿਸ ਕਰਕੇ ਨਾਮ ਦੇ ਮਾਰਗ ਵਿਚ ਇਸ ਦੀ ਕੋਈ ਥਾਂ ਨਹੀਂ, ਜਦ ਧਰਮ ਦਾ ਨਿਸ਼ਾਨਾ ਹੀ ਮੁਕਤੀ ਨਾ ਰਿਹਾ, ਮੁਕਤੀ ਮਾਰਗ ਦੀਆਂ ਜੋ ਕਰਮ ਕਾਂਡਾਂ ਦੁਆਰਾ ਪ੍ਰਾਪਤ ਹੁੰਦੀਆਂ ਹਨ, ਦੀ ਲੋੜ ਹੀ ਨਾ ਰਹੀ। ਕਰਮ ਕਾਂਡਾਂ ਦੁਆਰਾ ਮੁਕਤੀ ਮਾਰਗ ਦੀਆਂ ਮੰਜ਼ਲਾਂ ਦੀ ਪ੍ਰਾਪਤੀ ਮਨੁੱਖ ਦੀ ਅਧਿਆਤਮਿਕ ਪੂੰਜੀ ਬਣਦੀ ਹੈ ਤੇ ਉਹ ਅਭਿਮਾਨੀ ਹੋ ਜਾਂਦਾ ਹੈ, ਦੂਸਰਿਆਂ ਤੋਂ ਆਪਣੇ ਆਪ ਨੂੰ ਉਚੇਰਾ ਸਮਝਦਾ ਹੈ ਜਿਸ ਕਰਕੇ ਕਰਮ ਧਰਮ ਨੂੰ 'ਬੰਧਕਾਰੀ' ਦੱਸਿਆ ਹੈ। ਇਨ੍ਹਾਂ ਕਰਮ ਕਾਂਡਾਂ ਦੇ ਫੋਕਟ ਹੋਣ ਬਾਰੇ ਗੁਰੂ ਜੀ ਫੁਰਮਾਂਦੇ ਹਨ :

ਤੀਰਥੁ ਤਪੁ ਦਇਆ ਦਤੁ ਦਾਨੁ।
ਜੇ ਕੋ ਪਾਵੈ ਤਿਲ ਕਾ ਮਾਨੁ। (ਜਪੁਜੀ)

ਗੁਰੂ ਅਮਰਦਾਸ ਫੁਰਮਾਂਦੇ ਹਨ :

ਕਰਮੀ ਸਹਜ ਨ ਊਪਜੈ।
ਵਿਣੁ ਸਹਜੈ ਸਹਸਾ ਨਾ ਜਾਇ।
ਨਹ ਜਾਇ ਸਹਸਾ ਕਿਤੈ ਸੰਜਮਿ।
ਰਹੇ ਕਰਮ ਕਮਾਏ। ਪੰ. ੯੧੯

ਗੁਰੂ ਅਰਜਨ ਦੇਵ ਨੇ ਇਸ ਕਰਮ ਧਰਮ ਆਦਿ ਨੂੰ ਪਾਖੰਡ ਦੱਸਿਆ ਹੈ :

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤ ਛੂਟੈ।

ਫਿਰ ਇਸੇ ਸ਼ਬਦ ਵਿਚ ਅਗੇ ਫੁਰਮਾਂਦੇ ਹਨ ਕਿ ਸਹੀ ਮਾਰਗ ਸਾਧ ਸੰਗਤਿ ਵਿਚ ਹਰਿ ਗੁਣ ਗਾਉਣਾ ਹੈ :

ਕੋਟਿ ਤੀਰਥ ਮਜਨ ਇਸਨਾਨਾ ਇਸ ਕਲਿ ਮਹਿ ਮੈਲ ਭਰੀਜੈ।
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰ ਲੀਜੈ। ਪੰ. ੭੪੭

ਇਸ ਤਰ੍ਹਾਂ ਧਰਮ ਦਾ ਨਿਸ਼ਾਨਾ ਬਦਲ ਕੇ ਗੁਰੂ ਸਾਹਿਬ ਨੇ ਕਰਮ ਧਰਮ ਦੇ ਪਾਖੰਡ ਨੂੰ ਖ਼ਤਮ ਕਰਕੇ *'ਗੁਰਮੁਖਿ ਭਾਰਿ ਅਥਰਬਣਿ ਤਾਰਾ'* ਕਰ ਦਿੱਤਾ। ਇਸ ਨਾਲ ਪੂਜਾ ਪਾਠ, ਦਾਨ, ਨੇਮ, ਧਰਮ, ਤੀਰਥ, ਜਗ, ਹੋਮ ਆਦਿ ਨੂੰ ਖ਼ਤਮ ਕਰਕੇ ਇਨ੍ਹਾਂ ਦੁਆਰਾ ਹੋ ਰਹੀ

ਸਮਾਜਿਕ ਲੁੱਟ ਨੂੰ ਖਤਮ ਕਰ ਦਿੱਤਾ ਤੇ ਧਰਮ ਨੂੰ ਐਸਾ ਸਹਿਲ ਤੇ ਸਰਲ ਬਣਾ ਦਿੱਤਾ ਕਿ ਆਮ ਕਿਰਤੀ ਇਸ ਨੂੰ ਸਮਝ ਕੇ, ਇਸ ਦੀ ਸੇਧ ਵਿਚ ਪੈਣ ਲਗਾ।

ਗੁਰੂ ਸਹਿਬ ਨੇ ਧਰਮ ਦਾ ਨਿਸ਼ਾਨਾ ਨਾਮ-ਪ੍ਰਭੂ ਪ੍ਰਾਪਤੀ ਦੱਸਿਆ ਤੇ ਇਹ ਪ੍ਰਾਪਤੀ ਕੇਵਲ ਪ੍ਰੇਮਾ ਭਗਤੀ, *'ਸਿਦਕ ਨਿਰਬਾਣ ਕੀਰਤਨ ਗਾਵਹ ਕਰਤੇ ਕਾ'* ਦੁਆਰਾ ਹੀ ਹੋ ਸਕਦੀ ਹੈ; ਜਿਸ ਲਈ ਉਚਿਤ ਮਾਹੌਲ ਸਾਧ ਸੰਗਤਿ ਹੀ ਹੈ, *'ਜਿਥੈ ਏਕੋ ਨਾਮ ਵਖਾਣੀਐ'* ਦਾ ਮਾਹੌਲ ਹੈ।

ਗੁਰੂ ਅਰਜਨ, ਸਾਧ ਸੰਗਤ ਵਿਚ ਹਰਿ ਕੀਤਰਨ ਨੂੰ ਸਭ ਕਰਮਾਂ ਤੋਂ ਉਪਰ ਮੰਨਦੇ ਹਨ :

ਹਰਿ ਕੀਰਤ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਣਾ। ਪੰ. ੬੪੨

ਭਾਈ ਗੁਰਦਾਸ ਇਸ ਬਾਰੇ ਲਿਖਦੇ ਹਨ :

ਗੁਰਮੁਖ ਸੁਖ ਫਲ ਪਿਰਮ ਰਸੁ ਜੀਵਨ ਮੁਕਤਿ ਭਗਤਿ ਕਰ ਦੂਣੈ।
ਸਾਧ ਸੰਗਤਿ ਮਿਲ ਸਹਜ ਸਮੂਣੈ। (੭.੧੯)
ਫਿਰ ਸਾਧ ਸੰਗਤਿ ਸਚਖੰਡ ਵਿਚ ਪ੍ਰੇਮ ਭਗਤਿ ਪਰਚੈ ਹੋਇ ਮੇਲਾ। ੭.੨੦

ਇਸ ਦਾ ਕਾਰਣ ਇਹ ਹੀ ਹੈ ਕਿ ਸੰਗਤ ਵਿਚ ਪ੍ਰੇਮਾ ਭਗਤੀ ਵਿਚ ਪਰਪੱਕ ਹੋਏ ਐਸੇ ਪਰਉਪਕਾਰੀਆਂ ਦਾ ਮੇਲ ਹੋ ਜਾਂਦਾ ਹੈ, ਜੋ *'ਜੀਅ ਦਾਨ ਦੇਇ ਭਗਤੀ ਲਾਇਣ ਹਰਿ ਸਿਉ ਲੈਣ ਮਿਲਾਇ'* ਹੁੰਦੇ ਹਨ।

(5)

ਸੰਗਤ ਰਾਹੀ, ਗੁਰੂ ਨਾਨਕ ਵਲੋਂ ਧਰਮ ਦੇ ਪੇਸ਼ ਕੀਤੇ ਇਸ ਰੂਪ ਤੇ ਇਸ ਨਿਸ਼ਾਨੇ ਯਾਨੀ ਨਾਮ ਦੀ ਧਾਰਣਾ ਅਨੁਸਾਰ, ਕਿਵੇਂ ਨਰੋਇਆ ਸਮਾਜ ਉਸਰਦਾ ਹੈ, ਉੱਤੇ ਵਿਚਾਰ ਕਰਨੀ ਹੈ।

ਸਮਾਜ ਦੇ ਦਰਜਾ ਵਾਰ ਤਿੰਨ ਅੰਗ ਹੁੰਦੇ ਹਨ—ਵਿਅਕਤੀ, ਟੱਬਰ ਤੇ ਭਾਈਚਾਰਾ। ਇਹ ਤਿੰਨੇ ਹੀ ਅੰਗ ਇਕ ਦੂਸਰੇ ਨਾਲੋਂ ਨਿਖੇੜੇ ਨਹੀਂ ਜਾ ਸਕਦੇ । ਇਹ ਤਿੰਨੇ ਅੰਗ ਇਕ ਦੂਸਰੇ ਨਾਲ ਮਿਲ ਜੁਲਕੇ, ਇਕ ਦੂਸਰੇ ਨਾਲ ਸਹਾਇਤਾ ਤੇ ਸਹਿਯੋਗ ਕਰਕੇ ਤੇ ਇਕ ਦੂਸਰੇ ਤੋਂ ਪ੍ਰਭਾਵਤ ਹੋਏ ਉਸਰਦੇ ਹਨ, ਸੰਗਤ ਵਿਚ ਵੀ ਇਨ੍ਹਾਂ ਤਿੰਨਾਂ ਅੰਗਾਂ ਦੀ ਇਸੇ ਤਰ੍ਹਾਂ, ਇਕ ਦੂਸਰੇ ਦੇ ਸਹਿਯੋਗ ਸਹਾਇਤਾ ਦੇ ਪ੍ਰਭਾਵ ਨਾਲ ਉਸਾਰੀ ਹੁੰਦੀ ਹੈ, ਪਰ ਵਿਚਾਰ ਦੇ ਪੱਖ ਤੋਂ ਸੌਖ ਨੂੰ ਮੁਖ ਰੱਖ ਕੇ, ਵਿਸ਼ਲੇਸ਼ਣ ਦਾ ਢੰਗ ਵਰਤਦਿਆਂ ਹੋਇਆਂ ਇਨ੍ਹਾਂ ਉੱਤੇ ਵੱਖ ਵੱਖ ਵਿਚਾਰ ਕੀਤੀ ਜਾਂਦੀ ਹੈ।

ਸਿੱਖੀ ਜੀਵਨ ਸੰਬੰਧੀ ਮਸ਼ਹੂਰ ਲੋਕੋਕਤੀ ਨਾਮ ਜਪਣਾ, ਕ੍ਰਿਤ ਕਰਨਾ ਤੇ ਵੰਡ ਛਕਣਾ, ਬੜੇ ਸੋਖੇ ਤੇ ਸੰਕੁਚਿਤ ਢੰਗ ਨਾਲ ਸਮਾਜ ਦੇ ਇਨ੍ਹਾਂ ਤਿੰਨਾਂ ਅੰਗਾਂ ਦਾ ਅਮਲੀ ਰੂਪ ਵਿਚ ਨਿਸ਼ਾਨਾ ਬਿਆਨ ਕਰਦੀ ਹੈ। ਨਾਮ ਦੀ ਡਸਿਪਲਿਨ, ਹਰ ਅੰਗ ਦੇ ਇਸ ਅਮਲੀ ਨਿਸ਼ਾਨੇ ਵੱਲ ਉਸ ਨੂੰ ਕਿਵੇਂ ਲਿਆਉਂਦੀ ਹੈ ਅਤੇ ਸੰਗਤ ਦੀ ਇਸ ਵਿਚ ਕੀ ਭੂਮਿਕਾ ਹੈ। ਇਸ ਵਿਚਾਰ ਦਾ ਮੂਲ ਮੁੱਦਾ ਹੈ : ਵਿਅਕਤੀ ਜੀਵਨ ਨਾਮ ਜਪਣਾ।

ਵਿਅਕਤੀ ਜੀਵਨ ਲਈ, ਗੁਰਮਤਿ ਅਨੁਸਾਰ ਮਨੁੱਖ ਦਾ ਆਦਰਸ਼ 'ਗੁਰਮੁਖ' ਦਾ

ਆਚਰਣ ਤੇ ਗੁਰਮੁਖ ਦਾ ਚਰਿੱਤਰ ਹੈ ਤੇ ਇਸ ਦਾ ਸਾਧਨ ਨਾਮ ਜਪਣਾ ਤੇ ਨਾਮ ਵਿਚ ਦ੍ਰਿੜ੍ਹ ਵਿਸ਼ਵਾਸ ਹੈ। ਇਸ ਲਈ ਜ਼ਰੂਰੀ ਤਾਕੀਦ ਆਪਣੇ ਆਪ ਨੂੰ ਮੁਕੰਮਲ ਰੂਪ ਵਿਚ ਪਰਮਾਤਮਾ ਦੇ ਹਵਾਲੇ ਉਸਦੇ ਹੁਕਮ ਤੇ ਤਾਬੇ ਕਰ ਦੇਣਾ ਹੈ। ਇਸ ਨੂੰ ਭਾਣਾ ਜਾਂ ਹੁਕਮ ਕਿਹਾ ਜਾਂਦਾ ਹੈ। ਇਸੇ ਵਾਸਤੇ ਕਈ ਵਾਰੀ ਨਾਮ ਤੇ ਹੁਕਮ ਨੂੰ ਇਕੋ ਅਰਥਾਂ ਵਿਚ ਲਿਆ ਜਾਂਦਾ ਹੈ, ਤੇ ਸਿੱਖੀ ਡਸਿਪਲਿਨ ਨੂੰ ਹੁਕਮ ਜਾਂ ਭਾਣੇ ਦੀ ਡਸਿਪਲਿਨ ਕਿਹਾ ਜਾਂਦਾ ਹੈ।

ਨਾਮ ਵਿਚ ਵਿਸ਼ਵਾਸ, ਉਸ ਪਰਮਾਤਮਾ ਦੀ ਸਰਬ ਵਿਆਪੀ ਹੋਂਦ ਨੂੰ ਹਰ ਸਮੇਂ, ਹਰ ਥਾਵੇਂ ਤੇ ਹਰ ਹਾਲਤ ਵਿਚ ਸਵੀਕਾਰ ਕਰਨਾ ਹੈ ਜੋ ਸਰਬ ਸ਼ਕਤੀਮਾਨ, ਸਾਰੀ ਕਾਇਨਾਤ ਦਾ ਰਚਨਹਾਰ ਤੇ ਇਸ ਨੂੰ ਆਪਣੀ ਇੱਛਾ ਅਨੁਸਾਰ ਚਲਾ ਰਿਹਾ ਹੈ। ਪਰਮਾਤਮਾ ਨੇ ਆਪਣੀ ਮਰਜ਼ੀ ਅਨੁਸਾਰ ਸਭ ਜੀਆਂ ਵਿਚ ਜੀਵਨ ਘੋਲ (struggle for existence) ਲਈ ਸਵੈ-ਵਿਸ਼ਵਾਸ, ਸਵੈ-ਰੱਖਿਆ ਤੇ ਸਵੈ-ਪ੍ਰਗਟਾਵੇ (self assertion) ਦੀਆਂ ਰੁਚੀਆਂ ਰਖੀਆਂ ਹਨ। ਮਨੁੱਖ ਨੇ ਇਨ੍ਹਾਂ ਰੁਚੀਆਂ ਨੂੰ ਵਧਾ ਕੇ ਹਉਮੈਂ ਦਾ ਰੂਪ ਦੇ ਦਿੱਤਾ ਹੈ ਤੇ ਇਸ ਨਾਲ ਨਿੱਜੀ ਅਪਣੱਤ ਤੇ ਸ਼ਕਤੀ ਦਾ ਪਸਾਰਾ ਵਧਾ ਕੇ ਸਰਬ ਸ਼ਕਤੀਮਾਨ ਪਰਮਾਤਮਾ ਦੀ ਹੋਂਦ ਨੂੰ ਭੁਲਾ ਬੈਠਾ ਹੈ। ਮਨੁੱਖ ਦੇ ਹਉਮੈਂ ਦੇ ਆਧਾਰ ਉੱਤੇ ਬਣੇ ਨਿੱਜੀ ਪਸਾਰੇ ਵਿਚ ਭਾਵੇਂ ਸਥਿਰਤਾ ਨਹੀਂ, ਮਨੁੱਖ ਨੇ ਇਸਨੂੰ ਛਡਣਾ ਹੀ ਛਡਣਾ ਹੈ, ਪਰ ਉਸ ਨੇ ਇਸ ਥੋੜ੍ਹ-ਚਿਰ ਪਸਾਰੇ ਨੂੰ ਹੀ ਜੀਵਨ ਦਾ ਕੇਂਦਰ, ਜੀਵਨ ਦਾ ਆਧਾਰ ਬਣਾਇਆ ਹੋਇਆ ਹੈ ਤੇ ਪਰਮਾਤਮਾ ਦੀ ਹੋਂਦ ਤੇ ਉਸ ਦੀ ਸਰਵ ਸ੍ਰੇਸ਼ਠ ਸਮਰੱਥਾ ਤੋਂ ਆਕੀ ਹੋਇਆ ਬੈਠਾ ਹੈ। ਇਸ ਝੂਠ ਦੀ ਕੰਧ ਵਿਚੋਂ ਕਿਵੇਂ ਨਿਕਲਿਆ ਜਾਵੇ। ਗੁਰੂ ਨਾਨਕ ਦੱਸਦੇ ਹਨ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ। ਪੰ. ੧

ਇਸ ਦਾ ਇਕੋ ਇਕ ਰਾਹ ਭਾਣੇ ਨੂੰ ਮੰਨਣਾ ਤੇ ਇਸ ਨੂੰ ਸਵੀਕਾਰ ਕਰਨਾ ਹੈ। ਵੈਸੇ ਜੇ ਡੂੰਘੇ ਵਿਚਾਰ ਨਾਲ ਦੇਖਿਆ ਜਾਵੇ ਤਾਂ ਉਸ ਦਾ ਭਾਣਾ ਜੋ ਸਾਰੀ ਕੁਦਰਤ, ਸਾਰੀ ਕਾਇਨਾਤ ਉੱਤੇ ਇਕਸਾਰ ਲਾਗੂ ਹੈ, ਇੰਨਾ ਪ੍ਰਬਲ ਹੈ ਕਿ ਇਸ ਤੋਂ ਕੋਈ ਗੁਰੇਜ ਨਹੀਂ ਕੀਤਾ ਜਾ ਸਕਦਾ, ਜਿਸ ਨੂੰ ਮੰਨਣਾ ਹੀ ਮੰਨਣਾ ਹੈ, ਇਸ ਲਈ ਆਪਣੇ ਆਪ ਨੂੰ ਹਰ ਸਮੇਂ ਤੇ ਹਰ ਹੀਲੇ ਤਿਆਰ ਰਖਣ ਵਿਚ ਹੀ ਮਸਲ੍ਹਤ ਹੈ। ਜੇਕਰ ਮਨੁੱਖ ਆਪਣੀ ਨਿੱਜੀ ਅਪਣਤ ਦੀ ਦੁਬਿਧਾ ਨੂੰ ਛੱਡ ਦੇਵੇ ਤੇ ਭਾਣੇ ਦੀ ਲੀਹ ਉੱਤੇ ਪੈ ਜਾਵੇ ਤਾਂ ਉਸ ਦਾ ਸਾਰਾ ਸਮਾਂ, ਸਾਰੀ ਦੁਬਿਧਾ, ਚਿੰਤਾ, ਫਿਕਰ, ਡਰ, ਆਸ਼ਾ ਤੇ ਤ੍ਰਿਸ਼ਨਾ ਅਦਿ ਉਹ ਸਾਰੇ ਰੋਗ ਜਿਨ੍ਹਾਂ ਨੇ ਮਨੁੱਖੀ ਮਨ ਨੂੰ ਰੋਗੀ ਬਣਾਇਆ ਹੋਇਆ ਹੈ, ਮੁੱਕ ਜਾਣਗੇ। ਉਹ ਸਹਿਜ ਭਾਵ ਵਾਲਾ ਅਰੋਗ ਤੇ ਨਰੋਇਆ ਜੀਵਨ ਜਿਉਣ ਲਗ ਪਵੇਗਾ। ਇਹ ਦੁਬਿਧਾ ਦੂਰ ਕਰਨ ਦਾ ਢੰਗ ਗੁਰੂ ਸਾਹਿਬ ਦੱਸਦੇ ਹਨ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ।
ਦੁਬਿਧਾ ਦੂਰ ਕਰਹੁ ਲਿਵ ਲਾਇ। ਪੰ. ੧੨੨੨

ਇਹ ਦੁਬਿਧਾ ਉਸ ਸੰਗਤ ਵਿਚ ਦੂਰ ਹੋ ਸਕਦੀ ਹੈ ਜੋ ਨਾਮ ਦੀ ਰੰਗਣ ਵਿਚ ਰੰਗੀ ਹੋਈ ਹੈ ਤੇ ਜਿਥੇ

ਸਭ ਕਿਛੁ ਕੀਤਾ ਤੇਰਾ ਹੋਵੈ।

ਨਾਹੀ ਕਿਛੁ ਅਸਾੜਾ ਜੀਉ। ਪੰ. ੧੦੩

ਤੇ *'ਤੇਰਾ ਕੀਆ ਮੀਠਾ ਲਾਗੈ'*, ਕਿਸੇ ਨਾ ਕਿਸੇ ਸ਼ਬਦ ਵਿਚ ਕਈ ਵਾਰ ਗਾਏ, ਪੜ੍ਹੇ ਤੇ ਸੁਣਾਏ ਜਾਂਦੇ ਹਨ, ਜਿਥੇ ਹਰ ਰੋਜ਼ ਆਸਾ ਦੀ ਵਾਰ ਵਿਚ ਹਵਾ, ਪਾਣੀ, ਅਗਨੀ, ਚੰਦ ਸੂਰਜ ਆਦਿ ਮਨੁੱਖ ਤੋਂ ਕਈ ਗੁਣਾਂ ਮਹਾਨ ਸ਼ਕਤੀਆਂ ਦਾ ਉਸਦੇ ਭਉ ਵਿਚ ਚਲਣ ਦਾ ਰੋਜ਼ ਸੁਨੇਹਾ ਦਿੱਤਾ ਜਾਂਦਾ ਹੈ, ਜਿਥੇ ਹਰ ਰੋਜ਼ ਅਰਦਾਸ ਦੇ ਅਖ਼ੀਰ ਵਿਚ ਨਾਮ ਦੀ ਪ੍ਰਬਲਤਾ ਨੂੰ *'ਨਾਨਕ ਨਾਮ ਚੜ੍ਹਦੀ ਕਲਾ'* ਕਹਿ ਕੇ ਸਵੀਕਾਰ ਕੀਤਾ ਜਾਂਦਾ ਹੈ ਅਤੇ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਨੂੰ *'ਤੇਰੇ ਭਾਣੇ ਸਰਬਤ ਦਾ ਭਲਾ'*, ਸਾਰੀ ਸੰਗਤ ਵਲੋਂ ਇਕ ਆਵਾਜ਼ ਵਿਚ ਕਹਿਕੇ ਮੰਨਿਆ ਜਾਂਦਾ ਹੈ।

ਨਾਮ ਦਾ ਵਾਸਾ ਹਉਮੈਂ ਨਾਲ ਲੱਦੇ ਤੇ ਰੋਗੀ ਹੋਏ ਮਨ ਵਿਚ ਕਦੀ ਨਹੀਂ ਹੋ ਸਕਦਾ :

ਹਉਮੈ ਨਾਵੈ ਨਾਲਿ ਵਿਰੋਧੁ ਹੈ।
ਦੋਇ ਨ ਵਸਹਿ ਇਕ ਥਾਇ। ਪੰ. ੫੬੦

ਭਗਤ ਰਵਿਦਾਸ ਦਾ ਕਥਨ ਹੈ :

ਜਬ ਹਮ ਹੋਤੇ ਤਬ ਤੂ ਨਾਹੀ।
ਅਬ ਤੂੰ ਹੀ ਮੈ ਨਾਹੀ। ਪੰ. ੬੫੧

ਮੁਕੰਮਲ ਆਤਮ ਸਮਰਪਣ ਹੀ ਨਾਮ ਦੇ ਵਾਸੇ ਨੂੰ ਤਿਆਰ ਕਰਨ ਦਾ ਇਕੋ ਇਕ ਢੰਗ ਹੈ।

ਹਉਮੈਂ ਮਨੁੱਖੀ ਮਨ, ਤੇ ਮਨੁੱਖ ਦੇ ਸਾਰੇ ਬੰਧਨਾਂ ਤੇ ਜ਼ੰਜਾਲਾਂ ਦੀ ਜੜ੍ਹ ਹੈ। ਭਾਵੇਂ ਇਹ ਸਵੈ-ਪ੍ਰਗਟਾਵੇ ਦੀ ਕੁਦਰਤੀ ਰੁੱਚੀ ਤੋਂ ਪੈਦਾ ਹੁੰਦਾ ਹੈ, ਪਰ ਇਹ ਵੱਧ ਕੇ ਅਹੰਕਾਰ ਦਾ ਰੂਪ ਧਾਰਣ ਕਰ ਜਾਂਦਾ ਹੈ। ਦਿਖਾਵਾ, ਲੋਕਾਂ ਤੋਂ ਪ੍ਰਸ਼ੰਸਾ ਦੀ ਆਸ ਦੇ ਫੂਕ ਛਕਣ ਦੀ ਆਦਤ ਇਸੇ ਦੇ ਹੀ ਰੂਪ ਹਨ। ਦੂਸਰੇ ਪਾਸੇ ਮਨੁੱਖ ਲੋਕਾਂ ਦੇ ਮਾੜੇ, ਈਰਖਾ ਤੇ ਨਫਰਤ ਦਾ ਨਿਸ਼ਾਨਾ ਵੀ ਬਣ ਜਾਂਦਾ ਹੈ। ਇਨ੍ਹਾਂ ਵਿਅਕਤੀਗਤ ਲੱਛਣਾਂ ਜਿਨ੍ਹਾਂ ਦਾ ਮਨੁੱਖ ਦੇ ਸਮਾਜੀ ਜੀਵਨ ਨਾਲ ਸੰਬੰਧ ਹੈ, ਨੂੰ ਜਨਮ ਦੇਣ ਵਾਲੀ ਸਵੈ-ਪ੍ਰਗਟਾਵੇ ਦੀ ਰੁਚੀ, ਜੋ ਹਉਮੈਂ ਨੂੰ ਜਨਮ ਦਿੰਦੀ ਹੈ, ਦਾ ਜੋਹਰ, ਇਸ ਦੀ ਸਤਿਆ ਸੰਗਤ ਵਿਚੋਂ ਆਪਣੇ ਆਪ ਕਾਫੂਰ (sublimate) ਹੋ ਜਾਂਦੀ ਹੈ ਕਿਉਂਕਿ ਸੰਗਤ ਵਿਚ ਉਸ ਨੂੰ ਆਪਣੇ ਤੋਂ ਉਚੇਰੀ ਪੱਧਰ ਤੇ ਆਪਣੇ ਤੋਂ ਨੀਵੀਂ ਪੱਧਰ ਦੇ ਲੋਕ ਇਕੱਠੇ ਮਿਲਦੇ ਹਨ ਤੇ ਉਹ ਇਨ੍ਹਾਂ ਵਿਚੋਂ ਸਾਂਵਾਪਣ ਗ੍ਰਹਿਣ ਕਰ ਜਾਂਦਾ ਹੈ। ਗਰਬ ਖ਼ਤਮ ਹੋਣ ਨਾਲ ਉਹ 'ਗੁਰਮੁਖ' ਦੀ ਧਾਰਣਾ ਉੱਤੇ ਪੈ ਜਾਂਦਾ ਹੈ।

ਸੰਗਤ ਦੇ ਇਕੱਠ ਵਿਚ ਰਾਜਾ ਰੰਕ ਬਰਾਬਰੀ ਦੇ ਪ੍ਰਤੱਖ ਪ੍ਰਮਾਣ, ਸਭ ਦਾ ਇਕ ਕਰਤਾ ਪੁਰਖ ਦੇ ਭਾਣੇਂ ਅਨੁਸਾਰ ਥਾਪੇ ਹੋਣਾ ਸਮਝ ਕੇ

ਜੇ ਰਾਜੁ ਦੇਹਿ ਤ ਕਵਨ ਬਡਾਈ।
ਜੇ ਭੀਖ ਮੰਗਾਵਹਿ ਤ ਕਿਆ ਘਟਿ ਜਾਈ। ਪੰ. ੫੨੫

ਵਾਲੀ ਦਸ਼ਾ ਉੱਤੇ ਲੈ ਆਉਂਦਾ ਹੈ ਤੇ ਮਨੁੱਖ ਭਾਣੇ ਰਜਾ ਦੇ ਤੇ ਪ੍ਰਭਾਵ ਹੇਠ ਅਡੋਲ ਸਹਿਜ ਭਾਵ ਦੀਆ ਰੁੱਚੀਆਂ ਗ੍ਰਹਿਣ ਕਰਨ ਲਗਦਾ ਹੈ।

ਸੰਗਤ ਵਿਚ ਮਨ ਨੂੰ ਨੀਵਾਂ ਰਖਣ ਲਈ ਨਾ ਕੇਵਲ ਅਰਦਾਸ ਹੀ ਕੀਤੀ ਜਾਂਦੀ ਹੈ ਸਗੋਂ ਲੋਕਾਂ ਦੀ ਤਨ ਮਨ ਤੇ ਧਨ ਨਾਲ ਸੇਵਾ ਕਰਨ ਨਾਲ ਸਵੈ-ਪ੍ਰਗਟਾਵੇ ਦੀ ਕੁਦਰਤੀ ਰੁੱਚੀ

ਨੂੰ ਨਵਾਂ ਮੋੜ ਮਿਲ ਜਾਂਦਾ ਹੈ, ਜੋ ਵਿਅਕਤੀ ਤੇ ਸਮਾਜ ਦੋਹਾਂ ਲਈ ਸੁਖਾਵਾਂ ਤੇ ਉਸਾਰੂ ਸਾਬਤ ਹੁੰਦਾ ਹੈ। ਜਿਥੇ ਸੇਵਾ ਕਿਸੇ ਵਿਅਕਤੀ ਵਿਚ ਹਉਮੈਂ ਤੇ ਅਹੰਕਾਰ ਦੀ ਜੜ੍ਹ ਵਿਚ ਵੱਡੇ ਵੱਡੇ ਉਸਾਰੀ ਦੇ ਕੰਮ ਵੀ ਨੇਪਰੇ ਚਾੜ੍ਹ ਜਾਂਦੀ ਹੈ। ਕਈ ਡਿਗਦਿਆਂ ਨੂੰ ਸਹਾਰਾ ਦੇ ਕੇ ਖੜਾ ਕਰਦੀ ਹੋਈ ਸੰਗਤ ਨੂੰ ਨਿਤਾਣਿਆਂ ਦਾ ਤਾਣ ਨਿਮਾਣਿਆਂ ਦਾ ਮਾਣ ਵੀ ਬਣਾ ਦਿੰਦੀ ਹੈ।

ਗੁਰੂ ਸਾਹਿਬਾਨ ਨੇ ਸੰਗਤ ਵਿਚ ਸੇਵਾ ਦੀ ਪ੍ਰਥਾ ਚਲਾ ਕੇ ਅੰਮ੍ਰਿਤਸਰ ਵਰਗੇ ਨਾ ਕੇਵਲ ਸਰੋਵਰ ਤੇ ਹਰਿਮੰਦਰ ਹੀ ਸਗੋਂ ਅੰਮ੍ਰਿਤਸਰ ਤੇ ਅਨੰਦਪੁਰ ਵਰਗੇ ਸ਼ਹਿਰ ਸਥਾਪਤ ਕੀਤੇ। ਗੋਇੰਦਵਾਲ ਵਿਚ ਬਉਲੀ, ਅੰਮ੍ਰਿਤਸਰ ਵਿਚ ਹਰਿਮੰਦਰ ਤੇ ਸਰੋਵਰ, ਅਕਾਲ ਤਖ਼ਤ ਤੇ ਬਾਬਾ ਅਟੱਲ, ਲਾਹੌਰ ਵਿਚ ਲੋਕਾਂ ਦੇ ਪੀਣ ਲਈ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਬਉਲੀ ਸਾਹਿਬ, ਤਰਨ ਤਾਰਨ ਵਿਚ ਦਰਬਾਰ ਸਾਹਿਬ, ਸਰੋਵਰ ਦੇ ਕੁਸ਼ਟ ਆਸ਼ਰਮ ਤੇ ਅਨੰਦਪੁਰ ਵਿਚ ਅਨੰਦ ਗੜ੍ਹ ਦੇ ਕਿਲ੍ਹੇ ਵਰਗੀਆਂ ਯਾਦਗਾਰੀ ਇਮਾਰਤਾਂ ਖੜੀਆਂ ਕਰ ਦਿੱਤੀਆਂ। ਗੁਰੂ ਅਰਜਨ ਦੇਵ ਤੇ ਫਿਰ ਗੁਰੂ ਹਰਿਗੋਬਿੰਦ ਨੇ ਲਾਹੌਰ ਵਿਚ ਬੁਖ਼ਾਰ ਦੀ ਵਬਾ ਵੇਲੇ ਲੋਕਾਂ ਦੀ ਬਿਨਾਂ ਜ਼ਾਤ ਪਾਤ, ਊਚ ਨੀਚ ਜਾਂ ਮਜ਼ਹਬ ਦੀ ਤਮੀਜ਼ ਦੇ ਸੇਵਾ ਕਰਦੇ ਲਾਹੌਰ ਦੀ ਬਹੁਤ ਸਾਰੀ ਵਸੋਂ ਨੂੰ ਆਪਣੇ ਨਾਲ ਜੋੜ ਲਿਆ। ਗੁਰੂ ਅਮਰਦਾਸ, ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦੁਰ ਨੇ ਗੋਇੰਦਵਾਲ, ਅੰਮ੍ਰਿਤਸਰ ਤੇ ਅਨੰਦਪੁਰ ਵਸਾਣ ਲਈ ਕਈਆਂ ਨੂੰ, ਸੰਗਤ ਵਿਚ ਇਕੱਠੀ ਹੋਈ ਮਾਇਆ ਦੇ ਕੇ ਰੋਜ਼ਗਾਰ ਲਾਇਆ ਸੀ। ਗੁਰਦੁਆਰਿਆਂ ਨਾਲ ਚਲਦੇ ਲੰਗਰ, ਸਕੂਲ, ਕਾਲਜ ਤੇ ਹਸਪਤਾਲ ਅੱਜ ਵੀ ਸੰਗਤ ਵਲੋਂ ਕੀਤੀ ਜਾ ਰਹੀ ਸਮਾਜ ਸੇਵਾ ਦੇ ਪ੍ਰਮਾਣ ਹਨ।

ਮਨੁੱਖ ਦੀ ਤਨ ਮਨ ਤੇ ਧਨ ਨਾਲ ਕੀਤੀ ਸੇਵਾ ਨਾਲ ਹੋਈ ਇਹ ਦੇਸ਼, ਕੌਮ ਤੇ ਸਮਾਜ ਲਈ ਉਸਾਰੀ, ਉਸ ਨੂੰ ਨਾ ਕੇਵਲ ਖੁਸ਼ੀ ਹੀ ਦਿੰਦੀ ਹੈ, ਸਗੋਂ ਉਸ ਨੂੰ ਇਕ ਐਸਾ ਸਵੈ-ਵਿਸ਼ਵਾਸ ਦਿੰਦੀ ਹੈ, ਜੋ ਸਵੈ-ਪ੍ਰਗਟਾਵੇ ਦੀ ਕੁਦਰਤੀ ਰੁੱਚੀ ਨੂੰ ਹਉਮੈ ਵਿਚ ਬਦਲਣ ਤੋਂ ਰੋਕਦੀ ਹੋਈ, ਇਸ ਨੂੰ ਇਕ ਉਸਾਰੀ ਵਲ ਮੋੜ ਦੇ ਜਾਂਦੀ ਹੈ।

ਸੰਗਤ ਦੇ ਨਿਤ ਦੇ ਸੰਪਰਕ, ਉਥੇ ਹੁੰਦੇ ਕੀਰਤਨ, ਕਥਾ ਤੇ ਨਾਮ ਦੇ ਵਾਤਾਵਰਣ ਦੇ ਪ੍ਰਭਾਵ, ਮਨ ਨੀਵਾਂ ਰੱਖਣ ਦੀ ਅਰਦਾਸ ਅਤੇ ਤਨ ਮਨ ਧਨ ਨਾਲ ਸੰਗਤ ਦੀ ਸੇਵਾ ਕਰਨ ਨਾਲ ਮਨ ਵਿਚੋਂ ਉਹ ਰੁਚੀਆਂ, ਜੋ ਹਉਮੈਂ ਨੂੰ ਜਨਮ ਦਿੰਦੀਆਂ ਤੇ ਇਸ ਨੂੰ ਪਾਲਦੀਆਂ ਹਨ, ਖ਼ਤਮ ਹੋ ਜਾਂਦੀਆਂ ਹਨ। ਮਨ ਨਾਮ ਦੀ ਲੀਹ ਉੱਤੇ ਪੈ ਕੇ

ਮਨਿ ਸਾਚਾ ਮੁਖਿ ਸਾਚਾ ਸੋਇ।
ਅਵਰੁ ਨ ਪੇਖੈ ਏਕਸੁ ਬਿਨੁ ਕੋਇ।
ਤੇ *ਉਰਿਧਾਰੈ ਜੋ ਅੰਤਰਿ ਨਾਮੁ।*
ਸਰਬ ਮੈ ਪੇਖੈ ਭਗਵਾਨੁ। (ਸੁਖਮਨੀ)

ਬਣ ਜਾਂਦਾ ਹੈ ਤੇ ਉਸ ਨੂੰ ਭਾਈ ਕਨ੍ਹਈਏ ਵਾਂਗ *"ਬੈਰੀ ਮੀਤ ਸਮਾਨ"* ਨਜ਼ਰ ਆਉਣ ਲੱਗ ਪੈਂਦੇ ਹਨ, ਸਭ ਮਨੁੱਖੀ ਵਿਤਕਰੇ ਖ਼ਤਮ ਹੋ ਜਾਂਦੇ ਹਨ ਤੇ ਉਹ ਵਿਅਕਤੀ ਇਕ ਸਰਬ ਸਾਂਝੇ, ਮਨੁੱਖੀ ਬਰਾਬਰੀ ਦੇ ਭਾਈਚਾਰੇ ਦੇ ਦ੍ਰਿਸ਼ ਵਿਚ ਆਪਣੇ ਆਪ ਨੂੰ ਮਹਿਸੂਸ ਕਰਨ ਲਗਦਾ ਹੈ। ਨਿਰਭਉ ਤੇ ਨਿਰਵੈਰ ਪਰਮਾਤਮਾ ਨੂੰ ਧਿਆਉਂਦਾ ਹੋਇਆ *'ਜੈਸਾ ਸੇਵੈ ਤੈਸਾ ਹੋਇ'* ਹੋ ਕੇ ਜਿਥੇ ਨਿਰਵੈਰ ਹੁੰਦਾ ਹੈ ਉਥੇ ਨਿਰਭਉ ਵੀ ਹੋ ਜਾਂਦਾ ਹੈ ਕਿਉਂਕਿ

ਨਿਰਭਉ ਜਪੈ ਸਗਲ ਭਉ ਮਿਟੈ।

ਤੇ ਇਸ ਤਰ੍ਹਾਂ ਉਸਦੀ ਆਪਣੀ ਬੇਲਾਗ ਤੇ ਨਿਰਭਰ ਸ਼ਖਸੀਅਤ ਉਭਰ ਆਉਂਦੀ ਹੈ, ਜੋ ਆਪਣੀ ਆਤਮਾ ਦੀ ਆਵਾਜ਼ ਅਨੁਸਾਰ ਸੱਚ ਲਈ ਡਟ ਖਲੋਂਦਾ ਹੈ, ਬਾਬਾ ਦੀਪ ਸਿੰਘ ਵਾਂਗ ਸਿਰ ਤਲੀ ਉੱਤੇ ਰਖ ਜੂਝ ਜਾਂਦਾ ਹੈ ਤੇ ਲੋੜ ਪੈਣ ਉੱਤੇ ਭਾਈ ਮਨੀ ਸਿੰਘ ਵਾਂਗ ਬੰਦ ਬੰਦ ਕਟਵਾ ਕੇ ਵੱਡੀ ਤੋਂ ਵੱਡੀ ਕੁਰਬਾਨੀ ਲਈ ਤਿਆਰ ਹੋ ਜਾਂਦਾ ਹੈ। ਇਹ ਕੇਵਲ ਹਉਮੈਂ ਤੇ ਉਸ ਨਾਲ ਜੁੜੀ ਨਿੱਜੀ ਅਪਣੱਤ ਦੇ ਤਿਆਗ ਤੋਂ ਹੀ ਉਤਪੰਨ ਹੁੰਦਾ ਹੈ ਤੇ ਭਾਣੇ ਦੀ ਡਸਿਪਲਿਨ ਦਾ ਹੀ ਸਿੱਟਾ ਹੈ, ਇਹ ਲੱਛਣ ਜਿਨ੍ਹਾਂ ਨੂੰ ਗੁਰਮੁਖ ਦੇ ਲੱਛਣ ਕਹਿੰਦੇ ਹਾਂ, ਤਦ ਹੀ ਉਸਰ ਸਕਦੇ ਹਨ ਜੇ ਸੰਗਤ ਵਿਚ ਲਗਾਤਾਰ ਨੇਮ ਨਾਲ ਹਾਜ਼ਰੀ ਹੁੰਦੀ ਰਹੇ, ਜਿਥੇ ਕਈ ਪ੍ਰਕਾਰ ਦੇ ਨਾਮ ਰੰਗਣ ਵਿਚ ਰੰਗੇ ਹੋਏ ਬੰਦਿਆਂ ਨਾਲ ਸਹਿਜੇ ਹੀ ਮੇਲ ਮਿਲਾਪ ਹੋ ਜਾਂਦਾ ਹੈ ਤੇ ਜਿਨ੍ਹਾਂ ਦਾ ਪ੍ਰਭਾਵ ਨਿਤ ਦੇ ਮੇਲ ਨਾਲ ਪੱਕਦਾ ਹੋਇਆ, ਉਨ੍ਹਾਂ ਦੀ ਗੁਰਮੁਖ ਰੂਪ ਵਿਚ ਉਸਾਰੀ ਕਰਦਾ ਰਹਿੰਦਾ ਹੈ।

ਟੱਬਰਦਾਰੀ ਜੀਵਨ-ਕਿਰਤ ਕਰਨਾ

ਮੱਧਕਾਲੀਨ ਸਮੇਂ ਦੇ ਹਿੰਦੁਸਤਾਨ ਵਿਚ ਜਦ ਮਨੁੱਖੀ ਜੀਵਨ ਦਾ ਨਿਸ਼ਾਨਾ ਮੁਕਤੀ ਬਣਿਆ ਹੋਇਆ ਸੀ ਤਾਂ ਆਮ ਲੋਕਾਂ ਵਿਚ ਟਬਰਦਾਰੀ ਨੂੰ ਤਿਆਗ ਕੇ ਸੰਨਿਆਸੀ, ਜੋਗੀ ਤੇ ਭਿਕਸ਼ੂ ਬਣਨ ਦੀ ਭਾਵਨਾ ਬੜੀ ਵੱਧ ਰਹੀ ਸੀ। ਇਸ ਨਾਲ ਇਕ ਪਾਸੇ ਟਬਰਦਾਰੀ ਜੀਵਨ ਨਸ਼ਟ ਹੋ ਰਿਹਾ ਸੀ ਤੇ ਸਮਾਜ ਖੇਰੂੰ ਖੇਰੂੰ ਹੋ ਰਿਹਾ ਸੀ, ਦੂਸਰੇ ਪਾਸੇ ਇਹ ਤਿਆਗੀ ਵਿਹਲੜ ਹੋਣ ਕਰਕੇ ਉਦਰ ਪੂਰਨਾ ਲਈ ਲੋਕਾਂ ਦੇ ਦਾਨ ਅਤੇ ਭਿਖਿਆ ਉੱਤੇ ਨਿਰਭਰ ਕਰਦੇ ਸਨ, ਇਸ ਲਈ ਸਮਾਜ ਲਈ ਬੋਝ ਤੇ ਜੋਕਾਂ ਬਣ ਰਹੇ ਸਨ। ਫਿਰ ਚੂੰਕਿ ਟਬਰਵਾਸੀ ਜੀਵਨ ਦਾ ਧੁਰਾ, ਇਸਤ੍ਰੀ ਹੁੰਦੀ ਹੈ, ਇਸ ਨਾਲ ਨਫ਼ਰਤ, ਇਸ ਨੂੰ ਨੀਵਾਂ ਤੇ ਹਕੀਰ ਦਸਣਾ, ਤਿਆਗ ਦੀ ਭਾਵਨਾ ਪੈਦਾ ਕਰਨ ਲਈ ਜ਼ਰੂਰੀ ਸੀ। ਇਸ ਤਰ੍ਹਾਂ ਉਸ ਸਮੇਂ ਇਸਤ੍ਰੀ ਜੇ ਲੋਕ ਨਫ਼ਰਤ ਨਹੀਂ, ਤਾਂ ਘਟੋ ਘਟ ਲੋਕ ਲਾਪਰਵਾਹੀ ਦਾ ਨਿਸ਼ਾਨਾ ਜ਼ਰੂਰ ਬਣੀ ਹੋਈ ਸੀ। ਤਾਲੀਮ, ਧਰਮ ਤੇ ਧਾਰਮਿਕ ਕ੍ਰਿਆ ਤੇ ਇਨ੍ਹਾਂ ਲਈ ਜਿਵੇਂ ਵਰਜਿਤ ਵਾਂਝੀ ਹੋਵੇ। ਜਦ ਕਿਸੇ ਸਮਜ ਦੀ ਅੱਧੀ ਵਸੋਂ, ਤੇ ਖ਼ਾਸ ਕਰਕੇ ਉਹ ਅੱਧੀ ਵਸੋਂ ਜੋ ਜੀਵਨ ਨੂੰ ਸਮਾਜ ਨਾਲ ਜੋੜਦੀ ਹੈ ਤੇ ਵਿਅਕੀਤਗਤ ਜੀਵਨ ਉਸਾਰਣ ਵਿਚ ਬੜੀ ਪ੍ਰਭਾਵਸ਼ਾਲੀ ਹੁੰਦੀ ਹੈ, ਧਰਮ ਤੋਂ ਵਰਜਿਤ ਤੇ ਵਾਂਝੀ ਹੋਵੇ ਤਾਂ ਉਹ ਸਮਾਜਿਕ ਧਰਮ ਕਿਵੇਂ ਬਣ ਸਕਦਾ ਹੈ।

ਫਿਰ ਸਮਾਜ ਦੇ ਉਚੇਰੇ ਪੱਧਰ ਵਿਚ ਵਿਲਾਸ ਤੇ ਅਯਾਸ਼ੀ ਦਾ ਦੌਰ ਦੌਰਾ ਸੀ ਤੇ ਇਸਤ੍ਰੀ ਆਦਮੀ ਦੀ ਕਾਮ ਤ੍ਰਿਪਤੀ ਤੇ ਵਿਲਾਸ਼ ਦਾ ਸਾਧਨ ਬਣੀ ਹੋਈ ਸੀ, ਜਿਸ ਕਰਕੇ ਇਹ ਗੁਲਾਮੀ ਦੀ ਹਾਲਤ ਵਿਚ ਹੋਰ ਵੀ ਨਿਘਰ ਗਈ ਸੀ। ਪੱਛਮੀ ਧਾੜਵੀਆਂ ਵੱਲੋਂ ਹੋ ਰਹੇ ਲਗਾਤਾਰ ਹਮਲਿਆਂ ਵਿਚ ਇਨ੍ਹਾਂ ਦੀ ਬੇਪਤੀ ਤੇ ਬੇਹੁਰਮਤੀ ਹੁੰਦੀ ਹੀ ਰਹਿੰਦੀ ਤੇ ਜਦ ਕਦੀ ਬੈਰੂਨੀ ਹਮਲਿਆਂ ਤੋਂ ਸੁਖ ਦਾ ਸਾਹ ਆਉਂਦਾ ਤਾਂ ਰਾਠ ਤੇ ਮਸਾਹਿਬ, ਹੁਕਮਰਾਨ ਟੋਲੇ ਨੂੰ ਆਪਣੀਆਂ ਬੇਟੀਆਂ ਦੇ ਡੋਲੇ ਦੇ ਕੇ ਖੁਸ਼ਨੂਦੀ ਤੇ ਦਰਬਾਰ ਵਿਚ ਉਚੇਰੀਆਂ ਪਦਵੀਆਂ ਹਾਸਲ ਕਰਦੇ ਸਨ। ਇਸ ਪੱਧਰ ਉੱਤੇ ਵੀ ਇਸਤ੍ਰੀ ਮਾਲ ਡੰਗਰਾਂ, ਗੁਲਾਮਾਂ ਤੇ ਜਾਇਦਾਦ ਵਾਂਗ ਵੱਢੀ ਦਾ ਪਦਾਰਥ ਬਣਾ ਦਿੱਤੀ ਗਈ ਸੀ।

ਆਦਮੀ ਦੀ ਇਸ ਉੱਤੇ ਪ੍ਰਭੁੱਤਾ ਤੇ ਮਲਕੀਅਤ, ਅਤੇ ਇਸ ਦੀ ਗੁਲਾਮੀ ਸਦੀਵੀ

ਬਣਾਉਣ ਲਈ ਪਰਦੇ ਤੇ ਸਤੀ ਦੀਆਂ ਰਸਮਾਂ ਧਰਮ ਦਾ ਅੰਗ ਬਣੀਆਂ ਹੋਈਆਂ ਸਨ।

ਗੁਰੂ ਸਾਹਿਬ ਨੇ ਇਸ ਸਮਾਜਿਕ ਕੁਰੀਤੀ ਨੂੰ ਵਿਰ ਸੰਗਤ ਦੇ ਮਾਧਿਅਮ ਰਾਹੀ ਹੀ ਦੂਰ ਕਰਨ ਦਾ ਢੰਗ ਅਪਣਾਇਆ।

ਪਹਿਲੀ ਗੱਲ ਤਾਂ ਇਹ ਕਿ ਸੰਗਤ ਵਿਚ ਇਸਤ੍ਰੀਆਂ ਦੀ ਸ਼ਮੂਲੀਅਤ ਦੀ ਆਗਿਆ ਦੇ ਦਿੱਤੀ ਤਾਂ ਕਿ ਇਹ ਸੰਗਤ ਨਾਲ ਸੰਬੰਧਿਤ ਸਾਰੀਆਂ ਧਾਰਮਿਕ ਕ੍ਰਿਆਵਾਂ ਤੇ ਸੰਸਥਾਵਾਂ ਜਿਵੇਂ ਕੀਰਤਨ, ਕਥਾ, ਲੰਗਰ ਤੇ ਸੇਵਾ ਵਿਚ ਆਦਮੀਆਂ ਦੇ ਬਰਾਬਰ ਭਾਗ ਲੈ ਸਕਣ, ਗੁਰੂ ਦਾ ਉਪਦੇਸ਼ ਸੁਣ ਸਕਣ ਤੇ ਉਸ ਅਨੁਸਾਰ ਟੱਬਰ ਨੂੰ ਟੋਰ ਸਕਣ, ਉਸ ਦਾ ਜੀਵਨ ਢਾਲ ਸਕਣ। ਗੁਰੂ ਅਮਰਦਾਸ ਨੇ ਤਾਂ ਸੰਗਤ ਵਿਚ ਆਉਣ ਵੇਲੇ ਇਸਤ੍ਰੀਆਂ ਨੂੰ ਘੁੰਡ ਕੱਢਣ ਤੇ ਪਰਦਾ ਕਰਨ ਤੋਂ ਪੱਕੀ ਮਨਾਹੀ ਕਰ ਦਿੱਤੀ। ਸਤੀ ਨੂੰ ਜ਼ਬਰਦਸਤੀ ਰੋਕਣ ਦਾ ਆਦੇਸ਼ ਦੇ ਦਿਤਾ। ਉਨ੍ਹਾਂ ਨੇ ਤਾਂ ਇਸਤ੍ਰੀਆਂ ਨੂੰ ਧਰਮ ਪ੍ਰਚਾਰ ਦੀ ਸੇਵਾ ਵੀ ਦਿੱਤੀ ਤੇ ਬਾਈ ਮੰਜੀਆਂ ਵਿਚੋ ਤਿੰਨ ਮੰਜੀਆਂ ਦੀਆਂ ਇੰਚਾਰਜ ਇਸਤ੍ਰੀਆਂ (ਮਥੋ-ਮੁਰਾਰੀ, ਮਾਈ ਸੇਵਾਂ ਤੇ ਭਾਗ ਭਰੀ) ਸਨ, ਤਾਂ ਜੋ ਧਰਮ ਪ੍ਰਚਾਰ ਜੋ ਬਾਕੀ ਸਭ ਧਰਮਾਂ ਵਿਚ ਕੇਵਲ ਮਰਦਾਂ ਦੀ ਮਲਕੀਅਤ ਸੀ, ਵਿਚ ਇਸਤ੍ਰੀਆਂ ਮਰਦਾਂ ਦੇ ਬਰਾਬਰ ਚਲ ਸਕਣ।

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਉੱਤਮਤਾ ਨੂੰ ਲੋਕਾਂ ਦੇ ਦਿਲਾਂ ਵਿਚ ਦਲੀਲ ਪੂਰਬਕ ਢੰਗ ਨਾਲ ਬਿਠਾਣ ਦੀ ਆਸਾ ਦੀ ਵਾਰ, ਜਿਸ ਦਾ ਕੀਰਤਨ ਸੰਗਤ ਦੇ ਰੋਜ਼ਾਨਾ ਪ੍ਰੋਗਰਾਮ ਦਾ ਜ਼ਰੂਰੀ ਅੰਗ ਹੈ, ਵਿਚ ਫੁਰਮਾਇਆ ਹੈ ਕਿ ਜਦ ਦੁਨੀਆਂ ਦੇ ਸਾਰੇ ਰਾਹ, ਸਾਰੀਆਂ ਸਮਾਜਿਕ ਰਹੁ-ਰੀਤਾਂ ਤੇ ਕਾਨੂੰਨ ਇਸਤ੍ਰੀ ਤੋਂ ਹੋਈ ਟਬਰਦਾਰੀ ਕਰਕੇ ਹੀ ਬਣਦੇ ਹਨ :

ਭੰਡਹੁ ਚਲੈ ਰਾਹੁ।

ਅਤੇ ਇਹ ਹੀ ਰਾਜਿਆਂ ਮਹਾਂਰਾਜਿਆਂ ਨੂੰ ਜਨਮ ਦੇਣ ਵਾਲੀ ਹੈ ਤਾਂ ਉਸ ਨੂੰ ਕਿਉਂ ਤ੍ਰਿਸਕਾਰਿਆ ਜਾਵੇ, ਕਿਉਂ ਮਾੜਾ ਆਖਿਆ ਜਾਵੇ। ਸੰਗਤ ਵਿਚ ਇਨ੍ਹਾਂ ਦੀ ਸ਼ਮੂਲੀਅਤ ਤੇ ਇਸ ਸਲੋਕ ਦੇ ਰੋਜ਼ਾਨਾ ਕੀਰਤਨ ਨਾਲ ਜਿਥੇ ਆਦਮੀਆਂ ਤੇ ਇਸਤਰੀਆਂ ਦੀ ਬਰਾਬਰੀ ਨੂੰ ਗੁਰੂ ਸਾਹਿਬ ਨੇ ਅਸਲੀ ਰੂਪ ਦਿੱਤਾ, ਉਥੇ ਇਸਤ੍ਰੀਆਂ ਵਿਚ ਸਦੀਆਂ ਤੋਂ ਪੈਦਾ ਹੋਈ ਹੀਣਤਾ ਨੂੰ ਦੂਰ ਕਰਕੇ, ਇਨ੍ਹਾਂ ਵਿਚ ਮਰ ਚੁੱਕਾ ਸਵੈ-ਵਿਸ਼ਵਾਸ ਪੈਦਾ ਕਰ ਦਿੱਤਾ। ਇਸ ਤਰ੍ਹਾਂ ਟਬਰਦਾਰੀ ਜੀਵਨ ਦੇ ਇਸ ਧੁਰੇ ਨੂੰ, ਜੋ ਉਨ੍ਹਾਂ ਦੇ ਵੇਲੇ ਧਾਰਮਿਕ ਕੁਰੀਤੀਆਂ ਦੇ ਘੁਣ ਨਾਲ ਖਾਧਾ ਜਾ ਚੁਕਾ ਸੀ, ਜਿਸ ਦੇ ਕਮਜ਼ੋਰ ਹੋਣ ਨਾਲ ਸਮਾਜ ਕਿਰ ਰਿਹਾ ਤੇ ਥੋਦਾ ਹੋ ਰਿਹਾ ਸੀ, ਉਸ ਨੂੰ ਸੰਗਤ ਰਾਹੀਂ ਤਾਕਤ ਦੇ ਕੇ ਫਿਰ ਖੜਾ ਕਰ ਦਿੱਤਾ।

ਫਿਰ ਸੰਗਤ ਵਿਚ ਜੋਗੀਆਂ, ਦਿੰਗਬਰਾਂ, ਭਿਕਸ਼ੂਆਂ ਤੇ ਸੰਨਿਆਸੀਆਂ ਦੇ ਤਿਆਗ ਤੇ ਥੋਥ ਨੂੰ ਖੋਲ੍ਹ ਕੇ ਵਿਆਖਿਆਨ ਤੇ ਰੋਟੀ ਕਪੜਾ ਮੰਗ ਕੇ ਗੁਜ਼ਾਰਾ ਕਰਨ ਨੂੰ ਹੱਦ ਦਰਜੇ ਦੀ ਨਿਲੱਜਤਾ ਦਸ ਕੇ, ਕਿਰਤ ਕਮਾਈ ਨਾਲ ਟਬਰਦਾਰੀ ਜੀਵਨ ਜਿਉਣ ਦੀ ਤਲਕੀਨ ਕੀਤੀ। ਫੁਰਮਾਂਦੇ ਹਨ।

ਜਤੀ ਸਦਾਵੈ ਜੁਗਤਿ ਨਾ ਜਾਨੈ ਛਡਿ ਬਹਹਿ ਘਰੁ ਬਾਰੁ।
ਸਭੁ ਕੋ ਪੂਰਾ ਆਪੇ ਹੋਵੈ ਘਟਿ ਨਾ ਕੋਈ ਆਖੈ।
ਪਤਿ ਪਰਵਾਨਾ ਪਿਛੈ ਪਾਈਐ ਤਾਂ ਨਾਨਕ ਤੋਲਿਆ ਜਾਪੈ। ਪੰ. ੯੦੩

ਜੋਗੀ ਨੂੰ ਕਹਿੰਦੇ ਹਨ

ਜੋਗੀ ਬੈਸਿ ਰਹਹੁ ਦੁਬਿਧਾ ਦੁਖ ਭਾਗੈ।
ਘਰਿ ਘਰਿ ਮਾਗਤ ਲਾਜ ਨ ਲਾਗੈ। ਪੰ. ੯੦੩

ਫਿਰ

ਛਾਦਨੁ ਭੋਜਨੁ ਮਾਗਤ ਭਾਗੈ।
ਖੁਧਿਆ ਦੁਸਟ ਜਲੈ ਦੁਖ ਆਗੈ। ਪੰ. ੯੦੯

ਦੁਨੀਆਦਾਰੀ ਜੀਵਨ ਤਿਆਗ ਕੇ ਨੰਗੇ ਰਹਿਣ ਵਾਲੇ ਦਿਗੰਬਰਾਂ ਨੂੰ ਕਹਿੰਦੇ ਹਨ ਕਿ ਜੇ ਤੁਸੀਂ ਆਪ ਮਰੇ ਹੋ ਤਾਂ ਘਟ ਤੋਂ ਘਟ ਦੂਸਰਿਆਂ ਨੂੰ ਇਸ ਪ੍ਰਚਾਰ ਨਾਲ ਆਪਣੇ ਮਗਰ ਲਾ ਕੇ ਤਾਂ ਨਾ ਮਾਰੋ।

ਦਇਆ ਦਿਗੰਬਰ ਦੇਹ ਬੀਚਾਰੀ।
ਆਪਿ ਮਰੈ ਅਵਰਾ ਨਹ ਮਾਰੀ। ਪੰ. ੩੫੬

ਇਸ ਸਿਖਿਆ ਨੂੰ ਅਮਲੀ ਰੂਪ ਦੇਣ ਲਈ, ਖਾਸ ਤੌਰ ਉੱਤੇ ਗੁਰੂ ਅਮਰਦਾਸ, ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਨੇ ਗੋਇੰਦਵਾਲ, ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਵਸਾ ਕੇ ਲੋਕਾਂ ਲਈ ਰੋਜ਼ਗਾਰ ਦੇ ਅਵਸਰ ਪੈਦਾ ਕੀਤੇ। ਸ਼ਹਿਰ ਹਮੇਸ਼ਾ ਹੀ ਰੋਜ਼ਗਾਰ ਦੇ ਘਰ ਹੁੰਦੇ ਹਨ। ਫਿਰ ਸੰਗਤ ਰਾਹੀਂ ਇਕੱਤਰ ਕੀਤੀ ਮਾਇਆ ਨਾਲ ਕਈਆਂ ਨੂੰ ਵਾਹੀ ਲਈ ਜ਼ਮੀਨ, ਵਪਾਰ ਤੇ ਕਿਰਤ ਲਈ ਪੂੰਜੀ ਤੇ ਦੁਕਾਨਾਂ ਤੇ ਮਕਾਨ ਵੀ ਉਸਾਰ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਨੇ ਫੌਜੀ ਸਿੱਖਲਾਈ ਦੇ ਕੇ ਮਨਸਬਦਾਰੀ ਦੇ ਜ਼ਮਾਨੇ ਵਿਚ ਫ਼ੌਜੀ ਕਿੱਤੇ ਵਿਚ ਪੈਣ ਦਾ ਰਾਹ ਖੋਲ੍ਹ ਦਿੱਤਾ।

ਇਸ ਤਰ੍ਹਾਂ ਟਬਰਦਾਰੀ ਜੀਵਨ ਨੂੰ ਫਿਰ ਪੱਕੇ ਪੈਰਾਂ ਉੱਤੇ ਖੜਾ ਕਰਨ ਲਈ ਗੁਰੂ ਸਾਹਿਬਾਨ ਨੇ ਇਕ ਪਾਸੇ ਇਸਤ੍ਰੀ ਦੇ ਸਤਿਕਾਰ ਦੀ ਸਥਾਪਨਾ ਕੀਤੀ ਤੇ ਦੂਸਰੇ ਪਾਸੇ ਕਿਰਤ ਕਰਨ ਨੂੰ ਤਿਆਗ ਤੇ ਮੰਗ ਖਾਣ ਉੱਤੇ ਵਡਿਆਈ ਦੇ ਕੇ, ਸੰਗਤ ਰਾਹੀਂ ਰੋਜ਼ਗਾਰ ਵਧਾਣ ਦੇ ਅਵਸਰ ਵੀ ਪੈਦਾ ਕਰ ਦਿੱਤੇ।

ਯਾਦ ਰਹੇ ਕਿ ਵੰਡ ਛਕਣ ਦਾ ਕਦੀ ਵੀ ਭਾਵ ਮੰਗਤਿਆਂ, ਸਾਧੂ, ਭਿਕਸ਼ੂਆਂ ਤੇ ਸੰਨਿਆਸੀਆਂ ਆਦਿ ਵਿਹਲੜਾਂ ਦੀਆਂ ਜੋਕਾਂ ਪਾਲਨਾ ਨਹੀਂ, ਇਸ ਦਾ ਭਾਵ ਦੂਸਰਿਆਂ ਨੂੰ ਰੋਜ਼ਗਾਰ ਦੁਆਰਾ ਜਿਉਣ ਲਈ ਖੜਾ ਕਰਨਾ ਹੈ, ਜਿਵੇਂ ਗੁਰੂ ਸਾਹਿਬ ਕਰਦੇ ਰਹੇ।

(6)

ਸਮਾਜ ਉਸਾਰੀ ਤੇ ਸਮਾਜਿਕ ਯਕਜਹਿਤੀ ਦੇ ਪੱਖ ਤੋਂ ਲੰਗਰ, ਸੰਗਤ ਦਾ ਪੂਰਕ (complementary) ਤੇ ਪਰਸਪਰ ਸਹਾਇਕ ਸਾਬਤ ਹੋਇਆ ਹੈ। ਇਸੇ ਵਾਸਤੇ ਸਿੱਖ ਸਮਾਜ ਵਿਚ ਸੰਗਤ ਤੇ ਪੰਗਤ ਇਕੱਠੇ ਜੁੜੇ ਹੋਏ ਹਨ, ਨਹੀਂ ਸਗੋਂ ਸੰਗਤ ਤੋਂ ਵੀ ਪੰਗਤ ਨੂੰ ਤਰਜੀਹ ਦੇ ਕੇ 'ਪਹਿਲਾਂ ਪੰਗਤ ਤੇ ਫਿਰ ਸੰਗਤ' ਦੀ ਲੋਕੋਕਤੀ ਪ੍ਰਸਿੱਧ ਹੋ ਗਈ ਹੈ।

ਦੇਸ਼ ਵਿਚ ਜਾਤ ਪਾਤ ਕਾਰਣ ਛੂਆ ਛੂਤ ਦੇ ਭਿੱਟ ਨੂੰ ਧਰਮ ਦਾ ਅੰਗ ਸਮਝਦਿਆਂ ਹੋਇਆਂ ਇਸ ਨਾਲ ਲਾਗੂ ਕੀਤਾ ਹੋਇਆ ਸੀ ਕਿ ਨੀਵੀਂ ਜਾਤ ਵਾਲੇ ਲੋਕ ਹੱਦ ਦਰਜੇ ਦੀ ਜ਼ਿਲਤ ਤੇ ਨਿਰਾਦਰੀ ਦਾ ਜੀਵਨ ਬਤੀਤ ਕਰ ਰਹੇ ਸਨ। ਇਹ ਨਿਰਾਦਰੀ ਇਸ ਵਰਗ ਦੀ ਉਪਰਾਮਤਾ ਕਾਰਣ ਦੇਸ਼ ਦੀ ਕਮਜ਼ੋਰੀ ਦਾ ਕਾਰਣ ਬਣੀ ਹੋਈ ਸੀ। ਕੋਈ ਵੀ ਦੋ ਬੰਦੇ,

ਆਪਣੀ ਆਪਣੀ ਜਾਤੀ ਤੇ ਧਾਰਮਿਕ ਸ੍ਰੇਸ਼ਠਤਾ ਦੇ ਅਭਿਮਾਨ ਕਾਰਣ ਇਕੱਠੇ ਨਹੀਂ ਹੋ ਸਕਦੇ ਸਨ। ਬਾਬਰ ਹਿੰਦੁਸਤਾਨ ਦੀ ਫ਼ੌਜ ਨੂੰ ਪਾਨੀਪਤ ਦੀ ਲੜਾਈ ਵਿਚ ਜਿਤਣ ਦਾ ਇਕ ਵੱਡਾ ਕਾਰਣ ਇਹ ਦਸਦਾ ਹੈ ਕਿ ਜੋ ਲੋਕ ਇਕੱਠੇ ਰਲ ਕੇ ਖਾਣਾ ਨਹੀਂ ਖਾ ਸਕਦੇ, ਉਹ ਇਕੱਠੇ ਰਲ ਕੇ ਲੜ ਕਿਵੇਂ ਸਕਦੇ ਹਨ। ਜੇ ਉੱਚੀ ਜਾਤ ਵਾਲਿਆਂ ਵਲੋਂ ਨੀਵੀਂ ਜਾਤ ਵਾਲਿਆਂ ਦੀ ਨਿਰਾਦਰੀ ਨੂੰ ਧਰਮ ਮਾਨਤਾ ਦਿੰਦਾ ਹੋਵੇ ਤਾਂ ਇਸ ਸਮਾਜਿਕ ਕਮਜ਼ੋਰੀ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ। ਭਾਵੇਂ ਭਗਤ ਕਬੀਰ ਨੇ ਬੜੇ ਜ਼ੋਰਦਾਰ ਤੇ ਕਾਟਵੀਂ ਦਲੀਲ ਭਰੇ ਸ਼ਬਦਾਂ ਵਿਚ ਕਿਹਾ ਹੈ :

ਤੁਮ ਕਤ ਬ੍ਰਾਹਮਣ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ।

ਤੇ ਫਿਰ ਇਥੇ ਤਕ ਕਹਿਣ ਤਕ ਗਏ ਹਨ :

ਜੋ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀਂ ਆਇਆ। ਪੰ. ੩੨੪

ਪਰ ਇਨ੍ਹਾਂ ਗੱਲਾਂ ਨਾਲ ਲੋਕਾਂ ਦੀਆਂ ਹੱਡਾਂ ਵਿਚ ਰਚ ਚੁੱਕੀ ਤੇ ਅਮਲੀ ਜੀਵਨ ਵਿਚ ਘਰ ਕਰ ਚੁੱਕੀ ਇਹ ਬੀਮਾਰੀ ਖ਼ਤਮ ਨਹੀਂ ਸੀ ਹੋ ਸਕਦੀ। ਗੁਰੂ ਸਾਹਿਬਾਨ ਨੇ ਸੰਗਤ ਵਿਚ ਹਰ ਜਾਤੀ ਤੇ ਹਰ ਵਰਗ ਦੇ ਬੰਦਿਆਂ ਨੂੰ ਇਕੱਠਿਆਂ ਇਕ ਦੂਸਰੇ ਦੇ ਨਾਲ ਹੋ ਕੇ ਬੈਠਣ ਦੀ ਪ੍ਰਿਤ ਤਾਂ ਪਾਈ ਹੀ ਪਰ ਇਸ ਭਿੱਟ ਦੀ ਬੀਮਾਰੀ ਨੂੰ ਜੜ੍ਹੋਂ ਪੁੱਟਣ ਲਈ ਲੰਗਰ ਦੀ ਪ੍ਰਥਾ ਚਾਲੂ ਕਰਕੇ ਇਕ ਪ੍ਰਕਾਰ ਦਾ ਵੱਡਾ ਅਪ੍ਰੇਸ਼ਨ ਕਰ ਦਿੱਤਾ। ਸਭ ਵਰਗਾਂ ਦੇ ਲੋਕਾਂ ਨੂੰ ਉਸ ਸਮੇਂ ਇਕੱਠਿਆਂ ਇਕੋ ਸੰਗਤ ਵਿਚ ਬਿਠਾ ਕੇ ਇਕੋ ਜਿਹਾ ਖਾਣਾ ਖਵਾ ਸਕਣਾ, ਉਸ ਸਮੇਂ ਇਕ ਮਹਾਨ ਸਮਾਜਿਕ ਇਨਕਲਾਬ ਸੀ। ਗੁਰੂ ਅਮਰਦਾਸ ਨੇ ਤਾਂ ਇਸ ਨੂੰ ਇੰਨੀ ਤਕੜਾਈ ਨਾਲ ਲਾਗੂ ਕੀਤਾ ਕਿ ਉਨ੍ਹਾਂ ਵੇਲੇ ਕਿਸੇ ਨੂੰ ਸੰਗਤ ਵਿਚ ਆਉਣ ਦੀ ਆਗਿਆ ਨਹੀਂ ਸੀ ਜਦ ਤਕ ਉਹ ਲੰਗਰ ਨਾ ਛਕ ਲਵੇ, ਭਾਵੇਂ ਉਹ ਸ਼ਹਿਨਸ਼ਾਹ ਹਿੰਦ ਅਕਬਰ ਮਹਾਨ ਹੀ ਕਿਉਂ ਨਾ ਹੋਵੇ।

ਇਸ ਦੇ ਨਾਲ ਹੀ ਪੰਗਤ ਤੇ ਸੰਗਤ, ਖ਼ਾਸ ਕਰਕੇ ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਵਲੋਂ ਗੋਇੰਦਵਾਲ ਤੇ ਅੰਮ੍ਰਿਤਸਰ ਵਸਾਏ ਜਾਣ ਵੇਲੇ ਕ੍ਰਿਤੀਆਂ, ਕਾਮਿਆਂ, ਕਾਫ਼ਲੇ, ਵਾਲਿਆਂ ਤੇ ਵਪਾਰੀਆਂ ਦੇ ਹੁੰਡੀਆ ਤਾਰਨ ਵਾਲਿਆਂ (bankers) ਦੇ ਆਪਸ ਵਿਚ ਮੇਲ, ਵਿਸ਼ਵਾਸ ਤੇ ਭਰੋਸੇ ਦਾ ਵਸੀਲਾ ਬਣੇ। ਪੰਗਤ ਤੇ ਸੰਗਤ ਉਸ ਸਮੇਂ ਇਕ ਰਿਆਲਟੋ (Rialto) ਦਾ ਕੰਮ ਵੀ ਕਰਨ ਲੱਗ ਪਏ। ਇਕ ਤਾਂ ਇਕੱਠਿਆਂ ਬੈਠ ਕੇ ਖਾਣ ਨਾਲ ਇਕ ਦੂਸਰੇ ਗੁਰੂ ਉੱਤੇ ਭਰੋਸਾ ਵਿਸ਼ਵਾਸ ਤੇ ਸਹਿਮਤੀ (understanding) ਪੈਦਾ ਹੁੰਦੀ ਹੈ, ਦੂਸਰੇ ਗੁਰੂ ਉੱਤੇ ਉਨ੍ਹਾਂ ਦਾ ਸਾਂਝਾ ਵਿਸ਼ਵਾਸ ਤੇ ਭਰੋਸਾ ਜੋ ਸੰਗਤ ਵਿਚ ਉਪਜਦਾ ਸੀ, ਭਾਵੁਕ ਤੌਰ ਉੱਤੇ ਆਪਣੇ ਆਪ ਇਸ ਦਾ ਜ਼ਾਮਨ ਹੁੰਦਾ ਸੀ। ਇਸੇ ਭਰੋਸੇ ਤੇ ਗੁਰੂ ਦੀ ਭਾਵੁਕ ਜ਼ਾਮਨੀ ਕਰਕੇ ਗੁਰੂ ਨੂੰ ਸੱਚਾ ਪਾਤਸ਼ਾਹ ਵੀ ਆਖਦੇ ਸਨ।

(7)

ਸਮਾਜ ਵਿਗਿਆਨੀਆਂ ਦੀ ਇਹ ਮੰਨੀ-ਪ੍ਰਮੰਨੀ ਧਾਰਣਾ ਹੈ ਕਿ ਸਮਾਜ ਦਾ ਸਭ ਤੋਂ ਉਚੇਰਾ ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਅੰਗ ਰਾਜਨੀਤੀ ਹੁੰਦਾ ਹੈ। ਰਾਜ ਸਤਿਆ ਹਮੇਸ਼ਾਂ ਹੀ

ਆਪਣੇ ਨਾਲ ਲੋਕਾਂ ਦੇ ਜੀਵਨ, ਉਨ੍ਹਾਂ ਦੀ ਰਹਿਣੀ ਬਹਿਣੀ, ਕ੍ਰਿਤ ਵਿਹਾਰ, ਸਮਾਜੀ ਜੀਵਨ, ਬੋਲੀ ਤੇ ਸਭਿਆਚਾਰ ਨੂੰ ਹੋਰ ਸਭ ਕਾਰਨਾਂ ਨਾਲੋਂ ਜਿਆਦਾ ਜ਼ੋਰਦਾਰ ਢੰਗ ਨਾਲ ਪ੍ਰਭਾਵਤ ਕਰਦੀ ਹੈ। ਜ਼ਿੰਦਗੀ ਦੇ ਹਰ ਪਹਿਲੂ ਤੇ ਹਰ ਪੱਖ ਨੂੰ ਆਪਣੀ ਨੀਤੀ ਅਨੁਸਾਰ ਮੋੜ ਦਿੰਦੀ ਹੈ।

ਦੂਸਰੇ ਪਾਸੇ ਅਸੀ ਉਪਰ ਦਸ ਆਏ ਹਾਂ ਕਿ ਧਰਮ, ਮਨੁੱਖ ਦੀ ਸੋਚਣੀ ਨੂੰ ਖਾਸ ਸੰਚੇ ਵਿਚ ਢਾਲ ਕੇ, ਉਸ ਦਾ ਜੀਵਨ ਪ੍ਰਤੀ ਰਵੱਈਆ (attitude towards life) ਬਣਾਉਂਦਾ ਹੈ ਤੇ ਜ਼ਿੰਦਗੀ ਦੇ ਸਾਰੇ ਪਹਿਲੂਆਂ ਨੂੰ ਸੇਧ ਦਿੰਦਾ ਹੈ। ਇਸ ਲਈ ਧਰਮ ਤੇ ਰਾਜਨੀਤੀ ਦਾ ਸੁਮੇਲ ਮਨੁੱਖ ਨੂੰ ਸੁਚੱਜੇ ਤੇ ਸੰਤੁਲਤ ਜੀਵਨ ਵਲ ਲੈ ਜਾਵੇਗਾ, ਇਨ੍ਹਾਂ ਦਾ ਟਕਰਾਉ ਮਨੁੱਖ ਦੇ ਸਾਰੇ ਜੀਵਨ, ਨਿੱਜੀ ਟਬਰਦਾਰੀ, ਆਰਥਿਕ ਤੇ ਸਮਾਜੀ ਜੀਵਨ ਵਿਚ ਉਥਲ ਪੁਥਲ ਪੈਦਾ ਕਰ ਦੇਵੇਗਾ ਤੇ ਸਾਰੀ ਜ਼ਿੰਦਗੀ ਬੇਮੇਲ ਤੇ ਬੇਤਾਲ (out of gear and out of tune) ਹੋ ਜਾਵੇਗੀ। ਖ਼ਾਸ ਤੌਰ ਉੱਤੇ ਜੇਕਰ ਰਾਜਸੀ ਨੀਤੀ ਧਰਮ ਦੀ ਬਿਨਾ ਉੱਤੇ ਵੱਖਰੇ ਲੋਕਾਂ ਨਾਲ ਵਿਤਕਰੇ ਦੀ ਭਾਵਨਾ ਨਾਲ ਉਲੀਕੀ ਗਈ ਹੋਵੇ ਤਾਂ ਆਰਥਿਕ, ਸਮਾਜਿਕ ਤੇ ਸਭਿਆਚਾਰਕ ਸੁਧਾਰਾਂ ਦੀ ਆੜ ਹੇਠਾਂ ਐਸੇ ਹੁਕਮ ਲਾਗੂ ਕਰਦੀ ਹੈ, ਐਸੈ ਕਾਨੂੰਨ ਬਣਾਉਂਦੀ ਹੈ, ਜੋ ਗੁਝੇ ਰੂਪ ਵਿਚ ਤੇ ਕਈ ਵਾਰੀ ਪ੍ਰਤੱਖ ਉਘੜੇ ਹੋਏ ਤੇ ਨੰਗੇ ਰੂਪ ਵਿਚ, ਦੂਸਰੇ ਧਰਮ ਵਾਲਿਆਂ ਦਾ ਸਭਿਆਚਾਰ ਖ਼ਤਮ ਕਰ ਦਿੰਦੀ ਹੈ, ਉਨ੍ਹਾਂ ਦਾ ਨੈਤਿਕ ਪਤਨ ਕਰ ਦਿੰਦੀ ਹੈ ਤੇ ਉਸ ਧਰਮ ਦੇ ਖ਼ਾਤਮੇ ਦੇ ਅਵਸਰ ਪੈਦਾ ਕਰ ਦਿੰਦੀ ਹੈ।

ਮਧਕਾਲੀਨ ਸਮੇਂ ਵਿਚ ਇਸਲਾਮੀ ਰਾਜ ਨੇ ਕੁਝ ਇਸੇ ਤਰ੍ਹਾਂ ਦੀ ਨੀਤੀ ਲਾਗੂ ਕੀਤੀ ਹੋਈ ਸੀ ਤੇ ਗ਼ੈਰ ਮੁਸਲਿਮ ਜਨਤਾ, ਖ਼ਾਸ ਕਰਕੇ ਹਿੰਦੂ ਜਨਤਾ ਇਸ ਦਾ ਸ਼ਿਕਾਰ ਹੋ ਕੇ ਪੀਸੀ ਜਾ ਰਹੀ ਸੀ।

ਗੁਰੂ ਨਾਨਕ ਦੇਵ ਤੋਂ ਪਹਿਲਾਂ ਕਿਸੇ ਵੀ ਭਗਤ ਨੇ ਇਸ ਅਨਿਆ ਨੂੰ ਨਹੀਂ ਗਉਲਿਆ, ਕਿਉਂਕਿ ਉਨ੍ਹਾਂ ਲਈ ਧਰਮ ਇਕ ਵਿਅਕਤੀਗਤ ਲਕਸ਼ ਹੀ ਸੀ। ਗੁਰੂ ਨਾਨਕ ਦੇਵ ਨੇ ਧਰਮ ਨੂੰ ਸਮਾਜਿਕ ਲਕਸ਼ ਬਣਾਂਦਿਆਂ ਹੋਇਆਂ, ਸਮਾਜ ਦੇ ਇਸ ਰਾਜਨੀਤੀ ਦੇ ਅੰਗ ਨੂੰ ਵੀ ਆਪਣੀ ਧਾਰਣਾ ਅਨੁਸਾਰ ਸੇਧ ਦੇਣ ਦਾ ਉਪਰਾਲਾ ਕੀਤਾ। ਇਸਲਾਮੀ ਰਾਜ ਵਲੋਂ ਹੋ ਰਹੀ ਇਸ ਬੇਇਨਸਾਫੀ ਤੇ ਇਸ ਸਭਿਆਚਾਰਕ ਹਮਲੇ ਦੇ ਗੁਝੇ ਤੇ ਪ੍ਰਤੱਖ ਰੂਪਾਂ ਤੋਂ ਲੋਕਾਂ ਨੂੰ ਜਾਣੂ ਕਰਵਾਣ ਤੇ ਝੰਜੋੜਨ ਅਤੇ ਇਸ ਹਮਲੇ ਤੋਂ ਬਚਣ ਲਈ ਮਾਨਸਿਕ ਤਿਆਰੀ ਕੇਵਲ ਸੰਗਤ ਰਾਹੀਂ ਹੀ ਹੋ ਸਕਦੀ ਸੀ, ਖ਼ਾਸ ਤੌਰ ਉੱਤੇ ਇਸ ਸਮੇਂ ਜਦੋਂ ਲੋਕ ਸੰਪਰਕ ਦਾ ਹੋਰ ਕੋਈ ਸਾਧਨ ਨਹੀਂ ਸੀ, ਲੋਕ ਅਨਪੜ੍ਹ ਸਨ ਤੇ ਸਰਕਾਰ ਦੀ ਨਿਗਰਾਨੀ ਬੜੀ ਕਰੜੀ ਸੀ। ਯਾਦ ਰਹੇ ਕਿ ਮਾਨਸਿਕ ਜਾਗ੍ਰਿਤੀ, ਆਪਣੇ ਆਪ ਵਿਚ ਐਸੀ ਤਾਕਤ ਹੈ, ਜੋ ਕਿਸੇ ਵੀ ਹੱਲੇ ਨੂੰ ਰੋਕਣ ਲਈ, ਉਸ ਦਾ ਟਾਕਰਾ ਕਰਨ ਲਈ, ਇਕ ਬੜੀ ਵੱਡੀ ਤੇ ਅਥਾਹ ਤਾਕਤ ਹੁੰਦੀ ਹੈ ਤੇ ਇਹ ਤਾਕਤ ਸੰਗਤ ਵਿਚ ਉਸਾਰੀ ਜਾ ਸਕਦੀ ਹੈ। ਸੰਗਤ ਵਿਚ ਉਸਾਰੀ ਤਾਕਤ ਸਵੈ-ਰੱਖਿਆ ਤੇ ਨਿਰਭਉ ਹੀ ਹੋਵੇਗੀ, ਨਿਰਵੈਰ ਹੋਣ ਕਰਕੇ ਇਸ ਦਾ ਨਿਸ਼ਾਨਾ ਵਿਰੋਧ ਨਹੀਂ, ਸਵੈ-ਰੱਖਿਆ ਹੀ ਹੋਵੇਗਾ। ਆਕ੍ਰਮਣ (aggression) ਕਦੀ ਨਹੀਂ ਹੋਵੇਗਾ।

ਇਸ ਮਾਰੂ ਸਭਿਆਚਾਰਕ ਹਮਲੇ ਦਾ ਬਹੁਤ ਤਿਖੀ ਤੇ ਡੂੰਘੀ ਮਾਰ ਕਰਨ ਵਾਲਾ ਢੰਗ ਲੋਕਾਂ ਦੀ ਬੋਲੀ ਨੂੰ ਬਦਲ ਦੇਣਾ ਹੁੰਦਾ ਹੈ, ਕਿਉਂਕਿ ਬੋਲੀ ਲੋਕਾਂ ਦੇ ਸਭਿਆਚਾਰ ਦਾ

ਆਧਾਰ ਹੁੰਦੀ ਹੈ, ਇਸ ਦੀ ਜੀਵਨ ਸਤਿਆ ਹੁੰਦੀ ਹੈ। ਬੋਲੀ ਸਭਿਆਚਾਰ ਨੂੰ ਆਪਣੀ ਪਿੱਠ ਉੱਤੇ ਚੁੱਕੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਬਿਨਾਂ ਕਿਸੇ ਉਚੇਚ ਦੇ, ਸੁਤੇ ਹੀ ਪਹੁੰਚਾਂਦੀ ਰਹਿੰਦੀ ਹੈ। ਬੋਲੀ ਦਾ ਰੰਗ ਰੂਪ ਬਦਲਣ ਨਾਲ਼ ਸਭਿਆਚਾਰ ਵਿਚ ਸਿਲਵਟਾਂ ਪੈ ਜਾਂਦੀਆਂ ਹਨ ਤੇ ਅਖ਼ੀਰ ਉਹ ਤਿੜਕ ਕੇ ਤਬਾਹ ਹੋ ਜਾਂਦਾ ਹੈ। ਮਧਕਾਲੀਨ ਸਮੇਂ ਵਿਚ ਇਸਲਾਮੀ ਰਾਜ ਸਤਿਆ ਵਲੋਂ ਬੋਲੀ ਉੱਤੇ ਹੋਏ ਇਸ ਹਮਲੇ ਵਲੋਂ ਗੁਰੂ ਨਾਨਕ ਦੇਵ ਲੋਕਾਂ ਨੂੰ ਚੇਤੰਨ ਕਰਦੇ ਹੋਏ ਵੰਗਾਰਦੇ ਹਨ ਤੇ ਨਾਲ ਹੀ ਸਭਿਆਚਾਰ ਦੇ ਪਲਟਣ ਦਾ ਵਰਣਨ ਕਰਦੇ ਹਨ :

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।
ਦੇਵਲ ਦੇਵਤਿਆਂ ਕਰ ਲਾਗਾ ਐਸੀ ਕੀਰਤਿ ਚਾਲੀ।
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
ਘਰ ਘਰ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ। ਪੰ. ੧੧੯੧

ਰਾਜਨੀਤਿਕ ਸਤਿਆ ਦੀ ਨੀਤੀ ਦੇ ਪ੍ਰਭਾਵ ਨਾਲ ਕੇਵਲ ਬੋਲੀ ਹੀ ਨਹੀਂ ਬਦਲੀ, ਸਗੋਂ ਲੋਕਾਂ ਦਾ ਪਹਿਰਾਵਾ ਤੇ ਘਰੇਲੂ ਗੱਲ ਬਾਤ ਦਾ ਢੰਗ ਵੀ ਬਦਲ ਗਿਆ। ਹਿੰਦੂ ਬੁਧੀਜੀਵੀ ਬ੍ਰਾਹਮਣਾਂ ਦੀ ਬਾਜ਼ੀ ਮਾਤ ਪੈ ਗਈ ਤੇ ਸੇਖ਼ ਪ੍ਰਧਾਨ ਹੋ ਗਏ (ਕਿਉਂਕਿ ਹਿੰਦੂ ਬੁਧੀਜੀਵੀ ਬ੍ਰਾਹਮਣ, ਸਰਕਾਰੀ ਬੋਲੀ ਵਿਚ ਪ੍ਰਵੀਣ ਨਹੀਂ ਸਨ)। ਫਿਰ ਧਰਮ ਨੂੰ ਮਾਰਨ ਲਈ ਦੇਵੀ ਦੇਵਤਿਆਂ ਉੱਤੇ ਟੈਕਸ ਲੱਗ ਗਏ, ਤੀਰਥਾਂ ਉੱਤੇ ਜਜ਼ੀਆ ਲੱਗ ਗਿਆ। ਰਾਜਨੀਤਿਕ ਸਤਿਆ ਨੇ ਦੂਸਰੇ ਧਰਮ ਨੂੰ ਅੰਦਰੋਂ ਅੰਦਰ ਖ਼ਤਮ ਕਰਨ ਦੇ ਅਵਸਰ ਆਪਣੀ ਨੀਤੀ ਦੁਆਰਾ ਪੈਦਾ ਕਰ ਦਿੱਤੇ।

ਰਾਜਸੀ ਬੋਲੀ ਫ਼ਾਰਸੀ ਲਾਗੂ ਕਰਕੇ ਇਸ ਦੁਆਰਾ ਸਮਾਜਿਕ ਆਚਰਣ ਬਦਲਣ ਦੇ ਇਕ ਹੋਰ ਕਾਰਗਰ ਢੰਗ ਜੋ ਕੇਵਲ ਰਾਜ ਸਤਿਆ ਹੀ ਲਾਗੂ ਕਰ ਸਕਦੀ ਹੈ, ਦਾ ਜ਼ਿਕਰ ਗੁਰੂ ਨਾਨਕ ਦੇਵ ਕਰਦੇ ਹਨ :

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ। ਪੰ. ੬੬੩

ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਰਾਜਨੀਤੀ ਕਿਵੇਂ ਸਭਿਆਚਾਰ ਨੂੰ ਪਲਟਾ ਦੇ ਜਾਂਦੀ ਹੈ। ਖਤਰੀਆਂ ਦਾ ਧਰਮ ਤੇ ਚਿਰਕਾਲ ਤੋਂ ਕਿੱਤਾ ਸਿਪਾਹਗਿਰੀ ਸੀ ਤੇ ਇਹ ਲੋਕਾਂ ਦੀ ਰੱਖਿਆ ਲਈ ਜੂਝਦੇ ਆਏ ਸਨ, ਜਿਸ ਕਰਕੇ ਜੁਝਾਰੂ ਪ੍ਰਸਿੱਧ ਸਨ। ਪਰ ਸਮੇਂ ਦੀ ਸਰਕਾਰ ਨੇ ਦੇਸ਼ ਦੇ ਇਨ੍ਹਾਂ ਰਾਖਿਆਂ ਨੂੰ ਖ਼ਤਮ ਕਰਨ ਤੇ ਨਿਪੁੰਸਕ ਬਣਾਨ ਲਈ ਇਸ ਕਿੱਤੇ ਤੋਂ ਬਿਲਕੁਲ ਬੇਦਖ਼ਲ ਤੇ ਵਰਜਿਤ ਕਰ ਦਿੱਤਾ, ਤਾਕਿ ਹਿੰਦੁਸਤਾਨੀ ਸਮਾਜ ਦੀ ਰੱਖਿਆ ਦੀ ਇਹ ਬਾਂਹ ਬਿਲਕੁਲ ਮਾਰੀ (paralyse) ਜਾਵੇ। ਬੇਕਾਰ ਹੋਏ ਇਹ ਲੋਕ ਕੀ ਕਰਨ ? ਬੇਕਾਰ ਹੋਏ ਇਹ ਜੁਝਾਰੂ ਲੋਕ, ਮਲੇਛ ਭਾਖਿਆ, ਫ਼ਾਰਸੀ ਪੜ੍ਹਕੇ ਸਰਕਾਰੀ ਨੌਕਰੀਆਂ ਕਰਨ ਲਗੇ ਤੇ ਇਹ ਜੋਧਿਆਂ ਦੀ ਕੁਲ ਦੇ ਲੋਕ ਮੁਨਸ਼ੀ, ਮਨੀਮ, ਪਟਵਾਰੀ, ਕਾਨੂੰਗੋ ਤੇ ਦੀਵਾਨ ਬਣ ਕੇ ਰਹਿ ਗਏ। ਕੁਝ ਪੀੜ੍ਹੀਆਂ ਵਿਚ ਹੀ ਇਨ੍ਹਾਂ ਦਾ ਜੁਝਾਰ ਤੇ ਜੋਧੇ ਹੋਣ ਦਾ ਲੱਛਣ (ਧਰਮ) ਖ਼ਤਮ ਹੋ ਗਿਆ। ਇਸ ਤਰ੍ਹਾਂ ਇਸ ਸਮਾਜਿਕ ਜੁੱਟ (ethnic group) ਦੀ ਕਾਇਆ ਕਲਪ ਹੀ ਹੋ ਗਈ।

ਫਿਰ ਕਿਸੇ ਵੀ ਸਮਾਜ ਦੇ ਜਿੰਦਾ ਰਹਿਣ ਤੇ ਤਰੱਕੀ ਕਰਨ ਦੇ ਦੋ ਪ੍ਰਮੁੱਖ ਅੰਗ ਹੁੰਦੇ ਹਨ—ਬੁਧੀ ਜੀਵੀ ਤੇ ਆਰਥਿਕ ਆਧਾਰ। ਇਨ੍ਹਾਂ ਨੂੰ ਸਮਾਜ ਦੀਆਂ ਲੱਤਾਂ ਕਹਿ ਸਕਦੇ ਹਾਂ, ਜਿਨ੍ਹਾਂ ਸਹਾਰੇ ਇਹ ਟੁਰਦਾ ਤੇ ਜਿਨ੍ਹਾਂ ਦੇ ਤਾਕਤਵਰ ਹੋਣ ਨਾਲ ਦੌੜ ਸਕਦਾ ਹੈ। ਹਿੰਦੂ

ਸਮਾਜ ਦੇ ਇਹ ਅੰਗ ਸਨ—ਬੁਧੀ ਜੀਵੀ ਬ੍ਰਾਹਮਣ ਤੇ ਆਰਥਿਕ ਆਧਾਰ—ਗਊ ਜੋ ਕਿ ਖੇਤੀਬਾੜੀ ਦਾ ਧੁਰਾ ਸੀ। ਇਨ੍ਹਾਂ ਦੋਹਾਂ ਨੂੰ ਟੈਕਸ ਦੁਆਰਾ ਖ਼ਤਮ ਕਰਕੇ ਸਮਾਜ ਨੂੰ ਗੋਬਰ ਦੀ ਨਿਆਈ ਥੋਥਾ ਕੀਤਾ ਜਾ ਰਿਹਾ ਸੀ। ਕੁਝ ਸਦੀਆਂ ਦੀ ਇਸ ਮਾਰ ਦਾ ਸਦਕਾ, ਧੋਤੀ ਤੇ ਟਿੱਕੇ ਦੀ ਪਵਿੱਤ੍ਰਤਾ ਵਾਲਾ ਇਹ ਬੁਧੀ ਜੀਵੀ-ਬ੍ਰਾਹਮਣ ਆਪਣੀ ਉਦਰ ਪੂਰਣਾ ਵਾਸਤੇ ਮਲੇਛਾਂ ਅੱਗੇ ਵਿਕ ਰਿਹਾ ਸੀ। ਉਹ ਡਰਦਾ ਮਾਰਾ ਆਪਣੇ ਪੂਜਾ ਪਾਠ ਦੇ ਕਰਤੱਵ ਨੂੰ ਵੀ ਅੰਦਰ ਵੜ ਕੇ ਲੁਕ ਛੁਪ ਕੇ ਨਿਬਾਹ ਰਿਹਾ ਸੀ, ਉਪਰੋਂ ਤੁਰਕਾਂ ਦੀ ਰਹਿਣੀ ਬਹਿਣੀ ਤੇ ਇਸਲਾਮੀ ਕਿਤਾਬ—ਕੁਰਆਨ ਪੜ੍ਹਣ ਦਾ ਦਿਖਾਵਾ ਕਰ ਰਿਹਾ ਸੀ।

ਗਊ ਬਿਰਾਹਮਣ ਕਉ ਕਰ ਲਾਵਹੁ ਗੋਬਰਿ ਤਰਣੁ ਨ ਜਾਈ।
ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ ਖਾਈ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ। (ਆਸਾ ਦੀ ਵਾਰ)

ਗੁਰੂ ਨਾਨਕ ਦੇਵ ਜੀ ਨੇ ਇਸ ਪਖੰਡ ਨੂੰ ਛੱਡਣ ਲਈ ਵੰਗਾਰ ਪਾਈ।

ਫਿਰ ਹੁਕਮਰਾਨ ਟੋਲੇ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ, ਹਿੰਦੂ ਲੋਕ, ਬ੍ਰਾਹਮਣਾਂ ਸਮੇਤ, ਉਨ੍ਹਾਂ ਦਾ ਪਹਿਰਾਵਾ ਧਾਰਣ ਕਰ ਰਹੇ ਸਨ ਤੇ ਉਨ੍ਹਾਂ ਦੀ ਮਾਨਸਿਕ ਗਿਰਾਵਟ ਇੱਥੋਂ ਤਕ ਆ ਗਈ ਸੀ ਕਿ ਭਾਵੇਂ ਉਹ ਮੁਸਲਮਾਨਾਂ ਨੂੰ ਮਲੇਛ ਕਹਿੰਦੇ ਸਨ ਅਤੇ ਆਪਣੇ ਚੌਕੇ ਦੀ ਸੁੱਚੇਪਣ ਤੇ ਭਿੱਟ ਦਾ ਦਿਖਾਵਾ ਕਰਦੇ ਸਨ, ਪਰ ਇਸਲਾਮੀ ਧਾਰਮਿਕ ਢੰਗ ਨਾਲ ਕਲਮਾ ਪੜ੍ਹਕੇ ਤਿਆਰ ਕੀਤਾ ਕੁੱਠਾ ਖਾਣ ਲੱਗ ਪਏ।

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।
ਮਲੇਛ ਧਾਨੁ ਲੇ ਪੂਜਹਿ ਪੁਰਾਣੁ।
ਅਭਾਖਿਆ ਕਾ ਕੁਠਾ ਬਕਰਾ ਖਾਣਾ।
ਚਉਕੇ ਉਪਰਿ ਕਿਸੈ ਨ ਜਾਣਾ।
ਦੇ ਕੈ ਚਉਕਾ ਕਢੀ ਕਾਰ।
ਉਪਰਿ ਆਇ ਬੈਠੇ ਕੂੜਿਆਰ।
ਮਤੁ ਭਿਟੈ ਵੇ ਮਤੁ ਭਿਟੈ।
ਇਹੁ ਅੰਨੁ ਅਸਾਡਾ ਫਿਟੈ। (ਆਸਾ ਦੀ ਵਾਰ)

ਜੇਕਰ ਲੋਕਾਂ ਦਾ ਆਰਥਿਕ ਆਧਾਰ ਤੋੜ ਦਿੱਤਾ ਜਾਵੇ, ਬੁਧੀ ਜੀਵੀਆਂ ਦੀ ਜ਼ਮੀਰ ਖ਼ਤਮ ਕਰਕੇ ਉਨ੍ਹਾਂ ਨੂੰ ਮੁਥਾਜ ਬਣਾ ਕੇ ਖਰੀਦ ਲਿਆ ਜਾਵੇ ਤੇ ਜੋਧਿਆਂ ਨੂੰ ਨਿਪੁੰਸਕ ਬਣਾ ਦਿੱਤਾ ਜਾਵੇ ਤਾਂ ਉਹ ਲੋਕ ਕਿਵੇਂ ਜ਼ਿੰਦਾ ਰਹਿ ਸਕਦੇ ਹਨ। ਮਧਕਾਲੀਨ ਸਮੇਂ ਦੀ ਇਸਲਾਮੀ ਰਾਜਨੀਤਿਕ ਸੱਤਾ ਨੇ ਹਿੰਦੂ ਧਰਮ ਨੂੰ ਖ਼ਤਮ ਕਰਨ ਲਈ ਇਹ ਸਾਰੇ ਢੰਗ ਇਕੋ ਵਾਰ ਇਕੱਠੇ ਹੀ ਲਾਗੂ ਕੀਤੇ ਹੋਏ ਸਨ। ਇਸ ਗੁਝੀ ਮਾਰ ਨਾਲ ਹਿੰਦੂ ਸਭਿਆਚਾਰ ਤੇ ਸਮਾਜ ਰਾਜਨੀਤੀ ਦੇ ਦਬਾਉ ਹੇਠਾਂ ਖ਼ਤਮ ਹੋ ਰਿਹਾ ਸੀ, ਜਿਸ ਨੂੰ ਖ਼ਤਮ ਕਰਨ ਲਈ ਨੰਗੇ ਰੂਪ ਵਿਚ ਵੀ ਆਮ ਕਤਲੋ ਗ਼ਾਰਤ ਤੇ ਲੁੱਟ ਮਾਰ ਵੀ ਕਰਵਾਈ ਤੇ ਕੀਤੀ ਜਾ ਰਹੀ ਸੀ।

ਦੂਸਰੇ ਪਾਸੇ ਲੋਕ ਹਕੂਮਤ ਤੇ ਰੋਅਬ ਦੇ ਦਬਦਬੇ ਹੇਠਾਂ, ਆਪਣੇ ਸਭਿਆਚਾਰ ਤੇ ਧਾਰਮਿਕ ਕਰਤੱਵ ਨੂੰ ਪਿਛੋਕੜ ਵਿਚ ਸੁੱਟ ਹਕੂਮਤ ਦੀ ਖ਼ੁਸ਼ਨੂਦੀ ਹਾਸਲ ਕਰਨ ਤੇ ਜ਼ਾਤੀ ਲਾਭ ਲਈ ਹਕੂਮਤ ਦਾ ਸਭਿਆਚਾਰ ਆਪਣਾਂਦੇ ਹੋਏ ਹੌਲੀ ਹੌਲੀ ਉਸਦਾ ਧਰਮ ਵੀ ਅਪਣਾ

ਰਹੇ ਹਨ।

ਰਾਜਨੀਤੀ ਦੁਆਰਾ ਧਰਮ ਉੱਤੇ ਆਧਾਰਿਤ ਹਿੰਦੂ ਸਭਿਆਚਾਰ ਨੂੰ ਖ਼ਤਮ ਹੁੰਦਾ ਤੇ ਇਸ ਦੀ ਪੱਤ ਲਹਿੰਦੀ ਦੇਖ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਇਸ ਤੋਂ ਸੁਚੇਤ ਕਰਨ ਲਈ ਸੰਗਤ ਵਿਚ ਇਸ ਦੀ ਆਮ ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੀ ਬਾਣੀ ਆਸਾ ਦੀ ਵਾਰ ਦੇ ਕੀਰਤਨ ਦੁਆਰਾ ਇਹ ਚਰਚਾ ਸੰਗਤ ਵਿਚ ਅੱਜ ਵੀ ਹਰ ਰੋਜ਼ ਦੁਹਰਾਈ ਜਾਂਦੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੇ ਹਕੂਮਤ ਕਰਨ ਵਾਲਿਆਂ ਵਿਚ ਵੱਧ ਰਹੀਆਂ ਕੁਰੀਤੀਆਂ —ਰੱਤ ਪੀਣੇ ਰਾਜਿਆਂ, *'ਰਾਜੇ ਸੀਹ ਮੁਕਦਮ ਕੁਤਿਆ'*, *'ਕਾਜ਼ੀ ਹੋਏ ਰਿਸ਼ਵਤੀ'*, *'ਵਢੀ ਲੈ ਕੇ ਹੱਕ ਗਵਾਹੀ'*, ਪੈਸੇ ਲੈ ਕੇ ਸ਼ਰਾਹ ਨੂੰ ਬਦਲਣ ਵਾਲੇ ਮੁਨਸਫ਼ਾਂ, ਕੁਤਿਆਂ ਵਾਂਗ ਲੋਕਾਂ ਦਾ ਰੱਤ ਪਿੱਤ ਚੱਟ ਜਾਣ ਵਾਲੇ ਹਾਕਮਾਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਭੰਡ ਕੇ ਲੋਕਾਂ ਵਿਚ ਵੱਧ ਰਹੇ ਉਨ੍ਹਾਂ ਦੇ ਡਰ ਤੇ ਰੋਅਬ ਨੂੰ ਖ਼ਤਮ ਕਰਨ ਦਾ ਜਿਵੇਂ ਬੀੜਾ ਹੀ ਚੁੱਕ ਲਿਆ ਹੋਵੇ।

ਇਹ ਸਾਰਾ ਪਰਚਾਰ ਤੇ ਉਪਰਾਲਾ ਉਨ੍ਹਾਂ ਨੇ ਸੰਗਤ ਵਿਚ, ਸਾਧ ਸੰਗਤ ਵਿਚ, ਉਸ ਸਾਧ ਸੰਗਤ ਵਿਚ ਜੋ ਨਾਮ ਦੇ ਦੁਆਲੇ ਜੁੜਦੀ ਹੋਈ ਆਪਣੀ ਆਤਮਾ ਨੂੰ ਨਿਰਭਉ ਬਣਾ ਰਹੀ ਸੀ, ਕੀਤਾ ਤਾਂ ਕਿ ਧਰਮ ਨੂੰ ਡੰਗ ਮਾਰਕੇ ਖ਼ਤਮ ਕਰਨ ਵਾਲੀ ਰਾਜਨੀਤੀ ਦਾ ਜਾਂ ਡੰਗ ਕਢਿਆ ਜਾਵੇ, ਜਾਂ ਇਸ ਨੂੰ ਖ਼ਤਮ ਕੀਤਾ ਜਾਵੇ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕੋਈ ਵੀ ਸਾਧ ਉਨਾਂ ਚਿਰ ਸਹੀ ਅਰਥਾਂ ਵਿਚ ਸਾਧ ਨਹੀਂ ਜਦ ਤਕ ਉਸਦੀ ਜ਼ਮੀਰ ਕਿਸੇ ਦੂਸਰੇ ਦੇ ਰੋਅਬ ਹੇਠਾਂ ਹੋਵੇ। ਇਸੇ ਤਰ੍ਹਾਂ ਕੋਈ ਵੀ ਧਰਮ ਉਸ ਵਕਤ ਤਕ, ਸਹੀ ਅਰਥਾਂ ਵਿਚ ਧਰਮ ਨਹੀ ਜਦ ਤਕ ਉਹ ਹਰ ਪ੍ਰਕਾਰ ਦੇ ਖ਼ਾਸ ਕਰਕੇ ਦੂਸਰੇ ਲੋਕਾਂ ਦੇ ਦਬਾਓ ਤੋਂ ਆਜ਼ਾਦ ਨਹੀਂ। ਰਾਜਨੀਤਿਕ ਦਬਾਓ ਤੋਂ ਆਜ਼ਾਦੀ ਹਾਸਲ ਕਰਨ ਲਈ, ਆਜ਼ਾਦ ਆਤਮਾ ਉਸਾਰਣ ਵਾਲੇ ਧਰਮ ਨੂੰ ਜੂਝਣਾ ਹੀ ਪੈਂਦਾ ਹੈ ਤਾਂ ਕਿ ਰਾਜਨੀਤੀ ਨਾਮ ਦੇ ਸੇਧ ਉੱਤੇ ਚਲਦੀ ਹੋਈ ਵਿਤਕਰਿਆਂ ਤੋਂ ਉਪਰ ਉਠਕੇ ਧਰਮ ਦਾ, ਸਮੁੱਚੇ ਮਨੁੱਖ ਮਾਤਰ ਦਾ, ਉਸ ਦੀ ਆਜ਼ਾਦ ਆਤਮਾ ਦਾ ਸਤਿਕਾਰ ਕਰ ਸਕੇ। ਇਸ ਦੀ ਤਰਬੀਅਤ ਗੁਰੂ ਸਾਹਿਬ ਨੇ ਨਾਮ ਦੇ ਦੁਆਲੇ ਜੁੜਦੀ ਰੋਜ਼ਾਨਾ ਸੰਗਤ ਵਿੱਚ ਦੇ ਕੇ, ਇਸ ਰਾਜਨੀਤਿਕ ਗੁਲਾਮੀ ਦੇ ਤੋਕ ਨੂੰ ਚੁੱਕ ਦਿੱਤਾ।

ਗੁਰਬਾਣੀ ਦਾ ਉਚਾਰਨ

ਜੋਗਿੰਦਰ ਸਿੰਘ ਤਲਵਾੜਾ

"ਗੁਰਬਾਣੀ ਦਾ ਉਚਾਰਨ" ਸਿਰਲੇਖ ਹੇਠ ਡਾਕਟਰ ਹਰਕੀਰਤ ਸਿੰਘ ਜੀ ਦਾ ਲੇਖ ਪੰਜਾਬੀ ਯੂਨੀਵਰਸਿਟੀ ਦੇ 'ਨਾਨਕ ਪ੍ਰਕਾਸ਼ ਪਤ੍ਰਿਕਾ' ਜੂਨ 1982 ਵਿਚ ਛਪਿਆ ਸੀ। ਡਾਕਟਰ ਸਾਹਿਬ ਨੇ ਇਸ ਵਿਚ ਨਿਮਨ ਲਿਖਤ ਸਮੱਸਿਆਵਾਂ ਸੰਬੰਧੀ ਵਿਚਾਰ ਪ੍ਰਗਟ ਕੀਤੇ ਸਨ :

(1) ਸ਼ਬਦਾਂ ਦੇ ਨਾਸਕੀ (ਬਿੰਦੀ ਸਹਿਤ) ਉਚਾਰਨ ਬਾਰੇ।
(2) ਸ਼ ਅਤੇ ਜ਼ ਦੀ ਧੁਨੀਆਂ ਬਾਰੇ।

ਨਾਸਿਕੀ ਉਚਾਰਨ

ਗੁਰਬਾਣੀ ਵਿਚ ਸ਼ਬਦਾਂ ਦੇ ਨਾਸਿਕੀ (ਬਿੰਦੀ ਸਹਿਤ) ਉਚਾਰਨ ਸੰਬੰਧੀ ਡਾਕਟਰ ਹਰਕੀਰਤ ਸਿੰਘ ਜੀ ਨੇ ਹੇਠ ਲਿਖੇ ਵਿਚਾਰ ਅੰਕਿਤ ਕੀਤੇ ਹਨ :

> "ਆਧੁਨਿਕ ਪੰਜਾਬੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਸਤ੍ਰੀ ਲਿੰਗ ਨਾਵਾਂ ਦੇ ਬਹੁ-ਵਚਨ ਰੂਪ ਦਾ ਅੰਤਮ ਸ੍ਵਰ ਨਾਸਿਕੀ ਹੋ ਜਾਂਦਾ ਹੈ। ਜਿਵੇਂ, ਦੇਵੀਆਂ, ਪੋਥੀਆਂ, ਸਖੀਆਂ, ਗੱਲਾਂ ਆਦਿ ਦਾ ਅੰਤਮ ਸ੍ਵਰ (ਆ) ਨਾਸਿਕੀ ਹੈ। ਏਵੇਂ ਹੀ ਪੁਲਿੰਗ ਨਾਵਾਂ ਦੇ ਬਹੁ-ਵਚਨ ਸੰਬੰਧਕੀ ਰੂਪ ਦਾ ਅੰਤਮ ਸ੍ਵਰ ਵੀ ਨਾਸਿਕੀ ਹੁੰਦਾ ਹੈ ਜਿਵੇਂ ਲੋਕਾਂ, ਪੰਡਤਾਂ, ਹੱਥਾਂ, ਪੁਰਖਾਂ ਆਦਿ ਵਿਚ। ਗੁਰੂ ਕਾਲ ਦੀ ਪੰਜਾਬੀ ਵਿਚ ਇਹ ਅੰਤਮ ਸ੍ਵਰ ਨਾਸਿਕਤਾ ਰਹਿਤ ਸੀ, ਅਰਥਾਤ ਉਪਰੋਕਤ ਇਸਤ੍ਰੀ ਲਿੰਗ ਨਾਵਾਂ ਦਾ ਬਹੁ-ਵਚਨ ਦੇਵੀਆਂ, ਪੋਥੀਆਂ, ਸਖੀਆਂ, ਗਲਾਂ ਸੀ ਤੇ ਪੁਲਿੰਗ ਦਾ ਬਹੁ-ਵਚਨ ਨਾਵਾਂ ਦਾ ਸੰਬੰਧਕੀ ਰੂਪ ਲੋਕਾਂ, ਪੰਡਤਾਂ, ਹੱਥਾਂ, ਪੁਰਖਾਂ ਆਦਿ ਸੀ।"

ਡਾਕਟਰ ਸਾਹਿਬ ਦੇ ਉਪਰੋਕਤ ਵਿਚਾਰ ਠੀਕ ਹਨ ਜਾਂ ਗ਼ਲਤ, ਇਸ ਗੱਲ ਦਾ ਨਿਰਣਾ ਕਰਨ ਲਈ ਗੁਰਬਾਣੀ ਤੋਂ ਹੀ ਅਗਵਾਈ ਲੈਣੀ ਬਣਦੀ ਹੈ। ਜਦੋਂ ਅਸੀਂ

---

*'ਵਿਭਾਗ ਵਲੋਂ ਹਰਕੀਰਤ ਸਿੰਘ ਦਾ ਇਕ ਲੇਖ ਜੂਨ 1982 ਵਾਲੇ ਅੰਕ ਵਿਚ ਛਾਪਿਆ ਗਿਆ ਸੀ। ਸ. ਜੋਗਿੰਦਰ ਸਿੰਘ ਦਾ ਇਹ ਖੋਜ ਪੱਤਰ ਪਹਿਲਾਂ ਛਪੇ ਲੇਖ ਨਾਲ ਸੰਬੰਧਿਤ ਹੈ। ਇਸ ਪੱਖ ਨੂੰ ਹੋਰ ਸਪੱਸ਼ਟ ਕਰਨ ਲਈ ਇਸ ਸੰਬੰਧੀ ਆਈਆਂ ਟਿਪਣੀਆਂ ਅਗਲੇ ਅੰਕ ਵਿਚ ਛਾਪਣ ਦਾ ਯਤਨ ਕੀਤਾ ਜਾਵੇਗਾ। -ਸੰਪਾਦਕ

ਗੁਰਬਾਣੀ ਦਾ ਪਾਠ/ਅਧਿਐਨ ਕਰਦੇ ਹਾਂ ਤਾਂ ਇਸ ਵਿਚ ਬੇਅੰਤ ਥਾਈਂ ਇਸਤ੍ਰੀ ਲਿੰਗ ਅਤੇ ਪੁਲਿੰਗ ਨਾਂਵ ਅਜਿਹੇ ਹਨ ਜਿਨ੍ਹਾਂ ਵਿਚ ਨਾਸਿਕਤਾ ਕਿਸੇ ਨਾ ਕਿਸੇ ਰੂਪ ਵਿਚ ਮਿਲਦੀ ਹੈ, ਜਿਹਾ ਕਿ :

ਸ਼ਬਦਾਂ ਦੀ ਕਿਸਮ	ਪੁਲਿੰਗ ਨਾਂਵ	ਇਸਤ੍ਰੀ ਲਿੰਗ ਨਾਂਵ
(ੳ) ਅਜਿਹੇ ਨਾਂਵ ਜਿਨ੍ਹਾਂ ਦਾ ਨਾਸਿਕਤਾ ਮੂਲਕ ਅੰਗ ਹੈ।	ਗੋਬਿੰਦ, ਪਰਪੰਚ, ਭਾਂਡਾ, ਪਾਂਡਾ, ਸਾਈਂ, ਪੰਧਾਂ, ਅੰਧਾਂ, ਸਾਗ ਆਦਿ।	ਸਾਂਤਿ, ਕਾਇਆ, ਆਂਧੀ, ਬਾਂਹ, ਬੂੰਦ, ਊਂਘ ਆਦਿ।
(ਅ) ਅਜਿਹੇ ਬਹੁ-ਵਚਨ ਨਾਂਵ ਜਿਨ੍ਹਾਂ ਤੇ ਅੰਤ ਵਿਚ ਵਿਆਕਰਣਿਕ ਨਿਯਮਾਵਲੀ ਅਧੀਨ ਨਾਸਿਕੀ ਸ੍ਵਰ ਲਗੇ ਹੋਏ ਹਨ।	ਭਗਤਾਂ, ਸਿੱਖਾਂ, ਪੁਤ੍ਰੀ, ਹਥੀਂ, ਸਿਰਿਆਂ, ਦਾਤਿਆਂ, ਰਸੀਆਂ, ਕੁਤੀਂ, ਕਚੀਂ, ਭਤੀਜੀ, ਸਉਂਦੀ, ਭਾਈਆਂ, ਲੋਭੀਆਂ, ਸੰਤੋਖੀਈਂ ਆਦਿ।	ਰੂਹਾਂ, ਕੂੰਜਾਂ, ਗੱਲਾਂ, ਚੰਗਿਆਈਆਂ, ਵਡਿਆਈਆਂ ਗਲੀ, ਲਹਰੀਂ, ਸਾਖੀ ਆਦਿ।

ਮੂਲਕੀ-ਅੰਗੀ ਨਾਸਿਕਤਾ

ਮੂਲਕ-ਅੰਗੀ ਨਾਸਿਕਤਾ ਵਾਲੇ ਪੁਲਿੰਗ ਅਤੇ ਇਸਤ੍ਰੀ ਲਿੰਗ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਸਿਕਤਾ ਸਹਿਤ ਵੀ ਆਉਂਦੇ ਹਨ ਅਤੇ ਬੇਅੰਤ ਥਾਈਂ ਨਾਸਿਕਤਾ ਰਹਿਤ ਵੀ। ਉਦਾਹਰਣ ਵਜੋਂ : 'ਗੋਬਿੰਦ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਪਗ 222 ਵਾਰ ਆਇਆ ਹੈ। ਛਾਪੇ ਦੀਆਂ ਪ੍ਰਚੱਲਿਤ ਬੀੜਾਂ ਵਿਚ ਤਕਰੀਬਨ 182 ਵਾਰੀ ਨਾਸਿਕਤਾ ਸਹਿਤ ਅੰਕਤ ਹੈ ਅਤੇ 40 ਵਾਰੀ ਨਾਸਿਕਤਾ ਰਹਿਤ। 'ਭਾਂਡਾ' ਸ਼ਬਦ ਗੁਰਬਾਣੀ ਵਿਚ 1 ਵਾਰੀ ਨਾਸਿਕਤਾ ਸਹਿਤ ਮਿਲਦਾ ਹੈ ਅਤੇ 2 ਵਾਰੀ ਨਾਸਿਕਤਾ ਰਹਿਤ। 'ਸਾਂਤਿ' ਸ਼ਬਦ ਗੁਰਬਾਣੀ ਵਿਚ 128 ਵਾਰੀ ਬਿੰਦੇ ਸਹਿਤ ਅਤੇ 12 ਵਾਰੀ ਬਿੰਦੇ ਰਹਿਤ ਮਿਲਦਾ ਹੈ। ਅਜਿਹੀ ਕਿਸਮ ਦੇ ਹੋਰ ਸ਼ਬਦਾਂ ਬਾਰੇ ਵੀ ਸਥਿਤੀ ਇਸੇ ਤਰ੍ਹਾਂ ਹੀ ਹੈ, ਬਿੰਦੇ ਸਹਿਤ ਵੀ ਮਿਲਦੇ ਹਨ ਅਤੇ ਬਿੰਦੇ ਰਹਿਤ ਵੀ।

ਉਪਰੋਕਤ ਤੱਥ ਨੂੰ ਵਿਚਾਰ ਕੇ ਡਾ. ਹਰਕੀਰਤ ਸਿੰਘ ਜੀ ਦੱਸਣ ਦੀ ਕ੍ਰਿਪਾਲਤਾ ਕਰਨ ਕਿ ਗੁਰੂ ਕਾਲ ਦੀ ਪੰਜਾਬੀ ਵਿਚ 'ਗੋਬਿੰਦ', 'ਭਾਂਡਾ', ਅਤੇ 'ਸ਼ਾਂਤਿ' ਸ਼ਬਦ ਦਾ ਉਚਾਰਨ ਬਿੰਦੇ ਸਹਿਤ ਸੀ ਜਾਂ ਬਿੰਦੇ ਰਹਿਤ।

ਵਿਆਕਰਣਿਕ ਬਿੰਦੀਆਂ

ਗੁਰਬਾਣੀ ਵਿਚ ਅਨੇਕ ਥਾਈਂ ਬਹੁ-ਵਚਨ ਨਾਵਾਂ ਦੇ ਸੰਬੰਧਕੀ ਰੂਪਾਂ ਦੇ ਅੰਤ ਵਿਚ ਗੁਰਬਾਣੀ ਦੀ ਵਿਆਕਰਣਿਕ ਨਿਯਮਾਵਲੀ ਅਧੀਨ ਨਾਸਿਕੀ ਸ੍ਵਰ ਲਗੇ ਮਿਲਦੇ ਹਨ। ਅਜਿਹੇ ਸ਼ਬਦਾਂ ਤੋਂ ਗੁਰਬਾਣੀ ਦੀ ਵਿਆਕਰਣਿਕ ਨਿਯਮਾਵਲੀ ਬਾਰੇ ਸੋਝੀ ਹੁੰਦੀ ਹੈ।

ਗੁਰਬਾਣੀ ਦਾ ਪਾਠ/ਅਧਿਐਨ ਕਰਨ ਤੇ ਅਸੀਂ ਦੇਖਦੇ ਹਾਂ ਕਿ ਇਸ ਵਿਚ ਬਿੰਦੀਆਂ ਦੀ ਵਰਤੋਂ ਕੀਤੀ ਹੋਈ ਹੈ, ਪਰ ਬੜੇ ਸੰਕੋਚਵੇਂ ਢੰਗ ਨਾਲ। ਇਕੋ ਸ਼ਬਦ ਕਿਧਰੇ ਨਾਸਿਕੀ ਸ੍ਵਰ ਸਹਿਤ ਅੰਕਤ ਹੈ ਕਿਧਰੇ ਇਸ ਤੋਂ ਬਗੈਰ, ਭਾਵੇਂ ਦੋਹਾਂ ਹਾਲਤਾਂ ਵਿਚ ਉਸਦੀ ਵਿਆਕਰਣਿਕ

ਬਣਤਰ ਵਿਚ ਕੋਈ ਫਰਕ ਨਹੀਂ, ਜਿਵੇਂ :

ਬਿੰਦੇ ਸਹਿਤ

'ਗਲੀਂ' ਅਸੀ ਚੰਗੀਆ ਆਚਾਰੀ ਬੁਰੀਆਹ। ਪੰ. ੮੫

ਗਲੀਂ=ਗੱਲਾਂ ਨਾਲ (ਬਹੁ-ਵਚਨ ਇਸਤ੍ਰੀ ਲਿੰਗ, ਨਾਂਵ ਕਰਣ ਕਾਰਕ)

ਬਿੰਦੇ ਰਹਿਤ

'ਗਲੀ' ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥ ਪੰ. ੪੩੩

ਭੁਖਿਆ ਭੁਖ ਨਾ ਉਤਰੈ 'ਗਲੀ' ਭੁਖ ਨਾ ਜਾਇ ॥ ਪੰ. ੧੪੭

ਗਲੀ (ਉਚਾਰਨ ਨਾਸਿਕੀ) =ਗਲਾਂ ਨਾਲ (ਬਹੁ-ਵਚਨ, ਇਸਤ੍ਰੀ ਲਿੰਗ, ਨਾਂਵ ਕਰਣ ਕਾਰਕ)

ਉਪਰੋਕਤ ਪ੍ਰਮਾਣਾਂ ਵਿਚ 'ਗਲੀ' ਸ਼ਬਦ ਬਹੁ-ਵਚਨ ਇਸਤ੍ਰੀ ਲਿੰਗ ਕਰਣ ਕਾਰਕ ਨਾਂਵ ਹੈ, ਜਿਸ ਦਾ ਅਰਥ ਹੈ, 'ਗਲਾਂ ਨਾਲ'। ਪਹਿਲੇ ਪ੍ਰਮਾਣ ਵਿਚ ਇਹ ਸ਼ਬਦ ਬਿੰਦੇ ਸਹਿਤ ਹੈ, ਅਤੇ ਦੂਜੇ ਅਤੇ ਤੀਜੇ ਵਿਚ ਬਿੰਦੇ ਰਹਿਤ। ਸਪੱਸ਼ਟ ਹੈ ਕਿ ਪਹਿਲੇ ਪ੍ਰਮਾਣ ਵਿਚ 'ਗਲੀ' ਸ਼ਬਦ ਨੂੰ ਲਗੀ ਵਿਆਕਰਣਿਕ ਬਿੰਦੀ ਤੋਂ ਅਗਵਾਈ ਲੈ ਕੇ ਦੂਜੇ ਅਤੇ ਤੀਜੇ ਪ੍ਰਮਾਣ ਵਿਚ ਆਏ 'ਗਲੀ' ਸ਼ਬਦ ਦਾ ਉਚਾਰਨ ਵੀ ਨਾਸਿਕੀ ਹੀ ਕਰਨਾ ਸ਼ੁੱਧ ਹੈ, ਕਿਉਂਕਿ ਸਾਰਿਆਂ ਪ੍ਰਮਾਣਾਂ ਵਿਚ ਇਹ ਸ਼ਬਦ ਕਰਣ ਕਾਰਕ ਵਿਚ ਇਸਤ੍ਰੀ-ਲਿੰਗ ਬਹੁ-ਵਚਨ ਨਾਂਵ ਹੈ। ਅਜਿਹੀਆਂ ਹੋਰ ਸੈਂਕੜੇ ਮਿਸਾਲਾਂ ਹਨ। ਗੱਲ ਸਪੱਸ਼ਟ ਕਰਨ ਲਈ ਇਕ ਅੱਧ ਉਦਾਹਰਣ ਹੀ ਕਾਫ਼ੀ ਹੈ।

ਡਾ. ਹਰਕੀਰਤ ਸਿੰਘ ਜੀ ਇਸ ਸੰਬੰਧ ਵਿਚ ਲਿਖਦੇ ਹਨ :

"ਪ੍ਰਮਾਣ ਦਿੱਤਾ ਜਾਂਦਾ ਹੈ ਕਿ ਗੁਰਬਾਣੀ ਵਿਚ ਕਿਤੇ ਕਿਤੇ ਬਹੁ-ਵਚਨ ਨਾਂਵਾਂ ਦੇ ਅੰਤ ਵਿਚ ਬਿੰਦੀ ਲਗੀ ਹੋਈ ਹੈ। ਇਸ ਲਈ ਬਾਕੀ ਥਾਵਾਂ ਵਿਚ ਵੀ ਬਿੰਦੀ ਹੋਣੀ ਚਾਹੀਦੀ ਹੈ। ਇਹ ਵੀ ਭਾਸ਼ਾ ਦੀ ਅਗਿਆਨਤਾ ਦਾ ਪ੍ਰਤੱਖ ਪ੍ਰਮਾਨ ਹੈ।"

ਆਪ ਜੀ ਦਾ 'ਭਾਸ਼ਾ ਦੀ ਅਗਿਆਨਤਾ' ਦਾ ਫ਼ਤਵਾ ਸਿਰ ਮੱਥੇ ਪਰਵਾਨ ਹੈ। ਪਰ ਆਪ ਜੀ ਤਾਂ ਭਾਸ਼ਾ ਗਿਆਨ ਦੇ ਲੋਰ ਵਿਚ ਵਿਤੋਂ ਵੱਡੀ ਡਾਲ ਮਾਰਕੇ ਲੰਕਾ ਦੀ ਬਜਾਏ ਵਿਲੰਕਾ ਵਿਚ ਆ ਪੁਜਦੇ ਹਨ। ਆਪ ਜੀ ਬੜੇ ਦਾਅਵੇ ਨਾਲ ਲਿਖਦੇ ਹਨ :

"ਗੁਰੂ ਕਾਲ ਦੀ ਪੰਜਾਬੀ ਵਿਚ ਇਹ ਅੰਤਮ ਸ੍ਵਰ ਨਾਸਿਕਤਾ ਰਹਿਤ ਸੀ, ਅਰਥਾਤ ਉਪਰੋਕਤ ਇਸਤ੍ਰੀ ਲਿੰਗ ਨਾਵਾਂ ਦਾ ਬਹੁ-ਵਚਨ ਦੇਵੀਆਂ, ਪੋਥੀਆਂ, ਸਖੀਆਂ, ਗਲਾਂ ਸੀ ਅਤੇ ਪੁਲਿੰਗ ਬਹੁ-ਵਚਨ ਨਾਂਵਾਂ ਦਾ ਸੰਬੰਧਕੀ ਰੂਪ ਲੋਕਾਂ, ਪੰਡਤਾ, ਹਥਾ, ਪੁਰਖਾ ਆਦਿ ਸੀ।"

ਡਾਕਟਰ ਸਾਹਿਬ ਨੇ ਅਸਲੀਅਤ ਵਲੋਂ ਅੱਖਾਂ ਮੀਟ ਕੇ ਵਿਚਾਰ ਪੇਸ਼ ਕੀਤੇ ਹਨ ਅਤੇ ਅਜਿਹਾ ਕਰਨ ਵਿਚ ਕੇਵਲ ਤੇ ਕੇਵਲ ਕਲਪਨਾ ਦਾ ਹੀ ਸਹਾਰਾ ਲਿਆ ਹੈ। ਪੰਜਾਬੀ ਲਿਪੀ ਵਿਚ ਪੰਜ ਅਨੁਨਾਸਕ ਅੱਖਰਾਂ (ङ, ਞ, ਣ, ਨ, ਮ) ਤੋਂ ਛੁਟ ਦੋ ਵਿਸ਼ੇਸ਼ ਨਾਸਕੀ ਚਿੰਨ੍ਹ (ਟਿਪੀ ਅਤੇ ਬਿੰਦੀ) ਵੀ ਹਨ। ਪੁਰਾਣੀ ਪੰਜਾਬੀ ਵਿਚ ਵੀ ਵਿਆਕਰਣਿਕ ਨਾਸਿਕਤਾ ਸੀ, ਜੋ ਬਹੁ-ਵਚਨ ਨਾਂਵਾਂ ਵਿਚ ਨਿਸ਼ਚਿਤ ਵਿਆਕਰਣਿਕ ਨੇਮਾਂ ਅਧੀਨ ਉਪਜਦੀ ਹੈ। ਇਸ ਤੱਥ ਦੀ ਪੁਸ਼ਟੀ ਗੁਰਬਾਣੀ ਵਿਚੋਂ ਹੀ ਹੋ ਜਾਂਦੀ ਹੈ।

ਗੁਰਬਾਣੀ ਦੀਆਂ ਸਗਵੀਆਂ ਪੰਗਤੀਆਂ ਦੇਣ ਨਾਲ ਤਾਂ ਲੇਖ ਦਾ ਆਕਾਰ ਵੱਧ ਜਾਣ ਦਾ ਅੰਦੇਸ਼ਾ ਹੈ। ਇਸ ਲਈ ਗੁਰਬਾਣੀ ਵਿਚੋਂ ਅਜਿਹੇ ਬਹੁ-ਵਚਨ ਇਸਤ੍ਰੀ-ਲਿੰਗ ਅਤੇ ਪੁਲਿੰਗ ਨਾਂਵ-ਸਬਦਾਂ ਦੀ ਕੇਵਲ ਸੂਚੀ ਹੀ ਦਿੱਤੀ ਜਾਂਦੀ ਹੇ, ਜਿਨ੍ਹਾਂ ਦੇ ਅੰਤ ਵਿਚ ਗੁਰਬਾਣੀ ਦੀ ਵਿਆਕਰਣਿਕ ਨਿਯਮਾਵਲੀ ਅਧੀਨ ਨਾਸਕੀ ਸ੍ਵਰ ਲਗੇ ਹੋਏ ਹਨ। ਇਹਨਾਂ ਨਾਂਵ-ਸ਼ਬਦਾਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਬੰਧਿਤ ਪੰਨਾ ਵੀ ਅੰਕਿਤ ਕਰ ਦਿੱਤਾ ਹੈ ਤਾਂ ਜੁ ਲੱਭਣ ਵਿਚ ਸਹੂਲਤ ਹੋ ਜਾਵੇ।

ਇਸਤ੍ਰੀ ਲਿੰਗ ਨਾਂਵ

ਅਖੜੀਆਂ-੫੫੭, ਅਖੀ-੧੨੪੧, ਸੂਲਾਂ-੧੩੮੨, ਕਾਰਾਂ-੯੧, ਕੁਲਾਂ-੧੧੭੪, ਕੁਲਹਾਂ-੧੨੮੬, ਕੂੰਜਾਂ-੪੮੮, ਕੇਲਾਂ-੧੩੮੩, ਗਲਾਂ-੧੨੪੫, ਗਲੀਆਂ-੧੨੮੮, ਗੋਰਾਂ-੪੮੮, ੧੩੮੩, ਘਟਾਂ-੧੨੨੦, ਘਰੀਆਂ-੬੯੧, ਚੇਟਾਂ-੧੨੮੭, ੧੩੮੦, ਚੰਗਿਆਈਆਂ-੫੧੮, ਤਲੀਆਂ-੧੩੮੨, ਦਾੜੀਆਂ-੧੪੧੯, ਧਿਰਾਂ-੩੧੭, ਨਿਮਾਣੀਆਂ-੧੩੮੩, ਪੰਖੀਆਂ-੧੩੮੧, ਬਾਹੀਆਂ-੧੧੯੬, ਬਾਹੜੀਆਂ-੪੮੮, ਬਿਜਉਰੀਆਂ-੧੩੨੯, ਬਿਜੁਲੀਆਂ-੪੮੮, ਬੁਰਿਆਈਆਂ-੩੧੫, ਮਿਠੀਆਂ-੧੩੭੯ (ਵਿਸ਼ੇਸ਼ਣ), ਮੁਛਾਂ-੧੩੮੦, ਮਛੀਆਂ-੧੨੭੯, ਮੁਕੀਆਂ-੧੩੭੮, ਰਲੀਆਂ-੫੭੬, ੧੩੮੦, ਰੂਹਾਂ-੧੩੮੩, ਵਡਿਆਈਆਂ-੧੨੯੦, ਵਾਰਾਂ-੧੨੪੦

ਪੁਲਿੰਗ ਨਾਂਵ

ਉਤਭੁਜਾਂ-੪੬੭, ਇੰਦ੍ਰੀ-੬੫੮, ਸਉਂਦੀ-੩੫੬, ਸਰਾਂ-੪੭੬, ਸਾਹਾਂ-੪੪, ੪੧੭, ੧੪੨੬, ਸਾਕਤਾਂ-੧੨੮੪, ਸਿਕਦਾਰਾਂ-੧੨੮੮, ਸਿੱਖਾਂ-੩੧੭, ੯੬੭, ਸਿਰਿਆਂ-੧੨੭੧, ਸੁਰੰਤੀ-੧੨੪੩, ਸੁਲਤਾਨਾਂ-੧੨੯੦, ਸੇਖਾਂ-੧੧੯੧, ੧੨੨੧, ੧੩੮੩, ਸੰਤਾਂ-੫੬-੭੧੮, ੯੬੧, ੬੨੯, ੭੦੮, ੭੦੯, ਸੰਤੋਖੀਈ-੪੬੬, ਸੰਤੋਖੀਆਂ-੧੨੭੯, ੧੨੮੮, ੬੩੬, ਹਰਣਾਂ-੧੨੮੮, ਕਚੀਂ ਕਤੇਬੀ-੧੩੯੦, ਕੁਤੀਂ-੩੬੦, ਖੰਡਾਂ-੪੬੭, ਗੁਰਸਿੱਖਾਂ-੯੬, ੫੯੦, ੩੧੭ (ਤਿੰਨ ਵਾਰੀ), ੧੪੨੪, ਗੁਰਸਿੱਖੀ-੪੫੦, ਗੁਰਮੁਖਾਂ-੧੪੧੮, ਚਾਕਰਾਂ-੭੨੧, ਜੀਆਂ-੨੦੧, ੩੨੩, ੮੬੪, ੧੧੯੧, ੧੨੩੮, ੧੨੭੪, ੧੨੮੨, ੧੨੮੮, ਠਗੀ-੧੨੮੮, ਤਟਾਂ-੪੬੭, ਤਪਾਂ-੪੨੨, ਤੀਰਥਾਂ-੪੬੭ (ਦੋ ਵਾਰੀ), ਦੀਪਾਂ-੪੬੭, ਦੁਸਟਾਂ-੯੮੨, ਦੇਸਾਂ-੧੩੭੯, ਦਰਵੇਸਾਂ-੧੩੮੧, ਨਿੰਦਕਾਂ-੩੧੬, ਨਾਥਾਂ-੧੨੫੫, ਨਾਗਾਂ-੧੨੭੯, ਨਕੀਂ-੧੨੮੮, ਪਗੀ-੧੩੦੯, ਪੁਤ੍ਰੀਂ-੧੪੩, ਪੁਤ੍ਰਾਂ-੯੮੭, ਪੁਰਖਾਂ-੩੧੫, ੪੬੭, ਪੰਚਾਂ-੧੩੪੮, ਪੰਡਿਤਾਂ-੧੨੮੧, ਫਕੀਰਾਂ-੧੩੮੩, ਬਗਾਂ-੫੮੫, ਬਡਭਾਗੀ-੧੨੬੭, ਬਾਜਾਂ-੧੨੮੮, ਬਿਰਖਾਂ-੪੬੭, ਬਿਰਖੀਂ-੧੨੭੪, ਬੇਦਾਂ-੧੨੭੭, ਬੇਦੀਂ-੧੨੪੩, ਭਗਤਾਂ-੧੦੯, ੩੧੬ (ਤਿੰਨ ਵਾਰੀ), ੩੨੩, ੪੧੦, ੬੯੫, ੭੧੮, ੧੧੩੩, ੧੧੯੩, ੧੨੩੩, ਭਾਂਈ-੪੧੭, ਭਾਗਾਂ-੧੨੭੭, ਭਗੜੀਂ-੧੦੮, ਭਤੀਜੀਂ-੩੦੬, ਮੇਘਾਂ-੪੬੭, ਮੰਡਲਾਂ-੪੬੭, ਮੇਰਾਂ-੪੬੭, ਮਲੇਛਾਂ-੪੭੧, ਮਿਤ੍ਰਾਂ-੧੪੧੦, ਮਿਰਗਾਂ-੧੨੭੯, ਮਾਣਸਾਂ-੧੨੪੧, ਮੰਦਭਾਗੀਆਂ-੯੮੫, ਰੂਪੀਂ-੧੨੩੭, ਰਾਗੀ-੧੨੪੦, ੧੨੯੭, ਰੁਖੀਂ-੧੨੭੮, ਰੁਖਾਂ-੧੩੮੧, ਰਾਗਾਂ-੧੪੨੩, ਰਸੀਆਂ-੧੨੭੯, ਲੋਆਂ-੪੬੭,

ਲੋਕਾਂ-੮੩੨, ੧੨੮੫, ੧੨੮੯, ੧੩੮੨, ਲੋਭੀਆਂ-੧੪੧੭।

ਉਪਰੋਕਤ ਤੱਤਾਂ ਦੇ ਆਧਾਰ ਦੇ ਡਾਕਟਰ ਹਰਕੀਰਤ ਸਿੰਘ ਜੀ ਦਾ ਇਹ ਕਥਨ ਕਿ ਗੁਰੂ ਕਾਲ ਦੀ ਪੰਜਾਬੀ ਵਿਚ ਅੰਤ ਸ੍ਵਰ ਨਾਸਿਕਤਾ ਰਹਿਤ ਸੀ ਕੋਰਾ ਝੂਠ ਸਾਬਤ ਹੋ ਜਾਂਦਾ ਹੈ। ਕਮਾਲ ਦੀ ਗੱਲ ਹੈ ਕਿ ਡਾਕਟਰ ਹਰਕੀਰਤ ਸਿੰਘ ਜੀ ਆਪਣੇ ਲੇਖਾਂ ਵਿਚ ਅੱਗੇ ਜਾ ਕੇ ਆਪ ਹੀ ਸਵੀਕਾਰ ਕਰਦੇ ਹਨ ਕਿ ਗੁਰਬਾਣੀ ਵਿਚ ਅਜਿਹੀ (ਵਿਆਕਰਣਿਕ) ਬਿੰਦੀ ਵਿਸ਼ੇਸ਼ ਕਾਰਕੀ ਰੂਪਾਂ ਵਿਚ ਲਗੀ ਹੈ। ਉਹਨਾਂ ਦੀ ਸਗਵੀਂ ਲਿਖਤ ਇਸ ਪ੍ਰਕਾਰ ਹੈ :

> ਗੁਰਬਾਣੀ ਵਿਚ ਅਜਿਹੀ ਬਿੰਦੀ ਵਿਸ਼ੇਸ਼ ਕਾਰਕੀ ਰੂਪ ਵਿਚ ਲਗੀ ਹੈ। ਇਹ ਜਾਚਣ ਲਈ ਕਿ ਕਿਹੜੇ ਕਾਰਕੀ ਰੂਪਾਂ ਵਿਚ ਤੇ ਕਿਹੜੀਆਂ ਵਿਆਕਰਣਿਕ ਸਥਿਤੀਆਂ ਵਿਚ ਬਿੰਦੀ ਲਗੀ ਹੈ, ਗੁਰਬਾਣੀ ਦੇ ਡੂੰਘੇ ਅਧਿਐਨ ਦੀ ਲੋੜ ਹੈ।"

ਡਾਕਟਰ ਜੀ ਨੇ ਵਿਚਾਰ ਵਿਸ਼ੇ ਸੰਬੰਧੀ ਗੁਰਬਾਣੀ ਦੇ ਡੂੰਘੇ ਅਧਿਐਨ ਦੀ ਲੋੜ ਅਨੁਭਵ ਕੀਤੀ ਅਤੇ ਪਾਠਕਾਂ ਪ੍ਰਤੀ ਕਰਾਈ ਹੈ, ਪਰ ਆਪਣਾ ਫ਼ਤਵਾ ਗੁਰਬਾਣੀ ਦੇ ਡੂੰਘੇ ਅਧਿਐਨ ਕੀਤੇ ਬਗ਼ੈਰ ਹੀ ਠੋਸ ਦਿੱਤਾ ਹੈ। ਇਸ ਲਈ ਆਪ ਜੀ ਦੇ ਸੁਝਾਅ ਅਨੁਸਾਰ ਗੁਰਬਾਣੀ ਦਾ ਡੂੰਘਾ ਅਧਿਐਨ ਕਰਕੇ ਆਪ ਜੀ ਦੀ ਜਾਣਕਾਰੀ ਲਈ ਕੁਝ ਤੱਥ ਪੇਸ਼ ਕੀਤੇ ਜਾਂਦੇ ਹਨ। ਗੁਰਬਾਣੀ ਵਿਆਕਰਣ ਦਾ ਵਿਸ਼ਾ ਬੜਾ ਸੂਖਮ ਅਤੇ ਵਿਸ਼ਾਲ ਹੈ। ਸੂਖਮ ਅਤੇ ਲੰਮੀ ਚੋੜੀ ਵਿਚਾਰ ਵਿਚ ਨਾ ਪੈਂਦਿਆਂ ਅਸੀਂ ਕੇਵਲ ਮੁਕਤਾ-ਅੰਤ ਪੁਲਿੰਗ ਨਾਂਵਾਂ ਦੇ ਕਾਰਕੀ ਰੂਪਾਂਤਰਾਂ ਦੀ ਸੂਤਰ ਰੂਪ ਵਿਚ ਗੱਲ ਕਰਕੇ ਸਥਿਤੀ ਸਪੱਸ਼ਟ ਕਰਨ ਦਾ ਯਤਨ ਕਰਦੇ ਹਾਂ।

ਕਾਰਕ ਕੀ ਹੈ ?

ਵਾਕ ਵਿਚ ਨਾਂਵ ਦਾ ਕਿਰਿਆ ਅਤੇ ਬਾਕੀ ਹੋਰ ਵਿਆਕਰਣਿਕ ਅੰਗਾਂ (parts of speach) ਨਾਲ ਸੰਬੰਧ ਹੁੰਦਾ ਹੈ। ਇਸ ਸੰਬੰਧ ਨੂੰ ਪਰਗਟ ਲਈ ਨਾਂਵ ਰੂਪ ਵਿਚ ਜੋ ਤਬਦੀਲੀ ਵਾਪਰਦੀ ਹੈ, ਉਸ ਨੂੰ ਕਾਰਕ ਆਖਦੇ ਹਨ। ਇਹ ਤਬਦੀਲੀ ਦੋ ਤਰ੍ਹਾਂ ਦੀ ਹੁੰਦੀ ਹੈ :

(1) ਨਾਂਵ ਦੇ ਅੰਤ ਵਿਚ ਕੋਈ ਕਾਰਕ ਚਿੰਨ੍ਹ ਲਾ ਦਿੱਤਾ ਜਾਂਦਾ ਹੈ, ਜਿਵੇਂ :

ਨਾਂਵ ਸ਼ਬਦ	**ਕਾਰਕੀ ਰੂਪ (ਬਹੁ-ਵਚਨ)**
ਗੁਰ ਸਿੱਖ	ਗੁਰ ਸਿੱਖਾਂ, ਗੁਰਸਿੱਖੀ

(2) ਨਾਂਵ ਦੇ ਅੰਤ ਵਿਚ ਕੋਈ ਸੰਬੰਧਕੀ ਪਦ ਵਧਾ ਦਿੱਤਾ ਜਾਂਦਾ ਹੈ, ਜਿਵੇਂ :

ਨਾਂਵ ਸ਼ਬਦ	**ਕਾਰਕੀ ਰੂਪ (ਬਹੁ-ਵਚਨ)**
ਗੁਰ ਸਿੱਖ	ਗੁਰਸਿੱਖਾਂ ਨੇ,
	ਗੁਰਸਿੱਖ ਨੂੰ
	ਗੁਰਸਿੱਖਾਂ ਰਾਹੀਂ
	ਗੁਰਸਿੱਖਾਂ ਲਈ
	ਗੁਰਸਿੱਖਾਂ ਤੋਂ
	ਗੁਰਸਿੱਖਾਂ ਵਿਚ
	ਗੁਰਸਿੱਖਾਂ ਦਾ

(ਨੋਟ: ਕੇਵਲ ਬਹੁ-ਵਚਨ ਕਾਰਕੀ ਰੂਪਾਂ ਦੀ ਗੱਲ ਕੀਤੀ ਗਈ ਹੈ ਕਿਉਂਕਿ ਨਾਸਿਕੀ ਉਚਾਰਨ ਦਾ ਸੰਬੰਧ ਕੇਵਲ ਇਹਨਾਂ ਨਾਲ ਹੈ।)

ਕਾਰਕ ਗਿਣਤੀ ਵਿਚ ਅੱਠ ਹਨ :

'ਕਰਤਾ', 'ਕਰਮ', 'ਕਰਣ', 'ਸੰਪ੍ਰਦਾਨ', 'ਅਪਾਦਾਨ', 'ਅਧਿਕਰਨ', 'ਸੰਬੰਧ' ਅਤੇ 'ਸੰਬੋਧਨ'। ਸਾਧਾਰਣ ਪਾਠਕਾਂ ਦੀ ਜਾਣਕਾਰੀ ਲਈ ਮੁਕਤਾ-ਅੰਤ ਨਾਂਵ ਸ਼ਬਦ 'ਗੁਰਸਿੱਖ' ਲੈ ਕੇ ਵੱਖ ਵੱਖ ਕਾਰਕਾਂ ਵਿਚ ਇਸਦੇ ਬਦਲਵੇਂ ਬਹੁ-ਵਚਨ ਰੂਪ ਵਿਚ ਨਿਰੂਪਣ ਕੀਤੇ ਜਾਂਦੇ ਹਨ।

ਕਰਤਾ ਕਾਰਕ ਬਹੁ-ਵਚਨ ਰੂਪ

ਕਰਤਾ ਕਾਰਕ (1) ਸਾਧਾਰਨ ਰੂਪ : 'ਗੁਰਸਿੱਖ' ਉਹ ਹਨ ਜੋ ਗੁਰੂ ਦੀ ਸਿੱਖਿਆ ਧਾਰਨ ਕਰਦੇ ਹਨ।

(2) ਸੰਬੰਧਕੀ ਰੂਪ : 'ਗੁਰਸਿੱਖਾਂ' ਨੇ ਅੱਜ ਗੁਰਦੁਆਰੇ ਵਿਚ ਗੁਰਪੁਰਬ ਮਨਾਇਆ।

ਕਰਮ ਕਾਰਕ : 'ਗੁਰਸਿੱਖਾਂ ਨੂੰ' ਦੇਖ ਕੇ ਚਿਤ ਪ੍ਰਸੰਨ ਹੋ ਜਾਂਦਾ ਹੈ।

ਕਰਣ ਕਾਰਕ : 'ਗੁਰਸਿੱਖਾਂ ਦੁਆਰਾ' ਹੀ ਗੁਰਮਤਿ ਦੀ ਲਾਗ ਲਗਦੀ ਹੈ

ਸੰਪ੍ਰਦਾਨ ਕਾਰਕ : (1) 'ਗੁਰਸਿੱਖਾਂ ਲਈ' ਮੇਰਾ ਤਨ ਮਨ ਹਾਜ਼ਰ ਹੈ।

(2) 'ਗੁਰਸਿੱਖਾਂ' ਨੂੰ ਮੇਰੀ ਨਮਸਕਾਰ ਹੈ।

ਅਪਾਦਾਨ ਕਾਰਕ : 'ਗੁਰਸਿੱਖਾਂ ਤੋਂ' ਹਰ ਕਿਸੇ ਨੂੰ ਸਹਾਇਤਾ ਦੀ ਆਸ ਹੁੰਦੀ ਹੈ।

ਅਧਿਕਰਨ ਕਾਰਕ : 'ਗੁਰਸਿੱਖਾਂ ਵਿਚ' ਸਤਿਗੁਰੂ ਆਪ ਵਰਤਦਾ ਹੈ।

ਸੰਬੰਧ ਕਾਰਕ : 'ਗੁਰਸਿੱਖਾਂ ਦੀ' ਸੋਭਾ ਸਦਾ ਨਿਰਮਲ ਹੁੰਦੀ ਹੈ।

ਸੰਬੋਧਨ ਕਾਰਕ : 'ਗੁਰਸਿੱਖਾ ! ਸੁਚੇਤ ਹੋ ! ਅੰਮ੍ਰਿਤ ਵੇਲਾ ਸੰਭਾਲ।

ਉਪਰੋਕਤ ਉਦਾਹਰਣਾਂ ਵਿਚ 'ਗੁਰਸਿੱਖ' ਸ਼ਬਦ ਦੇ ਬਹੁਵਚਨ ਰੂਪ ਵਿਚ ਵੱਖ ਵੱਖ ਕਾਰਕਾਂ ਕਰਕੇ ਹੇਠ ਲਿਖੇ ਅਨੁਸਾਰ ਤਬਦੀਲੀ ਆਈ ਹੈ :

ਮੂਲ ਸ਼ਬਦ	ਤਬਦੀਲ ਹੋਇਆ ਰੂਪ	ਤਬਦੀਲੀ ਕਾਰਣ ਮੂਲ ਸ਼ਬਦ ਵਿਚ ਵਾਧਾ
ਗੁਰਸਿੱਖ	ਗੁਰਸਿੱਖਾਂ ਨੇ	ਾਂ+ਨੇ
"	ਗੁਰਸਿੱਖਾਂ ਨੂੰ	ਾਂ+ਨੂੰ
"	ਗੁਰਸਿੱਖਾਂ ਰਾਹੀਂ (ਦੁਆਰਾ)	ਾਂ+ਰਾਹੀਂ
"	ਗੁਰਸਿੱਖਾਂ ਲਈ	ਾਂ+ਲਈ
"	ਗੁਰਸਿੱਖਾਂ ਤੋਂ	ਾਂ+ਤੋਂ
"	ਗੁਰਸਿੱਖਾਂ ਅੰਦਰ (ਵਿਚ)	ਾਂ+ਅੰਦਰ

”	ਗੁਰਸਿੱਖਾਂ ਦੀ	ਾਂ+ਦੀ
”	ਗੁਰਸਿੱਖਾਂ	ਾਂ+(ਬਿੰਦੇ ਰਹਿਤ)

ਸਪੱਸ਼ਟ ਹੈ ਕਿ ਬਹੁ-ਵਚਨ ਦੀ ਸੂਰਤ ਵਿਚ ਅੱਠਾਂ ਵਿਚੋਂ ਸਤ ਕਾਰਕਾਂ ਵਿਚ ਇਕ ਪਾਸੇ ਤਾਂ ਨਾਂਵ-ਸ਼ਬਦ 'ਗੁਰਸਿੱਖ' ਦੇ ਅੰਤ ਵਿਚ ਨਾਸਕੀ ਸੁਰ (ਾਂ) ਲਾ ਦਿੱਤਾ ਗਿਆ ਹੈ ਅਤੇ ਦੂਜੇ ਪਾਸੇ ਹਰੇਕ ਕਾਰਕਾਂ ਦਾ ਨਿਸਚਿਤ ਸੰਬੰਧਕੀ-ਪਦ ਵਧਾ ਦਿੱਤਾ ਗਿਆ ਹੈ।

ਗੁਰਬਾਣੀ ਵਿਚ ਮੁਕਤਾ-ਅੰਤ ਨਾਵਾਂ ਤੋਂ ਵੱਖ ਵੱਖ ਕਾਰਕਾਂ ਦੇ ਬਹੁ-ਵਚਨ ਬਣਾਉਣ ਲਈ ਬਹੁਤ ਕਰਕੇ (ਾਂ) ਅਤੇ (ੀਂ) ਦੇ ਨਾਸਕੀ ਸੁਰਾਂ ਦੀ ਵਰਤੋਂ ਕੀਤੀ ਮਿਲਦੀ ਹੈ। ਇਹਨਾਂ ਦੀਆਂ ਟੂਕ ਮਾਤਰ ਉਦਾਹਰਣਾਂ ਗੁਰਬਾਣੀ ਵਿਚੋਂ ਥੱਲੇ ਦਿੱਤੀਆਂ ਜਾਂਦੀਆਂ ਹਨ :

ਮੁਕਤਾ-ਅੰਤ ਪੁਲਿੰਗ ਨਾਂਵ

ਕਰਤਾ ਕਾਰਕ (ਕੇਵਲ ਸੰਬੰਧਕੀ ਰੂਪ ਵਿਚ)

ਹਰਿ 'ਭਗਤਾ' ਹਰਿ ਅਰਾਧਿਆ ਹਰਿ ਕੀ ਵਡਿਆਈ॥ ਪੰ. ੩੧੬
'ਸਾਹਾ' ਸੁਰਤਿ ਗਵਾਇਆ ਰੰਗਿ ਤਮਾਸੇ ਚਾਇ ॥ ਪੰ. ੪੧੭
ਜਿਉ ਪਕਰਿ ਦ੍ਰੋਪਤੀ 'ਦੁਸਟਾ' ਆਨੀ ਹਰਿ ਹਰਿ ਲਾਜ ਨਿਵਾਰੇ ॥ ਪੰ. ੯੮੨
'ਹਰਣਾ' 'ਬਾਜਾਂ' ਤੇ 'ਸਿਕਦਾਰਾਂ' ਏਨ੍ਹਾ ਪੜਿਆ ਨਾਉ ॥ ਪੰ. ੧੨੮੮
ਗੁਰਸਿੱਖੀ ਸੇ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ ਪੰ. ੪੫੦
ਏਨੀ 'ਠਗੀ' ਜਗੁ ਠਗਿਆ ਕਿਨੈ ਨਾ ਰਖੀ ਲਾਜ ॥ ਪੰ. ੧੨੮੮

ਕਰਮ ਕਾਰਕ

ਅਲਖੁ ਨ ਲਖੀਐ ਅਗਮੁ ਅਜੋਨੀ ਤੂ 'ਨਾਥਾਂ' ਨਥਣਹਾਰਾ ॥ ਪੰ. ੧੨੫੫
'ਸਿਖਾ' 'ਪੁਤ੍ਰਾਂ' ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨ ॥ ਪੰ. ੯੬੭
ਹਰਿ 'ਭਗਤਾਂ' ਨੇ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥ ਪੰ. ੩੧੬

ਸੰਪਦਾਨ ਕਾਰਕ

'ਸੰਤਾਂ' ਭਰਵਾਸਾ ਤੇਰਾ ॥ ਪੰ. ੬੨੯
ਆਪਣੀ ਪੈਜ ਆਪੇ ਰਾਖੈ 'ਭਗਤਾਂ' ਦੇਇ ਵਡਿਆਈ॥ ਪੰ. ੧੧੩੩
ਫਰੀਦਾ 'ਲੋਕਾਂ' ਆਪੋ ਆਪਣੀ ਮੈ ਆਪਣੀ ਪਈ ॥ ਪੰ. ੧੩੮੩
'ਦਰਵੇਸਾਂ' ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ਪੰ. ੧੩੮੧
ਦੋਹੀ ਦਿਚੈ ਦੁਰਜਨਾਂ 'ਮਿਤ੍ਰਾਂ' ਕੂ ਜੈਕਾਰੁ ॥ ਪੰ. ੧੪੧੦

ਅਧਿਕਰਣ ਕਾਰਕ

'ਰੁਖੀ' 'ਬਿਰਖੀ' ਊਡਉ ਭੂਖਾ ਪੀਵਾ ਨਾਮੁ ਸੁਭਾਈ ॥ ਪੰ. ੧੨੭੪
ਜਾਤਨ ਜਾਤਿ ਦੇਖਿ ਮਤ ਭਰਮਹੁ
ਸੁਕ ਜਨਕ 'ਪਗੀ' ਲਗਿ ਧਿਆਵੈਗੋ ॥ ਪੰ. ੧੩੦੯
ਮਾਸ ਪੁਰਾਣੀ ਮਾਸੁ 'ਕਤੇਬੀ' ਚਹੁ ਜੁਗ ਮਾਸੁ ਕਮਾਣਾ॥ ਪੰ. ੧੨੯੦
'ਗੁਰਸਿਖਾ' ਅੰਦਰਿ ਸਤਿਗੁਰੂ ਵਰਤੈ
ਜੋ ਸਿੱਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਪੰ. ੩੧੭
ਵਿਚਿ 'ਸਨਾਤੀ' ਸੇਵਕੁ ਹੋਇ ॥ ਪੰ. ੧੨੫੬

ਇਕਨਾ 'ਗਲੀ' ਜੰਜੀਰ ਬੰਦਿ ਰਬਾਣੀਐ ॥ ਪੰ. ੧੨੮੭

ਕਰਣ ਕਾਰਕ

'ਗਜੀ' ਨਾ ਮਿਨੀਐ ਤੋਲਿ ਨ ਤੁਲੀਐ
ਪਾਚਨ ਸੇਰ ਅਢਾਈ ॥ ਪੰ. ੩੩੫
'ਅਖਰੀ' ਨਾਮੁ 'ਅਖਰੀ' ਸਾਲਾਹ ॥ ਪੰ. ੪

(ਨੋਟ : ਕਰਣ ਕਾਰਕ ਦੇ ਬਿੰਦੇ-ਸਹਿਤ ਬਹੁ-ਵਚਨ ਨਾਂਵ ਗੁਰਬਾਣੀ ਵਿਚੋਂ ਲਭਣ ਲਈ ਅਜੇ ਵਧੇਰੇ ਖੋਜ ਦੀ ਲੋੜ ਹੈ)।

ਅਪਾਦਾਨ ਕਾਰਕ

'ਨਿੰਦਕਾਂ' ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥ ਪੰ. ੩੧੬

ਸੰਬੰਧ ਕਾਰਕ

ਚਰਨ ਕਮਲ 'ਭਗਤਾ' ਮਨਿ ਵੁਠੇ ॥ ਪੰ. ੧੦੯
ਧੋਤੀ ਟਿਕਾ ਤੈ ਜਪਮਾਲੀ ਧਾਨ 'ਮਲੇਛਾਂ' ਖਾਈ ॥ ਪੰ. ੪੭੧
'ਗੁਰਸਿਖਾਂ' ਕੀ ਘਾਲ ਸਚਾ ਥਾਇ ਪਾਵੈ ॥ ਪੰ. ੩੧੧

ਗੁਰਬਾਣੀ ਦੀਆਂ ਉਪਰ ਦਿੱਤੀਆਂ ਉਦਾਹਰਣਾਂ ਤੋਂ ਵਿਦਤ ਹੁੰਦਾ ਹੈ ਕਿ ਅੱਠਾਂ ਵਿਚੋਂ ਸੱਤਾਂ ਕਾਰਕਾਂ ਵਿਚ ਮੁਕਤਾ-ਅੰਤ ਨਾਂਵ ਦੇ ਸੰਬੰਧਕੀ ਬਹੁ-ਵਚਨ ਰੂਪਾਂ ਦੇ ਅੰਤਮ ਸ੍ਵਰ ਨਾਸਿਕੀ ਬੋਲਦੇ ਹਨ। ਗੁਰਬਾਣੀ ਵਿਚ ਉਪਰੋਕਤ ਕਾਰਕਾਂ ਦੇ ਸੰਬੰਧਕੀ ਰੂਪ ਵਾਲੇ ਬਹੁ-ਵਚਨ ਨਾਂਵ-ਸ਼ਬਦਾਂ ਦੇ ਨਾਸਿਕੀ ਅੰਤਮ ਸ੍ਵਰ ਇਸ ਤਥ ਦਾ ਪ੍ਰਤੱਖ ਹਨ ਕਿ ਵਿਆਕਰਣਿਕ ਨੇਮਾਂ ਅਨੁਸਾਰ ਨਾਸਿਕਤਾ ਗੁਰੂ ਕਾਲ ਦੀ ਪੰਜਾਬੀ ਵਿਚ ਵੀ ਸੀ ਤੇ ਹੁਣ ਵੀ ਓਵੇਂ ਹੀ ਹੈ।

ਵਿਆਕਰਣਿਕ ਨਾਸਿਕਤਾ ਕੇਵਲ ਨਾਵ-ਸ਼ਬਦਾਂ ਵਿਚ ਹੀ ਨਹੀਂ, ਸਗੋਂ ਵਿਆਕਰਣ ਦੇ ਦੂਜੇ ਅੰਗਾਂ, ਪੜਨਾਵਾਂ, ਕਿਰਿਆ, ਵਿਸ਼ੇਸ਼ਣ ਆਦਿ ਵਿਚ ਹੈ, ਜਿਸ ਬਾਰੇ ਸੰਖੇਪ ਜਿਹਾ ਵਰਣਨ ਕਰਨਾ ਇਸ ਵਿਸ਼ੇ ਨੂੰ ਨਿਖਾਰਣ ਲਈ ਜ਼ਰੂਰੀ ਹੈ।

ਪੜਨਾਂਵ (ਪੁਰਖ ਵਾਚਕ ਪੜਨਾਂਵ ਤੋਂ)

ਨਾਸਿਕੀ ਸ਼ਬਦ 'ਤੈਂ ਮੱਧਮ ਪੁਰਖ ਵਿਚ ਪੁਰਖ-ਵਾਚਕ ਪੜਨਾਂਵ ਹੈ। ਇਹ ਪੜਨਾਂਵ ਕਰਤਾ ਕਾਰਕ ਅਤੇ ਸੰਪ੍ਰਦਾਨ ਕਾਰਕ ਵਿਚ ਆਉਂਦਾ ਹੈ।

ਕਰਤਾ ਕਾਰਕ

ਐਸਾ "ਤੈਂ" ਜਗੁ ਭਰਮ ਲਾਇਆ ॥ ਪੰ. ੯੨

ਸੰਪ੍ਰਦਾਨ ਕਾਰਕ

ਏਤੀ ਮਾਰ ਪਈ ਕੁਰਲਾਣੇ 'ਤੈਂ' ਕੀ ਦਰਦੁ ਨਾ ਆਇਆ ॥ ਪੰ. ੩੬੦

ਗੁਰਬਾਣੀ ਵਿਚ ਇਹ ਪੜਨਾਂਵ (ਤੈਂ) ਪੰਨਾ ੯੨, ੧੧੧, ੧੩੦ (ਦੋ ਵਾਰ), ੩੬੦, ੩੧੦, ੧੧੯੨, ੧੨੩੪, ੧੩੯੭ ਉੱਤੇ, ਭਾਵ 9 ਵਾਰੀ ਨਾਸਿਕੀ ਰੂਪ ਵਿਚ ਆਇਆ ਹੈ ਅਤੇ ਅਨੇਕ ਵਾਰ ਬਿੰਦੇ ਰਹਿਤ ਵੀ ਆਇਆ ਹੈ। ਇਸ ਦਾ ਪ੍ਰਚੱਲਿਤ ਉਚਾਰਨ ਵੀ ਨਾਸਿਕੀ ਹੀ ਹੈ।

ਗੁਰਬਾਣੀ ਵਿਚ ਉਪਰੋਕਤ ਵਰਣਿਤ ਥਾਵਾਂ ਦੇ ਨਾਸਿਕੀ ਰੂਪ ਤੋਂ ਲੈ ਕੇ ਬਾਕੀ ਥਾਵੇਂ ਵੀ

ਮਧਮ ਪੁਰਖ ਵਿਚ ਵਰਤੇ ਗਏ ਇਸ ਪੜਨਾਂਵ ਦਾ ਉਚਾਰਨ ਨਾਸਿਕੀ ਹੀ ਕੀਤਾ ਜਾਣਾ ਸ਼ੁੱਧ ਹੈ।

ਕਿਰਿਆ ਵਿਸ਼ੇਸ਼ਣ

(1) ਜਾਂ ਤਾਂ (ਕਾਲ ਵਾਚਕ ਕਿਰਿਆ ਵਿਸ਼ੇਸ਼ਣ)
(2) ਈਹਾਂ ਊਹਾਂ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)
(3) ਜਹਾਂ ਤਹਾ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)
(4) ਪਹਿਲਾਂ (ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ)

ਉਪਰੋਕਤ ਸਾਰੇ ਕਿਰਿਆ ਵਿਸ਼ੇਸ਼ਣ ਦੇ ਅੰਤਮ ਸ੍ਵਰ ਨਾਸਿਕੀ ਬੋਲਦੇ ਹਨ। ਗੁਰਬਾਣੀ ਵਿਚ ਇਹ ਸ਼ਬਦ ਅਨੇਕ ਵਾਰੀ ਬਿੰਦੇ ਸਹਿਤ ਮਿਲਦੇ ਹਨ, ਜਿਸ ਤੋਂ ਇਹ ਸੋਝੀ ਹੁੰਦੀ ਹੈ ਕਿ ਗੁਰੂ ਕਾਲ ਦੀ ਪੰਜਾਬੀ ਵਿਚ ਇਹਨਾਂ ਦੇ ਉਚਾਰਨ ਵਿਚ ਨਾਸਿਕਤਾ ਸੀ। ਗੁਰਬਾਣੀ ਵਿਚ ਬਿੰਦੀਆਂ ਦੀ ਸੰਕੋਚਵੀ ਅਤੇ ਸੰਕੇਤਕ ਵਰਤੋਂ ਕਾਰਣ ਇਹ ਸ਼ਬਦ ਅਨੇਕ ਥਾਈਂ ਬਿੰਦੇ ਰਹਿਤ ਵੀ ਮਿਲਦੇ ਹਨ। ਬਿੰਦੇ ਨਾਲ ਕੁਝ ਪ੍ਰਮਾਣ ਥਲੇ ਅੰਕਿਤ ਕੀਤੇ ਜਾਂਦੇ ਹਨ :

(1) **ਜਾਂ ਤਾਂ**

(ੳ) **ਦੋਵੇਂ ਸ਼ਬਦ ਬਿੰਦੇ ਸਹਿਤ :**

ਫਰੀਦਾ 'ਜਾਂ' ਤਉ ਖਟਣ ਵੇਲ 'ਤਾਂ' ਤੂੰ ਰਤਾ ਦੁਨੀ ਸਿਉ। ਪੰ. ੧੩੭੮
'ਜਾਂ' ਪਤਿ ਲੇਖੈ ਨ ਪਵੈ 'ਤਾਂ' ਸਭਿ ਨਿਰਾਫਲ ਕਾਮ॥ ਪੰ. ੩੫੮
'ਜਾਂ' ਪਤਿ ਲੇਖੈ ਨ ਪਵੈ 'ਤਾਂ' ਜੀਅ ਕਿਥੈ ਫਿਰਿ ਪਾਹਿ॥ ਪੰ. ੩੫੮
'ਜਾਂ' ਪਤਿ ਲੇਖੈ ਨ ਪਵੈ 'ਤਾਂ' ਸਭੇ ਕੂਪਰਵਾਣ॥ ਪੰ. ੩੫੮

(ਅ) **ਕਿਧਰੇ 'ਜਾਂ' ਅਤੇ ਕਿਧਰੇ 'ਤਾਂ' ਬਿੰਦੇ ਰਹਿਤ**

'ਜਾਂ' ਤੁਧੁ ਭਾਵੈ 'ਤਾਂ' ਦੁਰਮਤਿ ਜਾਇ ॥ ਪੰ. ੩੫੪
ਕਹੁ ਨਾਨਕ 'ਜਾਂ' ਵਲਿ 'ਤਾ' ਸਰਸੇ ਭਾਈ ਮੀਤਾ ॥ ਪੰ. ੪੫੩
'ਜਾ' ਕਰਤਾ ਵਲਿ 'ਤਾ' ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥ ਪੰ. ੩੦੫
'ਜਾ' ਉਹ ਨਿਰਮਲੁ 'ਤਾ' ਹਮ ਜਚਨਾ ॥ ਪੰ. ੩੯੧
ਸਚੁ 'ਤਾ' ਪਰੁ ਜਾਣੀਐ 'ਜਾ' ਆਤਮ ਤੀਰਥਿ ਕਰੇ ਨਿਵਾਸੁ ॥ ਪੰ. ੪੬੮
'ਜਾ' ਤਿਨ ਸਵਾਲੀਆ 'ਤਾ' ਸਵਿ ਰਹਿਆ ਜਗਾਏ 'ਤਾ' ਸੁਧਿ ਹੋਇ ॥ ਪੰ. ੫੫੪

ਨੋਟ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੫੮੫ ਉੱਤੇ ਇਕੋ ਸ਼ਬਦ ਵਿਚ ਹੇਠ ਲਿਖੀ ਪੰਗਤੀ ਦੋ ਵਾਰੀ ਆਈ ਹੈ, ਇਕ ਵਾਰੀ ਪਦੇ ਦੇ ਆਰੰਭ ਵਿਚ ਅਤੇ ਦੂਜੀ ਵਾਰ-ਅੰਤ ਵਿਚ।

ਆਰੰਭ ਵਾਲੀ : *ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੂ ਲਏ ਮਿਲਾਏ ॥*
ਅੰਤ ਵਾਲੀ : *ਕਾਇਆ ਕੰਚਨੁ ਤਾਂ ਥੀਐ ਜਾ ਸਤਿਗੁਰੂ ਲਏ ਮਿਲਾਏ ॥*

ਅਸੀਂ ਵੇਖਦੇ ਹਾਂ ਕਿ ਆਰੰਭ ਵਾਲੀ ਪੰਗਤੀ ਵਿਚ 'ਜਾਂ' ਅਤੇ 'ਤਾਂ' ਦੋਵੇਂ ਬਿੰਦੇ ਸਹਿਤ ਹਨ, ਪਰ ਅੰਤ ਵਾਲੀ ਪੰਗਤੀ ਵਿਚ 'ਜਾ' ਬਿੰਦੇ ਰਹਿਤ ਹੈ ਪਰ 'ਤਾਂ' ਬਿੰਦੇ ਸਹਿਤ। ਸਾਨੂੰ ਤਾਂ ਇਹ ਕੁਝ ਗੁਰਬਾਣੀ ਵਿਚ ਬਿੰਦਿਆਂ ਦੀ ਸੰਕੇਤਕ ਅਤੇ ਸੰਕੋਚਵੀਂ ਵਰਤੋਂ ਕਾਰਨ ਪ੍ਰਤੀਤ

ਹੁੰਦਾ ਹੈ। ਡਾਕਟਰ ਹਰਕੀਰਤ ਸਿੰਘ ਜੀ ਦੀ ਕਲਪਨਾ ਅਨੁਸਾਰ ਸ਼ਾਇਦ ਆਰੰਭਿਕ ਪੰਗਤੀ ਦੇ ਉਚਾਰਨ ਵੇਲੇ 'ਤਾਂ' ਸ਼ਬਦ ਬਿੰਦੇ ਸਹਿਤ ਪ੍ਰਚੱਲਿਤ ਸੀ, ਪਰ ਅੰਤਮ ਪੰਗਤੀ ਵੇਲੇ ਇਸ ਦਾ ਉਚਾਰਨ ਬਿੰਦੇ-ਰਹਿਤ ਪ੍ਰਚੱਲਿਤ ਹੋ ਗਿਆ ਸੀ। ਕੈਸੀ ਥੋਥੀ ਅਤੇ ਮੰਤਕ-ਹੀਣ ਕਲਪਨਾ ਹੈ?

(II) **ਈਹਾਂ-ਊਹਾਂ**

ਦੋਵੇਂ ਸ਼ਬਦ ਬਿੰਦੇ ਸਹਿਤ

'ਈਹਾਂ' 'ਊਹਾਂ' ਤੂ ਦੀਬਾਣੁ ॥ ਪੰ. ੧੧੪੭

'ਊਹਾਂ' ਤਉ ਜਾਈਐ ਜਉ 'ਈਹਾਂ' ਨ ਹੋਇ ॥ ਪੰ. ੧੧੯੫

'ਈਹਾਂ' ਊਹਾਂ' ਚਰਣ ਪੂਜਾਰੇ ॥ ਪੰ. ੧੪੩੦

(ਅ) **ਕਿਧਰੇ 'ਈਹਾ' ਅਤੇ ਕਿਧਰੇ 'ਊਹਾ' ਬਿੰਦੇ ਰਹਿਤ**

'ਈਹਾ' 'ਊਹਾਂ' ਉਨ ਸੰਗਿ ਕਾਮੁ ॥ ਪੰ. ੩੧੬

'ਈਹਾ' ਊਹਾ, ਹਰਿ ਤੁਮਹੀ ਤੁਮਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥ ਪੰ. ੬੧੮

ਨਿੰਦਕ ਕਾ ਮਾਥਾ 'ਈਹਾ' 'ਊਹਾ' ਕਾਲਾ ॥ ਪੰ. ੧੧੩੭

(III) **ਜਹਾਂ-ਤਹਾਂ**

(ੳ) **ਦੋਵੇਂ ਸ਼ਬਦ ਬਿੰਦੇ ਸਹਿਤ**

'ਜਹਾਂ' ਸ਼ਬਦੁ ਵਸੈ 'ਤਹਾਂ' ਦੁਖੁ ਜਾਏ ॥ ਪੰ. ੩੬੪

'ਜਹਾਂ' ਸਿਮਰਨੁ ਭਇਓ ਹੈ ਠਾਕੁਰ 'ਤਹਾਂ' ਨਗਰ ਸੁਖ ਆਨਦ ॥
ਪੰ. ੧੨੦੪

'ਜਹਾਂ' ਬੀਸਰੈ ਠਾਕੁਰੁ ਪਿਆਰੋ 'ਤਹਾਂ' ਦੂਖ ਸਭ ਆਪਦ ॥ ਪੰ. ੧੨੦੪

(ਅ) **ਕਿਧਰੇ 'ਜਹਾ' ਅਤੇ ਕਿਧਰੇ 'ਤਹਾ' ਬਿੰਦੇ ਰਹਿਤ**

'ਜਹਾ' ਦਾਣੇ 'ਤਹਾਂ' ਖਾਣੇ ਨਾਨਕਾ ਸਚੁ ਹੇ ॥ ਪੰ. ੫੫੩

'ਜਹਾ' 'ਕਹਾ' ਪ੍ਰਭੂ ਤੂ ਵਰਤੰਤਾ ॥ ਪੰ. ੧੧੩੬

(IV) **ਪਹਿਲਾਂ**

ਬਿੰਦੇ ਸਹਿਤ, 'ਪਹਿਲਾਂ' ਸ਼ਬਦ ਸਮਾ-ਵਾਚੀ ਕਿਰਿਆ ਵਿਸ਼ੇਸ਼ਣ ਹੈ ਅਤੇ ਬਿੰਦੇ ਰਹਿਤ ਸ਼ਬਦ 'ਪਹਿਲਾ' ਸੰਖਿਅਕ ਵਿਸ਼ੇਸ਼ਣ। ਇਹਨਾਂ ਦਾ ਪਰਸਪਰ ਫ਼ਰਕ ਦਰਸਾਉਣ ਲਈ ਇਕ ਇਕ ਉਦਾਹਰਣ ਦਿੱਤੀ ਜਾਂਦੀ ਹੈ :

ਉਦਾਹਰਣ : ਪਹਿਲਾਂ ਤੋਲੋ ਫਿਰ ਮੂੰਹ ਤੋਂ ਬੋਲੋ ॥

ਇਸ ਵਾਕ ਵਿਚ ਸ਼ਬਦ 'ਪਹਿਲਾਂ' ਸਮੇਂ ਦਾ ਸੂਚਕ ਹੈ ਅਤੇ ਇਸ ਦਾ ਸੰਬੰਧ 'ਤੋਲੋ' ਕਿਰਿਆ ਨਾਲ ਹੈ, ਇਸ ਲਈ ਇਹ ਸਮਾ-ਵਾਚਕ ਕਿਰਿਆ ਵਿਸ਼ੇਸ਼ਣ ਹੈ।

ਉਦਾਹਰਣ : *'ਮੋਤੀ ਤ ਮੰਦਰ ਊਸਰਹਿ.........'* ਤੁਕ ਨਾਲ ਆਰੰਭ ਹੋਣ ਵਾਲਾ, ਸਿਰੀ ਰਾਗ ਦਾ 'ਪਹਿਲਾ' ਸ਼ਬਦ ਹੈ।

ਇਸ ਵਾਕ ਵਿਚ ਪਦ 'ਪਹਿਲਾ' ਦਾ ਸੰਬੰਧ ਵਾਕ ਵਿਚ ਆਏ ਨਾਂਵ ਸ਼ਬਦ ਨਾਲ ਹੈ ਅਤੇ ਇਹ (ਪਹਿਲਾ) ਪਦ ਬਾਕੀ ਸ਼ਬਦਾਂ ਵਿਚ ਇਸ ਖ਼ਾਸ ਸ਼ਬਦ ਦੇ ਕਰਮ ਵਲ ਸੰਕੇਤ ਕਰਦਾ ਹੈ। ਇਸ ਲਈ ਇਹ ਪਦ ਕਰਮ-ਵਾਚਕ ਸੰਖਿਅਕ ਵਿਸ਼ੇਸ਼ਣ ਹੈ।

ਕਿਰਿਆ-ਵਿਸ਼ੇਸ਼ਣ ਸ਼ਬਦ 'ਪਹਿਲਾ' ਦਾ ਅੰਤਮ ਸੁਰ ਗੁਰਬਾਣੀ ਵਿਚ ਨਾਸਿਕੀ ਮਿਲਦਾ ਹੈ :

ਕਾਮਣਿ ਤਉ ਸੀਗਾਰੁ ਕਰਿ ਜਾ 'ਪਹਿਲਾਂ' ਕੰਤੁ ਮਨਾਇ ॥ ਪੰ. ੧੮੮

ਵੈਦਾ ਵੈਦੁ ਸੁਵੈਦੁ ਤੂ 'ਪਹਿਲਾਂ' ਰੋਗੁ ਪਛਾਣੁ ॥ ਪੰ. ੧੨੭੯

'ਪਹਿਲਾਂ' ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਪੰ. ੧੨੮੯

ਪਰ ਕਈ ਥਾਈਂ ਇਹ ਕਿਰਿਆ ਵਿਸ਼ੇਸ਼ਣ ਗੁਰਬਾਣੀ ਵਿਚ ਬਿੰਦੇ ਰਹਿਤ ਵੀ ਮਿਲਦਾ ਹੈ :

ਪਹਿਲਾ ਫਾਹਾ ਪਾਇਆ ਪਾਂਧੇ ਪਿਛੋ ਦੇ ਗਲਿ ਚਾਟੜਿਆ ॥ ਪੰ. ੪੩੫

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਪੰ. ੪੭੩

ਉਪਰੋਕਤ ਪ੍ਰਮਾਣਾਂ ਦੀ ਰੋਸ਼ਨੀ ਵਿਚ ਡਾਕਟਰ ਹਰਕੀਰਤ ਸਿੰਘ ਜੀ ਦਾ ਇਹ ਕਥਨ ਕਿ "ਜਿਹੜੇ ਸ਼ਬਦ ਗੁਰਬਾਣੀ ਵਿਚ ਨਾਸਿਕਤਾ ਰਹਿਤ ਅੰਕਿਤ ਹਨ, ਉਹਨਾਂ ਸੰਬੰਧੀ ਗੁਰੂ ਕਾਲ ਦੀ ਪੰਜਾਬੀ ਵਿਚ ਨਾਸਿਕਤਾ ਸੀ ਹੀ ਨਹੀਂ" ਕੇਵਲ ਕਪੋਲ ਕਲਪਨਾ ਹੀ ਅਤੇ ਭੁਲੇਖਾ-ਪਾਊ ਹੈ। ਅਸਲੀਅਤ ਇਹ ਹੈ ਕਿ ਗੁਰਬਾਣੀ ਵਿਚ ਬਿੰਦੀਆਂ ਦੀ ਵਰਤੋਂ ਬਹੁਤ ਸੰਕੋਚਵੀ ਅਤੇ ਸੰਕੇਤਕ ਕੀਤੀ ਹੋਈ ਹੈ। ਚੂੰਕਿ ਵਿਆਕਰਣਿਕ ਬਿੰਦੀਆਂ ਨਿਸ਼ਚਿਤ ਨੇਮਾਂ ਅਨੁਸਾਰ ਲਗੀਆਂ ਹੋਈਆਂ ਹਨ, ਇਸ ਲਈ ਇਹਨਾਂ ਦੀ ਰੋਸ਼ਨੀ ਵਿਚ ਬਿੰਦੀਆਂ ਲਗਣ ਦੇ ਨੇਮ ਲਭ ਕੇ ਉਜਾਗਰ ਕਰਨ ਦੀ ਲੋੜ ਹੈ, ਤਾਂ ਜੋ ਇਹਨਾਂ ਨੇਮਾਂ ਦੀ ਰੋਸ਼ਨੀ ਵਿਚ ਬਾਕੀ ਥਾਵੇਂ ਵੀ ਅਜਿਹੇ ਸ਼ਬਦਾਂ ਦਾ ਉਚਾਰਨ ਸ਼ੁੱਧ ਰੂਪ ਵਿਚ ਕੀਤਾ ਜਾ ਸਕੇ। ਵਾਰ ਵਾਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਗੱਲ ਸ਼ਬਦਾਂ ਦੇ ਨਾਸਕੀ ਉਚਾਰਨ ਦੀ ਹੈ, ਸ਼ਬਦਾਂ ਨੂੰ ਬਿੰਦੀਆਂ ਲਾਉਣ ਦੀ ਨਹੀਂ। ਡਾਕਟਰ ਹਰਕੀਰਤ ਸਿੰਘ ਇਹ ਤੌਖਲਾ ਖ਼ਾਹ-ਮਖ਼ਾਹ ਜਾਣ ਬੁਝ ਕੇ ਪਾ ਰਹੇ ਹਨ।

ਗੁਰੂ ਕਾਲ ਵਾਲੀ ਪੰਜਾਬੀ ਵਿਚ ਉਸ ਵੇਲੇ ਦੇ ਵਿਆਕਰਣਿਕ ਨੇਮਾਂ ਅਨੁਸਾਰ 'ਜਾਂ' 'ਤਾਂ', 'ਈਹਾਂ', 'ਊਹਾਂ', 'ਜਹਾਂ', 'ਤਹਾਂ', 'ਪਹਿਲਾਂ' ਇਹਨਾਂ ਸਾਰੇ ਕਿਰਿਆ ਵਿਸ਼ੇਸ਼ਣ ਸ਼ਬਦਾਂ ਦਾ ਉਚਾਰਨ ਨਾਸਿਕੀ ਸੀ, ਜਿਹਾ ਕਿ ਉੱਤੇ ਅੰਕਤ ਪ੍ਰਮਾਣਾਂ ਤੋਂ ਸਿਧ ਹੁੰਦਾ ਹੈ। ਫਿਰ ਜੇਕਰ ਉਪਰੋਕਤ ਪ੍ਰਮਾਣਾਂ ਤੋਂ ਸੇਧ ਲੈ ਕੇ ਬਾਕੀ ਥਾਵੇਂ ਵੀ ਇਹਨਾਂ ਕਿਰਿਆ ਵਿਸ਼ੇਸ਼ਣਾਂ ਦਾ ਉਚਾਰਨ ਨਾਸਿਕੀ ਕੀਤੇ ਜਾਣ ਦੀ ਗੱਲ ਕੀਤੀ ਜਾਵੇ ਤਾਂ ਡਾਕਟਰ ਹਰਕੀਰਤ ਸਿੰਘ ਦਾ ਇਹ ਦੋਸ਼ "ਸਾਡੇ ਵਿਦਵਾਨ ਪੰਜ ਸੌ ਸਾਲ ਪੁਰਾਣੀ ਪੰਜਾਬੀ ਭਾਸ਼ਾ ਤੇ ਅਜੋਕੀ ਪੰਜਾਬੀ ਦੇ ਨਿਯਮ ਲਾਗੂ ਕਰ ਰਹੇ ਹਨ" ਬਿਲਕੁਲ ਅਨੁਚਿਤ ਅਤੇ ਅਨਹੋਣਾ ਹੈ।

ਡਾਕਟਰ ਸਾਹਿਬ ਦੇ ਭਾਸ਼ਾ ਦੇ ਗਿਆਨ ਬਾਰੇ ਤਾਂ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ, ਕਿਉਂਕਿ ਉਹਨਾਂ ਪਾਸ ਡਿਗਰੀ ਹੈ। ਪਰ ਇਉਂ ਭਾਸਦਾ ਹੈ ਕਿ ਆਪ ਜੀ ਦਾ ਭਾਸ਼ਾ ਗਿਆਨ ਗੁਰਮਤਿ ਦੀਆਂ ਪੁਰਾਤਨ ਇਤਿਹਾਸਕ ਰਵਾਇਤਾਂ ਤੋਂ ਅਣਭਿੱਜ ਹੈ। ਇਸ ਲਈ ਉਹਨਾਂ ਦਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਜ਼ਰੂਰੀ ਜਾਪਦਾ ਹੈ।

ਸਿੱਖ ਧਰਮ ਦੇ ਸ਼੍ਰੋਮਣੀ ਕਵੀ ਅਤੇ ਪ੍ਰਸਿੱਧ ਇਤਿਹਾਸਕਾਰ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਜਪੁਜੀ ਸਾਹਿਬ ਦਾ 'ਗਰਬ ਗੰਜਨੀ' ਟੀਕਾ ਅੱਜ ਤੋਂ ਇਕ ਸਦੀ ਪਹਿਲਾਂ ਲਿਖਿਆ। ਇਸ ਦੇ ਪੰਨਾ ੧੩੬ ਉੱਤੇ ਗੁਰਬਾਣੀ ਵਿਚ ਸ਼ਬਦਾਂ ਦੇ ਨਾਸਿਕੀ ਉਚਾਰਨ ਬਾਰੇ ਆਪ ਜੀ ਦਾ ਉਲੇਖ ਇਸ ਪ੍ਰਕਾਰ ਹੈ :

"ਨਾਨਕ ਪਾਤਸਾਹੀ ਪਾਤਸਾਹ ॥

ਪਾਤਸਾਹੀ ਪਦ ਮੇ ਜੋ (ਅੰਤਲੀ) 'ਹੀ' ਹੈ ਇਸ ਮੇਂ ਦੀਰਘ ਇਕਾਰ ਮੇਂ ਬਹੁ ਸ਼ਬਦ (ਬਹੁ-ਵਚਨ) ਹੋਤ ਹੈ ਬਿੰਦੂ ਕੇ ਸਮੇਤ। ਸੋ ਬਿੰਦੀ ਔਰ ਅਧਕ ਉਪਰਲੀ, ਇਨ ਦੋਊ ਕਾ ਆਦਿ ਗ੍ਰੰਥ ਸਾਹਿਬ ਮੇਂ ਅਭਾਵ ਹੈ। ਪਰ ਪਠਨ ਮੇਂ ਆਵਤ ਹੈ। ਜੋ ਨ ਪੜੇ ਤੇ ਅਰਥ ਤੇ ਅਨਰਥ ਹੋਤ ਹੈ।......ਐਸੇ ਹੀ ਅਨੇਕ ਸਥਾਨੋਂ ਮੇਂ ਯਹੀ ਰੀਤ ਹੈ।

ਗੁਰੂ ਅਰਜਨ ਜੀ ਕੋ ਭੀ ਬਚਨ ਹੈ-ਜਿਸ ਸਮੇਂ ਗੁਰੂ ਗ੍ਰੰਥ ਸਾਹਿਬ ਪੂਰੇ ਲਿਖਯੋ ਗਯੋ ਹੈਂ, ਤਬ ਕਿਸੀ ਸਿੱਖ ਨੈ ਅਰਦਾਸ ਕਰੀ, ਹਜ਼ੂਰ। ਬਿੰਦਾ ਔਰ ਅਧਕ ਇਨ ਕੋ ਘਾਟੋ ਰਹਿਯੋ ਗ੍ਰੰਥ ਸਾਹਿਬ ਮੇਂ। ਸਾਹਿਬ ਜੀ ਨੇ ਕਹਯੋ ਅਬ ਨਹੀ ਲਗਤ ਹੈ। ਸਿਖਯ ਬੁਧੀਵਾਨ ਅਗਾਰੀ ਆਪ ਹੀ ਤਿਸੀ ਰੀਸੇ ਪਾਠਿ ਕਰਕੇ ਅਰਥ ਕਰੇਂਗੇ। ਯਾਂ ਤੇ ਇਹਾ 'ਪਾਤਸਾਹੀ' ਕੋ ਅਰਥ ਹੋਤ ਹੈ। (ਟੀਕਾ ਗਰਬ ਗੰਜਨੀ, ਪੰਨਾ ੧੩੬)

ਗੁਰਮਤਿ ਦੀ ਪੁਰਾਤਨ ਇਤਿਹਾਸਕ ਰਵਾਇਤ ਅਨੁਸਾਰ ਪੁਰਾਤਨ ਟਕਸਾਲੀ ਗਿਆਨੀ ਸਜਣ ਸ਼ਬਦਾਂ ਦੇ ਅਰਧ ਬੋਧ ਅਨੁਸਾਰ ਗੁਰਬਾਣੀ ਦੀ ਵਿਆਕਰਣਿਕ ਨਿਯਮਾਵਲੀ ਦੀ ਰੋਸ਼ਨੀ ਵਿਚ ਉਚਿਤ ਥਾਵੇਂ ਸ਼ਬਦਾਂ ਦਾ ਨਾਸਿਕੀ ਉਚਾਰਨ ਨਿੱਜੀ ਤੌਰ ਤੇ ਕਰਦੇ ਹਨ ਅਤੇ ਅਜਿਹਾ ਕੀਤੇ ਜਾਣ ਦਾ ਪ੍ਰਚਾਰ ਵੀ ਕਰਦੇ ਆ ਰਹੇ ਹਨ। ਭਿੰਡਰਾਂ ਦੀ ਸੰਪਰਦਾਈ ਟਕਸਾਲ ਦੇ ਪ੍ਰਸਿੱਧ ਗਿਆਨੀ ਭਾਈ ਸਾਹਿਬ ਮੋਹਣ ਸਿੰਘ ਜੀ ਵਲੋਂ 'ਪਾਠ ਦਰਸ਼ਨ' ਨਾਮੀ ਪੋਥੀ ਪ੍ਰਕਾਸ਼ ਹੋਈ ਮਿਲਦੀ ਹੈ। ਇਸ ਵਿਚ ਗੁਰਬਾਣੀ ਦੇ ਸ਼ੁੱਧ ਉਚਾਰਨ ਬਾਰੇ ਅੰਕਤ ਪ੍ਰਮਾਣਾਂ ਵਿਚੋਂ ਕੁਝ ਕੁ ਥੱਲੇ ਦਿੱਤੇ ਜਾਂਦੇ ਹਨ।

ਗੁਰਬਾਣੀ ਪਾਠ ਦਰਸ਼ਨ ਦਾ ਪੰਨਾ	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ	ਗੁਰਬਾਣੀ ਦੀ ਪੰਗਤੀ	ਗੁਰਬਾਣੀ ਪਾਠ ਦਰਸ਼ਨ ਪੋਥੀ ਵਿਚ ਉਚਾਰਨ ਸੰਬੰਧੀ ਦਿੱਤਾ ਨੋਟ
੨੬੯	੧੩	ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰ ਸੰਤਨ ਕੀ ਧੂਰੇ ॥	ਮਾਂਗੈ ਬੋਲੋ।
੨੮੨	੭੪	ਨਾਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।	ਨਾਂਗਾ ਬੋਲੋ।
੨੮੨	੭੭	ਚਉਥੈ ਪਹਰੈ ਰੈਣਿ ਕੇ ਵਣਜਾਰਿਆ ਮਿਤ੍ਰਾ ਹਰਿ ਚਲਣ। ਵੇਲਾ ਆਦੀ ॥	ਆਂਦੀ ਬੋਲੋ।
੨੮੩	੭੭	ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਸਫਲਿਉ ਰੈਣਿ ਭਗਤਾ ਦੀ ॥	ਭਗਤਾਂ ਬੋਲੋ।
੨੮੪	੮੦	ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥	ਸਾਂਈ ਬੋਲੋ।

੨੮੫	੮੩	ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥	ਖਾਇਕਾਂ ਬੋਲੋ।
੨੯੦	੯੯	ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥	ਦੇਂਦੇ ਬੋਲੋ।
੩੦੧	੧੪੬	ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥	ਪਹਰੀਂ ਬੋਲੋ।
੩੦੨	੧੪੮	ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥	ਵਾਹੇਂਦੜੁ ਬੋਲੋ।
੩੦੭	੧੫੬	ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀ ਤਾ ॥	ਨਾਂਗੀ ਬੋਲੋ।
੩੦੮	੧੬੨	ਤੇਰਾ ਸਬਦੁ ਤੂਹੈ ਹਰਿ ਆਪੇ ਭਰਮੁ ਕਹਾ ਹੀ ॥	ਕਹਾਂ ਬੋਲਣਾ ਹੈ।
੩੪੧	੩੧੮	ਗਉੜੀ ਕੀ ਵਾਰ ਮਹਲਾ 5 ਰਾਇ ਕਮਾਲ ਦੀ ਮੋਜ ਕੀ ਵਾਰ ਕੀ ਧੁਨਿ ਉਪਰਿ ਗਾਵਣੀ ॥	'ਕਮਾਲ ਦੀ ਮੋਜ' ਦੀ ਪੜੋ।
੩੯੭	੪੫੮	ਗੁਰੁ ਥੀਅ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ ॥	ਆਖੀਂ ਬੋਲੋ।
੫੧੦	੭੦੯	ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥	ਸਾਂਈ ਬੋਲੋ।
੫੨੪	੭੨੯	ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।	ਕੈਹਾਂ ਬੋਲੋ।
੫੯੬	੯੧੯	ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ।	ਗਲਾਂ ਤੇ ਗਲੀਂ ਬੋਲੋ।
੬੪੦	੯੯੧	ਭ੍ਰਾਤਿ ਤਜਿ ਛੋਡਿ ਤਉ ਅਪਿਓ ਪੀਜੈ ॥	ਭ੍ਰਾਂਤਿ ਬੋਲੋ।
੬੫੦	੧੦੧੫	ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਇ ॥	ਝੂਰੇਂਦੀ ਬੋਲੋ।
੬੫੧	੧੦੧੯	ਪਾਪ ਕਰੇਦੜ ਸਰਪਰ ਮੁਠੇ॥	ਕਰੇਂਦੜ ਬੋਲੋ।
੬੬੯	੧੦੯੦	ਗੁਰ ਸੇਵਿਐ ਸਾਤਿ ਪਾਈਐ ਜਥਿ ਸਾਸ ਗਿਰਾਸ ॥	ਸਾਂਤਿ ਬੋਲੋ।
੬੭੩	੧੦੯੫	ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ ॥	ਸੇਵੇਂਦੇ ਬੋਲੋ।
੬੭੪	੧੦੯੭	ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ ॥	ਠੱਗੀ ਬੋਲੋ।

੮੦੨	੧੩੬੨	ਮੈਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ ॥	ਆਂਗਨਿ ਬੋਲੋ।

ਡਾਕਟਰ ਹਰਕੀਰਤ ਸਿੰਘ ਜੀ ਦੀ ਜਾਣਕਾਰੀ ਲਈ ਇਹ ਵਰਣਨ ਕਰਨਾ ਪ੍ਰਸੰਗਕ ਹੈ ਕਿ ਉਚਾਰਨ ਦੇ ਵੱਖ ਵੱਖ ਪੱਖਾਂ ਬਾਰੇ ਅਗਵਾਈ ਗੁਰਬਾਣੀ ਵਿਚੋਂ ਹੀ ਸੰਕੇਤਕ ਰੂਪ ਵਿਚ ਮਿਲਦੀ ਹੈ, ਜਿਵੇਂ :

(1) ਪੰਜਾਬ ਦੇ ਅੰਕ (Figure) '1' ਦਾ ਮੂਲਕ ਰੂਪ ਵਿਚ ਉਚਾਰਨ 'ਇਕ' ਹੈ। ਪਰ ਇਹ ਅੰਕ ਜਦੋਂ ਵੱਖ ਵੱਖ ਸ਼ਬਦਾਂ ਦੇ ਸਿਰਲੇਖ ਵਿਚ 'ਮਹਲਾ' ਜਾਂ 'ਘਰ' ਨਾਲ ਆਉਂਦਾ ਹੈ ਤਾਂ ਇਸ ਦਾ ਉਚਾਰਨ 'ਪਹਿਲਾ' ਕੀਤਾ ਜਾਂਦਾ ਹੈ। ਏਵੇਂ ਹੀ ਸ਼ਬਦਾਂ ਦੇ ਸਿਰਲੇਖ ਵਿਚ ਆਏ ਬਾਕੀ ਅੰਕਾਂ '2', '3', '4' ਦਾ ਉਚਾਰਨ 'ਦੂਜਾ', 'ਤੀਜਾ', 'ਚੋਥਾ' ਆਦਿ ਕੀਤਾ ਜਾਂਦਾ ਹੈ। ਅਜਿਹਾ ਐਵੇ ਮਨ-ਮਰਜੀ ਨਾਲ ਜਾਂ ਢਕੋਸਲੇ-ਬਾਜੀ ਨਾਲ ਨਹੀਂ ਕੀਤਾ ਜਾਂਦਾ, ਬਲਕਿ ਗੁਰਬਾਣੀ ਵਿਚੋਂ ਸੰਕੇਤਕ ਰੂਪ ਵਿਚ ਮਿਲੀ ਅਗਵਾਈ ਅਧੀਨ ਹੀ ਇੰਜ ਕੀਤਾ ਜਾਂਦਾ ਹੈ। ਸੰਕੇਤਕ ਅਗਵਾਈ ਦੇ ਕੁਝ ਪ੍ਰਮਾਣ ਥਲੇ ਦਿੱਤੇ ਜਾਂਦੇ ਹਨ :

ਪੰਨਾ	ਰਾਗ	ਮਹਲਾ	ਅੰਕ	ਪੂਰਾ ਸਿਰਲੇਖ
੧੪	ਸਿਰੀ ਰਾਗੁ	੧	੪ ॥ ੧ ॥	ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰ ੧
੫੮੨	ਵਡਹੰਸੁ	੩	੪ ॥ ੧॥	ਵਡਹੰਸੁ ਮਹਲਾ ੩ (ਤੀਜਾ)
੬੦੫	ਸੋਰਠਿ	੪	੪ ॥ ੨ ॥	ਸੋਰਠਿ ਮਹਲਾ ੪ (ਚਉਥਾ)
੬੬੧	ਧਨਾਸਰੀ	੧	੪॥ ੧॥ ੩॥	ਧਨਾਸਰੀ ਮਹਲਾ ੧ ਪਹਿਲਾ ਘਰੁ ਦੂਜਾ

(2) ਵਾਰਾਂ ਵਿਚ ਆਏ ਸਲੋਕਾਂ ਦੇ ਸਿਰਲੇਖਾਂ ਵਿਚ ਚਿੰਨ੍ਹਾਤਮਕ ਰੂਪ ਵਿਚ ਅੰਕਤ ਪਦ 'ਮ' ਦਾ ਗੁਰਬਾਣੀ ਵਿਚੋਂ ਮਿਲਦੀ ਅਗਵਾਈ ਅਧੀਨ ਉਚਾਰਨ ਪੂਰਾ ਸ਼ਬਦ 'ਮਹਲਾ' ਕੀਤਾ ਜਾਂਦਾ ਹੈ।

(3) ਗੁਰਮਤਿ ਰਵਾਇਤ ਅਨੁਸਾਰ ਗੁਰਬਾਣੀ ਵਿਚ ਆਏ ਕੁਝ ਸ਼ਬਦਾਂ ਵਿਚ ਕਿਸੇ ਨਿਸ਼ਚਿਤ ਅਖਰ ਦੇ ਦ੍ਰੁਤ ਉਚਾਰਨ ਦਾ ਵਿਧਾਨ ਹੈ, ਜਿਵੇਂ :

ਉਚਕਾ ਵਿਚ 'ਚ' ਅਖਰ ਦਾ
ਕੁਪਤਾ ਵਿਚ 'ਪ' ਅਖਰ ਦਾ
ਮੁਸਲਾ ਵਿਚ 'ਸ' ਅਖਰ ਦਾ

ਪੁਰਾਤਨ ਕਾਲ ਵਿਚ ਦ੍ਰੁਤ ਉਚਾਰਨ ਦੀ ਪ੍ਰਥਾ ਤਾਂ ਪ੍ਰਚੱਲਿਤ ਸੀ, ਭਾਵੇਂ ਇਸ ਮੰਤਵ ਲਈ ਕੋਈ ਅੱਡਰਾ ਨਿਸ਼ਚਿਤ ਚਿੰਨ੍ਹ ਹੋਂਦ ਵਿਚ ਨਹੀਂ ਸੀ। ਦ੍ਰੁਤ-ਉਚਾਰਨ ਦਾ ਨਿਰਭਰ ਹਰੇਕ ਦੇ ਬੋਲੀ ਦੇ ਬੋਧਕ ਗਿਆਨ ਉੱਤੇ ਸੀ। ਸਮੇਂ ਦੇ ਗੇੜ ਨਾਲ ਸੌਖ ਨੂੰ ਮੁਖ ਰਖ ਕੇ ਉਸ ਲਈ ਇਕ ਅੱਡਰੇ ਚਿੰਨ੍ਹ (ਅੱਧਕ) ਦੀ ਘਾੜਤ ਘੜੀ ਗਈ।

(4) ਸ਼ਬਦਾਂ ਦੇ ਸਿਰਲੇਖ ਵਿਚ ਆਏ ਅੰਕ (੧) ਦਾ ਉਚਾਰਨ 'ਪਹਿਲਾ' ਹੈ, ਪਰ ਜਦੋਂ ਇਹ ਅੰਕ ਸ਼ਬਦਾਂ ਦੇ ਅੰਤ ਵਿਚ ਅੰਕਤ ਸੂਚਨਾ ਵਿਚ ਆਵੇ ਤਾਂ ਇਸ ਦਾ ਓਚਾਰਨ ਮੂਲਕ ਰੂਪ ਵਿਚ 'ਇਕ' ਹੀ ਹੁੰਦਾ ਹੈ, ਜਿਵੇਂ :

ਸਿਰਲੇਖ ਵਿਚ	ਸੋਰਠਿ ਮਹਲਾ '੧'	ਪਹਿਲਾ
ਅੰਤਮ ਸੂਚਨਾ ਵਿਚ	ਛਕਾ '੧'	ਇਕ

(5) ਸ਼ਬਦਾਂ ਵਿਚ ਹਰੇਕ ਪਦੇ ਮਗਰੋਂ ਦਿੱਤੇ ਅਤੇ ਸ਼ਬਦਾਂ ਦੇ ਅੰਤ ਵਿਚ ਦਿੱਤੇ ਅੰਕ ਉਚਾਰਨ ਦਾ ਭਾਗ ਨਹੀਂ ਬਣਦੇ।

(6) '੧' ਰਹਾਉ ਦਾ ਸ਼ੁੱਧ ਉਚਾਰਨ 'ਰਹਾਉ' ਹੀ ਹੈ, 'ਇਕ ਰਹਾਉ ਗ਼ਲਤ ਹੈ।

ਫਿਰ ਸਮਝ ਨਹੀਂ ਆਉਂਦੀ ਕਿ ਨਾਸਿਕਤਾ ਦੇ ਸੰਬੰਧ ਵਿਚ ਗੁਰਬਾਣੀ ਦੇ ਨਾਸਿਕੀ ਸ਼ਬਦਾਂ ਤੋਂ ਜੋ ਗੁਰਬਾਣੀ ਦੇ ਨੇਮ ਉਜਾਗਰ ਹੁੰਦੇ ਹਨ, ਉਹਨਾਂ ਤੋਂ ਅਗਵਾਈ ਲੈ ਕੇ ਬਾਕੀ ਥਾਵੇਂ ਆਏ ਅਜਿਹੇ ਸ਼ਬਦਾਂ ਦੇ ਨਾਸਿਕੀ ਉਚਾਰਨ ਬਾਰੇ ਡਾ. ਹਰਕੀਰਤ ਸਿੰਘ ਜੀ ਕਿਉਂ ਅਜਾਈਂ ਵਾਵੇਲਾ ਕਰ ਰਹੇ ਹਨ। ਗੱਲ ਕੇਵਲ ਉਚਾਰਨ ਦੀ ਹੈ, ਬਿੰਦੀਆਂ ਲਾਉਣ ਦੀ ਨਹੀਂ, ਜਿਵੇਂ ਕਿ ਡਾਕਟਰ ਸਾਹਿਬ ਪੇਸ਼ ਕਰ ਰਹੇ ਹਨ।

'ਸ' ਤੇ 'ਸ਼' ਧੁਨੀਆਂ ਦਾ ਉਚਾਰਨ

ਗੁਰਬਾਣੀ ਦੇ ਉਚਾਰਨ ਦਾ ਇਹ ਇਕ ਗੰਭੀਰ ਪੰਥਕ ਮਸਲਾ ਹੈ, ਜਿਸ ਵਲ ਗੁਰਮਤੀ ਸਿੱਖ ਵਿਦਵਾਨਾਂ ਅਤੇ ਜ਼ਿੰਮੇਵਾਰ ਸੰਸਥਾਵਾਂ ਨੂੰ ਜ਼ਿੰਮੇਵਾਰੀ ਅਤੇ ਗੰਭੀਰਤਾ ਨਾਲ ਛੇਤੀ ਤੋਂ ਛੇਤੀ ਧਿਆਨ ਦੇਣਾ ਲੋੜੀਂਦਾ ਹੈ। ਜੇ ਹਰ ਕਿਸੇ ਨੂੰ ਇਸ ਸੰਬੰਧ ਵਿਚ ਆਪੋਧਾਪੀ ਵਰਤਾਉਣ ਦੀ ਆਗਿਆ ਦਿੱਤੀ ਜਾਂਦੀ ਰਹੀ ਤਾਂ ਇਹ ਮਸਲਾ ਦਿਨੋਂ ਦਿਨ ਵਧੇਰੇ ਗੰਧਲਾ ਹੋ ਜਾਵੇਗਾ ਤੇ ਫਿਰ ਇਸ ਨੂੰ ਸੁਲਝਾਉਣ ਲਈ ਓਨਾ ਹੀ ਵਧੇਰਾ ਪਰਿਸ਼ਰਮ ਕਰਨਾ ਪਵੇਗਾ। ਸੋ ਜਿੰਨੀ ਛੇਤੀ ਇਸ ਨੂੰ ਸੁਲਝਾ ਲਿਆ ਜਾਵੇ, ਉੱਨਾ ਹੀ ਬਿਹਤਰ ਹੈ।

(1)

ਗੁਰਬਾਣੀ ਦੇ ਸ਼ੁੱਧ ਉਚਾਰਨ ਦੇ ਸਾਰੇ ਪੱਖਾਂ ਸੰਬੰਧੀ ਬਿਬੇਕ-ਬੁੱਧੀ ਅਤੇ ਪ੍ਰਸਪਰ ਸਦਭਾਵਨਾ ਨਾਲ ਵਿਚਾਰ ਕੀਤੇ ਜਾਣ ਦੀ ਲੋੜ ਹੈ। ਇਹ ਅਗੰਮੀ ਬਾਣੀ, ਜਨ ਸਾਧਾਰਣ ਦੇ ਸਮਝਣ, ਵਿਚਾਰਨ ਅਤੇ ਕਮਾਉਣ ਲਈ ਸਾਂਝੀ ਭਾਰਤੀ ਬੋਲੀ ਵਿਚ ਉਚਾਰਨ ਕੀਤੀ ਹੋਈ ਹੈ। ਜਿਥੇ ਜਿਥੇ ਦੇ ਵਸਨੀਕਾਂ ਪ੍ਰਥਾਇ ਇਹ ਉਚਾਰਨ ਕੀਤੀ ਗਈ, ਉਥੇ ਉਥੇ ਉਨ੍ਹਾਂ ਨੂੰ ਸੋਝੀ ਦੇਣ ਲਈ, ਉਨ੍ਹਾਂ ਦੀ ਸਥਾਨਿਕ ਬੋਲੀ ਅਤੇ ਉਨ੍ਹਾਂ ਦੇ ਪ੍ਰਚੱਲਿਤ ਉਚਾਰਨ ਅਨੁਸਾਰ ਹੀ ਬਾਣੀ ਦਾ ਉਚਾਰਨ ਕੀਤਾ ਗਿਆ।

ਜੇ ਯਥਾਰਥ ਵਲੋਂ ਅੱਖਾਂ ਨਾ ਮੀਟ ਲਈਆਂ ਜਾਣ ਅਤੇ ਠਰੰਮੇ ਨਾਲ ਵਿਚਾਰਿਆ ਜਾਏ ਤਾਂ ਇਹ ਦਲੀਲ ਮਨ ਨੂੰ ਪੁੜਦੀ ਹੈ ਕਿ ਇਨ੍ਹਾਂ ਧੁਨੀਆਂ ਲਈ ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਵਿਚ ਇਕ ਤੋਂ ਵੱਧ ਅੱਖਰ ਪ੍ਰਚੱਲਿਤ ਸਨ ਅਤੇ ਹਨ, ਉਨ੍ਹਾਂ ਧੁਨੀਆਂ ਦਾ ਇਹ ਕਿਵੇਂ ਹੋ ਸਕਦਾ ਹੈ ਕਿ ਪੰਜਾਬੀ ਬੋਲੀ ਵਿਚ ਮੂਲੋਂ ਹੀ ਅਭਾਵ ਹੋਵੇ। ਗੁਰੂ-ਕਾਲ ਸਮੇਂ ਫ਼ਾਰਸੀ ਉਰਦੂ-ਰਾਜ ਭਾਸ਼ਾਵਾਂ ਸਨ ਅਤੇ ਉਨ੍ਹਾਂ ਦਾ ਪੰਜਾਬ ਉੱਤੇ ਬੜਾ ਤਕੜਾ ਪ੍ਰਭਾਵ ਸੀ। ਇਨ੍ਹਾਂ ਭਾਸ਼ਾਵਾਂ ਦੇ ਕਈ ਸ਼ਬਦ ਤਤਸਮ ਰੂਪ ਵਿਚ ਹੀ ਪੰਜਾਬ ਵਿਚ ਰਚ ਮਿਚ ਚੁੱਕੇ ਸਨ ਅਤੇ ਇਸ ਗੱਲ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਉਸ ਸਮੇਂ ਦੇ ਪੰਜਾਬ-ਵਾਸੀ ਇਨ੍ਹਾਂ ਦਾ ਸ਼ੁੱਧ

ਉਚਾਰਨ ਕਰਨ ਦੀ ਸਮਰੱਥਾ ਅਵੱਸ਼ ਰੱਖਦੇ ਸਨ, ਕਿਉਂਕਿ ਇਹ ਸ਼ਬਦ ਉਨ੍ਹਾਂ ਦੀ ਨਿਤ-ਵਰਤੋਂ ਦੀ ਬੋਲੀ ਦਾ ਭਾਗ ਬਣ ਚੁੱਕੇ ਸਨ।

ਅਸਲ ਗੱਲ ਇਹ ਹੈ ਕਿ ਗੁਰਮੁਖੀ ਲਿਪੀ ਸੂਤਰ ਰੂਪ ਵਿਚ ਸੰਖੇਪ ਰਖੀ ਗਈ। ਪੰਜਾਬੀ ਲਿਪੀ ਦੇ ਸ, ਖ, ਗ, ਜ, ਫ, ਅੱਖਰ ਦੇ ਦੋ ਧੁਨੀ ਦੇ ਪ੍ਰਗਟਾਉ ਹਨ, ਬੋਲੀ ਦਾ ਬੋਧ ਰੱਖਣ ਵਾਲਾ ਹਰੇਕ ਵਿਅਕਤੀ ਯੋਗ ਧੁਨੀ ਦਾ ਸੁਤੇ ਹੀ ਠੀਕ ਉਚਾਰਨ ਕਰ ਸਕਦਾ ਹੈ।

ਇਥੇ ਇਹ ਵਰਣਨ ਕਰਨਾ ਵੀ ਉਚਿਤ ਹੈ ਕਿ ਪੰਜਾਬੀ ਲਿਪੀ ਵਿਚ ਘ, ਝ, ਢ, ਧ ਅਤੇ ਭ ਅੱਖਰਾਂ ਦੀਆਂ ਦੋ ਦੋ ਧੁਨੀਆਂ ਹਨ। ਜਦੋਂ ਇਹ ਅੱਖਰ ਕਿਸੇ ਸ਼ਬਦ ਦੇ ਅਰੰਭ ਵਿਚ ਹੁੰਦੇ ਹਨ ਤਾਂ ਇਨ੍ਹਾਂ ਦੇ ਉਚਾਰਨ ਉੱਤੇ ਪੈਂਤੀ-ਅੱਖਰੀ ਦੀ ਉਸ ਟੋਲੀ, ਜਿਸ ਵਿਚ ਇਹ ਆਉਂਦੇ ਹਨ, ਦੇ ਪਹਿਲੇ ਅੱਖਰ ਦਾ ਪ੍ਰਭਾਵ ਹੁੰਦਾ ਹੈ, ਪਰ ਜਦੋਂ ਇਹ ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਆਉਣ ਤਾਂ ਇਨ੍ਹਾਂ ਦੇ ਉਚਾਰਨ ਉੱਤੇ ਇਨ੍ਹਾਂ ਦੀ ਸੰਬੰਧਿਤ ਟੋਲੀ ਦੇ ਤੀਜੇ ਅੱਖਰ ਦਾ ਪ੍ਰਭਾਵ ਹੁੰਦਾ ਹੈ, ਜਿਵੇਂ ਵੰਨਗੀ ਮਾਤਰ :

ਸੰਬੰਧਿਤ ਅੱਖਰ	ਸ਼ਬਦ ਦੇ ਆਰੰਭ 'ਚ'	ਸ਼ਬਦ ਦੇ ਵਿਚਕਾਰ	ਸ਼ਬਦ ਦੇ ਅੰਤ 'ਚ
ਘ	ਘਾਲ	ਮਘੋਰਾ	ਕੰਘਾ
ਝ	ਝੋਲੀ	ਮਝੈਲ	ਸਾਂਝਾਂ
ਢ	ਢੋਲਕ	ਕਢਾਈ	ਸੰਢਾ
ਧ	ਧੁਨੀ	ਮਧਾਣੀ	ਅੰਧਾ
ਭ	ਭਾਣਾ	ਸੁਭਾਵ	ਲਾਭ

ਇਨ੍ਹਾਂ ਵਿਚੋਂ ਜਦ ਵੀ ਕੋਈ ਅੱਖਰ ਨਾਲੋਂ ਨਾਲ ਦੋ ਵਾਰ ਆ ਜਾਵੇ ਤਾਂ ਪਹਿਲੀ ਥਾਵੇਂ ਉਸ ਦੀ ਧੁਨੀ ਦੂਜੀ ਥਾਂ ਦੀ ਧੁਨੀ ਨਾਲੋਂ ਵੱਖਰੀ ਹੋਵੇਗੀ, ਜਿਵੇਂ ਧੰਧਾ, ਢੂੰਢ, ਘੁਘ, ਭੰਭਲਭੂਸੇ, ਰੁਣਝੁੰਝਣੜਾ।

ਅੰਗਰੇਜ਼ੀ ਦੇ ਅੱਖਰਾਂ, ਏ (a), ਸੀ (c), ਈ (e), ਜੀ (g), ਆਈ (i), ਯੂ (u), ਆਦਿ ਦੀਆਂ ਵੀ ਇਕ ਤੋਂ ਵੱਧ ਧੁਨੀਆਂ ਹਨ। ਅੰਗਰੇਜ਼ੀ ਭਾਸ਼ਾ ਵਿਚ (ti), (ci), (si), (sh) ਇਨ੍ਹਾਂ ਦੋ ਦੋ ਅੱਖਰਾਂ ਦੇ ਸੁਮੇਲ ਦੀ ਵਰਤੋਂ (ਸ਼) ਦੀ ਧੁਨੀ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ।

ਸੋ ਪੰਜਾਬੀ ਭਾਸ਼ਾ ਦੇ ਉਪਰੋਕਤ ਅੱਖਰਾਂ (ਸ, ਖ, ਗ, ਜ, ਫ) ਵਿਚ ਵੀ ਦੋ ਦੋ ਧੁਨੀਆਂ ਦਾ ਹੋਣਾ ਕੋਈ ਅਨਹੋਣੀ ਜਾਂ ਕਿੰਤੂ ਵਾਲੀ ਗੱਲ ਨਹੀਂ। ਪੁਰਾਤਨ ਪੰਜਾਬੀ ਵਿਚ ਸੰਖੇਪਤਾ ਅਥਵਾ ਸੰਕੋਚ ਪ੍ਰਧਾਨ ਸੀ। ਸੰਬੰਧਕੀ ਪਦਾਂ ਦੀ ਥਾਵੇਂ ਵੀ ਕਾਰਕ-ਚਿਨ੍ਹ ਵਰਤੇ ਜਾਂਦੇ ਸਨ। ਸਮੇਂ ਦੇ ਬਦਲਣ ਨਾਲ ਸੰਖੇਪਤਾ ਘਟਦੀ ਗਈ ਅਤੇ ਵਿਸਥਾਰ ਵਧਦਾ ਗਿਆ। ਵਰਤਮਾਨ ਪੰਜਾਬੀ ਵਿਚ ਕਾਰਕ-ਚਿੰਨ੍ਹ ਦੀ ਵਰਤੋਂ ਬਿਲਕੁਲ ਨਾਂ-ਮਾਤਰ ਰਹਿ ਗਈ ਹੈ। ਇਸੇ ਤਰ੍ਹਾਂ ਲਿਪੀ-ਵਿਧਾਨ ਵਿਚ ਵੀ ਉਪਰੋਕਤ ਅੱਖਰਾਂ ਦੀ ਦੂਜੀ ਧੁਨੀ ਦੇ ਪ੍ਰਗਟਾਅ ਲਈ ਸਮੇਂ ਸਮੇਂ ਇਨ੍ਹਾਂ ਅੱਖਰਾਂ ਵਿਚ ਕਿਸੇ ਰੂਪ ਵਿਚ ਕੁਝ ਤਬਦੀਲੀ ਕੀਤੀ ਜਾਂਦੀ ਰਹੀ ਹੈ। ਪਹਿਲਾਂ ਪਹਿਲ ਇਨ੍ਹਾਂ ਅੱਖਰਾਂ ਦੇ ਹੇਠਲੇ ਡੰਡੇ ਨੂੰ ਜ਼ਰਾ ਮੋੜ ਦਿੱਤਾ ਜਾਂਦਾ ਸੀ, ਜਿਵੇਂ ਸ ਤੋਂ ਸ੍

(ਸ਼)। ਦਸਮ ਗ੍ਰੰਥ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਵਿਚੋਂ ਇਹ ਤੱਥ ਤਸਦੀਕ ਕੀਤਾ ਜਾ ਸਕਦਾ ਹੈ। ਫਿਰ ਮਗਰੋਂ ਆ ਕੇ ਇਨ੍ਹਾਂ ਅੱਖਰਾਂ ਹੇਠ ਬਿੰਦੀ ਲਾ ਕੇ ਇਨ੍ਹਾਂ ਦੀ ਅੱਡਰੀ ਹੋਂਦ ਕਾਇਮ ਕਰ ਦਿੱਤੀ ਗਈ।

(2)

ਡਾਕਟਰ ਹਰਕੀਰਤ ਸਿੰਘ ਜੀ ਨਾਨਕ ਪ੍ਰਕਾਸ਼ ਪਤ੍ਰਿਕਾ ਜੂਨ-ਦਸੰਬਰ, 1982 ਵਿਚ ਦਿੱਤੇ ਆਪਣੇ ਲੇਖ 'ਗੁਰਬਾਣੀ ਦਾ ਉਚਾਰਨ' ਦੇ ਆਰੰਭ ਵਿਚ ਹੀ ਪੰਨਾ 26 ਉਪਰ ਪਹਿਲੇ ਅੰਕ ਦੇ ਨਾਲ ਲਿਖਦੇ ਹਨ :

"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ ਤੇ ਜ਼ ਦੀਆਂ ਧੁਨੀਆਂ ਅੰਕਿਤ ਨਹੀਂ ਕੀਤੀਆਂ ਗਈਆਂ।" ਇਸ ਪੰਨੇ ਤੇ ਅਗੇ ਜਾ ਕੇ ਲਿਖਦੇ ਹਨ :

> "ਗੁਰਬਾਣੀ ਦੀ ਭਾਸ਼ਾ ਅੱਜ ਤੋਂ ਚਾਰ ਪੰਜ ਸੋ ਸਾਲ ਪੁਰਾਣੀ ਹੈ, ਉਸ ਸਮੇਂ ਦਾ ਉਚਾਰਨ ਅੱਜ-ਕੱਲ੍ਹ ਦੇ ਉਚਾਰਨ ਨਾਲੋਂ ਕਾਫ਼ੀ ਫ਼ਰਕ ਵਾਲਾ ਸੀ।"

ਅਤੇ ਫਿਰ ਹੋਰ ਅਗੇ ਜਾ ਕੇ ਪੰਨਾ 227 ਦੇ ਹੇਠਲੇ ਪੈਰ੍ਹੇ ਵਿਚ ਲਿਖਦੇ ਹਨ :

> "ਪਹਿਲਾਂ ਅਸੀਂ 'ਸ਼' ਦੀ ਧੁਨੀ ਬਾਰੇ ਵਿਚਾਰ ਕਰਦੇ ਹਾਂ। ਇਹ ਧੁਨੀ ਸੰਨ 1850 ਈ. ਤਕ ਪੰਜਾਬੀ ਵਿਚ ਬਿਲਕੁਲ ਨਹੀਂ ਸੀ ਉਚਾਰੀ ਜਾਂਦੀ। ਇਸਦੇ ਸਾਡੇ ਕੋਲ ਪ੍ਰਤੱਖ ਪ੍ਰਮਾਣ ਮੋਜੂਦ ਹਨ। ਪਹਿਲਾ ਪ੍ਰਮਾਣ ਸਾਨੂੰ ਪੰਜਾਬੀ ਦੇ ਕੋਸ਼ਾਂ ਵਿਚੋਂ ਮਿਲਦਾ ਹੈ।.....ਪੰਜਾਬੀ ਦਾ ਸਭ ਤੋਂ ਪੁਰਾਣਾ ਕੋਸ਼ 'ਲੁਧਿਆਣਾ ਮਿਸ਼ਨ ਵਾਲਾ ਕੋਸ਼' ਕਰਕੇ ਪ੍ਰਸਿੱਧ ਹੈ। ਇਹ ਕੋਸ਼ ਲੁਧਿਆਣਾ ਮਿਸ਼ਨ ਦੇ ਵਿਦਵਾਨ ਪਾਦਰੀਆਂ ਨੇ 1840 ਈ. ਵਿਚ ਬਨਾਉਣਾ ਸ਼ੁਰੂ ਕੀਤਾ ਸੀ। ਇਹ 1754 ਵਿਚ ਪ੍ਰਕਾਸ਼ਿਤ ਹੋਇਆ। ਇਸ ਕੋਸ਼ ਵਿਚ ਸ਼ ਤੇ ਜ਼ ਦੀਆਂ ਧੁਨੀਆਂ ਨਹੀ ਆਉਂਦੀਆਂ।.......ਇਸ ਕੋਸ਼ ਵਿਚ ਸ਼ਬਦ ਗੁਰਮੁਖੀ ਵਿਚ ਲਿਖ ਕੇ ਨਾਲ ਰੋਮਨ ਵਿਚ ਵੀ (s) 'ਐਸ' ਨਾਲ ਲਿਖੇ ਹਨ, (sh) ਨਾਲ ਨਹੀਂ।"

ਇੰਜ ਜਾਪਦਾ ਹੈ ਕਿ ਡਾਕਟਰ ਸਾਹਿਬ ਨੇ ਵਰਣਿਤ ਕੀਤੇ ਉਪਰੋਕਤ 'ਲੁਧਿਆਣਾ ਮਿਸ਼ਨ ਕੋਸ਼' ਨੂੰ ਸਰਸਰੀ ਤੋਰ ਤੇ ਹੀ ਵੇਖਿਆ ਹੈ। ਜੇ ਉਹ ਉਸ ਕੋਸ਼ ਨੂੰ ਰਤਾ ਗਹੁ ਨਾਲ ਵੇਖਣ ਦਾ ਜਤਨ ਕਰਨ ਤਾਂ ਉਸੇ ਕੋਸ਼ ਵਿਚੋਂ ਹੀ ਇਸ ਗੱਲ ਦੀ ਸੇਧ ਤੇ ਪੁਸ਼ਟੀ ਮਿਲ ਜਾਂਦੀ ਹੈ ਕਿ 'ਸ' ਅੱਖਰ ਦੀਆਂ ਦੋ ਧੁਨੀਆਂ ਉਦੋਂ ਪਚੱਲਿਤ ਸਨ। ਇਸ ਕੋਸ਼ ਵਿਚ 'ਸੱਸਾ' ਸ਼ਬਦ ਰੋਮਨ ਵਿਚ ਜਿਥੇ 's' ਨਾਲ ਲਿਖਿਆ ਗਿਆ ਹੈ ਉਥੇ ਕੁਝ ਥਾਵਾਂ ਤੇ 'sh' ਨਾਲ ਵੀ ਅੰਕਿਤ ਕੀਤਾ ਹੋਇਆ ਮਿਲਦਾ ਹੈ। ਅਤੇ ਇਸ 'sh' ਵਾਲੇ 'ਸੱਸੇ' ਅੱਖਰ ਦੇ ਹੇਠਲੇ ਡੰਡੇ ਨੂੰ ਰਤਾ ਕੁ ਮੋੜਿਆ ਹੋਇਆ ਹੈ। ਰਤਾ ਨੀਝ ਲਾ ਕੇ ਦੇਖਣ ਦੀ ਲੋੜ ਹੈ, ਸਰਸਰੀ ਨਜ਼ਰੇ ਇਹ ਡੰਡਿਆਂ ਦੇ ਹੇਠਲੇ ਮੋੜ ਖ਼ਿਆਲ ਵਿਚ ਆਉਂਦੇ ਹੀ ਨਹੀਂ। ਜਿਹਾ ਕਿ :

ਪੰਨਾ		
21/3	ਇਸ੍ਕ	ishk-Love
"	ਇਸ੍ਕਪੇਚਾ	ishkpecha-The name of a flower.
"	ਇਸ੍ਕ ਮੁਸਕ	ishk mushk-Making love.
"	ਇਸਕੀ ਟਿੱਡਾ	ishki tidda-A lover of women.

53/1	ਸ੍ਾਬਾ ਸ੍ਾਬਾ	sha-ba- sha-ba-well done : bravo.
53/2	ਸ੍ਾਮ	sham-one of the names of Krishna.
	ਸ੍ਾਮ	sham-Evening.
	ਸ੍ਾਮ	sham-Dark coloured, black.
	ਸ੍ਾਮਵੇਦ	Shamved-The name of one of the Hindu sacred books.
53/3	ਸ੍ਾਮੀ	shami-Lord, master.
	ਸ੍ਾਮੀ	shami-of a dark complexion.
54/2	ਸਾਲਾ	Sala-The causes of causes, i.e.God.
	ਸ੍ਾਲਾ	Shala-The causes of causes, i.e.God.
59/1	ਸੀਹਣ	sihan-A Lioness
	ਸੀਹਣ	shihan-A Lioness
	ਸ੍ੀਹਣੀ	sihani-A Lioness
	ਸ੍ੀਹਣੀ	shihani-A Lioness
67/2	ਸੇਰ	Ser-A lion
	ਸ੍ੇਰ	Sher-A lion
	ਸੇਰਨੀ	serni-A lioness
	ਸ੍ੇਰਨੀ	sherni-A lioness
68/2	ਸ੍ੋਕ	shok-Lamentation, grief.
69/1	ਸੋਰਾ	sora-Salt Petre, soop, broth.
	ਸ੍ੋਰਾ	shora-Salt Petre, soop, broth.
	ਸੋਰ	Sore-noise, clamor
	ਸ੍ੋਰ	Shor-noise, clamor
	ਸੋਰੀ	Shori-noisy, clamorous.
	ਸ੍ੋਰੂਆ	Sorua-roth
	ਸ੍ੋਰੂਆ	Shorua-roth
307/1	ਫਰਿਸ੍ਤਾ	Farista-An angel.
	ਫਰਿਸਤਾ	Farishta-An angel.
312/2	ਫੈਜਬਖਸ੍	Faizbakhsh-kind.

ਨੋਟ : 1. ਪੁਰਾਤਨ ਹੱਥ-ਲਿਖਤਾਂ ਵਿਚ 'ਸ' ਅੱਖਰ ਦੇ ਸਜੇ ਡੰਡੇ ਨੂੰ ਮੋੜੀ ਲਈ ਜੋ ਢੰਗ (ਚਿੰਨ੍ਹ) ਵਰਤਿਆ ਜਾਂਦਾ ਹੈ, ਉਸ ਲਈ ਪੰਜਾਬੀ ਦੀ ਟਾਈਪ ਵਿਚ ਕੋਈ ਨਿਸ਼ਚਿਤ ਚਿੰਨ੍ਹ ਪ੍ਰਚੱਲਿਤ ਨਾ ਹੋਣ ਕਾਰਣ ਅਸੀਂ 'ਸ' ਅੱਖਰ ਥੱਲੇ ਹਲੰਤ ਚਿੰਨ੍ਹ ਦੀ ਵਰਤੋਂ ਕੀਤੀ ਹੈ।

2. ਅੰਤਲੇ ਦੋਹਾਂ ਸ਼ਬਦਾਂ ਵਿਚ 'ਫ' ਦੀ ਦੂਜੀ ਧੁਨੀ ਲਈ ਰੋਮਨ ਦੇ 'f' ਅੱਖਰ ਦੀ

ਵਰਤੋਂ ਅਤੇ 'ਖ' ਦੀ ਦੂਜੀ ਧੁਨੀ 'kh' ਵਰਤਿਆ ਹੋਇਆ ਪ੍ਰਤੱਖ ਹੈ।

ਉਪਰ ਲਿਖੇ ਸ਼ਬਦ ਜੋ 'ਲੁਧਿਆਣਾ ਮਿਸ਼ਨ ਕੋਸ਼' ਵਿਚ ਦਿੱਤੇ ਹੋਏ ਹਨ ਉਨ੍ਹਾਂ ਵਿਚ (ਸ਼) ਦੀ ਧੁਨੀ ਨੂੰ ਪ੍ਰਗਟਾਉਣ ਲਈ 'ਸ' ਦਾ ਹੇਠਲਾ ਡੰਡਾ ਰਤਾ ਕੁ ਮੋੜਿਆ ਹੋਇਆ ਹੈ ਅਤੇ ਰੋਮਨ ਵਿਚ 'sh' ਦਿੱਤਾ ਹੋਇਆ ਹੈ। ਇਨ੍ਹਾਂ ਸ਼ਬਦਾਂ ਤੋਂ ਇਹ ਗੱਲ ਨਿਸ਼ਚੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਉਦੋਂ ਵੀ 'ਸ' ਦੀਆਂ ਦੋਵੇਂ ਧੁਨੀਆਂ ਮੌਜੂਦ ਸਨ।

'ਸ਼' ਦੀ ਧੁਨੀ ਦੇ ਸੰਬੰਧ ਵਿਚ ਅਗੇ ਜਾ ਕੇ 230 ਪੰਨੇ ਤੇ ਡਾਕਟਰ ਸਾਹਿਬ ਲਿਖਦੇ ਹਨ :

> ਹੁਣ ਸਵਾਲ ਉਠਦਾ ਹੈ ਕਿ ਗੁਰਬਾਣੀ ਸਿਰਫ਼ ਪੰਜਾਬੀ ਵਿਚ ਹੀ ਨਹੀਂ ਰਚੀ ਗਈ ਇਸ ਵਿਚ ਹਿੰਦੀ, ਬ੍ਰਜ ਭਾਸ਼ਾ, ਸਾਧ ਭਾਸ਼ਾ ਆਦਿ ਵੀ ਬਹੁਤ ਵਰਤੀ ਮਿਲਦੀ ਹੈ। ਗੁਰਬਾਣੀ ਦੀਆਂ ਇਹਨਾਂ ਭਾਸ਼ਾਵਾਂ ਦੀਆਂ ਰਚਨਾਵਾਂ ਵਿਚ ਵੀ 'ਸ਼' ਦੀ ਧੁਨੀ ਨਹੀਂ ਮਿਲਦੀ। ਗੋਸੁਆਮੀ ਜੀ ਦੀ ਭਾਸ਼ਾ ਅਵਧੀ ਹੈ, ਜੋ ਪੂਰਬੀ ਹਿੰਦੀ ਦਾ ਇਕ ਰੂਪ ਹੈ।......ਇਹਨਾਂ ਸਾਰੀਆਂ ਰਚਨਾਵਾਂ ਵਿਚ 'ਸ਼' ਦੀ ਧੁਨੀ ਆਉਂਦੀ, ਉਸ ਦੀ ਥਾਂ 'ਸ' ਦੀ ਵਰਤੋਂ ਹੀ ਮਿਲਦੀ ਹੈ।"

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਤੁਲਸੀ ਰਾਮਾਇਣ—ਰਾਮ ਰਚਿਤ ਮਾਨਸ' ਨੂੰ ਪੰਜਾਬੀ ਲਿਪੀ ਵਿਚ ਛਾਪਿਆ ਹੈ ਅਤੇ ਇਸ ਦੇ ਸੰਪਾਦਕ ਤੇ ਵਿਆਖਿਆਕਾਰ ਡਾਕਟਰ ਰਤਨ ਸਿੰਘ ਜੀ ਜੱਗੀ ਹਨ। ਇਸ ਪੁਸਤਕ ਦੇ ਇਕ ਪਾਸੇ ਮੂਲ ਪਾਠ (original test) ਹੈ ਤੇ ਸਾਹਮਣੇ ਪਾਸੇ ਉਸ ਦੀ ਵਿਆਖਿਆ ਦਿੱਤੀ ਗਈ ਹੈ। ਇਸ ਪੁਸਤਕ ਦੇ ਮੂਲ ਪਾਠ ਵਿਚ ਥਾਉਂ ਥਾਈਂ 'ਸ਼' ਦੀ ਵਰਤੋਂ ਦੇਖੀ ਜਾਂਦੀ ਹੈ। ਪੁਸਤਕ ਦੇ 1006 ਪੰਨੇ ਹਨ, ਪਰ ਅਸੀਂ ਕੇਵਲ ਇਥੇ 662 ਪੰਨੇ ਦੀਆਂ ਕੁਝ ਪੰਗਤੀਆਂ ਹੇਠਾਂ ਪੇਸ਼ ਕਰਦੇ ਹਾਂ, ਜਿਨ੍ਹਾਂ ਵਿਚ 'ਸ਼' ਵਾਲੇ ਅੱਖਰ ਵਰਤੇ ਹੋਏ ਹਨ :

ਮਹਾ ਬ੍ਰਿਸ਼ਟਿ ਚਲਿ ਫੂਟਿ ਕਿਆਰੀ। (ਬ੍ਰਿਸ਼ਟਿ)
ਕ੍ਰਿਸ਼ੀ ਨਿਰਾਵਹਿੰ ਚਤੁਰ ਕਿਸਾਨਾ। (ਕ੍ਰਿਸ਼ੀ)
ਊਸ਼ਰ ਬਰਸ਼ਇ ਤ੍ਰਿਨ ਨਹਿੰ ਜਾਮਾ। (ਊਸ਼ਰ, ਬਰਸ਼ਇ)
ਜਨੁ ਬਰਸ਼ਾਂ ਕ੍ਰਿਤ ਪ੍ਰਗਟ ਬੁੜ੍ਹਾਈ। (ਬਰਸ਼ਾਂ)
ਉਦਿਤ ਅਗਸਤਿ ਪੰਥ ਜਲ ਸੋਸ਼ਾ। (ਸੋਸ਼ਾ)
ਜਿਮਿ ਲੋਭਹਿ ਸੋਸ਼ਇ ਸੰਤੋਸ਼ਾ। (ਸੋਸ਼ਇ, ਸੰਤੋਸ਼ਾ)

ਡਾਕਟਰ ਜਗੀ ਜੀ ਨੇ ਇਸ ਪੁਸਤਕ ਵਿਚ ਮੂਲ ਪਾਠ ਅਸਲ ਮੁਤਾਬਕ ਹੀ ਰਖਿਆ ਹੋਣਾ ਹੈ। ਕੀ ਆਪਣੀ ਮਰਜ਼ੀ ਨਾਲ ਹੀ ਇਹ 'ਸ਼' ਉਨ੍ਹਾਂ ਵਰਤ ਲਏ ? ਉਪਰੋਕਤ ਹਵਾਲੇ ਵਾਲੇ ਸ਼ਬਦਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਹਿੰਦੀ ਵਿਚ ਵੀ ਉਸ ਸਮੇਂ 'ਸ਼' ਦੀ ਵਰਤੋਂ ਪਾਈ ਜਾਂਦੀ ਸੀ।

ਅਸੀਂ ਕਿਸੇ ਪੁਰਾਤਨ ਲਿਖਤ ਤੋਂ ਉਸ ਕਾਲ ਦੇ ਉਚਾਰਨ ਬਾਰੇ ਅੰਤਮ ਨਿਰਣਾ ਦੇਣ ਦੇ ਸਮਰੱਥ ਨਹੀਂ। ਜਿਵੇਂ ਕਿ ਲ ਅਤੇ ਲ਼ ਅਜੋਕੀ ਪੰਜਾਬੀ ਦੇ ਸਵਰ-ਪ੍ਰਵਾਣਿਤ ਧੁਨੀ-ਗ੍ਰਾਮ (Phoneme) ਹਨ, ਪਹਿਲਾ ਦੰਤੀ (dental) ਵਿਅੰਜਨ ਹੈ ਤੇ ਦੂਸਰਾ ਉਲਟ-ਜੀਭੀ (retroflex)। ਅਜੇ ਤਕ ਇਸ ਦੇ ਨਿਖੇੜੇ ਲਈ ਕਿਸੇ ਨਿਸਚਿਤ ਚਿੰਨ੍ਹ ਦੀ ਵਰਤੋਂ ਨਹੀਂ ਹੋ

ਰਹੀ। ਜੇ ਅੱਜ ਤੋਂ 100 ਸਾਲ ਬਾਅਦ ਕੋਈ ਵਿਦਵਾਨ ਇਹ ਆਖੇ ਕਿ ਵੀਹਵੀ ਸਦੀ ਵਿਚ ਤਾਂ ਪੰਜਾਬੀ ਵਿਚ ਲ਼ ਧੁਨੀ ਹੈ ਹੀ ਨਹੀ ਸੀ, ਕਿਉਂਕਿ ਉਸ ਸਮੇਂ ਦੀਆਂ ਲਿਖਤਾਂ ਵਿਚ ਇਸ ਧੁਨੀ ਲਈ ਕੋਈ ਨਿਸਚਿਤ ਚਿੰਨ੍ਹ ਨਹੀ ਵਰਤਿਆ ਗਿਆ ਤਾਂ ਕੀ ਇਹ ਗੱਲ ਮੰਨਣ-ਯੋਗ ਹੋਵੇਗੀ ?

(3)

ਹੁਣ ਅਸੀਂ 'ਸ' 'ਜ' ਆਦਿ ਦੀਆਂ ਦੋ ਦੋ ਧੁਨੀਆਂ ਦੇ ਬਾਕੀ ਪੱਖ ਵੀ ਵਿਚਾਰਦੇ ਹਾਂ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਤਿਗੁਰੂ ਜੀ ਆਪਣੀ ਉਪਦੇਸ਼ ਰੂਪ ਬਾਣੀ, ਪ੍ਰਾਣੀ ਮਾਤਰ ਦੇ ਕਲਿਆਣ ਲਈ, ਉਨ੍ਹਾਂ ਦੇ ਸਮਝ ਵਿਚ ਆ ਸਕਣ ਵਾਲੀ, ਉਨ੍ਹਾਂ ਦੀ ਸਥਾਨਿਕ ਬੋਲੀ ਵਿਚ ਉਚਾਰਨ ਕਰਦੇ ਰਹੇ, ਤਾਂ ਕਿ ਉਹ ਉਪਦੇਸ਼ ਰੂਪੀ ਬਾਣੀ ਤੋਂ ਪੂਰੀ ਪੂਰੀ ਸੋਝੀ ਪ੍ਰਾਪਤ ਕਰ ਸਕਣ। ਬਾਣੀ ਪਹਿਲਾਂ ਉਚਾਰਨ ਹੁੰਦੀ ਰਹੀ ਅਤੇ ਬਾਅਦ ਵਿਚ ਲਿਖਤ ਵਿਚ ਆਈ। ਗੁਰਮੁਖੀ ਲਿਪੀ ਬੜੇ ਸੰਖੇਪ ਰੂਪ ਵਿਚ ਹੀ ਗੁਰੂ ਪਾਤਿਸ਼ਾਹ ਜੀ ਨੇ ਦਿੱਤੀ ਹੈ। ਜਿਵੇਂ ਦੁੱਤ ਅੱਖਰਾਂ ਦੇ ਉਚਾਰਨ ਲਈ ਪੁਰਾਤਨ ਲਿਖਤਾਂ ਵਿਚ ਅਤੇ ਗੁਰਬਾਣੀ ਵਿਚ ਕੋਈ ਵਿਸ਼ੇਸ਼ ਚਿੰਨ੍ਹ ਨਹੀਂ ਮਿਲਦਾ, ਪਰ ਉਨ੍ਹਾਂ ਦਾ ਉਚਾਰਨ, ਉਨ੍ਹਾਂ ਵਿਚਲੇ ਨਿਸ਼ਚਿਤ ਅੱਖਰਾਂ ਨੂੰ ਦੁੱਤ ਕੀਤੇ ਬਗੈਰ ਸ਼ੁੱਧ ਬਣਦਾ ਹੀ ਨਹੀਂ ਅਤੇ ਕੋਈ ਚਿੰਨ੍ਹ ਨਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਦਾ ਉਚਾਰਨ ਦੁੱਤ ਕਰਕੇ ਕਰਨਾ ਪੈਂਦਾ ਹੈ। ਇਸ ਗੱਲ ਨੂੰ ਡਾਕਟਰ ਹਰਕੀਰਤ ਸਿੰਘ ਜੀ ਨੇ ਆਪ ਵੀ 'ਖੋਜ ਦਰਪਣ' ਨੰਬਰ 6, ਜੁਲਾਈ 1976, ਪੰਨਾ 107 ਉਪਰ ਮੰਨਿਆ ਹੈ ਕਿ "ਗੁਰਮੁਖੀ ਦੇ ਆਰੰਭਿਕ ਰੂਪ ਵਿਚ ਅੱਧਕ ਦਾ ਚਿੰਨ੍ਹ ਅਜੇ ਬਣਿਆਂ ਹੀ ਨਹੀਂ ਸੀ" ਤੇ ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੱਧਕ ਦੀ ਵਰਤੋਂ ਹੋਈ ਨਹੀਂ ਮਿਲਦੀ। ਪਰ ਡਾਕਟਰ ਸਾਹਿਬ ਇਹ ਗੱਲ ਸਵੀਕਾਰ ਕਰਦੇ ਹਨ ਕਿ "ਗੁਰੂ ਕਾਲ ਦੀ ਪੰਜਾਬੀ ਵਿਚ ਅੱਧਕ ਵਾਲਾ (ਦੁੱਤ) ਓਚਾਰਨ ਆਵੱਸ਼ ਸੀ।" ਤੇ ਉਨ੍ਹਾਂ ਦੀ ਰਾਏ ਹੈ ਕਿ "ਬਾਣੀ ਦਾ ਪਾਠ ਕਰਦਿਆਂ ਦੁੱਤ (ਅੱਧਕ ਵਾਲਾ) ਉਚਾਰਨ ਕਰਨਾ ਉਚਿਤ ਹੀ ਨਹੀਂ, ਆਵੱਸ਼ਕ ਹੈ।"

ਡਾਕਟਰ ਸਾਹਿਬ ਦੇ ਇਸ ਉਲੇਖ ਤੋਂ ਇਹ ਤੱਤ ਨਿਕਲਦਾ ਹੈ ਕਿ ਗੁਰੂ-ਕਾਲ ਸਮੇਂ ਗੁਰਮੁਖੀ ਲਿਪੀ ਵਿਚ ਅੱਧਕ ਦਾ ਅੱਡਰਾ ਚਿੰਨ੍ਹ ਨਹੀਂ ਸੀ। ਤਾਂ ਫਿਰ ਇਸ ਗੱਲ ਦੇ ਮੰਨਣ ਤੋਂ ਕੀ ਸੰਕੋਚ ਹੋ ਸਕਦਾ ਹੈ ਕਿ ਉਸ ਸਮੇਂ ਦੀ ਲਿਪੀ ਵਿਚ ਕੁਝ ਹੋਰ ਧੁਨੀਆਂ ਨੂੰ ਅੰਕਿਤ ਕਰਨ ਲਈ ਵੀ ਕੋਈ ਅੱਡਰੇ ਚਿੰਨ੍ਹ ਨਹੀਂ ਸਨ।

ਫ਼ਾਰਸੀ ਦੇ ਸ਼ੀਨ ਅੱਖਰ ਦੀ ਧੁਨੀ ਲਈ ਪੰਜਾਬੀ ਲਿਪੀ ਵਿਚ ਭਾਵੇਂ 'ਸ' ਅੱਖਰ ਦੀ ਹੀ ਵਰਤੋਂ ਕੀਤੀ ਜਾਂਦੀ ਰਹੀ, ਪਰ ਬੋਲੀ ਦੀ ਵਰਤੋਂ ਅਨੁਸਾਰ ਉਸ ਦਾ ਬੋਧ ਰਖਣ ਵਾਲਾ, ਉਸ ਦੀ ਠੀਕ ਧੁਨੀ 'ਸ਼' ਹੀ ਉਚਾਰਨ ਕਰੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ਾਰਸੀ ਅਥਵਾ ਰੇਖਤਾ ਬੋਲੀ ਵਿਚ ਪ੍ਰਾਣੀ ਮਾਤ੍ਰ ਦੇ ਕਲਿਆਣ ਹਿਤ ਸ਼ਬਦ ਉਚਾਰਿਆ। ਇਸ ਸ਼ਬਦ ਦਾ ਉਚਾਰਨ ਫ਼ਾਰਸੀ ਬੋਲੀ ਅਨੁਸਾਰ ਕੀਤਿਆਂ ਹੀ ਇਸ ਬੋਲੀ ਦੇ ਵਰਣਨ ਵਾਲਿਆਂ ਨੂੰ ਠੀਕ ਸਮਝ ਵਿਚ ਆ ਸਕਦਾ ਹੈ। ਜੇ ਕਿਸੇ ਪ੍ਰਾਣੀ ਨੂੰ ਉਪਦੇਸ਼ ਫ਼ਾਰਸੀ ਬੋਲੀ ਵਿਚ ਕੀਤਾ ਗਿਆ ਹੈ ਤਾਂ ਉਸ ਬੋਲੀ ਅਨੁਸਾਰ ਹੀ ਲਫ਼ਜ਼ਾਂ ਦਾ ਉਚਾਰਨ ਵੀ ਕੀਤਾ ਗਿਆ। ਠੀਕ ਉਚਾਰਨ ਹੀ ਸਮਝ ਗੋਚਰਾ ਹੋ ਸਕਦਾ ਹੈ। ਜਿਹਾ ਕਿ :

ਯਕ ਅਰਜ ਗੁਫਤਮ ਪੇਸਿ ਤੋ ਦਰਗੋਸ਼ ਕੁਨ ਕਰਤਾਰ।। ਪੰਨਾ ੭੨੧

ਇਹ ਸਾਰੇ ਸ਼ਬਦ ਵਿਚ, ਅਰਜ਼, ਗੁਫ਼ਤਮ, ਪੇਸ਼, ਫ਼ਾਨੀ, ਜ਼ਨ, ਸ਼ਬਦ, ਸ਼ਬ, ਰੋਜ਼, ਗਸ਼ਤਮ, ਆਦਿ ਸ਼ਬਦਾਂ ਦਾ ਉਚਾਰਨ ਇਨ੍ਹਾਂ ਦੀ ਮੂਲਕ (ਫ਼ਾਰਸੀ) ਬੋਲੀ ਅਨੁਸਾਰ ਕੀਤਿਆਂ ਹੀ ਸਹੀ ਗੱਲ ਸਮਝ ਆ ਸਕਦੀ ਹੈ। ਸੋ ਇਹ ਕਹਿਣਾ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ ਤੇ ਜ਼ ਦੀਆਂ ਧੁਨੀਆਂ ਨਹੀਂ ਹਨ" ਅਤੇ ਫਿਰ "ਗੁਰਬਾਣੀ ਦੀ ਭਾਸ਼ਾ ਚਾਰ ਪੰਜ ਸੋ ਸਾਲ ਪੁਰਾਣੀ ਹੋਣ ਕਰਕੇ, ਉਸ ਦੇ ਉਚਾਰਨ ਵਿਚ ਅੱਜ ਦੇ ਉਚਾਰਨ ਨਾਲੋਂ ਕਾਫ਼ੀ ਫਰਕ ਸੀ," ਇਹ ਕੁਝ ਕਹਿਣਾ ਅਨੁਚਿਤ ਹੈ। ਇਸ ਤਰ੍ਹਾਂ ਅਸੀ ਤ੍ਰੈਕਾਲ-ਦਰਸ਼ੀ ਸਤਿਗੁਰੂ ਸੱਚੇ ਪਾਤਸ਼ਾਹ ਤੇ ਇਹ ਦੋਸ਼ ਅਰੋਪਨ ਕਰ ਰਹੇ ਹਾਂ ਕਿ ਉਹ ਫ਼ਾਰਸੀ ਬੋਲਣ ਵਾਲੇ ਲੋਕਾਂ ਲਈ ਬਾਣੀ ਤਾਂ ਉਨ੍ਹਾਂ ਜ਼ਬਾਨ ਵਿਚ ਉਚਾਰਦੇ ਹਨ, ਪਰ ਉਨ੍ਹਾਂ ਲੋਕਾਂ ਦੀ ਜ਼ਬਾਨ 'ਫਾਰਸੀ' ਦਾ ਸ਼ੁੱਧ ਉਚਾਰਨ, ਉਨ੍ਹਾਂ ਲੋਕਾਂ ਦੇ ਉਚਾਰਨ ਅਨੁਸਾਰ ਨਹੀ ਸੀ ਕਰ ਸਕਦੇ, ਅਤੇ ਉਨ੍ਹਾਂ ਨੇ ਜ਼, ਫ਼, ਸ਼ ਆਦਿ ਅੱਖਰ ਬਿੰਦੇ ਰਹਿਤ ਉਚਾਰੇ। ਸਾਡੀ ਇਸ ਕਪੋਲ ਕਥਨੀ ਅਨੁਸਾਰ ਤਾਂ ਗੁਰੂ ਪਾਤਸ਼ਾਹ ਫ਼ਾਰਸੀ ਦੇ ਇਨ੍ਹਾਂ ਸ਼ਬਦਾਂ ਦੇ ਸ਼ੁਧ ਉਚਾਰਨ ਦੇ ਜਾਣੂ ਨਹੀਂ ਸਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਤੇ ਅਜਿਹਾ ਦੋਸ਼ ਅਰੋਪਨ ਕਰਕੇ ਕੀ ਅਸੀ ਭਾਰੀ ਗੁਨਾਹ ਨਹੀਂ ਕਰ ਰਹੇ?

ਇਸੇ ਤਰ੍ਹਾਂ ਦਸ਼ਮੇਸ਼ ਪਿਤਾ ਜੀ ਦੀ 'ਜ਼ਫ਼ਰਨਾਮਹ' ਨਾਮ ਦੀ ਬਾਣੀ ਫ਼ਾਰਸੀ ਵਿਚ ਉਚਾਰਨ ਕੀਤੀ ਹੋਈ ਹੈ। ਇਹ ਪਤ੍ਰਿਕਾ ਸਤਿਗੁਰੂ ਜੀ ਵਲੋਂ ਔਰੰਗਜ਼ੇਬ ਨੂੰ ਭੇਜੀ ਗਈ, ਜੋ ਫ਼ਾਰਸੀ ਵਿਚ ਹੈ। ਨਿਸ਼ਚੇ ਹੀ ਫ਼ਾਰਸੀ ਅੱਖਰਾਂ ਵਿਚ ਲਿਖ ਕੇ ਭੇਜੀ ਗਈ ਹੋਣੀ ਹੈ। ਇਸ ਬਾਣੀ ਵਿਚ ਲਿਖੇ ਲਫ਼ਜ਼ਾਂ ਦਾ ਉਚਾਰਨ ਵੀ ਠੀਕ ਫ਼ਾਰਸੀ ਅਨੁਸਾਰ ਹੀ ਸੀ। ਉਹ ਬਾਣੀ ਸ੍ਰੀ ਦਸਮ ਗ੍ਰੰਥ ਵਿਚ ਗੁਰਮੁਖੀ ਲਿਪੀ ਵਿਚ ਦਰਜ ਹੋ ਗਈ ਤਾਂ ਕਿ ਇਥੇ ਉਸਦਾ ਉਚਾਰਨ ਬਦਲ ਗਿਆ? ਇਹ ਗੱਲ ਬਿਲਕੁਲ ਓਵੇਂ ਹੈ ਜਿਵੇਂ ਕੋਈ ਗੁਲਾਬ ਦੇ ਕੇਵਲ ਗੁਲਾਬੀ ਰੰਗ ਦੇ ਫੁਲਾਂ ਨੂੰ ਹੀ ਗੁਲਾਬ ਦੇ ਫੁਲ ਮਨ ਕੇ ਬਾਕੀ ਰੰਗ ਦੇ ਫੁਲਾਂ ਦੇ ਗੁਲਾਬ ਹੋਣ ਤੇ ਕਿੰਤੂ ਕਰੇ।

ਇਕ ਹੋਰ ਗੱਲ ਕਹਿਣੀ ਵੀ ਬਿਲਕੁਲ ਇਸ ਨਾਲ ਸੰਬੰਧਿਤ ਹੈ। ਉਹ ਇਹ ਹੈ ਕਿ ਅੱਠਵੇਂ ਪਾਤਿਸ਼ਾਹ ਜੀ ਦਾ ਨਾਂ "ਸ੍ਰੀ ਹਰਿਕ੍ਰਿਸ਼ਨ ਸਾਹਿਬ" ਹੈ। ਡਾਕਟਰ ਹਰਕੀਰਤ ਸਿੰਘ ਜੀ ਦੀ ਮਨੌਤ ਅਨੁਸਾਰ ਤਾਂ ਅਸੀ ਆਪਣੇ ਸਤਿਗੁਰਾਂ ਦਾ ਨਾਮ ਵੀ ਸਦੀਆਂ ਤੋਂ ਗ਼ਲਤ ਹੀ ਉਚਾਰਨ ਕਰ ਰਹੇ ਹਾਂ ਕਿਹੀ ਹਾਸੋਹੀਣੀ ਮਨੌਤ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਹੋਇਆ ਜਾ ਸਕਦਾ ਕਿ ਗੁਰਮੁਖੀ ਲਿਪੀ ਬਹੁਤ ਹੀ ਵਿਗਿਆਨਿਕ ਲਿਪੀ ਹੈ, ਤੇ ਇਹ ਪੰਜਾਬੀ ਦੀਆਂ ਧੁਨੀਆਂ ਨੂੰ ਅੰਕਿਤ ਕਰਨ ਲਈ ਕਾਫੀ ਹੱਦ ਤਕ ਸੰਪੂਰਨ ਹੈ। ਪਰ ਫਿਰ ਵੀ ਉਧਾਰ ਲਏ (borrowed) ਸ਼ਬਦਾਂ ਲਈ ਲੋੜੀਂਦੇ ਲਿਪੀ ਚਿੰਨ੍ਹ ਬਣਾਉਣੇ ਹੀ ਪੈਂਦੇ ਹਨ, ਜੋ ਬੋਲੀ ਦੇ ਇਤਿਹਾਸ ਵਿਚ ਲੋੜ ਅਨੁਸਾਰ ਸਮੇਂ ਸਮੇਂ ਬਣਦੇ ਰਹਿੰਦੇ ਹਨ। ਅੱਜ ਪੰਜਾਬੀ ਵਿਚ ਅੰਗਰੇਜ਼ੀ ਸ਼ਬਦਾਂ ਹੈਡ, ਗੈਸ ਆਦਿ ਦੀ ਵਰਤੋਂ ਆਮ ਹੈ ਤੇ ਇਨ੍ਹਾਂ ਦੇ ਲਿਪੀ-ਅੰਕਣ ਲਈ ਅਜੇ ਤਕ ਕੋਈ ਵੀ ਸਰਬ-ਪ੍ਰਵਾਣਿਤ ਚਿੰਨ੍ਹ ਨਹੀਂ ਬਣ ਸਕਿਆ। ਪਰੰਤੂ ਇਸ ਧੁਨੀ ਲਈ ਕਿਸੇ ਨਿਸ਼ਚਿਤ ਲਿਪੀ-ਚਿੰਨ੍ਹ ਦੀ ਲੋੜ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ। ਲੇਕਿਨ ਇਸ ਲਿਪੀ-ਚਿੰਨ੍ਹ ਤੋਂ ਬਿਨਾਂ ਵੀ ਪੰਜਾਬੀ ਦਾ ਸਾਧਾਰਣ

ਇਸ ਪੁਸਤਕ ਦੇ ਲੇਖਕ

1. ਡਾ. ਦੀਵਾਨ ਸਿੰਘ,
   307, ਗ੍ਰੀਨ ਐਵੇਨਿਊ, ਅੰਮ੍ਰਿਤਸਰ।
2. ਪ੍ਰਿੰਸੀਪਲ ਹਰਿਭਜਨ ਸਿੰਘ,
   ਮਕਾਨ ਨੰਬਰ 1186, ਸੈਕਟਰ 18 ਸੀ, ਚੰਡੀਗੜ੍ਹ।
3. ਸ੍ਵਰਗਵਾਸੀ ਸ. ਸ਼ਮਸ਼ੇਰ ਸਿੰਘ ਅਸ਼ੋਕ
   ਪਿੰਡ ਤੇ ਡਾਕਘਰ ਗੁਆਰਾ
   ਰਾਹੀਂ ਮਲੇਰ ਕੋਟਲਾ
   ਜਿਲਾ ਸੰਗਰੂਰ।
4. ਪ੍ਰਿੰਸੀਪਲ ਪ੍ਰਕਾਸ਼ ਸਿੰਘ
   ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।
5. ਡਾ. ਜਗਜੀਤ ਸਿੰਘ,
   ਪੰਜਾਬੀ ਵਿਭਾਗ,
   ਗੌਰਮਿੰਟ ਕਾਲਜ, ਚੰਡੀਗੜ੍ਹ।
6. ਡਾ. ਸੁਰਜੀਤ ਸਿੰਘ,
   ਮਲਟੀਪਰਪਰਜ ਹਾਇਰ ਸੈਕੰਡਰੀ ਸਕੂਲ,
   ਸਿਵਲ ਲਾਈਨਜ, ਪਟਿਆਲਾ।
7. ਡਾ. ਗੁਰਦੀਪ ਸਿੰਘ ਭੰਡਾਰੀ
   ਪੰਜਾਬੀ ਵਿਭਾਗ,
   ਪੰਜਾਬੀ ਯੂਨੀਵਰਸਿਟੀ, ਪਟਿਆਲਾ।